੨੦੭੭ ਬਿ: 2020 ਈ:

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ



## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## 1920 ਪ੍ਰਕਾਸ਼ ਸ਼ਤਾਬਦੀ 2020 ਈ:

## ਵਿਸ਼ੇਸ਼ ਅੰਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਹਰੀ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
# ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।    ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 204

1920 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਕਾਸ਼ ਸ਼ਤਾਬਦੀ ਵਿਸ਼ੇਸ਼ ਅੰਕ 2020 ਈ:

## ਰਾਮ ਹਰੀ ਪ੍ਰਤਾਪ ਦੀ ਮੂਰਤ, ਸ੍ਰੀ ਸਤਿਗੁਰ ਜਗਜੀਤ॥

ਪੂਰਨ ਜੋਤ ਜਪੈ ਨਿਸ ਬਾਸਰ, ਦੁਖ ਹਰਤਾ, ਸੁਖ ਮੀਤ।
ਰਾਮ ਹਰੀ ਪ੍ਰਤਾਪ ਦੀ ਮੂਰਤ, ਸ੍ਰੀ ਸਤਿਗੁਰ ਜਗਜੀਤ॥

ਕਸ਼ਟ ਨਿਵਾਰਨ, ਪਤਿਤ ਉਧਾਰਨ, ਪਾਵਨ ਪਰਮ ਪੁਨੀਤ।
ਦੁਸਟ ਬਿਦਾਰਨ, ਸੰਤ ਉਭਾਰਨ, ਧਰਮ ਕਰਮ ਕੀ ਰੀਤ॥

ਨਾਮ-ਬਾਣੀ ਤੇ ਸੇਵਾ-ਸਿਮਰਨ, ਰਾਗ-ਨਾਦ ਨਵਨੀਤ।
ਸਤਿਗੁਰ ਸੱਚ-ਸੁੱਚ ਦ੍ਰਿੜਾਏ, ਗੁਰ ਪੀੜ੍ਹੀ ਸ਼ੁਭ ਰੀਤ॥

ਤਾਪ ਪਾਪ ਸੰਤਾਪ ਬਿਨਾਸੇ, ਆਤਮ ਗਿਆਨ ਅਤੀਤ।
ਸਦਾ ਅਨੰਦ ਰਹੈ ਦਿਨ ਰਾਤੀ, ਗੁਰ ਚਰਨਨ, ਸੰਗ ਪ੍ਰੀਤ॥

ਆਧਿ ਬਿਆਧਿ ਉਪਾਧਿ ਬਿਨਾਸੇ, ਮਨ ਜੀਤੇ ਜਗ ਜੀਤ।
ਗਿਆਨ ਪ੍ਰਕਾਸ਼ ਭਏ ਰਿਦ ਅੰਤਰ, ਜੋ ਗਾਵੈ ਗੁਰ ਗੀਤ॥

ਪੂਰਨ ਭਾਗ ਭਏ ਸੇਵਕ ਕੇ, ਪ੍ਰੇਮ-ਭਗਤਿ ਪ੍ਰਤੀਤ।
ਜਨਮ ਮਰਨ ਭੈ ਬੰਧਨ ਕਾਟੇ ਸਿਮਰੈ ਗੁਰ ਜਗਜੀਤ॥

ਹਰਪਾਲ ਸਿੰਘ ਸੇਵਕ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।        ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

## 1920 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਕਾਸ਼ ਸ਼ਤਾਬਦੀ ਵਿਸ਼ੇਸ਼ ਅੰਕ 2020 ਈ:

# ਰਾਮ ਹਰੀ ਪ੍ਰਤਾਪ ਦੀ ਮੂਰਤ, ਸ੍ਰੀ ਸਤਿਗੁਰ ਜਗਜੀਤ॥

ਪੂਰਨ ਜੋਤ ਜਪੈ ਨਿਸ ਬਾਸਰ, ਦੁਖ ਹਰਤਾ, ਸੁਖ ਮੀਤ।
ਰਾਮ ਹਰੀ ਪ੍ਰਤਾਪ ਦੀ ਮੂਰਤ, ਸ੍ਰੀ ਸਤਿਗੁਰ ਜਗਜੀਤ॥

ਕਸ਼ਟ ਨਿਵਾਰਨ, ਪਤਿਤ ਉਧਾਰਨ, ਪਾਵਨ ਪਰਮ ਪੁਨੀਤ।
ਦੁਸਟ ਬਿਦਾਰਨ, ਸੰਤ ਉਭਾਰਨ, ਧਰਮ ਕਰਮ ਕੀ ਰੀਤ॥

ਨਾਮ-ਬਾਣੀ ਤੇ ਸੇਵਾ-ਸਿਮਰਨ, ਰਾਗ-ਨਾਦ ਨਵਨੀਤ।
ਸਤਿਗੁਰ ਸੱਚ-ਸੁੱਚ ਦ੍ਰਿੜਾਏ, ਗੁਰ ਪੀੜ੍ਹੀ ਸ਼ੁਭ ਰੀਤ॥

ਤਾਪ ਪਾਪ ਸੰਤਾਪ ਬਿਨਾਸੇ, ਆਤਮ ਗਿਆਨ ਅਤੀਤ।
ਸਦਾ ਅਨੰਦ ਰਹੈ ਦਿਨ ਰਾਤੀ, ਗੁਰ ਚਰਨਨ, ਸੰਗ ਪ੍ਰੀਤ॥

ਆਧਿ ਬਿਆਧਿ ਉਪਾਧਿ ਬਿਨਾਸੇ, ਮਨ ਜੀਤੇ ਜਗ ਜੀਤ।
ਗਿਆਨ ਪ੍ਰਕਾਸ਼ ਭਏ ਰਿਦ ਅੰਤਰ, ਜੋ ਗਾਵੈ ਗੁਰ ਗੀਤ॥

ਪੂਰਨ ਭਾਗ ਭਏ ਸੇਵਕ ਕੇ, ਪ੍ਰੇਮ-ਭਗਤਿ ਪ੍ਰਤੀਤ।
ਜਨਮ ਮਰਨ ਭੈ ਬੰਧਨ ਕਾਟੇ ਸਿਮਰੈ ਗੁਰ ਜਗਜੀਤ॥

ਹਰਪਾਲ ਸਿੰਘ ਸੇਵਕ

# ਸਤਿਗੁਰੂ ਜਗਜੀਤ ਸਿੰਘ



ਗੁਰੂ ਜਗਜੀਤ ਸਿੰਘ ਆਏ ਜਗ ਜੀਤਨੇ ਕੋ
ਨਾਮ ਕੋ ਧਨੁਸ਼, ਸਚਾਈ ਕੋ ਹਾਥ ਤੀਰ ਹੈ।
ਮੀਰੀ ਕਾ ਹੈ ਤਖ਼ਤ ਨੀਚੇ, ਪੀਰੀ ਕਾ ਹੈ ਤਾਜ ਸੀਸ
ਧਰਮ ਕੋ ਚੌਰ ਝੁਲੇ, ਅਣਖ ਵਜ਼ੀਰ ਹੈ।
ਦੀਨਾ ਨਾਥ ਦਇਆ ਸਿੰਧੁ, ਮਹਾਂਦਾਨੀ, ਦਿਲਦਾਰ,
ਜਾ ਕੇ ਗ੍ਰਿਹਿ ਮਾਂਗਨੇ ਕੋ ਬਾਲਮ ਫਕੀਰ ਹੈ।
ਰਾਜਨ ਕੇ ਰਾਜੇ, ਮਹਾਰਾਜਨ ਕੇ ਮਹਾਰਾਜੇ
ਵਲੀਓਂ ਕੇ ਵਲੀ ਗੁਰੂ ਪੀਰਨ ਕੇ ਪੀਰ ਹੈ।

ਜਤ ਸਤ ਘੋੜੇ ਕੀ ਸਵਾਰੀ ਕਰੇਂ ਦਿਨ ਰਾਤ
ਪਕੜੀ ਜੋ ਵਾਗ ਹਾਥ ਜੀਵੋਂ ਕੀ ਭਲਾਈ ਹੈ।
ਸੱਚ ਸੋਧ ਸਿਮਰਨ ਦੀ ਪਹਿਣ ਕੇ ਪੁਸ਼ਾਕ ਰਖੇ
ਆਂਖ ਮੇਂ ਖੁਮਾਰੀ, ਨਾਮ ਮੁਖ ਮੇਂ ਸਚਾਈ ਹੈ।
ਸ਼ੋਭਾ ਸ਼ਾਤ ਭਗਤੀ ਕੀ, ਕਲੀਓਂ ਕੀ ਮਾਲਾ ਗਲੇ
ਬੀਰਤਾ ਬਹਾਦਰੀ ਨੇ ਗਰਦਨ ਝੁਕਾਈ ਹੈ।
ਜਪੀ ਤਪੀ ਆਲਿਮ ਔ ਬਾਲਮ ਝੁਕਾਤੇ ਸੀਸ
ਸ਼ੇਸ਼ ਔ ਗਣੇਸ਼ ਵੇਦ ਮਹਿਮਾ ਜਾ ਕੀ ਗਾਈ ਹੈ।

**ਕਰਮ ਸਿੰਘ ਬਾਲਮ**

ਪੂਰਨ ਪ੍ਰਤਾਪੀ ਪਤਿਤ ਪਾਵਨ ਪ੍ਰੇਮ ਪੁੰਜ
ਪਾਪ ਪਾਤੀ ਪਾਰਬੇ ਕਉ ਪਰਮ ਪੁਨੀਤ ਹੈਂ।
ਭਰਮ ਭੈ ਭੰਜਨ ਕੋ ਭੂਪਨ ਕੇ ਭਾਰੇ ਭੂਪ
ਭਵ ਮਾਹਿ ਆਏ ਭਵ ਲੀਏ ਨਿਰਭੀਤ ਹੈਂ।
ਸਚ ਸੁਚ ਸੰਜਮ ਸਵੱਛਤਾ ਔ ਸਾਦਗੀ ਸੇ
ਸਿਮਰਨ ਕਰਾਵਤੇ ਸਿਖਾਵਤੇ ਸੰਗੀਤ ਹੈਂ।
ਜਬ ਦੇਖਾ ਜਗ ਪਰ ਜੁਲਮ ਜਮਾਯਾ ਜੋਰ
ਜਬਰ ਜਲਾ ਕੋ ਜਲ ਆਏ ਜਗਜੀਤ ਹੈਂ।

ਜੀਵਨ ਜੁਗਤ ਦਸ ਜਾਪ ਕੋ ਜਪਾਏ ਜੋਊ
ਜੰਮਨ ਜਲਨ ਜਾਰ ਤੋਰੇ ਜਮ ਜਾਲ ਹੈ।
ਗੋਬਿੰਦ ਕੇ ਗੁਨ ਛਾਡ ਗਰਤ ਗਰੂਰ ਗਿਰੇ
ਗਾਵਾਏ ਗੁਨ ਗੁਰ ਗਮ ਗਰਬ ਕੋ ਗਾਲ ਹੈ।
ਜੋਹੇ ਜਨ ਜਾਏ ਜੋਊ ਜਗ ਜੰਗ ਜੀਤ ਜਾਏ
ਜੋਹੇ ਨ ਜਮ ਜਰ ਜਰਾ ਕੋ ਜਵਾਲ ਹੈ।
ਤਮ੍ਹਾ ਤਮ ਤਾਈਂ ਤੋਰੇ ਤੇਊ ਤਾਰ ਤਾਰ ਕਰ
ਤਨ ਤਨ ਤਾਰਿਬੇ ਕੋ ਤਰਸ ਕੋ ਤਾਲ ਹੈ।

**ਨਿਸ਼ਾਨ ਸਿੰਘ ਕਥਾਵਾਚਕ**

# ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ...



ਜਿਹੜਾ ਬੇਅੰਤ ਹੈ, ਉਹਦੀ ਸਿਫ਼ਤ ਕਰਕੇ, ਉਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ 'ਬੇਅੰਤ ਜੀ' ਵੀ ਸੀ। ਉਸ ਬੇਅੰਤ ਦਾ ਕੋਈ ਆਦਿ ਨਹੀਂ। ਜਦੋਂ ਇਹ ਦੁਨੀਆਂ ਨਹੀਂ ਸੀ, ਉਹ ਉਦੋਂ ਵੀ ਸੀ। ਜਦੋਂ ਇਹ ਦੁਨੀਆਂ ਨਹੀਂ ਰਹਿਣੀ, ਉਸਨੇ ਉਦੋਂ ਵੀ ਰਹਿਣਾ ਹੈ। ਉਹ ਸ੍ਰਿਸ਼ਟੀ ਦੇ ਕਲਿਆਣ ਵਾਸਤੇ, ਸਰਗੁਣ ਰੂਪ ਵਿਚ ਪਰਗਟ ਹੁੰਦਾ ਹੈ। ਸਾਡੇ ਇਹ ਧੰਨ ਭਾਗ ਨੇ ਕਿ ਅਸੀਂ ਸਰਗੁਣ ਸਰੂਪ ਵਿਚ ਉਸ ਬੇਅੰਤ ਦੇ ਦਰਸ਼ਨ ਕੀਤੇ ਹਨ, ਉਸਦੇ ਬਚਨ ਸੁਣੇ ਨੇ, ਉਸ ਬੇਅੰਤ ਦਾ ਪਿਆਰ ਮਾਣਿਆ ਹੈ, ਇਹ ਵੱਡਿਆਂ ਭਾਗਾਂ ਤੋਂ ਬਿਨਾਂ, ਪੂਰਬਲੇ ਚੰਗੇ ਕਰਮਾਂ ਤੋਂ ਬਿਨਾਂ ਸਤਿਗੁਰੂ ਨਹੀਂ ਮਿਲਦਾ। ਪਿਛਲੇ ਚੰਗੇ ਭਾਗ ਹਨ ਕਿ ਸਾਨੂੰ ਮਨੁੱਖਾ ਜਨਮ ਮਿਲਿਆ ਹੈ, ਸਿੱਖਾਂ ਦੇ ਘਰ ਜਨਮ ਹੋਇਆ ਹੈ ਅਤੇ ਸਭ ਤੋਂ ਵੱਡੇ ਭਾਗ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਹਨ। ਸੱਚੇ ਪਾਤਸ਼ਾਹ ਦੀ ਸਿਫ਼ਤ ਸਲਾਹ ਆਪਾਂ ਇਹੋ ਕਹਿ ਕੇ ਕਰ ਸਕਦੇ ਹਾਂ ਕਿ ਉਹ ਬੇਅੰਤ ਹੈ। ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਦੱਸੇ ਸਿੱਖੀ-ਰਾਹ ਤੋਂ ਦੂਰ ਨਾ ਹੋਈਏ।

ਸਤਿਗੁਰੂ ਸੱਚੇ ਪਾਤਸ਼ਾਹ ਦਾ ਇੱਕ ਹੁਕਮ ਮੈਂ ਤੁਹਾਨੂੰ ਯਾਦ ਕਰਵਾਉਂਦਾ ਹਾਂ- ਕਿ ਸਾਡਾ ਬੜਾ ਜੀਅ ਕਰਦਾ ਹੈ ਕਿ ਸਾਡੇ ਬੱਚੇ ਸਾਡੇ ਤੋਂ ਜਿਆਦਾ ਪੜ੍ਹਨ, ਸਾਡੇ ਤੋਂ ਜਿਆਦਾ ਸਫ਼ਲ ਹੋਣ, ਜਿਆਦਾ ਪੈਸੇ ਵਾਲੇ ਹੋਣ। ਸਾਡਾ ਉਸਤੋਂ ਵੱਧ ਜੀਅ ਕਰਨਾ ਚਾਹੀਦਾ ਹੈ ਕਿ ਸਾਡੇ ਬੱਚੇ ਸਾਡੇ ਤੋਂ ਚੰਗੇ ਸਿੱਖ ਹੋਣ। ਮਾਵਾਂ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਹੈ ਕਿ ਅੱਗੇ ਬੱਚੇ ਦਾ ਸਿੱਖ ਰਹਿਣਾ ਬਹੁਤ ਹੱਦ ਤਕ ਮਾਵਾਂ ਦੇ ਹੱਥ ਵਿੱਚ ਹੈ। ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਸਿੱਖੀ ਦ੍ਰਿੜ੍ਹਾਉ। ਬੱਚਿਆਂ ਦੇ ਸਾਹਮਣੇ ਘਰ ਵਿਚ ਕਿਸੇ ਦੀ ਬੁਰਿਆਈ ਨਾ ਕਰੋ। ਜਦੋਂ ਤੁਸੀਂ ਘਰ ਵਿਚ ਚੰਗੀਆਂ ਗੱਲਾਂ ਕਰੋਗੇ, ਸੱਚੇ ਪਾਤਸ਼ਾਹ ਦੀ ਸਿਫ਼ਤ ਸਲਾਹ ਕਰੋਗੇ, ਬੱਚੇ ਤੁਹਾਡੇ, ਸਿੱਖ ਬਣਨਗੇ ਤਾਂ ਉਹ ਚੰਗੇ ਇਨਸਾਨ ਬਣਨਗੇ, ਏਥੇ ਵੀ ਉਨ੍ਹਾਂ ਦੀ ਸੋਭਾ ਹੋਵੇਗੀ, ਅੱਗੇ ਵੀ ਉਨ੍ਹਾਂ ਨੂੰ ਚੰਗਾ ਥਾਂ ਮਿਲੇਗਾ।

**ਪ੍ਰਵਚਨ**

**ਸ੍ਰੀ ਸਤਿਗੁਰੂ ਉਦੇ ਸਿੰਘ ਜੀ**

# ਆਰੰਭਿਕ ਸ਼ਬਦ

ਸਤਿਜੁਗ ਦੇ ਇੱਕ ਸਦੀ ਦੇ ਇਤਿਹਾਸ ਵਿੱਚ ਜਿੱਥੇ ਸਪਤਾਹਿਕ ਪਰਚਿਆਂ ਵਿੱਚ ਸਮਕਾਲੀ ਇਤਿਹਾਸ ਸੁਰੱਖਿਅਤ ਹੈ ਉੱਥੇ ਸਲਾਨਾ ਅੰਕ ਸਾਹਿਤ ਦਾ ਅਨਮੋਲ ਭੰਡਾਰ ਹਨ ਜਿਨ੍ਹਾਂ ਵਿੱਚ ਬਸੰਤ ਅੰਕਾਂ ਤੋਂ ਇਲਾਵਾ ਪੂਰਵ ਸਤਿਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਤੇ ਪ੍ਰਕਾਸ਼ਤ ਹੋਏ ਵਿਸ਼ੇਸ਼ ਅੰਕ ਆਪਣੇ-ਆਪ ਵਿੱਚ ਸੰਧਰਭ ਗ੍ਰੰਥ ਹੀ ਹਨ। ਜਿਨ੍ਹਾਂ ਵਿੱਚ ਸਬੰਧਿਤ ਸ਼ਤਾਬਦੀਆਂ ਬਾਰੇ ਖੋਜ ਭਰਪੂਰ ਲੇਖ, ਕਵਿਤਾਵਾਂ ਅਤੇ ਦਸਤਾਵੇਜ਼ ਆਦਿ ਸੰਭਾਲੇ ਗਏ ਹਨ।

ਜਿਵੇਂ ਸੰਨ 2019 ਦੇ ਵਰ੍ਹੇ ਵਿੱਚ ਸਤਿਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਵਰ੍ਹਾ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਮਨਾਈ ਗਈ। ਇਸੇ ਤਰ੍ਹਾਂ ਸਾਲ 2020 ਵਿੱਚ ਵੀ ਦੋ ਸ਼ਤਾਬਦੀਆਂ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਅਤੇ ਨਾਮਧਾਰੀ ਪੰਥ ਦਾ ਬੁਲਾਰਾ 'ਸਤਿਜੁਗ' ਦੀ ਸੌ ਸਾਲਾ ਵਰ੍ਹੇ ਗੰਢ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾਕਾਲ ਦੇ ਪ੍ਰਮਾਣੀਕ ਇਤਿਹਾਸਕ ਸ੍ਰੋਤ ਬਹੁਤ ਹਨ ਜਿਨ੍ਹਾਂ ਵਿੱਚ ਸ੍ਰੀ ਸਤਿਗੁਰੂ ਜੀ ਦੀਆਂ ਲਿਖੀਆਂ ਨਿਜੀ ਡਾਇਰੀਆਂ, ਕਿਰਪਾ ਪੱਤਰ, ਰਿਕਾਰਡ ਪ੍ਰਵਚਨ, ਆਡੀਓ, ਵੀਡੀਓ ਰਿਕਾਰਡਿੰਗਜ਼, ਕੈਮਰਾ ਫੋਟੋਗਰਾਫਜ਼, ਨਿੰਜੀ ਸੇਵਕਾਂ ਦੀਆਂ ਡਾਇਰੀਆਂ, ਸਤਿਜੁਗ ਅਤੇ ਵਰਿਆਮ ਦੇ ਪਰਚੇ ਅਤੇ ਕਵੀ ਪ੍ਰੀਤਮ ਸਿੰਘ ਰਚਿਤ ਬੀਤੇ ਦੀਆਂ ਪੈੜਾਂ ਦੇ ਛਪ ਚੁੱਕੇ 17 ਭਾਗ ਅਤੇ ਕ੍ਰੀਬ ਚਾਰ ਅਣਛਪੇ ਭਾਗ ਆਦਿ। ਇਸ ਤੋਂ ਬਿਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੇ ਗੁਰਸਿੱਖਾਂ ਦੇ ਨਿਜੀ ਅਨੁਭਵ। ਨਾਮਧਾਰੀ ਅਤੇ ਗੈਰ ਨਾਮਧਾਰੀ ਲੇਖਕਾਂ ਦੇ ਸਤਿਗੁਰੂ ਜੀ ਦੀ ਸ਼ਖਸ਼ੀਅਤ ਬਾਰੇ ਲੇਖ ਆਦਿ ਅਨੇਕਾਂ ਸ੍ਰੋਤ ਹਨ। ਜਿਨਾਂ ਵਿੱਚੋਂ ਸ੍ਰੀ ਸਤਿਗੁਰੂ ਜੀ ਦੀ ਮਹਾਨਤਾ ਦੇ ਅਨੇਕਾਂ ਪੱਖ ਉਜਾਗਰ ਹੁੰਦੇ ਹਨ। ਕੁਝ ਲੇਖਕਾਂ ਦੀ ਟੀਮ ਇੱਕ ਪ੍ਰੋਜੈਕਟ ਦੇ ਤੌਰ ਤੇ ਇਨ੍ਹਾਂ ਇਤਿਹਾਸਕ ਸ੍ਰੋਤਾਂ ਨੂੰ ਵਾਚ ਕੇ ਕਈ ਵਰ੍ਹੇ ਮੇਹਨਤ ਕਰੇ ਤਾਂ ਅਨੇਕਾਂ ਲੜੀਵਾਰ ਪੁਸਤਕਾਂ ਦੇ ਰੂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਮਾਣੀਕ ਇਤਿਹਾਸ ਲਿਖਿਆ ਜਾ ਸਕਦਾ ਹੈ।

ਇਸ ਸ਼ਤਾਬਦੀ ਅੰਕ ਵਿੱਚ ਉਪਰੋਕਤ ਵਰਣਿਤ ਸਰੋਤਾਂ ਵਿਚੋਂ ਕੁਝ ਵੰਨਗੀ ਮਾਤਰ ਹੀ ਦੇ ਸੱਕੇ ਹਾਂ। ਸੰਤ ਨਿਸ਼ਾਨ ਸਿੰਘ ਜੀ ਦੀ ਰਾਇ ਅਤੇ ਸਹਿਯੋਗ ਸਦਕਾ ਇਸ ਅੰਕ ਦੀ ਰੂਪ ਰੇਖਾ ਇਸ ਰੂਪ ਵਿੱਚ ਉਲੀਕੀ ਗਈ। ਉਨ੍ਹਾਂ ਦਾ ਵਿਚਾਰ ਸੀ ਕਿ ਜਿਨ੍ਹਾਂ ਸੱਜਣਾਂ ਨੇ ਵੀ ਸਤਿਗੁਰੂ ਜੀ ਦੀ ਨੇੜਤਾ ਮਾਣੀ ਹੈ ਉਨ੍ਹਾਂ ਦੇ ਨਿੰਜੀ ਅਨੁਭਵ ਇੱਕਤ੍ਰ ਕਰਕੇ ਸੰਭਾਲੀਏ, ਵਿਸ਼ੇਸ਼ ਕਰਕੇ ਸਤਿਗੁਰੂ ਜੀ ਦੇ ਸਿੱਖਿਆ ਦਾਇਕ ਬਚਨ, ਪ੍ਰੇਰਕ ਘਟਨਾਵਾਂ ਆਦਿ ਜਿਸਨੂੰ ਜੁਬਾਨੀ ਇਤਿਹਾਸ ਆਖਿਆ ਜਾਂਦਾ ਹੈ।

ਇਸੇ ਸੰਧਰਭ ਵਿੱਚ ਸੰਤ ਜੀ ਨੇ 'ਬੀਤੇ ਦੀਆਂ ਪੈੜਾਂ' ਭਾਗ 1-2 ਵਿਚੋਂ ਕੁਝ ਵਿਸ਼ੇਸ਼ ਘਟਨਾਵਾਂ, ਗੁਰ-ਬਚਨ ਨੋਟ ਕੀਤੇ। ਇਸ ਲਈ ਇਸ ਅੰਕ ਦੇ ਸੂਤਰਧਾਰ ਸੰਤ ਨਿਸ਼ਾਨ ਸਿੰਘ ਜੀ ਹਨ। ਸਤਿਗੁਰੂ ਜੀ ਦੇ ਸਮੇਂ ਦੇ ਵਿਸ਼ੇਸ਼ ਵਿਅਕਤੀਆਂ ਦੇ ਅਨੁਭਵ ਅਤੇ ਵਰਤਮਾਨ ਲੇਖਕਾਂ ਦੇ ਲੇਖ, ਕਵਿਤਾਵਾਂ ਅਤੇ ਆਪ ਜੀ ਦੇ ਸਮੇਂ ਵਿੱਚ ਹੋਏ ਹੋਲੇ-ਮਹੱਲੇ, ਅੱਸੂ ਦੇ ਮੇਲੇ, ਵਿੱਦਿਅਕ ਸੰਮੇਲਨਾਂ ਦੇ ਵੇਰਵੇ ਆਦਿ ਕਰਕੇ ਇਹ ਸਾਂਭਣਯੋਗ ਸੰਧਰਭ ਅੰਕ ਬਣ ਗਿਆ ਹੈ।

ਸਭ ਤੋਂ ਪਹਿਲੋਂ ਕੋਟਾਨ ਕੋਟਿ ਧੰਨਵਾਦ ਹੈ ਸਤਿਗੁਰੂ ਉਦੇ ਸਿੰਘ ਜੀ ਦਾ ਜਿਨ੍ਹਾਂ ਦੀ ਬਖਸ਼ਿਸ਼ ਸਦਕਾ ਇਹ ਵਿਸ਼ੇਸ਼ ਅੰਕ ਤਿਆਰ ਹੋ ਸੱਕਿਆ- ਉਸ ਤੋਂ ਬਾਅਦ ਧੰਨਵਾਦ ਦੇ ਪਾਤਰ ਹਨ ਉਹ ਸਾਰੇ ਲੇਖਕ ਜਿਨ੍ਹਾਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਲਿਖ ਕੇ ਲੇਖ ਜਾਂ ਕਵਿਤਾਵਾਂ ਭੇਜੀਆਂ। ਕੰਪਿਊਟਰ ਤੇ ਕੰਪੋਜਿੰਗ ਅਤੇ ਡਿਜ਼ਾਇਨਿੰਗ ਕਰਨ ਲਈ ਹਾਕਮ ਸਿੰਘ, ਤਰਨ ਸਿੰਘ ਬੱਲ ਅਤੇ ਗੁਰਮੀਤ ਸਿੰਘ ਗੋਲਡੀ ਦੀ ਅਣਥੱਕ ਮੇਹਨਤ ਵੀ ਵਰਨਣ ਯੋਗ ਹੈ। ਪਰੂਫ ਰੀਡਿੰਗ ਲਈ ਭਜਨ ਸਿੰਘ, ਜਸਵੰਤ ਸਿੰਘ ਮਸਤ, ਗੁਰਲਾਲ ਸਿੰਘ, ਰਜਿੰਦਰ ਕੌਰ ਅਤੇ ਕਮਾਲ ਸਿੰਘ ਆਦਿ ਵੀ ਧੰਨਵਾਦ ਦੇ ਪਾਤਰ ਹਨ।

ਬਹੁਤ ਥੋੜੇ ਸਮੇਂ ਵਿੱਚ ਤਿਆਰ ਕੀਤੇ ਅੰਕ ਵਿੱਚ ਜੋ ਕੁਝ ਚੰਗਾ ਲੱਗੇ ਉਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖਸ਼ਿਸ਼ ਸਦਕਾ ਹੈ ਅਤੇ ਰਹਿ ਗਈਆਂ ਖਾਮੀਆਂ ਸਾਡੀਆਂ ਹਨ, ਉਨ੍ਹਾਂ ਲਈ ਖਿਮਾਂ ਦੇ ਜਾਚਕ ਹਾਂ।

ਸੁਘੜ ਪਾਠਕਾਂ ਤੋਂ ਖਾਮੀਆਂ ਪ੍ਰਤੀ ਉਸਾਰੂ ਰਾਇ ਦੀ ਉਮੀਦ ਨਾਲ--

**ਸੇਵਕ ਹਰਪਾਲ ਸਿੰਘ**



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਮਾਤਾ ਭੁਪਿੰਦਰ ਕੌਰ ਜੀ







ਪ੍ਰਕਾਸ਼
ਕੱਤਕ ਸੁਦੀ ਇਕਾਦਸ਼ੀ
8 ਮੱਘਰ 1977 ਬਿ:
22 ਨਵੰਬਰ 1920 ਈ:
ਸੋਮਵਾਰ, ਅੰਮ੍ਰਿਤ ਵੇਲੇ ਚਾਰ ਵਜੇ
ਸ੍ਰੀ ਭੈਣੀ ਸਾਹਿਬ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਸਤਿਜੁਗ

੪ ਫੱਗਣ ਤੋਂ ੧੯ ਚੇਤਰ ੨੦੭੭ ਬ੍ਰਿ.
16 ਫਰਵਰੀ ਤੋਂ 31 ਮਾਰਚ 2020 ਈ:
ਜਿਲਦ 28, ਨੰਬਰ 3-4-5

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



Editorial Board:

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 13-11-2019,**
**Date of Posting: 14-15 Nov. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$USD ਡਾਲਰ

**Designed and Typeset by Hakam Singh**
**Vishav Namdhari Sangat, Sri Bhaini Sahib**
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201


# ਤਤਕਰਾ


- -ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਵਿਚੋਂ ਅੰਮ੍ਰਿਤ-ਬਚਨ------ 7
- -ਸੁਖ-ਸਾਗਰ ਸਤਿਗੁਰੂ ਜਗਜੀਤ ਸਿੰਘ ਜੀ
  -ਸੁਵਰਨ ਸਿੰਘ ਵਿਰਕ ----10
- -ਸਤਿਗੁਰੂ ਜਗਜੀਤ ਸਿੰਘ ਜੀ ਦਾ ਯਥਾਰਥਕ ਪ੍ਰਭਾਵ
  - ਡਾ. ਤਾਰਨ ਸਿੰਘ---- 22
- -ਅਸਲ ਧਰਮ ਤਾਂ ਮੁਹਬੱਤ ਹੀ ਏ
  -ਸਈਅਦ ਆਸਿਫ਼ ਸ਼ਾਹਕਾਰ ----24
- -ਅੰਦਰ ਦੀਆਂ ਰਮਜ਼ਾਂ ਦਾ ਹਾਣੀ
  -ਜਤਿੰਦਰਪਾਲ ਸਿੰਘ ਜੌਲੀ--------26
- -ਸ੍ਰੀ ਭੈਣੀ ਸਾਹਿਬ 'ਚ ਕੁਝ ਪਲ
  -ਈਸ਼ਰ ਸਿੰਘ ਅਟਾਰੀ (ਸਵ.)--------29
- -ਵਿਸ਼ਵ ਅਮਨ ਦੇ ਆਲੰਬਰਦਾਰ
  -ਜਗਜੀਤ ਸਿੰਘ ਆਨੰਦ (ਸਵ.)---30
- -ਮੇਰੇ ਪ੍ਰਾਣ ਆਧਾਰ...
  -ਕਿਰਪਾਲ ਸਿੰਘ ਕਸੇਲ (ਸਵ.)---------31
- -ਸੇਖੋਂ ਜੀ ਭੈਣੀ ਸਾਹਿਬ ਆਏ
  -ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ ------34
- -ਮੈਂ ਅਪਨੀ ਨਿਸ਼ਚਾ ਸੇ, 'ਸਤਿਗੁਰੂ, ਕਹਿ ਰਹਾ ਹੂੰ
  -ਸਵਾਮੀ ਅਰਵਿੰਦਾ ਨੰਦ----36
- -ਨੇੜਿਉਂ ਤੱਕੀਆਂ ਚਾਨਣ ਰਿਸ਼ਮਾਂ
  -ਹਰਭਜਨ ਸਿੰਘ ਰਤਨ (ਸਵ.)------37
- -ਦੋ ਦੇਸ਼ਾਂ ਦੋ ਧਰਮਾਂ ਦੀ ਮਿਲਣੀ
  -(ਸਵ.) ਜਗਦੀਸ਼ ਸਿੰਘ ਵਰਿਆਮ--------38
- -ਸਤਿਗੁਰੂ ਜਗਜੀਤ ਸਿੰਘ ਜੀ
  -(ਸਵ:) ਜਗਦੀਸ਼ ਸਿੰਘ 'ਵਰਿਆਮ'------41
- -ਇਹ ਮਹਾਂ ਪੁਰਸ਼ ਕੌਣ ਹਨ?
  -ਤਾਰਾ ਸਿੰਘ ਅਨਜਾਣ (ਸਵ.)--------42
- -ਸਤਿਗੁਰੂ ਜਗਜੀਤ ਸਿੰਘ ਕੁਝ ਅਭੁੱਲ ਯਾਦਾਂ
  - ਸ. ਤਰਲੋਚਨ ਸਿੰਘ ਸਾਬਕਾ ਐਮ. ਪੀ.------43
- ਇਤਿਹਾਸ ਮਨੁੱਖਾਂ ਨੂੰ ਤੋੜਨ ਵਾਲਾ ਨਹੀਂ ਸਗੋਂ ਜੋੜਨ ਵਾਲਾ ਹੋਵੇ
  -(ਡਾ.) ਕੁਲਦੀਪ ਸਿੰਘ ਦੀਪ ----45
- -ਮੇਰੀ ਰੂਹ ਉਤਲਾ ਨਾਮਧਾਰੀ ਪ੍ਰਕਾਸ਼ ਚੱਕਰ
  -ਗੁਰਭਜਨ ਗਿੱਲ------46
- -ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਰ ਰਾਸ਼ਟਰੀ ਸਬੰਧ
  --ਸਵਰਣ ਸਿੰਘ ਸਨੇਹੀ ਐਮ.ਏ. ---48
- -ਯਾਦਾਂ ਦੇ ਝਰੋਖੇ 'ਚੋਂ- ਸਤਿਗੁਰੂ ਦਰਸ਼ਨ
  --ਸੁਵਰਨ ਸਿੰਘ ਵਿਰਕ-------53
- -ਯਾਦ ਬਣੀ ਇਤਿਹਾਸ
  -ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)----62
- -ਉਹ ਦਿਨ ਬਹਾਰ ਦੇ
  --ਅਜੀਤ ਸਿੰਘ ਲਾਇਲ -------6

✦ ਆਦਰਸ਼ ਸਮਾਜ ਦੇ ਉਸਰਈਏ ਸਤਿਗੁਰੂ ਜਗਜੀਤ ਸਿੰਘ ਜੀ
-ਸ੍ਰੀ ਅਮਰ ਭਾਰਤੀ (ਸਵ.)-----68

✦ -ਦਸਵੰਧ ਦੀ ਕਰਾਮਾਤ
-ਮਾਸਟਰ ਅਮਰੀਕ ਸਿੰਘ-------70

✦ ਗੁਰੂ ਜਗਜੀਤ (ਯਾਦਾਂ ਦੇ ਝਰੋਖੇ 'ਚੋਂ)
-ਲਖਵਿੰਦਰ ਸਿੰਘ ਬਾਜਵਾ—72

✦ ਸੂਕੇ ਹਰੇ ਕੀਏ ਖਿਨ ਮਾਹੇ
-ਡਾ. ਲਖਵੀਰ ਸਿੰਘ ਰਾਮਪੁਰਾ ਫੂਲ 76

✦ ਨਿਵਾਜਸ਼
ਸੰਤੋਖ ਸਿੰਘ ਸਾਜਨ 77

✦ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਭੁੱਲ ਯਾਦਾਂ
ਡਾਕਟਰ ਸਰਵਪ੍ਰੀਤ ਸਿੰਘ ਦਿੱਲੀ 81

✦ ਏਥੇ ਬੈਠ ਕੇ ਆਪ ਜੀ ਪ੍ਰਭੂ ਭਗਤੀ 'ਚ ਲੀਨ ਹੋਇਆ ਕਰਦੇ ਸੋ
ਰਛਪਾਲ ਸਿੰਘ ਸੇਵਕ 83

✦ ਪ੍ਰੇਰਕ ਯਾਦ ਟੁਕੜੀਆਂ
ਹਰਪਾਲ ਸਿੰਘ ਸੇਵਕ 85

✦ ਇਹ ਨੇ ਸਾਜ਼, ਸਾਜ਼ਨਿਵਾਜ਼ ਤੂੰ
- ਸੁਰਜੀਤ ਪਾਤਰ 94

✦ ਗੁਰਮਤਿ ਦੇ ਮਾਰਗ ਦਰਸ਼ਕ ਸਤਿਗੁਰੂ ਜਗਜੀਤ ਸਿੰਘ ਜੀ
ਸ੍ਰੀ ਹਰਭਜਨ ਸਿੰਘ ਯੋਗੀ ਜੀ (ਸਵ.) 96

✦ ਜਿਵੇਂ ਗੁਰੂ ਨਾਨਕ ਦੇਵ ਜੀ ਕੀਰਤਨ ਕਰ ਰਹੇ ਹੋਣ...
ਸ. ਭਰਪੂਰ ਸਿੰਘ (ਬਲਬੀਰ) 97

✦ ਅਬ ਆਪ ਰਬਾਬ ਬਜਾਇਆ ਕਰੇਂਗੇ
ਰਬਾਬੀ ਗੁਲਫ਼ਾਮ ਅਹਿਮਦ ਖਾਂ 98

✦ ਨਾਮੋ ਰਾਗ ਰੂਪੇ॥ 99

✦ ਨਾਮੋ ਰਾਗ ਰੂਪੇ॥ 100

✦ His Holiness Satguru Jagjit Singh Ji An Eminent Exponent and Patron of Music
Taranjit Singh 101

✦ The Religion Of Music
Mohinder Singh Kuka- 109

✦ ਬਾਬਾਣੀਆਂ ਕਹਾਣੀਆਂ ਵਿਚੋਂ
ਪੰਡਿਤ ਰਜਿੰਦ੍ਰ ਸਿੰਘ ਗੁਰੂਸਰ (ਸਵ.) 112

✦ ਗਾਥਾ ਇਕ ਦਿਨ ਦੀ 17 ਜੁਲਾਈ 1993
ਹਰਪਾਲ ਸਿੰਘ ਸੇਵਕ 114

✦ ਬਾਂਹ ਕਿਸ ਨੂੰ ਫੜਾਈ ਹੈ...?
ਸੁਰਿੰਦਰ ਕੌਰ ਖਰਲ 118

✦ ਸਤਿਗੁਰੁ ਵਡਾ ਕਰਿ ਸਾਲਾਹੀਐ
ਰਜਿੰਦਰ ਕੌਰ ਪੰਨੂ 120

✦ ਗਰੀਬ ਨਿਵਾਜੁ ਗੁਸਈਆ ਮੇਰਾ......
ਹਰਪਾਲ ਸਿੰਘ 'ਸੇਵਕ' 122

✦ ਸਫੈਦ ਬਸਤਰ ਧਾਰੀ ਭਗਵਾਨ ਪ੍ਰਗਟ ਹੋਏ
ਮਨਜੀਤ ਕੌਰ 126

✦ "ਘਟ ਘਟ ਕੇ ਅੰਤਰ ਕੀ ਜਾਨਤ"
ਮਾ: ਗੁਰਦੇਵ ਸਿੰਘ ਜੀ ਸਿਆੜ੍ਹ (ਸਟੇਟ ਅਵਾਰਡੀ) 127

✦ ....ਕਹਾਣੀਆ ਸੰਮ੍ਰਥ ਕੰਤ ਕੀਆਹ॥ "

✦ ਗੁਰਮੁਖ ਸਿੰਘ (ਜੜ੍ਹਾਂਵਾਲਾ)
ਅਜੀਤ ਸਿੰਘ ਲਾਇਲ 132

✦ ਸਤਿਗੁਰ ਗਰੀਬ ਨਿਵਾਜ਼ ਹੈ
✦ ਰਾਜਵੰਤ ਕੌਰ (ਰਾਮਪੁਰਾ ਫੂਲ) 134

✦ ਪ੍ਰੇਸ਼ਾਨੀਆ ਮੇਰੀ ਉਨ ਸੇ ਨਾ ਕਹਿਨਾ.........
ਅਜੀਤ ਸਿੰਘ ਲਾਇਲ 136

✦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ
ਗੁਰਮੁਖ ਸਿੰਘ ਸ਼ਾਹ 139

✦ ਪਰਉਪਕਾਰੀ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ
ਕਰਨੈਲ ਸਿੰਘ ਅਸਪਾਲ 141

✦ ਗੁਰ ਪੂਰੇ ਕੀ ਬੇਅੰਤ ਵਡਾਈ।
ਬੀਤੇ ਦੀਆਂ ਪੈੜਾਂ ਪ੍ਰੀਤਮ ਸਿੰਘ ਕਵੀ.............142

✦ ਚੋਜ਼ ਬੇਅੰਤ ਦੇ........
ਸੰਤ ਨਿਸ਼ਾਨ ਸਿੰਘ 'ਕਥਾਵਾਚਕ' 172

✦ ਅਰਦਾਸ-ਬੇਨਤੀ
ਪ੍ਰੋ: ਕਿਰਪਾਲ ਸਿੰਘ ਕਸੇਲ (ਸਵ.) 175

✦ ਯਾਦ ਰਹਿਣਗੇ ਸਦਾ ਉਪਕਾਰ ਤੇਰੇ
ਹਜ਼ਾਰਾ ਸਿੰਘ ਮੰਡ 176

✦ ਨਾਮ ਗੁਰੂ ਜਗਜੀਤ ਦਾ..
ਜਥੇਦਾਰ ਕਮਾਲ ਸਿੰਘ 178

✦ REFLECTIONS
Satguru Uday Singh Ji 179

✦ World Vegetarian Conferences 1957 and 1967
H.S. Hanspal 184

✦ Sri Satguru Jagjit Singh Ji The Multi-Faceted Spiritual Leader
Charanjit AjitSingh 188

✦ SRI SATGURU JAGJIT SINGH JI - A DIVINE LIGHT
Gurmukh Singh 192

✦ Satguru Ji's grace on his devotees
✦ AS Panesar 195

✦ It happened one afternoon
Taranjiet Singh Namdhari 201

✦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਿੱਥਾਵਲੀ
ਹਰਪਾਲ ਸਿੰਘ ਸੇਵਕ 203

✦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਹੋਏ ਹੋਲੇ ਮਹੱਲੇ
ਸੰਤ ਨਿਸ਼ਾਨ ਸਿੰਘ 208

✦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਹੋਏ ਨਾਮ-ਸਿਮਰਨ ਜਪ-ਪ੍ਰਯੋਗ (ਅੱਸੂ ਦਾ ਮੇਲੇ)
ਸੰਤ ਨਿਸ਼ਾਨ ਸਿੰਘ 210

✦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਹੋਏ:
ਨਾਮਧਾਰੀ ਵਿਦਿਅਕ ਸੰਮੇਲਨ 211

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਉਪਦੇਸ਼ਾਂ ਵਿਚੋਂ
# ਅੰਮ੍ਰਿਤ-ਬਚਨ



## ਗੁਰਬਾਣੀ ਅਨੁਸਾਰ ਜੀਵਨ

ਗੁਰਬਾਣੀ ਅਨੁਸਾਰ ਅਸੀਂ ਜਿਊਣ ਦੀ ਕੋਸ਼ਿਸ਼ ਕਰਨੀ ਹੈ। ਲੋਕਾਂ ਨੇ ਇਹ ਆਖਕੇ ਕਿ ਇਹ ਗੁਰਬਾਣੀ ਤੋਂ ਉਲਟ ਨੇ, ਸਾਨੂੰ ਗੁਰਬਾਣੀ ਤੋਂ ਹਟਾਉਣ ਦਾ ਯਤਨ ਕਰਨਾ ਹੈ। ਸਾਨੂੰ ਏਸ ਗੱਲ ਦਾ ਨਹੀਂ ਧਿਆਨ ਦੇਣਾ ਚਾਹੀਦਾ ਕਿ ਲੋਕ ਸਾਨੂੰ ਕੀ ਆਖਦੇ ਹਨ।-ਗੁਰੂ ਨਾਨਕ ਨੇ ਗੁਰਬਾਣੀ ਉਚਾਰਨ ਕੀਤੀ ਅਤੇ ਗੁਰਬਾਣੀ 'ਤੇ ਚੱਲਣ ਦਾ ਰਾਹ ਦੱਸਿਆ। ਉਨ੍ਹਾਂ ਨੂੰ ਵੀ ਇਹ ਆਖਣ ਵਾਲੇ ਸਨ-

"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ"

ਅਸੀਂ ਸਮਝਦੇ ਹਾਂ ਕਿ ਅਸੀਂ ਗੁਰੂ ਨਾਨਕ ਦੇ ਸੇਵਕਾਂ ਵਿੱਚੋਂ ਹੀ ਹਾਂ ਜੇ ਸਾਨੂੰ ਉਹ ਕਮਲ਼ੇ ਜਾਂ ਜੋ ਵੀ ਆਖ ਲੈਣ, ਜਿਹੜੇ ਇਹ ਆਖਦੇ ਨੇ ਕਿ ਇਹ ਗੁਰਬਾਣੀ ਦੀ ਬੇਅਦਬੀ ਕਰਦੇ ਨੇ, ਉਨ੍ਹਾਂ ਨੂੰ ਸਤਿਗੁਰੂ ਸੁਮੱਤ ਬਖਸ਼ੇ ਅਤੇ ਸਾਡਾ ਜੀਅ ਇਹ ਨਾ ਕਰੇ ਕਿ ਉਨ੍ਹਾਂ ਦਾ ਬੁਰਾ ਹੋਵੇ।

## ਸਰਬੱਤ ਦਾ ਭਲਾ

ਪ੍ਰਿਸੀਪਲ ਨਿਰੰਜਨ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਦੇ ਭਰਾ ਸਨ ਪਰ ਉਨ੍ਹਾਂ ਦੇ ਵਿਚਾਰਾਂ ਦਾ ਆਪਸ ਵਿੱਚ ਬੜਾ ਫ਼ਰਕ ਸੀ। ਇਕ ਭਰਾ (ਮਾਸਟਰ ਤਾਰਾ ਸਿੰਘ) ਤੇ ਇਹ ਗੱਲ ਕਹਿੰਦਾ ਸੀ ਕਿ 'ਪੰਥ ਕੀ ਜੀਤ।' ਦੂਸਰਾ ਭਰਾ (ਪ੍ਰਿਸੀਪਲ ਨਿਰੰਜਨ ਸਿੰਘ) ਕਹਿੰਦਾ ਸੀ- 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।' ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਸਰਬੱਤ ਦੇ ਭਲੇ ਵਾਲੇ ਪਾਸੇ ਤੁਰਨਾ ਹੈ।

## ਗੁਰਬਾਣੀ ਦਾ ਸਤਿਕਾਰ ਕਿਵੇਂ ਕੀਤਾ ਜਾਏ?

ਗੁਰਬਾਣੀ ਵਿੱਚ ਇਹ ਲਿਖਿਆ ਹੈ ਕਿ-"**ਤਜਿਐ ਅੰਨਿ ਨ ਮਿਲੈ ਗੋਪਾਲੁ**"-ਉਥੇ ਇਹ ਨਹੀਂ ਲਿਖਿਆ-"ਤਜਿਐ ਮਾਸ ਨ ਮਿਲੈ ਗੋਪਾਲੁ॥" **"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥"**-ਜਦੋਂ ਬੀਬੀਆਂ ਪੌਸ਼ਟਿਕ ਭੋਜਨ ਤਿਆਰ ਕਰਨ, ਉਹ ਗੁਰਬਾਣੀ ਦੀਆਂ ਇਹ ਤੁਕਾਂ ਵੀ ਯਾਦ ਰੱਖਣ।ਜੇ ਪੜ੍ਹੀਆਂ ਲਿਖੀਆਂ ਬੀਬੀਆਂ ਖਾਣੇ ਤਿਆਰ ਕਰਕੇ ਕਿਤਾਬਾਂ ਛਾਪ ਸਕਣ।ਉਨ੍ਹਾਂ ਨੂੰ ਵੀ ਗੁਰਬਾਣੀ ਅਨੁਸਾਰ ਲਿਖਣ।

ਸਾਡੇ ਨਾਲੋਂ ਤੇ ਜੇ ਮੈਂ ਕਹਿ ਦਿਆਂ ਕਿ ਉਹ ਨਾਸਤਕ ਲੋਕ, ਜਿਨ੍ਹਾਂ ਨੂੰ ਅਸੀਂ ਆਖਦੇ ਹਾਂ-ਕਮਿਊਨਿਸਟ,ਉਹ ਵੀ ਚੰਗੇ ਨੇ ਇਸ ਪੱਖੋਂ,ਕਿ ਕਲਕੱਤੇ ਵਿੱਚ ਇਕ ਕਮਿਊਨਿਸਟ ਲੀਡਰ ਦਾ ਦੇਹਾਂਤ ਹੋਇਆ, ਉਹਦੀ ਜੀਵਨੀ ਛਪੀ ਅਖ਼ਬਾਰ ਵਿੱਚ। ਉਹਦੇ ਵਿੱਚ ਲਿਖਿਆ ਸੀ ਕਿ ਉਹ ਆਪਣੀ ਕਮਿਊਨਿਜ਼ਮ ਦੀ ਕਿਤਾਬ ਨੂੰ ਰੋਜ਼ ਪੜ੍ਹਦਾ ਸੀ, ਪੜ੍ਹਕੇ ਇਹ ਵੇਖਦਾ ਸੀ ਕਿ ਮੇਰੇ ਜੀਵਨ ਦਾ ਅਤੇ ਇਸ ਵਿੱਚ ਲਿਖੇ ਅਸੂਲਾਂ ਦਾ ਕਿੰਨਾਂ ਕੁ ਫ਼ਰਕ ਹੈ? ਮੈਂ ਉਨ੍ਹਾਂ ਨੂੰ ਹੋਰ ਪੂਰੀਆਂ ਕਰਾਂ।ਉਸਨੇ ਕਿਤਾਬ ਤੇ ਰੁਮਾਲ ਪਾ ਕੇ, ਭਾਈ ਦੀ ਤਨਖਾਹ ਪੂਰੀ ਕਰਨ ਵਾਸਤੇ ਨਹੀਂ ਸੀ ਰੱਖਿਆ।ਉਹ ਇਹ ਯਤਨ ਕਰਦਾ ਸੀ ਕਿ ਜੋ ਲਿਖਿਆ ਹੈ ਮੈਂ ਉਹਦੇ ਅਨੁਸਾਰ ਹੋਵਾਂ।ਸੋ ਸਾਨੂੰ ਵੀ ਜੋ ਸਤਿਗੁਰਾਂ ਨੇ ਗੁਰਬਾਣੀ ਵਿੱਚ ਲਿਖ ਕੇ ਦਿੱਤੇ ਹਨ ਹੁਕਮ,ਉਸਤੇ ਰੁਮਾਲੇ ਕਿੰਨੇ ਚਾੜ੍ਹੀ ਜਾਈਏ।

ਇਕ ਮੈਂ ਤੁਹਾਨੂੰ ਸਾਰਿਆਂ ਨੂੰ ਅਰਜ਼ ਕਰਾਂਗਾ ਕਿ ਜਿਹੜੇ ਪਾਠੀ ਹਨ ਉਨ੍ਹਾਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ। ਜਿਸ ਵੇਲੇ ਕੋਈ ਭੋਗ ਪਾਉਣਾ ਹੋਵੇ। ਪਹਿਲਾਂ ਦੱਸ ਦਿਆ ਕਰਨ ਕਿ ਰੁਮਾਲੇ ਦੀ ਜ਼ਰੂਰਤ ਨਹੀਂ, ਰੁਮਾਲਾ ਚੜ੍ਹਾਉਣਾ ਇਕ ਰਿਵਾਜ ਬਣ ਗਿਆ ਹੈ। ਤੁਸੀਂ ਦੱਸੋ ਕਿ ਜੇ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਰੋਜ ਦਾ ਇਕ ਭੋਗ ਪਵੇ। ਮਹੀਨੇ ਦੇ ਤੀਹ

ਰੁਮਾਲੇ ਚੜ੍ਹਨ ਤਾਂ ਉਨ੍ਹਾਂ ਗਲਤ ਥਾਂ ਦੀ ਵਰਤੋਂ ਹੋਵੇਗੀ, ਬੇਅਦਬੀ ਹੋਵੇਗੀ। ਰੁਮਾਲਾ ਉਦੋਂ ਚਾੜ੍ਹਿਆ ਜਾਵੇ ਜਦੋਂ ਪਹਿਲਾ ਪੁਰਾਣਾ ਹੋ ਜਾਵੇ ਜਾਂ ਉਸ ਦੀ ਲੋੜ ਹੋਵੇ। ਨਹੀਂ ਤੇ ਉਹੋ ਹੀ ਕੱਪੜਾ ਕਿਸੇ ਗਰੀਬ ਦੇ ਗਲ ਪੈ ਜਾਵੇ ਤਾਂ ਇਸ ਤੋਂ ਬਹੁਤੀ ਗੁਰੂ ਸਾਹਿਬ ਦੀ ਖੁਸ਼ੀ ਹੋ ਸਕਦੀ ਹੈ। ਬਜਾਏ ਇਸ ਗੱਲ ਦੇ ਕਿ ਏਨੇ ਰੁਮਾਲੇ ਚਾੜ੍ਹੇ ਜਾਣ। -ਸਾਡਾ ਮੁੱਖ ਕਰਤੱਵ ਗੁਰਬਾਣੀ ਅਨੁਸਾਰ ਜੀਣਾ ਅਤੇ ਉਹਦੇ ਅਨੁਸਾਰ ਮਰ ਕੇ ਉਹ ਜਗ੍ਹਾ ਪ੍ਰਾਪਤ ਕਰਨੀ ਹੈ, ਜਿਹਦੇ ਬਾਰੇ ਲਿਖਿਆ ਹੈ-

**ਰਾਰਾ ਰੰਗਹੁ ਇਆ ਮਨੁ ਅਪਨਾ। ਹਰਿ ਹਰਿ ਨਾਮੁ ਜਪਹੁ ਜਪੁ ਰਸਨਾ॥**
**ਰੇ ਰੇ ਦਰਗਹ ਕਹੈ ਨ ਕੋਊ। ਆਉ ਬੈਠੁ ਆਦਰੁ ਸੁਭ ਦੇਊ॥**
**ਉਆ ਮਹਲੀ ਪਾਵਹਿ ਤੂ ਬਾਸਾ। ਜਨਮ ਮਰਨ ਨਹ ਹੋਇ ਬਿਨਾਸਾ॥**

ਇਸ ਗੁਰਬਾਣੀ ਅਨੁਸਾਰ ਜਿਊਣਾ ਹੈ। ਅਸਾਂ ਫੈਸ਼ਨਾਂ ਤੋਂ ਬਚਣਾ ਹੈ। ਅਸਾਂ ਖੁਸ਼ਬੂਦਾਰ ਤੇਲ ਲਾਉਣ ਤੋਂ ਬਚਣਾ ਹੈ।

## ਰਜ਼ਾ 'ਚ ਰਾਜ਼ੀ ਰਵੋ

ਇਕ ਸੁਆਮੀ ਤਖਤ ਸਿੰਘ ਜੀ ਹੋਏ ਨੇ ਸਾਡੇ ਵਿੱਚ, ਪਿੰਡ ਗੁਜਰਪੁਰਾ, ਗੜ੍ਹਸ਼ੰਕਰ ਦੇ ਕੋਲ, ਉਥੋਂ ਦੇ, ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬੜੀ ਤਾਕਤ ਦਿੱਤੀ ਸੀ। ਸਿੱਧੇ ਦਾੜ੍ਹੇ ਸਮੇਤ ਢਾਕੇ ਵੱਲ ਦੀ, ਉਹ ਰੰਗੂਨ ਨੂੰ ਜਾਣ ਦੀ ਕੋਸ਼ਿਸ਼ ਕਰਦੇ ਸਨ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ। ਇਕ ਉਨ੍ਹਾਂ ਦਾ ਰੰਗ ਬੜਾ ਗੋਰਾ ਸੀ, ਦੂਸਰਾ ਖੁੱਲ੍ਹਾ ਦਾੜ੍ਹਾ, ਉਹ ਲੁਕ ਕਿਵੇਂ ਸਕਦੇ ਸਨ, ਫੜ੍ਹੇ ਗਏ। ਬੰਗਾਲ ਵਿੱਚ ਉਨ੍ਹਾਂ ਸਿੱਖ ਵੀ ਸਜਾਏ ਸਨ। ਪੁਲਿਸ ਨੇ ਹੱਥ ਕੜੀਆਂ ਬੇੜੀਆਂ ਲਾ ਦਿੱਤੀਆਂ। ਪੁਲਿਸ ਸੁਪਰਡੈਂਟ ਨੇ ਆਖਿਆ ਕਿ ਮੈਂ ਸੁਣਿਆ ਹੈ, ਤੂੰ ਉੱਡ ਜਾਂਦਾ ਹੈਂ। ਸੰਤਾਂ ਨੇ ਕਿਹਾ ਮੈਨੂੰ ਤੇ ਕੋਈ ਪਤਾ ਨਹੀਂ। ਹੱਥ ਕੜੀਆਂ ਬੇੜੀਆਂ ਲੱਗੀਆਂ, ਜਦੋਂ ਉਨ੍ਹਾਂ ਨੂੰ ਉਹ ਰੰਗ ਆਇਆ, ਮਸਤੀ ਵਿੱਚ ਉਨ੍ਹਾਂ ਨੇ ਐਸ ਤਰ੍ਹਾਂ ਹੱਥ ਕੜੀਆਂ ਬੇੜੀਆਂ ਲਾਹ ਦਿੱਤੀਆਂ ਤੇ ਕਿਹਾ- ਲਉ ਬਈ ਮੈਂ ਚੱਲਿਆਂ- ਇਹ ਬੜੀ ਤਾਕਤ ਹੈ ਜਿਸਨੂੰ ਸਤਿਗੁਰ ਦੇਵੇ। ਪਰ ਇਸ ਤੋਂ ਉੱਚੀ ਇਕ ਹੋਰ ਤਾਕਤ ਹੈ, ਜਿਹਦੇ ਵੱਲ ਮੈਂ ਤੁਹਾਨੂੰ ਲਿਜਾਣਾ ਚਾਹੁੰਦਾ ਹਾਂ, ਉਹ ਇਹ ਹੈ ਕਿ-

**"ਰਿਧਿ ਸਿਧਿ ਅਵਰਾ ਸਾਦ॥"** ਉਹ ਉਨ੍ਹਾਂ ਦਾ ਹੈ ਜਿਹੜੇ ਦੂਜੇ ਲੋਕ ਨੇ ਜਾਂ ਅ-ਵਰੇ ਹੋਏ ਹਨ, ਗੁਰੂ ਵਾਲੇ ਨਹੀਂ। ਸਤਿਗੁਰੂ ਰਾਮ ਸਿੰਘ ਨੇ ਹੁਕਮ ਕੀਤਾ- ਤਖਤ ਸਿੰਘ ਇਵੇਂ ਨਹੀਂ ਕਰਨਾ, ਭਾਣੇ ਵਿੱਚ ਚੱਲਣਾ ਹੈ- ਫੇਰ ਆਪ ਜਾ ਕੇ ਕੈਦ ਹੋ ਕੇ, ਡੇਢ ਸਾਲ ਪਿਸ਼ੌਰ ਵਿੱਚ ਪੱਥਰ ਕੁੱਟੇ ਨੇ। ਇਹ ਹੱਥ ਕੜੀਆਂ ਬੇੜੀਆਂ ਲਾਹੁਣ ਨਾਲੋਂ ਵੀ, ਸਾਧ ਸੰਗਤ ਜੀ! ਉਤੋਂ ਦੀ ਗੱਲ ਹੈ ਜਿਹੜਾਂ ਸਤਿਗੁਰਾਂ ਦਾ ਬਚਨ ਮੰਨਣਾ ਹੈ, ਰਜ਼ਾ ਚ ਰਾਜ਼ੀ ਰਹਿਣਾ ਹੈ।"

**ਅਬ ਹਮ ਚਲੀ ਠਾਕੁਰ ਪਹਿ ਹਰਿ**

ਇਹ ਸਾਡੀਆਂ ਨੀਵੀਆਂ ਗੱਲਾਂ ਨੇ ਕਿ ਅਸੀਂ ਲਿਖਤੀ ਰੂਪ ਵਿੱਚ ਜਾਂ ਲੈਕਚਰਾਂ ਰਾਹੀ ਪ੍ਰਚਾਰ ਕਰੀਏ। ਅਸਲ ਜਿਹੜੀ ਚੀਜ਼ ਹੈ ਸਾਡਾ ਜੀਵਨ ਉੱਚਾ ਬਣ ਜਾਵੇ। ਅਸੀਂ ਉਹ ਹੋ ਸਕੀਏ-

**ਸੰਤ ਕਾ ਦਰਸਨੁ ਪੂਰਨ ਇਸਨਾਨੁ॥**
**ਸਾਧ ਕੈ ਸੰਗਿ ਨਹੀ ਕਛੁ ਘਾਲ॥**
**ਦਰਸਨੁ ਭੇਟਤ ਹੋਤ ਨਿਹਾਲ॥**

ਇਸ ਗੁਰਬਾਣੀ ਅਨੁਸਾਰ, ਜੇ ਸਾਰੇ ਨਹੀਂ, ਥੋੜ੍ਹੇ ਬਾਹਲੇ, ਦੋ ਚਾਰ ਹੀ ਹੋਣ। **"ਕੋਟਿ ਮਧੇ ਕੋ ਵਿਰਲਾ ਸੇਵਕੁ"** ਹੋਰ ਸਗਲੇ ਜਿਹੜੇ ਨੇ ਉਹ ਲਿਖਿਆ ਹੈ- ਬਿਉਹਾਰੀ। -ਬਿਉਹਾਰੀ ਕਿਸ ਤਰ੍ਹਾਂ ਦੇ ਨੇ, ਐਹ ਮੇਰਾ ਕਾਰਖਾਨਾ ਨਹੀਂ ਚੱਲਦਾ, ਇਹ ਚੱਲਣ ਲੱਗ ਪਵੇ। ਜੇ ਤੇ ਕਾਰਖਾਨਾ ਨਹੀਂ ਚੱਲਿਆ ਤਾਂ ਵੀ ਛੱਡ ਗਿਆ ਜੇ ਕਾਰਖਾਨਾਂ ਚੱਲ ਪਿਆ ਹੈ ਫੇਰ ਬੱਸ ਏਨਾ ਹੀ ਕੰਮ ਸੀ, ਫੇਰ ਵੀ ਛੱਡ ਗਿਆ ਹੈ। ਇਹ ਗੱਲ ਨਹੀਂ, ਕਾਰਖਾਨਾਂ ਚੱਲੇ, ਨਾ ਚੱਲੇ—

**ਅਬ ਹਮ ਚਲੀ ਠਾਕੁਰ ਪਹਿ ਹਾਰਿ॥**
**ਜਬ ਹਮ ਸਰਣਿ ਪ੍ਰਭੂ ਕੀ ਆਈ, ਰਾਖੁ ਪ੍ਰਭੂ ਭਾਵੈ ਮਾਰਿ॥**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰਿ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥**

ਇਹ ਪਾਸਾ ਅਖਤਿਆਰ ਹੋਵੇ ਤਾਂ ਅਸੀਂ ਕੁਝ ਸਿੱਖੀ ਨੂੰ ਸਮਝ ਸਕਦੇ ਹਾਂ।

## ਭਗਤਾ ਕੀ ਚਾਲ ਨਿਰਾਲੀ

ਭਗਤ ਉਹੋ ਹੀ ਹੋ ਸਕਦਾ ਹੈ ਜਿਹੜਾ ਆਪਣੇ ਸਤਿਗੁਰੂ ਦਾ ਵਿਸ਼ਵਾਸ ਪਾਤਰ ਹੋਵੇ, ਜੇ ਵਿਸ਼ਵਾਸ ਪਾਤਰ ਨਹੀਂ, ਕਿੰਨੇ ਭਜਨ ਕਰੇ, ਕਿੰਨੀਆਂ ਬਾਣੀਆਂ ਪੜ੍ਹੇ, ਯੱਗ ਕਰੇ, ਤਪ ਕਰੇ, ਉਸਦਾ ਕੋਈ ਅਰਥ ਨਹੀਂ ਰਹਿ ਜਾਂਦਾ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸਿੱਖ ਸ਼ਬਦ ਪੜ੍ਹਦੇ ਸਨ---'ਸਤਿਗੁਰ ਤਾਰਨਗੇ ਅਤੀਤ॥' ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ—"ਨਾ ਭਾਈ, ਤਾਰੂਗੀ ਪ੍ਰਤੀਤ॥" ਵਿਸ਼ਵਾਸ ਤਾਰੇਗਾ, ਜੇ ਤੈਨੂੰ ਆਪਣੇ ਸਤਿਗੁਰੂ ਤੇ ਵਿਸ਼ਵਾਸ ਹੈ ਤਾਂ ਤਰੇਂਗਾ, ਐਵੇਂ ਨਹੀਂ ਤਰ ਸਕਦਾ। ਇਹ ਵੀ ਸਤਿਗੁਰਾਂ ਨੇ ਲਿਖਿਆ ਹੈ ਕਿ ਖ਼ਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ। "ਸਾਨੂੰ ਸਿੱਖ ਆਖਿਆ ਜਾਂਦਾ ਹੈ, ਭਗਤ ਆਖਿਆ ਜਾਂਦਾ ਹੈ। ਉਨ੍ਹਾਂ ਸਭ ਲੋਕਾਂ ਨੂੰ ਜਿਹੜੇ ਸਤਸੰਗ ਵਿੱਚ ਬੈਠਦੇ ਨੇ ਭਾਵੇਂ ਉਹ ਚਿੱਟੇ ਕੱਪੜੇ ਪਾਉਣ, ਭਾਵੇਂ ਕਿਸੇ ਰੰਗ ਦੇ ਪਾਉਣ, ਜਦੋਂ ਉਹ ਗੱਲ ਭਗਤੀ ਵਾਲੀ ਕਰਨਗੇ ਉਨ੍ਹਾਂ ਨੂੰ ਭਗਤ ਆਖਿਆ ਜਾਂਦੈ। ਗੁਰੂ ਅਮਰਦਾਸ ਜੀ ਨੇ ਲਿਖਿਆ ਹੈ-**"ਭਗਤਾ ਕੀ ਚਾਲ ਨਿਰਾਲੀ"** ਲੋਕਾਂ ਨਾਲੋਂ ਵੱਖਰੀ ਚਾਲ ਹੈ ਉਨ੍ਹਾਂ ਦੀ---**"ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥"** ਉਹ ਐਹ ਜਿਹੜੀਆਂ ਜ਼ਮੀਨ ਤੇ ਸੜਕਾਂ ਨੇ ਇਹ ਨਹੀਂ, ਜਿਹੜੀਆਂ ਮਨ ਦੀਆਂ ਸੜਕਾਂ ਨੇ ਉਨ੍ਹਾਂ ਤੇ ਚਲਣਾ ਹੈ। ਉਹ ਕੀ ਹੈ?— **"ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।"** ਇਕ ਇਕ ਚੀਜ਼ ਐਸੀ ਹੈ ਜਿਹਦੇ ਤੇ ਅਭਿਆਸ ਕੀਤਾ ਜਾਵੇ ਤੇ ਫੇਰ ਉਹਦੀ ਕੁਛ ਪ੍ਰਾਪਤੀ ਹੋ ਜਾਂਦੀ ਹੈ।

ਜਿਹੜੇ ਸਤਿਗੁਰੂ ਵਾਲੇ ਪਾਸੇ ਲਗਦੇ ਨੇ,ਉਨ੍ਹਾਂ ਨੂੰ ਵੀ -

**"ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥"**

ਉਨ੍ਹਾਂ ਨੂੰ ਏਸ ਗਲ ਦੀ ਚਿੰਤਾ ਨਹੀਂ ਹੁੰਦੀ।ਉਹੋ ਹੀ ਬੰਦੇ ਏਸ ਚੀਜ ਦੀ ਪ੍ਰਾਪਤੀ ਕਰ ਸਕਦੇ ਨੇ। ਇਹ ਗੱਲ ਬਹੁਤ ਚੰਗੀ ਹੈ ਕਿ ਅਸੀਂ ਉਹ ਗੱਲਾਂ ਕਰੀਏ ਜਿਹਦੇ ਨਾਲ ਸਾਡਾ ਮਨ ਭਜਨ-ਬਾਣੀ ਵਾਲੇ ਪਾਸੇ ਲੱਗੇ, ਸਤਿਗੁਰੂ ਦੀ ਮਰਿਯਾਦਾ ਵਾਲੇ ਪਾਸੇ ਲੱਗੇ। ਪਰ ਇਸ ਤੋਂ ਅੱਗੇ ਜਿਸ ਮਰਿਯਾਦਾ ਦੀਆਂ ਅਸੀਂ ਗੱਲਾਂ ਕਰਦੇ ਹਾਂ ਉਸ ਮਰਿਯਾਦਾ ਦੇ ਅਸੀਂ ਧਾਰਣੀ ਵੀ ਹੋਈਏ ਉਹ ਬਹੁਤ ਵਧੀਆ ਚੀਜ ਹੈ।ਉਦੂੰ ਅੱਗੇ ਇਹ ਹੈ ਕਿ ਜਿਸ ਮਰਿਯਾਦਾ ਦੇ ਅਸੀਂ ਧਾਰਣੀ ਹੋਈਏ, ਜਿਹੜਾ ਉਸ ਮਰਿਯਾਦਾ ਵਾਲਾ ਹੈ- ਸਾਨੂੰ ਉਸ ਦੇ ਦਰਸ਼ਨ ਹੋ ਜਾਣ ਉਹ ਹੋਰ ਉਸਤੋਂ ਵਧੀਆ ਚੀਜ ਹੈ। ਐਸੀ ਬਿਰਤੀ ਸਾਡੀ ਬਣ ਸਕੇ, ਸਤਿਗੁਰੂ ਕਿਰਪਾ ਕਰੇ—

**"ਮਾਈ ਮੇਰੇ ਮਨ ਕੀ ਪਿਆਸ॥**
**ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸ॥"**

## ਬਾਣੀ ਗੁਰੂ ਹੈ ਬਾਣੀ

ਸਤਿਗੁਰੂ ਉਪਦੇਸ਼ ਦਾ ਦਾਤਾ ਹੈ ਜਿੰਨੀ ਬਾਣੀ ਉਚਾਰਨ ਕੀਤੀ ਹੈ ਸਤਿਗੁਰਾਂ ਨੇ ਉਹ ਸਾਰੀ ਸਰੀਰ ਧਾਰਕੇ ਉਚਾਰਨ ਕੀਤੀ ਹੈ। ਜਿੰਨੀ ਬਾਣੀ ਹੈ, ਉਸ ਵਿੱਚ ਜਿੰਨੇ ਸੰਕੇਤ ਮਿਲਦੇ ਹਨ।ਉਹ ਸਰੀਰ-ਧਾਰੀ ਸਤਿਗੁਰੂਆਂ ਦੇ ਮਿਲਦੇ ਹਨ ਜਿਵੇਂ:
**'ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿੱਤੀ ਕੰਡਿ ਜੀਉ॥'**

ਇਹ ਬਾਣੀ ਜੋ ਸਤਿਗੁਰਾਂ ਦੀ ਹੈ ਅੱਜ ਤੋਂ ਪਹਿਲੇ ਵੀ ਸੁਣੀ ਹੈ, ਅਗਾਂਹ ਵੀ ਸੁਣਨੀ ਹੈ,ਇਹਦਾ ਸਾਨੂੰ ਏਨਾ ਸੁਆਦ ਆਉਂਦਾ ਹੈ, ਕਿਉਂਕਿ ਬਾਣੀ ਵਿੱਚ ਫੈਸਲਾ ਦੇ ਦਿੱਤਾ ਹੈ-ਗੁਰੂ ਰਾਮਦਾਸ ਸੱਚੇ ਪਾਤਸ਼ਾਹ ਨੇ ਲਿਖਿਆ ਹੈ---**"ਬਾਣੀ ਗੁਰੂ ਗੁਰੂ ਹੈ ਬਾਣੀ"** ਗੁਰੂ ਦੀ ਬਾਣੀ ਵੱਡੀ ਹੈ ਸਾਰਿਆਂ ਤੋਂ -**"ਵਿਚਿ ਬਾਣੀ ਅੰਮ੍ਰਿਤੁ ਸਾਰੇ"** 'ਗੁਰੁ ਬਾਣੀ ਕਹੈ,:-ਗੁਰੂ ਬਾਣੀ ਕਹਿੰਦਾ ਹੈ,ਉਚਾਰਦਾ ਹੈ ਰਸਨਾਂ ਦੁਆਰਾ।**"ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।"**

# ਸੁਖ-ਸਾਗਰ ਸਤਿਗੁਰੂ ਜਗਜੀਤ ਸਿੰਘ ਜੀ

-ਸੁਵਰਨ ਸਿੰਘ ਵਿਰਕ

ਕੂਕੇ ਜਾਂ ਨਾਮਧਾਰੀ, ਸਿੱਖ ਸਮੁਦਾਇ ਦਾ ਅਨਿੱਖੜਵਾਂ ਅੰਗ ਹਨ। ਜਦੋਂ ਜਗੀਰੂ ਕਦਰਾਂ ਕੀਮਤਾਂ ਕਾਰਨ, ਸਿੱਖ ਸਿੱਖੀ ਤੋਂ ਦੂਰ ਚਲੇ ਗਏ ਸਨ, ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਵਾਈ ਹੇਠ, ਆਪਣੇ ਆਪ ਨੂੰ ਨਾਮ ਬਾਣੀ ਨਾਲ ਜੋੜਿਆ ਤਾਂ ਨਾਮਧਾਰੀ ਅਖਵਾਏ। ਸਿੱਖਾਂ ਦਾ ਉੱਪਰਲਾ ਤਬਕਾ ਰਾਜੇ ਰਜਵਾੜੇ ਅਤੇ ਸਿੱਖ ਤਖਤਾਂ ਦੇ ਪੁਜਾਰੀ ਅੰਗਰੇਜ਼ ਹਾਕਮਾਂ ਦੀ ਚਾਕਰੀ ਕਰਨ ਲੱਗ ਪਏ, ਇਸ ਲਈ ਮਲੇਛ ਖਾਲਸਾ ਅਖਵਾਏ। ਉਨ੍ਹਾਂ ਦੇ ਉਲਟ ਗੁਰੂ ਰਾਮ ਸਿੰਘ ਜੀ ਦੇ ਤਿਆਰ-ਬਰ-ਤਿਆਰ ਨਾਮਧਾਰੀ ਸਿੰਘਾਂ ਨੂੰ, ਸੰਤ-ਖਾਲਸਾ ਕਿਹਾ ਗਿਆ ਅਤੇ ਪੰਜਾਬ ਵਿਚ ਸਭ ਤੋਂ ਪਹਿਲਾਂ ਅੰਗਰੇਜ਼ਾਂ ਖਿਲਾਫ਼ ਬੁਲੰਦ ਆਵਾਜ਼ ਵਿਚ ਆਪਣੇ ਦੀਵਾਨਾਂ ਵਿਚ ਕੂਕ ਪੁਕਾਰ ਕਰਨ ਕਰਕੇ, ਕੂਕੇ ਵੀ ਕਹਾਏ। ਸਤਿਗੁਰੂ ਰਾਮ ਸਿੰਘ ਜੀ ਜਦੋਂ ਰੰਗੂਨ, ਮਰਗੋਈ ਆਦਿ ਥਾਵਾਂ 'ਤੇ ਦੇਸ਼ ਤੋਂ ਦੂਰ ਨਜ਼ਰਬੰਦੀ ਵਿਚ ਸਨ, ਬਹੁਤ ਸਾਰੇ ਨਾਮਧਾਰੀ ਅਥਵਾ ਕੂਕੇ, ਉਨ੍ਹਾਂ ਦੇ ਦਰਸ਼ਨਾਂ ਨੂੰ ਜਾਂਦੇ ਸਨ। ਸਤਿਗੁਰੂ ਜੀ ਬੰਦੀਖਾਨੇ ਵਿਚ ਲਾਚਾਰੀ ਦੀ ਹਾਲਤ ਵਿਚ ਸਨ। ਉਹ ਆਪਣੇ ਹੁਕਮਨਾਮਿਆਂ ਵਿੱਚ ਲਿਖਦੇ ਹਨ :

"ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾ ਸੁਪਨੇ ਜੈਸਾ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤ ਨਹੀਂ ਹੁੰਦੀ। ਜੇ ਮੇਲਾ ਹੋਵੇ ਤਾਂ ਅਛੇ ਪ੍ਰਸਾਦਿ ਛਕਾਈਏ, ਬਹੁਤ ਬਚਨ ਪੁਛੀਏ ਸੁਣਾਈਏ"। ਹੁਕਮਨਾਮਾ ਨੰ. 9)

"ਮੈ ਤਾ ਹਮੇਸਾ ਗੁਰੂ ਜੀ ਪਾਸੋ ਮੰਗਦਾ ਹਾ ਜੋ ਹੇ ਗੁਰੂ ਜੀ ਨਾਮਧਾਰੀਆਂ ਨੂੰ ਸਾਰੇ ਈ ਸੁਖ ਦੇਈ"। (ਹੁਕਮਨਾਮਾ ਨੰ: 40)

ਖ਼ੈਰ! ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਅੱਧੀ ਸਦੀ ਤੱਕ ਕੂਕਿਆਂ ਤੇ ਸਰਕਾਰ ਦਾ ਦਮਨ ਚੱਕਰ ਚੱਲਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤਾਂ ਦੀਆਂ ਗੁਆਚੀਆਂ ਰੌਣਕਾਂ ਪਰਤਣੀਆਂ ਸ਼ੁਰੂ ਹੋਈਆਂ। ਫਿਰ ਵੀ ਪਹਿਲਾਂ ਦੇਸ਼ ਆਜ਼ਾਦੀ ਅਤੇ ਬਾਅਦ ਵਿਚ ਵਿਸਥਾਪਤਾਂ ਦੇ ਮੁੜ ਵਸੇਬੇ ਵਿੱਚ, ਆਪ ਜੀ ਦਾ ਸਮਾਂ ਲੰਘ ਗਿਆ। ਨਾਮਧਾਰੀ ਪੰਥ ਲਈ ਸਰਬਪੱਖੀ ਵਿਕਾਸ ਦਾ ਦੌਰ, ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਨਾਲ ਹੀ ਸ਼ੁਰੂ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਭਾਈਚਾਰੇ ਦੇ ਉੱਜਲ ਭਵਿੱਖ ਲਈ ਕੀਤੇ ਬਚਨ, ਆਪ ਦੇ ਸਮੇਂ ਵਿਚ ਹੀ ਮੂਰਤੀਮਾਨ ਹੋਏ। ਆਪ ਨੇ ਆਪਣੀ ਪੁਰਾਤਨ ਗੁਰਮਤਿ ਮਰਿਆਦਾ, ਨਾਮਧਾਰੀ ਜੀਵਨ-ਜਾਚ ਨੂੰ ਕਾਇਮ ਰੱਖਦਿਆਂ, ਆਧੁਨਿਕ ਗਿਆਨ, ਵਿਗਿਆਨਾਂ ਦੇ ਸਰੋਤਾਂ ਤੱਕ ਵੀ ਨਾਮਧਾਰੀਆਂ ਦੀ ਰਸਾਈ ਕਰਵਾਈ। ਬਹੁਤ ਸਾਰੇ ਬੰਦ ਦਰਵਾਜ਼ੇ ਨਾਮਧਾਰੀ ਸਮਾਜ ਲਈ ਪਹਿਲੀ ਵੇਰ ਖੁੱਲ੍ਹੇ ਅਤੇ ਨਤੀਜੇ ਵਜੋਂ ਹੁਣ ਨਾਮਧਾਰੀਆਂ ਦੀ ਪਹਿਚਾਣ, ਸਫ਼ਲ ਕਾਸ਼ਤਕਾਰ, ਸਫਲ ਪਸ਼ੂ ਪਾਲਕ, ਸਫਲ ਕਾਰੋਬਾਰੀ, ਗੁਰਮਤਿ ਸੰਗੀਤ ਵਿੱਚ ਨਿਪੰਨ, ਗੁਰਬਾਣੀ ਦੇ ਸ਼ੁੱਧ ਪਾਠੀ, ਵੱਖ-ਵੱਖ ਵਿਭਾਗਾਂ ਦੇ ਉੱਚੇ ਅਹੁਦਿਆਂ ਤੱਕ ਪੁੱਜਣ ਵਾਲੇ ਅਤੇ ਸਾਤਵਿਕ ਜਿਊੜਿਆਂ ਜਿਉਂ ਹੋਣ ਲੱਗੀ। ਇਸ ਸਾਰੇ ਵਿਕਾਸ ਕਾਰਜਾਂ ਨੂੰ ਤਰਤੀਬ ਦੇਣ ਵਾਲੇ ਸੂਤਰਧਾਰ, ਸਤਿਗੁਰੂ ਜਗਜੀਤ ਸਿੰਘ ਜੀ ਸਨ। ਉਨ੍ਹਾਂ ਦੇ ਸਮੇਂ ਵਿੱਚ ਏਸ਼ੀਆ, ਅਫਰੀਕਾ, ਯੂਰੋਪ, ਅਮਰੀਕਾ ਅਤੇ ਆਸਟਰੇਲੀਆ ਪੰਜਾਂ ਹੀ ਮਹਾਂਦੀਪਾਂ ਵਿੱਚ ਨਾਮਧਾਰੀ ਭਾਈਚਾਰੇ ਨੂੰ ਅੰਤਰਰਾਸ਼ਟਰੀ ਪਹਿਚਾਣ ਮਿਲੀ। ਸਤਿਗੁਰੂ ਜੀ ਦਾ ਆਗਮਨ ਬੜੇ ਹੋਣੀਆਂ ਭਰਪੂਰ ਸਮੇਂ ਵਿਚ ਹੋਇਆ। ਪਹਿਲੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ। ਇਸ ਦੇ ਦੌਰਾਨ ਹੀ ਕਿਰਤੀਆਂ ਕਾਮਿਆਂ ਦੇ ਪਹਿਲੇ ਰਾਜ 'ਸੋਵੀਅਤ ਸਮਾਜਵਾਦੀ ਗਣਤੰਤਰ ਸੰਘ' ਦਾ ਗਠਨ ਹੋ ਚੁੱਕਾ ਸੀ। ਰੂਸ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਕੂਕੇ ਇਕ ਮਿੱਤਰ, ਮੁਕਤੀਦਾਤੇ ਵਜੋਂ ਵੇਖ ਰਹੇ ਸਨ। ਹੁਣ ਦੇ ਨਵੇਂ ਰੂਸ ਨੇ, ਜ਼ਾਰ ਵਾਲੇ ਰੂਸ ਨਾਲੋਂ ਕਿਤੇ ਵੱਧ, ਭਾਰਤੀ ਸੁਤੰਤਰਤਾ ਸੰਗਰਾਮੀਆਂ ਦੀ ਹਮਾਇਤ ਕੀਤੀ। ਜਲ੍ਹਿਆਂਵਾਲੇ ਬਾਗ ਦੇ ਸਾਕੇ ਬਾਅਦ ਭਾਰਤ ਵਿਚ ਕੌਮੀ ਮੁਕਤੀ ਅੰਦੋਲਨ ਵਿਚ ਨਵਾਂ ਉਭਾਰ ਆਇਆ। ਆਪਣੇ ਭਵਿੱਖ ਪ੍ਰਤੀ ਇਹੋ ਜਿਹੇ ਉਤਸ਼ਾਹ ਭਰੇ ਮਾਹੌਲ ਵਿੱਚ, ਸਤਿਗੁਰੂ ਪਰਤਾਪ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਿਹਿ ਵਿਖੇ, ਸ੍ਰੀ ਭੈਣੀ ਸਾਹਿਬ ਵਿੱਚ ਕੱਤਕ ਸੁਦੀ ਇਕਾਦਸ਼ੀ,8 ਮੱਘਰ 1977 ਬਿਕ੍ਰਮੀ ਸੌਮਵਾਰ (22 ਨਵੰਬਰ 1920) ਨੂੰ ਜੋ ਬਾਲਕ ਪ੍ਰਗਟਿਆ, ਉਨ੍ਹਾਂ ਨੂੰ ਸੰਗਤ ਵੱਲੋਂ ਰਤਾ ਵਡੇਰੇ ਹੋਣ ਤੇ ਬੇਅੰਤ ਜੀ ਕਿਹਾ ਗਿਆ, ਬੇਸ਼ੱਕ

ਨਾਮ ਜਗਜੀਤ ਸਿੰਘ ਰੱਖਿਆ ਗਿਆ। ਗਭਰੇਟ ਅਵਸਥਾ ਵਿਚ ਆਪ ਨੂੰ ਵੱਡੇ ਬਾਬਾ ਜੀ ਜਾਂ ਬਾਬਾ ਜਗਜੀਤ ਸਿੰਘ ਕਿਹਾ ਜਾਂਦਾ। ਆਪ ਤੋਂ ਤਿੰਨ ਸਾਲ ਛੋਟੇ ਭਰਾਤਾ ਬੀਰ ਸਿੰਘ ਜੀ ਦਾ ਜਨਮ 18 ਅਕਤੂਬਰ 1923 ਈ: ਨੂੰ ਭੈਣੀ ਸਾਹਿਬ ਵਿਖੇ ਹੀ ਹੋਇਆ। ਇਨ੍ਹਾਂ ਨੂੰ ਅਗਲੇ ਸਮੇਂ ਛੋਟੇ ਬਾਬਾ ਜੀ, ਬਚਪਨ ਵਿਚ ਵੱਲਭ ਜੀ ਜਾਂ ਬੱਲੋ ਜੀ ਅਤੇ ਵੱਡੇ ਬਾਬਾ ਜੀ ਦੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਗੱਦੀ ਨਸ਼ੀਨ ਹੋਣ ਮਗਰੋਂ, ਮਹਾਰਾਜ ਬੀਰ ਸਿੰਘ ਜੀ ਕਿਹਾ ਜਾਂਦਾ ਸੀ। ਬਚਪਨ ਵਿਚ ਦੋਹਾਂ ਭਾਈਆਂ ਦੀ ਦੇਖ ਰੇਖ ਹੋਰ ਸਿੱਖ ਸੇਵਕਾਂ ਤੋਂ ਇਲਾਵਾ ਦਾਦੀ, ਮਾਤਾ ਜੀਵਨ ਕੌਰ ਅਤੇ ਨਾਨੀ ਮਾਤਾ ਰਾਮ ਕੌਰ ਦੁਆਰਾ ਹੁੰਦੀ ਰਹੀ। ਦੋਹਾਂ ਸਾਹਿਬਜ਼ਾਦਿਆਂ ਦੀਆਂ ਖੁਸ਼ੀਆਂ ਦਾ ਇਹ ਆਲਮ, ਸ੍ਰੀ ਭੈਣੀ ਸਾਹਿਬ ਨੇ ਜ਼ਿਆਦਾ ਵਰ੍ਹੇ ਨਾ ਡਿੱਠਾ ਕਿਉਂ ਜੁ ਸਤੰਬਰ 1924 ਈ: ਵਿੱਚ ਹੀ ਮਾਤਾ ਭੁਪਿੰਦਰ ਕੌਰ ਜੀ ਨੂੰ ਦਰਗਾਹੀ ਸੱਦੇ ਆ ਗਏ। ਆਪਦੇ ਛੋਟੇ ਵੀਰ, ਬੱਲੋ ਜੀ ਨੇ ਮਾਤਾ ਦਾ ਸਨੇਹ ਮਾਤਰ ਛੇ ਕੁ ਮਹੀਨੇ ਮਾਣਿਆ ਫਿਰ ਮਾਤਾ ਭੁਪਿੰਦਰ ਕੌਰ ਦੇ ਤਪਦਿਕ ਗ੍ਰਸਤ ਹੋਣ ਬਾਅਦ ਉਹ ਜ਼ਿਆਦਾ ਸਮਾਂ ਨਾਨੀ ਜੀ ਪਾਸ ਹੀ ਰਹਿੰਦੇ। ਜੀਵਨ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਤੋਂ ਵਰੋਸਾਏ ਸੰਤ ਕੇਸਰ ਸਿੰਘ ਮਜਾਧ (ਜ਼ਿਲਾ ਸਿਆਲਕੋਟ) ਨੇ ਬਾਲਕ ਬੇਅੰਤ ਜੀ ਦੀ ਡੇਢ ਦੋ ਸਾਲ ਸੇਵਾ ਕੀਤੀ। ਮਾਤਾ ਭੁਪਿੰਦਰ ਕੌਰ ਜੀ ਦੇ ਅਕਾਲ ਚਲਾਣੇ ਬਾਅਦ, ਇਹ ਸੇਵਾ ਗੁਰਮੁਖ ਸਿੰਘ ਝੱਬਰ ਨੂੰ ਸੌਂਪ ਦਿੱਤੀ ਗਈ ਜਿਨ੍ਹਾਂ ਨੇ 1924-25 ਈ. ਤੋਂ ਲੈ ਕੇ 1938-39 ਈ: ਤੱਕ ਪੂਰੇ ਚੌਦਾਂ ਸਾਲ ਇਹ ਸੇਵਾ ਬੜੀ ਤਨਦੇਹੀ ਨਾਲ, ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਰਦੇਸ਼ਨ ਹੇਠ ਨਿਭਾਈ। ਢਾਈ ਤਿੰਨ ਸਾਲਾਂ ਦਾ ਸਮਾਂ ਆਪ ਦਾ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ 1924 ਤੋਂ 1927 ਈ: ਤੱਕ ਦਾ ਬਤੀਤ ਹੋਇਆ। ਗੁਰਮੁਖ ਸਿੰਘ ਝੱਬਰ ਦੇ ਪਿਤਾ ਸੰਤ ਜਿਊਣ ਸਿੰਘ ਝੱਬਰ ਨੇ ਬੇਸ਼ੱਕ ਭਜਨ ਸਤਿਗੁਰੂ ਰਾਮ ਸਿੰਘ ਦੇ ਸਮੇਂ ਪੁੱਛਿਆ ਸੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਉਹ ਕੁਝ ਜਮੀਨ ਵੇਚ ਕੇ ਉਸਦੀ ਵੱਟਕ ਗੁਰੂ ਕੇ ਲੰਗਰ ਵਿੱਚ ਪਾ ਕੇ ਸ੍ਰੀ ਭੈਣੀ ਸਾਹਿਬ ਦੀ ਰਹਿਣ ਲੱਗ ਪਏ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਮੁਖ ਸਿੰਘ ਝੱਬਰ ਨੂੰ ਬਚਪਨ ਤੋਂ ਹੀ ਆਪਣੀ ਨਿਗਰਾਨੀ ਵਿਚ ਰੱਖਿਆ ਸੀ ਤੇ ਹੁਣ ਉਸ ਨੂੰ ਬੇਅੰਤ ਜੀ ਦੀ ਸਾਂਭ ਸੰਭਾਲ ਲਈ, ਆਪਣਾ ਵਿਸ਼ਵਾਸ਼ ਪਾਤਰ ਜਾਣਿਆ ਸੀ। ਗੜ੍ਹਦੀਵਾਲਾ ਡੇਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸੰਤ ਹਰਨਾਮ ਸਿੰਘ ਹੋਰਾਂ ਨੇ ਵਸਾਇਆ ਸੀ। ਇੱਥੇ ਸੰਗੀਤ ਅਚਾਰੀਆ ਉਸਤਾਦ ਹਰਨਾਮ ਸਿੰਘ ਜੀ ਰਾਗੀ ਚਵਿੰਡਾ ਅੰਮ੍ਰਿਤਸਰ) ਵਾਲੇ, ਆਪ ਦੇ ਗੁਰਮੁਖੀ ਅੱਖਰਾਂ, ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਪਹਿਲੇ ਉਸਤਾਦ ਬਣੇ। ਸਤਿਗੁਰੂ ਪਰਤਾਪ ਸਿੰਘ ਜੀ ਆਪ ਵੀ ਬਹੁਤ ਵੱਡੇ ਪ੍ਰਕਿਰਤੀ ਪਰੇਮੀ ਸਨ। ਇਸ ਲਈ ਉਨ੍ਹਾਂ ਬੇਅੰਤ ਜੀ ਦੇ ਬਚਪਨ ਸਮੇਂ, ਉਨ੍ਹਾਂ ਨੂੰ ਗੜ੍ਹਦੀਵਾਲਾ, ਸ਼ਿਵਾਲਕ ਦੀਆਂ ਰਮਣੀਕ ਪਹਾੜੀਆਂ ਦੇ ਕੰਢੀ ਖੇਤਰ ਵਿਚ ਰੱਖਣ ਤੋਂ ਇਲਾਵਾ, ਬੀੜ ਮਰਾਰੜੂ (ਅਮਲੋਹ ਦੇ ਪਾਸ) ਨਾਭਾ ਰਾਜਾ ਵੱਲੋਂ ਭੇਟ ਕੀਤੇ, ਬੀੜ ਵਾਲੇ ਕੂਕਿਆਂ ਦੇ ਡੇਰੇ ਵਿਚ ਵੀ ਟਿਕਾਇਆ। ਛੋਟੀਆਂ (ਲਾਇਲਪੁਰ), ਖਿਹਾਲਾ ਆਦਿਕ ਬਾਰ ਵਿਚ, ਕੂਕਿਆਂ ਦੇ ਦੋ ਨਾਲ ਨਾਲ ਪਿੰਡ ਸਨ। ਇਸ ਪਿੰਡ ਦੀ ਕੂਕਿਆਂ ਦੀ ਰੱਸਾ ਟੀਮ ਨੇ 1912 ਈ: ਦੇ ਦਿੱਲੀ ਦਰਬਾਰ ਸਮੇਂ, ਯੂਰੋਪ ਜੇਤੂ ਰੱਸਾ ਟੀਮ ਨੂੰ ਹਰਾਇਆ ਸੀ। ਇਸ ਨਗਰ ਵਿਖੇ ਵੀ ਬੇਅੰਤ ਜੀ ਆਪਣੇ ਬਚਪਨ ਦਾ ਕੁਝ ਸਮਾਂ, ਹਰ ਸਾਲ, ਗੁਰਮੁਖ ਸਿੰਘ ਝੱਬਰ ਤੇ ਹੋਰ ਉਸਤਾਦਾਂ ਨਾਲ ਬਿਤਾਇਆ ਕਰਦੇ ਸਨ। ਇਉਂ ਪੰਜਾਬ ਦੇ ਵੱਖ-ਵੱਖ ਖਿੱਤਿਆਂ ਦੇ ਬਚਪਨ ਵਿੱਚ ਭਰਮਣ ਨੇ, ਉਨ੍ਹਾਂ ਨੂੰ ਜੀਵਨ ਪ੍ਰਤੀ ਇਕ ਵਿਸ਼ਾਲ ਤੇ ਜੀਵੰਤ ਦ੍ਰਿਸ਼ਟੀਕੋਣ ਅਪਨਾਉਣ ਯੋਗ ਬਣਾਇਆ। ਉਦਾਰਤਾ ਅਤੇ ਸਖਾਵਤ ਆਪ ਦੇ ਸੁਭਾਉ ਦਾ ਅਟੁੱਟ ਅੰਗ ਸੀ, ਇਹ ਆਪ ਨੂੰ ਆਪਣੇ ਵਿਰਸੇ ਵਿਚ ਮਿਲੀ ਸੀ। ਇਸ ਲਈ ਜਗਤ-ਮਾਤਾ ਭੁਪਿੰਦਰ ਕੌਰ ਜੀ ਦੇ ਸਮੇਂ ਦੀ ਇਕ ਵਾਰਤਾ ਅਕਸਰ ਦੁਹਰਾਈ ਜਾਂਦੀ ਹੈ। ਉਦੋਂ ਮਾਤਾ ਜੀ ਨਹਿਰ ਸਰਹਿੰਦ ਵਾਲੇ ਡੇਰੇ ਤੇ ਨਿਵਾਸ ਰੱਖਦੇ ਸਨ। ਜਪ ਪ੍ਰਯੋਗ ਦੇ ਦਿਨ ਸਨ। ਇਕ ਦਿਨ ਸਤਿਗੁਰੂ ਪਰਤਾਪ ਸਿੰਘ ਜੀ ਕਿਸੇ ਹੋਰ ਪਾਸੇ ਗਏ ਸਨ। ਸਿੰਘਾਂ ਨੇ ਮਾਤਾ ਜੀ ਨੂੰ ਅਰਜ ਕੀਤੀ ਕਿ ਲੰਗਰ ਮਸਤਾਨਾ ਹੋ ਗਿਆ ਹੈ। ਮਾਤਾ ਜੀ ਨੇ ਕਿਹਾ ਕਿ ਮੇਰੇ ਪਾਸ ਆਹ ਇਕ ਅੰਗੂਠੀ ਹੈ ਸੋਨੇ ਦੀ ਜੋ ਅਨੰਦ ਕਾਰਜ ਤੋਂ ਬਾਅਦ ਸਤਿਗੁਰੂ ਜੀ ਨੇ ਮੈਨੂੰ ਬਖ਼ਸ਼ੀ ਸੀ। ਇਹ ਲੈ ਜਾਉ ਤੇ ਰਸਦ ਲੈ ਆਉ। ਇਸ ਤਰ੍ਹਾਂ ਦੀ ਪਿਆਰ-ਨਿਸ਼ਾਨੀ ਨੂੰ ਸੰਗਤ ਪ੍ਰਤੀ ਆਪਣੇ ਫ਼ਰਜ਼ ਤੋਂ ਕੁਰਬਾਨ ਕਰਨ ਲੱਗਿਆਂ ਮਾਤਾ ਜੀ ਨੇ ਢਿੱਲ ਨਾ ਵਿਖਾਈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਉਨ੍ਹਾਂ ਦੇ ਇਸ ਕਾਰਜ ਦੀ ਪ੍ਰਸ਼ੰਸਾ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸਮੁਦਾਇ ਆਪਣੇ ਬੱਚਿਆਂ ਨੂੰ ਅੰਗਰੇਜ਼ ਸਰਕਾਰ ਦੇ ਖੋਹਲੇ ਸਕੂਲਾਂ ਵਿਚ ਨਹੀਂ ਸੀ ਭੇਜਦਾ। ਹੁਣ ਸਤਿਗੁਰੂ ਪਰਤਾਪ ਸਿੰਘ ਜੀ

ਨੇ 1927-28 ਈ: ਵਿਚ ਰਾਮਸਰ ਦੇ ਉੱਤਰ ਵੱਲ ਜਿੱਥੇ ਹੁਣ ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਹੈ, ਇਕ ਨਾਮਧਾਰੀ ਵਿਦਿਆਲੇ ਦੀ ਇਮਾਰਤ ਉਸਾਰ ਦਿੱਤੀ। ਇਸ ਵਿਦਿਆਲੇ ਵਿਚ ਬੇਅੰਤ ਜੀ ਅਤੇ ਬੱਲੋ ਜੀ ਤੋਂ ਇਲਾਵਾ ਕੋਈ 70-75 ਹੋਰ ਵਿਦਿਆਰਥੀ, ਜੋ ਸਮੁੱਚੇ ਪੰਜਾਬ ਵਿਚੋਂ ਸਨ। ਪੜ੍ਹਣ ਦਾ ਇਹ ਸਿਲੇਬਸ ਪੂਰੇ ਬਾਰਾਂ ਸਾਲਾਂ ਦਾ ਸੀ। ਜਿਹੜਾ ਵਿਦਿਆਰਥੀ ਬਾਰਾਂ ਸਾਲ ਇੱਥੇ ਰਹਿਣਾ ਮੰਨਦਾ, ਉਹ ਹੀ ਇੱਥੇ ਦਾਖਲ ਹੋ ਸਕਦਾ ਸੀ। ਇਸ ਵਿਦਿਆਲੇ ਵਿਚ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਗਿਆਨ, ਆਮ ਹਿਸਾਬ ਕਿਤਾਬ, ਗੁਰਬਾਣੀ ਅਧਿਐਨ, ਗੁਰ ਇਤਿਹਾਸ ਅਤੇ ਗੁਰਮਤਿ ਸੰਗੀਤ ਦੇ ਨਾਲ ਨਾਲ ਖੇਤੀਬਾੜੀ, ਪਸ਼ੂ-ਪਾਲਣ, ਘੋੜਸਵਾਰੀ, ਦਸਤਕਾਰੀ, ਉਣਾਈ ਬੁਣਾਈ, ਪ੍ਰੈਸ ਦਾ ਕੰਮ, ਲੰਗਰ ਤਿਆਰ ਕਰਨ ਆਦਿ ਕਿੱਤਾ-ਮੁਖੀ ਸਿੱਖਿਆ ਵੀ ਮਿਲਦੀ ਸੀ। ਬੇਅੰਤ ਜੀ ਦੇ ਅਧਿਆਪਕਾਂ ਵਿਚ ਸ਼ਾਮਲ ਸਨ, ਮਾਸਟਰ ਬਲਵੰਤ ਸਿੰਘ ਜੀ ਬੁੰਡਾਲਾ (ਅੰਮ੍ਰਿਤਸਰ), ਪੰਡਿਤ ਹਰਬੰਸ ਲਾਲ ਗੁਆਂਢੀ ਪਿੰਡ ਪੰਜੇਟੇ, ਗੁਰਦਿਆਲ ਸਿੰਘ ਸੰਧਾਵਾਲੀਆ, ਕਿਹਰ ਸਿੰਘ ਮਾਨ, ਮਾਸਟਰ ਸੁਹੇਵਾ ਸਿੰਘ, ਪੰਡਿਤ ਲਛਮੀ ਨਰਾਇਣ ਬਾਲਕ ਰਾਮ ਗੁਜਰਾਂਵਾਲਾ। ਕੁਝ ਸਾਲਾਂ ਬਾਅਦ ਇੰਗਲੈਂਡ ਵਿਚੋਂ ਆਈ.ਸੀ.ਐਸ. ਪ੍ਰੀਖਿਆ ਪਾਸ ਕਰਕੇ ਆਏ ਅਤੇ ਸਰਕਾਰੀ ਨੌਕਰੀ ਛੱਡ ਕੇ ਫਿਰ ਵਿਰਕਤ ਹੋ ਗਏ, ਮਹਿਤਾ ਭੋਲਾ ਨਾਥ, ਅੰਗਰੇਜ਼ੀ ਪੜ੍ਹਾਉਣ ਲਈ ਆ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਅਨੇਕ ਬਿਰਧ ਸਾਧੂ ਇਸ ਸਮੇਂ ਭੈਣੀ ਸਾਹਿਬ ਰਹਿੰਦੇ ਸਨ। ਉਨ੍ਹਾਂ ਦੀ ਸੰਗਤ, ਵਿਦਿਆਰਥੀਆਂ ਵਿਚ ਦੇਸ਼ ਭਗਤੀ ਤੇ ਲੋਕ ਸੇਵਾ ਦੇ ਬੀਜ ਬੀਜਣ ਲਈ ਕਰਵਾਈ ਜਾਂਦੀ। ਸੁਆਮੀ ਤਖਤ ਸਿੰਘ ਜੀ ਐਸੇ ਹੀ ਉੱਘੇ ਸਾਧੂ ਸਨ, ਉਹ ਰੰਗੂਨ ਦਰਸ਼ਨ ਕਰਨ ਵੀ ਗਏ ਸਨ। ਉਨ੍ਹਾਂ ਦੇ ਪਰਵਚਨ ਵਿਦਿਆਲੇ ਵਿਚ ਹੁੰਦੇ। ਨਰੋਏ ਮਨੁੱਖੀ ਸੱਭਿਆਚਾਰ ਦੀ ਉਸਾਰੀ ਲਈ ਸਤਿਗੁਰੂ ਪਰਤਾਪ ਸਿੰਘ ਜੀ ਯਤਨਸ਼ੀਲ ਸਨ। ਸੰਗੀਤ ਦੀ ਸਿੱਖਿਆ ਲਈ ਉਸਤਾਦ ਹਰਨਾਮ ਸਿੰਘ ਹੋਰਾਂ ਤੋਂ ਬਿਨਾ, ਗੁਆਂਢੀ ਪਿੰਡ ਰਾਮਪੁਰ ਦੇ ਕਲੌਤ ਕਵਾਲ, ਉਸਤਾਦ ਊਧੋ ਖਾਂ, ਰਹਿਮਤ ਖਾਂ ਅਤੇ ਜੋ ਅੰਮ੍ਰਿਤਸਰ ਤੋਂ ਰਬਾਬੀ ਭਾਈ ਤਾਬਾ ਜੀ ਤੇ ਤਬਲਾਵਾਦਕ ਭਾਈ ਨਸੀਰ ਜੀ ਉਚੇਚੇ ਮੰਗਵਾਏ। ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਦੀ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਰੀਝ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰਤਾਕਾਲ ਵਿਚ ਮੂਰਤੀਮਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

ਆਪ ਦੇ ਬਚਪਨ ਨੂੰ ਅਨੁਸ਼ਾਸਨ ਦੀ ਜਿਸ ਕੁਠਾਲੀ ਵਿਚ ਢਾਲਿਆ ਗਿਆ, ਆਪ ਉਸ ਵਿਚੋਂ ਬੜੇ ਸਫਲ ਹੋ ਕੇ ਨਿਕਲੇ। ਜੇਰਾ, ਧੀਰਜ, ਖ਼ਿਮਾਂ ਅਤੇ ਸਹਿਣਸ਼ੀਲਤਾ ਜਿਹੇ ਵੱਡੇ ਗਣ ਆਪ ਨੇ ਸਕੂਲੀ ਵਿਦਿਆ ਗ੍ਰਹਿਣ ਕਰਦੇ ਸਮੇਂ ਹੀ ਧਾਰਨ ਕਰ ਲਏ।ਆਪ ਨੇ ਜਾਂ ਆਪਦੇ ਛੋਟੇ ਭਰਾਤਾ ਨੇ, ਸਹਿਪਾਠੀਆਂ ਦੀ ਇਕ ਵੱਡੀ ਟੀਮ ਵਿਚ ਵਿਚਰਦਿਆਂ ਕਦੇ ਵੀ ਗੁਰੂ ਪਰਿਵਾਰ ਵਿੱਚੋਂ ਹੋਣ ਦਾ ਅਣਉਚਿਤ ਵਿਖਾਲਾ ਨਹੀਂ ਕੀਤਾ। ਉਹ ਹਾਣੀ ਵਿਦਿਆਰਥੀਆਂ ਨਾਲ ਰਲਕੇ, ਸੰਗਤ ਦੇ ਜੂਠੇ ਬਰਤਨ ਵੀ ਸਾਫ ਕਰਦੇ। ਲੰਗਰ ਲਈ ਜਲ ਭਰਦੇ ਜਾਂ ਹੋਰਨਾਂ ਸੇਵਾਵਾਂ ਵਿਚ ਹੱਥ ਵਟਾਉਂਦੇ।ਇਸੇ ਕਾਰਨ ਗੁਰੂ ਪਦਵੀ ਗ੍ਰਹਿਣ ਕਰਕੇ ਵੀ ਆਪ ਵੱਡੇ ਤੜਕੇ, ਡੁੰਬ ਮਾਰਕੇ ਸ੍ਰੀ ਭੈਣੀ ਸਾਹਿਬ ਦੇ ਹੋਲੇ ਮੇਲਿਆਂ ਸਮੇਂ, ਖੂਹ ਵਿਚੋਂ ਜਲ ਕੱਢ ਕੱਢ ਕੇ ਸਿੰਘਾਂ ਦਾ ਇਸ਼ਨਾਨ ਕਰਵਾਇਆ ਕਰਦੇ ਸਨ। ਉਨ੍ਹਾਂ ਦੇ ਜੇਰੇ ਧੀਰਜ ਬਾਰੇ ਇਕ ਚਰਚਿਤ ਘਟਨਾ ਹੈ। ਬੱਘੀ 'ਤੇ ਸਵਾਰ ਹੋ ਕੇ ਕਿਤੇ ਜਾ ਰਹੇ ਸਨ। ਘੋੜਾ 'ਜੈ ਭਾਰਤ ਬਹੁਤ ਘੋੜ ਦੌੜਾਂ ਜਿੱਤਣ ਵਾਲਾ, ਅਚਾਨਕ ਰਸਤੇ ਵਿਚ ਰੁਕ ਗਿਆ। ਘੋੜਾ ਜਦੋਂ ਤੁਰਨੋਂ ਵਿਹਰ ਗਿਆ ਤਾਂ ਆਪ ਦਾ ਕੋਚਵਾਨ ਗੁਰਬਖਸ਼ ਸਿੰਘ, ਹੇਠਾਂ ਉੱਤਰ ਕੇ ਘੋੜੇ ਤੇ ਛਾਂਟਾ ਅਜ਼ਮਾਈ ਕਰਨ ਲੱਗਾ। ਬੇਅੰਤ ਜੀ ਨੇ ਬੱਘੀ ਤੋਂ ਛਾਲ ਮਾਰ ਕੇ ਉਸ ਦਾ ਹੱਥ ਫੜ ਲਿਆ। ਸਿੰਘ ਕਹਿੰਦਾ ਕਿ ਆਪ ਦੇ ਪ੍ਰਸ਼ਾਦ ਛਕਣ ਦਾ ਸਮਾਂ ਲੇਟ ਹੋ ਰਿਹਾ ਹੈ। ਇਹ ਜਾਨਵਰ ਹੈ ਕਿ ਤੁਰਦਾ ਹੀ ਨਹੀਂ। ਇਹਦਾ ਇਲਾਜ ਤਾਂ ਕਰਨਾ ਪਵੇਗਾ। ਬੇਅੰਤ ਜੀ ਨੇ ਕਿਹਾ-ਜੇ ਭੁੱਖ ਆਪਾਂ ਨੂੰ ਲੱਗੀ ਹੈ ਤਾਂ ਇਸ ਨੂੰ ਵੀ ਲਗੇਗੀ। ਕਹਿਣਾ ਕੁਝ ਨਹੀਂ, ਧੀਰਜ ਕਰੋ। ਤੇ ਕੁਝ ਦੇਰ ਬਾਅਦ ਘੋੜਾ ਆਪੇ ਤੁਰਿਆ ਤੇ ਡੇਰੇ ਪੁੱਜ ਗਏ। ਹਰ ਪ੍ਰਾਣੀ ਮਾਤਰ ਨਾਲ ਸਨੇਹ ਆਪ ਦੇ ਜੀਵਨ ਦਰਸ਼ਨ ਦਾ ਸਾਰ ਸੀ। ਉਨ੍ਹਾਂ ਨੇ ਨਹਿਰ ਵਾਲੇ ਡੇਰੇ ਤੇ ਹੀ ਵੇਖਿਆ ਸੀ ਕਿ ਇਕ ਫਨੀਅਰ ਸੱਪ ਦਾਲ ਰੱਖਣ ਵਾਲੇ ਘੜੇ ਵਿੱਚ ਰਹਿਣ ਲੱਗ ਪਿਆ। ਜਦੋਂ ਦਾਲ ਧਰਨ ਦਾ ਵਕਤ ਹੁੰਦਾ, ਲਾਂਗਰੀ ਸਿੰਘ ਨੇ ਕਹਿਣਾ-ਭੰਗਰ ਨਾਥਾ! ਘੜੇ ਤੋਂ ਪਾਸੇ ਹੋ ਜਾ ਅਸੀਂ ਦਾਲਾਂ ਕੱਢ ਲਈਏ। ਉਹ ਨਿਕਲ ਕੇ ਟੁਰ ਜਾਂਦਾ। ਸਿੰਘ ਦਾਲ ਕੱਢ ਲੈਂਦੇ। ਇਹ ਸ਼ਾਂਤੀਪੂਰਨ ਸਹਿਹੋਂਦ, ਕਾਫੀ ਚਿਰ ਚੱਲਦੀ ਰਹੀ। ਕੋਈ ਉਸਨੂੰ ਮਾਰੇ ਨਾਂ, ਉਹ ਕਿਸੇ ਨੂੰ ਡੰਗੇ ਨਾ। ਫਰਵਰੀ 1939 ਈ: ਵਿਚ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪਹਿਲੀ ਵੇਰ ਭੈਣੀ ਸਾਹਿਬ ਆਏ ਤਾਂ ਦਸ ਹਜ਼ਾਰ

ਸੰਗਤ ਦੀ ਹਾਜ਼ਰੀ ਵਿਚ ਬੇਅੰਤ ਜੀ, ਬੱਲੋ ਜੀ ਦੀ ਅਗਵਾਈ ਵਿਚ ਵਿਦਿਆਲੇ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਸੇਵਾ ਨਿਭਾਈ। ਰਸ ਭਿੰਨੇ ਗੁਰਮਤਿ ਸੰਗੀਤ ਤੋਂ ਪੰਡਿਤ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਜਦੋਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਇਨ੍ਹਾਂ ਬੱਚਿਆਂ ਵਿਚ ਸਤਿਗੁਰੂ ਜੀ ਦੇ ਦੋਵੇਂ ਸਪੁੱਤਰ ਵੀ ਹਨ ਤਾਂ ਉਹ ਬਹੁਤ ਪ੍ਰਸੰਨ ਹੋਏ। ਇਸੇ ਸਾਲ ਦੋਹਾਂ ਭਰਾਵਾਂ ਤੇ ਸੀਤਲਾ ਦਾ ਪਰਕੋਪ ਹੋਇਆ।ਵੀਹ ਪੱਚੀ ਦਿਨ ਦੇ ਦਵਾ ਦਾਰੂ ਬਾਅਦ ਠੀਕ ਹੋ ਗਏ। ਸਿਹਤਯਾਬੀ ਤੋਂ ਬਾਅਦ ਸਤਿਗੁਰੂ ਜੀ ਦੋਹਾਂ ਭਰਾਵਾਂ ਤੇ ਵੀਹ ਪੱਚੀ ਹੋਰ ਵਿਦਿਆਰਥੀਆਂ ਨੂੰ ਨਾਲ ਲੈ ਕੇ, ਗੁੱਜਰਾਂਵਾਲੇ ਤੋਂ ਰਾਵਲਪਿੰਡੀ, ਪੰਜਾ ਸਾਹਿਬ, ਹਜਰੋ ਸਾਹਿਬ, ਕਿਲਾ ਜਮਰੋਦ ਆਦਿ ਦੀ ਯਾਤਰਾ ਕਰਵਾ ਕੇ ਖੁਸ਼ੀਆਂ ਬਖਸ਼ੀਆਂ। ਵਿਦਿਆਲੇ ਦੀ ਵਿਦਿਆ ਸੰਪੂਰਨ ਹੋਣ ਬਾਅਦ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਡੇਰੇ ਦੀ ਪ੍ਰਬੰਧ ਵਿਵਸਥਾ ਵਿਚ ਸਮੇਂ-ਸਮੇਂ ਬੇਅੰਤ ਜੀ ਨੂੰ ਜ਼ਿੰਮੇਂਵਾਰੀਆਂ ਸੌਂਪਦੇ ਰਹੇ। ਬਾਬਾ ਬੀਰ ਸਿੰਘ ਜੀ ਆਪ ਦਾ ਸਾਥ ਦਿੰਦੇ। ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ, ਸ. ਊਧਮ ਸਿੰਘ ਰੰਧਾਵਾ ਅਤੇ ਮਾਤਾ ਕਰਮ ਕੌਰ, ਪਿੰਡ ਕਾਲੂ ਵਾਹਰ (ਹੁਸ਼ਿਆਰਪੁਰ) ਦੀ ਸਪੁੱਤਰੀ ਬੀਬੀ ਰਜਿੰਦਰ ਕੌਰ ਨਾਲ 11 ਚੇਤ 2001 ਬਿਕਰਮੀ ਨੂੰ ਮੁਠੱਡਾ (ਜਲੰਧਰ) ਵਿਖੇ ਹੋਇਆ। ਪਰੰਤੂ ਇਹ ਬੀਬੀ ਰਜਿੰਦਰ ਕੌਰ ਜੀ 10 ਭਾਦਰੋਂ 2002 ਬਿਕਰਮੀ ਨੂੰ ਬੀਮਾਰ ਹੋ ਕੇ, ਮੰਡੀ (ਹਿਮਾਚਲ) ਵਿਖੇ ਅਕਾਲ ਚਲਾਣਾ ਕਰ ਗਏ। ਇਸ ਤੇ ਬਾਬਾ ਜੀ ਦਾ ਦੁਬਾਰਾ ਅਨੰਦ ਕਾਰਜ 19 ਮਾਘ 2002 ਬਿਕਰਮੀ ਨੂੰ ਪਿਤਾ ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਨਿਵਾਸੀ ਬਾਜਾਖਾਨਾ, ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਬਸੰਤ ਪੰਚਮੀ ਮੌਕੇ ਤੇ ਰੋਡੇ (ਫੀਰੋਜ਼ਪੁਰ) ਵਿਖੇ ਹੋਇਆ। ਅਨੰਦ ਕਾਰਜ ਤੋਂ ਬਾਅਦ ਬੀਬੀ ਕਰਤਾਰ ਕੌਰ ਦਾ ਨਾਮ ਚੰਦ ਕੌਰ ਰੱਖਿਆ ਗਿਆ। ਬਾਬਾ ਬੀਰ ਸਿੰਘ ਜੀ ਦਾ ਅਨੰਦ ਕਾਰਜ ਬੱਪੀਆਣਾ (ਮਾਨਸਾ) ਦੇ ਸੰਤ ਨਰਾਇਣ ਸਿੰਘ ਸੇਖੋਂ ਦੀ ਸਪੁੱਤਰੀ, ਬੀਬੀ ਦਲੀਪ ਕੌਰ ਜੀ ਨਾਲ ਅਕਤੂਬਰ 1951 ਨੂੰ ਜੀਵਨ ਨਗਰ ਵਿਖੇ ਹੋਇਆ। ਇਸ ਦੰਪਤੀ ਦੇ ਗ੍ਰਹਿ ਵਿਖੇ, ਅਗਸਤ 1953 ਵਿਚ ਸ੍ਰੀ ਦਲੀਪ ਸਿੰਘ ਤੇ 20 ਜੁਲਾਈ 1958 ਨੂੰ ਸ੍ਰੀ ਉਦੇ ਸਿੰਘ ਦਾ ਆਗਮਨ ਹੋਇਆ। 1945 ਈ: ਨੂੰ ਕੱਤਕ ਪੁੰਨਿਆ ਦੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਮੇਲੇ 'ਤੇ ਕਾਂਗਰਸ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ, ਗੁਰਦੁਆਰਾ ਜਨਮ ਅਸਥਾਨ ਮੱਥਾ ਟੇਕਣਾ ਚਾਹੁੰਦੇ ਸਨ। ਗੁਰਦੁਆਰੇ ਦੇ ਪ੍ਰਬੰਧਕ ਅਕਾਲੀ ਸੱਜਣ ਪੰਡਿਤ ਜੀ ਦਾ ਵਿਰੋਧ ਕਰ ਰਹੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਬਾਬਾ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜਵਾਨਾਂ ਦੇ ਘੇਰੇ ਵਿਚ ਪੰਡਿਤ ਜੀ ਨੂੰ ਲੈ ਲਿਆ ਅਤੇ ਪੰਡਿਤ ਜੀ ਦਰਸ਼ਨੀ ਡਿਓਢੀ ਅਗਿਓਂ ਸੀਸ ਨਿਵਾ ਨੇ ਵਾਪਿਸ ਆ ਗਏ। ਉਨ੍ਹਾਂ ਨੇ ਫਿਰ ਨਾਮਧਾਰੀ ਧਰਮਸ਼ਾਲਾ ਵਿਚ ਆ ਕੇ ਸੰਗਤਾਂ ਨੂੰ ਸੰਬੋਧਿਤ ਵੀ ਕੀਤਾ। ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ, ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਵਿਚ ਅੱਜ ਕੱਲ੍ਹ ਦੇ ਇਲਾਕਾ ਜੀਵਨ ਨਗਰ (ਸਿਰਸਾ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਵਿਚੋਂ ਉੱਜੜ ਕੇ ਆਉਣ ਵਾਲੇ ਸਿੱਖਾਂ ਲਈ ਪੰਜ ਸੌ ਮੁਰੱਬੇ ਦੇ ਲਗਭਗ ਭੂਮੀ ਖਰੀਦੀ। ਦੇਸ਼ ਦੀ ਆਜ਼ਾਦੀ ਬਾਅਦ ਪੱਛਮੀ ਪੰਜਾਬ ਦੇ ਗੁਜਰਾਂਵਾਲਾ, ਸ਼ੇਖੂਪੁਰਾ, ਸਿਆਲਕੋਟ, ਲਾਹੌਰ, ਲਾਇਲਪੁਰ, ਸਰਗੋਧਾ, ਮਿੰਟਗੁਮਰੀ, ਰਾਵਲਪਿੰਡੀ ਆਦਿਕ ਜ਼ਿਲਿਆਂ ਦੇ ਨਾਮਧਾਰੀ ਨਵੇਂ ਖਰੀਦੇ ਇਲਾਕੇ ਵਿਚ ਆ ਲੱਥੇ। ਉੱਥੇ ਚਚਾਲ ਕੋਠੀ (ਜੀਵਨ ਨਗਰ ਦਾ ਪਹਿਲਾ ਨਾਂ) ਵਿਖੇ ਗੁਰੂ ਕਾ ਲੰਗਰ ਚੱਲਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਤਾਂ ਨਾਮਧਾਰੀ ਪੰਥ ਦੀ ਸਾਂਭ-ਸੰਭਾਲ ਲਈ ਪੰਜਾਬ, ਭਾਰਤ ਅਤੇ ਕੁਝ ਵਿਦੇਸ਼ਾਂ ਦੇ ਪਰਚਾਰ ਦੌਰਿਆਂ ਤੇ ਰਹਿੰਦੇ ਸਨ। ਇਸ ਸਮੇਂ ਨਵੇਂ ਇਲਾਕੇ ਵਿਚ ਆਈਆਂ ਹਜ਼ਾਰਾਂ ਸੰਗਤਾਂ ਦੇ ਮੁੜੇ ਵਸੇਬੇ ਦਾ ਵੱਡਾ ਜ਼ਿੰਮੇਵਾਰੀ ਬਾਬਾ ਜਗਜੀਤ ਸਿੰਘ ਜੀ ਦੇ ਜ਼ਿੰਮੇ ਸੀ।ਉਹ ਇਸ ਸਬੰਧ ਵਿਚ ਬਾਬਾ ਬੀਰ ਸਿੰਘ ਜੀ, ਸ. ਤੇਜਾ ਸਿੰਘ ਚੰਦੋਵਾਲ, ਸ. ਅਵਤਾਰ ਸਿੰਘ ਝੱਬਰ ਅਤੇ ਪਟਵਾਰੀ ਕਰਮ ਸਿੰਘ ਆਦਿਕ ਦੀਆਂ ਸੇਵਾਵਾਂ ਲੈਂਦੇ। ਆਪ ਦੀ ਨਿਗਰਾਨੀ ਹੇਠ ਸਿਰਸਾ ਤਹਿਸੀਲ ਵਿਚ ਆਉਣ ਵਾਲੇ ਨਾਮਧਾਰੀਆਂ ਦੇ 7000 ਕਲੇਮ, ਜਲੰਧਰੋਂ ਮੰਗਵਾ ਕੇ, ਨਾਮਧਾਰੀਆਂ ਲਈ ਰਾਖਵੇਂ ਰੱਖੇ ਪਿੰਡਾਂ ਵਿਚ ਜ਼ਮੀਨਾਂ ਪਹਿਲਾਂ ਕੱਚੀਆਂ ਅਤੇ ਫਿਰ ਪੱਕੀਆਂ ਅਲਾਟ ਕਰਵਾਈਆਂ ਗਈਆਂ। ਆਉਣ ਵਾਲਿਆਂ ਦੀਆਂ ਦੈਨਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਗੁਰੂ ਕੇ ਲੰਗਰ ਅਤੇ ਖਜ਼ਾਨੇ ਵਿਚੋਂ ਕੀਤੀ ਜਾਂਦੀ। ਇਸ ਇਲਾਕੇ ਵਿਚ ਉਦੋਂ ਨਾ ਕੋਈ ਰਾਹ ਰਸਤਾ ਸੀ, ਪੱਕੀਆਂ ਸੜਕਾਂ ਤਾਂ ਸਨ ਹੀ ਕਿੱਥੇ, ਨਾ ਸਿੰਚਾਈ ਪਾਣੀ ਦੀ ਸੁਵਿਧਾ, ਸਿਰਫ ਦੋ ਮੌਸਮੀ ਨਹਿਰਾਂ, ਘੱਗਰ ਨਾਲੀ ਵਿਚ ਪਾਣੀ ਆਉਣ ਤੇ ਬਰਸਾਤਾਂ ਵਿੱਚ ਚੱਲਦੀਆਂ ਸਨ। ਡੋਬਾ, ਸੋਕਾ ਆਮ ਸੀ। ਇਨ੍ਹਾਂ ਮਾਰੂ ਹਾਲਾਤਾਂ ਤੋਂ ਘਬਰਾ ਕੇ, ਕਈ ਸਿੱਖਾਂ ਨੇ ਦੂਜੇ ਇਲਾਕਿਆ ਵਿੱਚੋਂ ਕਲੇਮ ਪੁਆਉਣੇ ਚਾਹੇ, ਕੁਝ ਚਲੇ ਵੀ ਗਏ। ਬਾਬਾ

ਜਗਜੀਤ ਸਿੰਘ ਜੀ ਨੇ ਜਾਣ ਵਾਲੇ ਸਿੱਖਾਂ ਅੱਗੇ ਹੱਥ ਜੋੜਨੇ ਕਿ ਜੇ ਤੁਸੀਂ ਚਲੇ ਗਏ ਤਾਂ ਸਤਿਗੁਰੂ ਜੀ ਮੇਰੇ ਤੇ ਨਰਾਜ ਹੋਣਗੇ ਕਿ ਤੂੰ ਸਿੱਖਾਂ ਦੀ ਠੀਕ ਸੰਭਾਲ ਨਹੀਂ ਕੀਤੀ, ਇਉਂ ਹਜ਼ਾਰਾਂ ਸਿੱਖਾਂ ਨੂੰ ਆਪ ਧੀਰਜ ਧਰਵਾਸ ਦੇ ਕੇ , ਇਸ ਖਿੱਤੇ ਵਿੱਚ ਟਿਕਾਈ ਰੱਖਿਆ। ਅੱਜ ਇਹ ਇਲਾਕਾ ਹਰਿਆਣਾ, ਪੰਜਾਬ ਵਿਚ ਖੇਤੀਬਾੜੀ ਦੇ ਲਿਹਾਜ ਨਾਲ ਸਭ ਤੋਂ ਇਲਾਕਾ ਉਪਜਾਊ ਇਲਾਕਾ ਗਿਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1947 ਗਰਮੀਆਂ ਵਿਚ ਆਜ਼ਾਦੀ ਤੋਂ ਰਤਾ ਕੁ ਪਹਿਲਾਂ ਜਦੋਂ , ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਸਾੜ ਫੂਕ, ਵੱਢ ਟੁੱਕ ਸ਼ੁਰੂ ਹੋ ਚੁੱਕੀ ਸੀ, ਬਾਬਾ ਜਗਜੀਤ ਸਿੰਘ ਜੀ ਨੇ ਆਪਣੀ ਜਾਨ ਜੋਖਮ ਵਿਚ ਪਾ ਕੇ, ਪੱਛਮੀ ਪੰਜਾਬ ਦੇ ਨਾਮਧਾਰੀਆਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਸੰਦੇਸ਼ ਪੁਚਾਇਆ ਕਿ ਉਹ ਅੱਵਲ ਤਾਂ ਬਿਆਸਾ, ਨਹੀਂ ਰਾਵੀ ਦਰਿਆ ਜ਼ਰੂਰ ਜੀਆ ਜੰਤ ਸਣੇ ਪਾਰ ਕਰਕੇ ਚੜ੍ਹਦੇ ਵੱਲ ਆ ਜਾਣ।

ਸਤਿਗੁਰੂ ਪਰਤਾਪ ਸਿੰਘ ਜੀ 22 ਅਗਸਤ 1959 ਈ. ਨੂੰ ਅੱਧੀ ਰਾਤ ਬੀਤਣ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਜੀਵਨ ਯਾਤਰਾ ਸੰਪੂਰਨ ਕਰ ਗਏ। ਇਸੇ ਵਰ੍ਹੇ ਦੇ ਵੈਸਾਖ ਮਹੀਨੇ ਜੀਵਨ ਨਗਰੋਂ ਚਲਣ ਸਮੇਂ, ਆਪ ਨੇ ਹੁਕਮ ਕੀਤਾ ਸੀ ਕਿ ਹੁਣ ਇਸ ਡੇਰੇ ਵਿੱਚ ਉਹ ਹੀ ਰਹਿਣ ਜਿਹਨਾਂ ਵੱਡੇ ਕਾਕੇ ਦੇ ਆਖੇ ਲੱਗਣਾ ਹੈ। ਦੂਜੇ ਸੱਜਣ ਜਾ ਸਕਦੇ ਹਨ।ਇਉਂ ਆਪ ਜੀ ਨੇ ਨਵੀਂ ਗੁਰਗੱਦੀ ਦਾ ਸੰਕੇਤ ਕਰ ਦਿਤਾ ਸੀ। 22 ਅਗਸਤ ਸ਼ਾਮ ਨੂੰ ਅੱਟਲ ਪਰਤਾਪੀ ਸਤਿਗੁਰੂ ਜੀ ਦੀ ਦੇਹ ਦੇ ਸਸਕਾਰ ਬਾਅਦ, ਮਹਾਰਾਜ ਬੀਰ ਸਿੰਘ ਜੀ ਨੇ ਆਸਣ ਵਿਛਾ ਕੇ, ਉਸ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਿਰਾਜਮਾਨ ਹੋਣ ਦੀ ਬੇਨਤੀ ਕੀਤੀ। ਇਸ ਪ੍ਰਥਾਇ ਸਸਕਾਰ ਦੀ ਅਰਦਾਸ ਸਮੇਂ ਐਲਾਨ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਕਰ ਦਿਤਾ ਸੀ। ਨਾਮਧਾਰੀ ਪੰਥ ਦੇ ਬਜ਼ੁਰਗਾਂ, ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਹੋਰ ਸੰਗਤਾਂ ਨ ਵੀ ਆਪ ਨੂੰ ਸੀਸ ਨਿਵਾਇਆ। ਸੰਗਤ ਵੱਲੋਂ ਗੁਰਤਾ ਦੀ ਵਿਧੀਵੱਤ ਦਸਤਾਰ, ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਦੁਆਰਾ, ਸਤਿਗੁਰੂ ਜੀ ਦੇ ਭੋਗ ਮੇਲੇ ਸਮੇਂ, 10 ਸਤੰਬਰ 1959 ਨੂੰ ਆਪ ਨੂੰ ਅਨੇਕ ਮੱਤ ਮਤਾਂਤਰਾਂ, ਧਾਰਮਿਕ, ਸਮਾਜਿਕ, ਸਿਆਸੀ ਮੁਖੀਆਂ ਦੇ ਵਿਸ਼ਾਲ ਇੱਕਠ ਵਿੱਚ ਆਪ ਜੀ ਨੂੰ ਭੇਟ ਕੀਤੀ ਗਈ। ਆਪ ਦੇ ਗੁਰਤਾ ਪਦਵੀ ਗ੍ਰਹਿਣ ਕਰਨ ਸਮੇਂ ਗੁਰੂ ਘਰ ਦੇ ਖਿਲਾਫ ਕੋਈ ਬਾਈ ਵੱਡੇ ਛੋਟੇ, ਮੁਕੱਦਮੇ ਚੱਲ ਰਹੇ ਸਨ, ਜਿਹਨਾਂ ਦਾ ਵੱਡਾ ਕਾਰਨ ਜ਼ਮੀਨੀ ਵੰਡ ਵੰਡਾਈ ਦੇ ਵਿਵਾਦ ਸਨ। ਆਪ ਨੇ ਆਪਣੇ ਵਿਕਾਸ ਮੁਖੀ ਦ੍ਰਿਸ਼ਟੀਕੋਣ, ਸੁਲਾਹ ਸਫਾਈ ਵਾਲੇ ਸੁਭਾਅ ਨੂੰ ਪਹਿਲ ਦਿੰਦਿਆਂ, ਜਿਵੇਂ ਵੀ ਜਿਸ ਨਾਲ ਨਿਬੜੀ, ਉਸ ਦਾ ਨਿਪਟਾਰਾ ਕਰਕੇ ਬਹੁਤ ਜਲਦੀ ਪੰਥਕ ਉਨਤੀ ਵਾਸਤੇ, ਇਕ ਸ਼ਾਂਤ ਤੇ ਸੁਹਿਰਦ ਮਾਹੌਲ ਸਿਰਜ ਲਿਆ। ਸਾਰੇ ਮੁਕਦਮਿਆਂ ਦਾ ਨਿਪਟਾਰਾ ਕੁਝ ਕੁ ਸਮੇਂ ਵਿੱਚ ਹੀ ਕਰਾਉਣ ਵਿਚ ਆਪ ਸਫ਼ਲ ਹੋ ਗਏ। ਹੁਣ ਆਪ ਨੇ ਇਲਾਕਾ ਜੀਵਨ ਨਗਰ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਕੀਤਾ। ਇਲਾਕੇ ਦੀਆਂ ਦੋ ਵੱਡੀਆਂ ਮੁਸ਼ਕਿਲਾਂ ਸਨ, ਘੱਗਰ ਨਾਲੀ ਨੂੰ ਦੋਹਾਂ ਕਿਨਾਰਿਆਂ ਤੋਂ ਬੰਨ੍ਹ ਕੇ, ਇਲਾਕਾ ਹੜ੍ਹ ਮੁਕਤ ਕਰਨਾ ਅਤੇ ਸਿਰਸਾ ਸ਼ਹਿਰ ਨਾਲ ਜੋੜਨ ਲਈ ਸੜਕਾਂ ਦੀ ਉਸਾਰੀ। ਇਲਾਕੇ ਦੇ ਲੋਕ ਵੀ ਕਿਸਾਨ ਸਭਾ ਬਣਾ ਕੇ, ਇਹ ਮੰਗਾਂ ਸਰਕਾਰ ਅੱਗੇ ਰੱਖਦੇ ਸਨ। ਸਤਿਗੁਰੂ ਜੀ ਨੇ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ, ਸ੍ਰ. ਪਰਤਾਪ ਸਿੰਘ ਕੈਰੋਂ ਨਾਲ ਆਪਣੇ ਰਸੂਖ ਦੇ ਸਿਰ ਤੇ ਓਟੂ ਤੋਂ ਰਾਜਸਥਾਨ ਨਹਿਰ ਦੇ ਸਾਈਫਨ ਤੱਕ, ਕੋਈ 35 ਕਿਲੋ ਮੀਟਰ ਲੰਬਾ ਘੱਗਰ ਦੇ ਦੋਹਾਂ ਪਾਸਿਆਂ ਤੇ ਬੰਨ , 1964-65 ਈ. ਤੱਕ ਬਣਵਾ ਲਿਆ। ਇਸੇ ਸਾਲ ਹੀ ਅਜ਼ਾਦੀ ਤੋਂ 18 ਸਾਲਾਂ ਬਾਅਦ, ਸੰਤ ਨਗਰ ਦੇ ਨਹਿਰ ਦੇ ਪੁਲ ਤੱਕ ਸਿਰਸੇ ਤੋਂ 18 ਮੀਲ ਪੱਕਾ, ਸੜਕ ਦਾ ਟੋਟਾ ਬਣਿਆ ਸੀ। ਫਿਰ ਇਹ ਕੰਮ ਹੋਰ ਰਫਤਾਰ ਫੜ ਗਿਆ। ਸਤਿਗੁਰੂ ਜੀ ਆਪਣੀ ਸੰਗਤ ਅਤੇ ਆਮ ਲੋਕਾਂ ਦੁਆਰਾ ਕੱਚੇ ਰਸਤਿਆਂ ਤੇ ਜੋ ਪਿੰਡਾਂ ਨੂੰ ਆਪੋ ਵਿਚ ਜੋੜਦੇ ਸਨ, ਮਿੱਟੀ ਪੁਆ ਦਿੰਦੇ। ਸਰਕਾਰ ਉਸ ਟੋਟੇ ਨੂੰ ਪੱਕਿਆਂ ਕਰ ਦਿੰਦੀ। ਸੰਨ 1971 ਈ. ਤੱਕ ਇਸ ਇਲਾਕੇ ਵਿਚ ਬਿਜਲੀ ਵੀ ਆ ਗਈ। ਹੁਣ ਖੇਤੀ ਲਈ ਸਿੰਜਾਈ, ਬਿਜਲੀ ਦੀਆਂ ਮੋਟਰਾਂ ਵਾਲੇ ਟਿਊਬਵੈਲਾਂ ਨਾਲ ਹੋਣ ਲੱਗੀ। ਸਮੇਂ ਸਮੇਂ ਬਿਜਲੀ ਘਰ, ਅਨਾਜ ਮੰਡੀਆਂ ਵੀ ਬਣਦੀਆਂ ਗਈਆਂ। ਸਤਿਗੁਰੂ ਜੀ ਨੇ ਗੁਰੂ ਹਰੀ ਸਿੰਘ ਕਾਲਿਜ ਸ੍ਰੀ ਜੀਵਨ ਨਗਰ ਦੀ ਸਥਾਪਨਾ ਕਰਕੇ, ਇਲਾਕੇ ਦੇ ਬੱਚੇ ਬੱਚੀਆਂ ਵਿਚ, ਵਿੱਦਿਅਕ ਪਛੜੇਵਾਂ ਦੂਰ ਕਰਨ ਦਾ ਵੱਡਾ ਕਾਰਜ ਅਰੰਭ ਦਿਤਾ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਗੁਰਦੁਆਰਾ, ਸ੍ਰੀ ਭੈਣੀ ਸਾਹਿਬ ਸਥਾਪਿਤ ਕੀਤਾ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਰਾਮ ਸਰ ਅਤੇ ਇਸ ਦੇ ਆਸ ਪਾਸ ਡੇਰੇ ਦਾ ਵਿਸਥਾਰ ਹੋਇਆ। ਸਰਹਿੰਦ ਨਹਿਰ ਤੇ ਡੇਰਾ ਬਣਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬੀੜ ਮਰਾਰੜ੍ਹ ਤੋਂ ਇਲਾਵਾ ਸ੍ਰੀ ਜੀਵਨ ਨਗਰ ਦੀ ਸਥਾਪਨਾ ਕੀਤੀ। ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਤੋਪਾਂ ਅੱਗੇ ਉੱਡਣ ਵਾਲੇ ਕੂਕੇ

ਮਸਤਾਨਿਆਂ ਦੀ, ਪਹਿਲੀ ਸ਼ਤਾਬਦੀ ਮਨਾਉਣ ਤੋਂ ਕੁਝ ਵਰ੍ਹੇ ਪਹਿਲਾਂ, ਡੇਰਾ ਸ੍ਰੀ ਮਸਤਾਨਗੜ੍ਹ ਦੀ ਸਥਾਪਨਾ ਕੀਤੀ। ਇਹ ਡੇਰਾ ਸ੍ਰੀ ਜੀਵਨ ਨਗਰ ਤੋਂ ਪੰਜ ਕਿਲੋ ਮੀਟਰ ਦੇ ਫਾਸਲੇ ਤੇ ਦਲਦਲੀ ਭੂਮੀ ਵਿੱਚ ਬਣਾਇਆ ਗਿਆ ਸੀ। ਮਾਤਾ ਚੰਦ ਕੌਰ ਜੀ ਦੇ ਸੇਵਾ ਸਹਿਯੋਗ ਨਾਲ 1968-69 ਈ. ਵਿਚ ਇਲਾਕੇ ਦੀਆਂ ਸੰਗਤਾਂ ਨੇ ਟਰੈਕਟਰਾਂ ਦੁਆਰਾ ਦਿਨ ਰਾਤ ਇਕ ਕਰਕੇ , ਇਸ ਭੂਮੀ ਨੂੰ ਸਮਤਲ ਕਰਕੇ, ਵਾਹੀ ਜੋਗ ਬਣਾ ਦਿੱਤਾ। ਫਿਰ ਟਿੱਬਾ ਫਾਰਮ ਵਿਕਸਿਤ ਕੀਤਾ ਜੋ ਜੀਵਨ ਨਗਰ ਤੋਂ ਡੱਬਵਾਲੀ ਵਾਲੀ ਸੜਕ ਤੇ ਸੀ। ਰੇਤਲੀ ਭੂਮੀ ਵਿਚ ਫਲਦਾਰ ਰੁੱਖ ਲਵਾਏ।ਇਲਾਕਾ ਸ੍ਰੀ ਜੀਵਨ ਨਗਰ ਵਿੱਚ ਅੰਗੂਰਾਂ, ਕਿੰਨੂਆਂ ਦੇ ਬਾਗ ਲਾ ਕੇ, ਇਲਾਕੇ ਵਿਚ ਬਾਗਬਾਨੀ ਦੀ ਮੁਹਿੰਮ ਚਲਾ ਦਿਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮਸਤਾਨਗੜ੍ਹ ਵਿੱਚ ਦੋ ਮੰਜ਼ਲੀ ਕੋਠੀ ਦੀ ਉਸਾਰੀ ਕਰਵਾਕੇ, ਆਪਣੇ ਸਿੱਖਾਂ ਵਿਚ ਹਵਾਦਾਰ ਸਾਫ਼ ਸੁਥਰੇ ਅਤੇ ਖੁੱਲ੍ਹੇ ਮਕਾਨ ਬਨਾਉਣ ਦੀ ਪਿਰਤ ਪਾਈ।

ਸਤਿਗੁਰੂ ਜਗਜੀਤ ਸਿੰਘ ਜੀ ਦੇਸੀ ਗਾਈਆਂ ਨੂੰ ਅਮਰੀਕਨ ਨਸਲ ਦੇ ਟੀਕਿਆਂ ਦੁਆਰਾ ਦੋਗਲੀ ਨਸਲ ਦੀਆਂ ਗਾਈਆਂ ਤਿਆਰ ਕਰਨ ਦਾ ਮੁੱਢ ਤੋਂ ਹੀ ਵਿਰੋਧ ਕਰਦੇ ਸਨ। ਅੱਜ ਵਕਤ ਨੇ ਸਿੱਧ ਕੀਤਾ ਹੈ ਕਿ ਇਹ ਦੋਗਲੀਆਂ ਗਾਂਵਾ ਸਾਡੇ ਮੌਸਮ ਦੇ ਅਨੁਕੂਲ ਨਹੀਂ। ਉਹਨਾਂ ਨੇ ਆਪਣੇ ਪਸ਼ੂ ਫਾਰਮਾਂ ਵਿਚ ਸਾਹੀਵਾਲ, ਹਰਿਆਣਵੀ, ਥਾਰਪਾਰਕਰ ਆਦਿ ਦੇਸੀ ਨਸਲਾਂ ਦੀਆਂ ਗਊਆਂ ਪਾਲਣ ਤੇ ਜੋਰ ਦਿਤਾ। ਇਸੇ ਲਈ ਗੋਪਾਲਣ ਦਾ ਸਰਬੋਤਮ ਸਨਮਾਨ : 'ਗੋਪਾਲ ਰਤਨ', ਭਾਰਤ ਸਰਕਾਰ ਵੱਲੋਂ ਆਪ ਨੂੰ ਦਿੱਤਾ ਗਿਆ। ਸ੍ਰੀ ਭੈਣੀ ਸਾਹਿਬ ਆਦਿ ਗਊਸ਼ਾਲਾਵਾਂ ਵਿਚ, ਆਪ ਦੇ ਪਸ਼ੂ, ਹਰ ਵਰ੍ਹੇ ਰਾਜ ਪੱਧਰੀ ਤੇ ਕੌਮੀ ਪਸ਼ੂ ਮੇਲਿਆਂ ਵਿਚੋਂ ਪਹਿਲੇ ਦਰਜੇ ਦੇ ਇਨਾਮ ਸਨਮਾਨ ਵਸੂਲਦੇ ਰਹੇ। ਇਸੇ ਤਰ੍ਹਾਂ ਉਹ ਜੈਵਿਕ ਖੇਤੀ ਦੇ ਵੀ ਪੱਖੀ ਸਨ ਅਤੇ ਸਮਝਦੇ ਸਨ ਕਿ ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵੱਧ ਵਰਤੋਂ ਨਾਲ ਅਸੀ ਨਾਂ ਸਿਰਫ਼ ਆਪਣੀ ਮਿੱਟੀ ਅਤੇ ਪੌਣ ਪਾਣੀ ਨੂੰ ਪ੍ਰਦੂਸ਼ਿਤ ਕਰਾਂਗੇ ਸਗੋਂ ਵਧਦੀਆਂ ਮਹਾਂ ਮਾਰੀਆਂ - ਅਤੇ ਪ੍ਰਕਿਰਤਿਕ ਸੰਤੁਲਨ ਵਿਚ ਵਿਗਾੜ ਦੇ ਵੀ ਜ਼ਿੰਮੇਵਾਰ ਹੋਵਾਂਗੇ।

ਪਰਿਆਵਰਣ ਦਾ ਸੰਤੁਲਨ ਬਣਾਈ ਰੱਖਣਾ ਅੱਜ ਵੱਡੀ ਸਮੱਸਿਆ ਹੈ। ਉਹਨਾਂ ਆਪਣੇ ਟਿਕਾਣਿਆਂ ਤੇ ਬਹੁਤ ਸਾਰੇ ਰੁੱਖ ਬੂਟੇ ਲੁਆਏ। ਫਲਦਾਰ ਅਤੇ ਫੁੱਲਦਾਰ ਬੂਟੇ ਜਿਥੋਂ ਵੀ ਲੱਭਦੇ ਲਿਆ ਕੇ ਵਧ ਤੋਂ ਵਧ ਗਿਣਤੀ ਵਿਚ ਲੁਆਉਂਦੇ। ਸ੍ਰੀ ਭੈਣੀ ਸਾਹਿਬ ਨੂੰ ਜੇ ਅਸੀਂ 'ਫੁੱਲਾਂ ਦੀ ਨਗਰੀ' ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ।

ਸਤਿਗੁਰੂ ਜੀ ਇਹ ਵੀ ਜਾਣਦੇ ਸਨ ਕਿ ਰਵਾਇਤੀ ਕਣਕ ਝੋਨੇ ਦੀ ਖੇਤੀ, ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਚਸ ਲਵੇਗੀ। ਇਸ ਲਈ ਖੇਤੀ ਵਿਚ ਵਿਭਿੰਨਤਾ ਲਿਆਉਣ ਲਈ ਉਹਨਾਂ ਆਯੂ ਪ੍ਰਯੰਤ ਅਨੇਕ ਸਫਲ ਪ੍ਰਯੋਗ ਕੀਤੇ। ਪਿਛਲੀ ਸਦੀ ਦੇ ਨੌਵੇਂ ਦਹਾਕੇ ਦੇ ਮੁੱਢ ਵਿਚ ਸ੍ਰੀ (ਠਾਕੁਰ) ਉਦੇ ਸਿੰਘ ਜੀ ਨੂੰ ਗੋਲਾ ਫਾਰਮ (ਯੂ , ਪੀ.) ਦਾ ਕੰਮ ਸਉਂਪ ਕੇ ਉੱਥੇ ਖਰੀਦੀ ਭੂਮੀ ਵਿਚੋਂ ਜੰਗਲ ਸਾਫ ਕਰਾ ਕੇ ਕਮਾਦ ਲੁਆਉਣਾ ਅਰੰਭਿਆ। ਗੋਲਾ ਫਾਰਮ ਦੀ ਸਫਲਤਾ ਦਾ ਕਮਾਲ ਬਣਿਆ ਸੰਨ 1982 ਦਾ ਨਾਮਧਾਰੀ ਹੋਲਾ ਮਹੱਲਾ, ਜਦੋਂ ਉੱਥੇ ਦੇਸ਼ ਵਿਦੇਸ਼ ਤੋਂ ਨਾਮਧਾਰੀ ਸੰਗਤਾਂ ਤੋਂ ਇਲਾਵਾ ਭਾਰਤ ਦੇ ਚੋਟੀ ਦੇ ਸਿਆਸੀ ਆਗੂਆਂ ਨੇ ਵੀ ਹਾਜਰੀ ਭਰੀ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਹਰਿਆਣਾ ਪੰਜਾਬ ਵਿਚ ਖੇਤੀ ਦਾ ਰਕਬਾ ਤਾਂ ਸੀਮਿਤ ਹੈ, ਇਸ ਲਈ ਸਾਨੂੰ ਨਵੀਆਂ ਧਰਤੀਆਂ ਵੱਲ ਕਦਮ ਵਧਾਉਣ ਪੈਣਗੇ। ਆਪ ਦੀ ਇਸ ਪਹਿਲ ਕਦਮੀ ਦੇ ਨਤੀਜੇ ਵਜੋਂ ਹੀ ਅੱਜ ਨਾਮਧਾਰੀ ਸਿੱਖ, ਉੱਤਰ ਪ੍ਰਦੇਸ਼, ਉੱਤਰਾ ਖੰਡ, ਮੱਧ ਪਰਦੇਸ਼, ਬਿਹਾਰ, ਝਾਰਖੰਡ, ਕਰਨਾਟਕਾ, ਆਂਧਰਾ ਪ੍ਰਦੇਸ਼ ਅਤੇ ਮਹਾਂਰਾਸ਼ਟਰ ਆਦਿ ਪਰਾਂਤਾਂ ਵਿਚ ਖੇਤੀਬਾੜੀ ਅਤੇ ਹੋਰ ਕਾਰੋਬਾਰਾਂ ਵਿਚ ਡਟੇ ਨਜ਼ਰ ਆਉਂਦੇ ਹਨ। ਗੋਲਾ ਫਾਰਮ ਆਬਾਦ ਕਰਾਉਣ ਤੋਂ ਬਾਅਦ ਆਪ ਨੇ ਸੀ ਉਦੇ ਸਿੰਘ ਜੀ ਨੂੰ ਥਾਪੜਾ ਦੇ ਕੇ ਧੁਰ ਦੱਖਣ ਦੇ ਰਾਹ ਤੋਰ ਦਿਤਾ। ਬੈਂਗਲੌਰ ਤੋਂ 35 ਕਿੱਲੋਮੀਟਰ ਬਿੜਾਦੀ ਦੇ ਨੇੜੇ, ਉਰਗਾ ਹੋਲੀ ਦਾ 200 ਏਕੜ ਦਾ ਫਾਰਮ ਸਤਿਗੁਰੂ ਜੀ ਨੇ, ਮਹਾਰਾਜ ਬੀਰ ਸਿੰਘ ਜੀ ਨੂੰ ਭੇਜ ਕੇ, 1974 ਵਿਚ ਅੱਠ ਲੱਖ ਰੁਪੈ ਨਾਲ ਖਰੀਦਿਆ ਸੀ। ਕੁਝ ਸਾਲਾਂ ਤੋਂ ਬਾਅਦ ਇਸ ਦੀ ਸਫ਼ਲਤਾ ਤੋਂ ਨਿਰਾਸ਼ ਮਹਾਰਾਜ ਜੀ ਨੇ ਇਸ ਨੂੰ ਵੇਚਣ ਦਾ ਸੌਦਾ ਕਰ ਲਿਆ। ਪਰ ਸਤਿਗੁਰੂ ਜੀ ਦੀ ਰਜ਼ਾ ਇਸ ਨੂੰ ਰੱਖਣ ਦੀ ਸੀ। ਕਿਸੇ ਕਾਰਨ ਵੇਚਣ ਦਾ ਸੌਦਾ ਸਿਰੇ ਨਾ ਲੱਗਾ। ਇਸ ਤੇ ਆਪ ਜੀ ਨੇ 1982 ਵਿਚ ਠਾਕੁਰ ਉਦੇ ਸਿੰਘ ਜੀ ਨੂੰ ਇਸ ਫਾਰਮ ਦਾ ਕੰਮ ਸਾਂਭਣ ਤੇ ਇਸਨੂੰ ਸਫਲਤਾ ਤੇ ਪੁਚਾਉਣ ਦਾ ਅਸ਼ੀਰਵਾਦ ਦਿੱਤਾ। ਉਹਨਾਂ ਨੇ ਪਹਿਲੇ ਪੰਜ ਛੇ ਸਾਲ ਬਹੁਤ ਤੰਗੀਆਂ ਤੁਰਸ਼ੀਆਂ ਵਿਚ ਬਿਤਾਏ ਪਰ ਗੁਰੂ ਬਚਨਾਂ ਉੱਪਰ ਅਟੱਲ ਨਿਸ਼ਚਾ ਹੋਣ ਕਾਰਨ ਉਹ ਕਦੇ ਵੀ ਨਿਰਾਸ਼ ਨਾ ਹੋਏ। ਸਤਿਗੁਰੂ ਜੀ ਉਹਨਾਂ ਨੂੰ ਹਰ ਮਿਲਣੀ ਵਿਚ ਨਵਾਂ ਉਤਸ਼ਾਹ ਬਖਸ਼ ਦਿੰਦੇ।

ਉਰਗਾ ਹੋਲੀ ਜੀਹਦਾ ਅਰਥ ਹੈ, ਸੱਪਾਂ ਦਾ ਪਿੰਡ ਹੁਣ ਅੰਗੂਰਾਂ, ਅੰਬਾਂ ਅਤੇ ਭਾਂਤ ਸੁਭਾਂਤੇ ਫਲਾਂ ਦਾ ਪਿੰਡ ਬਣ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਅੰਬਾਂ ਦੇ ਮੌਸਮ ਸਮੇਂ ਆਪਣੇ ਸਿੱਖਾਂ ਸੇਵਕਾਂ ਸਮੇਤ ਇਸ ਫਾਰਮ ਨੂੰ ਨਿਵਾਜਿਆ ਕਰਦੇ ਸਨ। ਸੰਨ 1985 ਵਿਚ ਨਾਮਧਾਰੀ ਫਾਰਮ ਨੇ ਹਾਈਬਰਿਡ ਬੀਜ ਉਤਪਾਦਨ ਦੇ ਖੇਤਰ ਵਿਚ ਪਰਵੇਸ਼ ਕੀਤਾ। ਸਤਿਗੁਰੂ ਜੀ ਨੇ ਫਿਰ ਅਸ਼ੀਰਵਾਦ ਦਿੱਤਾ। ਹੁਣ ਨਾਮਧਾਰੀ ਸੀਡਜ਼ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਨਾਮਧਾਰੀ ਫਰੈਸ਼ ਤਹਿਤ ਫਲ ਸਬਜ਼ੀਆਂ ਨਿਰਯਾਤ ਕੀਤੇ ਜਾਂਦੇ ਹਨ। ਇਹ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਦਾ ਫਲ ਸੀ ਕਿ ਕਾਰੋਬਾਰ ਬਹੁਤ ਵਧਿਆ, ਫਲਿਆ, ਫੁੱਲਿਆ। ਸੰਨ 2007-08 ਈ: ਤੱਕ ਸ੍ਰੀ ਉਦੇ ਸਿੰਘ ਜੀ ਦਾ ਕੌਮਾਂਤਰੀ ਬੀਜ ਉਦਯੋਗ ਵਿਚ ਚੜ੍ਹਦੇ ਤਾਰੇ ਜਿਉਂ ਸੁਆਗਤ ਹੋਣ ਲੱਗਾ। ਸਤਿਗੁਰੂ ਜੀ ਨੇ ਵਿਹਾਰਕ ਸਫ਼ਲਤਾ ਦੇ ਨਾਲ-ਨਾਲ, ਉੱਚ ਅਧਿਆਤਮਕ ਜੀਵਨ ਦੀ ਬਿਰਤੀ ਬਖਸ਼ ਕੇ ਸ੍ਰੀ ਉਦੇ ਸਿੰਘ ਜੀ ਨੂੰ ਐਸਾ ਨਿਵਾਜਿਆ ਕਿ ਵਕਤ ਆਉਣ ਤੇ ਉਹ ਸਿਰਮੌਰ ਪੰਥਕ ਹਸਤੀ ਬਣ ਗਏ। ਇਹ ਸਤਿਗੁਰੂ ਜਗਜੀਤ ਸਿੰਘ ਦੀ ਦੀ ਵਿਕਾਸਮੁਖੀ ਦ੍ਰਿਸ਼ਟੀ ਦੀ ਹੀ ਦੇਣ ਸੀ ਕਿ ਅੱਜ ਇਸ ਅੱਜ ਇਸ ਬਿੜਦੀ ਫਾਰਮ ਵਿਚ ਸੌ ਤੋਂ ਉੱਪਰ ਨਾਮਧਾਰੀ ਪਰਿਵਾਰ ਵੱਸਦੇ ਹਨ। ਦੱਖਣ ਦੀ ਇਸ ਧਰਤੀ ਵਿਚ ਨਾਮਧਾਰੀ ਸੱਭਿਆਚਾਰ ਪ੍ਰਫੁੱਲਿਤ ਹੋ ਰਿਹਾ ਹੈ। ਕਦੇ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਇਕ ਸਿੱਖ ਦੱਖਣ ਦੇਸ਼ ਵਿਚ ਹਜ਼ੂਰ ਸਾਹਿਬ ਤੋਂ ਗੁਰਮਤਿ ਰਹਿਤ ਮਰਿਆਦਾ ਲਿਆਉਣ ਲਈ ਭੇਜਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ, ਦੱਖਣ ਦਾ ਇਹ 'ਬਿੜਦੀ ਫਾਰਮ', ਮਿੰਨੀ ਭੈਣੀ ਸਾਹਿਬ ਬਣ ਚੁੱਕਾ ਹੈ।

ਦੇਸ਼ਾਂ ਵਿਦੇਸ਼ਾਂ ਵਿਚ ਜਿਥੇ ਵੀ ਸਤਿਗੁਰੂ ਜੀ ਜਾਂਦੇ, ਆਪਣੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਉੱਠਣ, ਸਕੇਸ਼ ਇਨਸਾਨ, ਰੋਜ਼ਾਨਾ ਨਾਮ ਬਾਣੀ ਦਾ ਨਿਰਧਾਰਿਤ ਟੀਚਾ ਪਰਾਪਤ ਕਰਨ, ਖੁਸ਼ੀਆਂ ਗਮੀਆਂ ਸਮੇਂ ਅਤਿ ਸਾਦਗੀ ਵਰਤਣ ਦਾ ਉਪਦੇਸ਼ ਦਿੰਦੇ। ਉਹ ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਨਾਮਧਾਰੀ ਜੀਵਨ ਜਾਚ ਦਾ ਇਕ ਅਨਿੱਖੜਵਾਂ ਅੰਗ ਦੱਸਦੇ ਸਨ। ਨਿੱਜੀ ਜੀਵਨ ਵਿਚ ਜਿਹੜੇ ਵਿਅਕਤੀਆਂ ਨੇ ਕਿਸੇ ਸਮੇਂ ਆਪ ਦਾ ਤਿੱਖਾ ਵਿਰੋਧ ਵੀ ਕੀਤਾ ਹੋਵੇ, ਮੁਸ਼ਕਿਲ ਬਣਨ ਤੇ ਜੇ ਉਹ ਆਪ ਦੇ ਦਰ ਤੇ ਆ ਜਾਂਦੇ ਤਾਂ ਨਾ ਸਿਰਫ਼ ਉਨ੍ਹਾਂ ਨੂੰ ਇਸ ਤਰ੍ਹਾਂ ਮਿਲਦੇ, ਜਿਵੇਂ ਉਨ੍ਹਾਂ ਨਾਲ ਕਦੇ ਬੇਸੁਆਦੀ ਹੋਈ ਹੀ ਨਾ ਹੋਵੇ, ਸਗੋਂ ਉਨ੍ਹਾਂ ਦੇ ਸਾਰੇ ਫ਼ਿਕਰਾਂ ਨੂੰ ਆਪਣੇ ਸਿਰ ਲੈ ਕੇ ਉਨ੍ਹਾਂ ਨੂੰ ਬੇਫ਼ਿਕਰ ਕਰਕੇ ਤੋਰਦੇ। ਕਈ ਵਾਰ ਇਸ ਤਰ੍ਹਾਂ ਦਾ ਸਬੱਬ ਵੀ ਬਣਦਾ ਕਿ ਜਦੋਂ ਕੋਈ ਲੋੜਵੰਦ ਆਉਂਦਾ, ਖਜ਼ਾਨਚੀ ਸਿੰਘ ਉਸ ਦੀ ਲੋੜ ਨਾਲੋਂ ਆਪਣੀ ਸਮਰੱਥਾ ਘੱਟ ਦੱਸਦਾ। ਅਜਿਹੇ ਸਮੇਂ ਸਤਿਗੁਰੂ ਜੀ ਆਉਣ ਵਾਲੇ ਦੇ ਖਾਲੀ ਮੁੜਨ ਤੇ ਗਹਿਰੀ ਉਦਾਸੀ ਵਿਚ ਗਰੱਸੇ ਨਜ਼ਰ ਆਉਂਦੇ। ਪਰ ਅਜਿਹੇ ਮੌਕਿਆਂ ਤੇ ਅਕਸਰ ਇਉਂ ਵੀ ਵਾਪਰਿਆ ਕਿ ਛੇਤੀ ਹੀ ਕੋਈ ਗੁਰੂ ਪਿਆਰਾ, ਉਸ ਲੋੜਵੰਦ ਦੀ ਲੋੜ ਜਿਤਨੀ ਮਾਇਆ ਭੇਟ ਕਰ ਦਿੰਦਾ। ਫਿਰ ਸੇਵਕਾਂ ਨੂੰ ਦੌੜਾਇਆ ਜਾਂਦਾ। ਲੋੜਵੰਦ ਅਜੇ ਸੱਜੇ-ਖੱਬੇ ਜਿੱਥੇ ਵੀ ਕਿਤੇ ਮਾਯੂਸੀ ਦੀ ਹਾਲਤ ਵਿਚ ਹੁੰਦਾ, ਉਥੋਂ ਲਿਆਕੇ, ਮਾਇਆ ਉਸ ਦੇ ਹਵਾਲੇ ਕੀਤੀ ਜਾਂਦੀ। ਬਹੁਤ ਸਾਰੇ ਸਾਹਿਤਕਾਰਾਂ, ਕਲਾਕਾਰਾਂ, ਗੁਣੀਜਨਾਂ ਆਦਿ ਨੂੰ ਸਤਿਗੁਰੂ ਜੀ ਨੇ ਅਨੇਕ ਵੇਰ ਮਾਇਕ ਗੱਫਿਆਂ ਨਾਲ ਨਿਵਾਜਿਆ, ਮਕਾਨ ਬਣਾਉਣ ਵਿਚ ਮੱਦਦ ਕੀਤੀ। ਸੁਆਰੀ ਲਈ ਕਾਰਾਂ ਬਖਸ਼ੀਆਂ। ਸਤਿਗੁਰੂ ਜੀ ਦੇ ਕੁਝ



ਕਲਾਕਾਰਾਂ ਨੂੰ ਕਾਰਾਂ ਦੇਣ ਤੋਂ ਇਕ ਵੇਰ ਪੰਡਿਤ ਰਜਿੰਦਰ ਸਿੰਘ ਗੁਰੂਸਰ ਹੋਰਾਂ ਟਿੱਪਣੀ ਕੀਤੀ ਸੀ, ਕਾਰਾਂ ਤਾਂ ਸਤਿਗੁਰੂ ਜੀ ਦੇ ਦਿੰਦੇ ਹਨ, ਪਰ ਸਰਸਵਤੀ ਪੁੱਤਰਾਂ ਦੇ ਅਕਸਰ ਖੀਸੇ ਖਾਲੀ ਹੁੰਦੇ ਹਨ, ਤੇਲ ਕਿੱਥੋਂ ਆਉਣਗੇ। ਉਂਜ ਕੋਈ ਪਤਾ ਨਹੀਂ, ਜੇ ਸਤਿਗੁਰੂ ਜੀ ਅੱਗੋਂ ਇਨ੍ਹਾਂ ਨੂੰ ਕਾਰਾਂ ਦੇ ਨਾਲ-ਨਾਲ, ਇੱਕ ਇੱਕ ਪੈਟਰੋਲ ਪੰਪ ਵੀ ਲੁਆ ਦੇਣ। ਪੰਡਿਤ ਜੀ, ਸਤਿਗੁਰੂ ਜੀ ਦੇ ਦੁਨਿਆਵੀ ਰਿਸ਼ਤੇ ਵਿਚੋਂ ਮਾਮੇ ਦੇ ਪੁੱਤਰ ਸਨ। ਉਨ੍ਹਾਂ ਦੀ ਲਿਖਤ ਵਿਚ ਮਿਲਦੀ ਇਹ ਵਿਅੰਗਾਤਮਕ ਟਿੱਪਣੀ, ਸਤਿਗੁਰੂ ਜੀ ਦੀ ਦਾਨ ਬਿਰਤੀ ਦੀ ਮੂੰਹ ਬੋਲਦੀ ਤਸਵੀਰ ਹੈ। ਫਿਰ ਕਿਸੇ ਨੂੰ ਕਦੋਂ, ਕੀ ਦਿੱਤਾ, ਕਿਤਨਾ ਦਿੱਤਾ, ਕਿੱਥੇ ਦਿੱਤਾ ਆਪ ਨੇ ਨਾ ਕਦੇ ਯਾਦ ਰੱਖਿਆ ਨਾ ਦੁਹਰਾਇਆ। ਉਨ੍ਹਾਂ ਦਾ ਲੋੜਵੰਦਾਂ ਨੂੰ ਦੇਣਾ ਇਹੋ ਜਿਹੀ ਸਹਿਜ ਕ੍ਰਿਆ ਸੀ ਜਿਵੇਂ ਰੁੱਖ ਆਉਣ ਵਾਲਿਆਂ ਨੂੰ ਬਿਨਸੰਕੋਚ ਛਾਂ ਦਿੰਦੇ ਹਨ, ਫਲ ਦਿੰਦੇ ਹਨ। ਪੰਜਾਬੀ ਭਾਸ਼ਾ ਦੇ ਵੱਡੇ-ਛੋਟੇ ਅਨੇਕ ਸਾਹਿਤਕਾਰ ਆਪ ਦੇ ਸਨੇਹ ਪਾਸ਼ ਵਿਚ ਬੱਝੇ ਹੋਏ ਸਨ। ਦੇਸ਼ਾਂ-ਵਿਦੇਸ਼ਾਂ ਵਿਚ ਅਨੇਕਾਂ ਵਿਸ਼ਵ ਪੰਜਾਬੀ ਸੰਮੇਲਨ ਉਨ੍ਹਾਂ ਦੇ ਆਸ਼ੀਰਵਾਦ ਨਾਲ ਸਿਰੇ ਚੜ੍ਹੇ। ਪੰਜਾਬੀ ਅਕਾਦਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਨੇਕ ਸਮਾਗਮਾਂ ਸਮੇਂ, ਲੰਗਰ ਦੀ ਸੇਵਾ ਸ੍ਰੀ ਭੈਣੀ ਸਾਹਿਬ ਵੱਲੋਂ ਹੋਣ ਦੀ ਵੱਡੀ ਪਰੰਪਰਾ ਆਪ ਜੀ ਨੇ ਪ੍ਰਫੁੱਲਿਤ ਕੀਤੀ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪਿੰ. ਸੰਤ ਸਿੰਘ ਸੇਖੋਂ, ਬੀਮਾਰੀ ਨਾਲ ਜੂਝ ਰਹੇ ਸਨ। ਪਤਾ ਲੱਗਣ 'ਤੇ ਸਤਿਗੁਰੂ ਜੀ ਨੇ ਆਪ ਦੀ ਬੀਮਾਰ ਪੁਸ਼ੀ ਲਈ ਕੁਝ ਸਿੰਘ ਭੇਜੇ। ਉਹ ਕੁਝ ਮਾਇਆ ਵੀ ਉਨ੍ਹਾਂ ਨੂੰ ਭੇਟ ਕਰ ਆਏ। ਸੇਖੋਂ ਜੀ ਰਤਾ ਵੱਲ ਹੋ ਕੇ, ਭੈਣੀ ਸਾਹਿਬ ਆਏ। ਕਹਿਣ ਲੱਗੇ ਕਿ ਮੈਂ ਤਾਂ ਸਾਰੀ ਉਮਰ ਤੁਹਾਡੇ ਬਾਰੇ ਕੁਝ ਲਿਖਿਆ ਹੀ ਨਹੀਂ, ਤੁਸੀਂ ਮੈਨੂੰ ਇਉਂ ਨਿਵਾਜਿਆ ਹੈ? ਸਤਿਗੁਰੂ ਜੀ ਨੇ ਫੁਰਮਾਇਆ ਕਿ ਸੇਖੋਂ ਜੀ ਤੁਸੀਂ ਜੋ ਸਾਰੀ ਉਮਰ, ਸਾਡੀ ਭਾਸ਼ਾ, ਸਾਡੇ ਸਾਹਿਤ ਬਾਰੇ ਲਿਖਦੇ ਰਹੇ ਹੋ, ਉਹ ਸਾਡੇ ਬਾਰੇ ਹੀ ਤਾਂ ਹੈ।

ਨੌਜੁਆਨਾਂ, ਵਿਦਿਆਰਥੀਆਂ ਨੂੰ ਭਵਿੱਖ ਦੇ ਸੁਯੋਗ ਵਾਰਿਸਾਂ ਵਜੋਂ ਤਿਆਰ ਕਰਨ ਲਈ, ਉਨ੍ਹਾਂ 1965 ਵਿਚ ਜਿਸ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ, ਉਸ ਨੇ ਨਾਮਧਾਰੀ ਪੰਥ ਨੂੰ ਭਾਵੀ ਆਗੂ, ਲੇਖਕ, ਪੱਤਰਕਾਰ, ਸਿਆਸਤਦਾਨ ਅਤੇ ਅਨੇਕ ਸੱਦਗੁਣੀ, ਸਤਿ ਪੁਰਖ ਦਿੱਤੇ। ਕੁਝ ਵਰਿਆਂ ਬਾਅਦ ਬੀਬੀਆਂ ਦਾ ਇਸਤਰੀ ਵਿਦਿਅਕ ਜਥਾ ਤਿਆਰ ਕਰਕੇ , ਭੈਣਾਂ ਨੂੰ ਵੀ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪੰਥਕ ਉਸਾਰੀ ਵਿਚ ਜੁੱਟਣ ਦਾ ਸੱਦਾ ਦਿੱਤਾ। ਇਨ੍ਹਾਂ ਜਥਿਆਂ ਦੇ ਵਾਰਸ਼ਿਕ ਸੰਮੇਲਨਾਂ ਵਿਚ ਸ਼ੁੱਧ ਗੁਰਬਾਣੀ ਪਾਠ, ਨਾਮ ਸਿਮਰਨ, ਭਾਸ਼ਣ, ਦੀਵਾਨ, ਇਤਿਹਾਸਕ ਪ੍ਰਸ਼ਨਾਵਲੀ ਆਦਿ ਦੇ ਮੁਕਾਬਲੇ ਕਰਵਾ ਕੇ, ਨਾਮਧਾਰੀ ਜੀਵਨ-ਜਾਚ ਅਤੇ ਰਹੁ ਰੀਤ ਤੋਂ ਛੋਟੇ ਬੱਚਿਆਂ, ਜੁਆਨਾਂ, ਮੁਟਿਆਰਾਂ ਨੂੰ ਜਾਣੂ ਕਰਵਾਇਆ ਜਾਂਦਾ। ਸਤਿਗੁਰੂ ਜੀ ਪ੍ਰਤੀਯੋਗੀਆਂ ਨਾਲ ਖੁੱਲ੍ਹੇ ਬਚਨ ਬਿਲਾਸ ਕਰਕੇ, ਉਨ੍ਹਾਂ ਦੇ ਮਨੋਭਾਵ ਜਾਣ ਕੇ, ਉਸ ਦੇ ਅਨੁਕੂਲ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਤਰਬੀਅਤ ਦੇਣ ਲਈ, ਹੌਸਲਾ ਅਫ਼ਜਾਈ ਕਰਦੇ। ਅਜਿਹੇ ਸਮਾਗਮਾਂ ਸਮੇਂ ਉਹ ਹਾਜ਼ਰ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ, ਕੁਝ ਇਸ ਤਰ੍ਹਾਂ ਸੰਬੰਧਿਤ ਹੁੰਦੇ ਕਿ ਤੁਹਾਡੇ ਬੱਚੇ ਡਾਕਟਰ ਬਣਨ, ਇੰਜੀਨੀਅਰ ਬਣਨ, ਵਕੀਲ ਬਣਨ ਪਰ ਇਸ ਤੋਂ ਪਹਿਲਾਂ ਉਹ ਸਿੱਖ ਬਣਨ ਕਿਉਂਕਿ ਸਿੱਖ ਬਣਨਾ ਬਹੁਤ ਔਖਾ ਕੰਮ ਹੈ। ਜ਼ਿੰਦਗੀ ਬਿਲਾਸ ਦੇ ਕਰਤਾ ਸਾਧੂ ਦਇਆ ਸਿੰਘ ਲਿਖਦੇ ਹਨ-

"ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ,
ਤਾਰੂ ਸਿੰਘ ਦੇ ਵਾਂਗ ਜੋ ਕਰੇ ਸਿੱਖਾ।
ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ,
ਸਿਰ ਕੱਟਕੇ ਤਲੀ ਤੇ ਧਰੇ ਸਿੱਖਾ!
ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ,
ਪਹਿਲਾਂ ਮਰਨ ਤੋਂ ਹੀ ਜਿਹੜਾ ਮਰੇ ਸਿੱਖਾ।
ਦਇਆ ਸਿੰਘ ਨਾ ਸਿਖਿਆ ਸਿਖੀ ਤੈਨੇ,
ਪਾਈ ਕੱਛ ਨੂੰ ਗੁਜ਼ਰ ਗਏ ਵਰ੍ਹੇ ਸਿੱਖਾ!"

ਸਿੱਖ ਦਾ ਸਾਰਾ ਜੀਵਨ ਹੀ ਸੁਰ, ਸਾਜ਼ ਅਤੇ ਸ਼ਬਦ ਨਾਲ ਜੁੜਿਆ ਹੁੰਦਾ ਹੈ। ਆਦਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਵਿਚ, ਗੁਰਮਤਿ ਸੰਗੀਤ ਦੀ ਪਰੰਪਰਾ ਆਰੰਭ ਹੋ ਗਈ ਸੀ। ਪਿਛਲੇ ਸਿੱਖ ਗੁਰੂ ਸਾਹਿਬਾਨ ਦੇ ਵੇਲੇ ਇਹ ਪਰੰਪਰਾ ਹੋਰ ਵਿਕਸਤ ਹੋਈ। ਗੁਰੂ ਅਰਜਨ ਦੇਵ ਜੀ ਨੇ ਰਾਗਾਂ ਅਨੁਸਾਰ ਗੁਰਬਾਣੀ ਦੀ ਬੀੜ ਇਕੱਤਰ ਕਰਕੇ, ਇਸ ਦੇ ਗਾਇਨ ਲਈ ਗੁਰਮਤਿ ਸੰਗੀਤ ਪੱਧਤੀ ਵੀ ਨਿਸ਼ਚਿਤ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਗੀਆਂ ਦੀਆਂ ਅੱਧੀ ਦਰਜਨ ਤੋਂ ਵੱਧ ਜੋੜੀਆਂ ਸਾਰੇ ਪੰਜਾਬ ਵਿਚ ਗੁਰਮਤਿ ਸੰਗੀਤ ਅਨੁਕੂਲ ਕੀਰਤਨ ਕਰਦੀਆਂ। ਇਨ੍ਹਾਂ ਵਿਚੋਂ ਕੁਝ ਰਾਗੀ ਰਬਾਬੀ, ਪੂਰਵ ਗੁਰੂ ਸਾਹਿਬਾਨ ਦੇ ਸਮੇਂ ਤੋਂ ਚੱਲੇ ਆ ਰਹੇ ਰਬਾਬੀ ਘਰਾਣਿਆਂ ਵਿਚੋਂ ਸਨ। ਇਸ ਲਈ ਸ੍ਰੀ ਭੈਣੀ ਸਾਹਿਬ ਦੇ ਗੁਰਮਤਿ ਸੰਗੀਤ ਦੇ ਖਜ਼ਾਨੇ ਵਿਚ, ਗੁਰਮਤਿ ਸੰਗੀਤ ਦੀਆਂ ਗਾਇਨ

ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਸਪੁੱਤਰਾਂ ਸਮੇਤ ਨਾਮਧਾਰੀ ਵਿਦਿਆਲੇ ਦੇ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਦਾਤ ਨਾਲ ਮਾਲਾ ਮਾਲ ਕੀਤਾ। ਉਨ੍ਹਾਂ ਦੇ ਆਖਰੀ ਸਮੇਂ ਵਿਚ ਭਾਈ ਦਰਸ਼ਨ ਸਿੰਘ, ਖਜ਼ਾਨ ਸਿੰਘ ਹੋਰਾਂ ਦੀ ਇਕੋ ਰਾਗੀ ਜੋੜੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਵਿਰਸੇ ਵਿਚ ਮਿਲੀ ਸੀ। ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੀ ਗੂੜ੍ਹੀ ਸਾਂਝ ਹੈ। ਸਤਿਗੁਰੂ ਪਰਤਾਪ ਸਿੰਘ ਜੀ ਖੁਦ ਸ਼ਾਸ਼ਤਰੀ ਸੰਗੀਤ ਦੇ ਮਰਮੱਗ ਸਨ ਅਤੇ ਆਪ ਨੇ ਅੱਗੋਂ ਆਪਣੇ ਬੱਚਿਆਂ ਨੂੰ ਵੀ ਇਹ ਸਿੱਖਿਆ ਦੁਆਈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਬਹੁਤ ਸਾਰੇ ਨਾਮਧਾਰੀ ਬੱਚੇ-ਬੱਚੀਆਂ ਨੂੰ ਭਾਰਤੀ ਸ਼ਾਸ਼ਤਰੀ ਸੰਗੀਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਪਾਰੰਗਤ ਕੀਤਾ। ਇਸ ਕੰਮ ਲਈ ਉਨ੍ਹਾਂ ਭਾਰਤ ਦੇ ਚੋਟੀ ਦੇ ਸੰਗੀਤ ਆਚਾਰੀਆਂ ਦੀਆਂ ਸੇਵਾਵਾਂ ਹਾਂਸਿਲ ਕੀਤੀਆਂ। ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿਚ ਸ਼ਾਸਤ੍ਰੀ ਸੰਗੀਤ ਸੰਮੇਲਨ ਕਰਵਾਏ, ਦਿੱਲੀ, ਬੰਬਈ, ਔਰੰਗਾਬਾਦ, ਲਖਨਊ, ਜੰਮੂ, ਲੁਧਿਆਣਾ ਆਦਿ ਸ਼ਹਿਰਾਂ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ ਸੰਗੀਤ ਸੰਮੇਲਨ ਆਯੋਜਿਤ ਕਰਵਾਏ। ਸ੍ਰੀ ਭੈਣੀ ਸਾਹਿਬ ਦੇ ਹੋਲਿਆਂ, ਮੇਲਿਆਂ ਅਤੇ ਹੋਰ ਅਵਸਰਾਂ 'ਤੇ ਇਹ ਸਮਾਗਮ ਆਮ ਵਰਤਾਰਾ ਬਣ ਗਏ। ਨਤੀਜੇ ਵਜੋਂ ਅੱਜ ਭਾਰਤ ਅਤੇ ਵਿਦੇਸ਼ਾਂ ਵਿਚ ਜਿੱਥੇ-ਜਿੱਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ, ਉੱਥੇ ਨਾਮਧਾਰੀ ਸੰਗੀਤਕਾਰ ਮੌਜੂਦ ਹਨ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਗੁਰੂ ਘਰ ਵਿੱਚ ਜੋ ਸ਼ਬਦ-ਕੀਰਤਨ ਦੀ ਪ੍ਰਥਾ ਹੈ ਇਸ ਦੇ ਵਿਕਾਸ ਲਈ ਪੁਰਾਣੀਆਂ ਰੀਤਾਂ ਉੱਤੇ ਲੱਗੇ ਸ਼ਬਦਾਂ ਨੂੰ ਸੁਰਬੱਧ ਕਰਵਾਇਆ। ਇਸ ਲਈ ਸੰਗੀਤ ਆਚਾਰੀਆ ਸ. ਪਿਆਰਾ ਸਿੰਘ ਸ਼ਹਿਨਾਈਵਾਦਕ ਦੀ ਸੇਵਾ ਲਈ। ਨਾਮਧਾਰੀ ਰਵਾਇਤੀ ਕੀਰਤਨ ਸ੍ਰੀ ਹਜ਼ੂਰ ਸਿੰਘ ਚੰਦਰਹਾਂਸ ਅਤੇ ਉਸਤਾਦ ਹਰਿਭਜਨ ਸਿੰਘ ਰਾਹੀਂ ਬੱਚਿਆਂ ਨੂੰ ਸਿੱਖਿਆ ਦੁਆਈ। ਸੰਗੀਤ ਸਿਖਲਾਈ ਦੇ ਅਨੇਕ ਕੇਂਦਰਾਂ ਦਾ ਖਰਚਾ ਵੀ ਸਤਿਗੁਰੂ ਜੀ ਆਪ ਓਟਦੇ। ਇਹ ਖਰਚਾ ਅਧਿਆਪਕਾਂ ਦੇ ਨਾਲ-ਨਾਲ ਸਿਖਿਆਰਥੀਆਂ ਨੂੰ ਵੀ ਮਿਲਦਾ। ਸਤਿਗੁਰੂ ਜੀ ਦੇ ਆਪਣੇ ਸੰਗੀਤ ਗਿਆਨ ਅਤੇ ਉੱਘੇ ਸੰਗੀਤਕਾਰਾਂ ਦੀ ਕਦਰ-ਸਨਾਸ਼ੀ ਨੇ ਉਨ੍ਹਾਂ ਨੂੰ ਭਾਰਤੀ ਸੰਗੀਤ ਜਗਤ ਦਾ ਦਿਲ ਦਾਦਾ ਬਣਾ ਦਿੱਤਾ। ਭਾਰਤ ਦੇ ਚੋਟੀ ਦੇ ਸੰਗੀਤ ਕਲਾਕਾਰ, ਉਸਤਾਦ ਵਲਾਇਤ ਹੁਸੈਨ ਖਾਨ, ਉਸਤਾਦ ਅਮਜਦ ਅਲੀ ਖਾਨ, ਸ੍ਰੀ ਇਮਰਤ ਹੁਸੈਨ ਖਾਨ, ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸ਼ਾਮਤਾ ਪ੍ਰਸ਼ਾਦ, ਪੰਡਿਤ ਪ੍ਰੇਮ ਵੱਲਭ , ਪੰਡਿਤ ਬਿਰਜੂ ਮਹਾਰਾਜ, ਉਸਤਾਦ ਜ਼ਾਕਿਰ ਹੁਸੈਨ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਆਦਿ ਸ੍ਰੀ ਸਤਿਗੁਰੂ ਜੀ ਦੁਆਰਾ ਭੇਜੇ ਬੱਚਿਆਂ ਦੇ ਉਸਤਾਦ ਬਣੇ। ਅੱਜ ਇਨ੍ਹਾਂ ਸਿਖਾਏ ਹੋਏ ਬੱਚਿਆਂ ਵਿਚੋਂ ਅਨੇਕ ਭਾਰਤ ਅਤੇ ਹੋਰ ਦੇਸ਼ਾਂ ਵਿਚ ਆਪਣੀ ਸੰਗੀਤਕ ਪ੍ਰਤਿਭਾ ਦਾ ਪਰਦਰਸ਼ਨ ਕਰ ਰਹੇ ਹਨ। ਇਹ ਸਾਰੇ ਸੰਗੀਤਕਾਰ, ਸਤਿਗੁਰੂ ਜੀ ਨਾਲ ਮਜਬੂਤ ਪ੍ਰੇਮ-ਸੂਤਰ ਵਿਚ ਵੀ ਬੱਝੇ ਸਨ। ਉਸਤਾਦ ਜਾਕਿਰ ਹੁਸੈਨ ਸਤਿਗੁਰੂ ਜੀ ਬਾਰੇ ਸ਼ਬਦ ਹਨ :"ਸਾਡੇ ਸਮਿਆਂ ਵਿਚ ਬਹੁਤ ਘੱਟ ਇਹੋ ਜਿਹੇ ਗੁਰੂ ਹਨ, ਜਿਨ੍ਹਾਂ ਦਾ ਜੀਵਨ ਦੇ ਸਾਰੇ ਖੇਤਰਾਂ, ਭਾਵੇਂ ਸੰਗੀਤ, ਅਧਿਆਤਮਿਕਤਾ ਜਾਂ ਆਦਰਸ਼ ਜੀਵਨ ਦਾ ਵੱਲ ਸੁਝਾਉਣ ਦਾ ਹੁਨਰ ਹੋਵੇ, ਉੱਪਰ ਇਕੋ ਜਿਹਾ ਪ੍ਰਭਾਵ ਹੋਵੇ। ਵਿਸ਼ੇਸ਼ ਕਰਕੇ ਸੰਗੀਤ ਦੇ ਖੇਤਰ ਵਿਚ ਸਤਿਗੁਰੂ ਜੀ ਵੱਲੋਂ ਕਲਾਕਾਰਾਂ ਨੂੰ ਜੋ ਅਸ਼ੀਰਵਾਦ ਦਿੱਤਾ ਗਿਆ ਹੈ, ਸਾਡੇ ਸਮੇਂ ਵਿਚ ਉਸਦਾ ਕੋਈ ਸਾਨੀ ਨਹੀਂ"। ਸਤਿਗੁਰੂ ਜੀ ਆਪ ਦਿਲਰੁਬਾ ਦੇ ਵਧੀਆ ਵਜੰਤਰੀ ਸਨ।ਉਸਤਾਦ ਹਰਨਾਮ ਸਿੰਘ ਜੀ ਚਵਿੰਡਾ ਤੋਂ ਬਾਅਦ ਪਟਿਆਲਾ ਘਰਾਣੇ ਦੇ ਉਸਤਾਦ ਮਸਤਾਨ ਸਿੰਘ ਜੀ ਤੋਂ ਇਹ ਗੁਣ ਆਪ ਨੇ ਲਿਆ ਸੀ। ਆਪ ਨੂੰ ਸੰਗੀਤ ਦੇ ਖੇਤਰ ਵਿਚ ਬਹੁਤ ਮਾਣ ਸਨਮਾਨ ਮਿਲੇ। ਭਾਰਤ ਦੀ ਸੰਗੀਤ ਨਾਟਕ ਅਕਾਦਮੀ ਨੇ ਸਤਿਗੁਰੂ ਜੀ ਦੁਆਰਾ, ਭਾਰਤੀ ਸ਼ਾਸ਼ਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸਫ਼ਲਤਾ ਲਈ ਘਾਲੀ ਅਣਥੱਕ ਘਾਲ ਵਾਸਤੇ ਉਨਾਂ ਨੂੰ "ਟੈਗੋਰ ਰਤਨ ਫੈਲੋਸ਼ਿਪ ਅਵਾਰਡ ਲਈ 2012 ਵਿੱਚ ਚੁਣਿਆ ਸੀ। ਉਸਤਾਦ ਗੁਰਦੇਵ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ ਆਦਿ ਤੋਂ ਬਿਨਾ ਨਾਮਧਾਰੀ ਯੁਵਾ ਰਾਗੀਆਂ ਦੀ ਅਗਲੀ ਪੀੜ੍ਹੀ ਵਿਚ ਸੁਰਗਵਾਸੀ ਮੋਹਨ ਸਿੰਘ, ਬਲਜੀਤ ਸਿੰਘ, ਬਲਵੰਤ ਸਿੰਘ, ਹਰਜਿੰਦਰ ਸਿੰਘ ਆਦਿ ਆਪ ਜੀ ਦੁਆਰਾ ਤਰਾਸ਼ੇ ਹੋਏ, ਰਾਗ ਵਿਦਿਆ ਦੇ ਅਣਗਿਣਤ ਹੀਰੇ ਅੱਜ ਵਿਸ਼ਵ ਨੂੰ ਸੰਗੀਤ ਰੌਸ਼ਨੀ ਨਾਲ ਪਰਕਾਸ਼ਮਾਨ ਕਰ ਰਹੇ ਹਨ। ਸਤਿਗੁਰੂ ਜੀ ਸਾਡੇ ਫੋਕ (ਲੋਕ ਗਾਇਨ) ਦਾ ਵੀ ਵੱਡਾ ਖਜ਼ਾਨਾ ਸਨ। ਜਦੋਂ ਕਦੇ ਉਹ ਆਪਣੀ ਮੌਜ ਵਿਚ ਗਾਉਂਦੇ।ਕਾਹਨੂੰ ਗੱਲਾਂ ਕੀਤੀਆਂ, ਬਲੋਚੀਆਂ ਦੇ ਨਾਲ ਤਾਂ ਸਮਾਂ ਖਲੋ ਜਾਂਦਾ ਸੀ। ਹਰਜਿੰਦਰ ਸਿੰਘ ਰਾਗੀ ਦੇ ਇਕ ਅਨੁਮਾਨ ਅਨੁਸਾਰ, ਸੰਗੀਤ ਸਿਖਲਾਈ ਤੇ ਸਤਿਗੁਰੂ ਜੀ ਨੇ

ਆਪਣੇ ਸਮੇਂ ਵਿਚ ਘੱਟੋ ਘੱਟ ਦੋ ਅਰਬ ਰੁਪਏ ਖਰਚੇ ਸਨ। ਇਹ ਰਕਮ ਉਹ ਆਪਣੇ ਖਜ਼ਾਨੇ ਵਿਚੋਂ ਦਿੰਦੇ ਜਾਂ ਆਪਣੇ ਸਮਰੱਥ ਸਿੱਖਾਂ ਸੇਵਕਾਂ ਤੋਂ ਦੁਆਉਂਦੇ। ਮਨੁੱਖ ਦੇਹ ਨੂੰ ਚੁਸਤ ਦਰੁਸਤ ਰੱਖਣ ਲਈ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਿਰਸੇ ਵਿਚ ਉਨ੍ਹਾਂ ਬਹੁਤ ਗੁਣ ਗ੍ਰਹਿਣ ਕੀਤੇ ਸਨ। ਉਹ ਆਪਣੇ ਇਕ ਉਪਦੇਸ਼ ਵਿਚ ਫੁਰਮਾਉਂਦੇ ਹਨ :

"ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਬੜੀ ਕਿਰਪਾ ਕੀਤੀ, ਉਹ ਆਪ ਕਈ ਖੇਡਾਂ ਦੇ ਖਿਡਾਰੀ ਸਨ। ਨੇਜਾ ਬਾਜ਼ੀ ਦੇ ਮਾਹਰ ਸਨ। ਘੋੜੀ 'ਤੇ ਚੜ੍ਹਨਾ ਤਾਂ ਆਪਣੇ ਕੰਨ ਫੜ ਕੇ ਉੱਪਰ ਚੜ੍ਹ ਜਾਣਾ। ਫਿਰ ਘੋੜੀ ਤੇ ਚੜ੍ਹ ਕੇ ਜਾ ਕੇ ਘੋੜੀ ਤੋਂ ਉਠ ਤੇ ਚੜ੍ਹ ਜਾਣਾ ਤੇ ਉਹਨੂੰ ਫੜ ਲਿਆਉਣਾ। ਇਹ ਵੀ ਇਕ ਬੜਾ ਵੱਡਾ ਗੁਣ ਹੈ ਖਿਡਾਰੀਆਂ ਦਾ। ਸਭ ਤੋਂ ਪਹਿਲੀ ਚੀਜ਼ ਇਹ ਹੈ ਜੇ ਦੇਹ ਹੋਏਗੀ ਤਾਂ ਹੀ ਭਜਨ ਬਾਣੀ ਹੋਵੇਗਾ। ਸਤਿਗੁਰੂ ਪ੍ਰਤਾਪ ਸਿੰਘ ਘੁਲਦੇ ਵੀ ਹੁੰਦੇ ਸਨ ਫਿਰ ਉਹ ਕੱਪੜਿਆਂ ਦੀ ਕਾਟ ਦੇ ਬੜੇ ਮਾਹਰ ਸਨ, ਚੋਲਾ, ਅਚਕਨ, ਕੁੜਤਾ, ਪਜਾਮਾ, ਕਛਹਿਰਾ ਆਦਿ ਸਾਰਾ ਕੁਝ ਕਿਸੇ ਦਰਜੀ ਕੋਲੋਂ ਏਨਾ ਕੱਪੜਾ ਨਹੀਂ ਸੀ ਬਚਦਾ ਜਿੰਨਾ ਉਹ ਬਚਾ ਲੈਂਦੇ ਸਨ। ਫਿਰ ਪਾਣੀ ਵਿਚ ਤਰਨਾ ਬਹੁਤ ਵਧੀਆ ਆਉਂਦਾ ਸੀ ਉਨਾਂ ਨੂੰ, ਸਾਡੇ ਤੇ ਕਿਰਪਾ ਕਰਕੇ ਸੱਚੇ ਪਾਤਸ਼ਾਹ ਨੇ ਸਾਨੂੰ ਏਸ ਪਾਸੇ ਲਾਇਆ, ਫੁੱਟਬਾਲ ਖੇਡਣ ਵੱਲ ਲਾਇਆ, ਦੌੜਨ ਵਾਸਤੇ ਲਾਇਆ। ਫੁੱਟਬਾਲ ਦੀ ਟੀਮ ਵਿਚ ਮੈਂ ਬਹੁਤ ਚਿਰ ਖੇਡਦਾ ਰਿਹਾ ਹਾਂ। ਥੋੜਾ ਚਿਰ ਵਾਲੀਵਾਲ ਵੀ ਖੇਡਦਾ ਰਿਹਾ ਹਾਂ। ਬੈਡਮਿੰਟਨ ਮੈਂ (80 ਸਾਲ ਦੀ ਉਮਰ ਤੱਕ) ਹੁਣ ਵੀ ਖੇਡ ਲੈਂਦਾ ਹਾਂ, ਦੌੜਦਾ ਵੀ ਰਿਹਾ ਹਾਂ। ਘੋੜੇ ਦੀ ਸਵਾਰੀ ਵੀ ਕਰਦਾ ਰਿਹਾਂ। ਛੋਟੀ ਉਮਰ ਵਿਚ ਸੱਚੇ ਪਾਤਸ਼ਾਹ ਏਨੇ ਕੰਮ ਸਿਖਾ ਦਿੱਤੇ ਸਨ, ਜਿਹੜੇ ਗਿਣ ਨਹੀਂ ਸਕਦਾ ਆਦਮੀ। ਚੁੱਭੀ ਮਾਰ ਕੇ ਤਰਨਾ ਬਹੁਤ ਦੂਰ ਤਕ। ਇਕ ਵਾਰ ਮੈਂ ਜਗਤਾਰ ਸਿੰਘ ਪਨਿਹਾਰੀ ਵਾਲਿਆਂ ਨੂੰ ਆਖਿਆ, ਮੇਰਾ ਟਾਈਮ ਨੋਟ ਕਰਿਉ, ਮੈਂ ਕਿੰਨੀ ਦੇਰ ਚੁੱਭੀ ਮਾਰਦਾ ਹਾਂ? 2 ਮਿੰਟ ਤੇ 17 ਸੈਕੰਡ ਟਾਈਮ ਉਨ੍ਹਾਂ ਨੇ ਨੋਟ ਕੀਤਾ। ਇਹ ਸਤਿਗੁਰਾਂ ਦੀ ਕਿਰਪਾ ਨਾਲ ਸਾਰਾ ਕੁਝ ਹੁੰਦਾ ਹੈ"। (ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, 2001 ਈ: ਸਫ਼ਾ 71 )

1974 ਈ: ਵਿਚ ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਦੀ ਹਾਕੀ ਦੀ ਟੀਮ ਬਣਾ ਕੇ, ਇਸ ਨੂੰ ਸਿਖਿਅਤ ਕਰਨ ਦੇ ਯਤਨ ਆਰੰਭੇ। ਸੰਨ 1977 ਵਿਚ ਆਪ ਨੇ ਇਸ ਨੂੰ ਵਿਸ਼ਵ ਪੱਧਰ 'ਤੇ ਲਿਆਉਣ ਦੀ ਯੋਜਨਾ ਉਲੀਕੀ। ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਜੀਵਨ ਨਗਰ ਦੇ ਵੀਹ ਕੁ ਲੜਕੇ ਤਿਆਰ ਕੀਤੇ ਗਏ। ਇਨ੍ਹਾਂ ਲਈ ਚੰਗੀ ਖਾਧ ਖੁਰਾਕ ਤੇ ਸੁਚੱਜੇ ਕੋਚਾਂ ਦਾ ਪ੍ਰਬੰਧ ਕੀਤਾ। ਇਨ੍ਹਾਂ ਬੱਚਿਆਂ ਨੇ 1979 ਵਿਚ ਹੀ ਮਿਨੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਜਿੱਤ ਲਈ। ਟੀਮ ਦੀ ਅਗਵਾਈ ਠਾਕੁਰ ਉਦੇ ਸਿੰਘ ਜੀ ਨੂੰ ਸੌਂਪੀ ਗਈ। ਉਨ੍ਹਾਂ ਨੇ 1989 ਵਿੱਚ ਇਸ ਟੀਮ ਨੂੰ ਯੋਰਪ ਦਾ ਦੌਰਾ ਕਰਵਾਇਆ। ਹਰ ਥਾਂ 'ਤੇ ਫਤੇਹ ਦੇ ਝੰਡੇ ਗੱਡ ਕੇ ਵਾਪਸ ਮੁੜੇ, ਇਕ ਅੱਧ ਮੈਚ ਨੂੰ ਛੱਡ ਕੇ। ਕੁਲ 23 ਮੈਚਾਂ ਵਿਚੋਂ 21 ਜਿੱਤ ਕੇ ਮੁੜੇ। ਸੰਨ 1992 ਦੀ ਬਾਰਸੀਲੋਨਾ ਉਲੰਪਿਕ ਵਿਖੇ, ਇਸ ਟੀਮ ਦਾ ਮੈਂਬਰ ਦੀਦਾਰ ਸਿੰਘ ਭਾਰਤੀ ਹਾਕੀ ਵੱਲੋਂ ਖੇਡਿਆ। ਫਿਰ ਚਲ ਸੋ ਚੱਲ। ਅਨੇਕਾਂ ਖਿਡਾਰੀ ਇਨ੍ਹਾਂ ਕੌਮਾਂਤਰੀ ਅਤੇ ਰਾਸ਼ਟਰੀ ਮੁਕਾਬਲਿਆਂ ਵਿਚ ਭਾਰਤੀ ਹਾਕੀ ਟੀਮ ਵੱਲੋਂ ਖੇਡ ਚੁੱਕੇ ਹਨ। ਹਰਪਾਲ ਸਿੰਘ 2004 ਵਿੱਚ ਏਥਨਜ਼ ਉਲੰਪਿਕ ਵਿੱਚ ਖੇਡਿਆ। ਨਾਮਧਾਰੀ ਹਾਕੀ ਟੀਮ ਦੀ ਸ਼ਾਨ ਉਦੋਂ ਸਿਖਰ 'ਤੇ ਪੁੱਜੀ ਜਦੋਂ ਸਰਦਾਰ ਸਿੰਘ ਭਾਰਤੀ ਟੀਮ ਦਾ ਕਪਤਾਨ ਬਣਿਆ। ਬਹੁਤ ਸਾਰੇ ਇਨਾਮ ਸਨਮਾਨ ਉਸਦੀ ਝੋਲੀ ਵਿਚ ਪਏ। ਅੱਜ ਦਰਜਨਾਂ ਨਾਮਧਾਰੀ ਖਿਡਾਰੀ ਆਪਣੀ ਹਾਕੀ ਦੇ ਸਿਰ 'ਤੇ ਵੱਡੇ ਮਹਿਕਮਿਆਂ ਵਿੱਚ, ਉੱਚੇ ਅਹੁਦਿਆਂ 'ਤੇ ਹਨ। ਆਪ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਵੀ ਇਨ੍ਹਾਂ ਖੇਡਾਂ ਦੇ ਪ੍ਰਸਾਰ ਵਿਚ, ਵਿਸ਼ੇਸ਼ ਰੁਚੀ ਲੈ ਰਹੇ ਹਨ। ਉਨ੍ਹਾਂ ਨੇ ਨਾਮਧਾਰੀ ਹਾਕੀ ਟੀਮ ਨੂੰ ਪ੍ਰਫੁੱਲਤ ਕਰਕੇ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਆਪਣੇ ਸਮੇਂ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀਆਂ ਲੜੀਆਂ ਤੋਰੀ ਰੱਖੀਆਂ। ਇਕ ਲੜੀ ਉਨ੍ਹਾਂ ਦੇ ਦੇਹ ਦਾ ਓਹਲਾ ਕਰਨ ਵੇਲੇ ਚੱਲ ਰਹੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਨੂੰ ਸੰਪੂਰਨ ਕਰਨ ਬਾਅਦ ਦੋ ਹੋਰ ਲੜੀਆਂ ਮੁਕੰਮਲ ਕੀਤੀਆਂ ਅਤੇ ਇਕ ਲੜੀ ਨਵੀਂ ਸ਼ੁਰੂ ਕਰਵਾਈ। ਉਸ ਦੀ ਸੰਪੂਰਨਤਾ ਹਾਜਰਾ ਹਜ਼ੂਰ ਸਤਿਗੁਰੂ ਜੀ ਦੀ ਵਿੱਚ 2016 ਈ. ਦੀ ਬਸੰਤ ਤੇ ਹੋਈ ਅਤੇ ਅੱਗੋਂ ਹੋਰ ਜਾਰੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰੀ ਉਮਰ ਨਾਮਧਾਰੀ ਜਗਤ ਨੂੰ ਸੇਵਾ, ਸਿਮਰਨ ਅਤੇ ਬਾਣੀ ਨਾਲ ਜੋੜੀ ਰੱਖਿਆ। ਗੁਰਸਿੱਖੀ

ਜੀਵਨ ਜਾਚ ਨੂੰ ਇਸ ਕਦਰ ਨਿਭਾਇਆ ਕਿ ਸਤਿਗੁਰੂ ਜੀ ਦੇ ਦਿਲ ਦੀ ਬਾਈਪਾਸ ਸਰਜਰੀ, ਆਸਟਰੇਲੀਆ ਵਿਖੇ ਮਾਹਿਰ ਡਾਕਟਰਾਂ ਪਾਸੋਂ, ਆਪਣੀਆਂ ਸ਼ਰਤਾਂ ਤੇ ਕਰਵਾਈ ਗਈ ਜਿਨ੍ਹਾਂ ਵਿਚੋਂ ਪ੍ਰਮੁੱਖ ਸੀ ਸਰੀਰ ਦੇ ਕਿਸੇ ਭਾਗ ਤੇ ਵੀ ਰੋਮਾਂ ਦੀ ਬੇਅਦਬੀ ਨਾ ਹੋਣ ਦੇਣਾ।

ਅੰਗਰੇਜ਼ੀ ਰਾਜ ਸਮੇਂ, ਨਾਮਧਾਰੀ ਸ਼ਹੀਦੀ ਅਸਥਾਨਾਂ 'ਤੇ ਕੂਕੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਮਨਾਉਣ ਦੀ ਮਨਜ਼ੂਰੀ ਵਿਦੇਸ਼ੀ ਸਰਕਾਰ ਨਹੀਂ ਦਿੰਦੀ ਸੀ। ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਪਹਿਲਾ ਮੇਲਾ, ਕੂਕਿਆਂ ਦੇ ਕੱਲਰ ਜਾਂ ਰੱਕੜ ਵਿਚ, 17-18 ਜਨਵਰੀ 1955 ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਇਆ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਆਪ ਜੀ ਨੂੰ ਹੁਕਮ ਕਰ ਗਏ ਸਨ ਕਿ ਕਾਕਾ ਸ਼ਹੀਦਾਂ ਦੇ ਮੇਲੇ ਜ਼ਰੂਰ ਮਨਾਉਣੇ ਹਨ। ਇਸ ਕਾਰਜ ਲਈ ਵੱਡੇ ਉਪਰਾਲੇ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਲੇਰਕੋਟਲਾ, ਲੁਧਿਆਣਾ ਦੀ ਪੁਰਾਣੀ ਜੇਹਲ, ਰਾਮ ਬਾਗ ਅੰਮ੍ਰਿਤਸਰ ਅਤੇ ਰਾਏਕੋਟ ਵਿਖੇ ਸ਼ਹੀਦੀ ਅਸਥਾਨ ਹਾਸਲ ਕੀਤੇ। ਮਲੇਰਕੋਟਲਾ ਵਿਖੇ ਜਿਸਦਾ 24 ਜੂਨ 1993 ਨੂੰ ਨੀਂਹ ਪੱਥਰ ਰੱਖਿਆ ਸੀ, ਉਹ ਸ਼ਹੀਦੀ ਸਮਾਰਕ, 66 ਮੋਰੀਆਂ ਵਾਲੇ ਖੰਡੇ ਸਮੇਤ, ਸ਼ਾਨਦਾਰ ਢੰਗ ਨਾਲ ਉਸਾਰਿਆ ਗਿਆ ਹੈ। ਬਾਕੀ ਥਾਵਾਂ 'ਤੇ ਵੀ ਸ਼ਾਨਦਾਰ ਸਮਾਰਕਾਂ ਦਾ ਨਿਰਮਾਣ ਅਗਲੇ ਸਮੇਂ ਵਿਚ ਹੋ ਜਾਏਗਾ। ਰਾਮਪੁਰਾ ਫੂਲ, ਸੈਦੋ, ਰੜ੍ਹ, ਬੰਗਾਲੀ ਪੁਰ, ਹਜ਼ਾਰੀ ਬਾਗ ਆਦਿ ਅਨੇਕ ਅਸਥਾਨਾਂ ਵਿਚ ਨਾਮਧਾਰੀ ਸ਼ਹੀਦਾਂ ਅਤੇ ਜਲਾਵਤਨ ਸੂਬਿਆਂ ਦੀ ਯਾਦ ਵਿਚ ਸਮਾਗਮ ਮਨਾਏ ਜਾਂਦੇ ਹਨ। ਇਹਨਾਂ ਸਾਰੇ ਕਾਰਜਾਂ ਵਿਚ ਸਤਿਗੁਰੂ ਜੀ ਤੋਂ ਵਰੋਸਾਏ, ਕੂਕਾ ਮਾਰਟਰਜ਼ ਮੈਮੋਰੀਅਲ ਟਰਸਟ ਦੇ ਉਪ ਮੁਖੀ ਸੰਤ ਸੁਰਿੰਦਰ ਸਿੰਘ ਲੁਧਿਆਣਾ ਅਣਥੱਕ ਮਿਹਨਤ ਕਰ ਰਹੇ ਹਨ। ਰਾਈਆਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਵੀ ਨਾਮਧਾਰੀ ਸੰਗਤ ਨੂੰ ਮਿਲ ਚੁੱਕਾ ਹੈ। ਸ੍ਰੀ ਭੈਣੀ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਵੀ ਬਹੁਤ ਕੁਝ ਹੋਇਆ ਹੈ ਅਤੇ ਅਜੇ ਵੀ ਹੋ ਗਿਆ ਹੈ। ਸਤਿਗੁਰੂ ਜੀ ਨੇ 150 ਸਾਮੂਹਿਕ ਅਨੰਦ ਕਾਰਜ ਕਰਵਾ ਕੇ 3 ਜੂਨ 1963 ਈ. ਨੂੰ ਖੋਟਿਆਂ ਦੀ ਅਨੰਦ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ। ਬਿਨਾਂ ਦਾਜ ਦਹੇਜ, ਸਮੂਹਿਕ ਵਿਆਹ, ਅਤਿ ਸਾਦਾ ਰਸਮਾਂ ਸਦਕਾ, ਵਿਸ਼ਵ ਪ੍ਰੈਸ ਨੇ ਇਸ ਘਟਨਾ ਨੂੰ ਪਰਚਾਰਿਆ। ਸੰਨ 1972 ਈ. ਵਿਚ ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਵਨ ਸ਼ਤਾਬਦੀ ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਮਨਾਈ। 1990 ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਪਰਕਾਸ਼ ਸ਼ਤਾਬਦੀ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਕੌਮੀ ਪੱਧਰ 'ਤੇ ਮਨਾਈ ਗਈ। ਕਈ ਕਿਤਾਬਾਂ ਲਿਖੀਆਂ ਗਈਆਂ, ਜਿਹਨਾਂ ਵਿਚੋਂ ਭਾਪਾ ਪ੍ਰੀਤਮ ਸਿੰਘ ਜੀ ਆਰਸੀ ਦੁਆਰਾ ਸੰਪਾਦਿਤ "ਮਹਾਂ ਨੂਰ" ਨਾਂ ਦਾ ਵੱਡ ਆਕਾਰੀ ਗਹਿਣਾ ਇਕ ਟਕਸਾਲੀ ਕਾਰਜ ਸੀ।

ਨਾਮਧਾਰੀ ਇਤਿਹਾਸ, ਸਾਹਿਤ ਅਤੇ ਸਭਿਆਚਾਰ ਬਾਰੇ ਉਚ ਪੱਧਰੀ ਖੋਜ ਕਾਰਜ ਕਰਵਾਉਣ ਲਈ ਆਪ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਨਾਮਧਾਰੀ ਗੁਰੂ ਰਾਮ ਸਿੰਘ ਚੇਅਰ' ਅਤੇ ਬਨਾਰਸ ਵਿਚ 'ਸਤਿਗੁਰੂ ਰਾਮ ਸਿੰਘ ਵਿਦਿਆਪੀਠ' ਸਥਾਪਿਤ ਕਰਵਾਈ। ਸੰਨ 2007 ਈ. ਵਿਚ ਨਾਮਧਾਰੀ ਪੰਥ ਦੀ ਸਾਜਣਾ ਦੀ 150 ਸਾਲਾ ਵਰ੍ਹੇਗੰਢ ਸੀ। ਭੈਣੀ ਸਾਹਿਬ ਅਤੇ ਹੋਰ ਅਨੇਕ ਸਥਾਨਾਂ 'ਤੇ ਬੜੀ ਧੂਮਧਾਮ ਨਾਲ ਮਨਾਈ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗਰਾਮ ਅਤੇ ਸਮਾਜ ਸੁਧਾਰ ਵਿਚ ਪਾਏ ਵਿਸ਼ੇਸ਼ ਯੋਗਦਾਨ ਦੀ ਚਰਚਾ ਲਈ ਸੀਨੀਅਰ ਸੈਕੰਡਰੀ ਸਕੂਲਾਂ, ਕਾਲਜਾਂ ਅਤੇ ਗੁਆਂਢੀ ਰਾਜਾਂ ਸਮੇਤ, ਪੰਜਾਬ ਦੇ ਵਿਸ਼ਵ ਵਿਦਿਆਲਿਆਂ ਵਿੱਚ, ਅਨੇਕ ਯਾਦਗਾਰੀ ਸਮਾਗਮ ਕੀਤੇ ਗਏ। ਬਹੁਤ ਸਾਰਾ ਨਵਾਂ ਅਤੇ ਪੁਰਾਣਾ ਨਾਮਧਾਰੀ ਸਾਹਿਤ ਵੀ ਆਪ ਜੀ ਦੇ ਸਮੇਂ ਛਾਪਿਆ ਗਿਆ। ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ, ਸ਼ਤਾਬਦੀ ਸਮਾਚਾਰ, ਯੁੱਗ ਮਰਿਆਦਾ (ਹਿੰਦੀ) ' ਆਦਿ ਪਰਚੇ ਆਪ ਜੀ ਦੀ ਸਰਪ੍ਰਸਤੀ ਨਾਲ ਹੀ ਛਪਦੇ ਰਹੇ। ਜਿਹੜੇ ਨਾਮਧਾਰੀ ਇਤਿਹਾਸ, ਸਾਹਿਤ ਤੋਂ ਬਿਨਾਂ ਸਮਕਾਲੀ ਸਰੋਕਾਰਾਂ ਬਾਰੇ ਵੀ ਮੁੱਲਵਾਨ ਸਮੱਗਰੀ ਪੇਸ਼ ਕਰਦੇ ਰਹੇ। ਸ. ਨਾਹਰ ਸਿੰਘ ਐਮ.ਏ. ਦੁਆਰਾ ਕੂਕਿਆਂ ਬਾਰੇ ਸਰਕਾਰੀ ਦਸਤਾਵੇਜ਼ ਛਾਪਣ ਤੋਂ ਬਾਅਦ ਆਪ ਨੇ ਇਸ ਕਾਰਜ ਨੂੰ ਅੱਗੇ ਤੋਰਨ ਲਈ ਜਸਵਿੰਦਰ ਸਿੰਘ ਹਿਸਟੋਰੀਅਨ ਨੂੰ ਇਸ ਖੋਜ ਖੇਤਰ ਵਿੱਚ ਅੱਗੇ ਲਿਆਂਦਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੱਕ ਦੀ ਨਾਮਧਾਰੀ ਤਵਾਰੀਖ਼ ਉਘੇ ਵਿਦਵਾਨ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਆਪਦੇ ਅਸ਼ੀਰਵਾਦ ਨਾਲ ਹੀ ਤਿੰਨ ਖੰਡਾਂ ਵਿਚ ਸੰਪੂਰਨ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ, ਸ੍ਰੀ

ਪ੍ਰੀਤਮ ਸਿੰਘ ਕਵੀ ਨੇ ਆਪ ਜੀ ਸਮੇਂ ਦੇ ਵਿਸ਼ੇਸ਼ ਸਮਾਚਾਰੋ 'ਬੀਤੇ ਦੀਆਂ ਪੈੜਾਂ' ਪੁਸਤਕ ਲੜੀ ਵਿੱਚ ਕਲਮਬੰਦ ਕੀਤੇ। ਇਹ ਦੀਆਂ 17 ਜਿਲਦਾਂ ਛਪ ਚੁੱਕੀਆਂ ਹਨ ਅਤੇ 4-5 ਹੋਰ ਛਪਣ ਵਾਲੀਆਂ ਹਨ। ਇਹਨਾਂ ਵਿਚੋਂ ਭਾਵੀ ਇਤਿਹਾਸ ਖੋਜੀਆਂ ਨੂੰ ਵੱਡਮੁੱਲੀ ਸਮੱਗਰੀ ਮਿਲੇਗੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਘੇਰੇ ਵਿੱਚ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ, ਸਾਧਾਰਨ ਸਿੱਖਾਂ ਤੋਂ ਲੈ ਕੇ ਵਿਸ਼ਵ ਦੇ ਅਨੇਕ ਰਾਸ਼ਟਰ ਪਰਮੁੱਖ ਵੀ ਆਉਂਦੇ ਰਹੇ। ਉਹ ਹਰ ਥਾਂ ਬੜੇ ਸਹਿਜ ਰੂਪ ਵਿਚ ਵਿਚਰਦੇ। ਉਹਨਾਂ ਨੇ ਇੰਗਲੈਂਡ ਦੇ ਹਾਊਸ ਆਫ ਕਾਮਨਜ਼ ਤੋਂ ਲੈ ਕੇ ਯੂ ਐਨ ਦੀ ਜਨਰਲ ਅਸੈਂਬਲੀ ਦੇ ਸਮਾਗਮਾਂ ਨੂੰ ਵੀ ਸੰਬੋਧਿਤ ਕੀਤਾ। ਉਹ ਸ਼ਾਕਾਹਾਰ ਅਤੇ ਸੰਸਾਰ ਅਮਨ ਨੂੰ ਇਕ ਦੂਜੇ ਦੇ ਪੂਰਕ ਸਮਝ ਕੇ ਇਹਨਾਂ ਲਈ ਆਯੂ ਪ੍ਰਯੰਤ ਕਾਰਜਸ਼ੀਲ ਰਹੇ। ਉਹ ਪੰਜਾਬ ਅਮਨ ਕੌਂਸਲ ਦੇ ਪਰਧਾਨ ਰਹੇ। ਵਿਸ਼ਵ ਅਮਨ ਸੰਮੇਲਨ ਹੇਲਸਿੰਕੀ ਵਿੱਚ ਉਹਨਾਂ ਆਪਣੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਨੂੰ ਭੇਜਿਆ। ਉਹ ਫੁਰਮਾਉਂਦੇ ਸਨ ਕਿ ਦੁਨੀਆਂ ਵਿਚ ਅਮਨ ਕਾਇਮ ਕਰਨ ਲਈ ਸਾਰੇ ਮਾਰੂ ਹਥਿਆਰਾਂ 'ਤੇ ਪਾਬੰਦੀ ਲਾਉਣੀ ਜ਼ਰੂਰੀ ਹੈ। ਇਸਦੇ ਨਾਲ ਹੀ ਕੋਈ ਵੀ ਕਿਸੇ ਦਾ ਹੱਕ ਨਾ ਮਾਰੇ। ਇਸ ਧਰਤੀ 'ਤੇ ਸਭ ਨੂੰ ਮਹਿਕਣ ਦਾ ਸਮਾਨ ਅਵਸਰ ਮਿਲੇ। ਉਹ ਪੰਜਾਬ ਸੰਕਟ ਦੇ ਦਿਨਾਂ ਵਿਚ ਆਪਣੇ ਸਿੰਘਾਂ ਨੂੰ ਘਟਨਾਵਾਂ ਦੀ ਸਹੀ ਜਾਣਕਾਰੀ ਤੇ ਸੰਤੁਲਿਤ ਪਹੁੰਚ ਬਣਾਈ ਰੱਖਣ ਲਈ ਕਾ. ਜਗਜੀਤ ਸਿੰਘ ਅਨੰਦ ਦੁਆਰਾ ਸੰਪਾਦਿਤ ਭਾਰਤੀ ਕਮਿਊਨਿਸਟ ਪਾਰਟੀ ਦੇ ਮੁੱਖ ਅਖ਼ਬਾਰ 'ਨਵਾਂ ਜ਼ਮਾਨਾ' ਨੂੰ ਪੜ੍ਹਣ ਲਈ ਪ੍ਰੇਰਦੇ ਸਨ। ਕਿਉਂਕਿ ਬਾਕੀ ਅਖ਼ਬਾਰ ਘਟਨਾਵਾਂ ਨੂੰ ਸਿੱਖ ਐਨਕਾਂ ਜਾਂ 'ਹਿੰਦੂ ਐਨਕਾਂ ਵਿਚੋਂ ਵੇਖਦੇ ਸਨ। ਉਹਨਾਂ ਦੇ ਸੰਸਾਰ ਅਮਨ ਦੇ ਸੁਆਲ 'ਤੇ ਨਾਸਤਿਕ ਕਮਿਊਨਿਸਟਾਂ ਨਾਲ ਮੇਲਜੋਲ 'ਤੇ ਕਿਸੇ ਸੱਜਣ ਨੇ ਕਿੰਤੂ ਕੀਤਾ ਤਾਂ ਆਪ ਦਾ ਜੁਆਬ ਸੀ-

"ਮੇਰੇ ਘਰ ਨੂੰ ਅੱਗ ਲੱਗੀ ਹੋਵੇ, ਕੋਈ ਕਮਿਊਨਿਸਟ ਪਾਣੀ ਦੀ ਬਾਲਟੀ ਭਰ ਲਿਆਵੇ ਤਾਂ ਕੀ ਮੈਂ ਉਸਨੂੰ ਵਾਪਸ ਮੋੜ ਦਿਆਂਗਾ? "

ਉਹ ਚਲੰਤ ਘਟਨਾਵਾਂ ਤੇ ਸਟੀਕ ਟਿੱਪਣੀਆਂ ਕਰਿਆ ਕਰਦੇ ਸਨ। ਸੰਨ 1979 ਦੇ ਜੁਲਾਈ ਮਹੀਨੇ (ਅਕਾਸ਼ੀ ਪ੍ਰਯੋਗਸ਼ਾਲਾ) "ਸਕਾਈ ਲੈਬ ਡਿੱਗਣ ਦੇ ਚਰਚੇ ਸਨ। ਕਿਸੇ ਨੇ ਆਪ ਨੂੰ ਪੁੱਛਿਆ ਤਾਂ ਜੁਆਬ ਦਿੱਤਾ, ਮੈਨੂੰ ਤਾਂ 'ਦੇਸਾਈ ਲੈਬ ਡਿਗਦੀ ਜਾਪਦੀ ਹੈ। ਯਾਦ ਰਹੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੀ ਜਨਤਾ ਸਰਕਾਰ ਉਸ ਤੋਂ ਕੁਝ ਦਿਨ ਬਾਅਦ ਹੀ ਡਿੱਗ ਪਈ ਸੀ। ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸ੍ਰੀ ਅਸ਼ੋਕ ਸਿੰਘਾਲ ਨੇ ਆਪ ਨੂੰ ਕੋਈ ਪ੍ਰਵਚਨ ਦੇਣ ਲਈ ਕਿਹਾ ਤਾਂ ਏਨਾ ਹੀ ਕਿਹਾ-"ਝਗੜੇ ਛੱਡ ਦਿਉ"। ਸੰਤਾਨ ਨਾਤੇ ਆਪ ਦੀ ਇਕੋ ਸਪੁੱਤਰੀ, ਬੀਬਾ ਸਾਹਿਬ ਕੌਰ ਸੰਤ ਜਗਤਾਰ ਸਿੰਘ ਪਨਿਹਾਰੀ ਨਾਲ ਪਰਣਾਏ ਗਏ। ਕਾਕਾ ਜੈ ਸਿੰਘ ਆਪਦਾ ਦੋਹਤਾ ਅਤੇ ਬੀਬੀ ਜੈ ਕੌਰ ਦੋਹਤੀ ਹੈ। ਆਪ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਨਵ ਨਿਰਮਾਣ ਅਤੇ ਇਤਿਹਾਸਕ ਅਸਥਾਨਾਂ ਦੀ ਸਾਂਭ ਸੰਭਾਲ ਲਈ, ਸੰਤ ਜਗਤਾਰ ਸਿੰਘ ਹੋਰਾਂ ਵੱਡੀ ਸੇਵਾ ਨਿਭਾਈ ਹੈ। ਸੰਤ ਜਗਤਾਰ ਸਿੰਘ ਹੋਰਾਂ ਦੇ ਇਕ ਵਾਰੀ ਆਗਾਮੀ ਕਾਰਜਾਂ ਬਾਰੇ ਪੁੱਛਣ 'ਤੇ ਸਤਿਗੁਰੂ ਜੀ ਨੇ ਸ੍ਰੀ ਉਦੇ ਸਿੰਘ ਜੀ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਹੁਣ ਇਹੋ ਕਰਵਾ ਲੈਣਗੇ, ਜਿਸ ਤਰ੍ਹਾਂ ਕਰਵਾਉਣਾ ਹੋਇਆ। ਇਸੇ ਕਾਰਨ 13 ਦਸੰਬਰ 2012 ਨੂੰ ਆਪ ਦੇ ਦੇਹਾਵਾਸਨ ਅਤੇ 14 ਦਸੰਬਰ ਨੂੰ ਸਸਕਾਰ ਬਾਅਦ ਮਾਤਾ ਚੰਦ ਕੌਰ ਜੀ ਦੇ ਹੁਕਮ ਅਨੁਸਾਰ ਸ੍ਰੀ ਉਦੇ ਸਿੰਘ ਜੀ ਦੀ ਸਤਿਗੁਰੂ ਜੀ ਦੇ ਅਧਿਆਤਮਕ ਵਾਰਸ ਵਜੋਂ ਘੋਸ਼ਣਾ ਹੋਈ। 23 ਦਸੰਬਰ ਨੂੰ ਸਤਿਗੁਰੂ ਜੀ ਨਮਿਤ ਭੋਗ ਸਮਾਗਮ ਸਮੇਂ, ਪੰਜਾਹ ਹਜ਼ਾਰ ਸੰਗਤ ਅਤੇ ਸੂਬਾ ਪੱਧਰੀ ਤੇ ਕੌਮੀ ਪੱਧਰੀ ਧਾਰਮਿਕ, ਸਮਾਜਿਕ, ਸਿਆਸੀ ਤੇ ਸਾਹਿਤਕ ਹਸਤੀਆਂ ਜੁੜੀਆਂ। ਇਸ ਸਮੇਂ ਸੰਗਤ ਵੱਲੋਂ ਭੇਟ ਕੀਤੀ ਮਾਤਾ ਚੰਦ ਕੌਰ ਜੀ ਦੀ ਹਾਜ਼ਰੀ ਵਿਚ ਗੁਰਤਾ ਗੱਦੀ ਦੀ ਦਸਤਾਰ, ਸਤਿਗੁਰੂ ਉਦੇ ਸਿੰਘ ਨੇ ਧਾਰਨ ਕੀਤੀ। ਆਪ ਦੇ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਨਾਲ ਨਾਮਧਾਰੀ ਜਗਤ ਨੂੰ ਉੱਜਲ ਭਵਿੱਖ ਦੀ ਆਸ ਬੱਝ ਗਈ। ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਰੌਸ਼ਨੀ ਵਿਚ, ਨਾਮਧਾਰੀ ਪੰਥ ਦਾ ਸੁਯੋਗ ਸੰਚਾਲਨ ਕਰ ਰਹੇ ਹਨ।

**ਕਰੀਵਾਲਾ (ਸਿਰਸਾ)**
**ਫੋਨ: 99963-71716**

----------------

# ਸਤਿਗੁਰੂ ਜਗਜੀਤ ਸਿੰਘ ਜੀ ਦਾ ਯਥਾਰਥਕ ਪ੍ਰਭਾਵ

**ਡਾ. ਤਾਰਨ ਸਿੰਘ**

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕਈ ਪ੍ਰਕਾਰ ਦੇ ਪ੍ਰਭਾਵ ਮੇਰੇ ਮਨ ਤੇ ਯਥਾਰਥਕ ਤੌਰ 'ਤੇ ਉਕਰੇ ਹੋਏ ਹਨ। ਯਥਾਰਥਕ ਤੌਰ 'ਤੇ ਦਾ ਭਾਵ ਹੈ ਕਿ ਇਹ ਪ੍ਰਭਾਵ ਨਾ ਓਪਰੇ, ਨਾ ਅਣਅਜ਼ਮਾਏ ਤੇ ਨਾ ਅਣਵਿਚਾਰੇ ਹੋਏ ਹਨ ਸਗੋਂ ਵੇਖੇ ਚਾਖੇ ਤੇ ਪਰਖੇ ਪੜਤਾਲੇ ਹੋਏ ਹਨ। ਗੱਲਾਂ ਕਈ ਕਹਿਣ ਵਾਲੀਆਂ ਹਨ ਪਰ ਚਾਰ ਦਾ ਇਸ ਵੇਲੇ ਵਿਸ਼ੇਸ਼ ਵਰਣਨ ਕਰਦਾ ਹਾਂ-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਦਿਆਂ ਪਹਿਲਾ ਪ੍ਰਭਾਵ ਉਹਨਾਂ ਦੀ ਸਾਦਾ ਰਹਿਣੀ ਬਹਿਣੀ ਦਾ ਹੈ। ਪਰ ਉਹਨਾਂ ਦੀ ਸਾਦਗੀ ਇਕ ਭੇਸ ਜਾਂ ਬਾਹਰਲਾ ਪਹਿਰਾਵਾ ਹੀ ਨਹੀਂ, ਇਹ ਸਾਦਗੀ ਉਹਨਾਂ ਦਾ ਅੰਤਰੀਵ ਸੁਭਾਅ ਹੈ ਅਤੇ ਉਹਨਾਂ ਦੀ ਆਤਮਾ ਦਾ ਸਾਥੀ ਹੈ। ਜਿਤਨੇ ਨਿਰਮਲ, ਦੁੱਧ ਚਿੱਟੇ, ਮੋਟੇ ਖੱਦਰ ਦੇ ਉਹਨਾਂ ਦੇ ਬਸਤਰ ਹਨ, ਉਤਨਾ ਹੀ ਨਿਰਮਲ ਪਵਿੱਤਰ ਉਹਨਾਂ ਦਾ ਮਨ ਹੈ ਅਤੇ ਉਤਨੀ ਹੀ ਉਹਨਾਂ ਦੀ ਹੰਸ ਰੂਪ ਆਤਮਾ ਹੈ। ਬਹੁਤੀਆਂ ਗੱਲਾਂ ਉਹ ਨਹੀਂ ਕਰਦੇ ਪਰ ਥੋੜ੍ਹੇ ਹੀ ਸ਼ਬਦਾਂ ਵਿਚ ਉਹ ਸਾਰਾ ਨਿੱਘ ਮਿਲਣ ਵਾਲੇ ਨੂੰ ਦੇ ਦਿੰਦੇ ਹਨ। ਬਸਤਰਾਂ ਦੀ ਸਾਦਗੀ ਉਹਨਾਂ ਦੇ ਸਾਦਾ ਖਾਣ ਪਾਣ ਤੇ ਸਾਦਾ ਰਹਿਣ ਬਹਿਣ ਵਿਚ ਵੀ ਸਾਖਿਆਤ ਰਹਿੰਦੀ ਹੈ। ਸੋਚਣੀ ਸਾਦਾ ਤੇ ਸਪੱਸ਼ਟ ਹੈ। ਬਿਆਨ ਸਾਦਾ ਤੇ ਸਪੱਸ਼ਟ ਹਨ। ਮਨ ਤੇ ਮੁਖ 'ਤੇ ਬਚਨ ਸਾਦਾ ਤੇ ਸਪੱਸ਼ਟ ਹਨ। ਭੈਣੀ ਸਾਹਿਬ ਦਾ ਸਾਰਾ ਵਾਤਾਵਰਣ ਸਾਦਗੀ ਦਾ ਹੈ। ਸਾਦਾ ਪਰ ਅਮੁੱਕ ਭੰਡਾਰੇ ਵਾਲਾ ਲੰਗਰ ਅਸਥਾਨ ਹੈ। ਸਾਦਗੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਹੈ।

ਸਿਮਰਨ: ਨਾਮ ਦਾ ਸਿਮਰਨ ਹੀ ਕੇਵਲ ਸਾਦਗੀ ਦੇ ਸਕਦਾ ਹੈ। ਸੇਠ ਤਰਲੋਕ ਸਿੰਘ ਜੀ ਦੀ ਕੋਠੀ ਅੰਮ੍ਰਿਤ ਵੇਲੇ ਤਿੰਨ ਵਜੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਰਪੂਰ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਿਆਂ ਮੈਂ ਆਪ ਸੁਣਿਆ ਦੇਖਿਆ ਹੈ। ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੂੰ ਕੀਰਤਨ ਕਰਦਿਆਂ ਮੈਂ ਆਪ ਦੇਖਿਆ ਤੇ ਸੁਣਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਰ ਅਨੇਕ ਬਖਸ਼ਿਸ਼ਾਂ ਜੋ ਇਹਨਾਂ ਨੂੰ ਦਾਤ ਉਹਨਾਂ ਦਿੱਤੀ ਹੈ ਉਹ ਅਮੋਲਕ ਹੈ। ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਹੀ ਇਹਨਾਂ ਨੂੰ ਰਾਗ ਦੀ ਦਾਤ ਮਿਲੀ ਹੈ, ਸਿਮਰਨ ਦੀ ਗੁੜਤੀ ਮਿਲੀ ਹੈ, ਪਸ਼ੂ ਪਾਲਣ ਦਾ ਸ਼ੌਕ ਮਿਲਿਆ ਹੈ। ਗਊ-ਘੋੜੇ ਦੀ ਪਰਖ ਮਿਲੀ ਹੈ। ਸਿਮਰਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਰੀ ਟੇਕ ਹੈ। ਭੈਣੀ ਸਾਹਿਬ ਵਿਖੇ ਦਰਜਨਾਂ ਵਿਅਕਤੀਆਂ ਨੂੰ ਸਿਮਰਨ ਵਿਚ ਸਮਾਧੀ ਅਸਥਿਤ ਹੋਇਆਂ ਮੈਂ ਦੇਖਿਆ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਿਖਿਆ ਦਾ ਸਾਰ ਅੰਮ੍ਰਿਤ ਨਾਮ ਦਾ ਸਿਮਰਨ ਹੈ। ਜਿਹੜਾ ਵੀ ਇਹ ਕਮਾ ਲੈਂਦਾ ਹੈ ਉਹ ਨਾਮਧਾਰੀ ਹੈ ਤੇ ਸੱਚਾ ਸੁੱਚਾ ਸਿੱਖ ਹੈ। ਨਾਮਧਾਰੀਆਂ ਨੇ ਸਿਮਰਨ ਦੀ ਕਮਾਈ ਕਰ ਲਈ ਹੈ ਤੇ ਕਰ ਰਹੇ ਹਨ। ਇਹ ਲਾਗ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੈ।

ਤੀਜੀ ਗੱਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਮਰਤਾ ਹੈ। ਇਹ ਬੜੇ ਸਮਰੱਥ ਹਨ। ਜੀਵਨ ਨਗਰ ਦੇ ਦਰਸ਼ਨ ਮੈਂ ਨਹੀਂ ਕੀਤੇ। ਪਰ ਇਹਨਾਂ ਪਾਸ ਜ਼ਮੀਨਾਂ ਹਨ, ਫਾਰਮ ਹਨ, ਪਸ਼ੂ ਹਨ, ਕਾਰਾਂ ਤੇ ਜੀਪਾਂ ਹਨ, ਵਿਦੇਸ਼ਾਂ ਵਿਚ ਇਹ ਆਮ ਆਉਂਦੇ ਜਾਂਦੇ ਹਨ, ਹਜ਼ਾਰਾਂ ਸਿੱਖ ਸੇਵਕ ਇਹਨਾਂ ਨੂੰ ਕਰੋੜਾਂ ਰੁਪਏ ਭੇਟ ਕਰਨ ਦੇ ਸਮਰੱਥ ਹਨ। ਪਰ ਜਦੋਂ ਵੀ, ਜਿਸ ਹਾਲਤ ਵਿਚ ਵੀ ਇਹਨਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ, ਇਉਂ ਹੀ ਪ੍ਰਤੀਤ ਹੋਇਆ ਹੈ ਕਿ ਇਹ ਬੜੀ ਨਿਮਰਤਾ ਨਾਲ ਮਿਲਦੇ ਹਨ, ਨਿਮਰਤਾ ਨਾਲ ਗੱਲਬਾਤ ਕਰਦੇ ਹਨ ਅਤੇ ਇਹਨਾਂ ਦੀ ਨਿਮਰਤਾ ਕੁਝ ਸਮੇਂ ਲਈ ਧਾਰਨ ਕੀਤਾ ਹੋਇਆ ਵਿਖਾਵਾ ਨਹੀਂ ਹੈ ਸਗੋਂ ਇਹਨਾਂ ਨੂੰ ਮਾਣ ਹੰਕਾਰ ਤੇ ਹੈਂਕੜਬਾਜ਼ੀ ਕਰਨੀ ਆਉਂਦੀ ਹੀ ਨਹੀਂ। ਇਹ ਨਾਮਧਾਰੀ ਮੈਨੂੰ ਬੜੇ ਪਿਆਰੇ ਤੇ ਚੰਗੇ ਚੰਗੇ ਲੱਗੇ ਹਨ। ਚੰਡੀਗੜ੍ਹ ਮੇਰਾ ਮਕਾਨ ਜਿਨ੍ਹਾਂ ਕਾਮਿਆਂ ਨੇ ਬਣਾਇਆ ਉਹ ਵੀ ਸਬੱਬ ਨਾਲ ਨਾਮਧਾਰੀ ਸਨ। ਇੱਟਾਂ ਲਗਾਂਦਿਆਂ, ਰੰਦਾ ਫੇਰਦਿਆਂ ਉਹ ਕਥਾ ਵਾਰਤਾ ਕਰਦੇ, ਬਾਣੀ ਪੜ੍ਹਦੇ ਅਤੇ ਕੀਰਤਨ ਕਰਦੇ ਸਨ। ਨਿਮਰਤਾ ਨਾਮਧਾਰੀਆਂ ਦਾ ਸਰਟੀਫਿਕੇਟ ਹੈ, ਉਹਨਾਂ ਦੇ ਸਿਮਰਨ ਦਾ ਸਬੂਤ ਹੈ।

ਜੋ ਗੱਲ ਸਭ ਤੋਂ ਵਚਿੱਤਰ ਹੈ ਉਹ ਸਤਿਗੁਰੂ

ਜਗਜੀਤ ਸਿੰਘ ਜੀ ਦੀ ਉਦਾਰਤਾ ਹੈ, ਸਮਦ੍ਰਿਸ਼ਟਤਾ ਹੈ, ਸਹਿਵਾਸ ਦੀ ਭਾਵਨਾ ਹੈ। ਮੈਂ ਨਾਮਧਾਰੀ ਨਹੀਂ, ਇਹਨਾਂ ਦੇ ਦੀਵਾਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ। ਨਾਮਧਾਰੀ ਸਤਿਗੁਰੂ ਜੀ ਨੂੰ ਮੱਥਾ ਟੇਕਦੇ ਸਨ ਮੈਂ ਅੰਦਰੋਂ ਇਹਨਾਂ ਨੂੰ ਮੱਥਾ ਟੇਕ ਦਿੱਤਾ ਹੈ ਪਰ ਰਸਮੀ ਤੌਰ 'ਤੇ ਨਹੀਂ ਟੇਕਿਆ।

ਮੇਰਾ ਅਨੁਭਵ ਇਹ ਹੈ ਕਿ ਉਹਨਾਂ ਦੇ ਮੂੰਹ 'ਤੇ ਕਦੇ ਮਲਾਲ ਨਹੀਂ ਆਇਆ। ਉਹਨਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਕੋਈ ਉਹਨਾਂ ਨੂੰ ਮੱਥਾ ਟੇਕੇ। ਕਿਸੇ ਦੂਰ ਦੇ ਇਸ਼ਾਰੇ ਨਾਲ ਵੀ ਉਹਨਾਂ ਇਹ ਕਦੇ ਪ੍ਰਗਟ ਨਹੀਂ ਕੀਤਾ ਕਿ ਮੈਂ ਜਾਂ ਕੋਈ ਹੋਰ ਉਹਨਾਂ ਦੀ ਸੰਪ੍ਰਦਾ ਵਿਚ ਆਵੇ। ਜਦੋਂ ਵੀ ਉਹ ਸਿੱਖੀ ਤੇ ਪੰਥ ਦੀ ਕੋਈ ਗੱਲ ਕਰਦੇ ਹਨ, ਕਦੇ ਵੀ ਆਪਣੀ ਸੰਪ੍ਰਦਾ ਦੀ ਮਹਾਨਤਾ ਦਾ ਕੋਈ ਇਸ਼ਾਰਾ ਨਹੀਂ ਕਰਦੇ। ਕੱਟੜਪੁਣਾ, ਤੰਗਨਜ਼ਰੀਆ ਸਦਾ ਉਹਨਾਂ ਤੋਂ ਕੋਹਾਂ ਦੂਰ ਰਹੇ ਹਨ। ਇਹ ਮੇਰੇ ਮਨ 'ਤੇ ਪ੍ਰਭਾਵ ਹੈ। ਉਹ ਸਦਾ ਵਿਸ਼ਾਲ ਹਿਰਦੇ ਨਾਲ ਗੱਲਬਾਤ ਕਰਦੇ ਹਨ। ਵਿਸ਼ਾਲਤਾ ਵਿਚ ਵਿਚਰਦੇ ਹਨ, ਸਭ ਵਿਚਾਰਾਂ ਦਾ ਸਤਿਕਾਰ ਕਰਦੇ ਹਨ, ਸਭ ਨਾਲ ਸਹਿਵਾਸ ਰੱਖ ਸਕਦੇ ਹਨ। ਇਹ ਬੜੀ ਵੱਡੀ ਸ਼ਖਸੀਅਤ ਦਾ ਭੂਸ਼ਣ ਹੈ।

ਮੇਰੀ ਸਮਰੱਥਾ ਵਿੱਚ ਨਹੀਂ ਹੈ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਮਾਪਣ ਦੇ ਕੋਈ ਮਿਆਰ ਕਾਇਮ ਕਰ ਸਕਾਂ ਜਾਂ ਉਹਨਾਂ ਦੀ ਸ਼ਖਸੀਅਤ ਦਾ ਮੁੱਲ ਪਾ ਸਕਾਂ। ਇਹਦੇ ਨਾਲ ਉਹਨਾਂ ਨੂੰ ਨਮਸਕਾਰ ਕਰ ਕੇ ਮੈਂ ਇਹ ਬਿਆਨ ਸਮਾਪਤ ਕਰਦਾ ਹਾਂ।

----------------

# ਹੈ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ

ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ
ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।

ਬੋਲ ਮਿੱਠੇ ਵਾਂਗ ਮਿਸ਼ਰੀ ਮਾਖਿਓਂ
ਵਾਹ ਤਿਰੀ ਮੁਸਕਾਨ ਗੁਰ ਜਗਜੀਤ ਸਿੰਘ।

ਵੰਡਦਾ ਏ ਬੁੱਕ ਭਰ ਭਰ ਰਹਿਮਤਾਂ
ਬਹੁ ਕਰੇ ਅਹਿਸਾਨ ਗੁਰ ਜਗਜੀਤ ਸਿੰਘ।

ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ।

ਰਾਗ ਇਹਦੀ ਬੁੱਲੀਆਂ ਤੇ ਖੇਡਦਾ
ਸੰਗੀਤ ਦੀ ਹੈ ਤਾਨ ਗੁਰ ਜਗਜੀਤ ਸਿੰਘ।

ਪਿਆਰ ਨਹੀ ! ਇਹ ਤਾਂ ਏ ਸੋਮਾਂ ਪਿਆਰ ਦਾ
ਮੋਹ ਦੀ ਹੈ ਖ਼ਾਨ ਗੁਰ ਜਗਜੀਤ ਸਿੰਘ।

ਛੋਹ ਅੱਗੇ ਤੁੱਛ ਸੁਖ ਸੰਸਾਰ ਦੇ
ਜਾਂ ਦੁੱਖਾਂ ਦਾ ਘਾਣ ਗੁਰ ਜਗਜੀਤ ਸਿੰਘ।

ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ
ਧਰਮ ਤੇ ਈਮਾਨ ਗੁਰ ਜਗਜੀਤ ਸਿੰਘ।

ਜੋ ਅਸੰਭਵ ਨੂੰ ਤੁਰਤ ਸੰਭਵ ਕਰੇ,
ਓਸ ਦੀ ਪਹਿਚਾਣ ਗੁਰ ਜਗਜੀਤ ਸਿੰਘ।

ਪਾਤਰ ਹੈ ਹਰ ਜੀਵ ਦੇ ਸਤਿਕਾਰ ਦਾ
ਰਾਮ ਤੇ ਰਹਿਮਾਨ ਗੁਰ ਜਗਜੀਤ ਸਿੰਘ।

ਜ਼ਹਿਮਤਾਂ ਨੂੰ ਰਹਿਮਤਾਂ ਨਾ ਕੱਟਦਾ
ਹਰ ਸਿੱਖ ਦਾ ਨਿਗਰਾਨ ਗੁਰ ਜਗਜੀਤ ਸਿੰਘ।

**ਅਜੀਤ ਸਿੰਘ ਲਾਇਲ**

# ਅਸਲ ਧਰਮ ਤਾਂ ਮੁਹਬੱਤ ਹੀ ਏ

**ਸਈਅਦ ਆਸਿਫ਼ ਸ਼ਾਹਕਾਰ**

ਮੈਂ ਉਹਨਾਂ ਦਿਨਾਂ ਵਿਚ ਸਿੰਘਾਪੁਰ ਰਹਿੰਦਾ ਸਾਂ। ਗੱਲ 1983 ਦੀ ਹੈ। ਇਕ ਦਿਨ ਮੈਨੂੰ ਭਾਰਤ 'ਚੋਂ ਘੱਲੀ ਚਿੱਠੀ ਮਿਲੀ। ਜਿਹਦੇ ਵਿਚ ਬੰਕੌਕ ਵਿਚ ਹੋ ਰਹੀ ਪੰਜਾਬੀ ਦੀ ਇੰਟਰਨੇਸ਼ਨਲ ਕਾਨਫ੍ਰੰਸ ਦਾ ਸੱਦਾ ਸੀ, ਨਾਲ ਹੀ ਇਕ ਚਿੱਠੀ ਐਸ.ਐਸ. ਮੀਸ਼ਾ ਦੀ ਸੀ ਜਿਹਦੇ ਵਿਚ ਉਹਨੇ ਆਖਿਆ ਸੀ ਕਿ ਉਹ ਵੀ ਇਸ ਕਾਨਫ੍ਰੰਸ ਵਿਚ ਹਿੱਸਾ ਲਵੇਗਾ। ਮੈਂ ਆਪਣੀ ਬੀਵੀ ਨਾਲ ਗੱਲਬਾਤ ਕੀਤੀ ਤਾਂ ਉਹ ਇਸ ਸੱਦੇ ਤੋਂ ਖੁਸ਼ ਹੋਈ ਕਹਿਣ ਲੱਗੀ, ਸਾਥੋਂ ਹਾਲੇ ਥਾਈਲੈਂਡ ਵੇਖਣਾ ਰਹਿ ਗਿਆ ਐ, ਚੱਲੋ ਇਸ ਬਹਾਨੇ ਥਾਈਲੈਂਡ ਵੀ ਵੇਖਿਆ ਜਾਏਗਾ, ਨਾਲੇ ਤੁਸੀਂ ਆਪਣੀ ਪੰਜਾਬੀ ਲਿਖਾਰੀ ਬਰਾਦਰੀ ਨੂੰ ਵੀ ਮਿਲ ਲਿਓ।

ਮੈਂ ਜਦ ਬੰਕੌਕ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਇਸ ਕਾਨਫ੍ਰੰਸ ਦਾ ਆਹਰ ਨਾਮਧਾਰੀਆਂ ਨੇ ਕੀਤਾ ਹੈ ਤੇ ਇਸ ਕਾਨਫਰੰਸ ਵਿਚ ਹਿੱਸਾ ਲੈਣ ਉਹਨਾਂ ਦੇ ਗੁਰੂ ਵੀ ਆਏ ਹਨ। ਮੈਨੂੰ ਇਸ ਤੋਂ ਪਹਿਲਾਂ ਨਾਮਧਾਰੀਆਂ ਬਾਰੇ ਕੱਖ ਨਹੀਂ ਸੀ ਪਤਾ। ਉਸ ਦੀ ਇਕ ਵਜ੍ਹਾ ਤੇ ਇਹ ਸੀ ਕਿ ਮੇਰੇ ਖਿਆਲ ਖੱਬੇ ਪਾਸੇ ਦੀ ਸਿਆਸਤ ਨਾਲ ਮਿਲਦੇ ਸਨ ਤੇ ਇਹ ਸਿਅਸਤ ਸਿਖਾਉਣ ਵਾਲੇ ਗੁਰੂਆਂ ਨੇ ਮਜ਼ਹਬ ਤੇ ਧਰਮ ਤੋਂ ਦੂਰ ਰਹਿਣ ਦਾ ਰਾਹ ਵਿਖਾਇਆ ਸੀ।

ਹੁਣ ਬੰਕੌਕ ਦੀ ਇਸ ਕਾਨਫਰੰਸ ਦਾ ਆਹਰ ਨਾਮਧਾਰੀਆਂ ਕੀਤਾ ਸੀ ਤੇ ਇਸ ਵਿਚ ਇਕ ਧਰਮੀ ਸਖ਼ਸ਼ੀਅਤ ਦਾ ਮੌਜੂਦ ਹੋਣਾ, ਮੈਂ ਦੋਵਾਂ ਗੱਲਾਂ ਤੋਂ ਤ੍ਰਹਿ ਗਿਆ। ਮੈਂ ਇਸ ਕਾਨਫ੍ਰੰਸ ਵਿਚ ਪਹਿਲਾ ਪਾਕਿਸਤਾਨੀ ਸਾਂ। ਇਸ ਕਾਂਨਫ੍ਰੰਸ ਵਿਚ ਸ਼ਾਮਲ ਲਗਭਗ ਸਾਰੇ ਹਿੰਦੋਸਤਾਨੀ ਲਿਖਾਰੀਆਂ ਨੇ ਮੈਨੂੰ ਬੇਹੱਦ ਪਿਆਰ ਤੇ ਇੱਜ਼ਤ ਦਿੱਤੀ। ਇਕ ਥਾਂ ਕੇਂਦਰੀ ਵਜ਼ੀਰ ਬੂਟਾ ਸਿੰਘ ਨੂੰ ਵੀ ਮਿਲੇ। ਉਹ ਵੀ ਮੈਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਮਿਲੇ। ਬਾਬਾ ਜਗਜੀਤ ਸਿੰਘ ਜੀ ਨਾਲ ਨਾ ਤਾਂ ਮੇਰੀ ਮੁਲਾਕਾਤ ਹੋਈ ਅਤੇ ਨਾ ਹੀ ਮੈਂ ਉਹਨਾਂ ਨੂੰ ਖਾਸ ਤੌਰ 'ਤੇ ਮਿਲਣ ਦੀ ਖੇਚਲ ਕੀਤੀ। ਬੰਕੌਕ ਵਾਲੀ ਕਾਨਫ੍ਰੰਸ ਵਿਚ ਪੜ੍ਹੇ ਮੇਰੇ ਪਰਚੇ ਦੀ ਹਿੰਦੋਸਤਾਨ ਵਿਚ ਬੇਅੰਤ ਚਰਚਾ ਹੋਈ। ਜੇਕਰ ਇਸ ਦੀ ਬਹੁਤ ਸਾਰੇ ਸੱਜਣਾਂ ਨੇ ਤਾਰੀਫ਼ ਕੀਤੀ ਤਾਂ ਕੁਝ ਲਿਖਾਰੀਆਂ ਨੇ ਹਸਬ-ਆਦਤ ਇਹਨੂੰ ਗਾਲ੍ਹਾਂ ਵੀ ਕੱਢੀਆਂ। ਇਹਨਾਂ ਵਿੱਚ ਇਕ ਨਾਮਧਾਰੀ ਲਿਖਾਰੀ ਅਮਰ ਭਾਰਤੀ ਵੀ ਸੀ।

ਜਦ 1996 ਵਿੱਚ ਸ਼ਿਕਾਗੋ ਵਿਚ ਹੋਈ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਦਾ ਮੈਨੂੰ ਸੱਦਾ ਨਾ ਆਇਆ ਤਾਂ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਨਾਮਧਾਰੀਆਂ ਨੇ ਮੇਰੇ ਨਾਲ ਨਰਾਜ਼ ਹੋ ਕੇ ਮੇਰਾ ਨਾਮ ਆਪਣੀ ਲਿਸਟ 'ਚੋਂ ਕੱਢ ਦਿੱਤਾ ਹੈ ।

ਹਮੇਸ਼ਾਂ ਦੀ ਤਰ੍ਹਾਂ ਜਦ ਮੈਂ ਪਿਛਲੇ ਸਾਲ ਦੌਰਾਨ ਟਰੱਸਟ ਦੇ ਇਕੱਠ ਵਿਚ ਸ਼ਾਮਲ ਹੋਣ ਲਈ ਬਰਮਿੰਘਮ ਗਿਆਂ ਤਾਂ ਸੁਵਰਗਵਾਸੀ ਜਗੀਰ ਚੌਹਾਨ ਦੇ ਪੁੱਤਰ ਰਛਪਾਲ ਨੇ ਮੈਨੂੰ ਦੱਸਿਆ ਕਿ ਨਾਮਧਾਰੀ ਸੰਗਤ ਦੇ ਗੁਰੂ ਇਥੇ ਆਏ ਹੋਏ ਹਨ। ਮੈਨੂੰ ਜਿਵੇਂ ਕਿਸੇ ਨਾ ਦਿੱਸਣ ਵਾਲੀ ਖਿੱਚ ਨੇ ਮਜ਼ਬੂਰ ਕਰਨਾ ਸ਼ੁਰੂ ਕਰ ਦਿੱਤਾ ਤੇ ਮੈਂ ਰਛਪਾਲ ਨੂੰ ਆਖਿਆ, "ਗੁਰੂ ਜੀ ਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ ?"

ਸੱਗੂ ਨੂੰ ਆਖ ਵੇਖਦੇ ਹਾਂ ਹੋ ਸਕਦਾ ਹੈ ਉਹ ਕੋਈ ਇੰਤਜਾਮ ਕਰ ਦੇਣ। ਰਛਪਾਲ ਨੇ ਹਮੇਸ਼ਾਂ ਦੀ ਤਰ੍ਹਾਂ ਉਲਝਣ ਵਿਚੋਂ ਕੱਢਣ ਦਾ ਯਤਨ ਕਰਨ ਦੀ ਕੋਸ਼ਿਸ਼ ਦਾ ਸਬੂਤ ਦਿੰਦਿਆਂ ਆਖਿਆ। ਖੈਰ ਸੱਗੂ ਜੀ ਨੇ ਸਾਨੂੰ ਇਤਲਾਹ ਦਿੱਤੀ ਕਿ ਬਾਬਾ ਜੀ ਸ਼ਾਮ ਨੂੰ ਚਾਰ ਵਜੇ ਗੁਰਦੁਆਰੇ ਆਉਣਗੇ, ਤੁਸੀਂ ਓਥੇ ਆ ਜਾਓ।

ਮੈਂ ਤੇ ਰਛਪਾਲ ਚਾਰ ਵਜੇ ਜਦੋਂ ਗੁਰਦੁਆਰੇ ਪਹੁੰਚੇ ਤਾਂ ਗੁਰੂ ਜੀ ਸਾਮ੍ਹਣੇ ਮੰਚ ਤੇ ਮੌਜੂਦ ਸਨ। ਮੈਨੂੰ ਵੇਖ ਕੇ ਉਹ ਖੁਸ਼ ਹੋਏ ਅਤੇ ਇਸ਼ਾਰੇ ਨਾਲ ਸਾਨੂੰ ਬਹਿਣ ਨੂੰ ਆਖਿਆ। ਟੇਪ ਰਿਕਾਰਡ ਦੇ ਬਚਨ ਲਗੇ ਹੋਏ ਸਨ ਤੇ ਗੁਰੂ ਜੀ ਚੁੱਪ ਚਾਪ ਬੈਠੇ ਮਾਲਾ ਫੇਰ ਰਹੇ ਸਨ। ਜਦੋਂ ਟੇਪ ਰਿਕਾਰਡ ਬੰਦ ਹੋਈ ਤਾਂ ਉਹਨਾਂ ਮੈਨੂੰ ਆਪਣੇ ਕੋਲ ਬੁਲਾ ਲਿਆ। ਮੈਂ ਉਹਨਾਂ ਦੇ ਨਾਲ ਹੋ ਬੈਠਾ। ਗੁਰੂ ਜੀ ਮੈਨੂੰ ਆਖਣ ਲੱਗੇ, "ਤੁਸੀਂ ਬੰਕੌਕ ਵਿਚ ਜਿਹੜੀਆਂ ਗੱਲਾਂ ਕੀਤੀਆਂ ਸਨ ਉਹ ਮੇਰੇ ਅੰਦਰ ਖੁੱਭ ਗਈਆਂ ਸਨ ਤੇ ਮੈਨੂੰ ਕਦੇ ਨਹੀਂ ਭੁੱਲੀਆਂ"। ਮੈਂ ਉਹਨਾਂ ਦੀ ਇਹ ਗੱਲ ਸੁਣ ਕੇ ਖੁਸ਼ ਵੀ ਹੋਇਆ ਤੇ ਹੈਰਾਨ ਵੀ। ਖੁਸ਼ ਇਸ ਗੱਲ ਤੋਂ ਕਿ ਇਹ ਮੇਰੀ ਗਲਤ ਫਹਿਮੀ ਸੀ

ਕਿ ਮੇਰੀਆਂ ਗੱਲਾਂ ਨਾਮਧਾਰੀਆਂ ਨੂੰ ਭੈੜੀਆਂ ਲੱਗੀਆਂ ਸਨ। ਹੈਰਾਨੀ ਇਸ ਗੱਲ ਦੀ ਕਿ ਪੰਦਰਾਂ ਸਾਲ ਲੰਘ ਜਾਣ ਦੇ ਬਾਵਜੂਦ ਗੁਰੂ ਜੀ ਨੂੰ ਮੇਰੀ ਬੰਕੌਕ ਵਾਲੀ ਕਾਨਫ੍ਰੰਸ ਵਿਚ ਪੜ੍ਹੇ ਪਰਚੇ ਦੀਆਂ ਸਾਰੀਆਂ ਗੱਲਾਂ ਯਾਦ ਸਨ।

ਮੈਂ ਉਹਨਾਂ ਦੇ ਇਸ ਪਿਆਰ ਨੂੰ ਵੇਖਕੇ ਹੈਰਾਨ ਹੋਇਆ 'ਤੇ ਖਾਹਿਸ਼ ਜ਼ਾਹਰ ਕੀਤੀ ਕਿ ਮੇਰਾ ਦਿਲ ਕਰਦਾ ਏ ਕਿ ਮੈਂ ਸੰਗਤ ਸਾਮ੍ਹਣੇ ਕੁਝ ਸ਼ਬਦ ਬੋਲਾਂ। ਗੁਰੂ ਜੀ ਫੌਰਨ ਰਾਜ਼ੀ ਹੋ ਗਏ। ਉਹਨਾਂ ਦਿਨਾਂ ਵਿਚ ਪਾਕਿਸਤਾਨ ਤੇ ਹਿੰਦੋਸਤਾਨ ਵਿਚ ਐਟਮ ਬੰਬਾਂ ਦੀ ਦੌੜ ਲੱਗੀ ਹੋਈ ਸੀ। ਮੈਂ ਇਹਨਾਂ ਦਿਨਾਂ ਦੇ ਹਵਾਲੇ ਨਾਲ ਪੰਜਾਬ ਅਤੇ ਪੰਜਾਬੀ ਕੌਮ ਲਈ ਪੈਦਾ ਹੋਏ ਖਤਰੇ ਦੀ ਗੱਲ ਕੀਤੀ। ਜਦ ਮੇਰੀਆਂ ਗੱਲਾਂ ਮੁੱਕ ਗਈਆਂ ਤਾਂ ਗੁਰੂ ਜੀ ਇਨ੍ਹਾਂ ਗੱਲਾਂ ਦੇ ਜਵਾਬ ਵਿਚ ਮੁਖ਼ਾਤਿਬ ਹੋਏ। ਉਹਨਾਂ ਆਖਿਆ ਇਹਨਾਂ ਬੰਬਾਂ ਨੂੰ ਲੋਕਾਂ ਦੇ ਖਿਲਾਫ਼ ਵਰਤਨ ਦੀ ਥਾਂ ਦੋਵਾਂ ਪੰਜਾਬਾਂ ਵਿਚ ਖੜੀ ਕੰਧ ਨੂੰ ਢਾਹੁਣ ਲਈ ਵਰਤਣਾ ਚਾਹੀਦਾ ਹੈ। ਉਹਨਾਂ ਦੀ ਇਸ ਗੱਲ ਦੇ ਪਿੱਛੇ ਇਕ ਪੂਰਾ ਸਮੁੰਦਰ ਸੀ। ਜੋ ਇਕ ਪਾਸੇ ਪੰਜਾਬ ਦੀ ਵੰਡ ਦਾ ਦੁੱਖ ਸੀ ਤੇ ਦੂਜੇ ਪਾਸੇ ਅਮਨ ਤੇ ਸ਼ਾਂਤੀ ਦਾ ਪ੍ਰਚਾਰ ਸੀ। ਜੇਕਰ ਅਜੋਕੇ ਨਵੇਂ ਨਕੋਰ ਇਲਮ ਮਾਰਕੀਟਿੰਗ ਰਾਹੀਂ ਉਨ੍ਹਾਂ ਦੀ ਇਸ ਗੱਲ ਨੂੰ ਪਰਖਿਆ ਜਾਵੇ ਤਾਂ ਇਸ ਕੰਧ ਦੇ ਡਿੱਗਣ ਪਿੱਛੇ ਪੂਰੇ ਉਪ-ਮਹਾਂਦੀਪ ਦੀ ਖੁਸ਼ਹਾਲੀ ਦਾ ਰਾਜ ਵੀ ਲੁਕਿਆ ਹੋਇਆ ਸੀ। ਇਹ ਉਹ ਸੱਪ ਏ ਜੋ ਨਾ ਸਿਰਫ਼ ਕਰੋੜਾਂ ਜਾਨਾਂ ਨੂੰ ਲੜਿਆ ਏ, ਸਗੋਂ ਇਸ ਨੇ ਸਾਰੇ ਖਿੱਤੇ ਦੀ ਖੁਸ਼ਹਾਲੀ ਵੀ ਨਿਗਲ ਲਈ ਏ। ਇਹ ਜਦ ਵੀ ਫੁੰਕਾਰਦਾ ਏ, ਇਸ ਵਿਚੋਂ ਬਾਰੂਦ ਹੀ ਨਿਕਲਦਾ ਏ ਅਤੇ ਫੇਰ ਪੰਜਾਬ ਦੀ ਧਰਤੀ ਇਸ ਬਾਰੂਦੀ ਅੱਗ ਨਾਲ ਸੜ ਕੇ ਕਾਲੀ ਹੋ ਜਾਂਦੀ ਏ। ਘਰਾਂ ਵਿਚੋਂ ਕੀਰਨਿਆਂ ਦੇ ਬੋਲ ਉੱਠਦੇ ਹਨ ਤੇ ਹਰ ਚਿਹਰੇ 'ਤੇ ਡਰ ਤੇ ਨਫ਼ਰਤ ਦੀ ਇਕ ਤਹਿ ਜੰਮ ਜਾਂਦੀ ਏ ਤੇ ਬੰਦਾ ਆਪਣੀ ਬੰਦਿਆਈ ਗੁਆ ਬੈਠਦਾ ਏ।

ਬੰਬਾਂ ਵਾਲੀ ਗੱਲ ਕਰਨ ਤੋਂ ਵੱਖ ਉਨ੍ਹਾਂ ਪੰਜਾਬੀਆਂ ਵਿਚ ਅਮਨ, ਭਾਈਚਾਰੇ ਤੇ ਪਿਆਰ ਦੇ ਵਾਧੇ ਦੀ ਗੱਲ ਵੀ ਕੀਤੀ। ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਉਨ੍ਹਾਂ ਸਾਰੀਆਂ ਗੱਲਾਂ ਨੂੰ ਏਨਾ ਸੌਖਾ ਤੇ ਸਿੱਧਾ ਬਣਾ ਕੇ ਆਖਿਆ ਕਿ ਕਿਸੇ ਬੇਸੁਰਤ ਤੋਂ ਬੇਸੁਰਤ ਬੰਦੇ ਨੂੰ ਵੀ ਕੁਝ ਭੁਲੇਖਾ ਨਹੀਂ ਰਹੇਗਾ। ਪੰਜਾਬੀ ਇੰਨੀ ਠੇਠ ਤੇ ਸੁਆਦੀ ਕਿ ਲੱਗਦਾ ਸੀ ਜਿਵੇਂ ਸਬਦ ਉਨ੍ਹਾਂ ਦੇ ਹੁਕਮ ਦੇ ਗੁਲਾਮ ਹੋਣ। ਉਨ੍ਹਾਂ ਦੀਆਂ ਇਹ ਸਾਰੀਆਂ ਗੱਲਾਂ ਇਕ ਧਰਮੀ ਆਗੂ ਦੀਆਂ ਨਹੀਂ ਸਨ ਸਗੋਂ ਇਕ ਪੰਜਾਬੀ ਲੀਡਰ ਅਤੇ ਪੂਰੀ ਇਨਸਾਨੀਅਤ ਦੇ ਦਰਦੀ ਦੀਆਂ ਸਨ।

ਤਕਰੀਰ ਮਗਰੋਂ ਮੈਂ ਉਹਨਾ ਨਾਲ ਕੁਝ ਗੱਲਾਂ ਕਰਨਾ ਚਾਹੁੰਦਾਂ ਸਾਂ। ਉਨ੍ਹਾਂ ਆਖਿਆ ਧਾਰਮਿਕ ਪ੍ਰੋਗਰਾਮ ਮਗਰੋਂ ਕਿਸੇ ਕਮਰੇ ਵਿਚ ਬਹਿ ਜਾਂਦੇ ਆ। ਜਦ ਅਸੀਂ ਇੱਕ ਕਮਰੇ ਵਿਚ ਆਏ ਤਾਂ ਨਾਮਧਾਰੀ ਸੰਗਤ ਇੰਗਲੈਂਡ ਦਾ ਪ੍ਰਧਾਨ ਚਾਨਾ ਜੀ ਨੇ ਇਕ ਥਾਂ 'ਤੇ ਹੀ ਇਕ ਖਾਸ ਕੱਪੜਾ ਵਿਛਾ ਕੇ ਗੁਰੂ ਜੀ ਦੇ ਬੈਠਣ ਲਈ ਥਾਂ ਬਣਾਈ। ਮੈਂ ਜਦ ਨਾਲ ਬਹਿਣ ਲੱਗਾ ਤਾਂ ਉਨ੍ਹਾਂ ਮੈਨੂੰ ਰੋਕ ਦਿੱਤਾ। ਗੁਰੂ ਜੀ ਜਦ ਕਮਰੇ ਵਿਚ ਆਏ ਤਾਂ ਆਪਣੀ ਥਾਂ 'ਤੇ ਬੈਠੇ, ਤਾਂ ਮੈਂ ਉਹਨਾਂ ਨੂੰ ਆਖਿਆ, ਗੁਰੂ ਜੀ ਮੈਂ ਤੁਹਾਡੇ ਨਾਲ ਬੈਠਣਾ ਚਾਹੁੰਦਾ ਹਾਂ। ਇਹ ਗੱਲ ਸੁਣ ਕੇ ਉਸ ਕਮਰੇ ਵਿਚ ਮੌਜੂਦ ਸਭ ਨਾਮਧਾਰੀ ਬੜੇ ਹੈਰਾਨ ਹੋਏ। ਪਰ ਮੈਨੂੰ ਹੈਰਾਨੀ ਦੀ ਥਾਂ ਖੁਸ਼ੀ ਹੋਈ ਕਿ ਗੁਰੂ ਜੀ ਭਾਵੇਂ ਗੁਰੂ ਹਨ ਪਰ ਅਸਲ ਵਿਚ ਉਹ ਸੱਚੇ-ਸੁੱਚੇ ਇਨਸਾਨ ਤੇ ਪਿਆਰ ਭਰੇ ਪੰਜਾਬੀ ਹਨ। ਬਾਬਾ ਜੀ ਨੇ ਮੈਨੂੰ ਆਪਣੇ ਕੋਲ ਬਿਠਾ ਲਿਆ। ਇਹ ਇਸ ਗੱਲ ਦਾ ਸਬੂਤ ਸੀ ਕਿ ਧਰਮ ਵਿਚ ਇਕ ਇਨਸਾਨ ਦਾ ਦੂਜੇ ਇਨਸਾਨ ਲਈ ਪਿਆਰ ਸਭ ਤੋਂ ਅੱਗੇ ਹੈ। ਹਿੰਦੋਸਤਾਨ ਆਉਣ ਤੋਂ ਪਹਿਲੋਂ ਮੇਰੀ ਕਈ ਵਾਰ ਗੁਰੂ ਜੀ ਨਾਲ ਟੈਲੀਫ਼ੋਨ 'ਤੇ ਗੱਲਬਾਤ ਹੋਈ। ਇਕ ਵਾਰ ਜਦੋਂ ਮੈਨੂੰ ਕਈ ਦਿਨ ਗੁਰੂ ਜੀ ਨਾਲ ਗੱਲ ਕਰਨ ਲਈ ਇੱਧਰ ਉਧਰ ਟੈਲੀਫ਼ੋਨ ਕਰਨੇ ਪਏ ਤਾਂ ਉਹ ਮੈਨੂੰ ਬੜੀ ਮੁਸ਼ਕਿਲ ਨਾਲ ਲੱਭੇ ਤਾਂ ਮੈਂ ਉਹਨਾਂ ਨੂੰ ਮਜ਼ਾਕ ਨਾਲ ਪੰਜਾਬੀ ਦਾ ਇਕ ਅਖਾਣ ਸੁਣਾਇਆ ਕਿ ਗੁਰੂ ਜੀ ਜੇ ਊਠਾਂ ਵਾਲਿਆਂ ਨਾਲ ਯਾਰੀ ਰੱਖਣੀ ਹੋਵੇ ਤਾਂ ਬੂਹੇ ਉੱਚੇ ਰੱਖਣੇ ਪੈਂਦੇ ਨੇ।

ਉਨ੍ਹਾਂ ਫੌਰਨ ਜਵਾਬ ਦਿੱਤਾ, ਬੂਹੇ 'ਤੇ ਤਾਂ ਉੱਚੇ ਰੱਖੀਏ ਜੇ ਯਾਰੀ ਪਾਉਣੀ ਹੋਵੇ, ਪਰ ਜੇ ਯਾਰੀ ਕਦੋਂ ਦੀ ਪਹਿਲਾਂ ਹੀ ਪੈ ਗਈ ਹੋਵੇ ਤਾਂ ਬੂਹੇ ਉੱਚੇ ਰੱਖਣ ਦੀ ਕੀ ਲੋੜ ਏ। ਸ਼ਾਹਕਾਰ ਜੀ ਤੁਹਾਡੇ ਨਾਲ ਯਾਰੀ ਹੋਣੀ ਨਹੀ, ਯਾਰੀ ਹੋ ਚੁੱਕੀ ਏ। ਮੈਂ ਕਈ ਵਾਰ ਉਨ੍ਹਾਂ ਦੀ ਗੱਲ ਤੇ ਕਈ ਪੱਖਾਂ ਤੋਂ ਗਹੁ ਕੀਤਾ ਏ। ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਅਸਲ ਧਰਮ ਤੇ ਯਾਰੀ ਏ। ਜੇ ਇਹ ਗੱਲ ਗਲਤ ਹੁੰਦੀ ਤਾਂ ਪੰਜਾਬੀ ਦੇ ਸਾਰੇ ਸੂਫ਼ੀ ਸ਼ਾਇਰ ਰੱਬ ਨੂੰ ਰਾਂਝਾ ਨਾ ਆਖਦੇ, 'ਰਾਂਝਾ ਰਾਂਝਾ ਕਹਿੰਦੀ ਨੀ ਮੈਂ ਆਪੇ ਰਾਂਝਾ ਹੋਈ।'

**(ਅਜੀਤ ਸਿੰਘ ਲਾਇਲ ਦੇ ਸੰਗ੍ਰਹਿ ਵਿਚੋਂ)**

# ਅੰਦਰ ਦੀਆਂ ਰਮਜ਼ਾਂ ਦਾ ਹਾਣੀ

**ਜਤਿੰਦਰਪਾਲ ਸਿੰਘ ਜੌਲੀ**

ਮੈਂ ਯੂਨੀਵਰਸਿਟੀ ਵਿਚ ਸਾਂ। ਘਰੋਂ ਨਰਿੰਦਰ ਦਾ ਫ਼ੋਨ ਆਇਆ ਕਿ ਕੰਪਨੀ ਬਾਗ਼ ਲਾਗਲੇ ਨਾਮਧਾਰੀ ਸ਼ਹੀਦੀ ਅਸਥਾਨ 'ਤੇ ਸਤਿਗੁਰੂ ਜਗਜੀਤ ਸਿੰਘ ਜੀ ਆਏ ਹਨ, ਬਸੰਤ ਮੇਲੇ ਦੇ ਸੰਬੰਧ ਵਿਚ ਯਾਦ ਕਰਦੇ ਨੇ, ਪ੍ਰਸੰਨਤਾ ਹੋਈ। ਮੈਂ ਪਹੁੰਚਿਆ ਤਾਂ ਅੱਗੇ ਗੱਡੀਆਂ ਤਿਆਰ ਖੜੀਆਂ ਸਨ ਰਵਾਨਗੀ ਲਈ। ਸੰਗਤਾਂ ਦਰਸ਼ਨਾਂ ਲਈ ਕਤਾਰਾਂ ਵਿਚ ਰਸਤੇ ਦੇ ਦੋਵੇਂ ਬੰਨੇ ਹੱਥ ਜੋੜੀ ਖੜੀਆਂ ਸਨ। ਮੈਂ ਵਿੱਚੋਂ ਲੰਘਦਾ ਉਸ ਅਸਥਾਨ ਤੱਕ ਪੁੱਜਾ ਜਿੱਥੇ ਉਹ ਬਿਰਾਜਮਾਨ ਸਨ।

ਸਕਿਉਰਟੀ ਵਾਲਿਆਂ ਨੂੰ ਆਪਣੀ ਪਹਿਚਾਣ ਦਿੱਤੀ। ਉਹਨਾਂ ਅੰਦਰ ਸੁਨੇਹਾ ਭੇਜਿਆ। ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਮੈਨੂੰ ਆਪਣੇ ਨਾਲ ਲੈ ਤੁਰੇ, ਅੰਦਰੋਂ ਮੈਂਬਰ ਪਾਰਲੀਮੈਂਟ ਸ੍ਰੀ ਰਘੁਨੰਦਨ ਲਾਲ ਭਾਟੀਆ ਬਾਹਰ ਨਿਕਲ ਰਹੇ ਸਨ, ਨਿਹਾਲ ਹੋ ਕੇ।

ਇੰਗਲੈਂਡ ਤੋਂ ਪਰਤਣ ਉਪਰੰਤ ਇਹ ਸਾਡੀ ਦੂਸਰੀ ਮਿਲਣੀ ਸੀ। ਪਿਛਲੀ ਮਿਲਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਸ਼ਮੇਸ ਆਡੀਟੋਰੀਅਮ ਵਿਚ ਸਤਿਗੁਰੂ ਰਾਮ ਸਿੰਘ ਚੇਅਰ ਦੇ ਸਥਾਪਨਾ ਸਮਾਰੋਹ ਵੇਲੇ ਹੋਈ ਸੀ। ਪਰ ਉਦੋਂ ਸਮੇਂ ਦੀ ਘਾਟ ਕਾਰਨ ਵਧੇਰੇ ਗੁਫ਼ਤਗੂ ਨਹੀਂ ਹੋ ਸਕੀ। ਅੱਜ ਸਮਾਂ ਮਿਹਰਬਾਨ ਸੀ। ਸਤਿਗੁਰੂ ਜੀ ਬੜੇ ਮੋਹ ਤੇ ਅਪਣੱਤ ਨਾਲ ਥਾਪੜਾ ਦੇ ਕੇ ਨਿਵਾਜਿਆ। ਲਾਗੇ ਬਿਠਾਇਆ ਤੇ ਪਾਕਿਸਤਾਨ ਵਿੱਚ ਰਹਿ ਗਏ ਮਿੱਤਰਾਂ ਦੀਆਂ ਯਾਦਾਂ ਸਾਂਝੀਆਂ ਕਰਨ ਲੱਗੇ।

"ਇਕ ਵਾਰ ਕੁਝ ਪੁਰਾਣੇ ਰਾਗੀ-ਰਬਾਬੀਆਂ ਨੂੰ ਮਿਲਣ ਉਹ ਉਚੇਚੇ ਲਾਹੌਰ ਗਏ। ਮੌਲਵੀ ਫਜ਼ਲ ਮੁਹੰਮਦ ਜੋ ਸਤਿਗੁਰੂ ਪ੍ਰਤਾਪ ਸਿੰਘ ਹੁਰਾਂ ਲਈ ਸਾਜ ਬਣਾਇਆ ਕਰਦੇ ਸਨ। ਉਮਰ 100 ਵਰ੍ਹੇ ਤੋਂ ਉਪਰ ਸੀ, ਨੇਤਰ ਜੋਤੀ-ਹੀਣ। ਜਦੋਂ ਦੱਸ ਪਈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੱਦੀ ਦੇ ਨਸ਼ੀਨ ਸਤਿਗੁਰੂ ਜਗਜੀਤ ਸਿੰਘ ਜੀ ਆਏ ਨੇ, ਉਹਦੇ ਤਾਂ ਜਿਵੇਂ ਅੰਗ ਅੰਗ ਤੋਂ ਅੱਖਾਂ ਫੁੱਟ ਪਈਆਂ। ਉਸ ਦਾ ਰੋਮ ਰੋਮ ਦਰਸ਼ਨ ਦਾ ਰੂਪ ਹੋ ਗਿਆ। ਕਦੇ ਗਲਵਕੱੜੀ ਪਾਵੇ, ਕਦੇ ਚਰਨ ਛੂਹੇ। ਸਿਰ ਤੋਂ ਪੈਰਾਂ ਤੀਕ ਉਸ ਸਤਿਗੁਰੂ ਜੀ ਨੂੰ ਟੋਹ ਟੋਹ ਕੇ ਵੇਖਿਆ। ਮੋਢੇ ਤੋਂ ਕੂਣੀ, ਵੱਖੀ ਤੇ ਫਿਰ ਲੱਕ ਵੱਲ ਹੱਥ ਫੇਰਦਿਆਂ ਉਹ ਆਖੇ- ਅਹਿ ਤਾਂ ਹੋ ਗਈ ਮੀਮ, ਅਹਿ ਬਣ ਗਈ ਹੇ, ਤੇ ਅਹਿ ਫਿਰ ਮੀਮ ਤੇ ਦਾਲ। ਬਣ ਗਿਆ ਨਾ ਮੁਹਮੰਦ। ਇਹ ਮੁਸਲਮਾਨ ਕਿਸੇ ਨੂੰ ਮੁਹਮੰਦ ਦੇ ਤੁਲ ਨਹੀਂ ਗਿਣਦੇ ਪਰ ਉਹ ਰਤਾ ਮੁਸਲਮਾਨਾਂ ਤੋਂ ਉਚੇਰਾ ਹੋ ਗਿਆ ਸੀ। ਏਸੇ ਲਈ ਉਸ ਏਨੀ ਸ਼ਰਧਾ ਨਾਲ ਮੈਨੂੰ ਪਿਆਰ ਕੀਤਾ।"

ਸਤਿਗੁਰੂ ਆਪ ਮੁਹਾਰੇ ਕਹਿ ਰਹੇ ਸਨ ਉਹਨਾਂ ਦੀ ਨਜ਼ਰ ਵਿਚਲੀ ਗਹਿਰਾਈ ਵਿਚ ਦੀ ਉਹ ਪਲ ਜਿਉਂ ਦੇ ਤਿਉਂ ਖੜੇ ਸਨ। ਮੈਂ ਮੰਤਰ ਮੁਗਧ ਉਨ੍ਹਾਂ ਦੇ ਹਾਵ-ਭਾਵ ਨੂੰ ਵਾਚ ਰਿਹਾ ਸਾਂ ਤੇ ਆਲੇ-ਦੁਆਲੇ ਬੈਠੇ ਵਿਸ਼ੇਸ਼ ਸੇਵਾਦਾਰ ਸੂਬੇ ਓਨਾ ਹੀ ਗਹੁ ਨਾਲ ਮੇਰੇ ਵੱਲ ਵੇਖ ਰਹੇ ਸਨ। ਉਮਰਾਂ ਤੇ ਰੁਤਬਿਆਂ ਦੇ ਫੇਰ ਫ਼ਰਕ ਦੇ ਬਾਵਜੂਦ ਸਾਡੀ ਮਿਲਣੀ ਇਉਂ ਸੀ। ਜਿਉਂ ਦੋ ਦੋਸਤਾਂ ਦੀ ਮਿਲਣੀ ਹੋਵੇ ਪਰ ਸਤਿਗੁਰੂ ਤਾਂ



ਅੰਦਰ ਦੀਆਂ ਰਸਮਾਂ ਦਾ ਹਾਣੀ ਹੋਏ।

ਕਿੰਨੀ ਦੇਰ ਆਸਿਫ਼ ਸ਼ਾਹਕਾਰ, ਅਹਿਮਦ ਸਲੀਮ ਤੇ ਅਫ਼ਜ਼ਲ ਅਹਿਸਨ ਰੰਧਾਵਾ ਬਾਰੇ ਚਰਚਾ ਹੁੰਦੀ ਰਹੀ। ਉਸ ਕਿਤਾਬ ਦੇ ਪ੍ਰੋਜੈਕਟ 'ਤੇ ਵੀ ਵਿਚਾਰਾਂ ਹੋਈਆਂ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਬਾਰੇ ਅਹਿਮਦ ਸਲੀਮ ਲਿਖ ਰਹੇ ਸਨ। ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਨਵ-ਸਥਾਪਿਤ ਗੁਰੂ ਰਾਮ ਸਿੰਘ ਚੇਅਰ ਬਾਰੇ ਵੀ ਉਹ ਮਹਿਸੂਸ ਕਰਦੇ ਸਨ ਕਿ ਨਾਮਧਾਰੀ ਸਿੱਖਾਂ ਨੇ ਜਿੰਨੀਆਂ ਕੁਰਬਾਨੀਆਂ ਇਸ ਮੁਲਕ ਤੇ ਕੌਮ ਦੀ ਸ਼ਾਨ ਬਹਾਲ ਕਰਨ ਲਈ ਦਿੱਤੀਆਂ ਹਨ ਉਨ੍ਹਾਂ ਦੀ ਉਚਿਤ ਨਿਸ਼ਾਨ ਦੇਹੀ ਹੋਣੀ ਅਜੇ ਬਾਕੀ ਹੈ। ਉਨ੍ਹਾਂ ਸ੍ਰ: ਪਰਕਾਸ਼ ਸਿੰਘ ਬਾਦਲ ਨਾਲ ਵੀ ਜ਼ਿਕਰ ਕੀਤਾ ਕਿ ਅੰਮ੍ਰਿਤਸਰ ਯਾਤਰਾ ਦੌਰਾਨ ਹਰ ਆਮ ਖ਼ਾਸ ਯਾਤਰੂ ਜੱਲ੍ਹਿਆਂ ਵਾਲੇ ਬਾਗ਼ ਤਾਂ ਸ਼ਰਧਾ ਦੇ ਫੁੱਲ ਭੇਟ ਕਰਨ ਜਾਂਦੇ ਹਨ, ਜਿੱਥੇ ਭੱਜੇ ਜਾਂਦੇ ਪੰਜਾਬੀਆਂ ਨੂੰ ਪਿੱਠਾਂ ਵਿਚ ਗੋਲੀਆਂ ਵੱਜੀਆਂ, ਪਰ ਜਿੰਨਾਂ ਨੇ ਆਪ ਫਾਂਸੀ ਦੇ ਰੱਸੇ ਗਲ ਪਾਏ ਉਹਨਾਂ ਦੀ ਯਾਦਗਾਰ ਇਹ ਨਾਮਧਾਰੀ ਸ਼ਹੀਦੀ ਬੋਹੜ ਅਣਗੌਲਿਆ ਪਿਆ ਹੈ ।

ਮੈਂ ਮਹਿਸੂਸ ਕੀਤਾ ਕਿ ਆਪਣੇ ਗੌਰਵਸ਼ਾਲੀ ਵਿਰਸੇ ਤੇ ਇਤਿਹਾਸਕ ਦਸਤਵੇਜਾਂ ਦੀ ਸਾਂਭ-ਸੰਭਾਲ ਅਤੇ ਆਪਣੇ ਮਿੱਤਰਾਂ ਸ਼ਰਧਾਲੂਆਂ ਦੇ ਮੋਹ ਪ੍ਰਤੀ ਉਹ ਕਿੰਨੇ ਜਾਗਰੂਕ ਹਨ। ਉਨ੍ਹਾਂ ਸਵਰਗੀ ਸ੍ਰ: ਬੂਟਾ ਸਿੰਘ ਹੰਸਪਾਲ ਦੇ ਪਰਿਵਾਰ ਨਾਲ ਮਾਤਮ ਪੁਰਸ਼ੀ ਕਰਨ ਤੋਂ ਇਲਾਵਾ ਹੋਰ ਵੀ ਕਈ ਥਾਂਈਂ ਜਾਣਾ ਸੀ, ਫਿਰ ਵੀ ਉਹ ਮੇਰੇ ਨਾਲ ਸਹਿਜ ਨਾਲ ਸੰਵਾਦ ਰਚਾ ਰਹੇ ਸਨ। ਉਨ੍ਹਾਂ ਸੇਵਕ ਰਛਪਾਲ ਸਿੰਘ ਨੂੰ ਆਦੇਸ਼ ਦਿੱਤਾ ਕਿ ਮੈਨੂੰ ਲਾਹੌਰੋਂ ਆਇਆ ਫਜ਼ਲ ਮੁਹਮੰਦ ਦਾ ਖਤ ਫੋਟੋ ਕਾਪੀ ਕਰਵਾ ਕੇ ਦੇਵੇ, ਜਿਸ ਨੂੰ ਉਹ ਲੱਭਣਾ ਚਾਹੁੰਦੇ ਸਨ। ਦੱਸ ਪੈਂਦੀ ਸੀ ਕਿ ਹੁਣ ਉਸ ਦਾ ਸਾਰਾ ਟੱਬਰ ਲਾਇਲਪੁਰ ਵਿਚ ਰਹਿੰਦਾ ਹੈ। ਮੈਂ ਕਿਹਾ, ਅਫਜ਼ਲ ਅਹਿਸਨ ਰੰਧਾਵਾ ਵੀ ਤਾਂ ਲਾਇਲਪੁਰ ਹੀ ਹੈ। ਇਸ ਖ਼ੋਜ ਵਿਚ ਉਹ ਸਹਾਈ ਹੋ ਸਕਦੈ। ਉਨ੍ਹਾਂ ਕਿਹਾ ਫਿਰ ਤਾਂ ਕੰਮ ਹੋ ਗਿਆ ਸਮਝੋ।

ਅਗਲੀ ਭਲਕ ਤੜਕਸਾਰ ਬਸੰਤ ਮੇਲੇ ਸੰਬੰਧੀ ਆਸਾ ਦੀ ਵਾਰ ਦਾ ਕੀਰਤਨ ਸ਼ਹੀਦੀ ਬੋਹੜ ਹੇਠ ਸਜਣਾ ਸੀ। ਉਨ੍ਹਾਂ ਮੈਨੂੰ ਤੜਕੇ ਕੇਸੀ ਇਸਨਾਨ ਕਰਕੇ ਪਹੁੰਚਣ ਲਈ ਕਿਹਾ। ਡੇਢ ਕੁ ਵਜੇ ਮੇਰੀ ਜਾਗ ਖੁੱਲ੍ਹ ਗਈ ਤਾਂ ਮੈਂ ਮਾਮੂਲੀ ਮੁਜਬ ਯੋਗ ਕਰਨ ਉਪਰੰਤ ਕੇਸੀ ਇਸ਼ਨਾਨ ਕਰਕੇ ਨਿਤਨੇਮ 'ਚ ਬਹਿ ਗਿਆ। ਪੰਜਾਂ ਬਾਣੀਆਂ ਦੇ ਭੋਗ ਪੈਣ ਵੇਲੇ ਤੱਕ ਮੇਰੇ ਕੇਸ ਸੁੱਕ ਚੁੱਕੇ ਸਨ। ਤਿਆਰ ਹੋ ਕੇ ਦੀਵਾਨ ਵਿਚ ਪਹੁੰਚਾ ਤਾਂ ਤੀਜੇ ਪਹਿਰ ਦੇ ਰਾਗਾਂ ਵਿਚ ਕੀਰਤਨ ਚੱਲ ਰਿਹਾ ਸੀ, ਸੰਗਤ ਭਾਵੇਂ ਵਿਰਲੀ ਸੀ, ਪਰ ਗੁਰਬਾਣੀ ਦੀ ਗੋਦ ਦਾ ਨਿੱਘ ਮਾਣ ਰਹੀ ਸੀ। ਮੈਂ ਮੂਹਰਲੀ ਕਤਾਰ ਵਿਚ ਜਾ ਬੈਠਾ। ਸਫੈਦ ਬਸਤਰ ਤੇ ਸਫੈਦ ਵਿਛਾਉਣਿਆਂ ਵਾਲੇ ਅਤਿ ਪਵਿੱਤਰ ਮਾਹੌਲ ਵਿਚ ਅਨੇਕਾਂ ਉਂਗਲਾਂ ਦੁਧੀਆ ਉੱਨੀ ਮਾਲਾ ਫੇਰ ਰਹੀਆਂ ਸਨ। ਹਰ ਇਕ ਰਸਨਾ ਸਿਮਰਨ ਵਿਚ ਲੀਨ ਸੀ ਅਤੇ ਹਰ ਇਕ ਕੰਨ ਗੁਰਬਾਣੀ ਵਿਚ ਗੜੁਚ, ਨੇਤਰ ਸ਼ਾਇਦ ਹੀ ਕਿਸੇ ਦੇ ਖੁੱਲ੍ਹੇ ਹੋਣ।

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਡਾਲ ਵਿਚ ਪ੍ਰਵੇਸ਼ ਕੀਤਾ ਤਾਂ ਸਾਰੀ ਸੰਗਤ ਆਪੋ ਆਪਣੇ ਆਸਣ ਤੇ ਖਲੋ ਗਈ। ਮੈਂ ਅਜੇ ਆਪਣੀ ਥਾਂ 'ਤੇ ਹੀ ਖੜਾ ਸੀ ਕਿ ਸੇਵਕ ਰਛਪਾਲ ਸਿੰਘ ਦੀ ਨਿਗ੍ਹਾ ਪੈ ਗਈ। ਉਸ ਨੇ ਪ੍ਰਧਾਨ ਸਾਹਿਬ ਨੂੰ ਭੇਜ ਕੇ ਮੰਚ ਤੇ ਬੁਲਾ ਲਿਆ। ਬਹਿੰਦਿਆਂ ਹੀ ਸਤਿਗੁਰਾਂ ਮੇਰੀ ਫਤਹਿ ਕਬੂਲਣ ਉਪਰੰਤ ਇਸ਼ਾਰਾ ਦਿੱਤਾ ਤੇ ਸੇਵਕ ਰਛਪਾਲ ਸਿੰਘ ਨੇ ਮੈਨੂੰ ਫੋਟੋ ਸਟੇਟ ਹੋਏ ਦੋ ਕਾਗ਼ਜ਼ ਫੜਾਏ। ਇਹ ਲਾਹੌਰੋਂ ਆਇਆ ਫਜ਼ਲ ਮੁਹਮੰਦ ਦਾ ਖ਼ਤ ਸੀ। ਮੈਂ ਵੀ ਉਸ ਵੱਲ ਇਕ ਲਿਫਾਫਾ ਵਧਾਇਆ ਜਿਸ ਵਿੱਚ ਇੰਗਲੈਂਡ ਨਿਵਾਸੀ ਸਰਦਾਰ ਸੁਰਜੀਤ ਸਿੰਘ ਜੀਤ ਦੀ ਲਿਖੀ ਮਹਾਰਾਜਾ ਦਲੀਪ ਸਿੰਘ ਸੰਬੰਧੀ ਪੁਸਤਕ ਸੀ। ਜੋ ਹੁਣੇ ਜਿਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪੀ ਸੀ।

ਫਿਰ ਸਾਰੀ ਸੰਗਤ ਦੇ ਬਿਰਾਜਨ ਤੱਕ ਮਾਹੌਲ ਸੰਘਣਾ ਹੋ ਗਿਆ। ਦੂਰ ਤੱਕ ਸਫੈਦ ਗੋਲ ਦਸਤਾਰਾਂ ਤੇ ਸਫੈਦ ਦੁਪੱਟਿਆਂ ਵਾਲਾ ਆਭਾ ਮੰਡਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੋਂਦ ਦਾ ਹੀ ਰੂਪ ਜਾਪ ਰਿਹਾ ਸੀ। ਜਿਵੇਂ ਉਹ ਇਕ ਤੋਂ ਅਨੇਕ ਹੋ ਗਏ ਹਨ। ਪਹੁ-ਫੁਟਾਲੇ ਤੱਕ ਇਹ ਚਾਨਣ ਦਾ ਗਲਾਵਾ ਨਜ਼ਰ ਦੀ ਹੋਂਦ ਤੱਕ ਫੈਲਦਾ ਗਿਆ।

ਆਸਾ ਦੀ ਵਾਰ ਸਿਰਫ਼ ਗਾਈ ਨਹੀਂ ਸੀ ਜਾ ਰਹੀ, ਜੀਵੀ ਜਾ ਰਹੀ ਸੀ, ਜਿਵੇਂ ਹਰ ਇਕ ਸਰੀਰ ਇਸ ਦੀ ਸ਼ਿੱਦਤ ਨੂੰ ਆਤਮਾਂ ਦੇ ਤਲ ਤੇ ਮਹਿਸੂਸ ਕਰ ਸਕੇ। ਸ਼ਾਇਦ ਏਸੇ ਲਈ ਸਟੇਜ 'ਤੇ ਪੈਂਦੀਆਂ ਪੀਲੀਆਂ ਤੇਜ਼ ਰੌਸ਼ਨੀਆਂ ਵੀਡੀਓ ਕੈਮਰੇ ਆਦਿ ਸਤਿਗੁਰੂ ਜੀ ਨੇ ਆਉਂਦਿਆਂ ਹੀ ਬੰਦ ਕਰਵਾ ਦਿੱਤੇ ਸਨ। ਹੁਣ ਸਿਰਫ਼ ਟਿਊਬਾਂ ਦੀ ਹੀ ਨੀਮ ਦੂਧੀਆ ਚਾਨਣੀ ਸੀ ਜਿਸ ਵਿਚ ਬੋਲਾਂ ਦੇ ਅੰਤਹਿ ਕਰਨ ਦਾ ਮੁਹਾਂਦਰਾ ਗ੍ਰਹਿਣ ਕਰਨ ਲਈ ਹਰੇਕ ਸਰੀਰ ਨੂੰ ਆਪਣਾ ਧਿਆਨ ਵੰਗਾਰਨਾ ਪੈਂਦਾ ਸੀ। ਉਹ ਸੁਤੇ ਸਿੱਧ ਇੰਦਰੀਆਂ ਦੀ ਇਕਾਗਰਤਾ ਦਾ ਅਭਿਲਾਸ਼ੀ ਹੋ ਕੇ ਹੀ ਦੀਵਾਨ 'ਚ ਹਾਜ਼ਰੀ ਦਾ ਲਖਾਇਕ ਹੋ ਸਕਦਾ ਸੀ ਅਤੇ ਇਹ ਸਭ ਸਾਹਵੇਂ ਹੋ ਰਿਹਾ ਸੀ। ਜਦੋਂ ਕੀਰਤਨੀਏ ਗਾਇਨ ਕਰ ਰਹੇ ਸਨ ਤਾਂ ਵਿੱਚ-ਵਿੱਚ ਸਤਿਗੁਰੂ ਜੀ ਆਪ ਅਲਾਪ ਲੈਣ ਲੱਗਦੇ, ਕੀਰਤਨੀਏ ਸੁੰਨ ਹੋ ਜਾਂਦੇ। ਸਾਰੀ ਸੰਗਤ ਸਰਵਣ ਰੂਪ ਹੋ

ਜਾਂਦੀ। ਸਾਰੇ ਪੰਡਾਲ ਦਾ ਧਿਆਨ ਮੰਚ ਉੱਤੇ ਉੱਠਦੀ ਸਿਰਫ਼ ਇਕ ਲੈਅ ਨਾਲ ਇੱਕ ਸੁਰ ਤੋਂ ਜਾਂਦਾ। ਫਿਰ ਸਤਿਗੁਰੂ ਜੀ ਦੇ ਇਸ਼ਾਰੇ ਤੇ ਰਾਗੀ ਉਨਾਂ ਬੋਲਾਂ ਨੂੰ ਦੂਹਰਾ ਕੇ ਤਾਲ ਦੀ ਗਹਿਰਾਈ ਨਾਪਣ ਦੀ ਕੋਸ਼ਿਸ਼ ਕਰਦੇ, ਫਿਰ ਕੋਸ਼ਿਸ਼ ਕਰਦੇ, ਬਾਰ-ਬਾਰ ਦੁਹਰਾਉਂਦੇ ਤੇ ਜਦੋਂ ਤੱਕ ਸਤਿਗੁਰੂ ਜੀ ਦੀ ਤਸੱਲੀ ਨਾ ਹੋ ਜਾਂਦੀ ਉਹ ਉਸ ਪੰਗਤੀ ਨੂੰ ਆਪ ਉਚਾਰ ਕੇ, ਗਾ ਕੇ ਦੱਸਣ ਤੋਂ ਜਰਾ ਵੀ ਸੰਕੋਚ ਨਾ ਕਰਦੇ। ਇਹ ਅਧਿਐਨ ਤੇ ਅਧਿਆਪਨ ਦਾ ਬੇਹੱਦ ਸਫ਼ਲ ਜੰਗ ਅਤੇ ਆਦਰਸ਼ ਰੂਪ ਸੀ ਜਿਸ ਦਾ ਮੈਂ ਚਸ਼ਮਦੀਦ ਗਵਾਹ ਸਾਂ। ਆਸਾ ਦੀ ਵਾਰ ਦੇ ਭੋਗ ਉਪਰੰਤ ਚੱਲ ਰਹੇ ਸਹਿਜ ਪਾਠ ਦੇ ਭੋਗ ਲਈ ਪਾਠੀ ਸਿੰਘਾਂ ਨੇ ਨੌਵੇਂ ਮਹੱਲੇ ਦੇ ਸ਼ਲੋਕਾਂ ਦਾ ਪਾਠ ਆਰੰਭਿਆ। ਸਹਿਜ ਪਾਠਾਂ ਦੇ ਭੋਗ ਪਾਏ ਗਏ। ਕੜਾਹ ਪ੍ਰਸ਼ਾਦ ਦੀ ਦੇਗ ਵਰਤੀ। ਅਰਦਾਸ ਉਪਰੰਤ ਨਿੱਜੀ ਬੇਨਤੀਆਂ ਕਰਨ ਵਾਲਿਆਂ ਵਿਚ ਉਹ ਸਿੰਘ ਵੀ ਹਾਜ਼ਰ ਸੀ ਜਿਸ ਉਪਰ ਅੰਮ੍ਰਿਤ ਵੇਲੇ ਲੰਗਰ ਤਿਆਰ ਕਰਦਿਆਂ ਕੜਾਹ ਪ੍ਰਸ਼ਾਦਿ ਦੀ ਦੇਗ ਉਲਟ ਗਈ ਸੀ। ਸਤਿਗੁਰਾਂ ਉਸ ਦੇ ਤੰਦਰੁਸਤ ਹੋਣ ਦੀ ਦੁਆ ਕਰਦਿਆਂ ਉਸ ਨੂੰ ਕੱਚੇ ਆਲੂਆਂ ਨੂੰ ਫੇਂਹ ਕੇ ਛਾਲਿਆਂ ’ਤੇ ਲੇਪ ਕਰਨ ਦਾ ਸੁਝਾਓ ਦਿੱਤਾ। ਇਵੇਂ ਹੀ ਹੋਰਨਾਂ ਸੰਗਤਾਂ ਦੇ ਦੁਖਾਂ ਦਾ ਦਾਰੂ ਦੱਸਦੇ ਹੋਏ ਉਹ ਅਗਲੇ ਪੜਾਉ ਨੂੰ ਚਾਲੇ ਪਾਉਣ ਲਈ ਤਿਆਰ ਹੋ ਗਏ। ਦੁਪਹਿਰ ਨੂੰ ਉਨਾਂ ਨਵਾਂ ਸ਼ਹਿਰ ਵਿਖੇ ਆਯੋਜਿਤ ਦੀਵਾਨ ਵਿਚ ਪੁੱਜਣਾ ਸੀ।

ਜਾਣ ਵੇਲੇ ਸੰਗਤਾਂ ਦਾ ਭਾਰੀ ਇਕੱਠ ਇਕ ਦਮ ਸਟੇਜ ਵੱਲ ਉਮਡ ਰਿਹਾ ਸੀ। ਸਟੇਜ ’ਤੇ ਖੜੇ ਨਿਕਟਵਰਤੀਆਂ ਸੇਵਾਦਾਰਾਂ, ਸੂਬਿਆਂ ਤੇ ਪ੍ਰਧਾਨਾਂ ਨੇ ਵੀ ਉਨ੍ਹਾਂ ਦੁਆਲੇ ਝੁਰਮੁਟ ਜਿਹਾ ਬਣਾ ਲਿਆ ਸੀ ਤੇ ਮੈਂ ਨਿਰ ਉਚੇਚ ਜਿਵੇਂ ਆਪਣੀ ਥਾਂ ’ਤੇ ਹੀ ਖੜੇ ਦਾ ਖੜਾ ਰਹਿ ਗਿਆ ਸਾਂ ਕਿ ਅਚਾਨਕ ਉਹਨਾਂ ਝੁਰਮੁਟ ਵਿਚੋਂ ਰਹਿਮਤ ਭਰੀ ਨਜ਼ਰ ਮੇਰੇ ਤੇ ਪਾ ਕੇ ਆਪਣੀਆਂ ਭਵਾਂ ਚੜਾਉਂਦਿਆਂ ਬੜੀ ਕੋਮਲ ਅਦਾ ਵਿਚ ਅਜਿਹਾ ਇਸ਼ਾਰਾ ਦਿੱਤਾ ਜਿਹੜਾ ਕਿੱਸੇ ਕਰੀਬੀ ਮਿੱਤਰ ਨੂੰ ਗਲ ਨਾਲੋਂ ਵਿਛੋੜਦਿਆਂ ਕਹਿ ਰਿਹਾ ਹੋਵੇ- ਅੱਛਾ ਫੇਰ ਮਿਲਾਂਗੇ।

ਸਟੇਜ ’ਤੇ ਖੜ੍ਹੇ ਝੁਰਮਟ ਦਾ ਧਿਆਨ ਇਕ ਦਮ ਮੇਰੇ ਵੱਲ ਹੋਇਆ ਪਰ ਮੈਂ ਅਬੋਲ ਅਡੋਲ ਆਪਣੇ ਥਾਂ ’ਤੇ ਹੀ ਖੜ੍ਹਾ। ਉਥੋਂ ਆ ਕੇ ਅਜੇ ਉਥੇ ਹੀ ਖੜ੍ਹਾ ਤਾਂ ਜਿੱਥੇ ਸਤਿਗੁਰੂ ਜੀ ਫੇਰ ਮਿਲਣ ਦਾ ਵਾਅਦਾ ਆਪਣੀ ਮਿੱਠੀ ਤੱਕਣੀ ਰਾਹੀਂ ਦੇ ਗਏ ਨੇ ......।

# ਜਗਜੀਤ ਗੁਰੂ ਹਰਿ

ਜਿਸਦੇ ਚਰਨ ਕਵਲਾਂ ਤੇ ਆਕੇ ਸੁਰ ਨਰ ਸੀਸ ਝੁਕਾਵਨ,
ਉਹ ਦਰਸ਼ਨ, ਜਿਸ ਦਰਸ਼ਨ ਵਿਚੋਂ, ਸਭ ਦਰਸ਼ਨ ਹੋ ਜਾਵਨ।
ਜਿਸਦਾ ਰੂਪ, ਅਨੂਪ ਵੇਖਕੇ, ਰੂਪ ਵਾਨ ਸ਼ਰਮਾਵਨ,
ਪਾਰਸ ਤੋਂ ਵਧ, ਪਰਸ ਜਿਸਦੀ, ਕਰੇ ਮਨੂਰੋਂ ਪਾਰਸ।
ਛੋਹ ਪ੍ਰਾਪਤ, ਹੋਇ ਜਿਨਾ ਨੂੰ, ਪਾਰਸ ਰੂਪ, ਹੋ ਆਵਨ,
ਜੀਹਦੇ ਨੈਣਾਂ ਦੀ, ਚੁੰਬਕ ਸ਼ਕਤੀ, ਧੂਹ, ਦਰਸ਼ਕ ਨੂੰ ਪਾਵੇ।

ਬਣ ਜਾਂਦੇ ਉਹ ਭੌਰੇ ਇਸਦੇ, ਇਸ ਨੂੰ ਜੋ ਤਕਾਵਨ।
ਮਿਠੜੇ ਬੈਨ, ਮਧੂ ਤੋਂ ਇਸਦੇ, ਸੁੰਦਰ ਮੁਖ ਤੋਂ ਨਿਕਲਣ,
ਸਾਂਤ ਕਰਦੇ, ਜੋ ਸੜਦੇ ਹਿਰਦੇ, ਸ਼ੀਤਲਤਾ, ਬਰਸਾਵਨ।
ਕੋਮਲ ਪੋਟੇ, ਜਿਸ ਪ੍ਰੀਤਮ ਦੇ, ਦਿਲਰੁਬਾ, ਜਦ ਛੋਂਹਦੇ,
ਰਾਗ, ਰਤਨ, ਪ੍ਰਵਾਰ ਪਰੀਆਂ ਦੇ, ਝੁਰਮਟ ਆਕੇ ਪਾਵਨ।

ਰਾਗ ਨਾਦ, ਸਭ ਜਿਸਦੇ ਅਗੇ, ਰੂਪ ਧਾਰ ਧਾਰ ਆਉਂਦੇ,
ਤਾਲ, ਅਲਾਪ, ਹੁਕਮ ਦੇ ਬੱਧੇ ਛਿਨ, ਛਿਨ, ਮੋੜੇ ਖਾਵਨ।
ਜਿਸਦੇ ਕਦਮਾਂ ਦੀ, ਸਫੂਰਤੀ, ਬਿਜਲੀ ਤੋਂ ਵੱਧ, ਵੇਖੀ,
ਜਿਸਦੇ, ਚਰਨ ਕਵਲਾਂ ਤੇ ਆਕੇ, ਸੁਰ, ਨਰ, ਸੀਸ ਝੁਕਾਵਨ।
ਜਿਸਦੇ ਛੋਹੇ ਕੰਮ, ਵੇਖ ਕੇ, ਪਰਕਿਰਤੀ ਘਬਰਾਵੇ,
ਕੁਦਰਤ ਦੇ ਸਾਧਨ, ਆ ਜਿਸਦੀ, ਹਰ ਇਕ ਕਿਰਤ ਕਮਾਵਨ।

ਹਥੀਂ ਬੀਜ, ਪਨੀਰੀ ਜਿਸਨੇ, ਬਾਗ ਸੰਗੀਤ ਦਾ ਲਾਇਆ,
ਕਲਾਕਾਰਾਂ ਦੇ ਰੂਪ ਚ, ਬੂਟੇ, ਥਾਂ ਥਾਂ ਜਾ ਲਹਿਰਾਵਨ।
ਖੇਡਾਂ, ਦੀ ਦੁਨੀਆਂ ਵੀ ਜਿਸਨੇ, ਅਪਣੀ ਨਵੀਂ ਬਣਾਈ,
ਟੀਮ ਨਾਮਧਾਰੀਆਂ ਵਾਲੀ, ਦਰਸ਼ਕ, ਵੇਖਣ ਆਵਨ।

ਇਸ ਵੇਲੇ, ਜਦ ਵਿਚ ਦੇਸ਼ ਦੇ, ਫਿਰਕੂ ਅੱਗ ਹੈ, ਲਗੀ,
ਹਰ ਮਜ਼ਬ ਨਾਲ, ਪਿਆਰ ਕਰਨ ਦਾ, ਸਬਕ ਜੋ ਸਦਾ ਪੜ੍ਹਾਵਨ।
ਗੁਰੂ ਨਾਨਕ ਨੇ ਮਾਰਗ ਜਿਹੜਾ, ਜਗ ਨੂੰ ਸੀ, ਦਰਸਾਇਆ,
ਉਹ ਜਗਜੀਤ ਗੁਰੂ ਹਰਿ 'ਆਤਮਾ' ਜੱਗ ਤਾਈ ਦਰਸਾਵਨ।

**ਆਤਮਾ ਸਿੰਘ ਸਨਖਤ੍ਰਵੀ**

# ਸ੍ਰੀ ਭੈਣੀ ਸਾਹਿਬ 'ਚ ਕੁਝ ਪਲ

**ਈਸ਼ਰ ਸਿੰਘ ਅਟਾਰੀ (ਸਵ.)**

ਬੜੇ ਚਿਰ ਦੀ ਰੀਝ ਸੀ ਕਿ ਮੈਂ ਸ੍ਰੀ ਭੈਣੀ ਸਾਹਿਬ ਦੀ ਉਸ ਪਵਿੱਤਰ ਜੂਹ ਦੀ ਧੂੜ ਪ੍ਰਾਪਤ ਕਰਾਂ ਜਿੱਥੋਂ ਉਨੀਵੀਂ ਸਦੀ ਦੀ ਅੰਤਲੀ ਚੁਥਾਈ ਵਿੱਚ ਪੰਜਾਬ ਵਿੱਚ ਬਿਦੇਸ਼ੀ ਸਾਮਰਾਜ ਵਿਰੁੱਧ ਇੱਕ ਪਾਸੇ ਬਗਾਵਤ ਅਤੇ ਦੂਜੇ ਪਾਸੇ ਸੁਦੇਸ਼ੀ ਦੀ ਲਹਿਰ ਦਾ ਅੰਕੁਰ ਫੁੱਟਿਆ ਸੀ। ਇਹ ਸ਼ਾਇਦ 1974-1975 ਦੀ ਗੱਲ ਹੋਣੀ ਹੈ ਕਿ ਮੇਰੇ ਇਕ ਨਾਮਧਾਰੀ ਮਿੱਤਰ ਸੰਤੋਖ ਸਿੰਘ ਸਾਜਨ, ਮੈਨੂੰ ਸ੍ਰੀ ਭੈਣੀ ਸਾਹਿਬ ਆਉਣ ਦਾ ਸੱਦਾ ਦੇ ਗਏ ਅਤੇ ਕਹਿ ਗਏ ਕਿ "ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਵਿਦਿਅਕ ਜਥਿਆਂ ਦਾ ਸਮਾਗਮ ਹੋਣਾ ਹੈ ਜਿਸ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦੇਣੇ ਹਨ, ਜੇ ਉਦੋਂ ਆਉ ਤਾਂ ਬਹੁਤ ਚੰਗਾ ਹੋਵੇ। ਮੈਂ ਜਲੰਧਰੋਂ ਇੱਕਲਾ ਹੀ ਰਵਾਨਾ ਹੋਇਆ ਅਤੇ ਵੱਡੀ ਸੜਕ ਤੋਂ ਉੱਤਰ ਕੇ ਭੈਣੀ ਸਾਹਿਬ ਦੀ ਪੁੰਨ ਭੂਮੀਂ ਦਾ ਰੁੱਖ ਕੀਤਾ। ਗਰਮੀ ਸੀ, ਪਰ ਜਦ ਮੰਜ਼ਿਲ ਦੀ ਸਿੱਕ ਹੋਵੇ ਤਾਂ ਰਾਹ ਦੀਆਂ ਕਠਿਨਾਈਆਂ ਕੁਝ ਨਹੀਂ ਖੋਹਦੀਆਂ। ਫਿਰ ਉਸੇ ਮਾਰਗ ਮੇਰੀ ਉਮਰ ਤੋਂ ਕਾਫ਼ੀ ਵੱਡੇ ਅਤੇ ਮੇਰੀ ਉਮਰ ਤੋਂ ਕਾਫ਼ੀ ਛੋਟੇ, ਸਗੋਂ ਬੱਚੇ, ਬੱਚੀਆਂ ਅਤੇ ਇਸਤਰੀਆਂ ਪੁਰਸ਼ ਉਤਸ਼ਾਹ ਨਾਲ ਵਧੀ ਜਾ ਰਹੇ ਸਨ, ਉਸਨੇ ਮੈਨੂੰ ਵੀ ਸਾਹਸ ਦਿੱਤਾ ਅਤੇ ਮੈਂ ਛੇਤੀ ਹੀ ਦੀਵਾਨ ਸਥਾਨ ਉਤੇ ਪੁੱਜ ਗਿਆ।

ਦੁੱਧ ਚਿਟੀਆਂ, ਦਸਤਾਰਾਂ, ਦੁੱਪਟੇ ਅਤੇ ਪੁਸ਼ਾਕਾਂ ਪਾਈ ਸੇਵਕ ਅਤੇ ਬੀਬੀਆਂ ਪਾਣੀ ਦੀ ਸੇਵਾ ਕਰ ਰਹੇ ਸਨ ਤਾਂ ਜੋ ਰਾਹ ਦੀ ਧੂੜ ਦੱਬੀ ਰਹੇ, ਕੁਝ ਸੇਵਕ ਲੰਗਰ ਵਿੱਚ ਸੇਵਾ ਕਰ ਰਹੇ ਸਨ ਅਤੇ ਜ਼ਰਾ ਕੁ ਅੱਗੇ ਇਕ ਵਿਸ਼ਾਲ ਮੰਡਪ ਹੇਠ ਦੀਵਾਨ ਸਜਿਆ ਹੋਇਆ ਸੀ ਮਾਨੋ ਹੰਸਾਂ ਦਾ ਕੋਈ ਝੁੰਡ ਸੀ, ਜਿਹੜਾ ਕਿਸੇ ਮਾਨਸਰੋਵਰ ਉਤੇ ਆ ਲੱਥਾ ਸੀ। ਵੀਰ ਤੇ ਭੈਣਾਂ ਕੀਰਤਨ ਵਿਚ ਜੁੜੀਆਂ ਸੰਗਤਾਂ ਨੂੰ ਪੱਖੇ ਝੱਲ ਰਹੀਆਂ ਸਨ ਅਤੇ ਮੰਚ ਉੱਤੇ ਬੜੇ ਹੀ ਪਿਆਰ ਨਾਲ ਕੀਰਤਨੀਏ ਸ਼ਬਦ ਗਾਇਨ ਕਰ ਰਹੇ ਸਨ। ਇਸ ਕੀਰਤਨ ਦਾ ਇੱਕ ਵਚਿੱਤਰ ਰੰਗ ਇਹ ਸੀ ਕਿ ਕੀਰਤਨ ਕਰਨ ਵਾਲੇ ਏਨੀ ਮਸਤੀ ਵਿਚ ਸਨ ਕਿ ਗਾਇਕ ਅਤੇ ਸੋਰਤੇ ਸਭ ਵਜਦ ਵਿਚ ਆਏ ਹੋਏ ਸਨ। ਕੋਈ ਸ਼ੋਰ ਨਹੀਂ, ਕੋਈ ਘੁਸਰ ਮੁਸਰ ਨਹੀਂ, ਕੋਈ ਬਿਰਤੀ-ਬਿਖੇਰ ਨਹੀਂ, ਕੋਈ ਹਿਲਜੁਲ ਨਹੀਂ, ਮੇਰੇ ਆਹੋਭਾਗ - ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਨ੍ਹਾਂ ਦੇ ਵੀਰ ਮਹਾਰਾਜ ਬੀਰ ਸਿੰਘ, ਜਿਹੜੇ ਗੁਰੂ ਤੇ ਚੇਲਾ ਦੇ ਰੂਪ ਵਿਚ ਅਤੇ ਦੋ ਵੀਰਾਂ ਦੇ ਰੂਪ ਵਿਚ ਹੰਸਾਂ ਦੀ ਇਕ ਆਦਰਸ਼ ਜੋੜੀ ਤੋਂ ਘੱਟ ਪ੍ਰਤੀਤ ਨਹੀਂ ਸੀ ਹੁੰਦੇ, ਮੰਚ ਉੱਤੇ ਆ ਗਏ ਅਤੇ ਕੁਝ ਚਿਰ ਕੀਰਤਨ ਦਾ ਰਸ ਮਾਣਨ ਪਿਛੋਂ ਆਪ ਸਾਜ਼ ਸੰਭਾਲ ਕੇ ਕੀਰਤਨ ਵਿੱਚ ਮਗਨ ਹੋ ਗਏ। ਬੱਸ ਫੇਰ ਕੀ ਸੀ, ਸਾਰੀ ਸੰਗਤ ਉਤੇ ਇਕ ਜਾਦੂ ਤਾਰੀ ਹੋ ਗਿਆ ਅਤੇ ਬਾਣੀ ਦੀ ਅਜਿਹੀ ਛਹਿਬਰ ਲੱਗੀ ਕਿ ਸਰੋਤਿਆਂ ਦੀਆਂ ਰੂਹਾਂ ਦੀ ਤਿਖਾ ਬੁਝ ਗਈ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਕਿਸੇ ਦੇਵ ਪੁਰੀ ਵਿਚ ਆ ਗਿਆ ਹੋਵਾਂ।

ਜਿਉਂ ਹੀ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੰਚ ਦੇ ਲਵੇ ਲਵੇ ਹੋ ਰਿਹਾ ਸੀ, ਤਿਉਂ-ਤਿਉਂ ਮੈਂ ਆਪਣੀ ਤੁਛ ਸ਼ਖ਼ਸੀਅਤ ਅਤੇ ਮਹਾਰਾਜ ਦੇ ਅਪਰ ਅਪਾਰ ਵਿਅਕਤਿਤਵ ਤਥਾ ਸਮਾਗਮ ਦੀ ਉੱਚੀ-ਸੁੱਚੀ ਪੱਧਰ ਦੇ ਸਨਮੁੱਖ ਨਿਰਭਉ ਹੋ ਰਿਹਾ ਸਾਂ, ਮਹਾਰਾਜ ਨੇ ਜਿਵੇਂ ਮੈਨੂੰ ਆਪਣੇ ਨਾਲ ਰਲਾ ਲਿਆ, ਜਿਵੇਂ ਹਾਣ ਦਾ ਬਣਾ ਲਿਆ ਹੋਵੇ। ਨਿਰਸੰਦੇਹ ਉੱਚੀ ਸੁੱਚੀ ਸ਼ਖ਼ਸੀਅਤ ਦਾ ਸਭ ਤੋਂ ਅਕੱਟ ਪਰਮਾਣ ਅਤੇ ਪਰਭਾਵ ਇਹੋ ਹੁੰਦਾ ਹੈ ਕਿ ਉਹ ਹੀਣਿਆਂ ਨੂੰ ਹੀਣੇ ਹੋਣ ਦਾ ਅਹਿਸਾਸ ਨਾ ਹੋਣ ਦੇਵੇ, ਸਗੋਂ ਇਕ ਦਮ ਉਹਨਾਂ ਨੂੰ ਉੱਚਾ ਚੁੱਕ ਦੇਵੇ। ਮੈਂ ਕਿਹਾ, ਅੱਜ ਦੇ ਯੁਵਕ ਦੀ ਸਭ ਤੋਂ ਵੱਡੀ ਸਮਸਿਆ ਹੈ ਕਿ ਉਹ ਉਦੇਸ਼-ਰਹਿਤ ਅਤੇ ਨੇਤਾ-ਰਹਿਤ ਹੋ ਗਿਆ ਹੈ ਅਤੇ ਉਸਦਾ ਵਿਸ਼ਵਾਸ ਇਕ ਸੰਕਟ ਵਿਚ ਪੈ ਗਿਆ ਹੋਇਆ ਹੈ। ਨਾਮਧਾਰੀ ਯੁਵਕ ਇਸ ਗੱਲੋਂ ਭਾਗਸ਼ੀਲ ਹਨ ਕਿ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਜੀਵਨ ਦਾ ਉਦੇਸ਼ ਕੀ ਹੈ ਅਤੇ ਇਹ ਵੀ ਕਿ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿੱਚ ਉਨ੍ਹਾਂ ਜੀਵਨ ਉਸਰੀਆ ਉਨ੍ਹਾਂ ਅੰਗ ਸੰਗ ਹੈ, ਜਿਸ ਉਤੇ ਉਹ ਪੂਰਾ ਪੂਰਾ ਵਿਸ਼ਵਾਸ ਅਤੇ ਪੂਰੀ ਪੂਰੀ ਟੇਕ ਰੱਖ ਸਕਦੇ ਹਨ।

ਕੁਝ ਪਲ ਪਿੱਛੋਂ ਅਸੀਂ ਮਹਾਰਾਜ ਦੀ ਹਜ਼ੂਰੀ ਵਿੱਚ ਪੰਗਤਾਂ ਲਾਈ ਬੈਠੇ ਸਾਂ ਅਤੇ ਸ਼ੁਧ ਘਿਓ, ਦੁੱਧ ਅਤੇ ਜਲੇਬੀਆਂ ਦੇ ਸਾਤਵਿਕ ਭੋਜਨ ਦਾ ਪ੍ਰਸ਼ਾਦ ਛਕ ਰਹੇ ਸਾਂ। ਸਤਿਗੁਰਾਂ ਦੀ ਚਰਨ ਛੁਹ ਦਾ ਸੁਭਾਗ ਪ੍ਰਾਪਤ ਕਰ ਮੈਂ ਸ੍ਰੀ ਭੈਣੀ ਸਾਹਿਬ ਤੋਂ ਪਰਤ ਰਿਹਾ ਇੰਜ ਪ੍ਰਤੀਤ ਕਰ ਰਿਹਾ ਸਾਂ ਜਿਵੇਂ ਮੈਂ ਜੀਵਨ ਦੇ ਕੁਝ ਪਲ ਸਕਾਰਥੇ ਤੇ ਸਫ਼ਲ ਕਰ ਆਇਆ ਹਾਂ।

# ਵਿਸ਼ਵ ਅਮਨ ਦੇ ਆਲੰਬਰਦਾਰ

**ਜਗਜੀਤ ਸਿੰਘ ਆਨੰਦ (ਸਵ.)**

(ਜਦੋਂ ਸੱਤਰਵਿਆਂ ਵਿੱਚ ਵਿਸ਼ਵ ਅਮਨ ਕੌਂਸਲ ਪੰਜਾਬ ਦੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਧਾਨ ਸਨ। ਆਪ ਜੀ ਨਾਲ ਅਨੰਦ ਜੀ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਇਸ ਵਾਸਤੇ ਉਨ੍ਹਾਂ ਦਾ ਇਹ ਲੇਖ ਵਿਸ਼ੇਸ਼ ਮਹੱਤਤਾ ਰੱਖਦਾ ਹੈ -ਸੰਪਾਦਕ)

ਨਾਮਧਾਰੀ ਪੰਥ ਨਾਲ ਮੇਰਾ ਸਨੇਹ ਹੁਣ ਤੋਂ ਪਹਿਲੀ ਪੀੜ੍ਹੀ ਦਾ ਹੈ ਤੇ ਪੜ੍ਹਣ ਸੁਣਨ ਵਾਲਾ ਸੋਚ ਹੀ ਨਹੀਂ ਸਕਦਾ ਕਿ ਇਕ ਪੱਕੇ ਨਾਸਤਕ ਦਾ ਅਜਿਹੇ ਪਹੁੰਚੇ ਹੋਏ ਆਸਤਕਾਂ ਨਾਲ ਇਹੋ ਜਿਹਾ ਸਨੇਹ ਹੋ ਕਿਵੇਂ ਸਕਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਿੰਨੇ ਨਿੱਘੇ ਤੇ ਮਿਲਾਪੜੇ ਸਨ ਉਨੇ ਹੀ ਦਿਲ ਗੁਰਦੇ ਵਾਲੇ ਤੇ ਦਲੇਰ ਸਨ। ਸਾਂਝੇ ਕਾਰਜ ਖਾਤਰ ਉਹ ਅੱਗੇ ਵੱਧ ਕੇ ਤਫਰਕੇ ਮਿਟਾਉਣ ਲਈ ਤਿਆਰ ਰਹਿੰਦੇ ਸਨ।

ਨਾਮਧਾਰੀ ਪੰਥ ਦੇ ਆਗੂ ਸਤਿਗੁਰੂ ਜਗਜੀਤ ਸਿੰਘ ਨੂੰ ਵੀ ਮੈਂ ਵੱਡੇ ਸਤਿਗੁਰਾਂ ਦੇ ਵੇਲੇ ਤੋਂ ਹੀ ਜਾਣਦਾ ਹਾਂ ਪਰ ਉਹਨਾਂ ਨਾਲ ਨੇੜਲਾ ਸੰਪਰਕ ਉਹਨਾਂ ਵਲੋਂ ਮੁੱਖ ਜ਼ਿੰਮੇਵਾਰੀ ਸੰਭਾਲਣ ਦੇ ਪਹਿਲੇ ਮਹੀਨਿਆਂ ਵਿਚ ਹੀ ਹੋਇਆ। ਉਹਨਾਂ ਮੈਥੋਂ ਕਿਸੇ ਮਾਮਲੇ ਬਾਰੇ ਸਲਾਹ ਪੁੱਛੀ ਜਿਸਦਾ ਇਕ ਪਹਿਲੂ ਸਾਂਝਾ ਸਿਆਸੀ ਸੀ ਤੇ ਦੂਜਾ ਨਾਮਧਾਰੀ ਸੰਪਰਦਾਇ ਦੇ ਹਿਤਾਂ ਨਾਲ ਸੰਬੰਧਤ। ਸਿਆਸੀ ਪਹਿਲੂ ਭਾਵੇਂ ਬੜਾ ਚਮਕ-ਦਮਕ ਵਾਲਾ ਸੀ, ਉਹਨਾਂ ਦੇ ਹਾਲਾਤ ਵਿੱਚ ਮੈਨੂੰ ਦੂਜੇ ਪਹਿਲੂ ਨੂੰ ਅਗੇਤ ਦੇਣਾ ਹੀ ਠੀਕ ਜਾਪਿਆ। ਮੇਰੀ ਸਲਾਹ ਦੀ ਸੁਹਿਰਦਤਾ ਨੇ ਉਹਨਾਂ ਨੂੰ ਏਨਾ ਮੋਹ ਲਿਆ ਕਿ ਉਦੋਂ ਦੀ ਪਈ ਪੱਕੀ ਪੀਡੀ ਸਾਂਝ ਵਿੱਚ ਵਾਲ ਭਰ ਫ਼ਰਕ ਨਹੀਂ ਆਇਆ।

ਸੰਸਾਰ ਅਮਨ ਨਾਮਧਾਰੀ ਪੰਥ ਦੇ ਮੁਢਲੇ ਆਸ਼ਿਆਂ ਵਿਚੋਂ ਹੈ। ਇਸੇ ਲਈ ਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਤੇ ਨਾ ਹੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਸਾਰ ਅਮਨ ਦੇ ਸਵਾਲ 'ਤੇ ਸਹਿਯੋਗ ਦੇਣ ਵਿੱਚ ਰੰਚਕ ਮਾਤਰ ਵਿਚ ਝਿਜਕ ਵਿਖਾਈ ਸਗੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਦੋਖੀਆਂ ਦੇ ਇਸ ਪ੍ਰਚਾਰ ਨੂੰ ਝੱਲ ਕੇ ਵੀ ਦਿੱਲੀ, ਅੰਮ੍ਰਿਤਸਰ, ਪਟਨੇ ਕਲਕੱਤੇ ਦੀਆਂ ਕੁੱਲ ਹਿੰਦ ਅਮਨ ਕਾਨਫਰੰਸਾਂ ਤੋਂ ਲੈ ਕੇ ਕੌਮਾਂਤਰੀ ਅਮਨ ਕਾਨਫਰੰਸਾਂ ਦੀ ਕਾਮਯਾਬੀ ਲਈ ਆਪਣਾ ਅਮਲੀ 'ਤੇ ਨਿੱਗਰ ਸਹਿਯੋਗ ਦਿੱਤਾ। ਸੰਸਾਰ ਅਮਨ ਲਹਿਰ ਨੂੰ ਕਮਿਊਨਿਸਟਾਂ ਦੀ ਲਹਿਰ ਕਹਿ ਕੇ ਭੰਡਿਆ ਜਾਂਦਾ ਸੀ। ਵਿਰੋਧੀ ਦਲੀਲਾਂ ਵਾਲੇ ਸਿਆਸੀ ਤੇ ਸਮਾਜੀ, ਹੈਸੀਅਤ ਵੀ ਵੱਡੀ ਰੱਖਦੇ ਸਨ ਤੇ ਸਤਿਗੁਰੂ ਜੀ ਨਾਲ ਸ਼ਰਧਾ ਵੀ ਅਗਾਧ। ਸਤਿਗੁਰੂ ਜੀ ਨੇ ਉਹਨਾਂ ਦੇ ਸਭ ਹੀਲਿਆਂ ਹਾੜਿਆਂ ਦਾ ਅਜਿਹਾ ਉੱਤਰ ਦਿੱਤਾ ਕਿ ਵਿਰੋਧੀ ਸਦਾ ਲਈ ਅਵਾਕ ਰਹਿ ਗਏ। ਉਹਨਾਂ ਆਖਿਆ "ਜੇ ਮੇਰੇ ਘਰ ਨੂੰ ਅੱਗ ਲੱਗੀ ਹੋਵੇ ਤੇ ਪਾਣੀ ਦੀਆਂ ਬਾਲਟੀਆਂ ਲੈ ਕੇ ਕੋਈ ਕਮਿਊਨਿਸਟ ਭੱਜਾ ਆਵੇ ਤਾਂ ਕੀ ਮੈਂ ਉਸ ਦਾ ਰਾਹ ਰੋਕ ਖਲੋਵਾਂਗਾ?'

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਿਨ੍ਹੀ ਦਿਨੀਂ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਅਮਨ ਦੇ ਆਸ਼ਕ ਵੀ ਅਜੇ ਸੰਸਾਰ ਅਮਨ ਲਹਿਰ ਬਾਰੇ ਉਪਰੋਕਤ ਤੁਅਸਬਾਂ ਤੋਂ ਮੁਕਤ ਨਹੀਂ ਸਨ ਹੋਏ ਅਤੇ ਇਕ ਵਾਰ ਤਾਂ ਅਜਿਹੀ ਚਰਚਾ ਖੁਦ ਪੰਡਤ ਜੀ ਨਾਲ ਵੀ ਛਿੜੀ। ਪਿਛੋਂ ਜਾ ਕੇ ਪੰਡਤ ਜੀ ਜਿਹੜਾ ਮੋੜ ਕੱਟ ਗਏ, ਉਸ ਵਿਚ ਵੀ ਸਤਿਗੁਰੂ ਜਗਜੀਤ ਸਿੰਘ ਦੇ ਉਚੇਚੇ ਯਤਨ ਅਤੇ ਸੁਹਿਰਦ ਸਟੈਂਡ ਦੀ ਝਲਕ ਲੱਭਦੀ ਸੀ।

ਹੋਰ ਨਿੱਜੀ ਗੁਣ ਵੀ ਏਨੇ ਤੇ ਅਜਿਹੇ ਹਨ ਕਿ ਗਿਣਾਏ ਨਹੀਂ ਜਾਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਵਾਰ ਹੁਕਮ ਕੀਤਾ ਕਿ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਸ੍ਰੀ ਜੀਵਨ ਨਗਰ ਲਿਜਾਣਾ ਹੈ। ਉਹਨਾਂ ਦੇ ਸਮੇਂ ਤਾਂ ਇਹ ਪੂਰਾ ਨਾ ਹੋਇਆ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਸੁਚੱਜੇ ਢੰਗ ਨਾਲ ਇਸ ਨੂੰ ਪੂਰਾ ਕੀਤਾ ਉਹ ਸੱਚਮੁਚ ਮਿਸਾਲੀ ਸੀ ਅਤੇ ਸਨੇਹ ਪ੍ਰੀਤਲੜੀ ਵਾਲੇ ਸਰਦਾਰ ਦਾ ਤੇ ਨਾਮਧਾਰੀ ਪੰਥ ਦੇ ਕਰਨ-ਕਰਾਵਣ ਹਾਰ ਦਾ ਏਨਾਂ ਵੱਧ ਗਿਆ ਕਿ ਜਦੋਂ ਸਰਦਾਰ ਜੀ ਦੇ ਤੁਰ ਜਾਣ ਪਿਛੋਂ ਸਤਿਗੁਰੂ ਜੀ ਪਰਵਾਰ ਨਾਲ ਹਮਦਰਦੀ ਕਰਨ ਪ੍ਰੀਤ ਨਗਰ ਪਹੁੰਚੇ ਉਹਨਾਂ ਆਖਿਆ, "ਪਿਛਲਾ ਨੇੜਲਾ ਸਮਾਂ ਮੈਂ ਏਥੇ ਆਨੰਦ ਜੀ ਨਾਲੋਂ ਵੱਧ ਆਉਂਦਾ ਰਿਹਾਂ। ਮੇਰੀ ਇਹ ਸਾਂਝ ਹੁਣ ਵੀ ਬਣੀ ਰਹੇਗੀ।"

ਬਹੁਤ ਘੱਟ ਲੋਕ ਜਾਣਦੇ ਹਨ ਕਿ ਜਦੋਂ ਸਤਿਗੁਰੂ ਜੀ ਜੁਲਾਈ ਦੇ ਅੱਧ ਵਿਚ ਪ੍ਰੀਤ ਨਗਰ ਸਰਦਾਰ ਜੀ ਨੂੰ ਮਿਲਣ ਗਏ, ਉਹਨਾਂ ਦੀ ਬੀਮਾਰੀ ਨੂੰ ਵੇਖ ਉਹਨਾਂ ਦੇ ਸਰਕਾਰੀ ਇਲਾਜ ਲਈ ਸਿੱਧੀ ਪਹੁੰਚ ਮੁੱਖ ਮੰਤਰੀ ਬਾਦਲ ਸਾਹਿਬ ਨਾਲ ਕੀਤੀ। ਸਰਦਾਰ ਜੀ ਦੀ ਡਾਇਰੀ ਦਾ ਆਖਰੀ ਅੰਦਰਾਜ 18 ਜੁਲਾਈ ਦਾ ਹੈ ਤੇ ਉਸ ਵਿਚ ਸਤਿਗੁਰਾਂ ਦੇ ਉੱਥੇ ਆਉਣ ਦਾ ਜ਼ਿਕਰ ਬੜੇ ਹੁਲਾਰਵੇਂ ਸ਼ਬਦਾਂ ਵਿਚ ਹੈ।

# ਮੇਰੇ ਪ੍ਰਾਣ ਆਧਾਰ...

## ਪੌਣੀ ਸਦੀ ਦਾ ਸਫ਼ਰ- ਵਿਚੋਂ

ਕਿਰਪਾਲ ਸਿੰਘ ਕਸੇਲ (ਸਵ.)

ਸੀ.ਐਮ.ਸੀ. ਹਸਪਤਾਲ (ਲੁਧਿਆਣਾ) ਵਿਖੇ ਸੰਨ 1964 ਈ: ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਰਾ ਹਾਲ-ਚਾਲ ਪੁੱਛਣ ਆਉਣਾ ਹਾਲ-ਚਾਲ ਕੀ, ਉਹ ਤਾਂ ਜੀਵਨ ਦੇ ਇਸ ਰਣਖੇਤਰ ਵਿਚ ਜਿਸ ਵਿਚ ਮੈਂ ਇਕ ਭੀਸ਼ਣ ਰੋਗ ਵਿਚ ਘੋਲ ਕਰ ਰਿਹਾ ਸਾਂ, ਵਿਚ ਮੇਰੀ ਢਾਲ ਬਣ ਕੇ ਆਏ। ਪਤਾ ਨਹੀਂ ਕਿਵੇਂ, ਆਪ ਜੀ ਨੂੰ ਖ਼ਬਰ ਮਿਲੀ। ਸ਼ਾਇਦ ਕੁਝ ਦਿਨ ਪਹਿਲਾਂ ਮੇਰੇ ਮਾਤਾ ਜੀ ਉਨ੍ਹਾਂ ਦਾ ਦਰਸ਼ਨ ਕਰਨ ਲਈ ਅਤੇ ਬੇਨਤੀ ਕਰਨ ਲਈ ਸ੍ਰੀ ਭੈਣੀ ਸਾਹਿਬ ਗਏ ਸਨ। ਜਦੋਂ ਸ੍ਰੀ ਸਤਿਗੁਰੂ ਜੀ ਮੇਰੇ ਕੋਲ ਆ ਕੇ ਖੜੇ ਸਨ ਤਾਂ ਮੈਂ ਉਹ ਮਾਲਾ ਜੋ ਕਦੀ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਲੇਖਕਾਂ ਦੀ ਪੰਜਾਬੀ ਕਾਨਫਰੰਸ ਤੋਂ ਪਿਛੋਂ ਮੈਨੂੰ ਬਖ਼ਸ਼ੀ ਸੀ, ਉਹ ਮੇਰੇ ਕੋਲ ਸੀ। ਮਾਲਾ ਤਾਂ ਮੇਰੇ ਕੋਲ ਸੀ, ਪਰ ਗੁਰਮੰਤਰ ਬਾਰੇ ਮੈਨੂੰ ਉੱਕਾ ਪਤਾ ਨਹੀਂ ਸੀ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ! ਇਹ ਮਾਲਾ ਤਾਂ ਤੁਸੀਂ ਮੈਨੂੰ ਬਖ਼ਸ਼ੀ ਸੀ, ਮੈਨੂੰ ਅਗਲਾ ਮਾਰਗ ਵੀ ਦੱਸ ਦਿਓ , ਆਪ ਜੀ ਨੇ ਉਨ੍ਹਾਂ ਦੇ ਨਾਲ ਆਏ ਇਕ ਸੂਬਾ ਜੀ ਨੂੰ ਹੁਕਮ ਦਿਤਾ-ਪ੍ਰੋ. ਕਸੇਲ ਜੀ ਨੂੰ ਭਜਨ ਦੱਸ ਦਿਓ । ਸੂਬਾ ਜੀ ਨੇ ਮੇਰੇ ਦੋਹਾਂ ਕੰਨਾਂ ਵਿਚ ਗੁਰਮੰਤਰ ਦਾ ਨਾਮ-ਨਾਦ ਸੁਣਾ ਦਿੱਤਾ ਅਤੇ ਬੱਸ ਮੇਰੀ ਅਵਸਥਾ ਕੁਝ ਅਜਿਹੀ ਅਡੋਲ ਹੋ ਗਈ, ਜਿਸ ਦਾ ਵਰਣਨ ਸੁਖਮਨੀ ਸਾਹਿਬ ਵਿਚ ਆਉਂਦਾ ਹੈ :

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥

ਗੁਰਮੰਤਰ ਦੀ ਬਖ਼ਸ਼ਿਸ਼ ਨੇ ਮੇਰੇ ਮਨ ਦੇ ਡੋਲਦੇ ਜਹਾਜ਼ ਨੂੰ ਅਡੋਲ ਕਰ ਦਿੱਤਾ ਅਤੇ ਮੈਂ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਮੇਰੀ ਹਾਲਤ ਸੂਫ਼ੀ ਦਰਵੇਸ਼ ਸ਼ਾਹ ਹੁਸੈਨ ਦੇ ਅਨਮੋਲ ਬੋਲਾਂ ਵਾਲੀ ਹੋ ਗਈ :

ਸਾਈ ਜਿਨ੍ਹਾਂ ਦੇ ਵਲ, ਤਿਨ੍ਹਾਂ ਨੂੰ ਗਮ ਕੈਂਦਾ ਵੇ ਲੋਕਾ।

ਕੁਝ ਦਿਨਾਂ ਪਿਛੋਂ ਡਾ. ਸਾਈਮਨ ਫਰੈਂਕਨ ਨੇ ਮੇਰੀ ਖੱਬੀ ਅੱਖ ਦਾ ਅਪਰੇਸ਼ਨ ਕਰਨ ਦਾ ਨਿਰਣੇ ਕੀਤਾ। ਅਪਰੇਸ਼ਨ ਦੀ ਤਿਆਰੀ ਹੋ ਚੁੱਕੀ ਸੀ। ਜਦੋਂ ਬਿਸਤਰੇ ਤੋਂ ਚੁੱਕ ਕੇ ਮੈਨੂੰ ਟਰਾਲੀ 'ਤੇ ਲਿਟਾ ਕੇ ਅਪਰੇਸ਼ਨ ਥੀਏਟਰ ਵੱਲ ਲਿਜਾ ਰਹੇ ਸਨ ਤਾਂ ਮੈਨੂੰ ਇੰਝ ਆਭਾਸ ਹੋਇਆ ਕਿ ਸ੍ਰੀ ਸਤਿਗੁਰੂ ਜੀ ਮੇਰੇ ਨਾਲ-ਨਾਲ ਹੀ ਜਾ ਰਹੇ ਹਨ ਅਤੇ ਜਦੋਂ ਮੈਂ ਅਪਰੇਸ਼ਨ ਟੇਬਲ ਉਤੇ ਲੇਟਿਆ ਹੋਇਆ ਸੀ ਤਾਂ ਉਦੋਂ ਵੀ ਆਪ ਜੀ ਮੇਰੇ ਕੋਲ ਖੜ੍ਹੇ ਸਨ। ਅਜਿਹੇ ਹਮਦਰਦ ਤੇ ਮਾਹਿਰ ਡਾਕਟਰ ਤੋਂ ਇਲਾਜ ਕਰਵਾਉਣ ਦੇ ਬਾਵਜੂਦ ਮੇਰੀ ਹਾਲਤ ਵਿਚ ਕੋਈ ਵਿਸ਼ੇਸ਼ ਸੁਧਾਰ ਨਾ ਹੋਇਆ। ਮੇਰੀ ਨਿਰਾਸ਼ਾ ਵਧਦੀ ਹੀ ਗਈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਦੋਂ ਮੇਰੀ ਇਸ ਸਥਿਤੀ ਦਾ ਪਤਾ ਲੱਗਾ ਤਾਂ ਉਹ ਮੈਨੂੰ ਸ੍ਰੀ ਜੀਵਨ ਨਗਰ ਲੈ ਗਏ, ਜਿਥੇ ਉਨ੍ਹਾਂ ਦੇ ਨਿੱਜੀ ਵੈਦ ਡਾਕਟਰ ਤਰਲੋਕ ਸਿੰਘ ਨੇ ਮੇਰਾ ਕੁਦਰਤੀ ਚਿਕਿਤਸਾ ਪ੍ਰਣਾਲੀ ਨਾਲ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਟੱਬ ਇਸ਼ਨਾਨ, ਭਾਫ਼ ਇਸ਼ਨਾਨ ਅਤੇ ਲੰਮਾ ਉਪਵਾਸ ਕਰਵਾਇਆ, ਜੋ ਲਗਭਗ ਢਾਈ ਮਹੀਨੇ ਤਕ ਜਾਰੀ ਰਿਹਾ। ਸ੍ਰੀ ਸਤਿਗੁਰੂ ਜੀ ਜਦੋਂ ਜੀਵਨ ਨਗਰ ਆਉਂਦੇ ਤਾਂ ਉਨ੍ਹਾਂ ਦੇ ਦਰਸ਼ਨ ਕਰ ਕੇ ਮਨ ਨੂੰ ਬੜੀ ਧਰਵਾਸ ਮਿਲਦੀ । ਮੇਰੇ ਸੀ. ਐਮ. ਸੀ. ਵਾਲੇ ਦੋਸਤ ਫਰੈਡੀ ਜੋਜ਼ਫ ਨੇ ਇਨ੍ਹਾਂ ਦਿਨਾਂ ਵਿਚ ਮੇਰੀ ਬੜੀ ਟਹਿਲ ਸੇਵਾ ਕੀਤੀ। ਭਾਵੇਂ ਕੁਦਰਤੀ ਇਲਾਜ ਕਾਰਨ ਮੇਰੇ ਸਰੀਰ ਅੰਦਰ ਕਮਜ਼ੋਰੀ ਆ ਗਈ ਸੀ, ਪਰ ਮਾਨਸਿਕ ਤੌਰ 'ਤੇ ਮੈਂ ਚੜ੍ਹਦੀ ਕਲਾ ਵਿਚ ਸਾਂ। ਸਤਿਗੁਰੂ ਜੀ ਨੇ ਆਤਮਿਕ ਸ਼ਕਤੀ ਪ੍ਰਦਾਨ ਕਰ ਦਿੱਤੀ ਸੀ। ਕੁਝ ਦਿਨ ਮੇਰਾ ਵੱਡਾ ਲੜਕਾ ਤੇਜਬੀਰ ਸਿੰਘ ਵੀ ਉਥੇ ਰਿਹਾ। ਮਹਿੰਦਰਜੀਤ ਤੇ ਉਸਤਾਦ ਜੀ ਵੀ ਕਈ ਵਾਰ ਚੱਕਰ ਮਾਰ ਜਾਂਦੇ ਸਨ। ਸਤਿਗੁਰੂ ਜੀ ਸੰਗੀਤ ਕਲਾ ਦੇ ਪ੍ਰੇਮੀਆਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਦੇ ਰਹਿੰਦੇ ਹਨ। ਉਸਤਾਦ ਜੀ ਉਤੇ ਵੀ ਉਨ੍ਹਾਂ ਦੀ ਮਿਹਰ ਦੀ ਨਜ਼ਰ ਸੀ ਤੇ ਆਪ ਲਾਲ ਚੰਦ ਦੀ ਥਾਂ ਕਈ ਵਾਰ ਉਸ ਨੂੰ 'ਰੈੱਡ ਮੂਨ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਮੈਂ ਤਿੰਨ-ਚਾਰ ਮਹੀਨੇ ਸ੍ਰੀ ਜੀਵਨ ਨਗਰ ਹੀ ਰਿਹਾ, ਡਾ. ਤਰਲੋਕ ਸਿੰਘ ਦਾ ਕੁਦਰਤੀ ਇਲਾਜ ਜਾਰੀ ਰਿਹਾ ਅਤੇ ਨਾਲ-ਨਾਲ ਹੀ ਮੈਂ ਨਿਤਨੇਮ ਤੇ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਵੀ ਭਰਦਾ ਰਿਹਾ। ਮੈਨੂੰ ਕਈ ਨਾਮਧਾਰੀ ਸੰਤ ਪੁਰਸ਼ਾਂ ਤੇ ਉਥੋਂ ਦੇ ਸਥਾਨਕ ਲੇਖਕਾਂ ਨਾਲ ਵੀ ਮੇਲ-ਜੋਲ ਦਾ ਮੌਕਾ ਮਿਲਿਆ। ਮਾ. ਨਿਹਾਲ ਸਿਘ ਜੀ, ਸੰਤ ਤਰਨ ਸਿੰਘ ਵਹਿਮੀ ਤੇ ਹੋਰ ਬਹੁਤ ਸਾਰੇ ਸੱਜਣ ਮਿਲਦੇ-ਜੁਲਦੇ ਰਹੇ। ਮਹਾਰਾਜ ਬਾਬਾ ਬੀਰ ਸਿੰਘ ਤੇ ਬੇਬੇ ਜੀ ਵੀ ਸਤਿਗੁਰੂ ਜੀ ਦੀ ਗੈਰ-ਹਾਜ਼ਰੀ ਵਿਚ ਵਿਸ਼ੇਸ਼ ਤੌਰ 'ਤੇ ਧਿਆਨ ਰੱਖਦੇ ਰਹੇ। ਮੈਂ

ਆਪਣਾ ਸਮਾਂ ਸਫ਼ਲਾ ਕਰਨ ਲਈ ਵੱਡੇ ਠਾਕੁਰ ਜੀ ਨੂੰ ਕੁਝ ਸਮਾਂ ਪੜਾਈ ਲਈ ਵੀ ਦਿੰਦਾ ਰਿਹਾ। ਕੁਦਰਤੀ ਇਲਾਜ ਨਾਲ ਮੇਰੀ ਨਿਗ੍ਹਾ ਵਿੱਚ ਤਾਂ ਸੁਧਾਰ ਨਾ ਹੋ ਸਕਿਆ, ਪਰ ਜਿਹੜਾ ਖੂਨ ਬਾਰ-ਬਾਰ ਅੱਖਾਂ ਵਿਚ ਆਉਂਦਾ ਸੀ, ਉਹ ਬੰਦ ਹੋ ਗਿਆ। ਢਾਈ ਤਿੰਨ ਮਹੀਨੇ ਦੇ ਇਲਾਜ ਪਿਛੋਂ ਮੈਂ ਵਾਪਿਸ ਲੁਧਿਆਣੇ ਆਪਣੇ ਘਰ ਆ ਗਿਆ। ਹੁਣ ਮੇਰੀ ਹਾਲਤ ਬਿਸਤਰੇ ਦੇ ਰੋਗੀਆਂ ਵਾਲੀ ਭਾਵੇਂ ਨਹੀਂ ਸੀ, ਪਰ ਦ੍ਰਿਸ਼ਟੀਹੀਣ ਹੋ ਜਾਣ ਕਾਰਨ ਕਿਸੇ ਦੂਜੇ ਦੇ ਸਹਾਰੇ ਹੀ ਚੱਲਣਾ-ਫਿਰਨਾ ਪੈਂਦਾ ਸੀ।

ਜਦੋਂ ਮੈਂ ਜੀਵਨ ਨਗਰ ਵਿਚ ਕੁਦਰਤੀ ਇਲਾਜ ਕਰਵਾ ਰਿਹਾ ਸਾਂ ਤਾਂ ਇਕ ਦਿਨ ਦੁਪਹਿਰ ਸਮੇਂ ਜਦੋਂ ਮੈਂ ਬਾਹਰ ਮੰਜੇ ਉਤੇ ਧੁੱਪ ਵਿਚ ਲੇਟਿਆ ਹੋਇਆ ਸਾਂ ਤਾਂ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਜਿਨ੍ਹਾਂ ਦੇ ਚਰਨ ਘੁੱਟਣ ਦਾ ਮੈਨੂੰ ਸੁਪਨੇ ਵਿਚ ਹੀ ਸੁਭਾਗ ਪ੍ਰਾਪਤ ਹੋਇਆ। ਜਦੋਂ ਮੈਂ ਦੂਜੇ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਹ ਗੱਲ ਦੱਸੀ ਤਾਂ ਆਪ ਜੀ ਨੇ ਬਚਨ ਕੀਤਾ ਕਿ, "ਸੇਠ ਤਰਲੋਕ ਸਿੰਘ ਕਹਿੰਦੇ ਹੁੰਦੇ ਨੇ, ਜਦੋਂ ਇਸ ਤਰ੍ਹਾਂ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਨੇ, ਤਾਂ ਕੋਈ ਵੱਡਾ ਇਨਾਮ ਸਨਮਾਨ ਪ੍ਰਾਪਤ ਹੁੰਦਾ ਹੈ। ਮੈਂ ਅਰਜ਼ ਕੀਤੀ, "ਸੱਚੇ ਪਾਤਸ਼ਾਹ ! ਉਹ ਬਖ਼ਸ਼ਿਸ਼ ਤਾਂ ਮੇਰੇ ਉਤੇ ਵੱਡੇ ਸਤਿਗੁਰੂ ਜੀ ਵੱਲੋਂ ਹੋ ਗਈ, ਪਰ ਇਹ ਜੋ ਮੋਹਰ ਤੁਸਾਂ ਲਗਾ ਦਿਤੀ ਹੈ, ਇਹ ਹੋਰ ਵੀ ਮੇਰੇ ਵੱਡੇ ਭਾਗ ਹਨ। ਇਕ ਵਾਰ ਮੈਂ ਤੇ ਮੇਰਾ ਸਹਾਇਕ ਫਰੈਡੀ ਜੋਜ਼ਫ ਜਦੋਂ ਬਾਹਰ ਸੈਰ ਕਰਨ ਲਈ ਗਏ ਤਾਂ ਸਤਿਗੁਰੂ ਜੀ ਦੇ ਰਸਤੇ ਵਿਚ ਵੀ ਮੈਂ ਪਹਿਲਾ ਲੇਖ 'ਕਲਾ ਤੇ ਕਲਾਕਾਰ ਦੀ ਮਹਿਮਾ ਲਿਖਵਾਉਣਾ ਸ਼ੁਰੂ ਹੀ ਕੀਤਾ ਸੀ ਕਿ ਮੈਨੂੰ ਸੁਨੇਹਾ ਪੁੱਜਾ ਕਿ ਸਤਿਗੁਰੂ ਜੀ ਘਰ ਆ ਕੇ ਦਰਸ਼ਨ ਦੇਣਗੇ। ਆਪਣੇ ਕਿਸੇ ਜ਼ਰੂਰੀ ਰੁਝੇਵੇਂ ਕਾਰਨ ਆਪ ਉਸ ਦਿਨ ਤਾਂ ਦਰਸ਼ਨ ਨਾ ਦੇ ਸਕੇ, ਪਰ ਅਗਲੇ ਦਿਨ ਗੱਡੀ ਭੇਜ ਕੇ ਮੈਨੂੰ ਨਾਮਧਾਰੀ ਧਰਮਸ਼ਾਲਾ ਵਿਖੇ ਬੁਲਾ ਲਿਆ। ਮੈਂ ਆਪਣੇ ਬੇਟੇ ਤੇਜਬੀਰ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਚਲਾ ਗਿਆ ਤੇ "ਇੰਦਰ ਧਨੁਸ਼ ਦੇ ਕੁਝ ਪੰਨੇ, ਜੋ ਮੈਂ ਲਿਖੇ ਸਨ, ਉਹ ਨਾਲ ਲੈ ਗਿਆ। ਹੋਰ ਬਚਨ ਬਿਲਾਸ ਤੋਂ ਪਿਛੋਂ ਮੈਂ ਆਪਣੇ ਬੇਟੇ ਨੂੰ ਕਿਹਾ, 'ਜੋ ਲਿਖ ਕੇ ਲਿਆਏ ਹਾਂ, ਉਹ ਸਤਿਗੁਰੂ ਜੀ ਨੂੰ ਸੁਣਾ ਦਿਓ। ਜਦੋਂ ਇਕ ਦੋ ਪੰਨੇ ਪੜ੍ਹ ਕੇ ਸੁਣਾਏ ਗਏ ਤਾਂ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਸਦਾ ਨਿਵਾਜਣ ਵਾਲੇ ਗੁਰੂ ਘਰ ਦੇ ਮਾਲਕ ਬੜੇ ਪ੍ਰਸੰਨ ਹੋਏ। ਉਨ੍ਹਾਂ ਤੋਂ ਮੈਨੂੰ ਇਹ ਵਰ ਪ੍ਰਾਪਤ ਹੋਇਆ - "ਜੋ ਲਿਖੋਗੇ ਠੀਕ ਹੋਵੇਗਾ'ਇਸ ਤੋਂ ਪਿਛੋਂ ਮੈਂ ਜੋ ਕੁਝ ਵੀ ਅੱਜ ਤੱਕ ਲਿਖਿਆ ਹੈ, ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਅਰਦਾਸ ਕਰਕੇ ਹੀ ਲਿਖਿਆ ਹੈ ਅਤੇ ਸ੍ਰੀ ਸਤਿਗੁਰੂ ਜੀ ਨੇ ਮੇਰੀ ਰਚਨਾ ਦੀ ਸਦਾ ਲਾਜ ਰੱਖੀ ਹੈ। ਮੇਰੀਆਂ ਰਚਨਾਵਾਂ ਦੇ ਅਨੇਕ ਦੋਸ਼ ਤਾਂ ਮੇਰੇ ਆਪਣੇ ਹਨ, ਪਰ ਇਨ੍ਹਾਂ ਦੀਆਂ ਸਭ ਵਿਸ਼ੇਸ਼ਤਾਵਾਂ, ਖੂਬੀਆਂ ਤੇ ਗੁਣ ਸ੍ਰੀ ਸਤਿਗੁਰੂ ਜੀ ਦੇ ਬਖ਼ਸ਼ੇ ਹੋਏ ਹਨ। ਪੁਸਤਕ 'ਇੰਦਰ ਧਨੁਸ਼' ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਸਮਰਪਿਤ ਹੈ ਅਤੇ ਇਸ ਵਿਚ ਦੋ ਲੇਖ 'ਚਰਨ-ਕੰਵਲ-1, ਚਰਨ ਕੰਵਲ-2 ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਭਾਓ-ਭਗਤ ਦੇ ਹੀ ਵਹਿੰਦੇ ਚਸ਼ਮੇ ਹਨ, ਜਿਨ੍ਹਾਂ ਵਿਚ ਗੁਰੂ ਘਰ ਦੀ ਮਹਿਮਾ ਦਾ ਹੀ ਬਖਾਨ ਕੀਤਾ ਗਿਆ ਹੈ ।

ਅਰਧ ਆਯੂ ਵਿਚ ਅੱਖਾਂ ਦੀ ਜੋਤ ਦਾ ਖੁੱਸ ਜਾਣਾ ਹਾਦਸਾ ਤਾਂ ਬਹੁਤ ਵੱਡਾ ਸੀ, ਪਰ ਮੈਂ ਕਿਵੇਂ ਇਸ ਭਉਜਲ ਨੂੰ ਪਾਰ ਕੀਤਾ, ਇਹ ਵੀ ਇਕ ਵਡਾਣਾ ਕੌਤਕ ਹੈ। ਇਸ ਦਾ ਬਹੁਤ ਵੱਡਾ ਕਾਰਨ ਤਾਂ ਉਹ ਗੁਰੂ ਮਿਹਰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੈ, ਜੋ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੇ ਚਰਨ ਕੰਵਲਾਂ ਤੋਂ ਪ੍ਰਾਪਤ ਹੋਈ। ਉਨ੍ਹਾਂ ਦਾ ਬਖ਼ਸ਼ਿਆ ਹੋਇਆ ਪਵਿੱਤਰ ਗੁਰਮੰਤਰ ਜਦੋਂ ਮੇਰੀ ਕੰਨੀ ਪਿਆ ਤਾਂ ਮੇਰੇ ਅੰਦਰਲਾ ਆਤਮ ਕੰਵਲ ਅਡੋਲ ਹੋ ਗਿਆ। ਨਾਮ ਦੀ ਅੰਮ੍ਰਿਤ - ਵਰਖਾ ਨੇ ਮੇਰੇ ਤਨ, ਮਨ ਨੂੰ ਸਦਾ ਠੰਢਾ ਰਖਿਆ ਹੈ ਅਤੇ ਮੇਰੇ ਅੰਦਰ ਇਕ ਅਨੋਖੀ ਆਤਮ ਵਿਸ਼ਵਾਸ ਦੀ ਜੋਤ ਨੂੰ ਜਗਾਈ ਰਖਿਆ ਹੈ। ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਜਾਣ ਨਾਲ ਮੈਂ ਸਦਾ ਅਚਿੰਤ ਰਿਹਾ ਹਾਂ। ਜਦੋਂ ਵੀ ਕੋਈ ਘਰੋਗੀ, ਪਰਿਵਾਰਿਕ ਜਾਂ ਹੋਰ ਕਿਸੇ ਤੌਖਲੇ ਨੇ ਘੇਰਿਆ ਹੈ ਤਾਂ ਸਤਿਗੁਰੂ ਜੀ ਦੇ ਚਰਨਾਂ ਕੰਵਲਾਂ ਤੇ ਅਰਦਾਸ ਕਰਕੇ ਮੇਰੇ ਸਭ ਕਸ਼ਟ ਕਲੇਸ਼ ਦੂਰ ਹੁੰਦੇ ਰਹੇ ਹਨ। ਦਿਨ ਵਿਚ ਕਈ-ਕਈ ਵਾਰ ਸਤਿਗੁਰੂ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਅਰਦਾਸ ਕਰਦਾ ਹਾਂ ਕਿ ਮੈਂ ਸਦਾ ਹਜ਼ੂਰ ਦੀ ਚਰਨ ਸ਼ਰਨ ਵਿਚ ਵਿਚਰਾਂ।

ਮੇਰੇ ਲਿਖਣ ਪੜ੍ਹਨ ਦੇ ਕਾਰਜ ਵਿਚ ਤਾਂ ਉਨ੍ਹਾਂ ਦਾ ਵਰ ਤੇ ਅਸੀਸ ਸਦਾ ਮੇਰੇ ਨਾਲ ਰਹੇ ਹਨ, ਨਹੀਂ ਤਾਂ ਕਿਹੜਾ ਅਜਿਹਾ ਨੇਤਰਹੀਣ ਲੇਖਕ ਹੋ ਸਕਦਾ ਹੈ, ਜੋ ਇਸ ਤਰ੍ਹਾਂ ਨਿਰੰਤਰ ਸਾਹਿਤਕ ਕਾਰਜ ਵਿਚ ਜੁਟਿਆ ਰਹੇ। ਫਿਰ ਜਦੋਂ 9 ਦਸੰਬਰ, 1995 ਨੂੰ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਮੈਨੂੰ ਸ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਪ੍ਰਾਪਤ ਹੋਇਆ। ਇਸ ਪੁਰਸਕਾਰ ਦੀ ਪ੍ਰਾਪਤੀ ਸਮੇਂ ਮੈਨੂੰ ਵੱਡੀ ਆਤਮਕ

ਤ੍ਰਿਪਤੀ ਦਾ ਅਨੁਭਵ ਹੋਇਆ ਕਿਉਂ ਜੋ ਇਸ ਪੁਰਸਕਾਰ ਦੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮਾਗਮ ਵਿਚ ਦਰਸ਼ਨ ਦੇ ਰਹੇ ਸਨ। ਸ੍ਰ. ਮਨਮੋਹਨ ਸਿੰਘ ਵੀ ਹਾਜ਼ਰ ਸਨ। ਮੈਂ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਅਤੇ ਫਿਰ ਇਹ ਪੁਰਸਕਾਰ ਭਾਰਤ ਦੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਤੋਂ ਪ੍ਰਾਪਤ ਕੀਤਾ।

18 ਨਵੰਬਰ, 1996 ਨੂੰ ਮੈਨੂੰ ਸਰਸੇ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਕਰ ਕੰਵਲਾਂ ਤੋਂ ਨਾਮਧਾਰੀ ਸਾਹਿਤ ਸਭਾ ਵੱਲੋਂ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸ ਸਨਮਾਨ ਦਾ ਇਕ ਵੱਖਰਾ ਹੀ ਮਹੱਤਵ ਸੀ। ਮੈਂ ਉਸ ਸਮੇਂ ਇੰਝ ਅਨੁਭਵ ਕੀਤਾ ਜਿਵੇਂ ਆਪਣੇ ਘਰ ਵਿਚ ਹੀ ਮੇਰਾ ਸਨਮਾਨ ਕੀਤਾ ਜਾ ਰਿਹਾ ਹੋਵੇ। ਸੰਤ ਤਰਨ ਸਿੰਘ ਵਹਿਮੀ ਨੇ ਨਾਮਧਾਰੀ ਇਤਿਹਾਸ ਨੂੰ ਆਪਣੇ ਹੀ ਨਿਵੇਕਲੇ ਢੰਗ ਨਾਲ 'ਜੱਸ ਜੀਵਨ' ਪੁਸਤਕ ਲੜੀ ਦੁਆਰਾ ਰਚਿਆ ਹੈ ਅਤੇ ਇਸ ਰਚਨਾ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਸ਼ੀਰਵਾਦ ਪ੍ਰਾਪਤ ਸੀ।

22-23 ਫ਼ਰਵਰੀ, 1993 ਨੂੰ ਸੰਸਕ੍ਰਿਤ ਵਿਸ਼ਵ ਵਿਦਿਆਲਾ ਬਨਾਰਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੀਠ ਸਥਾਪਤ ਕੀਤੀ ਗਈ ਸੀ। ਇਹ ਮੇਰੇ ਸਾਹਿਤਕ ਜੀਵਨ ਦਾ ਇਕ ਯਾਦਗਾਰੀ ਅਵਸਰ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਇਸ ਸਮਾਗਮ ਵਿਚ ਹਾਜ਼ਰ ਸਨ। ਇਸ ਅਵਸਰ ਉਤੇ ਮੈਂ ਵੀ ਇਕ ਖੋਜ ਪੱਤਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਾਏ ਗਏ ਵਿਲੱਖਣ ਯੋਗਦਾਨ ਬਾਰੇ ਹਿੰਦੀ ਭਾਸ਼ਾ ਵਿਚ ਲਿਖ ਕੇ ਪੜ੍ਹਿਆ ਸੀ। ਪੜ੍ਹਨ ਨਾਲੋਂ ਇਹ ਇਕ ਤਰ੍ਹਾਂ ਨਾਲ ਹਿੰਦੀ ਵਿਚ ਦਿੱਤਾ ਗਿਆ ਵਿਖਿਆਨ ਹੀ ਸੀ। ਮੈਨੂੰ ਹਿੰਦੀ ਭਾਸ਼ਾ ਵਿਚ ਬੋਲਣ ਦਾ ਅਭਿਆਸ ਘੱਟ ਸੀ। ਇਸ ਲਈ ਮੈਂ ਪਹਿਲਾਂ ਤਾਂ ਝਿਜਕਦੇ-ਝਿਜਕਦੇ ਹੀ ਭਾਸ਼ਣ ਦੇਣਾ ਆਰੰਭ ਕੀਤਾ, ਪਰ ਸਤਿਗੁਰੂ ਜੀ ਦੀ ਅਜਿਹੀ ਕਿਰਪਾ ਹੋਈ ਕਿ ਮੇਰੇ ਇਸ ਵਿਖਿਆਨ ਦੀ ਸਰੋਤਿਆਂ ਵੱਲੋਂ ਕਾਫ਼ੀ ਪ੍ਰਸ਼ੰਸਾ ਕੀਤੀ ਗਈ।

26 ਅਗਸਤ 2001 ਨੂੰ ਪੰਜਾਬੀ ਦੇ ਪ੍ਰਸਿਧ ਕਵੀ ਤੇ ਭਾਰਤੀ ਸਾਹਿਤ ਅਕਾਡਮੀ ਦੇ ਇਨਾਮ ਜੇਤੂ ਸੁਖਪਾਲਵੀਰ ਸਿੰਘ ਹਸਰਤ ਦੀ ਯਾਦ ਵਿਚ ਪਹਿਲਾ 'ਸੁਖਪਾਲਵੀਰ ਸਿੰਘ ਹਸਰਤ ਪੁਰਸਕਾਰ' ਚੰਡੀਗੜ੍ਹ ਦੇ ਪੰਜਾਬ ਆਰਟ ਕੌਂਸਲ ਦੇ ਹਾਲ ਵਿਚ ਮੈਨੂੰ ਪ੍ਰਦਾਨ ਕੀਤਾ ਗਿਆ। ਆਪਣੇ ਸੰਕਲਪ ਅਨੁਸਾਰ ਇਸ ਪੁਰਸਕਾਰ ਵਿਚ ਪ੍ਰਾਪਤ ਹੋਈ ਰਾਸ਼ੀ ਉਸੇ ਦਿਨ ਹੀ ਮੈਂ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰ ਦਿੱਤੀ, ਕਿਉਂ ਜੋ ਮੈਂ ਇਸ ਨੇਤਰਹੀਣਤਾ ਦੀ ਅਵਸਥਾ ਵਿਚ ਇਹ ਭਲੀ ਪ੍ਰਕਾਰ ਅਨੁਭਵ ਕਰਦਾ ਹਾਂ ਕਿ ਜੋ ਕੁਝ ਵੀ ਮੈਂ 1964 ਪਿਛੋਂ ਲਿਖਿਆ ਹੈ, ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਅਤੇ ਉਨ੍ਹਾਂ ਦੇ ਵਰਦਾਨ ਸਦਕਾ ਹੀ ਲਿਖ ਸਕਿਆ ਹਾਂ।

ਨੇਤਰਹੀਣ ਹੋਣ ਪਿਛੋਂ ਮੇਰੀ ਸਾਹਿਤਕ ਰਚਨਾ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ, ਜਿਸ ਨੂੰ ਮੈਂ ਨਿਰੋਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਤੇ ਵਰ ਦੀ ਕਰਾਮਾਤ ਮੰਨਦਾ ਹਾਂ, ਜਿਨ੍ਹਾਂ ਨੇ ਅਪਾਰ ਕਿਰਪਾ ਕਰਕੇ 'ਇੰਦਰ ਧਨੁਸ਼' ਪੁਸਤਕ ਦੇ ਲਿਖਣ ਸਮੇਂ ਇਹ ਵਰ ਦਿਤਾ 'ਜੋ ਲਿਖੋਗੇ ਠੀਕ ਹੋਵੇਗਾ।'

ਮੇਰੇ ਜੀਵਨ ਦੇ ਪਿਛਲੇ 45 ਸਾਲਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਰਹੀ ਹੈ। ਉਨ੍ਹਾਂ ਦੀ ਮਿਹਰ ਭਰੀ ਸਰਪ੍ਰਸਤੀ ਵਿਚ ਮੈਂ ਨੇਤਰਹੀਣਤਾ ਦੇ ਅੰਧਕਾਰ ਵਿਚ ਪੁਸਤਕ ਰੂਪ ਦੇ ਕਈ ਗਿਆਨ ਦੀਪ ਜਗਾਏ ਹਨ, ਜਿਨ੍ਹਾਂ ਦਾ ਪ੍ਰਕਾਸ਼ ਭਾਵੇਂ ਨਿਮਾ ਹੈ, ਪਰ ਹੈ ਉਹ ਉਨ੍ਹਾਂ ਦੇ ਬਖ਼ਸ਼ੇ ਹੋਏ ਗਿਆਨ ਅੰਜਨ ਦਾ ਹੀ ਚਾਨਣ। ਜੀਵਨ ਵਿਚ ਸਤਿਗੁਰੂ ਦੇ ਮਿਲਾਪ ਨਾਲ ਮਨੁੱਖੀ ਆਤਮਾ ਦਿਬ-ਦ੍ਰਿਸ਼ਟ ਹੋ ਜਾਂਦੀ ਹੈ। ਇਸ ਲਈ ਸਤਿਗੁਰੂ ਜੀ ਦਾ ਕੋਟ ਕੋਟਾਨ ਧੰਨਵਾਦ ਹੈ ਅਤੇ ਮੇਰਾ ਰੋਮ ਰੋਮ ਉਨ੍ਹਾਂ ਦੇ ਸ਼ੁਕਰਾਨੇ ਵਿਚ ਵਿਲੀਨ ਹੈ :

ਕਸੇਲ ਜੀਉੜਾ ਭੁਲਣਹਾਰ ਹੈ, ਸਤਿਗੁਰ ਹੈ ਬਖ਼ਸ਼ਿੰਦ।<br>
ਸੱਭੇ ਆਸਾਂ ਪੂੰਨੀਆਂ, ਪਰਸ ਚਰਨ ਅਰਵਿੰਦ।<br>
ਸਤਿਗੁਰੂ ਕਿਰਪਾ ਧਾਰ ਕੇ, ਬਖ਼ਸ਼ਿਆ ਨਾਮ ਆਧਾਰ।<br>
ਚਰਨ ਕੰਵਲ ਤੋਂ ਵਾਰਨੇ, ਜਾਵਾਂ ਸੌ ਸੌ ਵਾਰ।

ਅਤੇ ਆਪਣੇ ਜੀਵਨ ਵਿਚ ਮੈਂ ਸਦਾ ਇਹੋ ਅਰਦਾਸ ਕੀਤੀ ਹੈ

ਕਸੇਲ ਝਰੋਖੇ ਬੈਠ ਕੇ, ਵੰਡ ਕਥੂਰ ਗਿਆਨ।<br>
ਖਾਤਰ ਦੇਸ਼ ਤੇ ਕੌਮ ਦੀ, ਲੇਖੇ ਲਗ ਜਾਏ ਜਾਨ।

19 ਮਾਰਚ 1993 ਨੂੰ ਹਰੀ ਮੰਦਰ ਵਿਚ ਰਖਿਆ ਗਿਆ ਇਕ ਯਾਦਗਾਰੀ ਸਮਾਗਮ ਸੀ। ਮੇਰੇ ਲਈ ਤਾਂ ਇਹ ਅਤਿ ਸੁਭਾਗਾ ਦਿਹਾੜਾ ਸੀ ਕਿਉਂ ਜੋ ਇਸ ਵਿਚ ਮੇਰੀ ਚਿਰਾਂ ਦੀ ਰੀਝ ਪੂਰੀ ਹੋ ਰਹੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਦੀ ਪਾਵਨ ਹਜ਼ੂਰੀ ਵਿਚ ਇਸ ਕ੍ਰੀਬ 80 ਤੋਂ ਵੱਧ ਪੰਜਾਬੀ ਦੇ ਨਾਮਵਰ ਲੇਖਕਾਂ ਦੇ ਲੇਖਾਂ ਸੰਗ੍ਰਹਿ 'ਪ੍ਰੋ: ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ' ਨੂੰ ਆਪ ਜੀ ਦੇ ਕਰ-ਕਮਲਾਂ ਦੁਆਰਾ ਮੈਨੂੰ ਪ੍ਰਦਾਨ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਸ੍ਰੀ ਸਤਿੰਦਰ ਸਿੰਘ ਨੰਦਾ ਵਲੋਂ ਸੰਪਾਦਿਤ ਕੀਤਾ ਗਿਆ 956 ਪੰਨਿਆਂ ਦਾ ਇਹ ਵੱਡ ਆਕਾਰੀ, ਕਈ ਚਿੱਤਰਾਂ ਨਾਲ ਸਚਿੱਤਰਿਤ ਗ੍ਰੰਥ ਦਿੱਖ ਤੇ ਛੱਬੀ ਦੇ ਪੱਖ ਤੋਂ ਬਹੁਤ ਸੁੰਦਰ ਅਤੇ ਮਨਮੋਹਣਾ ਸੀ।

ਮੇਰੇ ਉੱਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਹੋਈ ਹੈ। ਮੈਂ ਜੋ ਕੁਝ ਵੀ ਲਿਖਿਆ ਹੈ, ਅਰਦਾਸ ਕਰਕੇ ਹੀ ਲਿਖਿਆ ਹੈ, ਜੇ ਮੈਂ ਚਿੱਠੀ ਵੀ ਲਿਖੀ ਹੈ ਤਾਂ ਵੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਦਾ ਧਿਆਨ ਧਰਕੇ ਲਿਖੀ ਹੈ।

# ਸੇਖੋਂ ਜੀ ਭੈਣੀ ਸਾਹਿਬ ਆਏ

**ਕਹਾਣੀਕਾਰ ਸ. ਵਰਿਆਮ ਸਿੰਘ ਸੰਧੂ**

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਉਮਰ ਪੱਖੋਂ ਵੀ ਅਤੇ ਕਿਰਤ ਪੱਖੋਂ ਵੀ ਬਜ਼ੁਰਗ ਸਨ। ਉਨ੍ਹਾਂ ਦੇ ਸਿਰਜੇ ਇਕ ਕਾਵਿ-ਨਾਟਕ ਪਾਤਰ ਦੇ ਆਧਾਰ ਤੇ ਉਨ੍ਹਾਂ ਨੂੰ "ਪੰਜਾਬੀ ਸਾਹਿਤ ਦਾ ਬਾਬਾ ਬੋਹੜ" ਵੀ ਕਿਹਾ ਜਾਂਦਾ ਹੈ। ਵਿਚਾਰਧਾਰਾ ਵਲੋਂ ਉਹ ਮਾਰਕਸੀ ਚਿੰਤਕ ਮੰਨੇ ਜਾਂਦੇ ਹਨ- ਯਥਾਰਥਵਾਦੀ ਅਤੇ ਪਦਾਰਥਵਾਦੀ । ਉਨ੍ਹਾਂ ਨੇ ਸਾਰੀ ਉਮਰ ਵਿਚ ਏਨੇ ਵਿਦਿਆਰਥੀਆਂ ਨੂੰ ਵਿੱਦਿਆ ਦਿੱਤੀ ਹੈ ਕਿ ਉਹ ਗਿਣਨੇ ਮੁਸ਼ਕਿਲ ਹਨ। ਪੰਜਾਬੀ ਦੇ ਬਹੁਤ ਪ੍ਰਸਿੱਧ ਸਾਹਿਤਕਾਰ ਉਨ੍ਹਾਂ ਦਾ ਸ਼ਾਗਿਰਦ ਅਖਵਾਉਣਾ ਮਾਣ ਸਮਝਦੇ ਹਨ। ਉਹਨਾਂ ਅੰਗਰੇਜ਼ੀ ਸਾਹਿਤ ਦੀ ਐਮ. ਏ. ਉਦੋਂ ਕੀਤੀ



ਜਦੋਂ ਕੋਈ ਵਿਰਲਾ ਟਾਂਵਾਂ ਹੀ ਸਕੂਲ ਵਿਚ ਪੜ੍ਹਦਾ ਸੀ। ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਪੜ੍ਹਾਉਂਦੇ ਰਹੇ। ਬਾਅਦ ਵਿਚ ਉਹ ਮਾਂ-ਬੋਲੀ ਵਿਚ ਸਾਹਿਤ ਰਚਣ ਲੱਗੇ। ਸਾਹਿਤ ਦੇ ਵਿਵਿਧ ਰੂਪਾਂ ਕਵਿਤਾ, ਕਹਾਣੀ, ਨਾਟਕ, ਨਾਵਲ ਅਤੇ ਆਲੋਚਨਾ ਦੇ ਵਿਸ਼ੇ 'ਤੇ ਉਨ੍ਹਾਂ ਸਿੱਕੇ ਬੰਦ ਰਚਨਾਵਾਂ ਕੀਤੀਆਂ। ਪੰਜਾਬੀ ਲੇਖਕਾਂ ਦੀਆਂ ਜਥੇਬੰਦੀਆਂ ਜਾਂ ਪ੍ਰਗਤੀਸ਼ੀਲ ਲੇਖਕ ਸੰਘ ਜਿਹੇ ਸੰਗਠਨਾਂ ਵਿੱਚ ਵੀ ਉਹ ਸਰਗਰਮ ਰਹੇ।

ਸੇਖੋਂ ਸਾਹਿਬ ਸਰੀਰ ਪੱਖੋਂ ਪਿਛਲੀ ਉਮਰੇ ਢਿੱਲੇ ਢਿੱਲੇ ਰਹੇ। ਅਖ਼ਬਾਰਾਂ ਵਿਚ ਉਹਨਾਂ ਦੀ ਢਿੱਲੀ ਸਿਹਤ ਦੀਆਂ ਖ਼ਬਰਾਂ ਛਪੀਆਂ ਉਹ ਪਟਿਆਲੇ ਆਪਣੀ ਛੋਟੀ ਸਪੁੱਤਰੀ ਅਲਖਜੋਤ ਦੇ ਘਰ ਠਹਿਰੇ ਹੋਏ ਸਨ। ਅਖਬਾਰਾਂ ਵਿਚ ਹੀ ਉਹਨਾਂ ਦੇ ਇਲਾਜ ਵਾਸਤੇ ਸਹਾਇਤਾ ਦੀਆਂ ਅਪੀਲਾਂ ਵੀ ਛਪ ਰਹੀਆਂ ਸਨ ਅਤੇ ਵਾਅਦਿਆਂ ਦੀਆਂ ਖ਼ਬਰਾਂ ਵੀ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਧਿਆਨ ਸੰਤ ਤਰਸੇਮ ਸਿੰਘ ਹੋਰਾਂ ਇਧਰ ਦਿਵਾਇਆ ਤਾਂ ਸਤਿਗੁਰੂ ਜੀ ਨੇ ਚੁਟਕੀ ਦੇ ਸਮੇਂ ਵਿਚ ਅਮਲੀ ਨਿਰਣਾ ਲਿਆ। ਸੰਤ ਦਲੀਪ ਸਿੰਘ, ਸੂਬਾ ਸੇਵਾ ਸਿੰਘ ਆਦਿ ਤੇ ਆਧਾਰਤ ਸਿੱਖਾਂ ਦਾ ਇਕ ਜਥਾ ਸੇਖੋਂ ਸਾਹਿਬ ਦੀ ਖਬਰ-ਸੁਰਤ ਵੀ ਲੈਣ ਗਿਆ ਅਤੇ ਇਲਾਜ ਪੱਖੋਂ ਵੀ ਨਿਸਚਿੰਤ ਕਰ ਦਿੱਤਾ। ਸਤਿਗੁਰੂ ਜੀ ਸਿਖਰ ਦੀ ਸ਼ਖ਼ਸੀਅਤ ਸਨ ! ਉਹ ਇਕ ਯੁੱਗ ਪੁਰਸ਼ ਸਨ, ਜਿਨ੍ਹਾਂ ਦੀਆਂ ਸਰਗਰਮੀਆਂ ਦਾ ਖੇਤਰ ਬਿਆਨ ਤੇ ਘੇਰੇ ਤੋਂ ਸੁਤੰਤਰ ਹੈ। ਉਹਨਾਂ ਵਲੋਂ ਬੇਅੰਤ ਗਤੀਵਿਧੀਆਂ ਵਿਚ ਵਿਅਸਤ ਰਹਿਣ ਦੇ ਬਾਵਜੂਦ ਪੰਜਾਬੀ ਸਾਹਿਤ ਜਗਤ ਨਾਲ ਸਾਂਝ ਦੀ ਗੱਲ ਕਰਨੀ ਹੋਵੇ ਤਾਂ ਇਹ ਵੱਖਰੀ ਪੁਸਤਕ ਚਾਹੀਦੀ ਹੈ। ਬਜ਼ੁਰਗਾਂ ਦੀ ਸੇਵਾ ਕਰਨਾ ਤਾਂ ਉਹਨਾਂ ਦਾ ਇਕ ਇਸ਼ਕ ਸੀ... ਸਤਿਗੁਰੂ ਜੀ ਨੇ ਤੁਰੰਤ ਪੱਚੀ ਹਜ਼ਾਰ ਰੁਪਏ ਨਕਦ ਵੀ ਨਾਲ ਭੇਜੇ। ਗਲ ਪੱਚੀ ਹਜ਼ਾਰ ਰੁਪਏ ਦੀ ਨਹੀਂ, ਗਲ ਭਾਵਨਾ ਅਤੇ ਪਹੁੰਚ ਦੀ ਹੈ ਜਿਸ ਨੇ ਪੰਜਾਬੀ ਸਾਹਿਤ ਦੇ ਇਸ ਸੰਤ ਨੂੰ ਪਿਘਲਾ ਦਿਤਾ। (ਉਹਨਾਂ ਦੇ ਘਰ ਪਿੰਡ ਦਾਖੇ ਵਿਚ ਵਾਰਤਾਲਾਪ ਸਮੇਂ ਜਦ ਅਸੀਂ ਆਖਿਆ ਲੇਖਕ ਦੀ ਕਿਰਤ ਦਾ ਮੁਲ ਪੈਸਿਆਂ ਵਿੱਚ ਨਹੀਂ ਪਾਇਆ ਜਾ ਸਕਦਾ ਤਾਂ ਸੇਖੋਂ ਸਾਹਿਬ ਨੇ ਕਿਹਾ ਸੀ ਕਿ ਮੁਲ ਤਾਂ ਪੈਸਿਆਂ ਨਾਲ ਹੀ ਪਾਇਆ ਜਾਂਦਾ ਹੈ। ਖ਼ੈਰ ਪਰਿਵਾਰ ਦੇ ਜੀਆਂ ਨੇ ਨਾਮਧਾਰੀ ਅਕੀਦੇ ਅਨੁਸਾਰ ਭਜਨ ਤਾਂ ਪੁੱਛਿਆ ਹੀ।

ਸੇਖੋਂ ਸਾਹਿਬ ਨੇ ਕਿਹਾ ਕਿ ਉਹ ਤੰਦਰੁਸਤ ਹੁੰਦੇ ਹੀ ਸਤਿਗੁਰੂ ਜੀ ਦੇ ਭੈਣੀ ਸਾਹਿਬ ਜਾ ਕੇ ਦਰਸ਼ਨ ਕਰਨਗੇ, ਧੰਨਵਾਦ ਵੀ ਕਰਨਗੇ ਤਾਂ ਪਰਸਪਰ ਗੱਲਬਾਤ ਨਾਲ 27 ਮਈ ਨੂੰ ਹੀ ਭੈਣੀ ਸਾਹਿਬ ਯਾਤਰਾ ਦਾ ਪ੍ਰਬੰਧ ਕੀਤਾ ਗਿਆ ਤੇ ਸਚਮੁੱਚ ਸੇਖੋਂ ਸਾਹਿਬ ਸ੍ਰੀ ਭੈਣੀ ਸਾਹਿਬ ਪਧਾਰੇ। ਸ਼ਾਇਦ ਇਸ ਹਾਲਤ ਵਿਚ ਉਹ ਕਿਤੇ ਵੀ ਨਾ ਜਾਂਦੇ। ਗੁਦੂਦਾਂ (ਗਲੈਂਡਜ਼) ਦਾ ਆਪਰੇਸ਼ਨ ਹੋਇਆ ਹੋਇਆ ਸੀ। ਪਰ ਉਹ ਬਹੁਤ ਸੁਚੇਤ ਅਤੇ ਚੇਤੰਨ ਸਨ। ਉਹਨਾਂ ਦੀਆਂ ਦੋ ਸਪੁੱਤਰੀਆਂ , ਦੋਹਤੇ, ਦੋਹਤੀਆਂ ਪੋਤਾ ਅਤੇ ਹੋਰ ਵੀ ਸੰਬੰਧੀ ਆਏ ਸਨ। ਸਤਿਗੁਰੂ ਜੀ ਆਪ ਵੀ ਆ ਕੇ ਬਚਨ ਬਿਲਾਸ ਕੀਤੇ ਅਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਚੰਦ ਕੌਰ ਵੀ ਪਰਿਵਾਰ ਨੂੰ ਮਿਲਣ ਆਏ। ਸੇਖੋਂ ਸਾਹਿਬ ਬਾਰ-ਬਾਰ ਇਸ ਗੱਲ ਦਾ ਜ਼ਿਕਰ ਕਰਦੇ ਸਨ ਕਿ ਮੈਂ ਤਾਂ ਇਹਨਾਂ ਲਈ ਕੁਝ ਲਿਖਿਆ ਵੀ ਨਹੀਂ। ਮੈਂ ਤਾਂ ਨਾਸਤਕ ਹਾਂ, ਇਹਨਾਂ ਨੂੰ ਮੇਰਾ ਖਿਆਲ ਕਿਵੇਂ ਆਇਆ? ਸਬੱਬ ਨਾਲ ਨਾਮਧਾਰੀ ਸਮਾਜ ਨਾਲ ਸੰਬੰਧਤ ਪੰਜਾਬੀ ਲੇਖਕ, ਪ੍ਰੋ. ਕਿਰਪਾਲ ਸਿੰਘ ਕਸੇਲ (ਸੇਖੋਂ ਵਿਦਿਆਰਥੀ) ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ ਵਰਿਆਮ, ਪ੍ਰੋ. ਤਾਰਾ ਸਿੰਘ ਅਣਜਾਨ, ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਅਜੀਤ ਸਿੰਘ ਚੀਮਾ, ਦਲੀਪ ਸਿੰਘ ਵੀ ਉਥੇ ਹਾਜ਼ਰ ਸਨ ਅਤੇ ਇਕ ਹੋਰ ਬੀਮਾਰ ਲੇਖਕ ਹੌਲੀ-ਹੌਲੀ ਤੁਰਦਾ ਉਥੇ ਪਹੁੰਚ ਗਿਆ-ਸੁਰਜੀਤ ਖੁਰਸ਼ੀਦੀ। ਸਤਿਗੁਰੂ ਜੀ ਕੁਝ ਸਮਾਂ ਆਸ਼ਰੀਵਾਦ ਹਿਤ ਬੈਠ ਕੇ ਚਲੇ ਗਏ। ਪਰਿਵਾਰ ਵਾਲੇ ਸ੍ਰੀ ਭੈਣੀ ਸਾਹਿਬ ਦੇ ਸਥਾਨਾਂ ਦੀ ਯਾਤਰਾ ਲਈ ਨਿਕਲ ਪਏ। ਸੇਖੋਂ ਸਾਹਿਬ ਖੁੱਲ੍ਹੇ ਬਚਨ ਬਿਲਾਸ ਕਰਦੇ ਰਹੇ।

ਬਾਅਦ ਵਿਚ ਅਸੀਂ ਇਕੱਠੇ ਪਟਿਆਲਾ ਵੀ ਗਏ। ਸ੍ਰੀ ਭੈਣੀ ਸਾਹਿਬ ਅਤੇ ਪਟਿਆਲੇ ਮਾਰਗ ਵਿਚ ਸੰਤ ਸਿੰਘ ਸੇਖੋਂ ਹੈਰਾਨ ਸੀ ਕਿ ਮੇਰੀ ਮਦਦ ਇਹਨਾਂ ਕੀਤੀ ਹੈ। ਪੰਜਾਬੀ ਸਾਹਿਤ ਦੇ ਇਸ ਸ਼ਹਿਨਸ਼ਾਹ ਨੂੰ ਹੋਰ ਕਿਸੇ ਗੱਲ ਦੀ ਏਡੀ ਪ੍ਰਵਾਹ ਨਹੀਂ ਸੀ ਪਰ ਉਹ ਸਤਿਗੁਰੂ ਜੀ ਦੀ ਪਹੁੰਚ ਦਾ ਵਾਹਵਾ ਅਹਿਸਾਨ ਜਿਹਾ ਮੰਨ ਰਹੇ ਸਨ। ਕਸੇਲ ਸਾਹਿਬ ਨੇ ਸਤਿਗੁਰੂ ਜੀ ਦੇ ਕਿਰਦਾਰ ਨੂੰ ਬਾਖ਼ੂਬੀ ਖੋਲ੍ਹ ਕੇ ਦੱਸਿਆ। ਉਥੇ ਵੀ, ਰਾਹ ਵਿਚ ਵੀ। ਸੇਖੋਂ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਵਾਰ ਵਾਰ ਦੁਹਰਾਇਆ।

ਕੂਰ ਕ੍ਰਿਆ ਉਰਝਿਓ ਸਭ ਹੀ ਜਗੁ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

# ਉਪਕਾਰ

ਦੇਤ ਉਭਾਰ, ਵੇਖ ਲਾਚਾਰ,
ਕਰੇ ਸਰਸ਼ਾਰ, ਸਭੀ ਨਰ ਨਾਰੀ।
ਕੋਟ ਉਸਾਰ, ਦਰਿਦਰ ਟਾਰ,
ਕਰੇ ਉਪਕਾਰ, ਹੋਤ ਹਿਤਕਾਰੀ।
ਦੂਖ ਨਿਵਾਰ, ਬਣੇ ਦਿਲਦਾਰ,
ਜਿਉਂ ਬਿਪਰ ਭਾਰਤ, ਕ੍ਰਿਸ਼ਨ ਮੁਰਾਰੀ।
ਸਾਜ ਸਵਾਰ, ਗਏ ਸੰਸਾਰ,
ਜੋ ਗੁਰ ਜਗਜੀਤ, ਮਹਾਂ ਉਪਕਾਰੀ।
ਸਰਬ ਕਲਾ ਸਮਰੱਥ ਸੁਆਮੀ
ਸਾਧਤ ਸਾਧ ਸੁਹਾਏ ਸੇਵਾ।
ਸਮਦਰਸ਼ੀ ਸਦ ਅੰਤਰਜਾਮੀ
ਪ੍ਰਗਟ ਭਏ ਆਪ ਸਵੈ ਮੇਵਾ।
ਸੁਖ ਲੋਚਨ ਦੁਖ ਮੋਚਨ ਪ੍ਰਭ
ਜੀ ਭਗਤੀ ਭਾਵ ਅਭੇਦ ਅਭੇਵਾ।
ਆਧ ਬਿਆਧ ਬਖਾਧ ਹਰੇ
ਜਪ ਗੁਰ ਜਗਜੀਤ ਮਹਾਂ ਗੁਰਦੇਵਾ।
ਇਹ ਸੰਸਾਰ ਬਹੁਤ ਪ੍ਰਕਾਰ ਦਾ
ਵਿਸ਼ੇ ਵਿਕਾਰ ਹੋਤ ਅਤ ਕਾਰਾ।
ਧੋ ਉਪਦੇਸ਼ ਸਬੂਨ ਵਿਸ਼ੇਸ਼
ਸਵੇਤ ਕਰਤ ਮਲ ਦੇਤ ਉਤਾਰਾ।
ਦਿਨਕਰ ਗਿਆਨ ਮਹਾਂ ਸੁਖ ਸਾਗਰ
ਮਾਰਗ ਦਰਸ਼ਕ ਨੂਰ ਮੁਨਾਰਾ।
ਜੱਸ ਅਵੱਸ਼ ਹੋਏ ਪ੍ਰਤੱਛ ਕਿ
ਗੁਰ ਜਗਜੀਤ ਮਹਾਂ ਅਵਤਾਰਾ।
ਗਹਿਰ ਗੰਭੀਰ ਭਗੀਰਥੀ ਨੀਰ ਜਿਉਂ,
ਕਰਤ ਦੀਦਾਰ ਪਾਪ ਮਤ ਹਾਨੀ।
ਅੰਤਰ ਹਿਰਦੇ ਕੋਮਲਤਾ ਅਤਿ,
ਦੂਰ ਦਰਿਸ਼ਟ ਸੋਚ ਸੱਚ ਮਾਨੀ।
ਪਾਰਾਵਾਰ ਅਪਾਰ ਅਪਰੰਪਰ,
ਜੱਸ ਲਿਖਤ ਲਿਖ ਹਾਰੀ ਕਾਨੀ।
ਬੋਲਤ ਬਾਰੰਬਾਰ 'ਬਾਜਵਾ',
ਗੁਰ ਜਗਜੀਤ ਮਹਾਂ ਵਰਦਾਨੀ।

**ਲਖਵਿੰਦਰ ਸਿੰਘ ਬਾਜਵਾ**

# ਮੈਂ ਅਪਨੀ ਨਿਸ਼ਚਾ ਸੇ, 'ਸਤਿਗੁਰੂ, ਕਹਿ ਰਹਾ ਹੂੰ

**ਸਵਾਮੀ ਅਰਵਿੰਦਾ ਨੰਦ**



ਮੈਂ ਯਹਾਂ ਸ੍ਰੀ ਭੈਣੀ ਸਾਹਿਬ ਪਹਿਲੀ ਬਾਰ ਆਇਆ ਹੂੰ। ਮੁਝੇ ਯੇਹ ਮਾਲੂਮ ਨਹੀਂ ਥਾ ਕਿ ਯੇਹ ਸਥਾਨ ਯਹਾਂ ਹੈ ਇਸ ਲੀਏ ਮੈਂ ਪਹਿਲੇ ਹਾਜ਼ਰ ਨਹੀਂ ਹੋ ਸਕਾ। ਮੇਰੇ ਜੀਵਨ ਮੇਂ ਐਸਾ ਕੋਈ ਮੌਕਾ ਨਹੀਂ ਮਿਲਾ। ਮੈਂ ਸੋਚਤਾ ਹੂੰ ਸਤਿਗੁਰੂ ਸਾਖਸ਼ਾਤ ਪਾਰਬ੍ਰਹੂਮ ਹੈਂ ਜੋ ਸਭ ਕੋ ਅਪਨਾ ਰੂਪ ਦੀਏ ਹੂਏ ਹੈਂ। ਮੈਂਨੇ ਸੋਚਾ ਨਹੀਂ ਥਾ ਕਿ ਮੁਝੇ ਇਸ ਰੂਪ ਮੇਂ ਇਨ ਕੇ ਦਰਸ਼ਨ ਯਹਾਂ ਹੋਂਗੇ। ਲੇਕਿਨ ਅੰਤਰ ਆਤਮਾ ਮੈ ਯੇ ਹਮੇਸ਼ਾਂ ਥਾ ਕਿ ਮੈਂ ਏਕ ਦਫਾ ਭੈਣੀ ਸਾਹਿਬ ਆਊਂ ਹਮਾਰੇ ਮਹਾਰਾਜ ਸਵਾਮੀ ਗੰਗੇਸ਼ਵਾ ਨੰਦ ਜੀ ਯਹਾਂ ਜ਼ਿਕਰ ਕੀਆ ਕਰਤੇ ਥੇ। ਉਸ ਵਕਤ ਮਹਾਰਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਥੇ। ਉਨ ਕੇ ਵਕਤ ਮੇਂ ਵੋਹ ਯਹਾਂ ਆਏ। ਉਸਕੇ ਬਾਅਦ ਯਹ ਅਕਾਲ ਪੁਰਖ ਨੇ ਮੁਝੇ ਪਹਿਲਾ ਅਵਸਰ ਦੀਆ ਹੈ ਕਿ ਮੈਂ ਸਤਿਗੁਰੂ ਕੇ ਪਹਿਲੀ ਬਾਰ ਇਸ ਅਸਥਾਨ ਪਰ ਆ ਕਰ ਦਰਸ਼ਨ ਕਰ ਰਹਾ ਹੂੰ। ਸਤਿਗੁਰੂ ਮਹਾਰਾਜ ਕੇ ਦਰਸ਼ਨ ਤੋ ਪਹਿਲੇ ਹੋਤੇ ਰਹੇ ਕਈ ਜਗ੍ਹਾ, ਸੰਮੇਲਨੋਂ ਮੈਂ ਇਕੱਠੇ ਰਹੇ, ਲੇਕਿਨ ਇਸ ਅਸਥਾਨ ਪੇ ਜਹਾਂ ਨਿਰੰਕਾਰ ਨੇ ਯੇ ਸਾਰੇ ਰੂਪ ਧਾਰਨ ਕੀਏ ਹੈਂ, ਸਭ ਯੇਹ ਲੀਲ੍ਹਾ ਰਚੀ ਹੋਈ ਹੈ। ਇਸ ਰੂਪ ਮੇਂ ਦਰਸ਼ਨ ਕਰਨੇ ਕਾ ਸੁਭਾਗਯ ਪਹਿਲੀ ਬਾਰ ਹੀ ਹੂਆ ਹੈ।

ਆਜ ਤਕ ਜੀਵਨ ਮੇਂ ਇਨ ਕੇ ਅਤਿਰਿਕਤ ਮੈਨੇਂ ਕਿਸੀ ਕੋ ਸਤਿਗੁਰੂ ਭੀ ਨਹੀਂ ਕਹਾ ਔਰ ਸ਼ਾਇਦ ਮੈਂ, ਜਬ ਤੱਕ ਕਿਸੀ ਮੈਂ ਪੂਰਨ, ਅਪਨੀ ਅਨੰਤਤਾ ਸਰਬ ਵਿਆਪਕਤਾ ਕੋ ਨ ਜਾਨਾ ਹੋ, ਯੇਹ ਪੂਰਨ ਬ੍ਰਹਮ ਗਿਆਨੀ ਹੈਂ। ਔਰ ਬ੍ਰਹਮ ਗਿਆਨੀ ਆਪ ਪ੍ਰਮੇਸ਼ਵਰ ਹੈ। ਇਸ ਨਾਤੇ ਸੇ ਮੈਂਨੇ ਇਨ ਕੋ ਪ੍ਰਣਾਮ ਭੀ ਕੀਆ ਔਰ ਮੈਂ ਸਤਿਗੁਰੂ ਭੀ ਕਹਿ ਰਹਾ ਹੂੰ ਵੋਹ ਇਸ ਲੀਏ ਕਹਿ ਰਹਾ ਹੂੰ ਕਿ ਯੇਹ ਸਤਿਗੁਰੂ ਹੈਂ। ਮੈਂ ਆਪਣੀ ਨਿਸ਼ਚਾ ਸੇ ਕਹਿ ਰਹਾ ਹੂੰ– ਆਪਣੇ ਗਿਆਨ ਸੇ ਕਹਿ ਰਹਾ ਹੂੰ। ਮੇਰੇ ਪੇ ਅਕਾਲ ਪੁਰਖ ਨੇ ਕ੍ਰਿਪਾ ਕੀ, ਅਕਾਲ ਪੁਰਖ ਸਵੈਮ ਮੇਰੇ ਆਪ ਕਾਮ ਕਰਤਾ ਹੈ। ਲੇਕਿਨ ਯਹਾਂ ਹਮ, ਬ੍ਰਹਮ ਗਿਆਨੀ, ਬ੍ਰਹਮ ਵੇਤਾ ਮਹਾਂ ਪੁਰਸ਼ੋਂ ਕੇ ਚਰਨੋਂ ਕੀ ਮੈਂ ਅਬ ਭੀ ਧੂੜ ਹੂੰ। ਜੋ ਉਸ ਨਿਰੰਕਾਰ ਕੇ ਸਾਥ ਏਕ ਰੂਪ ਹੈ, ਜੋ ਨਿਰੰਕਾਰ ਕੀ ਸਾਰੀ ਲੀਲ੍ਹਾ ਕੋ ਜਾਣਤੇ, ਅਨੁਭਵ ਕਰਤੇ ਹੈ, ਅਪਣੀ ਲੀਲ੍ਹਾ ਕੋ ਵਰਤਾ ਰਹੇ ਹੈਂ, ਇਸ ਕਾਰਨ ਅਗਰ ਯੇ ਸਰ ਯਹਾਂ ਨਹੀਂ ਝੁਕਤਾ ਤੋ ਯੇ ਸਰ ਕਾ ਕਸੂਰ ਹੋਤਾ ਹੈ। – ਜੋ ਸਰ ਸਾਈਂ ਕੇ ਆਗੇ, ਸਤਿਗੁਰੂ ਕੇ ਆਗੇ ਨਾ ਨਿਵੇ, ਕਹਿਤੇ ਹੈ ਉਸ ਸਰ ਕੋ ਕਾਟ ਦੋ। ਉਸ ਸਰ ਕੀ ਜ਼ਰੂਰਤ ਨਹੀਂ ਜੋ ਸਰ ਸਤਿਗੁਰੂ ਕੇ ਆਗੇ ਨਾ ਝੁਕੇ।

- - - - - - - - - - - - - - - - -

# ਨੇੜਿਉਂ ਤੱਕੀਆਂ ਚਾਨਣ ਰਿਸ਼ਮਾਂ

**ਹਰਭਜਨ ਸਿੰਘ ਰਤਨ (ਸਵ.)**

ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਦੋ ਵਾਰੀ ਡੇਢ-ਡੇਢ, ਦੋ-ਦੋ ਮਹੀਨੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਉਨ੍ਹਾਂ ਦੇ ਨਿੱਜੀ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਸਦਾ ਖਿੜੇ ਮੱਥੇ ਰਹਿਣਾ, ਹਰ ਵੇਲੇ ਹਸੂੰ-ਹਸੂੰ ਕਰਦਾ ਚਿਹਰਾ, ਦੇਸ ਪ੍ਰਦੇਸ ਜਿੱਥੇ ਵੀ ਹੋਵਣ, ਵਕਤ ਦਾ ਧਾਰਮਿਕ ਦੀਵਾਨ, ਨਿਤਨੇਮ ਅਤੇ ਸਿਮਰਨ। ਪੱਕੇ ਰਾਗਾਂ ਦੀ ਉਨ੍ਹਾਂ ਨੇ ਉੱਚ ਉਸਤਾਦਾਂ ਤੋਂ ਸਿੱਖਿਆ ਲਈ ਹੈ, ਤੇ ਆਪ ਵੀ ਸ਼ਾਸਤਰੀ ਸੰਗੀਤ ਦੇ ਮਾਹਰ ਹਨ। ਰਾਗ ਦੀ ਬੰਦਿਸ਼ ਅਤੇ ਤਬਲੇ ਦੀ ਲੈਅਕਾਰੀ ਤੋਂ ਭਲੀ ਪ੍ਰਕਾਰ ਵਾਕਫ਼ ਹਨ। ਇੱਕ ਦਿਨ ਮੇਰੇ ਉਨ੍ਹਾਂ ਪਾਸ ਬੈਠਿਆਂ, ਪ੍ਰਸਿੱਧ ਸਰੋਦ ਵਾਦਕ ਉਸਤਾਦ ਅਮਜਦ ਅਲੀ ਖਾਨ ਆਏ। ਉਨ੍ਹਾਂ ਨੇ ਆਪਣੇ ਗਲ਼ੇ ਨਾਲ ਕਈ ਰਾਗਾਂ ਦੀਆਂ ਬੰਦਿਸ਼ਾਂ ਸੁਣਾਈਆਂ ਜਿਨ੍ਹਾਂ ਨੂੰ ਸੁਣਕੇ ਸਤਿਗੁਰੂ ਜੀ ਨੇ ਵੀ ਕੁਝ ਬੰਦਿਸ਼ਾਂ ਉਹਨਾਂ ਨੂੰ ਸੁਣਾਈਆਂ। ਇਸ ਤਰ੍ਹਾਂ ਵੱਡੇ-ਵੱਡੇ ਉਸਤਾਦ ਵੀ ਮਹਿਸੂਸ ਕਰਦੇ ਹਨ, ਕਿ ਉਹਨਾਂ ਨੂੰ ਸੁਣਨ ਵਾਲਾ ਆਪ ਭੀ ਇਸ ਕਲਾ ਦਾ ਵੱਡਾ ਗਿਆਨਵਾਨ ਹੈ। ਆਪ ਦਿਲਰੁਬਾ ਭੀ ਵਜਾਂਦੇ ਹਨ ਤੇ ਆਪ ਦੀ ਇਸ ਦਿਲਚਸਪੀ ਕਾਰਨ, ਨਾਮਧਾਰੀਆਂ ਵਿਚ ਚੰਗੇ ਗਾਇਕ, ਸੰਗੀਤਕਾਰ, ਸਫੈਦ, ਦਿਲਰੁਬਾ ਅਤੇ ਤਬਲਾ ਵਾਦਕ ਪੈਦਾ ਹੋ ਗਏ ਹਨ। ਖੇਡਾਂ ਵਿਚ ਆਪ ਨੂੰ ਪੂਰੀ ਦਿਲਚਸਪੀ ਹੈ। ਨਾਮਧਾਰੀ ਹਾਕੀ ਟੀਮ, ਇੱਕ ਚਮਤਕਾਰ ਤੋਂ ਘੱਟ ਨਹੀਂ। ਵਿੱਦਿਆ ਦੇ ਵਾਧੇ ਲਈ ਆਪ ਹਰ ਵੇਲੇ ਯਤਨਸ਼ੀਲ ਹਨ। ਸਾਹਿਤਕਾਰਾਂ ਤੇ ਕਵੀਆਂ ਦੇ ਕਦਰਦਾਨ ਹਨ ਤੇ ਹਮੇਸ਼ਾਂ ਸਨਮਾਨ ਕਰਦੇ ਹਨ।

ਜਦੋਂ ਅਸੀਂ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ ਵਿਚ ਕਰਨੀ ਚਾਹੁੰਦੇ ਸਾਂ ਤਾਂ ਮੈਂ ਹੰਸਪਾਲ ਜੀ ਅੱਗੇ ਇਹ ਪ੍ਰਸਤਾਵ ਰੱਖਿਆ, ਜਿਨ੍ਹਾਂ ਨੇ ਅੱਗੋਂ ਇਸ ਨੂੰ ਸਤਿਗੁਰੂ ਜੀ ਸਾਹਮਣੇ ਪੇਸ਼ ਕੀਤਾ ਤੇ ਨਾਲ ਇਹ ਵੀ ਦੱਸਿਆ ਕਿ ਰਤਨ ਜੀ ਇਸ ਕਾਨਫਰੰਸ ਦੇ ਸਰਗਰਮ ਰੁਕਨ ਤੇ ਜ਼ਿੰਮੇਵਾਰ ਅਧਿਕਾਰੀ ਹਨ ਤੇ ਇਹ ਤਜਵੀਜ਼ ਉਹਨਾਂ ਦੀ ਹੈ। ਸਤਿਗੁਰੂ ਜੀ ਨੇ ਖਿੜੇ ਮੱਥੇ ਪ੍ਰਵਾਨਗੀ ਦਿੱਤੀ। ਜਿਨ੍ਹਾਂ ਨੇ ਇਹ ਕਾਨਫਰੰਸ ਵੇਖੀ ਹੈ, ਉਹ ਜਾਣਦੇ ਹਨ, ਕਿ ਐਸੀ ਸ਼ਾਨੋ ਸ਼ੌਕਤ ਵਾਲੀ ਕਾਨਫਰੰਸ ਅੱਜ ਤੱਕ ਨਹੀਂ ਹੋਈ। ਦਿੱਲੀ ਵਿਖੇ ਹੋਈ ਚੌਥੀ ਵਿਸ਼ਵ ਕਾਨਫਰੰਸ ਦੇ ਸੰਬੰਧ ਵਿਚ ਵੀ ਮੈਂ ਤੇ ਡਾਕਟਰ ਮਹੀਪ ਸਿੰਘ ਜੀ ਉਹਨਾਂ ਨੂੰ ਮਿਲੇ ਤਾਂ ਉਹਨਾਂ ਨੇ ਪੂਰੀ ਮਦਦ ਦਾ ਯਕੀਨ ਦਿਵਾਇਆ, ਉਹਨਾਂ ਦੀ ਸਹਾਇਤਾ ਨਾਲ ਕਾਨਫਰੰਸ ਸਫ਼ਲ ਹੋਈ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸਿੱਖਾਂ ਵਿਚ ਅਨੁਸ਼ਾਸਨ ਰੱਖਣ ਦੀ ਵੀ ਕੋਸ਼ਿਸ਼ ਕਰਦੇ ਹਨ। ਮੁਠੱਡਾ ਕਲਾਂ ਦੇ ਮੇਲੇ 'ਤੇ ਹੋਰ ਫੋਟੋਗ੍ਰਾਫ਼ਰਾਂ ਵਿੱਚ ਇੱਕ ਸਿੱਖ ਫੋਟੋਗ੍ਰਾਫ਼ਰ ਐਸਾ ਵੀ ਸੀ, ਜਿਸ ਨੇ ਦਾੜ੍ਹੀ ਕੱਟੀ ਹੋਈ ਸੀ। ਸਤਿਗੁਰੂ ਜੀ ਨੇ ਉਸ ਨੂੰ ਫੋਟੋ ਲੈਣ ਤੋਂ ਮਨ੍ਹਾਂ ਕਰ ਦਿੱਤਾ। ਆਖ਼ਰ ਜਦੋਂ ਉਸਨੇ ਇਹ ਵਾਅਦਾ ਕੀਤਾ, ਕਿ ਉਹ ਅੱਗੋਂ ਦਾੜ੍ਹੀ ਨਹੀਂ ਕੱਟੇਗਾ, ਤਾਂ ਹੀ ਉਸ ਨੂੰ ਤਸਵੀਰਾਂ ਲੈਣ ਦੀ ਆਗਿਆ ਦਿੱਤੀ ਗਈ? ਬੈਂਕਾਕ ਵਿਚ ਇਕ ਨਾਮਧਾਰੀ ਦਾੜ੍ਹੀ ਕੱਟਦਾ ਸੀ। ਸਤਿਗੁਰਾਂ ਨੇ ਉਸ ਨੂੰ ਦੀਵਾਨ ਵਿਚ ਖੜ੍ਹਾ ਕਰਕੇ, ਪੰਜ ਹਜ਼ਾਰ ਰੁਪਏ ਜ਼ੁਰਮਾਨਾ ਕੀਤਾ, ਜੋ ਉਸ ਨੇ ਅਦਾ ਕੀਤਾ।

1992 ਈ. ਵਿੱਚ ਜਦੋਂ ਮੈਨੂੰ ਸਤਿਗੁਰੂ ਜੀ ਨੇ ਬੇਸ਼-ਕੀਮਤੀ ਸਨਮਾਨ ਬਖ਼ਸ਼ ਕੇ ਨਿਵਾਜਿਆ ਤਾਂ ਮੈਂ ਉਹਨਾਂ ਦਾ ਇਸ ਗੱਲ ਲਈ ਧੰਨਵਾਦ ਕੀਤਾ। ਸੁਣਦੇ ਸਾਰ ਸਤਿਗੁਰੂ ਜੀ ਬੋਲੇ, "ਧੰਨਵਾਦੀ ਤਾਂ ਅਸੀਂ ਤੁਹਾਡੇ ਹਾਂ ਕਿ ਤੁਸਾਂ ਸਾਡੀ ਇਹ ਸੇਵਾ ਸਵੀਕਾਰ ਕੀਤੀ ਹੈ।" ਉਹਨਾਂ ਦੀ ਇਹ ਗੱਲ ਸੁਣਕੇ, ਮੈਂ ਉਹਨਾਂ ਦੀ ਨਿਮਰਤਾ ਵੇਖ ਕੇ ਹੈਰਾਨ ਰਹਿ ਗਿਆ ਕਿ ਨਿਮਰਤਾ ਵਿੱਚ ਕਿਸ ਤਰ੍ਹਾਂ ਉਨ੍ਹਾਂ ਨੇ, ਗੁਰੂ ਘਰ ਦੀ ਪ੍ਰੰਪਰਾ ਬਰਕਰਾਰ ਰੱਖੀ ਹੈ। ਮੈਂ ਉਹਨਾਂ ਦੀ ਵਡਿਆਈ ਦਾ ਅੱਗੇ ਨਾਲੋਂ ਵੀ ਵੱਧ ਕਾਇਲ ਹੋ ਗਿਆ।

ਚਾਨਣ ਦਾ ਸੋਮਾ, ਅੰਧਕਾਰ ਵਿਚ ਰੌਸ਼ਨੀ ਫੈਲਾਉਣ ਵਾਲੀ ਜੋਤ, ਲੇਖਕਾਂ, ਕਵੀਆਂ ਤੇ ਕਲਾਕਾਰਾਂ ਦੇ ਸਿਰ ਆਪਣੀ ਪੁਸ਼ਤੀ ਦਾ ਹੱਥ ਰੱਖਣ ਵਾਲੇ, ਮਹਾਨ ਚਾਨਣ ਮੁਨਾਰਾ ਹਨ: ਸਤਿਗੁਰੂ ਜਗਜੀਤ ਸਿੰਘ ਜੀ।

-------------

# ਦੋ ਦੇਸ਼ਾਂ ਦੋ ਧਰਮਾਂ ਦੀ ਮਿਲਣੀ

**(ਸਵ.) ਜਗਦੀਸ਼ ਸਿੰਘ ਵਰਿਆਮ**

ਨਾਮਧਾਰੀ ਕੇਂਦਰ, ਭੈਣੀ ਸਾਹਿਬ, ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 25.11.1977 ਨੂੰ ਦੋ ਦੇਸ਼ਾਂ ਤੇ ਦੋ ਧਰਮਾਂ ਦੇ ਪਰਸਪਰ ਸਨਮਾਨ ਸਹਿਯੋਗ ਅਤੇ ਮੂੰਹ-ਸੰਵਾਣ ਨਾਲ ਧੜਕ ਉੱਠਿਆ। ਸਿਖ ਪੰਥ ਦੇ ਵਰਤਮਾਨ ਸਤਿਗੁਰੂ ਅਤੇ ਥਾਈਲੈਂਡ ਦੇ ਸ਼ਾਂਤੀ ਦੂਤ ਹਿਜ਼ ਐਕਸਲੈਂਸੀ ਡਾਕਟਰ ਸੁਚਾਟ ਅਜੇ ਹੁਣ ( 20, 21, 22, 23 ਨਵੰਬਰ 1976) ਹੀ ਸੰਸਾਰ ਸ਼ਾਕਾਹਾਰੀ ਸੰਮੇਲਨ ਦੇ ਚੌਵੀਵੇਂ ਸਮਾਗਮ ਵਿਚ ਸ਼ਾਮਿਲ ਹੋ ਕੇ ਨੇੜਤਾ ਪ੍ਰਾਪਤ ਕਰ ਚੁੱਕੇ ਸਨ। ਸਬਜ਼ੀ



ਖਾਣਿਆਂ ਦਾ ਇਹ ਸਮਾਗ਼ਮ ਦਿੱਲੀ ਦੇ ਵਿਗਿਆਨ ਭਵਨ ਵਿਚ ਹੋਇਆ। ਏਥੇ ਵੀ 50 ਦੇਸ਼ਾਂ ਦੇ ਡੈਲੀਗੇਟਾਂ ਸਾਹਵੇਂ ਹਿਜ਼ ਐਕਸੀਲੈਂਸੀ ਡਾਕਟਰ ਸੁਚਾਟ ਨੇ ਬਾਰ ਬਾਰ ਕ੍ਰਿਤੱਗਤਾ ਪਰਗਟ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਧੰਨਵਾਦ ਕੀਤਾ ਸੀ ਕਿ ਉਹਨਾਂ ਬੜੀ ਆਤਮੀਅਤਾ ਨਾਲ ਸ਼ਾਕਾਹਾਰੀ ਸੰਮੇਲਨ ਵਿਚ ਸ਼ਾਮਿਲ ਹੋਣ ਦੀ ਪ੍ਰੇਰਨਾ ਦਿੱਤੀ ਸੀ।

ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਥਾਈਲੈਂਡ ਦਾ ਇਹ ਸ਼ਾਂਤੀ ਦੂਤ ਜੋ ਆਪ ਤਾਂ ਇਕ ਖ਼ੂਬਸੂਰਤ ਨੌਜੁਆਨ ਹੈ, ਤੇ ਪਹਿਰਾਵਾ ਸਫੈਦ ਕੋਟ ਪੈਂਟ ਰੱਖਦਾ ਹੈ, ਸ੍ਰੀ ਭੈਣੀ ਸਹਿਬ ਨੂੰ ਭਾਰਤ ਦਾ ਮਹਾਨ ਤੀਰਥ ਮੰਨਦਿਆਂ, ਭਾਰਤ ਤੋਂ ਵਿਦਾਇਗੀ ਤੋਂ ਪਹਿਲੋਂ ਆਪ ਪਹੁੰਚ ਕੇ ਸ਼ਰਧਾ ਸਤਿਕਾਰ ਸੰਜੁਗਤ ਉਸ ਨੂੰ ਪਰਸਣਾ ਚਾਹੁੰਦਾ ਸੀ। ਉਸ ਦਿਨ ਸੈਂਕੜਿਆਂ ਦੀ ਤਦਾਦ ਵਿਚ ਨਾਮਧਾਰੀ ਇਸਤਰੀ ਪੁਰਖ ਸਮਰਾਲਾ-ਚੰਡੀਗੜ੍ਹ ਰੋਡ ਤੋਂ ਲੁਧਿਆਣਿਉਂ ਵੀਹਵੇਂ, ਕਿਲੋਮੀਟਰ ਤੇ ਆਪਣੇ ਤੀਰਥ ਵਿਚ ਇੰਤਜ਼ਾਰ ਦੀਆਂ ਘੜੀਆਂ ਗਿਣਦੇ ਭੈਣੀ ਸਾਹਿਬ ਵੱਲ ਮੁੜਨ ਵਾਲੀ ਹਰ ਕਾਰ ਨੂੰ ਉਤਸੁਕਤਾ ਨਾਲ ਵੇਖ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਤਾਂ ਵਡਤੀਰਥ (ਗੁਰੂ ਨਾਨਕ ਦੇਵ ਜੀ ਦਾ ਇਕ ਪਵਿੱਤਰ ਸਥਾਨ) ਹਰੀਪੁਰੋਂ, ਦੋ ਸੌ ਤੋਂ ਵੱਧ ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਸੱਤ ਵਜੇ ਸਵੇਰ ਤੱਕ ਪਹੁੰਚੇ। ਦਰਸ਼ਨ ਅਭਿਲਾਸ਼ੀਆਂ ਨੂੰ ਆਪਣੇ ਸਤਿਗੁਰ ਜੀ ਅੱਗੇ ਸਿਰ ਝੁਕਾਂਦਿਆਂ ਭਾਵੇਂ ਆਤਮ ਤ੍ਰਿਪਤੀ ਹੋ ਰਹੀ ਸੀ, ਪਰ ਉਡੀਕਾਂ ਅਜੇ ਵੀ ਬਰਕਰਾਰ ਸਨ।

ਵਿਸ਼ੇਸ਼ ਤੀਰਥ ਯਾਤਰੀਆਂ ਨੂੰ ਲੈ ਕੇ 'ਥਾਈ' ਜ਼ੁਬਾਨ ਨੂੰ ਪੂਰੀ ਤਰ੍ਹਾਂ ਸਮਝਣ ਵਾਲੇ ਸੇਠ ਤ੍ਰਿਲੋਕ ਸਿੰਘ ਤੇ ਉਨ੍ਹਾਂ ਦੇ ਸਪੁਤਰ ਬਖਸ਼ੀਸ਼ ਸਿੰਘ ਜੀ ਲੈ ਕੇ ਮਸਾਂ ਦੋ ਵਜੇ ਪਹੁੰਚ ਸਕੇ। ਹਿਦ ਹਾਈਨੈਸ, ਸ਼ਾਂਤੀਦੂਤ, ਡਾਕਟਰ ਸੁਚਾਟ ਆਪਣੀ ਟੀਮ ਨਾਲ ਕਾਰਾਂ ਵਿਚੋਂ ਉਤਰੇ। ਡਾਕਟਰ ਸੁਚਾਟ ਦੇ ਸਹਾਇਕ ਵਿਅਕਤੀਆਂ ਨਾਲ ਆਏ, ਇਕ ਕੈਮਰਾ ਮੈਨ, ਇਕ ਸਟੈਨੋ, ਇਕ ਟੈਪਰੀਕਾਰਡਰ, ਇਕ ਇੰਗਲਿਸ਼ ਦੁਭਾਸ਼ੀਆ, ਇਕ ਬੋਧ ਸਾਧੂ ਅਤੇ ਇਕ ਇਸਤਰੀ ਥਾਈ ਖਾਣਿਆਂ ਦੀ ਮਾਹਿਰ। ਏਨੀ ਟੀਮ ਡਾਕਟਰ ਸੁਚਾਟ ਦੀ ਯਾਤਰਾ ਦੇ ਨੋਟ ਲੈਂਦੀ, ਉਹਦੇ ਕਥਨ ਅੰਕਿਤ ਕਰਦੀ, ਫੋਟੋਗ੍ਰਾਫ ਲੈਂਦੀ ਅਤੇ ਦੂਜਿਆਂ ਨਾਲ ਵਾਰਤਾਲਾਪ ਵਿਚ ਸਹਾਇਕ ਹੁੰਦੀ ਹੈ।

ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੇ ਆਏ ਪ੍ਰਾਹੁਣਿਆਂ ਦਾ ਸੁਆਗਤ ਸਤਿਕਾਰ ਤੇ ਖਾਣ-

ਪਾਣ ਵਿਚ ਅਗਵਾਈ ਕੀਤੀ। ਸ੍ਰੀ ਭੈਣੀ ਸਾਹਿਬ ਦੇ ਦਰਸ਼ਨੀ ਸਥਾਨਾਂ ਦੀ ਯਾਤਰਾ ਕਰਵਾਕੇ ਜਦੋਂ ਮਹਾਰਾਜ ਜੀ ਅਤੇ ਸੇਠ ਤ੍ਰਿਲੋਕ ਸਿੰਘ ਦੀਵਾਨ ਸਥਾਨ ਵਿਚ ਲਿਆਏ ਤਾਂ ਡਾਕਟਰ ਸੁਚਾਟ ਤੇ ਨਾਲ ਦੇ ਸਾਥੀਆਂ ਥਾਈ ਢੰਗ ਨਾਲ ਅਤਿਅੰਤ ਸਰਲ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਆਪਣੇ ਯੋਗ ਸਥਾਨ ਤੇ ਬੈਠਦਿਆਂ ਹੀ ਸ਼ਾਂਤੀ ਦੇ ਦੂਤ ਨੇ ਜੋ ਸਫੈਦ ਬਸਤਰਧਾਰੀ ਦੇਵਤਿਆਂ ਵਿਚ ਇਕ ਖ਼ੂਬਸੂਰਤ ਫ਼ਰਿਸ਼ਤਾ ਹੀ ਲੱਗਦਾ ਸੀ। ਕੁਝ ਬਕਸੇ ਖੁਲ੍ਹਵਾਏ, ਜਿਨ੍ਹਾਂ ਵਿਚ ਸਤਿਗੁਰੂ ਜੀ ਨੂੰ ਭੇਟ ਕਰਨ ਲਈ 45 ਪੁਸਤਕਾਂ ਦਿੱਤੀਆਂ, ਚਿੱਟੀਆਂ, ਕਾਲੀਆਂ ਥਾਈ ਮਾਲਾਵਾਂ ਦੇ ਪੈਕਟ, ਇਕ ਥਾਈਲੈਂਡ ਦੇ ਮਹਾਂਬੋਧੀ ਸੰਤ ਦੀ ਫੋਟੋ ਮੰਦਰ ਨੂੰ ਪਿਛਵਾੜੇ ਰੱਖਦਿਆਂ ਜਿਸ ਉਤੇ ਸਤਿਗੁਰੂ ਜੀ ਨੂੰ ਭੇਟਾ ਕਰਦਿਆਂ ਉਸਦੇ ਦਸਤਖਤ ਸਨ, ਆਪਣੀ ਸ਼ਾਕਾਹਾਰ ਸੁਸਾਇਟੀ ਅਤੇ ਥਾਈਲੈਂਡ ਦੇ ਬਾਦਸ਼ਾਹ ਵਲਾ ਦੇ ਸੁਨਹਿਰੀ ਚਿੰਨ੍ਹ, ਬਹੁਤ ਸਾਰੇ ਪੈਂਫਟ, ਕਈ ਪੈਕਟ ਤਸਵੀਰਾਂ, ਇਕ ਰੰਗੀਨ ਫੋਟੋਜ਼ ਦੀ ਐਲਬਮ ਜਿਸ ਵਿਚ ਸਤਿਗੁਰੂ ਜੀ ਦੇ ਥਾਈਲੈਂਡ ਵਿਚ ਇਕ ਬੁੱਧ ਮੰਦਰ ਦੀ ਯਾਤਰਾ ਦਾ ਰੀਕਾਰਡ ਹੈ ਕੱਢੇ ਅਤੇ ਇਕ ਹਜ਼ਾਰ ਰੁਪੈਆਂ ਨਕਦ ਲੈ ਕੇ ਸ੍ਰੀ ਸਤਿਗੁਰੂ ਜੀ ਨੂੰ ਸਾਹਵੇਂ ਆ ਕੇ ਦੋ ਤਿੰਨ

ਆਪ ਜੀ ਬੇਸ਼ੱਕ ਹੜ-ਪੀੜਤਾਂ ਦੀ ਸਹਾਇਤਾ ਲਈ ਭੇਜ ਦਿਓ।

ਇਹ ਪਲ ਪਰਸਪਰ ਸਤਿਕਾਰ, ਸ਼ਰਧਾ ਤੇ ਉਤਸ਼ਾਹ ਨਾਲ ਭਰਪੂਰ ਸਨ। ਡਾਕਟਰ ਸੁਚਾਟ ਨੇ ਆਪਣੇ ਕਥਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਭਰੇ ਆਗ੍ਰਹਿ ਦਾ ਧੰਨਵਾਦ ਕੀਤਾ ਜਿਨ੍ਹਾਂ ਕਾਰਨ ਉਹ ਆਪਣੇ ਮਹਾਂ ਗੁਰੂ ਬੁੱਧ ਦੇ ਦੇਸ਼ ਦੇ ਦਰਸ਼ਨ ਕਰਨ ਆਏ ਅਤੇ ਭਾਰਤੀ ਆਗੂਆਂ ਨਾਲ ਮੁਲਾਕਾਤ ਦਾ ਮਾਣ ਲੈ ਸਕੇ। ਉਸ ਦੱਸਿਆ ਕਿ ਉਹ ਥਾਈਲੈਂਡ ਜਾ ਕੇ ਲੋਕਾਂ ਨੂੰ ਦੱਸੇਗਾ ਕਿ ਭਾਰਤ ਦੀ ਆਜ਼ਾਦੀ ਦੇ ਪਹਿਲੇ ਅਲਮ ਬਰਦਾਰ ਸਤਿਗੁਰੂ ਰਾਮ ਸਿੰਘ ਜੀ ਦੇ ਨਗਰ ਦੀ ਯਾਤਰਾ ਕਰਕੇ ਆਇਆ ਹੈ। ਪੁਸਤਕਾਂ ਬਾਰੇ ਜ਼ਿਕਰ ਕਰਦਿਆਂ ਡਾਕਟਰ ਸੁਚਾਟ ਨੇ ਕਿਹਾ ਕਿ ਇਹ ਪੁਸਤਕਾਂ ਥਾਈ ਭਾਸ਼ਾ ਵਿਚ ਹਨ, ਜਿਨ੍ਹਾਂ ਵਿਚ ਬੁੱਧ ਧਰਮ ਦੇ ਅਸਲ, ਇਤਿਹਾਸ ਤੋਂ ਪ੍ਰਾਪਤੀਆਂ ਉੱਤੇ ਮਹਾਨ ਸੰਤਾਂ ਦੇ ਬਚਨ ਹਨ। ਇਹ ਇਸ ਲਈ ਏਥੋਂ ਲਿਆਂਦੀਆਂ ਗਈਆਂ ਹਨ ਕਿ ਜਿਸ ਦੇਸ਼ ਵਿਚੋਂ ਬੁੱਧ ਧਰਮ ਨੇ ਜਨਮ ਲਿਆ ਉਸ ਵਿਚ ਉਸਦਾ ਨਿਘਾਰ ਹੋ ਰਿਹਾ ਹੈ,ਉਸਦਾ ਮੁੜ ਤੋਂ ਪ੍ਰਚਾਰ ਪ੍ਰਸਾਰ ਹੋ ਸਕੇ। ਉਸਨੇ ਇਹ ਵੀ ਆਖਿਆ ਕਿ ਭਾਰਤ ਵਿਚ ਬਹੁਤ ਸਾਰੇ ਥਾਈ ਵਿਦਿਆਰਥੀ ਵਿਦਿਆ



ਪੁਸਤਕਾਂ ਹੱਥ ਵਿਚ ਉਠਾ ਸਾਰੀ ਸਮੱਗਰੀ ਭੇਟਾ ਕੀਤੀ। ਸਤਿਗੁਰੂ ਜੀ ਨੇ ਇਹ ਸਮੱਗਰੀ ਪ੍ਰਵਾਨ ਕਰਦਿਆਂ 1000/- ਵਾਪਸ ਕਰਨਾ ਚਾਹਿਆ ਉਨ੍ਹਾਂ ਦੀ ਦੂਰੋਂ ਆਉਂਦੇ ਤੇ ਖਰਚ ਨੂੰ ਮੁੱਖ ਰੱਖਦਿਆਂ। ਪਰ ਡਾ: ਸੁਚਾਟ ਨੇ ਅਰਜ਼ ਕੀਤੀ : ਇਹ ਮੇਰੀ ਤੇ ਮੇਰੀ ਸੰਸਥਾ ਦੇ ਮੈਂਬਰਾਂ ਵਲੋਂ ਪੁੰਨ ਕਾਰਜਾਂ ਲਈ ਭੇਟਾ ਹੈ। ਇਸਨੂੰ ਅਸੀਂ ਵਾਪਸ ਨਹੀਂ ਲੈ ਜਾ ਸਕਦੇ।

ਅਧਿਐਨ ਲਈ ਆਉਂਦੇ ਹਨ ਉਹਨਾਂ ਨੂੰ ਅਸੀਂ ਆਪਣੇ ਦੇਸ਼ ਵਿਚੋਂ ਹੀ ਦੱਸ ਭੇਜਾਂਗੇ ਕਿ ਉਹ ਬੁੱਧ ਧਰਮ ਦਾ ਆਪਣੀ ਜ਼ਬਾਨ ਵਿਚ ਮੁਤਾਲਿਆ ਕਰਨ ਹਿਤ ਸ੍ਰੀ ਭੈਣੀ ਸਾਹਿਬ ਜਾਣ ਅਤੇ ਉਤੋ ਡਾਕਟਰ ਸਚਾਟ ਨੇ ਬੇਨਤੀ ਕੀਤੀ ਕਿ ਇਹ ਜੋ ਮੇਰੀ ਪ੍ਰਾਹੁਣਚਾਰੀ ਕਰ ਕੇ ਮੈਨੂੰ ਨਿਵਾਜਿਆ ਗਿਆ ਹੈ ਜਦੋਂ ਸਤਿਗੁਰੂ ਥਾਈਲੈਂਡ ਜਾਣ ਉਸਦੀ ਕਾਲੋਨੀ ਤੇ ਮੰਦਿਰ ਵਿਚ

ਜ਼ਰੂਰ ਦਰਸ਼ਨ ਦੇਣ ਤੇ ਇਕ ਰਾਤ ਰਹਿਣ। (ਡਾਕਟਰ ਸੁਚਾਟ ਨੇ 100 ਏਕੜ ਜ਼ਮੀਨ ਖਰੀਦ ਕੇ ਉਸ ਵਿਚ ਕੇਵਲ ਸ਼ਾਕਾਹਾਰੀ ਲੋਕਾਂ ਵਾਸਤੇ ਹੀ ਰਿਹਾਇਸ਼ੀ ਪਲਾਟ, ਸਾਰੀਆਂ ਅਜੋਕੀਆਂ ਸਹੂਲਤਾਂ ਸਮੇਤ ਰੱਖੇ ਹਨ)।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਉੱਤਰ ਵਿਚ ਨਿੱਘ ਤੇ ਸਤਿਕਾਰ ਭਰੇ ਸ਼ਬਦਾਂ ਨਾਲ ਸ਼ਾਂਤੀ ਦੂਤ ਦੇ ਨਾਮਧਾਰੀ ਕੇਂਦਰ ਵਿਖੇ ਪਧਾਰਨ ਦਾ ਸੁਆਗਤ ਕੀਤਾ ਅਤੇ ਦੱਸਿਆ ਕਿ ਇਹ ਦੋ ਦੇਸ਼ਾਂ ਤੋਂ ਦੋ ਧਰਮਾਂ ਦੀ ਮਿਲਣੀ ਹੈ ! ਮੇਲਣ ਤੇ ਮਿਲਣ ਵਾਲੇ ਉਹਨਾਂ ਨੁਕਤਿਆਂ ਤੇ ਹੀ ਜ਼ੋਰ ਦਿੰਦੇ ਹਨ ਜੋ ਪਰਸਪਰ ਸਾਂਝੇ ਹੁੰਦੇ ਹਨ । ਸਤਿਗੁਰੂ ਜੀ ਜ਼ਿੰਮਾ ਲਿਆ ਕਿ ਉਹ ਪੁਸਤਕਾਂ ਦੀ ਪੂਰੀ ਸੰਭਾਲ ਅਤੇ ਵਿਦਿਆ ਅਧਿਐਨ ਕਰਨ ਆਇਆਂ ਦੀ ਸੁਖ ਸਹੂਲਤ ਦਾ ਖਿਆਲ ਰੱਖਣਗੇ ਅਤੇ ਅਜਿਹੀਆਂ ਮਿਲਣੀਆਂ ਦਾ ਪ੍ਰਬੰਧ ਕਰਦੇ ਰਹਿਣਗੇ ਜਿਸ ਵਿਚ ਦੋਹਾਂ ਦੇਸ਼ਾਂ ਦਾ ਸਹਿਯੋਗ ਵਧੇ ਫੁੱਲੇ। ਸਤਿਗੁਰੂ ਜੀ ਬਚਨ ਕੀਤਾ : ਜਿਨ੍ਹਾਂ ਮੇਲਣਾ ਤੇ ਮਿਲਣਾਂ ਹੁੰਦਾ ਹੈ ਉਹ ਉਸੇ ਚੀਜ਼ ਦਾ ਉਸਾਰੂ ਅਰਥ ਕੱਢਦੇ ਹਨ ਜਦੋਂ ਕਿ ਵਿਰੋਧ ਪੈਦਾ ਕਰਨ ਵਾਲੇ ਉਸੇ ਗੱਲ ਨੂੰ ਨਕਾਰਾਤਮਕ ਅਰਥਾਂ ਵਿਚ ਲੈਂਦੇ ਹਨ ਅਤੇ ਸਤਿਗੁਰ ਜੀ ਨੇ ਆਸ ਪ੍ਰਗਟ ਕੀਤੀ ਇਹ ਸਾਡੇ ਸਾਂਝੇ ਉਦੇਸ਼-ਧਰਮ ਉਦੇਸ਼ ਫਲੇ ਫੁਲੇ ਤੇ ਪਰਸਪਰ ਮਿਲਣੀਆਂ ਹੋਰ ਵੀ ਖੇੜਿਆਂ ਲੱਦੀ ਬਹਾਰ ਪੈਦਾ ਕਰਨਗੀਆਂ।

ਆਦਰ ਯੋਗ ਪ੍ਰਾਹੁਣੇ ਤੇ ਉਸ ਦੇ ਸਾਥੀਆਂ ਨੂੰ ਕੁਝ ਚਿਰ ਸਤਿਗੁਰੂ ਜੀ ਆਪਣੇ ਨਿਵਾਸ ਵੱਲ ਲੈ ਜਾਕੇ ਨਿੱਕੀ-ਮੋਟੀ ਵਾਰਤਾਲਾਪ ਕਰਦੇ ਰਹੇ। ਪੰਜਾਬੀ ਤੋਂ ਥਾਈ ਤੇ ਥਾਈ ਤੋਂ ਪੰਜਾਬੀ ਅਨੁਵਾਦ ਸੇਠ ਤ੍ਰਿਲੋਕ ਸਿੰਘ ਅਤੇ ਬਖਸ਼ੀਸ਼ ਸਿੰਘ ਨੇ ਕੀਤਾ। 5-35 ਸ਼ਾਮੀ ਵਿਦਾਇਗੀ ਸਮੇਂ ਸ਼ਾਂਤੀ ਦੇ ਦੂਤ ਨੇ ਆਖਿਆ : ਕਿਰਪਾ ਕਰਕੇ ਥਾਈਲੈਂਡ ਆ ਕੇ ਮੈਨੂੰ ਜ਼ਰੂਰ ਦਰਸ਼ਨ ਦੇਣ ਅਤੇ ਇਕ ਭਾਰਤੀ ਬੂਟਾ ਸਾਡੇ ਪਾਰਕ ਵਿੱਚ ਆਪਣੇ ਹੱਥੀਂ ਆਕੇ ਲਗਾਣਾ ਜਿਹੜਾ ਸਾਡੀ ਪਰਸਪਰ ਸਾਂਝ ਤੇ ਦੋਸਤੀ ਦਾ ਲਖਾਇਕ ਹੋਵੇਗਾ। ਕੀ ਕਰਾਂ ਜਾ ਰਿਹਾ ਹਾਂ ਥਾਈਲੈਂਡ ਪਰ ਮੇਰਾ ਦਿਲ ਏਥੇ ਆਪ ਦੇ ਚਰਨਾਂ ਵਿਚ ਰਹਿ ਗਿਆ ਹੈ।

---

## ਉਚੇਰਾ ਲਗਦਾ

ਗੁਰੂ ਜਗਜੀਤ ਸਿੰਘ ਸਿਫਤਾਂ ਕੀ ਕਰੇ ਕੋਈ
ਸਿਫਤਾਂ ਤੋਂ ਬਹੁਤ ਹੀ ਉਚੇਰਾ ਲੱਗਦਾ।
ਉਹਨੂੰ ਜਿਨ੍ਹਾਂ ਵੱਡਾ ਆਖੀਏ ਵਡੇਰਾ ਲੱਗਦਾ।
ਉਹਦੀ ਸੋਹਣੀ ਸੂਰਤ ਤੋਂ ਸਦ ਕੁਰਬਾਨ ਹਾਂ
ਉਹਨੂੰ ਸਾਰੇ ਜੱਗ ਤੋਂ ਮੈਂ ਮੰਨਦਾ ਮਹਾਨ ਹਾਂ
ਕਾਲੀ ਰਾਤ ਵਿੱਚ ਲੱਗਦਾ ਹੀ ਸਵੇਰਾ ਜਗਦਾ।
ਮਿਹਰ ਭਰੀ ਨਜ਼ਰ ਉਹਦੀ ਜਿਦ੍ਹੇ ਉੱਤੇ ਪੈ ਗਈ
ਜਨਮਾਂ ਦੀ ਮੈਲ ਉਹਦੀ ਪਲਾਂ ਵਿੱਚ ਲਹਿ ਗਈ
ਮਾਣ ਦੇਂਦਾ ਉਹ ਨਿਮਾਣਿਆਂ ਬਥੇਰਾ ਲਗਦਾ।
ਪਾਵਨ ਪਵਿੱਤਰ ਚਰਨ ਜਿਹੜਾ ਉਹਦੇ ਪਰਸਦੈ
ਉਹਦੇ ਉੱਤੇ ਸੁਖਾਂ ਵਾਲਾ ਮੀਂਹ ਰੋਜ ਬਰਸਦੈ
ਉਹਨੂੰ ਜੀਵਨ ਦਾ ਪੈਂਡਾ ਨਾ ਉਖੇਰਾ ਲੱਗਦਾ।
ਉਸਦੇ ਦੀਦਾਰ ਲਈ ਚੱਲ ਜਿਹੜਾ ਆਉਂਦਾ ਏ
ਅਸਮੇਧ ਕਈ ਜਗ੍ਹਾਂ ਦਾ ਉਹ ਪਾਉਂਦਾ ਏ
ਉਹ ਤੇ ਚੰਗਿਆਂ ਤੋਂ ਬੜਾ ਹੀ ਚੰਗੇਰਾ ਲੱਗਦਾ।
ਆਉ ਸਾਰੇ ਉਹਦੇ ਅੱਗੇ ਸਿਰਾਂ ਨੂੰ ਝੁਕਾ ਲਈਏ
ਸੁਣ ਅਮਰੀਕ ਭੈਣੀ ਸਾਹਿਬ ਡੇਰਾ ਲਾ ਲਈਏ
ਕੰਮ ਕੋਈ ਏਦੂੰ ਨਾ ਭਲੇਰਾ ਲਗਦਾ।

## ਬਲ ਬਲ ਜਾਈਏ

ਗੁਰ ਜਗਜੀਤ ਕੇ ਬਲ ਬਲ ਜਾਈਏ।
ਹੋਰ ਕਿਤੇ ਨਾ ਸੀਸ ਝੁਕਾਈਏ।
ਜੋ ਮੰਗਣਾ ਏਸੇ ਤੋਂ ਹੀ ਮੰਗੀਏ।
ਕਿਤੇ ਨਾ ਹੋਰ ਇਹ ਝੋਲ ਫੈਲਾਈਏ।
ਉਹ ਦਾਤਾਰ ਹੈ ਸਭ ਦਾਤਾਂ ਦਾ।
ਮਨ ਇੱਛੇ ਸੇਈ ਫਲ ਪਾਈਏ।
ਸਭ ਮਰਜਾਂ ਦੀ ਨਬਜ਼ ਪਛਾਣੇ।
ਸ਼ਰਨ ਪੈ ਸਗਲੇ ਦੂਖ ਮਿਟਾਈਏ।
ਵਡ ਤੀਰਥ ਹੈ ਸਤਿਗੁਰ ਸਾਡਾ।
ਘਰ ਬੈਠੇ ਹੀ ਤੀਰਥ ਨ੍ਹਾਈਏ।
ਮਨ- ਮੰਦਰਾਂ ਵਿਚ ਮੂਰਤ ਉਸਦੀ।
ਲਾ ਕੇ ਹਰਦਮ ਨਜ਼ਰ ਟਿਕਾਈਏ।
ਨਾਲ ਅਮਰੀਕ ਜਿਹਾਂ ਨੂੰ ਲੈ ਕੇ।
ਇਸ ਦਰ ਪੱਕੇ ਡੇਰੇ ਲਾਈਏ।

**-ਮਾ.ਅਮਰੀਕ ਸਿੰਘ**

# ਸਤਿਗੁਰੂ ਜਗਜੀਤ ਸਿੰਘ ਜੀ

**(ਸਵ:) ਜਗਦੀਸ਼ ਸਿੰਘ 'ਵਰਿਆਮ'**

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕੋਈ ਗੱਲ ਅੰਤਮ ਰੂਪ ਵਿਚ ਨਹੀਂ ਆਖੀ ਜਾ ਸਕਦੀ। ਉਹਨਾਂ ਦਾ ਮੁਲਾਂਕਣ ਹਮੇਸ਼ਾਂ ਹੀ ਅਧੂਰਾ ਰਹੇਗਾ। ਅਸੀਂ ਪਹਿਲਾਂ ਉਹਨਾਂ ਨੂੰ ਦੂਰੋਂ ਦੂਰੋਂ ਵੇਖਿਆ ਅਤੇ ਪਿਛਲੇ 32 ਸਾਲਾਂ ਵਿਚ ਜ਼ਰਾ ਨੇੜੇ ਰਹਿ ਕੇ ਦੇਖਣ ਦਾ ਅਵਸਰ ਮਿਲਿਆ ਹੈ। ਉਮਰ ਦੇ ਨਾਲ ਜੇ ਆਪਣੀ ਸੂਝ ਵੀ ਵਧੀ ਹੋਵੇ ਤਾਂ ਉਹਨਾਂ ਨੂੰ ਹਰ ਉਮਰ ਦੇ ਹਾਣ ਦਾ ਮਹਿਸੂਸ ਕੀਤਾ ਅਤੇ ਅੱਜ ਲਗਦਾ ਹੈ ਉਹ ਸਮੇਂ ਦੀਆਂ ਸੀਮਾ ਵਿਚ ਨਹੀਂ ਆਉਣ ਵਾਲੇ। ਹਰ ਇਕ ਵਿਅਕਤੀ ਉਹਨਾਂ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਆਪਣੀ ਹੈਸੀਅਤ ਦੇ ਸ਼ੀਸ਼ੇ ਦੁਆਰਾ ਹੀ ਵੇਖਦਾ ਹੈ। ਜਦੋਂ 1965 ਵਿਚ ਅਸੀਂ ਉਹਨਾਂ ਦੇ ਨਿਕਟ ਸੰਪਰਕ ਵਿਚ ਆਏ ਤਾਂ ਉਹ ਬਹੁਤ ਵੱਡੀ, ਉੱਚੀ ਤੇ ਸੁੱਚੀ ਪਦਵੀ 'ਤੇ ਹੁੰਦੇ ਹੋਏ ਵੀ ਆਪ ਜਵਾਨਾਂ ਬੱਚਿਆਂ 'ਚ ਰਲਮਿਲ ਜਾਂਦੇ। ਅਸੀਂ ਜਿਹੜੀਆਂ ਗੁਸਤਾਖੀਆਂ ਕਰਦੇ ਉਹ ਜ਼ਰਾ ਵੀ ਖਿਆਲ ਨਾ ਕਰਦੇ ਜਿਵੇਂ ਪਿਤਾ ਆਪਣੇ ਬੱਚਿਆਂ ਦੀਆਂ ਵਧੀਕੀਆਂ ਬਰਦਾਸ਼ਤ ਕਰਦਾ ਹੈ। ਅੰਮ੍ਰਿਤ ਵੇਲੇ ਉਹ ਜਦ ਦੀਵਾਨ ਵਿਚ ਬੰਨ ਬੁੱਕਲ ਮਾਰਕੇ ਦੀਰਘ ਬੰਦਗੀ ਦੀ ਮੁਦਰਾ ਵਿਚ ਹੁੰਦੇ ਤਾਂ ਛੋਟੇ-ਛੋਟੇ ਬੱਚੇ ਮੱਥਾ ਟੇਕ ਕੇ ਉਹਨਾਂ ਦੇ ਅੱਗੇ ਖੜੇ ਰਹਿੰਦੇ ਤਾਂ ਸਤਿਗੁਰੂ ਜੀ ਉਸ ਵੇਲੇ ਆਸਣ ਥੱਲਿਓਂ ਮਿਸ਼ਰੀ ਟਾਫ਼ੀਆਂ ਜਾਂ ਹੋਰ ਉਹਨਾਂ ਨੂੰ ਦਿੰਦੇ, ਬੱਚਿਆਂ 'ਚ ਬੱਚੇ, ਜੁਆਨਾਂ ਚ ਜੁਆਨ, ਖਿਲਾੜੀਆਂ 'ਚ ਖਿਲਾੜੀ, ਕਲਾਕਾਰਾਂ 'ਚ ਕਲਾਕਾਰ, ਲੇਖਕਾਂ ਵਿਚ ਚਿੰਤਕ ਦਾਨਸ਼ਵਰ ਅਤੇ ਦਾਰਸ਼ਨਿਕ, ਸੰਤਾਂ ਮਹਾਂਪੁਰਖਾਂ ਵਿਚ ਧੁਰ ਪਹੁੰਚੇ ਹੋਏ ਗੁਰੂ, ਸਤਿਗੁਰੂ, ਅਧਿਆਤਮ ਮੰਡਲ ਦੇ ਭੇਦ ਦੱਸਣ ਵਾਲੇ। ਵਖਾਵੇ ਨਾਂ ਦੀ ਚੀਜ਼ ਉਹਨਾਂ ਦੇ ਲਾਗੇ ਵੀ ਨਹੀਂ ਲੰਘੀ। ਉਹ ਜੋ ਗੱਲ ਕਰਦੇ ਹਨ ਵਖਾਵੇ ਵਾਸਤੇ ਨਹੀਂ ਧੁਰ ਅੰਦਰੋਂ। ਉਹਨਾਂ ਦੀ ਦਿਆਲਤਾ ਅਤੇ ਖਿਮਾ ਸ਼ੀਲਤਾ ਦਾ ਪਾਰਾਵਾਰ ਨਹੀਂ। ਵੱਡੇ-ਵੱਡੇ ਪਾਪੀਆਂ ਅਤੇ ਗੁਨਾਹੀਆਂ ਨੂੰ ਬਖਸ਼ ਦੇਣਾ।

ਵੱਡੇ-ਵੱਡੇ ਨਿੰਦਕਾਂ ਨੇ ਨਿੰਦਿਆ ਨਹੀਂ ਤਿਆਗੀ ਸਤਿਗੁਰੂ ਜੀ ਨੇ ਬਖਸ਼ਿਸ਼ ਨਹੀਂ ਛੱਡੀ। ਉਹਨਾਂ ਦਾ ਸਿਫ਼ਤੀ ਗੁਣ ਹੈ। ਉਹਨਾਂ ਦੇ ਆਪਣੇ ਬਾਰੇ ਜਾਂ ਉਹਨਾਂ ਦੀ ਜ਼ਾਤ ਬਾਰੇ ਕੋਈ ਕਿੰਨਾ ਕਹੇ, ਬੇਹੂਦਾ ਊਲ-ਜਲੂਲ ਜਾਂ ਊਜਾਂ ਭਰਿਆ ਕਹੇ, ਉਹ ਬਖਸ਼ਦੇ ਹੀ ਹਨ। ਸਰੀਰ ਦੀ ਉਤਮਤਾ ਅਤੇ ਆਤਮਾ ਦੀ ਬੁਲੰਦੀ ਦੇ ਸੁਮੇਲ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਸਤਿਗੁਰੂ ਜਗਜੀਤ ਸਿੰਘ ਦੇ ਦਰਸ਼ਨ ਕਰੇ।

ਆਪ ਜੀ ਦੀ ਕਠਿਨ ਨਿਤ ਕ੍ਰਿਆ ਨੂੰ ਵੇਖ ਕੇ ਇਹ ਸਮਝ ਨਹੀਂ ਪੈਂਦੀ ਕਿ ਆਪ ਦਾ ਸਰੀਰ ਬਹੁਤ ਤਾਕਤਵਰ ਹੋਣ ਕਰਕੇ ਅਧਿਆਤਮ ਅਭਿਆਸ ਉੱਚਾ ਹੈ ਕਿ ਅਧਿਆਤਮਕ ਉੱਚਤਾ ਕਰਕੇ ਪਤਲਾ ਸਰੀਰ ਵੀ ਸ਼ਕਤੀਸ਼ਾਲੀ ਹੈ।

ਸਾਡੇ ਇਕ ਲੇਖਕ ਮਿੱਤਰ ਨੇ ਫੈਸਲਾ ਕੀਤਾ ਕਿ ਉਹ ਸਤਿਗੁਰੂ ਜੀ ਦੇ ਇੰਗਲੈਂਡ ਦੌਰੇ ਸਮੇਂ ਨਾਲ ਰਹਿਕੇ ਪੂਰੀ ਰਿਪੋਰਟ ਤਿਆਰ ਕਰੇਗਾ। ਸਤਿਗੁਰੂ ਜੀ ਨੇ ਦੋ ਕੁ ਵਜੇ ਉੱਠਣਾ ਅਤੇ ਰਾਤ ਪਤਾ ਨਹੀਂ ਕਦੋਂ ਬਿਰਾਜਣਾ, ਸਾਰਾ ਦਿਨ, ਆਸਾ ਦੀ ਵਾਰ ਦਾ ਕੀਰਤਨ, ਦੁਪਹਿਰ ਦਾ ਨਿਤਨੇਮ ਕੀਰਤਨ, ਘਰਾਂ ਵਿਚ ਚਰਨ ਪਾਉਣੇ, ਅਨੇਕਾਂ ਮਿਲਣੀਆਂ, ਸੈਰ, ਖੇਡਾਂ ਅਤੇ ਹਜ਼ਾਰਾਂ ਮੀਲਾਂ ਦਾ ਰੋਜ਼ਾਨਾ ਸਫ਼ਰ ..... ਦੋ ਦਿਨ ਵਿਚ ਹੀ ਲੇਖਕ ਮਿੱਤਰ ਦੀ ਬੱਸ ਹੋ ਗਈ। ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਆਪਣੇ ਪ੍ਰੀਵਾਰ ਆਪਣੀ ਸੰਗਤ ਜਾਂ ਸਿੱਖ ਸਮਾਜ ਦਾ ਹੀ ਕਲਿਆਣ ਨਹੀਂ ਕਰਦੇ ਸਗੋਂ ਸਮੁੱਚੇ ਵਿਸ਼ਵ ਭਾਈਚਾਰੇ ਵਾਸਤੇ ਆਪ ਕਲਿਆਣਕਾਰੀ ਹਨ। ਇਹਦੇ ਵਿਚ ਮਨੁੱਖ ਵੀ ਆਉਂਦੇ ਹਨ ਅਤੇ ਹੋਰ ਪ੍ਰਾਣੀ ਮਾਤਰ ਵੀ।

ਸਤਿਗੁਰੂ ਜੀ ਨੇ ਜਿਥੇ ਆਪ ਤਪ ਕੀਤਾ, ਉਥੇ ਸਾਧ ਸੰਗਤ ਤੋਂ ਏਨਾ ਭਜਨ-ਪਾਠ ਕਰਵਾਇਆ ਕਿ ਉਹਨਾਂ ਦੀਆਂ ਆਤਮਾਵਾਂ ਸ਼ੁਧ ਅਧਿਆਤਮਕ ਗੁਣਾਂ ਨਾਲ ਲਬਾਲਬ ਸਨ। ਪ੍ਰੇਮ ਸ਼ਾਂਤੀ ਅਤੇ ਸ਼ੁੱਧਤਾ ਦੇ ਮਾਹੌਲ ਵਿਚ ਮਖ਼ਮੂਰ ਆਤਮਾਵਾਂ ਸਿਖ਼ਰ ਦੇ ਅਨੰਦ ਨਾਲ ਝਕਝੋਰ ਹੋਈਆਂ ਪਈਆਂ ਸਨ। ਇਹੋ ਜਿਹੀ ਸਾਧਨਾ ਦੁਆਰਾ ਰੂਹਾਨੀਅਤ ਦੀਆਂ ਉਚੇਰੀਆਂ ਸਿਖ਼ਰਾਂ ਤੇ ਪੂਜੀਆਂ ਆਤਮਾਵਾਂ, ਜਿਸ ਗੁਰੂ ਜੀ ਦਾ ਜੀਅ ਕਰੇ ਦਰਸ਼ਨ ਕਰ ਸਕਦੀਆਂ ਸਨ, ਪਰ ਉਹਨਾਂ ਨੂੰ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖੜੇ ਦੇ ਰੂਪ 'ਚ ਹੀ ਪੂਰਵ ਗੁਰੂਆਂ ਦੀ ਝਲਕ ਪੈ ਰਹੀ ਸੀ।

ਜੀਅ ਦਾਨ, ਪਰਉਪਕਾਰ, ਭਗਤੀ ਦਾਨ ਅਤੇ ਹਰਿ ਨਾਲ ਮਿਲਾਉਣਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰੋਗਰਾਮ ਹੈ। ਉਹ ਜਨਮ ਮਰਨ ਤੋਂ ਬਾਹਰ ਹਨ ਜਾਂ ਧੁਰ ਈਸ਼ਵਰੀ ਸ਼ਕਤੀ ਦਾ ਉਹ ਮੂਰਤ ਰੂਪ ਹਨ. ..ਸਾਕਾਰ ਰੂਪ ਅਕਾਲ ਮੂਰਤਿ।

# ਇਹ ਮਹਾਂ ਪੁਰਸ਼ ਕੌਣ ਹਨ?

**ਤਾਰਾ ਸਿੰਘ ਅਨਜਾਣ (ਸਵ.)**

1947 ਈ: ਦਾ ਝੱਖੜ ਸ਼ੁਰੂ ਹੋਣ ਸਮੇਂ, ਵੱਡੇ ਬਾਬਾ ਜੀ ਨਾਲ ਸੰਤ ਕਿਰਪਾਲ ਸਿੰਘ ਹੁਰੀਂ ਸੇਵਕ ਵੱਜੋਂ, ਮੰਡੀ (ਹਿਮਾਚਲ) ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਸਨ। ਇਹਨਾਂ ਨੂੰ ਹੁਕਮ ਹੋਇਆ ਕਿ ਫ਼ੌਰਨ ਪਹੁੰਚੋ। ਇਹਨਾਂ ਨੇ ਹੁਕਮ ਮੰਨਿਆ ਉੱਥੋਂ ਬੱਸ ਫੜ ਕੇ ਦੋਵੇਂ ਅੰਮ੍ਰਿਤਸਰ ਪੁੱਜੇ। ਅੱਗੋਂ ਗੱਡੀ 'ਤੇ ਜਾਣਾ ਸੀ। ਗੱਡੀ ਲੇਟ ਹੋ ਗਈ। ਸੋ ਲਾਹੌਰ ਸਤਿਗੁਰੂ ਜੀ ਦੇ ਭੇਜੇ ਸੇਵਕ, ਸਟੇਸ਼ਨ 'ਤੇ ਆਪ ਜੀ ਦੀ ਇੰਤਜ਼ਾਰ ਕਰਕੇ ਮੁੜ ਗਏ ਕਿ ਖ਼ਵਰੇ ਗੱਡੀ ਆਏ ਕਿ ਨਾ, ਆਲੇ ਦੁਆਲੇ ਅੱਗਾਂ ਜੁ ਲੱਗੀਆਂ ਹੋਈਆਂ ਸਨ, ਬਜ਼ਾਰਾਂ ਦੇ ਬਜ਼ਾਰ ਸੜੇ ਪਏ ਸਨ।

ਵੱਡੇ ਬਾਬਾ ਜੀ ਤੇ ਸੰਤ ਕਿਰਪਾਲ ਸਿੰਘ ਜੀ ਗੱਡੀ ਤੋਂ ਉੱਤਰ ਕੇ, ਟਾਂਗਾ ਲੈ ਕੇ, ਸਤਿਗੁਰੂ ਜੀ ਦੇ ਡੇਰੇ-ਸੰਤ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਘਰ ਜਾ ਹਾਜ਼ਰ ਹੋਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਫ਼ਿਕਰਮੰਦ ਸਨ ਕਿ ਏਧਰ ਪਾਕਿਸਤਾਨ ਬਣ ਜਾਣ ਕਰਕੇ ਹਾਲਤ ਬਦ ਤੋਂ ਬਦਤਰ ਬਣ ਰਹੇ ਸਨ। ਕੁਝ ਨਾਮਧਾਰੀ ਉਹਨਾਂ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਘੇਸ ਵੱਟੀ ਬੈਠੇ ਸਨ। ਆਪ ਨੇ ਵੱਡੇ ਬਾਬਾ ਜੀ ਨੂੰ ਆਗਿਆ ਕੀਤੀ ਕਿ ਉਹ ਕੋਈ ਸਵਾਰੀ ਲੈ ਕੇ ਨਾਮਧਾਰੀ ਇਲਾਕਿਆਂ ਵਿੱਚ ਜਾਣ ਅਤੇ ਸਤਿਗੁਰੂ ਜੀ ਦਾ ਤਾਕੀਦੀ ਹੁਕਮ ਸੁਣਾਉਣ ਕਿ ਸਾਰੇ ਰਾਵੀਓਂ ਪਾਰ ਹੋ ਜਾਣ। ਆਪ ਸੱਚੇ ਪਾਤਸ਼ਾਹ ਜੀ ਨੇ ਆਪਣੇ ਆਗਾਮੀ ਪ੍ਰੋਗਰਾਮ ਅਨੁਸਾਰ, ਸ੍ਰੀ ਭੈਣੀ ਸਾਹਿਬ ਨੂੰ ਕਮਰ ਕੱਸੇ ਕੀਤੇ।

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਵੱਡੇ ਬਾਬਾ ਜੀ ਇੱਕ ਕਾਰ ਤੇ ਸਵਾਰ ਹੋ ਕੇ, ਨਾਲ ਸੰਤ ਕਿਰਪਾਲ ਸਿੰਘ, ਜਥੇਦਾਰ ਨਾਹਰ ਸਿੰਘ ਤੇ ਡਰਾਈਵਰ ਨੂੰ ਲੈ ਕੇ ਦੌਰੇ ਨੂੰ ਚੱਲ ਪਏ। ਆਪ ਲਾਇਲਪੁਰ, ਮਾਲੂਵਾਲ, ਸਵਾਲ ਆਦਿ ਥਾਂਈਂ ਜਾ ਕੇ ਸਤਿਗੁਰੂ ਜੀ ਦਾ ਹੁਕਮ ਸੁਣਾਉਂਦੇ ਰਹੇ।

ਆਪ ਮਾਂਗਟ ਵਾਲੇ ਕੋਲੋਂ ਜਾ ਰਹੇ ਸਨ ਕਿ ਰਸਤੇ ਵਿੱਚ ਇੱਕ ਸਰਦਾਰ ਦੀ ਕਾਰ ਖ਼ਰਾਬ ਹੋਈ ਖੜੀ ਸੀ । ਉਹ ਸਰਦਾਰ ਤੇ ਉਸਦੇ ਬੀਵੀ-ਬੱਚੇ ਕੋਲ ਖੜ੍ਹੇ ਸਨ। ਥੋੜ੍ਹੀ ਦੂਰ ਹੀ ਕੁਝ ਮੁਸਲਮਾਨ ਖੇਤਾਂ ਵਿੱਚ ਕੰਮ ਕਰ ਰਹੇ ਸਨ । ਆਮ ਵਾਤਾਵਰਨ ਅਸੁਖਾਵਾਂ ਤਾਂ ਹੈ ਹੀ ਸੀ। ਵਸਤੂ ਸਥਿਤੀ ਨੂੰ ਜਾਣਨ ਵਾਸਤੇ ਬਾਬਾ (ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਨੇੜੇ ਹੀ ਆਪਣੀ ਕਾਰ ਰੋਕ ਲਈ, ਜਥੇਦਾਰ ਨੂੰ ਕਿਹਾ,

"ਉਹਨਾਂ ਨੂੰ ਜਾ ਕੇ ਪੁੱਛ ਕੀ ਤਕਲੀਫ਼ ਹੈ ?"

ਜੀ, ਉਹਨਾਂ ਦੀ ਕਾਰ ਪੈਂਚਰ ਹੋ ਗਈ ਹੈ। ਡਰਾਈਵਰ ਪੈਂਚਰ ਲੁਆਉਣ ਗਿਆ ਹੋਇਆ ਹੈ। ਸਟੱਪਨੀ ਉਹਨਾਂ ਕੋਲ ਹੈ ਨਹੀਂ। ਸੋ ਜੀ ਡਾਈਵਰ ਨੂੰ ਉਡੀਕ ਰਹੇ ਹਨ। ਜਥੇਦਾਰ ਨਾਹਰ ਸਿੰਘ ਜੀ ਨੇ ਪੁੱਛ ਪਰਤੀਤ ਤੋਂ ਬਾਅਦ ਦੱਸਿਆ।

ਆਪ ਜੀ ਦੀ ਆਗਿਆ ਅਨੁਸਾਰ ਜਥੇਦਾਰ ਨਾਹਰ ਸਿੰਘ ਨੇ ਉਹਨਾਂ ਨੂੰ ਆਪਣੀ ਕਾਰ ਦੀ ਸਟੱਪਨੀ ਦਿੱਤੀ। ਫਿਰ ਪਟਰੌਲ ਪੁੱਛ ਕੇ 5 ਲੀਟਰ ਪਟਰੌਲ ਦਿੱਤਾ। ਸੰਤ ਕਿਰਪਾਲ ਸਿੰਘ ਜੀ ਨੇ ਆਗਿਆ ਅਨੁਸਾਰ ਉਸ ਦੇ ਜੀਆਂ ਨੂੰ ਆਪਣੀ ਕਾਰ ਵਿੱਚੋਂ ਸਮਾਨ ਲੈ ਕੇ ਸ਼ਰਬਤ ਤਿਆਰ ਕਰਕੇ ਛਕਾਇਆ। ਉਸ ਦੀ ਕਾਰ ਨੂੰ ਸਟੱਪਨੀ ਲੱਗ ਗਈ ਤਾਂ ਉਸ ਨੂੰ ਪੁੱਛਿਆ ਗਿਆ ਕਿ ਜੇ ਉਹ ਕਾਰ ਚਲਾਉਣੀ ਨਹੀਂ ਜਾਣਦਾ ਤਾਂ ਡਰਾਈਵਰ ਵੀ ਨਾਲ ਲੈ ਜਾਵੇ, ਉਹ ਆਪੇ ਚਲੇ ਜਾਣਗੇ।

ਉਹ ਸਰਦਾਰ ਹੈਰਾਨ ਸੀ ਕਿ ਇਹ ਫ਼ਰਿਸ਼ਤਾ ਕਿਹੜਾ ਆ ਗਿਆ ? ਨੇੜੇ ਕੰਮ ਕਰਦੇ ਮੁਸਲਮਾਨਾਂ ਤੋਂ ਭੈ ਖਾ ਕੇ ਹੋਰ ਤਾਂ ਕੋਈ ਰੁਕਿਆ ਹੀ ਨਹੀਂ ਸੀ। ਉਸਨੇ, ਜਲ ਪਾਣੀ ਛਕਾਉਂਦੇ, ਸੰਤ ਕਿਰਪਾਲ ਸਿੰਘ ਨੂੰ ਪੁੱਛਿਆ :

"ਭਲਾ ਇਹ ਮਹਾਂਪੁਰਸ਼ ਕੌਣ ਹਨ ?"

"ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਹਨ।"

ਸੁਣ ਕੇ ਸਹਿਜੇ ਹੀ ਸ਼ੁਕਰਾਨੇ ਵਿੱਚ ਉਸ ਦਾ ਸਿਰ ਝੁਕ ਗਿਆ, ਉਸਦੇ ਜੀਆਂ, ਨੇ ਵੀ ਨਮਸਕਾਰ ਕੀਤੀ।

- - - - - - - - - - - - - - - -

# ਸਤਿਗੁਰੂ ਜਗਜੀਤ ਸਿੰਘ
# ਕੁਝ ਅਭੁੱਲ ਯਾਦਾਂ

**ਸ. ਤਰਲੋਚਨ ਸਿੰਘ ਸਾਬਕਾ ਐਮ. ਪੀ.**



ਮੈਨੂੰ ਨਾਮਧਾਰੀ ਪਰੰਪਰਾ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਨਾਲ ਸੰਪਰਕ ਵਿਚ ਰਹਿਣ ਦਾ ਅਵਸਰ ਮਿਲਿਆ ਹੈ। ਪਹਿਲੇ ਤਾਂ ਜਦ ਮੈਂ ਗਿਆਨੀ ਜ਼ੈਲ ਸਿੰਘ ਜੀ ਨਾਲ ਸੀ ਤਾਂ ਕਈ ਵਾਰ ਭੈਣੀ ਸਾਹਿਬ ਜਾਣ ਦਾ ਸਬੱਬ ਬਣਿਆ ਸੀ। ਗਿਆਨੀ ਜੀ ਦੀ ਉਹਨਾਂ ਨਾਲ ਨੇੜਤਾ ਸੀ ਤੇ ਪੂਰਾ ਸਤਿਕਾਰ ਸੀ। ਮੁੱਖ ਮੰਤਰੀ ਹੁੰਦਿਆਂ ਕਈ ਪ੍ਰੋਗਰਾਮ ਉਹਨਾਂ ਕਰਵਾਏ ਜਿਸ ਵਿਚ ਸਤਿਗੁਰੂ ਜੀ ਸ਼ਾਮਲ ਹੋਏ ਸਨ। ਮੇਰੀ ਇਸ ਕਾਰਨ ਨੇੜਤਾ ਵਧੀ। ਫਿਰ ਯੋਗੀ ਹਰਿਭਜਨ ਜੀ ਕਾਰਨ ਇਹ ਹੋਰ ਪੱਕੀ ਹੋਈ। ਯੋਗੀ ਜੀ ਜਿਤਨੀ ਵਾਰ ਭਾਰਤ ਆਏ ਮੈਂ ਓਹਨਾਂ ਦਾ ਪ੍ਰੋਗਰਾਮ ਉਲੀਕਣ ਵਿਚ ਸਹਾਈ ਹੁੰਦਾ ਸੀ। ਉਹ ਹਰ ਵਾਰ ਭੈਣੀ ਸਾਹਿਬ ਜਾਂਦੇ ਤੇ ਉਥੇ ਅਨੰਦ ਮਾਣਦੇ। ਇਹ ਸਿਲਸਲਾ ਚਲਦਾ ਰਿਹਾ। ਰੱਬ ਦੀ ਕਿਰਪਾ ਨਾਲ ਮੈਂ ਭਾਰਤ ਦੇ ਮਿਨਾਰਟੀਜ਼ ਕਮਿਸ਼ਨ ਦੀ ਉੱਚ ਪਦਵੀ 'ਤੇ ਪੁੱਜ ਗਿਆ ਤੇ ਫਿਰ ਮੈਂਬਰ ਪਾਰਲੀਮੈਂਟ ਵੀ ਬਣ ਗਿਆ। ਇਸ ਸਦਕਾ ਨਾਮਧਾਰੀ ਸੰਗਤ ਨਾਲ ਸਬੰਧ ਵਧ ਗਏ। ਸਤਿਗੁਰੂ ਜੀ ਪਰਲੋਕ ਸਿਧਾਰ ਗਏ ਹਨ। ਅੱਜ ਕਈ ਅਭੁੱਲ ਯਾਦਾਂ ਤਾਜ਼ਾ ਕਰਨ ਦਾ ਯਤਨ ਕਰ ਰਿਹਾ ਹਾਂ। ਉਹਨਾਂ ਦਾ ਇਕ ਸਦੀਵੀ ਨਿਯਮ ਸੀ ਕਿ ਉਹ ਜਦ ਵਕਤ ਮਿਲਿਆ, ਕੀਰਤਨ ਸੁਣਦੇ ਸਨ। ਸ਼ਾਇਦ ਹੀ ਕੋਈ ਐਸਾ ਅਵਸਰ ਹੋਵੇ ਜਦ ਉਹਨਾਂ ਰੋਜ਼ ਚੋਵਕਤ ਕੀਰਤਨ ਨਾ ਸਰਵਣ ਕੀਤਾ ਹੋਵੇ। ਐਸੀ ਰੱਬੀ ਦਾਤ ਕਿਸੇ ਨੂੰ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਅਮਰੀਕਾ ਵਿਚ ਗਏ। ਉਹ ਨਿਊ ਮੈਕਸੀਕੋ ਸਟੇਟ ਵਿਚ ਸੈਂਟਾਫੇ ਸ਼ਹਿਰ ਜੋ ਰਾਜਧਾਨੀ ਹੈ ਉਸ ਦੇ ਨੇੜੇ ਇਕ ਘਰ ਵਿਚ ਠਹਿਰੇ ਹੋਏ ਸੀ। ਮੈਂ ਵੀ ਉਦੋਂ ਉਥੇ ਗਿਆ ਸੀ। ਜਦ ਮਿਲਣ ਗਿਆ ਤਾਂ ਇਕੱਲੇ ਬੈਠੇ ਕੀਰਤਨ ਸੁਣ ਰਹੇ ਸੀ। ਇੱਕ ਤਿੰਨਾਂ ਰਾਗੀਆਂ ਦਾ ਜਥਾ ਉਹਨਾਂ ਨਾਲ ਹਮੇਸ਼ਾ ਸਫ਼ਰ ਤੇ ਜਾਂਦਾ ਸੀ। ਕਿਤਨੀ ਉਹਨਾਂ ਦੀ ਲੱਗਣ ਸੀ, ਫਿਰ 1997 ਵਿੱਚ ਪੈਰਿਸ ਤੋਂ 100 ਮੀਲ ਬਾਹਰ ਇਕ ਸਥਾਨ ਤੇ ਮੈਂ ਉਹੀ ਦ੍ਰਿਸ਼ ਵੇਖਿਆ। ਗੁਰਬਾਣੀ ਦਾ ਨਿਰੋਲ ਕੀਰਤਨ ਦਾ ਪ੍ਰਵਾਹ ਚਲਣਾ ਤੇ ਸੁਨਣਾ ਇਹਨਾਂ ਦਾ ਅਕੀਦਾ ਸੀ। 1989 ਵਿਚ ਸਤਿਗੁਰੂ ਜੀ ਨੂੰ ਡਾਕਟਰਾਂ ਨੇ ਕਿਹਾ ਕਿ ਉਹਨਾਂ ਦੇ ਦਿਲ ਦਾ ਆਪਰੇਸ਼ਨ ਜ਼ਰੂਰੀ ਹੈ। ਭਾਰਤ ਵਿਚ ਇਹ ਸਹੂਲਤ ਮੌਜੂਦ ਸੀ। ਪਰ ਸਤਿਗੁਰੂ ਜੀ ਨੇ ਕਿਹਾ ਕਿ ਕੋਈ ਐਸਾ ਆਪਰੇਸ਼ਨ ਤਾਂ ਕਰਵਾਵਾਂਗੇ ਜੇ ਉਹਨਾਂ ਦੇ ਜਿਸਮ ਦੇ ਵਾਲ ਕਿਸੇ ਹਿੱਸੇ ਤੇ ਵੀ ਕੱਟੇ ਨਾ ਜਾਣ। ਉਹ ਰੋਮਾਂ ਦੀ ਬੇਅਦਬੀ ਦੇ ਵਿਰੁੱਧ ਸਨ। ਕੋਈ ਡਾਕਟਰ ਵੀ ਤਿਆਰ ਨਾ ਹੋਇਆ। ਸਾਰੇ ਵਿਸ਼ਵ ਵਿੱਚ ਭਾਲ ਹੋਈ। ਅਖੀਰ ਜੁਲਾਈ 1991, ਆਸਟ੍ਰੇਲੀਆ ਵਿਚ ਇਕ ਡਾਕਟਰ ਨੇ ਹਾਂ ਕੀਤੀ ਤੇ ਉਹ ਉਥੇ ਗਏ ਤੇ ਆਪਰੇਸ਼ਨ ਹੋਇਆ ਤੇ ਵਾਲ ਨਾ ਛੇੜੇ ਗਏ। ਹੈ ਕੋਈ ਵਿਰਲਾ ਐਸਾ ਵਿਸ਼ਵਾਸੀ-ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਯਾਦਾ ਦਾ ਪਾਲਨ ਏਦਾਂ ਕਰਨ ਵਾਲਾ। ਇਕ ਵਾਰੀ ਨੀਊ ਮੈਕਸੀਕੋ ਦੀਆਂ ਪਹਾੜੀਆਂ ਵਿਚ ਯੋਗੀ ਹਰਿ ਭਜਨ ਦੇ ਸਾਲਾਨਾ ਕੈਂਪ ਵਿਚ 700 ਅਮਰੀਕਨ ਸ਼ਾਮਲ ਸਨ। ਅਖੀਰਲੇ ਦਿਨ ਅਮਨ ਲਈ ਇਕ ਪਰੇਡ ਹੁੰਦੀ ਹੈ। ਸਤਿਗੁਰੂ ਜਗਜੀਤ ਸਿੰਘ ਮਸ਼ਾਲ ਚੁੱਕ ਕੇ ਸਭ ਤੋਂ ਅੱਗੇ ਇਕ ਮੀਲ, ਸਪੀਡ ਨਾਲ ਚਲੇ, ਕੋਈ ਜਵਾਨ ਹੀ ਇਦਾਂ ਦੌੜ

ਸਕਦਾ ਹੈ। ਅਮਰੀਕਨ ਹੈਰਾਨ ਹੋ ਗਏ ਕਿ ਇਤਨੀ ਉਮਰ ਵਾਲਾ ਕਿਵੇਂ ਇਹ ਕਰ ਰਿਹਾ ਸੀ।

1999 ਵਿਚ ਖਾਲਸੇ ਦਾ 300 ਸਾਲਾ ਜਨਮ ਅਨੰਦਪੁਰ ਸਾਹਿਬ ਵਿਚ ਮਨਾਇਆ ਗਿਆ। ਸਤਿਗੁਰੂ ਜਗਜੀਤ ਸਿੰਘ ਸੈਂਕੜੇ ਨਾਮਧਾਰੀਆਂ ਸਮੇਤ ਕਾਫਲਾ ਲੈ ਕੇ ਅਨੰਦਪੁਰ ਸਾਹਿਬ ਪੁੱਜੇ। ਤਖਤ 'ਤੇ ਮੱਥਾ ਟੇਕਿਆ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸਵਾਗਤ ਕੀਤਾ। ਇਹ ਖਾਲਸਾਈ ਮਿਲਾਪ ਦਾ ਇਤਿਹਾਸਕ ਨਜ਼ਾਰਾ ਸੀ। ਅਨੰਦਪੁਰ ਸਾਹਿਬ ਸ਼ਹਿਰ ਸਫੈਦ ਰੰਗ ਵਿਚ ਸਰਕਾਰ ਨੇ ਕੀਤਾ। ਉਸ ਵਿਚ ਸਫੈਦ ਕਪੜਿਆਂ ਪਹਿਲੇ ਨਾਮਧਾਰੀ ਇਕ ਅਲੌਕਿਕ ਨਜ਼ਾਰਾ ਸੀ। ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਸਤਿਗੁਰਾਂ ਦੇ ਸ਼ਰਧਾਲੂ ਹਨ। ਉਹ ਮਲੇਰਕੋਟਲਾ ਪੁੱਜੇ ਮੈਂ ਨਾਲ ਸੀ, ਉਥੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਨਮਸਕਾਰ ਕੀਤਾ ਤੇ ਸਤਿਗੁਰੂ ਜੀ ਨਾਲ ਕੁਝ ਸਮਾਂ ਬਿਤਾਇਆ। 1974 ਵਿਚ ਪੰਜਾਬੀ ਯੂਨੀਵਰਸਿਟੀ ਦੇ ਹਾਲ ਵਿਚ ਪੰਜਾਬ ਸਰਕਾਰ ਵੱਲੋਂ ਇਕ ਪ੍ਰੋਗਰਾਮ ਸੀ। ਗਿ. ਜ਼ੈਲ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਸ਼ਾਮਿਲ ਸਨ। ਜਦ ਸ਼ਬਦ ਗਾਇਨ ਅਰੰਭ ਹੋਇਆ। ਉਹ ਸਟੇਜ ਤੋਂ ਉੱਤਰ ਕੇ ਸਾਹਮਣੇ ਆ ਕੇ ਬੈਠ ਗਏ। ਸ਼ਬਦ ਸਤਿਕਾਰ ਅਟੁੱਟ ਸੀ। ਸ੍ਰੀ ਓਮ ਪ੍ਰਕਾਸ਼ ਚੋਟਾਲਾ ਨਾਲ ਸਤਿਗੁਰੂ ਜੀ ਦਾ ਬੜਾ ਪਿਆਰ ਸੀ। ਇਕ ਵਾਰ ਮੁਲਾਕਾਤ ਹੋਈ, ਸਤਿਗੁਰੂ ਜੀ ਨੇ ਕਿਹਾ ਕਿ ਕਦੋਂ ਮੁੱਖ ਮੰਤਰੀ ਬਣ ਰਹੇ ਹੋ? ਦੋ ਮਹੀਨੇ ਪਿਛੋਂ ਹਾਲਤ ਬਦਲੇ, ਚੋਟਾਲਾ ਜੀ ਦਾ ਐਲਾਨ ਹੋ ਗਿਆ। ਉਹ ਸਿੱਧੇ ਅਪੋਲੋ ਹਸਪਤਾਲ ਦਿੱਲੀ ਗਏ ਜਿਥੇ ਸਤਿਗੁਰੂ ਜੀ ਦਾਖਲ ਸਨ। ਅਸ਼ੀਰਵਾਦ ਲਈ ਅਤੇ ਫਿਰ ਚੰਡੀਗੜ੍ਹ ਹਲਫ ਲੈਣ ਗਏ।

1999 ਵਿਚ ਵਿਸ਼ਵ ਧਾਰਮਕ ਸੰਮੇਲਨ ਕੇਪ ਟਾਊਨ ਦੱਖਣੀ ਅਫ਼ਰੀਕਾ ਵਿਚ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਨਿਮੰਤਰਤ ਸਨ ਪਰ ਜਾ ਨਾ ਸਕੇ। ਇਕ ਕੀਰਤਨ ਜਥਾ ਭੇਜ ਦਿੱਤਾ। ਮੈਂ ਉਥੇ ਸੀ, ਕਿਆ ਠਾਠ ਬੱਝਾ ਸਾਰੇ ਡੈਲੀਗੇਟ ਕੀਰਤਨ ਸੁਣਦੇ, ਜਿਸਦਾ ਤਰਜਮਾ ਯੋਗੀ ਹਰਿਭਜਨ ਸਿੰਘ ਕਰਦੇ। ਲੰਗਰ ਵੀ ਉਥੇ ਲਗਾਇਆ ਗਿਆ। ਸ. ਜਗਦੀਸ਼ ਸਿੰਘ 'ਵਰਿਆਮ' 'ਤੇ ਹੰਸਪਾਲ ਜੀ ਸਪੈਸ਼ਲ ਉੱਥੇ ਗਏ। ਜੋ ਵੀ ਭਾਰਤ ਦਾ ਨਾਮੀ ਸੰਗੀਤਕਾਰ ਹੈ ਉਹ ਸਤਿਗੁਰਾਂ ਨੂੰ ਹਮੇਸ਼ਾਂ ਨਮਸਕਾਰ ਕਰਦਾ ਹੈ। ਉਹ ਦੱਸਦੇ ਹਨ ਕਿ ਹਰ ਇਕ ਦੀ ਮਦਦ ਕੀਤੀ ਜਾਂਦੀ ਹੈ। ਸ਼ਾਸਤਰੀ ਸੰਗੀਤ ਵਿਚ ਸਤਿਗੁਰੂ ਜੀ ਆਪ ਨਿਪੁੰਨ ਸਨ। ਹਾਕੀ ਦੀ ਨਾਮਧਾਰੀ ਟੀਮ ਇਹਨਾਂ ਦਾ ਕਰਿਸ਼ਮਾ ਹੈ। ਅੱਜ ਭਾਰਤ ਦਾ ਕਪਤਾਨ ਸਰਦਾਰ ਸਿੰਘ ਭੈਣੀ ਸਾਹਿਬ ਦੀ ਉਪਜ ਹੈ। ਸਤਿਗੁਰੂ ਜੀ ਪੈੜਾਂ ਛੱਡ ਗਏ। ਗੁਰਬਾਣੀ ਦਾ ਪਰਵਾਹ ਚਲਾਂਦੇ ਸੀ। ਗਰੀਬ ਦੀ ਮਦਦ ਹੁੰਦੀ ਸੀ। ਸਾਹਿਤਕਾਰਾਂ ਨੂੰ ਉਤਸ਼ਾਹ। ਉਹਨਾਂ ਦੀ ਕਮਾਈ ਬੇਅੰਤ ਹੈ। ਉਹਨਾਂ ਨੂੰ ਯਾਦ ਕਰਨ ਲਈ ਗੁਰਬਾਣੀ ਤੇ ਕੀਰਤਨ ਸਦੀਵੀ ਸਹਾਰਾ ਹਨ।

**ਸ. ਤਰਲੋਚਨ ਸਿੰਘ**
**ਸਾਬਕਾ ਐਮ.ਪੀ.**
**ਚੇਅਰਮੈਨ ਘੱਟ ਗਿਣਤੀ ਕਮਿਸ਼ਨ**

## ਭਾਵਨੀ ਭਗਤਿ ਭਾਇ

ਸਤਿਗੁਰੂ ਅਤੇ ਸਿੱਖ ਦਾ ਭਾਵਨਾ ਦਾ ਰਿਸ਼ਤਾ ਹੈ। ਸਤਿਗੁਰੂ ਦਯਾ ਦੇ ਸਾਗਰ ਨੇ। ਸ਼ਰਧਾਲੂ ਜੈਸੀ ਭਾਵਨਾ ਹਿਰਦੇ ਵਿੱਚ ਰੱਖ, ਸਤਿਗੁਰੂ ਦੀ ਸ਼ਰਨ ਆਉਂਦਾ ਹੈ, ਵੈਸਾ ਹੀ ਫਲ ਮਿਲਦਾ ਹੈ। ਸਤਿਗੁਰੂ ਦੀ ਰਜ਼ਾ ਹੋਵੇ ਉਹ ਸੋਚ ਤੋਂ ਵੱਧ ਵੀ ਝੋਲੀਆਂ ਭਰ ਦੇਂਦਾ ਹੈ। ਉਹ ਸਤਿਗੁਰੂ, ਜਿਸਦੀ ਮਹਿਮਾ ਪਰ੍ਹੇ ਤੋਂ ਪਰ੍ਹੇ ਹੈ, ਨੂੰ ਨਮਸਕਾਰ ਕਰਨੀ ਹੀ ਯੋਗ ਹੈ। ਸੂਬਾ ਸੁਖਦੇਵ ਸਿੰਘ, ਦਿੱਲੀ, ਇਹ ਸਾਖੀ ਸੁਣਾਉਂਦੇ ਭਾਵੁਕ ਹੋ ਗਏ ਕਿ ਇਕ ਗੈਰ-ਨਾਮਧਾਰੀ ਬੀਬੀ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ।

ਵਾਪਸੀ ਵੇਲੇ ਉਸ ਪਾਸ ਇਕ ਰੁਪਈਆ ਬਾਕੀ ਸੀ। ਬੱਸ ਦਾ ਸਫ਼ਰ ਵੀ ਕਰਨਾ ਸੀ। ਮੱਥਾ ਟੇਕਣ ਵੇਲੇ ਸ਼ਰਧਾ ਐਸੀ ਬਣੀ ਕਿ ਜੋ ਪਾਸ ਹੈ ਮੱਥਾ ਟੇਕ ਦਿਉ। ਘਰ ਪੈਦਲ ਹੀ ਚਲੇ ਜਾਵਾਂਗੇ। ਰੁਪਈਆ ਮੱਥਾ ਟੇਕ ਉਹ ਬੀਬੀ ਥੋੜ੍ਹੀ ਦੂਰ ਹੀ ਗਈ ਸੀ ਤਾਂ ਸਤਿਗੁਰੂ ਜੀ ਸੇਵਕ ਪੂਰਬਾ ਜੀ ਨੂੰ ਆਗਿਆ ਕਰ ਬੀਬੀ ਨੂੰ ਬੁਲਾਇਆ ਤੇ ਇਕ ਸੌ ਰੁਪਈਆ ਦੇਣ ਲਈ ਹੁਕਮ ਕੀਤਾ। ਤਤਕਾਲ ਹੁਕਮ ਦੀ ਪਾਲਨਾ ਕੀਤੀ ਗਈ। ਬੀਬੀ, ਸਤਿਗੁਰੂ ਜੀ ਦੀ ਦਇਆਲਤਾ ਤੋਂ ਖੁਸ਼ ਹੋ, ਮੱਥਾ ਟੇਕ, ਧੰਨ ਪਾਤਸ਼ਾਹ, ਧੰਨ ਪਾਤਸ਼ਾਹ, ਕਹਿੰਦੀ ਹੋਈ ਘਰ ਪਰਤੀ।

# ਇਤਿਹਾਸ ਮਨੁੱਖਾਂ ਨੂੰ ਤੋੜਨ ਵਾਲਾ ਨਹੀਂ ਸਗੋਂ ਜੋੜਨ ਵਾਲਾ ਹੋਵੇ

**(ਡਾ.) ਕੁਲਦੀਪ ਸਿੰਘ ਦੀਪ**

ਇਹ ਯਾਦ 1985 ਈ. ਵਿਚ ਦਿੱਲੀ ਵਿਖੇ ਆਯੋਜਿਤ ਕੀਤੇ ਗਏ ਹੋਲੇ ਮਹੱਲੇ ਤੋਂ ਕੁਝ ਸਮਾਂ ਪਹਿਲਾ ਦੀ ਹੈ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਵਿਚ ਐਮ. ਫਿਲ. ਦਾ ਵਿਦਿਆਰਥੀ ਸੀ ਅਤੇ ਆਪਣੀ ਮਾਸਟਰ ਔਫ ਫਿਲੋਸਫੀ ਦੀ ਡਿਗਰੀ ਲਈ ਨਾਮਧਾਰੀ ਲਹਿਰ ਨਾਲ ਸਬੰਧਤ ਥੀਸਿਸ ਲਿਖ ਰਿਹਾ ਸੀ ਅਤੇ ਮੇਰੇ ਨਿਗਰਾਨ ਡਾ.ਜੇ.ਐਸ. ਗਰੇਵਾਲ ਜੀ ਨੇ ਮੈਨੂੰ ਸ੍ਰੀ ਭੈਣੀ ਸਾਹਿਬ ਜਾ ਕੇ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕੱਤਰ ਕਰਨ ਲਈ ਕਿਹਾ। ਉਸ ਸਮੇਂ ਮੈਨੂੰ ਪਹਿਲੀ ਵਾਰ ਭੈਣੀ ਸਾਹਿਬ ਵਿਖੇ ਕੁਝ ਦਿਨ ਰਹਿਣ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਹੋਇਆ। ਮੇਰੀ ਇਸ ਮਿਲਣੀ ਦਾ ਜਰੀਆ ਸੰਤ ਦਿਆਲ ਸਿੰਘ ਜੀ ਫਗਵਾੜੇ ਵਾਲੇ ਬਣੇ। ਮੈਨੂੰ ਕੁਝ ਸਮਾਂ ਕੋਠੀ ਦੇ ਬਾਹਰ ਇੰਤਜ਼ਾਰ ਕਰਨ ਪਿੱਛੋਂ ਜਦੋਂ ਅੰਦਰ ਲਿਜਾਇਆ ਗਿਆ ਅਤੇ ਸਬੱਬ ਨਾਲ ਕੁਝ ਪਲ ਸਤਿਗੁਰੂ ਜੀ ਨਾਲ ਗੱਲਬਾਤ ਕਰਨ ਦਾ ਮੌਕਾ ਪ੍ਰਾਪਤ ਹੋਇਆ। ਜਿਵੇਂ ਕਿ ਸਤਿਗੁਰੂ ਜੀ ਨੂੰ ਮੇਰੇ ਬਾਰੇ ਸੰਤ ਦਿਆਲ ਸਿੰਘ ਜੀ ਨੇ ਪਹਿਲਾ ਹੀ ਦੱਸ ਦਿੱਤਾ ਸੀ। ਕਿ ਇਹ ਲੜਕਾ ਨਾਮਧਾਰੀ ਲਹਿਰ ਨਾਲ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰੀ ਭੈਣੀ ਸਾਹਿਬ ਆਇਆ ਹੈ। ਮੈਂ ਸਤਿਗੁਰੂ ਜੀ ਨੂੰ ਆਪਣਾ ਨਾਮ ਅਤੇ ਪਿੰਡ ਦੱਸ ਕੇ ਆਪਣਾ ਤਾਅਰੁਫ਼ ਕਰਵਾਇਆ। ਮੇਰੇ ਇਹ ਦੱਸਣ 'ਤੇ ਕਿ ਮੇਰਾ ਪਿੰਡ ਸਰਹਾਲੀ ਜਿਲ੍ਹਾ ਅੰਮ੍ਰਿਤਸਰ ਦੇ ਨਜ਼ਦੀਕ ਠਠੀਆਂ ਮਹੰਤਾਂ ਹੈ ਅਤੇ ਮੇਰੇ ਦਾਦੀ ਜੀ ਚੁਗਾਵਾਂ ਪਿੰਡ ਦੇ ਸਨ ਜੋ ਨਾਮਧਾਰੀ ਮਰਿਆਦਾ ਰੱਖਦੇ ਸਨ। ਮੇਰੇ ਇਹ ਦੱਸਣ 'ਤੇ ਕਿ ਸੂਬਾ ਹੁਕਮੀ ਜੀ ਦਾ ਪਿੰਡ ਵਰਿਆਂਹ ਮੇਰੇ ਪਿੰਡ ਦੇ ਨਾਲ ਦਾ ਪਿੰਡ ਹੈ, ਤਾਂ ਸਤਿਗੁਰੂ ਜੀ ਨੇ ਮੈਨੂੰ ਸਰਹਾਲੀ ਪਿੰਡ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਸਿੱਖਾਂ ਬਾਰੇ ਵਿਸਥਾਰ ਵਿਚ ਦੱਸਿਆ ਜੋ ਉਸ ਸਮੇਂ ਸੰਤ ਮੀਹਾਂ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਗਏ ਅਤੇ ਸੰਗਤ ਲਈ ਅਰਦਾਸਾ ਲਿਆਏ ਸਨ। ਉਹਨਾਂ ਨੇ ਇਹ ਵੀ ਦੱਸਿਆ ਕਿ ਚੁਗਾਵਾਂ ਪਿੰਡ ਦੇ ਇੱਕ ਬੜੇ ਮਸ਼ਹੂਰ ਹੱਲੇ ਦਾ ਦਿਵਾਨ ਲਗਾਉਣ ਵਾਲੇ ਸੰਤ ਵੀ ਹੋਏ ਹਨ। ਇਤਿਹਾਸ ਵਿਸ਼ੇ ਵਿਚ ਦਿਲਚਸਪੀ ਲੈਂਦਿਆਂ ਹੋਇਆ ਸਤਿਗੁਰੂ ਜੀ ਨੇ ਕਿਹਾ ਕਿ ਰਮਾਇਣ ਅਤੇ ਮਹਾਂਭਾਰਤ ਨੂੰ ਕੇਵਲ ਮਹਾਂ ਕਵਿ ਕਹਿਣਾ ਹੀ ਕਾਫੀ ਨਹੀਂ ਸਗੋਂ ਇਹ ਵੀ ਇਤਿਹਾਸ ਹਨ, ਜਾਨੀ ਕਿ ਇਹ ਭਾਰਤ ਦਾ ਚਿਰਕਾਲ ਇਤਿਹਾਸ ਹਨ। ਭਾਵੇਂ ਸਮੇਂ ਦੇ ਬੀਤਣ ਨਾਲ ਘਟਨਾਵਾਂ ਨਾਲ ਸੰਬੰਧਿਤ ਇਤਿਹਾਸ ਬਦਲਦਾ ਰਹਿੰਦਾ ਹੈ, ਪਰੰਤੂ ਇਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਆਈ ਭਾਰਤ ਦੀ ਜੋ ਸਾਧਨਾ, ਅਰਾਧਨਾ ਅਤੇ ਸੰਕਲਪ ਹੈ ਉਸ ਦਾ ਇਹਨਾਂ ਵਿਚ ਸਦੀਵੀ ਗਿਆਨ ਹੈ। ਉਹਨਾਂ ਨੇ ਹੋਰ ਦੱਸਿਆ ਕਿ ਇਤਿਹਾਸ ਮਨੁੱਖਾਂ ਨੂੰ ਤੋੜਨ ਵਾਲਾ ਨਹੀਂ ਸਗੋਂ ਜੋੜਨ ਵਾਲਾ ਲਿਖਿਆ ਜਾਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਮੈਨੂੰ ਦਿੱਲੀ ਵਿਖੇ ਹੋਣ ਵਾਲੇ ਹੋਲੇ ਮਹੱਲੇ ਵਿਚ ਸ਼ਾਮਲ ਹੋਣ ਲਈ ਕਿਹਾ ਅਤੇ ਇਸ ਸਬੰਧੀ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕੰਮ ਕਰ ਰਹੇ ਇਤਿਹਾਸਕਾਰ ਜਸਵਿੰਦਰ ਸਿੰਘ ਦਿੱਲੀ ਵਾਲਿਆਂ ਬਾਰੇ ਵੀ ਦੱਸਿਆ। ਉਹਨਾਂ ਨੇ ਮੈਨੂੰ ਸਵੇਰੇ ਜਲਦੀ ਉੱਠਣ, ਨਾਮ ਜਪਣ, ਅਤੇ ਸੱਚੀ ਸੁੱਚੀ ਜੀਵਨ ਜਾਚ ਅਪਨਾਉਣ ਦੀ ਤਕੀਦ ਵੀ ਕੀਤੀ। ਉਹਨਾਂ ਨੇ ਦਿਆਲ ਸਿੰਘ ਜੀ ਨੂੰ ਕਿਹਾ ਕਿ ਇਸ ਨੂੰ ਨਾਮ ਦੇ ਦਿਉ। ਸਤਿਗੁਰੂ ਜੀ ਨੇ ਮੇਰੇ ਭੈਣੀ ਸਾਹਿਬ ਵਿਖੇ ਰਹਾਇਸ਼ਗਾਹ ਅਤੇ ਲੰਗਰ ਪਾਣੀ ਬਾਰੇ ਪੁੱਛ ਕੇ ਇਕ ਸੇਵਾਦਾਰ ਨੂੰ ਤਕੀਦ ਕੀਤੀ ਕੇ ਪੜ੍ਹਣ ਲਿਖਣ ਵਾਲੇ ਅਤੇ ਲੇਖਕਾਂ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਇਹਨਾ ਦੇ ਖਾਣ-ਪੀਣ ਵਿਚ ਗਾਂ ਦਾ ਦੁੱਧ ਵਿਸ਼ੇਸ਼ ਤੌਰ 'ਤੇ ਸ਼ਾਮਿਲ ਰੱਖਿਆ ਜਾਵੇ।

**ਚੇਅਰ ਪਰਸਨ, ਸਤਿਗੁਰੂ ਰਾਮ ਸਿੰਘ ਚੇਅਰ ਅਤੇ**
**ਮੁਖੀ ਇਤਿਹਾਸ ਵਿਭਾਗ, ਪੰਜਾਬ ਕੇਂਦਰੀ**
**ਯੂਨੀਵਰਸਿਟੀ, ਬਠਿੰਡਾ**
**ਮੋਬਾਇਲ ਨੰ: 94632-55697**

# ਮੇਰੀ ਰੂਹ ਉਤਲਾ ਨਾਮਧਾਰੀ ਪ੍ਰਕਾਸ਼ ਚੱਕਰ

**ਗੁਰਭਜਨ ਗਿੱਲ**

ਮੈਂ ਬਹੁਤ ਨਿੱਕਾ ਜਿਹਾ ਸੀ ਜਦ ਮੇਰੇ ਤਾਇਆ ਜੀ ਦੇ ਘਰ ਹਰ ਸਾਲ ਕਣਕਾਂ ਦੀ ਵਾਢੀ ਮਗਰੋਂ ਇੱਕ ਘੋੜੀ ਵਾਲਾ ਬਾਬਾ ਆਉਂਦਾ। ਨਾਮਧਾਰੀ ਤਰਜ਼ ਦੀ ਦਸਤਾਰ ਵਾਲਾ। ਉਹ ਲਗਭਗ ਹਫ਼ਤਾ ਦੋ ਹਫ਼ਤੇ ਸਾਡੇ ਤਾਇਆ ਜੀ ਲਾਭ ਸਿੰਘ ਦੇ ਪੁੱਤਰ ਭਾ ਗੁਰਦਿਆਲ ਸਿੰਘ ਦੇ ਘਰ ਰਹਿੰਦਾ ਅਤੇ ਸਵੇਰ ਸਾਰ ਕਿਸੇ ਨਾ ਕਿਸੇ ਪਿੰਡ ਕਣਕ ਦੀ ਉਗਰਾਹੀ ਲਈ ਜਾਂਦਾ। ਸਾਰੀ ਇਕੱਠੀ ਕਣਕ ਸੰਗਤਾਂ ਵੱਲੋਂ ਭੈਣੀ ਸਾਹਿਬ ਦੇ ਲੰਗਰ ਵਾਸਤੇ ਸ਼ੁਕਰਾਨੇ ਵਜੋਂ ਭੇਂਟ ਕੀਤੀ ਜਾਂਦੀ ਸੀ, ਦਾਨ ਨਹੀਂ। ਨਾਮਧਾਰੀ ਸੰਸਾਰ ਨਾਲ ਇਹ ਮੇਰੀ ਪਹਿਲੀ ਵਾਕਫੀਅਤ ਸੀ। ਘੋੜੀ ਵਾਲਾ ਬਾਬਾ ਬੜਾ ਸਹਿਜ ਭਾਵੀ, ਭਰਿਆ ਭਕੁੰਨਾ, ਸਹਿਜ ਸੰਤੋਖੀ ਚਿਹਰਾ ਨਾਮਧਾਰੀ ਸੰਸਾਰ ਨਾਲ ਮੇਰੀ ਦੂਸਰੀ ਮੁਲਾਕਾਤ ਮੇਰੇ ਸਹਿਪਾਠੀ ਸਤਨਾਮ ਸਿੰਘ ਮੰਮਣ ਕਾਰਨ ਹੋਈ।

ਸਤਨਾਮ ਸਾਡਾ ਮੁਨੀਟਰ ਸੀ, ਕਦੇ ਗੁੱਸੇ ਵਿੱਚ ਨਾ ਆਉਂਦਾ ਹਰ ਗੱਲ ਹੱਸ ਕੇ ਸਮਝਾਉਂਦਾ ਅਤੇ ਸਾਰੀ ਜਮਾਤ ਨੂੰ ਆਪਣੇ ਨਾਮਧਾਰੀ ਹੋਣ ਦਾ ਅਹਿਸਾਸ ਕਰਵਾਉਂਦਾ। ਸੱਚੀ ਗੱਲ ਇਹ ਹੈ ਕਿ ਉਦੋਂ ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਨਾਮਧਾਰੀਏ ਕੌਣ ਹੁੰਦੇ ਨੇ, ਕਿਥੇ ਰਹਿੰਦੇ ਨੇ। ਆਮ ਵਿਅਕਤੀਆਂ ਨਾਲੋਂ ਵਧੇਰੇ ਅਨੁਸ਼ਾਸ਼ਨਬੱਧ ਇਹਨਾਂ ਲੋਕਾਂ ਬਾਰੇ ਜਾਨਣ ਦੀ ਉਤਸੁਕਤਾ ਬਾਰੇ ਹੀ ਸੀ ਕਿ ਜਦ ਮੈਂ ਉਚੇਰੀ ਪੜ੍ਹਾਈ ਲਈ 1971 ਵਿੱਚ ਲੁਧਿਆਣੇ ਆਇਆ ਤਾਂ ਇਥੇ ਆਉਣ ਸਾਰ ਭੈਣੀ ਸਾਹਿਬ ਦਾ ਜ਼ਿਕਰ ਤੁਰਦਿਆਂ ਇਕ ਸਵੇਰ ਸਾਈਕਲਾਂ ਤੇ ਹੀ ਭੈਣੀ ਸਾਹਿਬ ਦੀ ਧਰਤੀ ਨੂੰ ਨਮਸਕਾਰਨ ਤੁਰ ਪਿਆ।

ਰੁਜ਼ਗਾਰ ਕਾਰਨ 1976 ਵਿੱਚ ਮੈਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਪੁੱਜਾ ਤਾਂ ਇਥੇ ਪਦੇ ਨਾਮਧਾਰੀ ਵਿਦਿਆਰਥੀਆਂ ਨੇ ਮੈਨੂੰ ਹੋਰ ਵੀ ਪ੍ਰਭਾਵਿਤ ਕੀਤਾ। ਨਾਮਧਾਰੀ ਬੱਚਿਆਂ ਦਾ ਸੰਗੀਤ ਅਤੇ ਖੇਡਾਂ ਵੱਲ ਸਮਰਪਣ ਹੋਰ ਵੀ ਅਪੀਲ ਕਰਨ ਵਾਲਾ ਸੀ।

ਮੇਰੇ ਮਿਹਰਬਾਨ ਸੱਜਣ ਲਿਖਾਰੀ ਅਤੇ ਪੰਜਾਬ ਬੁੱਕ ਸੈਂਟਰ ਦੇ ਲੁਧਿਆਣਾ ਕੇਂਦਰ ਵਿੱਚ ਲੰਮਾ ਸਮਾਂ ਪ੍ਰਬੰਧਕ ਰਹੇ ਸੁਰਜੀਤ ਖੁਰਸ਼ੀਦੀ ਨੇ ਜਦ ਭੈਣੀ ਸਾਹਿਬ ਡੇਰਾ ਲਾਇਆ ਤਾਂ ਉਹਨਾਂ ਰਾਹੀਂ ਲੁਧਿਆਣੇ ਦੇ ਬਹੁਤੇ ਲਿਖਾਰੀਆਂ ਨੂੰ ਅਕਸਰ ਭੈਣੀ ਸਾਹਿਬ ਜਾਣ ਦਾ ਮੌਕਾ ਮਿਲਣ ਲੱਗਾ। ਖੁਰਸ਼ੀਦੀ ਜੀ ਤੋਂ ਪਹਿਲਾਂ ਵੀ ਨਾਮਧਾਰੀ ਦਰਬਾਰ ਅਤੇ ਪੰਜਾਬੀ ਲੇਖਕਾਂ ਦਾ ਮੇਲ ਜਗ ਜਾਹਰ ਸੀ। ਸ: ਗੁਰਬਖਸ਼



ਸਿੰਘ ਪ੍ਰੀਤਲੜੀ, ਸੰਤੋਖ ਸਿੰਘ, ਧੀਰ, ਪ੍ਰੋ: ਮੋਹਨ ਸਿੰਘ, ਸੰਤ ਸਿੰਘ ਸੇਖੋਂ, ਜਗਜੀਤ ਸਿੰਘ ਆਨੰਦ ਅਤੇ ਅਨੇਕਾਂ ਹੋਰ ਲਿਖਾਰੀ ਨਾਮਧਾਰੀ ਦਰਬਾਰ ਨਾਲ ਸੰਪਰਕ ਰੱਖਦੇ। ਮੈਨੂੰ ਕਈ ਵਾਰ ਅਜੀਬ ਲੱਗਦਾ ਕਿ ਆਸਥਾ ਦੇ ਸਮੁੰਦਰ ਨਾਲ ਨਾਸਤਕਤਾ ਦੀ ਇਹ ਅਜੀਬ ਰਿਸ਼ਤੇਦਾਰੀ ਕਿਵੇਂ ਨਿਭ ਰਹੀ ਹੈ ? ਹਰ ਲਿਖਾਰੀ ਦੇ ਦੁੱਖ ਦਰਦ ਅਤੇ ਤਕਲੀਫ ਵੇਲੇ ਸਤਿਗੁਰੂ ਜਗਜੀਤ ਸਿੰਘ ਬਹੁੜਦੇ ਵੇਖੇ ਸਨ। ਸਨਮਾਨਦੇ ਵੇਖੇ ਸਨ। ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਅਤੇ ਪ੍ਰੋ: ਕਿਰਪਾਲ ਸਿੰਘ ਕਸੇਲ ਤੋਂ ਇਲਾਵਾ ਡਾ: ਰਤਨ ਸਿੰਘ ਜੱਗੀ ਦਾ ਆਦਰ ਮਾਣ ਹੁੰਦਾ ਇਹਨਾਂ ਅੱਖਾਂ ਨੇ ਖੁਦ ਵੇਖਿਆ ਹੈ।

ਇਹਨਾਂ ਵਕਤਾਂ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਅਹਿਸਾਸ ਹੁੰਦਾ ਰਿਹਾ। ਨਤਮਸਤਕ ਹੋਣ ਵੇਲੇ ਨਜ਼ਰ ਜਦ ਉੱਠਦੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੀ ਨਜ਼ਰ ਨਾਲ

ਰੂਹ ਠਰ ਜਾਂਦੀ। ਬਿਨ ਥੰਮਾਂ ਗਗਨ ਰਹਾਇਆ ਵਰਗੇ ਹਾਲ ਵਿੱਚ ਜਦ ਚਿੱਟੇ ਬਸਤਰਾਂ ਵਾਲੇ ਸਮੁੰਦਰ ਵਿਚੋਂ ਮੇਰੇ ਵਰਗਾ ਕੋਈ ਰੰਗ ਬਰੰਗਾ ਵਿਅਕਤੀ ਸੰਬੋਧਨ ਕਰਦਾ ਤਾਂ ਸਤਿਗੁਰੂ ਉਸਨੂੰ ਵੀ ਗਹੁ ਨਾਲ ਸੁਣਦੇ ਅਤੇ ਆਪਣੇ ਪਿਆਰ ਦੁਲਾਰ ਦਾ ਭਾਗੀ ਬਣਾਉਂਦੇ। ਮੈਂ ਉਹਨਾਂ ਕੁਝ ਇਕ ਚੋਣਵੇਂ ਖੁਸ਼ਕਿਸਮਤ ਵਿਅਕਤੀਆਂ ਵਿੱਚ ਖੁਦ ਨੂੰ ਗਿਣ ਸਕਦਾ ਹਾਂ ਜਿਹਨਾਂ 'ਤੇ ਇਸ ਰਹਿਮਤ ਦਾ ਮੀਂਹ ਵਰ੍ਹਿਆ ਹੈ।

ਕੁਝ ਮੌਕਿਆਂ 'ਤੇ ਹੋਏ ਬਚਨ ਬਿਲਾਸ ਟੁੱਟਵੇਂ ਰੂਪ ਵਿੱਚ ਇਕੱਠੇ ਕਰਨੇ ਸੰਭਵ ਨਹੀਂ ਹਨ ਪਰ ਇੱਕ ਵਾਰ ਪੂਰੇ ਦੋ ਘੰਟੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਸ਼ਾਮ ਵੇਲੇ ਬੈਠਣ ਦਾ ਵਸੀਲਾ ਬਣਿਆ। ਕਾਰਨ ਸੀ ਮੇਰੇ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਫੋਟੋ ਚਿੱਤਰ ਉਤਾਰਨੇ ਸਨ। ਉਸ ਦਿਨ ਦੇ ਵਾਰਤਾਲਾਪ ਵਿਚੋਂ ਕੁਝ ਕਿਣਕੇ ਮੈਨੂੰ ਹੁਣ ਵੀ ਜੀਵਨ ਵਿੱਚ ਪ੍ਰੇਰਕ ਬਣ ਕੇ ਜਗਾਉਂਦੇ ਹਨ। ਗੱਲਾਂ ਰਸਮੀ ਨਹੀਂ ਸਨ ਨਾ ਹੀ ਵਿਸ਼ਾ ਵਸਤੂ ਕਿਸੇ ਬੰਧੇਜ਼ ਦਾ ਗੁਲਾਮ ਸੀ। ਰਹਿਮਤ ਵਰਗੇ ਬੋਲਾਂ ਵਿਚੋਂ ਫੜੇ ਕੁਝ ਵਿਚਾਰ ਮੈਂ ਉਸੇ ਦਿਨ ਘਰ ਪਰਤ ਕੇ ਡਾਇਰੀ ਤੋਂ ਉਤਾਰ ਲਏ। ਲੰਮਾ ਸਮਾਂ ਗੁਆਚੇ ਰਹੇ। ਹੁਣ ਹਿੰਮਤ ਕਰਕੇ ਲੱਭੇ ਹਨ।

ਅਸੀਂ ਬਹੁਤ ਵਾਰ ਭਾਣੇ ਵਿੱਚ ਰਹਿਣ ਦੀ ਗੱਲ ਤਾਂ ਕਰਦੇ ਹਾਂ ਪਰ ਭਾਣਾ ਮੰਨਣ ਵੇਲੇ ਅੱਥਰੂ ਕੇਰਨ ਬੈਠ ਜਾਂਦੇ ਹਾਂ। ਕਿਸੇ ਹੋਰ ਦੇ ਔਗਣਾਂ ਵੱਲ ਵੇਖਣ ਦੀ ਥਾਂ ਆਪਣੇ ਅੰਦਰ ਵੱਲ ਝਾਤੀ ਪਾਉਣ ਦੀ ਆਦਤ ਤੁਹਾਨੂੰ ਪਰਮ ਮਨੁੱਖ ਬਣਾ ਸਕਦੀ ਹੈ। ਭਜਨ ਬਾਣੀ ਦਾ ਪਾਠ ਕਰਨਾ ਵੀ ਜ਼ਰੂਰੀ ਹੈ ਪਰ ਅਰਥਾਂ ਤੀਕ ਪਹੁੰਚ ਕੌਣ ਕਰੇਗਾ? ਸਾਨੂੰ ਹੀ ਕਰਨੀ ਪੈਣੀ ਹੈ। ਅਸੀਂ ਸਰੋਵਰਾਂ ਵਿੱਚ ਇਸ਼ਨਾਨ ਤਾਂ ਕਰਦੇ ਹਾਂ ਪਰ ਬਦੀਆਂ ਨੂੰ ਨਾਲ ਹੀ ਚੁੱਕੀ ਫਿਰਦੇ ਹਾਂ। ਮੌਤ ਨੂੰ ਚੇਤੇ ਰੱਖਣ ਦਾ ਅਰਥ ਇਹ ਨਹੀਂ ਕਿ ਹਰ ਵੇਲੇ ਰੋਂਦੇ ਰਹੋ ਸਗੋਂ ਇਹ ਅਰਥ ਹੈ ਕਿ ਸਮੇਂ ਦੀ ਵਰਤੋਂ ਕਰੋ। ਹਰ ਪਲ ਆਦਰਸ਼ ਦੇ ਨਾਲ ਨਾਲ ਤੁਰੋ। ਅਕਾਲ ਪੁਰਖ਼ ਵੱਲੋਂ ਲਿਖੇ ਸਵਾਸਾਂ ਦੀ ਪੂੰਜੀ ਖਰਚਣ ਵੇਲੇ ਸਾਨੂੰ ਜਾਣਾ ਚਾਹੀਦਾ ਹੈ। ਜੀਉਂਦੇ ਹੋਣ ਦਾ ਪ੍ਰਮਾਣ ਦੇਣ ਲਈ ਸਿਰਫ ਹਰਕਤ ਚਾਹੀਦੀ ਹੈ ਅਤੇ ਹਰਕਤ ਨਾਲ ਹੀ ਬਰਕਤਾਂ ਤੁਹਾਡੇ ਘਰ ਪਰਿਵਾਰ ਵਿੱਚ ਪੱਕਾਨਿਵਾਸ ਕਰਦੀਆਂ ਹਨ।

ਸਤਿਗੁਰਾਂ ਇਹ ਵੀ ਆਖਿਆ ਕਿ ਨਿੰਦਿਆ ਕਰਨ ਨਾਲ ਤੁਸੀਂ ਆਪਣੇ ਹੀ ਗੁਨਾਹਾਂ ਦਾ ਪ੍ਰਕਾਸ਼ ਕਰਦੇ ਹੋ ਕਿਸੇ ਦਾ ਕੁਝ ਨਹੀਂ ਵਿਗੜਦਾ। ਚੰਗਿਆਂ ਦੀ ਸੰਗਤ ਲਈ ਹਿੰਮਤ ਕਰੋ ਅਤੇ ਬੁਰਿਆਂ ਦੀ ਸੰਗਤ ਤੋਂ ਮੁਕਤ ਰਹੋ। ਜ਼ਿੰਦਗੀ ਨਿਰੰਤਰ ਸੰਘਰਸ਼ ਦਾ ਨਾਂ ਹੈ ਅਤੇ ਇਹ ਸੰਘਰਸ਼ ਕੇਵਲ ਗੁਰੂ ਆਸ਼ੇ ਦੇ ਅਨੁਸਾਰ ਤੁਰ ਕੇ ਹੀ ਜਿੱਤ ਵਿੱਚ ਤਬਦੀਲ ਹੁੰਦਾ ਹੈ। ਜਿੱਤ ਤਨ ਦੀ ਨਹੀਂ ਹਮੇਸ਼ਾਂ ਮਨ ਦੀ ਹੁੰਦੀ ਹੈ ਅਤੇ ਮਨ ਜੇਤੂ ਅੰਦਾਜ਼ ਵਿੱਚ ਸਿਰਫ ਉਦੋਂ ਹੁੰਦਾ ਹੈ ਜਦ ਤੁਹਾਨੂੰ ਕਿਤੇ ਵੀ ਕੋਈ ਦੁਸ਼ਮਣ ਨਾ ਦਿਸੇ। ਹਰ ਪਾਸੇ ਪਿਆਰ ਦਾ ਸੰਸਾਰ ਪੱਲਰਦਾ ਹੋਵੇ। ਵਿਗਿਆਨ ਸ਼ਕਤੀ ਹੈ ਪਰ ਧਰਮ ਤੋਂ ਵੱਡੀ ਨਹੀਂ। ਵਿਗਿਆਨ ਦਾ ਵੀ ਧਰਮ ਹੋਣਾ ਚਾਹੀਦਾ ਹੈ, ਕਲਾਵਾਂਗ ਕਲਿਆਣਕਾਰੀ। ਸਰਬੱਤ ਦਾ ਭਲਾ ਮੰਗਣ ਵਾਲਾ। ਵਿਸ਼ਵ ਸ਼ਾਂਤੀ ਸਿਰਫ ਸਾਡੀ ਲੋੜ ਨਹੀਂ ਮਨੁੱਖਤਾ ਦੀ ਲੋੜ ਹੈ। ਇਸ ਲਈ ਕਲਮ ਨੂੰ, ਬੁਰਸ਼ ਨੂੰ, ਸਾਜ ਨੂੰ ਕਦੇ ਵੀ ਚੁੱਪ ਨਹੀਂ ਬੈਠਣਾ ਚਾਹੀਦਾ ਹੈ। ਚੰਗੇ ਵਿਚਾਰ ਕਿਤੋਂ ਵੀ ਮਿਲਣ ਅਪਣਾਅ ਲਵੋ। ਇਹੀ ਮੂਲਧਨ ਜ਼ਿੰਦਗੀ ਵਿੱਚ ਖਰਚਣਯੋਗ ਪੂੰਜੀ ਹੈ। ਚੰਗੇ ਹੋਣ ਦਾ ਮਤਲਬ ਸਿਰਫ ਆਪਣੀ ਨਜ਼ਰ ਵਿੱਚ ਚੰਗੇ ਹੋਣਾ ਹੀ ਨਹੀਂ ਸਗੋਂ ਸਮਾਜ ਦੀ ਨਜ਼ਰ ਵਿੱਚ ਵੀ ਚੰਗੇ ਹੋਣਾ ਹੁੰਦਾ ਹੈ। ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਗਿਆਨ ਸਾਗਰ 'ਚੋਂ ਵੀ ਮੋਤੀ ਚੁਗਿਆ ਕਰੋ। ਹੰਸ ਇਹੀ ਚੁਗਦੇ ਨੇ ਅਤੇ ਕਾਂ ਗੰਦਗੀ ਦੇ ਢੇਰ ਵਿੱਚ ਹੀ ਗਲਤਾਨ ਰਹਿੰਦੇ ਨੇ।

ਮੇਰਾ ਮਿੱਤਰ ਤੇਜਪ੍ਰਤਾਪ ਸਿੰਘ ਸੰਧੂ ਤਸਵੀਰਾਂ ਉਤਾਰਦਾ ਰਿਹਾ ਅਤੇ ਮੈਨੂੰ ਮਹਾਂਪੁਰਖਾਂ ਦੇ ਬਚਨਾ ਦਾ ਲਾਲਚ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ 2002 ਦੌਰਾਨ ਹੋਈਆਂ ਚੋਣਾਂ ਵਿੱਚ ਮੇਰਾ ਮੁਕਾਬਲਾ ਮੇਰੇ ਬਹੁਤ ਸਤਿਕਾਰਯੋਗ ਇਕ ਅਜਿਹੇ ਲੇਖਕ ਨਾਲ ਸੀ ਜਿਸ ਨੂੰ ਨਾਮਧਾਰੀ ਦਰਬਾਰ ਵੱਲੋਂ ਹਮੇਸ਼ਾਂ ਸਹਿਯੋਗ ਮਿਲਦਾ ਸੀ। ਮੈਂ ਖੁਦ ਸਹਿਯੋਗ ਮੰਗਣ ਦੀ ਥਾਂ ਆਪਣੇ ਸਿਰਹਾਣੇ ਪਈ ਸਤਿਗੁਰ ਜਗਜੀਤ ਸਿੰਘ ਜੀ ਦੀ ਤਸਵੀਰ ਨਾਲ ਵਾਰਤਾਲਾਪ ਕੀਤਾ ਕਿ ਮੈਂ ਵੀ ਤੁਹਾਡਾ ਹਾਂ ਮੇਰੇ ਤੇ ਵੀ ਕਿਰਪਾ ਦ੍ਰਿਸ਼ਟੀਕਰੋ। ਚੋਣ ਵਿੱਚ ਮੈਂ ਜਿੱਤ ਗਿਆ ਜਿੱਤ ਉਪਰੰਤ ਆਪਣੇ ਨਜ਼ਦੀਕੀ ਰਿਸ਼ਤੇਦਾਰ ਜਸਜੀਤ ਸਿੰਘ ਨੱਤ ਨੂੰ ਨਾਲ ਲੈ ਕੇ ਮੈਂ ਜਦ ਭੈਣੀ ਸਾਹਿਬ ਸ਼ੁਕਰਾਨਾ ਕਰਨ ਪੁੱਜਾ ਤਾਂ ਸਤਿਗੁਰ ਜਗਜੀਤ ਸਿੰਘ ਜੀ ਮੇਰੇ ਬੋਲਣ ਤੋਂ ਪਹਿਲਾਂ ਹੀ ਮੇਰੇ ਸਿਰ ਤੇ ਹੱਥ ਰੱਖ ਕੇ ਬੋਲ ਕਿ ਇਸ ਰੁਤਬੇ ਨੂੰ ਜ਼ਿੰਮੇਵਾਰੀ ਵਾਂਗ ਨਿਭਾਓਗੇ ਤਾਂ ਅਕਾਲ ਪੁਰਖ ਹਮੇਸ਼ਾਂ ਬਖਸ਼ਿਸ਼ ਰੱਖੇਗਾ।

ਮਹਾਂਪੁਰਖ ਬਚਨ ਕਰਦੇ ਹਨ ਅੰਮ੍ਰਿਤ ਵਰਖਾ ਵਰਗੇ। ਉਹਨਾਂ ਨੂੰ ਆਪਣੇ ਸਾਹਾਂ ਵਿੱਚ ਰਮਾਉਣਾ ਅਤੇ ਜ਼ਿੰਦਗੀ ਵਿੱਚ ਨਿਭਾਉਣਾ ਸਾਡਾ ਪਵਿੱਤਰ ਫਰਜ਼ ਹੈ। ਇਨਾਂ ਸ਼ਬਦਾਂ ਨਾਲ ਮੈਂ ਖੁਦ ਨਾਲ ਇਕਰਾਰ ਹੀ ਕਰ ਸਕਦਾ ਹਾਂ ਕਿ ਮੈਂ ਇਨ੍ਹਾਂ ਸ਼ਬਦਾਂ ਤੇ ਪਹਿਰੇਦਾਰੀ ਕਰਨ ਦਾ ਹਮੇਸ਼ਾਂ ਯਤਨ ਕਰਾਂਗਾ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਰ ਰਾਸ਼ਟਰੀ ਸਬੰਧ

**–ਸਵਰਣ ਸਿੰਘ ਸਨੇਹੀ ਐਮ.ਏ.**

ਇਹ ਕਹਿਣ ਵਿੱਚ ਕਿਸੇ ਵੀ ਤਰ੍ਹਾਂ ਅਤਕਥਨੀ ਨਹੀਂ ਹੋ ਸਕਦਾ ਕਿ ਬਦੇਸ਼ਾਂ ਦੀਆਂ ਸੰਗਤਾਂ ਨੂੰ ਨਾਮ ਦਾਨ ਦੇਣ ਵਾਸਤੇ ਸਮੁੰਦਰੋਂ ਪਾਰਲੀਆਂ ਧਰਤੀਆਂ ਨੂੰ ਪਵਿੱਤਰ ਚਰਨ ਛੂਹ ਬਖਸ਼ਣ ਦਾ ਉਪਕਾਰ ਗੁਰੂ ਨਾਨਕ ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਕੀਤਾ। ਆਪ ਨੇ ਦੇਸ਼ ਸੁਤੰਤਰਤਾ ਤੋਂ ਵੀ ਪਹਿਲਾਂ ਥਾਈਲੈਂਡ ਤੇ ਫਿਰ 1952-53 ਈ: ਵਿੱਚ ਪੂਰਬੀ ਅਫਰੀਕਾ ਦੀ ਧਰਤੀ ’ਤੇ ਵੱਸਦੇ, ਆਪਣਾ ਪਿਛੋਕੜ ਭੁੱਲ ਚੁੱਕੇ, ਭਾਰਤੀਆਂ ਤੋਂ ਪੰਜਾਬੀਆਂ ਨੂੰ ਫਿਰ ਤੋਂ ਸਿੱਖੀ ਵਿੱਚ ਸਰਸਬਜ਼ ਕਰਨ ਦੀ ਕਿਰਪਾ ਕੀਤੀ। ਭਾਵੇਂ ਆਪ ਸਮੇਂ-ਸਮੇਂ ਇਨ੍ਹਾਂ ਬਦੇਸ਼ੀ ਧਰਤੀਆਂ ਨੂੰ ਨਿਵਾਜਣ ਦੀ ਕਿਰਪਾ ਕਰਦੇ ਹੀ ਰਹੇ, ਪਰ ਇਸ ਸੰਬੰਧ ਵਿਚ ਅਸੀਂ ਦੋ ਗੱਲਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਇਕ ਤਾਂ ਇਹ ਕਿ ਆਪ ਦੀਆਂ ਇਨ੍ਹਾਂ ਯਾਤਰਾਵਾਂ ਦਾ ਘੇਰਾ ਥਾਈਲੈਂਡ, ਸਿੰਘਾਪੁਰ ਤੇ ਅਫਰੀਕਾ ਵਰਗੇ ਦੇਸ਼ਾਂ ਤੱਕ ਹੀ ਸੀਮਤ ਰਿਹਾ ਤੇ ਦੂਜੀ ਇਹ ਕਿ ਆਪ ਦੇ ਪਰਚਾਰ ਦਾ ਘੇਰਾ ਕੇਵਲ ਧਾਰਮਿਕ ਤੇ ਸਮਾਜਿਕ ਖੇਤਰ ਤੱਕ ਹੀ ਬਣਿਆ ਰਿਹਾ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਨਾਮਧਾਰੀ ਉਦੋਂ ਅਜੇ ਬਾਹਰ ਇੰਨੇ ਖਿੱਲਰੇ ਨਹੀਂ ਸਨ ਤੇ ਨਿੱਕੇ ਮੋਟੇ ਕੰਮਕਾਰ ਕਰਕੇ ਦੇਸ਼ ਵਿਚ ਹੀ ਗੁਜ਼ਾਰਾ ਕਰੀ ਜਾ ਰਹੇ ਸਨ- ਦੂਜੇ ਇਹ ਵੀ ਸੀ ਕਿ ਜਿਥੇ ਕਿਤੇ ਕੋਈ ਇਕ ਅੱਧ ਨਾਮਧਾਰੀ ਘਰ ਕਿਸੇ ਦੂਰ-ਦੁਰੇਡੀ ਧਰਤੀ ’ਤੇ ਰਹਿ ਵੀ ਰਿਹਾ ਹੋਵੇਗਾ ਉਹ ਹੋ ਸਕਦੈ, ਇੰਨੇ ਵਡੇ ਪ੍ਰੋਗਰਾਮ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਦਾ ਉੱਦਮ ਕਰਨ ਤੋਂ ਝਿਜਕਦਾ ਰਿਹਾ ਹੋਵੇ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 1959 ਵਿਚ ਗੱਦੀ ਤੇ ਬਿਰਾਜਮਾਨ ਹੋਣ ਪਿਛੋਂ ਇਨ੍ਹਾਂ ਦੋਹਾਂ ਖੇਤਰਾਂ ਨੂੰ ਹੋਰ ਪ੍ਰਫੁੱਲਿਤ ਹੋਣ ਦਾ ਮੌਕਾ ਮਿਲਿਆ ਕਿਉਂਕਿ ਛੇਤੀ ਹੀ ਆਪ ਦਾ ਧਿਆਨ ਅਜਿਹੀਆਂ ਲੋੜਾਂ ਤੇ ਸਮੱਸਿਆਵਾਂ ਨੂੰ ਆਕਰਸ਼ਤ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦਾ ਸੰਬੰਧ ਸਿਰਫ਼ ਭਾਰਤ ਨਾਲ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੀ।



ਸੁਤੰਤਰਤਾ ਪ੍ਰਾਪਤੀ ਤੱਕ ਨਾਮਧਾਰੀਆਂ ਨੇ ਅੰਗਰੇਜ਼ ਦੇ ਚਲਾਏ ਸਕੂਲਾਂ ਦਾ ਬਾਈਕਾਟ ਰੱਖਿਆ ਸੀ। ਇਸ ਕਰ ਕੇ ਪਿਛਲੀ ਪੀੜ੍ਹੀ ਮੁੱਖ ਤੌਰ ’ਤੇ ਸੰਪਰਦਾਇਕ ਵਿਦਿਆ ਪ੍ਰਾਪਤੀ ਤਕ ਹੀ ਸੀਮਿਤ ਰਹੀ। ਆਜ਼ਾਦੀ ਪਿਛੋਂ ਨਾਮਧਾਰੀ ਯੁਵਕ-ਯੁਵਤੀਆਂ ਨੇ ਸਕੂਲਾਂ ਵਿਚ ਜਾਣਾ ਸ਼ੁਰੂ ਕੀਤਾ ਤੇ ਵਿਗਿਆਨ-ਡਾਕਟਰੀ, ਭਵਨ-ਕਲਾ, ਇੰਜਨੀਅਰੀ ਤੇ ਹੋਰ ਖੇਤਰਾਂ ਵਿਚ ਵਿਦਿਆ ਪ੍ਰਾਪਤ ਕਰ ਕੇ ਜਿਵੇਂ ਪਿਛਲੀਆਂ ਕਸਰਾਂ ਹੀ ਕੱਢ ਦਿੱਤੀਆਂ ਹੋਣ। ਹੁਣ ਉਹ ਚੰਗੇ-ਚੰਗੇ ਅਹੁਦਿਆਂ ਤੇ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰ ਰਹੇ ਹਨ ਜਾਂ ਆਪਣੇ ਨਿਜੀ ਵੱਡੇ-ਵੱਡੇ ਕਾਰਖਾਨਿਆਂ ਦੇ ਮਾਲਕ ਬਣ ਬੈਠੇ ਹਨ।

ਭਾਵੇਂ ਪੰਜਾਬੀ ਲੋਕ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੀ ਰੁਜ਼ਗਾਰ ਦੀ ਭਾਲ ਵਿਚ ਸਮੁੰਦਰੋਂ ਪਾਰ ਜਾਣ ਲੱਗ ਪਏ ਸਨ ਪਰ ਨਾਮਧਾਰੀਆਂ ਵਿਚ ਝੁਕਾਅ ਇੰਨਾ ਜ਼ੋਰਦਾਰ ਨਹੀਂ ਸੀ। ਸਮੇਂ ਦੀ ਉੱਨਤੀ ਨਾਲ ਸਾਡੀ ਵਸੋਂ ਵਧੀ। ਜਿਸ ਕਾਰਨ ਦੇਸ਼ ਵਿਚਲੇ ਆਮਦਨ ਸ੍ਰੋਤਾਂ ਅਤੇ ਕੰਮਾਂ ਕਾਰਾਂ ਤੇ ਵੀ ਅਸਰ ਪਿਆ। ਪੰਜਾਬ ਵਿਚੋਂ ਵਿਸ਼ੇਸ਼ ਕਰ ਕੇ ਲੋਕਾਂ ਦੀਆਂ ਵਹੀਰਾਂ ਬਦੇਸ਼ਾਂ ਨੂੰ ਤੁਰੀਆਂ। ਖਾਸ ਕਰ ਕੇ ਟੀਚਾ ਹੁੰਦਾ ਸੀ ਇੰਗਲੈਂਡ ਪਹੁੰਚਣ ਦਾ ਇਸ ਲਹਿਰ ਦੇ ਅਸਰ ਤੋਂ ਪੜ੍ਹੇ ਲਿਖੇ ਤੇ ਅਨਪੜ੍ਹ ਨਾਮਧਾਰੀ ਵੀ ਨਾ ਬਚ ਸਕੇ ਤੇ ਉਹ ਵੀ ਆਪੋ

ਆਪਣੇ ਗਿਆਨ, ਵਿੱਤ ਤੇ ਵਿਦਿਆ ਪ੍ਰਾਪਤੀ ਦੇ ਆਧਾਰ ਤੇ ਕਿੰਨੇ ਹੀ ਮੁਲਕਾਂ ਵਿਚ ਖਿਲਰੇ ਹੋਏ ਆਪਣੀ ਰੋਟੀ ਕਮਾ ਰਹੇ ਸਨ।

ਹਰ ਨਾਮਧਾਰੀ ਦੇਹਧਾਰੀ ਸਤਿਗੁਰੂ ਦਾ ਉਪਾਸ਼ਕ ਹੋਣ ਦੇ ਨਾਤੇ ਇਹ ਇੱਛਾ ਰੱਖਦਾ ਹੈ ਕਿ ਸਤਿਗੁਰੂ ਦੇ ਦਰਸ਼ਨ ਕਰਨ ਦਾ ਸੁਭਾਗ ਉਸ ਨੂੰ ਪ੍ਰਾਪਤ ਹੋਵੇ। ਉਸ ਵਿਚ ਹੁਣ ਉਹ ਪਹਿਲਾਂ ਵਾਲੀ ਝਿਜਕ ਵੀ ਨਹੀਂ ਰਹੀ। ਜਥੇ-ਬੰਦਕ ਤੌਰ ’ਤੇ ਭਾਵੇਂ ਨਾਮਧਾਰੀਆਂ ਨੇ ਅੰਗਰੇਜ਼ ਦੇ ਵੇਲੇ ਬਹੁਤੀ ਨਿਪੁੰਨਤਾ ਨਾਲ ਕੰਮ ਕਰਨ ਦਾ ਅਭਿਆਸ ਕੀਤਾ ਹੋਇਆ ਹੈ ਪਰ



ਵਰਤਮਾਨ ਢੰਗ ਦੀ ਜਥੇਬੰਦੀ ਤੋਂ ਵੀ ਉਹ ਪਿਛੇ ਨਹੀਂ। ਇਸ ਲਈ ਕਿੰਨੇ ਮੁਲਕਾਂ ਵਿਚ ਹੀ ‘ਨਾਮਧਾਰੀ ਸੰਗਤ’ ਦੇ ਨਾਂ ਹੇਠ ਨਾਮਧਾਰੀ ਜਥੇਬੰਦ ਹੋ ਕੇ ਆਪਣੇ ਪੰਥ ਵਾਸਤੇ ਮਾਣ ਦਾ ਕਾਰਨ ਬਣੇ ਹਨ। ਹੁਣ ਨਾਮਧਾਰੀ ਦੁਨੀਆਂ ਦੇ ਕਈ ਕੋਨਿਆਂ ਵਿਚ ਪਹੁੰਚੇ ਹੋਏ ਹਨ ਤੇ ਸਤਿਗੁਰੂ ਦਰਸ਼ਨ ਦੀ ਇੱਛਾ ਹਿੱਤ ਜਥੇਬੰਦਕ ਉੱਦਮ ਕਰ ਕੇ ਲਗਭਗ ਹਰ ਸਾਲ ਇਕ ਵਾਰੀ ਦਰਸ਼ਨ-ਪਰਸਨ ਦਾ ਸੁਭਾਗ ਪ੍ਰਾਪਤ ਕਰ ਲੈਂਦੇ ਹਨ। ਇਉਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਦੇ ਘੇਰਾ ਚੌੜਾ ਹੋ ਕੇ ਥਾਈਲੈਂਡ, ਅਫਰੀਕਾ ਤੋਂ ਹੁੰਦਾ ਹੋਇਆ ਇੰਗਲੈਂਡ, ਅਮਰੀਕਾ, ਕਨੇਡਾ, ਡੁਬਈ ਆਦਿ ਤੱਕ ਜਾ ਪੁੱਜਾ ਹੈ। ਇਕ ਵਾਰੀ ਪਾਕਿਸਤਾਨ ਵੀ ਉਹ ਧਾਰਮਿਕ ਸਿਲਸਿਲੇ ਵਿਚ ਹੀ ਹੋ ਆਏ ਹਨ ਤੇ ਵਿਸ਼ਵ ਧਰਮ ਸੰਮੇਲਨ ਵਿਚ ਭਾਗ ਲੈਣ ਲਈ ਜਾਪਾਨ ਵੀ ਜਾ ਚੁੱਕੇ ਹਨ। ਹੁਣ ਇੰਗਲੈਂਡ ਵਿਚ ਨਾਮਧਾਰੀ ਹਜ਼ਾਰਾਂ ਦੀ ਗਿਣਤੀ ਵਿਚ ਹਨ। ਸਿੱਧੀਆਂ ਨਾਮਧਾਰੀ ਦਸਤਾਰਾਂ ਸਜਾਉਣ ਵਾਲੇ ਵੀ ਕਾਫ਼ੀ ਸਰੀਰ ਮਿਲਦੇ ਹਨ। ਲੰਡਨ ਵਿੱਚ ਬਣਾਈ ਆਪਣੀ ਧਰਮਸ਼ਾਲਾ ਤੇ ਉਨ੍ਹਾਂ ਨੂੰ ਪ੍ਰਸੰਨਤਾ ਅਤੇ ਮਾਣ ਹੈ ਤਾਂ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ।

ਪਰ ਧਾਰਮਿਕ ਤੇ ਸਮਾਜਿਕ ਖੇਤਰ ਦੇ ਨਾਲੋ-ਨਾਲ ਆਪ ਦਾ ਸੰਬੰਧ ਵਿਸ਼ਵ ਭਾਈਚਾਰੇ ਨਾਲ ਵੀ ਸੰਘਣਾ ਹੈ। ਕਿਤੇ ਕਈ ਲੜਾਈ ਲੱਗੀ ਹੋਈ ਹੈ, ਕਿਤੇ ਬੰਬਾਂ ਜਹੇ ਮਾਰੂ ਹਥਿਆਰਾਂ ਦਾ ਖਤਰਾ ਖੜਾ ਹੋ ਗਿਆ ਹੈ। ਦੁਨੀਆਂ ਵਿਚ ਖੁਰਾਕ ਦਾ ਮਾਮਲਾ ਵੀ ਘੱਟ ਨਹੀਂ। ਫਿਰ ਖੁਰਾਕ ਵੀ ਉਹ ਜੋ ਪੌਸ਼ਟਕ ਵੀ ਹੋਵੇ ਤੇ ਸਰੀਰ ਲਈ ਹਾਨੀਕਾਰਕ ਵੀ ਨਾ ਹੋਵੇ। ਪਸ਼ੂ ਪਨ ਦੀ ਉੱਨਤੀ ਤੋਂ ਬਿਨਾਂ ਦੁੱਧ ਦੀ ਚੰਗੀ ਪ੍ਰਾਪਤੀ ਵੀ ਸੰਭਵ ਨਹੀਂ। ਇਹ ਕੁਝ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਵਿਚ ਦਿਲਚਸਪੀ ਰੱਖਣ ਕਾਰਨ ਸਤਿਗੁਰੂ ਜੀ ਦੇ ਅੰਤਰ-ਰਾਸਟਰੀ ਸਬੰਧਾਂ ਵਿਚ ਚੋਖਾ ਵਾਧਾ ਤੇ ਉੱਨਤੀ ਹੋਈ ਹੈ। ਇਸੇ ਆਧਾਰ ਤੇ ਆਪ ਦੇ ਵਿਸ਼ਵ ਅਮਨ ਕੌਂਸਲ ਨਾਲ ਸਬੰਧਤ ਹਨ। ਪੰਜਾਬ ਤੇ ਹਰਿਆਣੇ ਦੀਆਂ ਅਮਨ ਕੌਂਸਲਾਂ ਦੇ ਸਾਂਝੇ ਪ੍ਰਧਾਨ ਰਹਿਣ ਦਾ ਮੌਕਾ ਵੀ ਆਪ ਨੂੰ ਮਿਲ ਚੁੱਕਾ ਹੈ। ਵੀਅਤਨਾਮ ਦੀ ਜੰਗ ਸਮੇਂ ਤਾਂ ਅਮਨ ਕੌਂਸਲ ਦੀ ਪ੍ਰਭੁਸਤਾ ਹੇਠ ਆਪ ਨੇ ਅਣਥੱਕ ਯਤਨ ਕੀਤੇ ਹਨ। ਅਮ੍ਰਿਤਸਰ ਦਾ ਅਮਨ ਸਮਾਗਮ, ਹੈਦਰਾਬਾਦ, ਦਿੱਲੀ ਵਿਚਲੀਆਂ ਅਮਨ ਕਾਨਫਰੰਸਾਂ ਤੇ ਹੈਲਸਿੰਕੀ ਕਾਨਫਰੰਸ ਇਸ ਸਬੰਧ ਵਿਚ ਗਿਣੀਆ ਜਾਣ ਵਾਲੀਆਂ ਘਟਨਾਵਾਂ ਹਨ। ਹੈਲਸਿੰਕੀ ਕਾਨਫਰੰਸ ਵਿਚ, ਕੁਝ ਅਸਵਸਥ ਹੋਣ ਕਾਰਨ, ਆਪ ਭਾਵੇਂ ਨਹੀਂ ਜਾ ਸਕੇ ਪਰ ਆਪ ਨੇ ਆਪਣੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ ਆਪਣੇ ਪ੍ਰਤੀਨਿਧ ਦੇ ਰੂਪ ਵਿਚ ਉਥੇ ਭੇਜਿਆ ਤਾਂ ਕਿ ਨਾਮਧਾਰੀ ਉਸ ਅਹਿਮ ਵਿਚਾਰ ਵਟਾਂਦਰੇ ਤੋਂ ਪਿਛੇ ਨਾ ਰਹਿਣ। ਵੀਅਤਨਾਮ ਦੀ ਜੰਗ ਨੂੰ ਖ਼ਤਮ ਕਰਨ

ਹਿੱਤ, ਉਨ੍ਹਾਂ ਮਜ਼ਲੂਮਾਂ ਦੀ ਮਦਦ ਕਰਨ ਹਿਤ ਹਰ ਮਤੇ ਦੀ ਭਰਵੀਂ ਪ੍ਰੋੜ੍ਹਤਾ ਆਪ ਨੇ ਕੀਤੀ ਤੇ ਹੋਰ ਜੋ ਵਧੋ ਵੱਧ ਹੋ ਸਕਿਆ, ਕੀਤਾ। ਅਮਨ ਦੇ ਨਾਲ ਆਪ ਦੇ ਗਹਿਰੇ ਸਨੇਹ ਦਾ ਸੰਕੇਤ ਤਾਂ ਇਥੋਂ ਵੀ ਮਿਲਦਾ ਹੈ ਕਿ 1966 ਵਿਚ ਦਿੱਲੀ ਵਿਚ ਹੋਏ ਮਹਾਨ ਨਾਮਧਾਰੀ ਹੋਲੇ ਦੇ ਮੇਲੇ ਵਿੱਚ ਇਕ ਸਮਾਗਮ ਅਮਨ ਨੂੰ ਵੀ ਸਮਰਪਿਤ ਸੀ ਜਿਸ ਵਿੱਚ ਹੋਰਨਾਂ ਦੇਸ਼ੀ ਬਦੇਸ਼ੀਆਂ ਤੋਂ ਬਿਨਾਂ ਵਿਸ਼ਵਅਮਨ ਕੌਂਸਲ ਦੀ ਜੁੜਵੀਂ ਪ੍ਰਧਾਨ ਸ੍ਰੀਮਤੀ ਇਸਾਬੈੱਲ ਬਲੂਮ ਤੇ ਕ੍ਰਿਸ਼ਨਾ ਮੈਨਨ ਵਰਗੇ ਮਹਾਨ ਅਮਨ ਘੁਲਾਟੀਆਂ ਨੇ ਵੀ ਸ੍ਰੋਤਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਸਨ।

ਲੋਕਾਂ ਦੀਆਂ ਸਿਹਤਾਂ ਬੜੀਆਂ ਹੇਠਾਂ ਜਾ ਰਹੀਆਂ ਹਨ। ਵੀਹਵੀਂ ਸਦੀ ਵਿਚ ਵਿਗਿਆਨ ਨੇ ਨਿਰਸੰਦੇਹ ਉੱਨਤੀ ਕੀਤੀ ਹੈ ਪਰ ਭੋਜਨ ਦੇ ਪੱਖੋਂ ਅਸੀਂ ਨਿਕੰਮੇ ਹੋ ਰਹੇ ਹਾਂ। ਲੋਕਾਂ ਵਿਚ ਲਿਸ਼ਕ ਪੁਸ਼ਕ ਕਾਇਮ ਰੱਖਣ ਦਾ ਰਿਵਾਜ਼ ਵਧਿਆ ਹੈ। ਰਸਾਇਣਕ ਚੀਜ਼ਾਂ ਤੋਂ ਉਨ੍ਹਾਂ ਨਾਲ ਬਣੇ ਖਾਧ ਪਦਾਰਥਾਂ ਦੀ ਵਰਤੋਂ ਜ਼ੋਰਾਂ ਤੇ ਹੋ ਰਹੀ ਹੈ ਜੋ ਸਾਡੀਆਂ ਮੰਦੀਆਂ ਸਿਹਤਾਂ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੈ। ਇਸ ਸਬੰਧ ਵਿਚ ਜੱਦੋ-ਜਹਿਦ ਕਰਨ ਵਾਲੀਆਂ ਤੇ ਜਨ-ਸਾਧਾਰਨ ਨੂੰ ਲੋੜੀਂਦਾ ਗਿਆਨ ਦੇ ਕੇ ਸੌਖਿਆਂ ਕਰਨ ਵਾਲੀਆਂ ਜਥੇ-ਬੰਦੀਆਂ ਵੀ ਅੰਤਰ ਰਾਸ਼ਟਰੀ ਪੱਧਰ 'ਤੇ ਕੰਮ ਕਰ ਰਹੀਆਂ ਹਨ। ਇਸ ਦੇ ਵਿਚੋਂ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਗਠਨ ਤੇ ਇੰਗਲੈਂਡ ਵਿਚ ਸਥਿਤ 'ਜ਼ਮੀਨੀ ਜਥੇਬੰਦੀਆਂ ਦੇ ਨਾਂ ਗਿਣੇ ਜਾ ਸਕਦੇ ਹਨ। ਦੋਹਾਂ ਸੰਸਥਾਵਾਂ ਦੇ ਮੈਂਬਰ ਦੁਨੀਆਂ ਦੇ ਹਰ ਕੋਨੇ ਵਿਚ ਹਨ ਤੇ ਦੋਵੇਂ ਹੀ ਖੁਰਾਕ ਦੇ ਸਬੰਧ ਵਿਚ ਆਪਣਾ ਯੋਗਦਾਨ ਦੇ ਰਹੀਆਂ ਹਨ। ਪਹਿਲੀ ਜੇ ਸਬਜ਼ੀਆਂ ਖਾਣ ਦਾ ਪ੍ਰਚਾਰ ਕਰਦੀ ਹੈ ਤਾਂ ਦੂਜੀ ਸਬਜ਼ੀਆਂ ਤੇ ਹੋਰਨਾਂ ਅਨਾਜਾਂ ਨੂੰ ਸਹੀ ਤਰ੍ਹਾਂ, ਬਿਨਾਂ ਰਸਾਇਣੀ ਪਦਾਰਥਾਂ ਦੀ ਮਦਦ ਤੋਂ ਪੈਦਾ ਕਰਨ ਤੇ ਬਲ ਦਿੰਦੀ ਹੈ। ਸਤਿਗੁਰੂ ਜੀ ਦੋਹਾਂ ਸੰਸਥਾਵਾਂ ਨਾਲ ਸਬੰਧਤ ਹਨ। ਪਹਿਲੀ ਦੇ ਉਪ-ਪ੍ਰਧਾਨਾਂ ਵਿੱਚ ਆਪ ਦਾ ਨਾਂ ਸ਼ਾਮਿਲ ਹੈ ਤੇ ਦੂਜੀ ਦੇ ਮੈਂਬਰਾਂ ਵਿਚ।

ਸ਼ਾਕਾਹਾਰ ਨਾਲ ਤਾਂ ਨਾਮਧਾਰੀ ਜਨਮ ਤੋਂ ਹੀ ਸੰਬੰਧਿਤ ਹੁੰਦਾ ਹੈ। ਨਿਰਸੰਦੇਹ ਆਮ ਭਾਰਤੀ ਲੋਕ ਵੀ ਸ਼ਾਕਾਹਾਰੀ ਹੁੰਦੇ ਹਨ ਤਾਂ ਵੀ ਦੂਜੇ ਦੇਸ਼ਾਂ ਵਿਚ ਸਮੇਂ ਤੇ ਸੰਗਤ ਦੇ ਪ੍ਰਭਾਵ ਦਾ ਮਾੜਾ ਅਸਰ ਕਈ ਵਾਰੀ ਚੰਗਿਆਂ ਬੰਦਿਆਂ ਨੂੰ ਵੀ ਲੈ ਬਹਿੰਦਾ ਹੈ। ਦੇਸ਼ ਵਿਚ ਵੀ ਮਾਸਾਹਾਰ ਦਾ ਬਹੁਤਾ ਜ਼ੋਰ ਵੀ ਗ਼ਲਤ ਪਰਚਾਰਾਂ ਤੇ ਕੁਸੰਗਤ ਦਾ ਸਿੱਟਾ ਹੀ ਸਮਝਣਾ ਚਾਹੀਦਾ ਹੈ। ਪਰ ਲੋਕਾਂ ਨੂੰ ਇਸ ਗਲਤ ਪਾਸਿਓਂ ਮੋੜਨ ਦਾ ਗੁਰੂ ਨਾਨਕ ਵਾਲਾ ਨੇਮ ਸਤਿਗੁਰੂ ਜੀ ਨੇ ਵੀ ਅਪਣਾਇਆ ਹੋਇਆ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਲੀ ਵਾਰ ਅਫ਼ਰੀਕਾ ਜਾਣ ਸਮੇਂ, ਆਪ ਦੇ ਮੁੰਬਾਸੇ ਦੀ ਬੰਦਰਗਾਹ ਤੋਂ ਉਤਰਨ ਤੇ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ (ਨਾਮਧਾਰੀ) ਸਤਿਗੁਰੂ ਜੀ ਤਾਂ ਉਸ ਘਰ ਦਾ ਅੰਨ-ਜਲ ਵੀ ਪ੍ਰਵਾਨ ਨਹੀਂ ਕਰਦੇ, ਜਿਸ ਘਰ ਵਿਚ ਮਾਸ-ਸ਼ਰਾਬ ਦੀ ਵਰਤੋਂ ਹੁੰਦੀ ਹੋਵੇ ਤਾਂ ਅਫ਼ਰੀਕਾ ਵਿਚ ਵੱਸਦੇ ਪੰਜਾਬੀਆਂ ਵਿਚ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਉਹ ਸਾਰੇ ਉਥੋਂ ਦੇ ਲੋਕਾਂ ਨਾਲ ਰਲ ਮਿਲ ਕੇ ਖਾਣ-ਪੀਣ ਲੱਗ ਪਏ ਸਨ ਤੇ ਇਸ ਤਰ੍ਹਾਂ ਦੇ ਨਿਯਮਾਂ ਦਾ ਪਾਲਕ ਧਾਰਮਿਕ ਰਹਿਬਰ ਵੀ ਅਜੇ ਤੱਕ ਉੱਥੇ ਕੋਈ ਨਹੀਂ ਸੀ ਪਹੁੰਚਿਆ। ਸਿੱਟਾ ਇਹ ਹੋਇਆ ਕਿ ਅਫਰੀਕਾ ਦੇ ਸਾਰੇ ਸ਼ਹਿਰਾਂ ਵਿਚ ਤਾਰਾਂ ਖੜਕ ਗਈਆਂ ਕਿ ਜਿਸ ਕਿਸੇ ਨੇ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਜਾਂ ਲੰਗਰ ਦਾ ਪ੍ਰਬੰਧ ਕਰਨਾ ਹੋਵੇ ਉਹ ਉਨ੍ਹਾਂ ਦੇ ਇਸ ਨੇਮ ਨੂੰ ਪਹਿਲਾਂ ਧਿਆਨ ਵਿਚ ਰੱਖੇ। ਫਲਸਰੂਪ ਕਿੰਨੇ ਹੀ ਲੋਕਾਂ ਨੇ ਮਾਸ ਸ਼ਰਾਬ ਤੋਂ ਤੌਬਾ ਕੀਤੀ ਸੀ।

ਵਲਾਇਤ ਵਿਚ ਵੱਸਦੇ ਨਾਮਧਾਰੀਆਂ ਵਿਚ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਅਫਰੀਕਾ ਤੋਂ ਆਏ ਹੋਏ ਹਨ ਤੇ ਇਸੇ ਕਾਰਨ ਇਥੇ ਪਹਿਲੀ ਵਾਰ 1967 ਵਿਚ ਪਧਾਰਨ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਪਖੋਂ ਉਨੀ ਔਖਿਆਈ ਦਾ ਸਾਹਮਣਾ ਨਹੀਂ ਕਰਨਾ ਪਿਆ ਜਿੰਨੀ ਦਾ ਪਹਿਲੀ ਵਾਰੀ ਅਫਰੀਕਾ ਜਾਣ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਰਨਾ ਪਿਆ ਸੀ। ਇਸ ਦਾ ਭਾਵ ਇਹ ਵੀ ਨਹੀਂ ਕਿ ਇਥੇ ਸਾਰੇ ਦੇ ਸਾਰੇ ਨਾਮਧਾਰੀ ਹੀ ਵੱਸਦੇ ਸਨ ਜਾਂ ਭਾਰਤੀ ਲੋਕ ਮਾਸ ਨਹੀਂ ਖਾਂਦੇ ਸਨ। ਸਗੋਂ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਅਜੇ ਅੰਗਰੇਜ਼ ਲੋਕ ਤਾਂ ਅਜਿਹੇ ਬਹੁਤੇ ਮਿਲ ਸਕਦੇ ਹਨ ਜੋ ਵਲਾਇਤ ਵਿਚ ਜਨਮ ਲੈ ਕੇ ਵੀ ਜਨਮ ਤੋਂ ਹੀ ਮਾਸ ਤੋਂ ਪਰਹੇਜ ਕਰਦੇ ਰਹੇ ਹਨ- ਪਰ ਭਾਰਤੀ ਲੋਕਾਂ ਦੇ ਦਿਮਾਗ ਵਿਚ ਇਕ ਹਊਆ ਇਹ ਬੈਠਾ ਹੋਇਆ ਸੀ ਕਿ ਮਾਸ ਸ਼ਰਾਬ ਦੀ ਵਰਤੋਂ ਕਰਨ ਬਿਨਾਂ ਬੰਦਾ ਉਸ ਧਰਤੀ 'ਤੇ ਬਚ ਨਹੀਂ ਸਕਦਾ। ਇਹ ਹਊਆ ਕੇਵਲ ਸਤਿਗੁਰੂ ਜੀ ਨੇ ਹੀ ਕੱਢਿਆ।

ਅੱਜ ਵਲਾਇਤ ਵਿਚ ਭਾਰਤੀ ਸ਼ਾਕਾਹਾਰੀਆਂ ਦੀ ਭਾਰੀ ਗਿਣਤੀ ਵੱਸਦੀ ਹੈ। ਸਤਿਗੁਰੂ ਜੀ ਹਰ ਦੌਰੇ ਸਮੇਂ ਯਤਨ, ਕਰਦੇ ਹਨ। ਕੁਛ ਸਥਾਨਕ ਸ਼ਾਕਾਹਾਰੀਆਂ ਨਾਲ ਮਿਲ ਕੇ ਵਿਚਾਰ ਵਟਾਂਦਰਾ ਕਰਨ ਤੇ ਪ੍ਰਸਪਰ ਸਨੇਹ ਵਧਾਉਣ ਦਾ। ਹਾਲੈਂਡ ਦੀ ਰਾਜਧਾਨੀ ਹੇਗ ਵਿਚ 1971

ਵਿਚ ਵਿਸ਼ਵ ਸ਼ਾਕਾਹਾਰੀ ਸੰਮੇਲਨ ਵਿਚ ਹਿੱਸਾ ਲੈ ਰਹੇ ਸਾਂ। ਉਥੇ ਟੈਲੀਵੀਜ਼ਨ ਤੇ ਅਖਬਾਰਾਂ ਰਾਹੀਂ ਸਾਡੇ ਸ਼ਾਕਾਹਾਰ ਦੀ ਕਾਫ਼ੀ ਚਰਚਾ ਹੋਈ ਸੀ। ਇਕ ਬੁਤਘਾੜੇ ਦੀ ਬੁਢੀ ਵਿਧਵਾ ਨੇ ਪ੍ਰਭਾਵਿਤ ਹੋ ਕੇ ਇਕ ਕਾਸਦ ਰਾਹੀਂ ਸਤਿਗੁਰੂ ਜੀ ਪਾਸ ਅਰਜ਼ਾਂ ਕਰ ਭੇਜੀਆਂ ਕਿ ਉਸ ਦੇ ਘਰ ਦਰਸ਼ਨ ਦੇਣ। ਆਪ ਸਾਰੇ 13 ਸਾਥੀਆਂ ਸਮੇਤ ਉੱਥੇ ਪਧਾਰੇ। ਮਾਈ, ਜਿਸ ਦਾ ਨਾਂ ਹੂਜਵਰਫ ਸੀ, ਨੇ ਆਪਣੇ ਘਰ ਪਈ ਲਿਖਤੀ ਪੁਰਾਣੀ ਬਾਈਬਲ ਦਿਖਾਈ, ਆਪਣੇ ਪਤੀ ਦੀਆਂ ਕਿਰਤਾਂ ਤੇ ਕਿਤਾਬਾਂ ਦਿਖਾਈਆਂ ਤੇ ਫਿਰ ਫਲ-ਫਰੂਟ ਅੱਗੇ ਲਿਆ ਰੱਖ ਸੁਭਾਵਕ ਤੌਰ 'ਤੇ ਸਤਿਗੁਰੂ ਜੀ ਨੇ ਉਸ ਨੂੰ ਮਾਸ ਸ਼ਰਾਬ ਦੀ ਵਰਤੋਂ ਬਾਰੇ ਪੁੱਛਿਆ ਉੱਤਰ ਮਿਲਿਆ ਸਿਰਫ਼ ਕਦੇ-ਕਦੇ ਆਂਡੇ ਦੀ ਵਰਤੋਂ ਕੀਤੀ ਜਾਂਦੀ ਹੈ। ਸਤਿਗੁਰੂ ਜੀ ਦੇ ਹੁਕਮ ਕਰਨ ਤੇ ਉਹ ਵੀ ਛੱਡ ਦਿੱਤਾ। ਇਹ ਕੰਮ ਸਥਾਨਕ ਸ਼ਾਕਾਹਾਰੀ ਜਾਂ "ਅੰਤਰ-ਰਾਸ਼ਟਰੀ ਸੰਗਠਨ" ਵਾਲੇ ਨਹੀਂ ਸਨ ਕਰ ਸਕਦੇ। ਅਜਿਹੇ ਉੱਦਮ ਕਾਰਨ ਹੀ ਤਾਂ ਅੰਤਰ-ਰਾਸ਼ਟਰੀ ਸੰਗਠਨ ਦਾ ਪ੍ਰਧਾਨ ਡਾ: ਲਾਟੋ ਆਪ ਦੇ ਵਿਸ਼ੇਸ਼ ਸਲਾਹਕਾਰਾਂ ਤੇ ਸਨੇਹੀਆਂ ਵਿੱਚੋਂ ਇੱਕ ਹੈ। ਇਸ ਸੰਗਠਨ ਦੇ ਜਨਰਲ ਸਕੱਤਰ ਗਨਕਿੰਗ ਦੇ ਸਨੇਹ ਨੂੰ ਮੁੱਖ ਰਖਦਿਆਂ 1974 ਵਿਚ ਆਪ ਉਸ ਦੇ ਘਰ ਉਤਰੀ ਆਇਰਲੈਂਡ ਵਿੱਚ ਇੱਕ ਰਾਤ ਕੱਟ ਵੀ ਆਏ ਹਨ। ਯਹੂਦੀਆਂ ਦੀ ਸ਼ਾਕਾਹਾਰੀ ਸਭਾ ਦੇ ਪ੍ਰਧਾਨ ਪਿਕ ਹੋਰੀ ਸਾਡੇ ਲਈ ਕਾਫੀ ਪੁਰਾਣੇ ਹੋ ਚੁੱਕੇ ਹਨ। ਸਤਿਗੁਰੂ ਜੀ ਵਲੋਂ ਸ਼ਾਕਾਹਾਰ ਦੇ ਪ੍ਰਚਾਰ ਵਿਚ ਇੰਨਾ ਭਰਵਾਂ ਸਹਿਯੋਗ ਦੇਣ ਕਾਰਨ ਹੀ ਜੁਲਾਈ 1974 ਵਿਚ ਲੀਡਜ਼ ਦੀ ਸ਼ਾਕਾਹਾਰੀ ਕਮੇਟੀ ਦੇ ਅੰਗਰੇਜ਼ ਮੈਂਬਰਾਂ ਨੇ ਆਪ ਦੇ ਸੁਆਗਤ ਵਿਚ ਇਕ ਦਾ ਆਯੋਜਨ ਕੀਤਾ ਜੋ ਕਦੇ ਬਹੁਤ ਸ਼ਾਨਦਾਰ ਪ੍ਰੋਗਰਾਮ ਸੀ। ਸ਼ਾਕਾਹਾਰ ਦੇ ਸਬੰਧ ਵਿੱਚ ਤੇ ਹੀ ਆਪ ਨਾ ਜਾ ਸਕਣ ਕਾਰਨ ਜਨਵਰੀ 1973 ਵਿਚ ਲੰਕਾ ਤੇ ਅਗਸਤ 1975 ਵਿਚ ਅਮਰੀਕਾ ਵਿਚ ਨਾਮਧਾਰੀਆਂ ਦੀ ਪ੍ਰਤੀਨਿਧਤਾ ਕਰਨ ਲਈ ਆਪ ਨੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਨਾਲ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਵੀ ਭੇਜਿਆ



ਇੰਗਲੈਂਡ ਦੀ ਇਕ ਪੁਰਾਣੀ ਫੇਰੀ ਸਮੇਂ, ਵੂਲਵਰਹੈਂਪਟਨ ਦੇ ਅਸਤ 1973 ਵਿੱਚ ਸਵੀਡਨ ਵਿੱਚ ਹੋਈ ਸ਼ਾਕਾਹਾਰੀ ਕਾਨਫਰੰਸ ਸਮੇਂ ਤਾਂ ਆਪ ਦੀ ਪ੍ਰਤੀਨਿਧਤਾ ਕੇਵਲ ਇਸ ਲੇਖਕ ਤੋਂ ਹੀ ਕਰਵਾਉਣ ਦਾ ਮਾਣ ਬਖਸ਼ਿਆ।

ਹੁਣ ਤੱਕ ਇਹ ਰਿਵਾਜ ਹੀ ਬਣਿਆ ਰਿਹਾ ਹੈ ਕਿ ਹਰ ਦਸਵੇਂ ਵਰ੍ਹੇ ਇਸ ਵਿਸ਼ਵ ਸ਼ਾਕਾਹਾਰੀਂ ਸਮਾਗਮ ਦਾ ਇਕੱਠ ਭਾਰਤ ਵਿਚ ਹੁੰਦਾ ਆਇਆ ਹੈ। 1957, 1967 ਤੋਂ ਪਿਛੋਂ 1977 ਵਿਚ। ਸਤਿਗੁਰੂ ਜੀ ਹਰ ਅਜਿਹੇ ਸਮਾਗਮ ਸਮੇਂ ਅੰਤਰ ਰਾਸ਼ਟਰੀ ਪ੍ਰਾਹੁਣਿਆਂ ਦੇ ਸਨਮਾਨ ਵਿੱਚ ਇੱਕ ਪ੍ਰੀਤੀ ਭੋਜ ਦਾ ਪ੍ਰਬੰਧ ਕਰਦੇ ਹਨ-

ਇਸ ਦਾ ਅਸਰ ਉਨ੍ਹਾਂ ਪ੍ਰੀਤੀਵਾਨਾਂ ਤੋਂ ਕਿਸ ਤਰ੍ਹਾਂ ਹੁੰਦਾ ਹੈ ਇਹ ਤਾਂ ਜੇ ਉਨ੍ਹਾਂ ਨੂੰ ਹੀ ਮਿਲ ਕੇ ਪੁੱਛਿਆ ਜਾਵੇ ਤਾਂ ਵਧੇਰੇ ਚੰਗਾ ਰਹੇਗਾ। ਅਮਰੀਕਾ ਦੇ ਸ਼ਿਕਾਗੋ ਵਰਗੇ ਘੁਗ ਵੱਸਦੇ ਸ਼ਹਿਰ ਵਿੱਚ ਵੀ ਇਕ ਨਾਮਧਾਰੀ ਵਿਚਾਰਾਂ ਵਾਲੀ ਸ਼ਾਕਾਹਾਰੀ ਸੰਸਥਾ ਨੇ ਜੇ 1975 ਵਿਚ ਜਨਮ ਲਿਆ ਹੈ ਤਦ ਉਹ ਮੇਅਰ ਅਤੇ ਲਡੀ ਮੇਅਰ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਸਿਰਫ਼ ਸਤਿਗੁਰੂ ਜੀ ਦੇ ਯਤਨਾਂ ਦਾ ਸਿੱਟਾ ਹੀ ਸਮਝਣਾ ਚਾਹੀਦਾ ਹੈ।

ਜ਼ਮੀਨੀ ਸੰਸਖਾ ਜਿਵੇਂ ਉੱਪਰ ਦੱਸਿਆ ਵੀ ਗਿਆ ਹੈ, ਰਸਾਇਣਕ ਖਾਦਾਂ ਤੇ ਹੋਰ ਅਜਿਹੇ ਪਦਾਰਥਾਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਨੁਕਸਾਨਾਂ ਬਾਰੇ ਪ੍ਰਯੋਗ ਕਰਦੀ ਹੈ ਤੇ ਆਪਣੇ ਮੈਂਬਰਾਂ ਤੇ ਪ੍ਰਕਾਸ਼ਨਾਵਾਂ ਰਾਹੀਂ ਆਮ ਜਨਤਾ ਨੂੰ ਸਾਵਧਾਨ ਕਰਦੀ ਹੈ। ਇਸ ਸੰਸਥਾ ਨੇ ਇਹ ਪ੍ਰਯੋਗ ਕੀਤਾ ਹੈ ਕਿ ਇੰਨੇ ਸ਼ਕਤੀਸ਼ਾਲੀ ਜਾਨਵਰ ਘੋੜੇ ਨੂੰ, ਜਿਸ ਦੀ ਸ਼ਕਤੀ

ਦਾ ਸਿੱਕਾ ਸਾਰੀ ਦੁਨੀਆਂ ਵਿੱਚ ਮੰਨਿਆ ਜਾਣ ਕਾਰਨ ਵੱਡੇ-ਵੱਡੇ ਇੰਜਨਾਂ ਦੀ ਸ਼ਕਤੀ ਵੀ ਇਸ ਘੋੜੇ ਦੀ ਤਾਕਤ ਨਾਲ ਹੀ ਨਾਪੀ ਜਾਂਦੀ ਹੈ, ਜੋ ਰਸਾਇਣਕ ਖਾਦਾਂ ਨਾਲ ਉਗਾਈਆਂ ਗਾਜਰਾਂ ਖਾਣ ਨੂੰ ਦਿੱਤੀਆਂ ਜਾਣ ਉਹ ਉਸ ਦੀ ਸਿਹਤ ਤੇ ਬਹੁਤ ਮਾੜਾ ਅਸਰ ਪਾਉਂਦੀਆਂ ਹਨ। ਇਸ ਖੋਜ ਸੰਸਥਾ ਨੇ ਇਹ ਵੀ ਪ੍ਰਯੋਗਾਂ ਰਾਹੀਂ ਸਿੱਧ ਕੀਤਾ ਹੈ ਕਿ 15 ਗਊਆਂ ਨੂੰ ਰਸਾਇਣਕ ਖਾਦਾਂ ਨਾਲ ਉਗਾਏ ਚਾਰੇ ਦੇਣ ਤੇ ਉਨ੍ਹਾਂ ਦਾ ਪ੍ਰਤੀ ਗਊ ਪ੍ਰਤੀ ਸੂਏ ਵਿਚ ਉਸ ਦੂਜੀ ਗਊ ਨਾਲੋਂ 1000 ਪੌਂਡ ਦੁੱਧ ਘੱਟ ਗਿਆ ਜਿਸ ਨੂੰ ਦੂਜੇ ਢੇਰ-ਰੂੜੀ ਨਾਲ ਉਗਾਏ ਪੱਠੇ ਦਿੱਤੇ ਗਏ ਸਨ। ਸਤਿਗੁਰੂ ਜੀ ਆਪ ਇਨ੍ਹਾਂ ਖਾਦਾਂ ਤੋਂ ਰਸਾਇਣਕ ਪਦਾਰਥਾਂ ਦੀ ਵਰਤੋਂ ਨਹੀਂ ਕਰਦੇ ਤੇ ਨਾ ਇਨ੍ਹਾਂ ਦੇ ਹੱਕ ਵਿਚ ਹਨ। ਇਸ ਲਈ ਇਸ ਉਕਤ ਸੰਸਥਾ ਨਾਲ ਆਪਦੇ ਵਿਚਾਰ ਕਾਫ਼ੀ ਹੱਦ ਤਕ ਮਿਲਦੇ ਹਨ। ਆਪਣੇ ਵਿਦੇਸ਼ੀ ਦੌਰਿਆਂ ਸਮੇਂ ਅਕਸਰ ਯਤਨ ਕਰਦੇ ਰਹਿੰਦੇ ਹਨ ਕਿ ਪ੍ਰਯੋਗ-ਵਾਦੀ ਮੈਂਬਰਾਂ ਨਾਲ ਮਿਲ ਕੇ ਇਸ ਵਿਸ਼ੇ 'ਤੇ ਅਗੋਂ ਹੋਰ ਵਿਚਾਰ ਵਟਾਂਦਰਾ ਕੀਤਾ ਜਾਵੇ।

ਸ਼ਾਕਾਹਾਰੀ ਸੰਗਠਨ ਦੇ ਬਹੁਤੇ ਮੈਂਬਰ ਇਸ ਜ਼ਮੀਨ ਖੋਜ ਸੰਸਥਾ ਦੇ ਮੈਂਬਰ ਵੀ ਹਨ ਕਿਉਂਕਿ ਦੋਵਾਂ ਸੰਸਥਾਵਾਂ ਦੇ ਨਿਯਮ ਤੇ ਵਿਚਾਰ ਪ੍ਰਸਪਰ ਕਾਫ਼ੀ ਮਿਲਦੇ ਜੁਲਦੇ ਹਨ। ਸਤਿਗੁਰੂ ਜੀ ਦਾ ਯਤਨ ਹੁੰਦਾ ਹੈ ਵਧੋ-ਵਧ ਏਕਤਾ ਕਾਇਮ ਰੱਖਣ ਦਾ। ਉਨ੍ਹਾਂ ਨੇ 1971 ਵਿੱਚ ਇਸ ਗੱਲ ਵਾਸਤੇ ਯਤਨ ਆਰੰਭੇ ਕਿ ਇਹ ਦੋਵੇਂ ਸੰਸਥਾਵਾਂ ਇਕ ਦੂਜੀ ਦੇ ਹੋਰ ਨੇੜੇ ਹੋ ਕੇ ਕੁਝ ਕੰਮ ਰਲਵੇਂ ਯਤਨ ਵਜੋਂ ਕਰਨ ਤਾਂ ਕਿ ਜਨ ਸਾਧਾਰਨ ਨੂੰ ਹੋਰ ਵੱਧ ਲਾਭ ਮਿਲ ਸਕੇ। ਇਸ ਸੰਬੰਧ ਵਿੱਚ ਇਕ ਮੀਟਿੰਗ ਇੰਗਲੈਂਡ ਤੇ ਦੂਜੀ ਹਾਲੈਂਡ ਦੀ ਰਾਜਧਾਨੀ ਹੇਗ ਵਿੱਚ ਕੀਤੀ ਗਈ। ਦੋਹਾਂ ਸੰਸਥਾਵਾਂ ਦੇ ਕੁਛ ਅਹੁਦੇਦਾਰ ਤੇ ਮੈਂਬਰ ਇਸ ਗੱਲ ਦੇ ਹੱਕ ਵਿੱਚ ਵੀ ਸਨ ਪਰ ਕੁਝ ਨੇ ਇਸ ਦਾ ਵਿਰੋਧ ਵੀ ਕੀਤਾ। ਜਿਸ ਕਾਰਨ ਇਹ ਗੱਲ ਅਜੇ ਤੱਕ ਉਥੇ ਦੀ ਉਥੇ ਖੜੀ ਹੈ।

ਪਸ਼ੂ ਪਾਲਨ ਵਿਚ ਤੇ ਪਸ਼ੂ ਧਨ ਨੂੰ ਉੱਨਤ ਕਰਨ ਵਿੱਚ ਆਪ ਦੀ ਦਿਲਚਸਪੀ ਦੀ ਧਾਂਕ ਸਾਰੇ ਦੇਸ਼ ਵਿਚ ਮੰਨੀ ਜਾਂਦੀ ਹੈ। ਪਰ ਇਸ ਦੀ ਕਨਸੋਅ ਸਮੁੰਦਰੋਂ ਪਾਰ ਵੀ ਪੈ ਚੁੱਕੀ ਹੈ। ਇਸ ਸਬੰਧ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸਫ਼ਲ ਯਤਨ ਕਰਨ ਵਾਲੀ ਇੱਕ ਸੰਸਥਾ ਹੈ ਪੱਛਮੀ ਜਰਮਨ ਦੀ 'ਵਰਬੈਂਡ ਦੋਇਸ਼ਰ ਸ਼ਵਾਰਟਬੂੰਟਜ਼ੂਖਟਰ।' ਇਹ ਸੰਸਥਾ ਹਰ ਦੂਜੇ ਵਰ੍ਹੇ ਯੂਰਪ ਦੇ ਕਾਫ਼ੀ ਮੁਲਕਾਂ ਦੀਆਂ ਗਊਆਂ ਦੀ ਨੁਮਾਇਸ਼ ਤੇ ਗਊ ਪਾਲਕਾਂ ਦੀ ਮਿਲਣੀ ਅਤੇ ਵਿਚਾਰ ਵਟਾਂਦਰੇ ਦਾ ਪ੍ਰਬੰਧ ਕਰਦੀ ਹੈ। 1967 ਵਾਲੀ ਪ੍ਰਦਰਸ਼ਨੀ ਤੇ ਸਤਿਗੁਰੂ ਜੀ ਤੇ ਮਹਾਰਾਜ ਜੀ ਵੀ ਪੁੱਜੇ ਸਨ। ਉਦੋਂ ਤੋਂ ਉਨ੍ਹਾਂ ਲੋਕਾਂ ਨਾਲ ਵੀ ਸਨੇਹ ਜਿਹਾ ਹੋ ਗਿਆ ਜਾਪਦਾ ਹੈ। ਗਊ ਪਾਲਕਾਂ ਲਈ ਆਪ ਵੱਲੋਂ ਭਾਰਤ ਵਿੱਚ ਕੀਤੇ ਗਏ ਸਫਲ ਯਤਨਾਂ ਤੋਂ ਗਊ ਸੰਬੰਧੀ ਆਪ ਦੀ ਭਾਵਨਾ ਦੀ ਇਹ ਲੋਕ ਕਾਫ਼ੀ ਕਦਰ ਕਰਦੇ ਹਨ। ਜੇ ਵਕਤ ਦਿੱਤੇ ਜਾਣ ਦੀ ਗੁੰਜਾਇਸ਼ ਹੋਵੇ ਤਾਂ ਨਿਰੀਖਿਅਕਾਂ ਵਿਚ ਆਪ ਨੂੰ ਸ਼ਾਮਿਲ ਕਰਨ ਵਿੱਚ ਇਹ ਲੋਕ ਮਾਣ ਮਹਿਸੂਸ ਕਰਦੇ ਹਨ। 1976 ਵਾਲੀ ਪ੍ਰਦਰਸ਼ਨੀ ਵਿੱਚ ਦੇਖਿਆ ਕਿ ਕਿੰਨੇ ਲੋਕ ਕਿੰਨੇ ਸਨੇਹ ਨਾਲ ਸਾਡੇ ਨਾਲ ਗੱਲਬਾਤ ਕਰਨ ਨੂੰ ਉਤਸਕ ਸਨ। ਇਕ ਬਜ਼ੁਰਗ ਨੇ ਖੂੰਡੀ ਹੱਥ ਵਿੱਚ ਫੜ੍ਹ ਕੇ ਬਹੁਤ ਦੂਰ ਤੱਕ ਲੱਗੀ ਪ੍ਰਦਰਸ਼ਨੀ ਵਿੱਚ ਸਾਡੀ ਅਗਵਾਈ ਕੀਤੀ ਸੀ। ਇਸ ਸੰਸਥਾ ਦੇ ਪ੍ਰਬੰਧਕ ਤੇ ਸਕੱਤਰ ਡਾ: ਗੋਰਥੇ ਨੇ ਸਾਨੂੰ ਦੱਸਿਆ ਸੀ ਕਿ ਭਾਵੇਂ ਡੈਨਮਾਰਕ, ਗਊ ਦੇ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਾਸਤੇ ਵਿਸ਼ਵ ਭਰ ਵਿਚ ਪ੍ਰਸਿੱਧ ਹੈ ਪਰ ਹੁਣ ਜਰਮਨੀ ਗਊ ਵੀ ਇੰਨੀ ਉੱਨਤ ਕਰ ਲਈ ਗਈ ਹੈ ਕਿ ਕੁਝ ਰਹਿੰਦਾ ਫਰਕ ਕੁਝ ਹੀ ਸਾਲਾਂ ਵਿਚ ਪੂਰਾ ਕਰਕੇ ਉਹ ਜੇ ਡੈਨਮਾਰਕ ਦੀ ਗਊ ਤੋਂ ਅੱਗੇ ਨਾ ਵਧੀ ਤਦ ਬਰਾਬਰ ਜ਼ਰੂਰ ਹੋ ਜਾਵੇਗੀ। ਇਸ ਕੌਮਾਂਤਰੀ ਮੇਲੇ ਵਿਚ ਕਾਫ਼ੀ ਵਿਦਵਾਨ ਤੇ ਖੋਜੀ ਗਊ ਪਾਲਕ ਤੇ ਖੇਤੀ ਬਾੜੀ ਦੇ ਮਾਹਰ ਆਏ ਹੁੰਦੇ ਹਨ। 1975 ਵਿਚ ਵੀ ਇਸ ਪ੍ਰਦਰਸ਼ਨੀ ਵਿਚ ਸ਼ਮੂਲੀਅਤ ਵਾਸਤੇ ਨਿਮੰਤਰਣ ਮਿਲਿਆ ਸੀ ਜਿਸ ਦੀ ਹੋਰ ਰੁਝੇਵਿਆਂ ਕਾਰਨ ਵਰਤੋਂ ਨਹੀਂ ਸੀ ਕੀਤੀ ਜਾ ਸਕੀ। ਕਹਿਣ ਦਾ ਭਾਵ ਹੈ ਕਿ ਗਊ ਪਾਲਕਾਂ ਦੇ ਇਸ ਕੌਮਾਂਤਰੀ ਖੇਤਰ 'ਚ ਵੀ ਸਤਿਗੁਰੂ ਜੀ ਦਾ ਵਿਸ਼ੇਸ਼ ਸਥਾਨ ਹੈ।

ਸਤਿਗੁਰੂ ਜੀ ਦੇ ਕੌਮਾਂਤਰੀ ਸੰਬੰਧਾਂ ਤੇ ਅੰਤਰ-ਰਾਸ਼ਟਰੀ ਸਮਸਿਆਵਾਂ ਵੱਲ ਆਪ ਦੀ ਪਹੁੰਚ ਤੇ ਇਹ ਇਕ ਕੇਵਲ ਪੰਛੀ ਝਾਤ ਜਿਹੀ ਹੈ।

- - - - - - - - - - - - - - - -

# ਯਾਦਾਂ ਦੇ ਝਰੋਖੇ 'ਚੋਂ- ਸਤਿਗੁਰੂ ਦਰਸ਼ਨ

**-ਸੁਵਰਨ ਸਿੰਘ ਵਿਰਕ**

ਮੇਰੇ ਵਡੇਰਿਆਂ ਦਾ ਪਿੰਡ ਝੱਬਰ, ਗੁਰਦੁਆਰਾ ਸੱਚਾ ਸੌਦਾ ਜਾਂ ਖਰਾ ਸੌਦਾ ਕਰਕੇ ਮਸ਼ਹੂਰ ਮੰਡੀ ਚੂਹੜਕਾਣਾ (ਜ਼ਿਲ੍ਹਾ ਸ਼ੇਖੂਪੁਰਾ, 1917 ਈ. ਤੋਂ ਪਹਿਲਾਂ ਜ਼ਿਲ੍ਹਾ ਗੁਰਜਰਾਂਵਾਲਾ) ਹੁਣ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉੱਤਰ ਪੂਰਬ ਦੀ ਦਿਸ਼ਾ, ਅੱਠ ਕਿੱਲੋਮੀਟਰ ਤੇ ਸਥਿੱਤ ਹੈ। ਜਦੋਂ ਭਾਈ ਮਹਿਰਾਜ ਸਿੰਘ ਹੋਰਾਂ ਨੇ ਰਾਵਲਪਿੰਡੀ ਦੇ ਸੈਨਿਕ ਦਰਬਾਰ ਵਿੱਚ ਹਥਿਆਰ ਸੌਂਪਣ ਤੋਂ ਨਾਂਹ ਕਰਕੇ ਅੰਗਰੇਜ਼ ਸਰਕਾਰ ਵਿਰੁੱਧ ਜੰਗ ਦਾ ਬਿਗ਼ਲ ਵਜਾ ਦਿੱਤਾ ਤਾਂ ਆਪ ਨੇ ਰਾਵਲਪਿੰਡੀ ਤੋਂ ਹੀ ਆਮ ਪੰਜਾਬੀ ਜਨਤਾ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਫਰੰਗੀਆਂ ਦੇ ਵਿਰੁੱਧ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਜਿਨ੍ਹਾਂ ਪਿੰਡਾਂ ਨੇ ਭਾਈ ਮਹਾਰਾਜ ਸਿੰਘ ਹੋਰਾਂ ਨੂੰ ਆਪਣੇ ਨਗਰਾਂ ਵਿੱਚ ਠਹਿਰਾਇਆ ਜਾਂ ਕਿਸੇ ਕਿਸਮ ਦੀ ਸਹਾਇਤਾ ਦਿੱਤੀ, ਉਹ ਪਿੰਡ ਨਵੀਂ ਬਣੀ ਅੰਗਰੇਜ਼ ਸਰਕਾਰ ਨੇ ਆਪਣਾ ਤਹਿਤ ਬੈਠਾਉਣ ਲਈ, ਅੱਗ ਲਾਕੇ ਸਾੜ ਦਿੱਤੇ ਸਨ। ਸਾਂਦਲ ਬਾਰ ਜਾਂ ਦੁੱਲੇ ਦੀ ਬਾਰ ਦੇ ਵਿਰਕ ਤਪੇ ਦੇ ਕੜਿਆਲ ਅਤੇ ਝੱਬਰ ਆਦਿ ਪਿੰਡ ਅੰਗਰੇਜ਼ੀ ਫੌਜ ਦੁਆਰਾ 1849 ਈ. ਵਿੱਚ ਸਾੜੇ ਗਏ ਸਨ। ਪੰਜਾਬੀ ਭਾਈਚਾਰਾ ਆਪਣੇ ਸੁਭਾਅ ਕਰਕੇ, ਆਜ਼ਾਦੀ ਪਸੰਦ ਹੈ ਅਤੇ ਇਹ ਲੰਮਾਂ ਸਮਾਂ ਕਿਸੇ ਦੀ ਗ਼ੁਲਾਮੀ ਨਹੀਂ ਕੱਟ ਸੱਕਦਾ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਲੋਪ ਹੋ ਰਹੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ, ਵੈਸਾਖੀ 1914 ਬਿ. ਮੁਤਾਬਿਕ 12 ਅਪ੍ਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਵੀ ਕੀਤੀ ਅਤੇ ਇਸੇ ਦਿਨ ਵਿਸ਼ਵ ਸ਼ਾਂਤੀ ਦਾ ਪਰਤੀਕ ਸਫ਼ੈਦ ਝੰਡਾ ਲਹਿਰਾ ਕੇ, ਅੰਗਰੇਜ਼ਾਂ ਵਿਰੁੱਧ ਸ਼ਾਂਤ-ਮਈ ਕੂਕਾ ਅੰਦੋਲਨ ਦੀ ਨੀਂਹ ਵੀ ਰੱਖ ਦਿੱਤੀ। ਸਤਿਗੁਰੂ ਜੀ ਦੇ ਪਰਚਾਰ ਦੌਰਿਆਂ ਨਾਲ, ਕੁਝ ਸਾਲਾਂ ਵਿੱਚ ਹੀ ਲੱਖਾਂ ਲੋਕ ਆਪ ਪਾਸੋਂ ਨਾਮ ਦੀ ਦਾਤ ਲੈ ਕੇ ਨਾਮਧਾਰੀ ਬਣ ਗਏ ਜੋ ਵਿਦੇਸ਼ੀ ਸਰਕਾਰ ਵਿਰੁੱਧ ਜ਼ੋਰ ਸ਼ੋਰ ਨਾਲ ਕੂਕਨ ਸਦਕਾ, ਕੂਕੇ ਕਹਿਲਾਏ।

ਸਾਡੇ ਖਿੱਤੇ ਵਿੱਚ ਵੈਸੇ ਤਾਂ ਸਤਿਗੁਰੂ ਰਾਮ ਸਿੰਘ ਸੈਨਿਕ ਜੀਵਨ ਸਮੇਂ ਵੀ ਆਉਂਦੇ ਰਹੇ ਸਨ ਪਰ 1858 ਈ. ਤੋਂ ਲੈਕੇ, ਪੰਜਾਬ ਵਿੱਚ ਆਪ ਦੇ ਸੁਤੰਤਰ ਵਿਚਰਨ ਸਮੇਂ ਆਪ ਇਧਰ ਪਰਚਾਰ ਦੌਰੇ ਕਰਦੇ ਅਤੇ ਨਾਮਧਾਰੀ ਸਿੰਘ ਸਜਾਉਂਦੇ ਰਹੇ। ਇਸ ਤਰ੍ਹਾਂ ਦੇ ਕਿਸੇ ਪਰਚਾਰ ਦੌਰੇ ਸਮੇਂ ਲੇਖਕ ਦਾ ਪੜਦਾਦਾ ਸਾਵਲ ਸਿੰਘ ਉਰਫ ਸਾਉਲ ਸਿੰਘ (ਕਾਗਜ਼ਾਂ ਵਿੱਚ ਸਾਵਣ ਸਿੰਘ) ਨਾਮਧਾਰੀ ਬਣ ਗਿਆ। ਉਸ ਦੇ ਦੋਵੇਂ ਪੁੱਤਰ ਵਧਾਵਾ ਸਿੰਘ ਅਤੇ ਛੋਟਾ ਜਿਊਣ ਸਿੰਘ (ਕਾਗਜ਼ਾਂ ਵਿੱਚ ਜੀਵਨ ਸਿੰਘ) ਵੀ ਪਿਤਾ ਦੀ ਲਾਗ ਤੋਂ ਕੂਕੇ ਬਣ ਗਏ। ਛੋਟਾ ਪੁੱਤਰ ਕੁਝ ਜ਼ਿਆਦਾ ਹੀ ਨਾਮਧਾਰੀ ਸੰਗਤ ਵਿੱਚ ਸਰਗਰਮ ਹੋ ਗਿਆ ਅਤੇ ਉਸਨੇ ਸਤਿਗੁਰੂ ਰਾਮ ਸਿੰਘ ਜੀ ਦੇ ਜਲੌਅ ਤੋਂ ਪ੍ਰਭਾਵਿਤ ਹੋ ਕੇ ਬਾਰਾਂ ਸਾਲ ਦੀ ਉਮਰ ਵਿੱਚ ਹੀ 1858-59 ਵਿੱਚ ਘਰ ਤਿਆਗ ਦਿੱਤਾ ਅਤੇ ਬਿਹੰਗਮ ਸਾਧੂਆਂ ਦੀਆਂ ਟੋਲੀਆਂ ਵਿੱਚ ਰਲ ਕੇ, ਨਾਮਧਾਰੀ ਸਿੱਖੀ ਦਾ ਮਾਝੇ ਅਤੇ ਮਾਲਵੇ ਵਿੱਚ ਪਰਚਾਰ ਕਰਦਾ ਰਿਹਾ। ਗੁਰੂ ਹਰੀ ਸਿੰਘ ਜੀ ਦੇ ਸਮੇਂ ਜਦੋਂ ਭਾਈ ਮੀਹਾਂ ਸਿੰਘ ਸਰਹਾਲੀ, ਮਰਗੋਈ ਟਾਪੂ ਵਿੱਚ ਜਾਕੇ, ਜਨਵਰੀ 1883 ਵਿੱਚ ਸਤਿਗੁਰੂ ਜੀ ਦੇ ਬੰਗਲੇ ਵਿੱਚ ਰਾਤ ਕੱਟਕੇ ਅਤੇ ਦਰਸ਼ਨ ਮੇਲੇ ਕਰਕੇ ਆਇਆ ਤਾਂ ਇਹ ਸੰਤ ਜਿਊਣ ਸਿੰਘ ਝੱਬਰ, ਗੁਰੂ ਬਚਨ ਸੁਣਨ ਦੀ ਸਿੱਕ ਦਾ ਵਿੰਨ੍ਹਿਆ, ਲਗਾਤਾਰ ਛੇ ਮਹੀਨੇ, ਮੀਹਾਂ ਸਿੰਘ ਹੋਰਾਂ ਦੀ ਸੰਗਤ ਵਿੱਚ ਹੀ ਰਿਹਾ। 19 ਜਨਵਰੀ, 1867 ਦੀ ਪੰਜਾਬ ਪੁਲੀਸ ਵੀ ਕੂਕਿਆਂ ਬਾਰੇ ਸੰਖੇਪ ਜਾਣਕਾਰੀ ਵਿੱਚ, ਝੱਬਰ (ਗੁਜਰਾਂਵਾਲਾ) ਪਿੰਡ ਦੇ ਚੰਦਾ ਸਿੰਘ, ਦਲ ਸਿੰਘ, ਦੂਲਾ ਸਿੰਘ, ਜੀਵਨ ਸਿੰਘ ਅਤੇ ਹਰਸਾ ਸਿੰਘ, ਪੰਜ ਕੂਕਿਆਂ ਦੇ ਨਾਮ ਮਿਲਣੇ, ਉਹਨਾਂ ਦੀ ਸਰਗਰਮੀ ਦਾ ਸਬੂਤ ਹਨ। ਜਦੋਂ ਕੁ ਜਿਹੇ, ਸ੍ਰੀ ਭੈਣੀ ਸਾਹਿਬ ਦਾ ਲੰਗਰ ਚੱਲਦਾ ਰੱਖਣ ਲਈ ਉਨ੍ਹੀਵੀਂ ਸਦੀ ਦੇ ਅੱਠਵੇਂ ਅਤੇ ਨੌਵੇਂ ਦਹਾਕੇ ਵਿੱਚ, ਬਹੁਤ ਸਾਰੇ ਕੂਕਿਆਂ ਨੇ ਆਪਣੀਆਂ ਜ਼ਮੀਨ ਜਾਇਦਾਦਾਂ ਵੇਚ ਕੇ ਲੰਗਰ ਵਿੱਚ ਲਿਆ ਪਾਈਆਂ, ਉਦੋਂ ਕੁ ਜਿਹੇ ਸੰਤ ਜਿਊਣ ਸਿੰਘ ਝੱਬਰ ਨੇ ਹਲ਼ ਹੇਠਲੀ ਆਪਣੀ ਚੰਗੀ ਜ਼ਮੀਨ ਦਾ ਅੱਧਾ ਮੁਰੱਬਾ ਵੇਚ ਕੇ ਹੀ, ਗੁਰੂ ਕੇ ਲੰਗਰ ਵਿੱਚ ਨਾ ਪਾਇਆ ਸਗੋਂ ਘਰ ਦਾ ਭਾਂਡਾ-ਟੀਂਡਾ, ਮੰਜੇ-ਬਿਸਤਰੇ ਵੀ ਉਗਰਾਹੀ ਵਾਲੇ ਗੱਡਿਆਂ ਤੇ ਲੱਦ ਕੇ, ਭੈਣੀ ਸਾਹਿਬ ਪੁਚਾ ਦਿੱਤੇ। ਗੁਰੂ ਹਰੀ ਸਿੰਘ ਜੀ ਦੇ

ਆਖ਼ਰੀ ਦੋ ਦਹਾਕਿਆਂ ਦਾ ਕਾਫ਼ੀ ਸਮਾਂ, ਉਹਨਾਂ ਗੁਰਦੁਆਰਾ ਭੈਣੀ ਸਾਹਿਬ ਵਿੱਚ, ਗੁਰੂ ਹਰੀ ਸਿੰਘ ਜੀ ਦੀ ਨਿਕਟਤਾ ਮਾਣਦਿਆਂ ਬਿਤਾਇਆ ਅਤੇ ਸਮੇਂ-ਸਮੇਂ ਨਾਮਧਾਰੀ ਸੰਗਤਾਂ ਵਿੱਚ ਵਿਚਰਦੇ ਵੀ ਰਹੇ।

ਸੰਤ ਜੀਊਣ ਸਿੰਘ ਝੱਬਰ ਲੇਖਕ (ਸ.ਸ. ਵਿਰਕ) ਦੇ ਦਾਦਾ ਜੀ ਸਨ। ਉਹਨਾਂ ਦੇ ਸਪੁੱਤਰ ਸਨ ਲੇਖਕ ਦੇ ਪਿਤਾ ਸ੍ਰੀ ਜਥੇਦਾਰ ਗੁਰਮੁਖ ਸਿੰਘ 'ਝੱਬਰ' ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਦ੍ਰਿੜ ਵਿਸ਼ਵਾਸੀ ਸਿੱਖ ਸਨ ਅਤੇ ਉਹਨਾਂ ਦੇ ਸਮੇਂ ਲਗਪਗ ਦੋ ਦਹਾਕੇ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਡੇਰਾ ਪਰਬੰਧਕ ਵੀ ਰਹੇ ਸਨ। ਉਹਨਾਂ ਨੇ ਜੀਵਨ ਦੇ ਕੋਈ ਚਾਲੀ ਸਾਲ, ਭੈਣੀ ਸਾਹਿਬ ਵਿਖੇ ਸੇਵਾ ਕਰਦਿਆਂ ਬਿਤਾਏ ਸਨ। ਡੇਰਾ ਪਰਬੰਧਕ ਦੇ ਕਾਰਜ ਦੇ ਨਾਲ-ਨਾਲ, ਜਗਤ ਮਾਤਾ ਭੁਪਿੰਦਰ ਕੌਰ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਬਾਅਦ, 1924 ਤੋਂ 1938 ਤੱਕ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਉਹਨਾਂ ਨੇ ਆਪ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਜਗਜੀਤ ਸਿੰਘ ਜੀ, ਜਿਹਨਾਂ ਨੂੰ ਬਚਪਨ ਵਿੱਚ ਬੇਅੰਤ ਜੀ ਕਿਹਾ ਜਾਂਦਾ ਸੀ, ਉਹਨਾਂ ਦੀ ਸੇਵਾ ਸੰਭਾਲ ਕੀਤੀ ਅਤੇ ਉਹਨਾਂ ਨੂੰ ਨਾਲ ਲੈ ਕੇ ਗੜ੍ਹਦੀਵਾਲਾ (ਹੁਸ਼ਿਆਰਪੁਰ), ਬੀੜ ਮਰਾਰੜੂ (ਅਮਲੋਹ ਦੇ ਨੇੜੇ ਰਿਆਸਤ ਨਾਭਾ) ਅਤੇ ਢੋਟੀਆਂ (ਲਾਇਲਪੁਰ) ਵਿੱਚ ਵੀ ਰਹਿੰਦੇ ਰਹੇ। ਦੇਸ਼ ਬਟਵਾਰੇ ਤੋਂ ਸਾਢੇ ਕੁ ਸੱਤ ਸਾਲ ਪਹਿਲਾਂ ਮੇਰੇ ਬਾਪੂ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ ਆਪਣੇ ਪਿੰਡ ਝੱਬਰ ਆ ਰਹੇ ਸਨ। ਦੇਸ਼ ਆਜ਼ਾਦ ਹੋਣ ਬਾਅਦ ਉਹ ਜਦੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪੁੱਜੇ ਤਾਂ ਉਹਨਾਂ ਨੂੰ ਇਕ ਸਿੰਘ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਸੁਣਾਇਆ ਕਿ ਉਹ ਸਿੱਧੇ ਭੈਣੀ ਸਾਹਿਬ ਆ ਜਾਣ। ਮੇਰੀ ਮਾਤਾ ਪ੍ਰੀਤਮ ਕੌਰ, ਬਾਪੂ ਜੀ ਅਤੇ ਹੋਰ ਜੀਅ ਇਸ ਤਰ੍ਹਾਂ ਸਤੰਬਰ 1947 ਵਿੱਚ ਸ੍ਰੀ ਭੈਣੀ ਸਾਹਿਬ ਆ ਗਏ। ਸਤਿਗੁਰੂ ਜੀ ਦੇ ਹੁਕਮ ਤੇ ਗੱਦੀ ਸਾਹਿਬ ਵਾਲੇ ਚੁਬਾਰੇ ਦੇ ਹੇਠਲੇ ਮੰਦਰਾਂ ਵਿੱਚ, ਉਹਨਾਂ ਦਾ ਡੇਰਾ ਲੱਗ ਗਿਆ। ਇੱਥੇ ਹੀ 9 ਦਸੰਬਰ 1948 ਦਿਨ ਵੀਰਵਾਰ ਨੂੰ ਮੇਰਾ ਜਨਮ ਹੋਇਆ। ਮੇਰੀ ਮਾਤਾ ਦਾ ਪਿਤਾ ਭਾਵ ਮੇਰਾ ਨਾਨਾ, ਸੰਤ ਆਤਮਾ ਸਿੰਘ ਬੁਰਜਰਾਇਕੇ (ਅੰਮ੍ਰਿਤਸਰ), ਸੰਤ ਕਿਸ਼ਨ ਸਿੰਘ ਦਾ ਪੁੱਤਰ ਸੀ ਜੋ ਸਰਹਾਲੀ ਦੇ ਸਰਦਾਰ ਸ਼ਾਮ ਸਿੰਘ ਦਾ ਪੁੱਤਰ ਸੀ ਅਤੇ ਸੰਤ ਜਿਊਣ ਸਿੰਘ ਸਰਹਾਲੀ ਤੇ ਮੀਹਾਂ ਸਿੰਘ ਸਰਹਾਲੀ, ਕਿਸ਼ਨ ਸਿੰਘ ਹੋਰਾਂ ਦੇ ਭਰਾ ਸਸ। ਸੋ ਲੇਖਕ ਦੇ ਨਾਨਕੇ ਅਤੇ ਦਾਦਕੇ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਚੱਲੇ ਆ ਰਹੇ ਸਨ।

ਲੇਖਕ ਨੇ ਜਿਸ ਮਾਹੌਲ ਵਿੱਚ ਅੱਖਾਂ ਖੋਹਲੀਆਂ ਸਨ, ਉਹ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗੁਆਈ ਵਾਲਾ 1947 ਤੋਂ ਬਾਅਦ ਦਾ ਸਮਾਂ ਸੀ, ਜਦੋਂ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਰਾਣੀਆਂ ਥਾਣੇ ਦੇ ਪਿੰਡ, ਚਚਾਲ ਕੋਠੀ ਵਿੱਚ ਸ੍ਰੀ ਜੀਵਨ ਨਗਰ ਦੇ ਨਾਮ ਹੇਠ, ਨਾਮਧਾਰੀਆਂ ਦੇ ਪੰਦਰਾਂ ਵੀਹ ਪਿੰਡਾਂ ਵਾਲਾ ਇਕ ਇਲਾਕਾ ਵਿਕਸਿਤ ਹੋ ਰਿਹਾ ਸੀ। ਆਪਣੇ ਦੇਸੀ ਤੇ ਵਿਦੇਸ਼ੀ ਦੌਰਿਆਂ ਤੋਂ ਬਚਦੇ ਸਮੇਂ ਵਿੱਚ ਸਤਿਗੁਰੂ ਜੀ ਨਵੇਂ ਆਬਾਦ ਇਲਾਕੇ ਵਿੱਚ ਦਰਸ਼ਨ ਦਿੰਦੇ। ਇਉਂ ਲੱਗਦਾ ਸੀ ਕਿ ਭੈਣੀ ਸਾਹਿਬ ਦੀਆਂ ਜ਼ਿਆਦਾ ਰੌਣਕਾਂ ਵੀ ਉਧਰ ਵੇਖਣ ਵਿੱਚ ਆਉਂਦੀਆਂ ਭਾਂਵੇਂ ਉਧਰ ਕਈ ਮੁਸੀਬਤਾਂ ਵੀ ਸਨ। ਇਹ ਇਲਾਕਾ ਬੇਸ਼ੱਕ ਉਦੋਂ ਦੀ ਬੀਕਾਨੇਰ ਰਿਆਸਤ ਦੇ ਇਕ ਕੋਨੇ ਨਾਲ ਖਹਿੰਦਾ, ਪੰਜਾਬ ਦਾ ਹੀ ਇਲਾਕਾ ਸੀ ਫਿਰ ਵੀ ਭੈਣੀ ਸਾਹਿਬ ਤੋਂ ਇਧਰ ਆਉਣ ਵਾਲਿਆਂ ਨੂੰ ਕਿਹਾ ਜਾਂਦਾ ਸੀ ਕਿ ਉਹ, ਬੀਕਾਨੇਰ ਜਾ ਰਹੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਬਾਰੇ ਪਹਿਲੀਆਂ ਯਾਦਾਂ ਤਾਂ ਮਾਤਾ ਤੋਂ ਸੁਣੀਆਂ ਹੀ ਹਨ। ਉਸਦੇ ਦੱਸਣ ਮੁਤਾਬਿਕ, ਸਤਿਗੁਰੂ ਜੀ ਸਿਆਮ ਦੌਰੇ ਤੋਂ ਮੁੜੇ ਸਨ। ਮੈਂ ਉਸ ਸਮੇਂ ਪੰਘੂੜੇ ਵਿੱਚ ਲੇਟਿਆ ਹੋਇਆ ਸਾਂ। ਮੇਰੇ ਪੰਘੂੜੇ ਨਾਲ ਸਤਿਗੁਰੂ ਜੀ ਨੇ ਸਿਆਮ (ਥਾਈਲੈਂਡ) ਵਿਚੋਂ ਲਿਆਂਦਾ ਕੋਈ ਖਿਡਾਉਣਾ ਬੰਨ੍ਹ ਦਿੱਤਾ ਅਤੇ ਫਿਰ ਕਹਿਣ ਲੱਗੇ- "ਸੁਵਰਨ: ਝਾਕ ਤਾਂਹ ਨੂੰ"। ਜਦੋਂ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਹੈੱਡ ਮਾਸਟਰ ਸਰਦਾਰ ਜੀਵਨ ਸਿੰਘ ਨੇ ਬਾਪੂ ਜੀ ਨੂੰ ਕਿਹਾ ਕਿ ਸੁਵਰਨ ਨੂੰ ਸਕੂਲ ਵਿੱਚ ਦਾਖ਼ਿਲ ਕਰਵਾ ਦਿਉ। ਉਹਨਾਂ ਦਾ ਜੁਆਬ ਸੀ ਕਿ ਸਾਡੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਦੇ ਹਨ। ਇਸ ਤੇ ਹੈੱਡ ਮਾਸਟਰ ਸਾਹਿਬ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਸ ਪ੍ਰਥਾਇ ਬੇਨਤੀ ਕੀਤੀ ਤਾਂ ਆਪ ਨੇ ਫੁਰਮਾਇਆ ਕਿ ਸਾਡਾ ਬਾਈਕਾਟ ਤਾਂ ਅੰਗਰੇਜ਼ੀ ਸਰਕਾਰ ਦੇ ਖੋਹਲੇ ਸਕੂਲਾਂ ਨਾਲ ਸੀ, ਹੁਣ ਨਹੀਂ ਹੈ। ਇਸ ਤੇ ਉਸ ਸਕੂਲ ਵਿੱਚ ਅਪਰੈਲ 1954 ਵਿੱਚ ਦਾਖਲ ਹੋ ਗਿਆ। ਹੁਣ ਸਤਿਗੁਰੂ ਜੀ ਜਦੋਂ ਵੀ ਸ੍ਰੀ ਭੈਣੀ ਸਾਹਿਬ ਆਉਂਦੇ, ਲੰਗਰ ਨੂੰ ਜਾਂਦੇ, ਮੰਦਰਾਂ ਕੋਲੋਂ ਲੰਘਦੇ ਤਾਂ ਮੈਨੂੰ ਕਹਿੰਦੇ- "ਸੁਵਰਨ ਲਿਆ ਕਾਇਦਾ, ਤੇਰੀ ਸੰਥਾ ਸੁਣੀਏ।"

ਇਸ ਸਕੂਲ ਵਿਚੋਂ ਇੱਕੇ ਸਾਲ ਵਿੱਚ ਪਹਿਲੀਆਂ ਦੋ ਜਮਾਤਾਂ ਪੜ੍ਹ ਲਈਆਂ। ਅਪਰੈਲ 1955 ਦੇ ਪਹਿਲੇ ਹਫਤੇ ਸਾਡਾ ਪਰਿਵਾਰ ਕਰੀਵਾਲਾ (ਸਿਰਸਾ) ਆ ਗਿਆ ਜਿੱਥੇ

ਜ਼ਮੀਨ ਬੰਜ਼ਰ ਸੀ, ਜੰਗਲ ਸੀ। ਉਸਨੂੰ ਆਬਾਦ ਕਰਨ ਲਈ ਬਾਪੂ ਜੀ ਨੂੰ ਹੁਣ ਕਰੀਵਾਲੇ ਰਹਿਣਾ ਜ਼ਰੂਰੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਗਾਹੇ ਬਗਾਹੇ, ਕਰੀਵਾਲੇ, ਸੰਤ ਨਗਰ ਜਾਂ ਜੀਵਨ ਨਗਰ ਵਿਖੇ ਬਾਪੂ ਜੀ ਨਾਲ ਦਰਸ਼ਨਾਂ ਦਾ ਸਬੱਬ ਬਣ ਜਾਂਦਾ ਸੀ। ਇੱਕ ਵੇਰ ਇਸ ਤੋਂ ਪਹਿਲਾਂ ਪਟਿਆਲਾ ਵਿਖੇ ਪਸ਼ੂ ਪਰਦਰਸ਼ਨੀ ਸੀ। ਉਦੋਂ ਅਸੀਂ ਅਜੇ ਭੈਣੀ ਸਾਹਿਬ ਹੀ ਰਹਿੰਦੇ ਸਾਂ। ਬਾਬਾ ਜਗਜੀਤ ਸਿੰਘ ਜੀ, ਸਤਿਗੁਰੂ ਜੀ ਦੇ ਬਹੁਤ ਸਾਰੇ ਪਸ਼ੂਆਂ ਸਮੇਤ ਪਰਦਰਸ਼ਨੀ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਨੇ ਬਹੁਤ ਸਾਰੇ ਇਨਾਮ ਸਨਮਾਨ ਹਾਸਿਲ ਕੀਤੇ। ਆਉਂਦੀ ਵਾਰ ਮੈਂ ਬਾਪੂ ਜੀ ਦੇ ਨਾਲ ਸਤਿਗੁਰੂ ਜੀ ਦੀ ਸਵਾਰੀ ਵਾਲੀ ਗੱਡੀ ਵਿੱਚ ਆਇਆ ਸਾਂ। ਸਾਨੂੰ ਰਾਤ ਪਟਿਆਲੇ ਹੀ ਪੈ ਗਈ। ਵਾਪਸੀ ਤੇ ਬਾਬਾ ਜਗਜੀਤ ਸਿੰਘ ਜੀ ਦੇ ਕਹਿਣ ਤੇ ਬਾਪੂ ਜੀ ਉਹਨਾਂ ਦੇ ਨਾਲ ਹੋ ਗਏ ਅਤੇ ਮੈਨੂੰ ਸਤਿਗੁਰੂ ਜੀ ਨੇ ਆਪਣੀ ਗੱਡੀ ਵਿੱਚ, ਸੰਤ ਗਿਆਨਾ ਸਿੰਘ ਹੋਰਾਂ ਦੀ ਗੋਦ ਵਿੱਚ ਬੈਠਾ ਦਿੱਤਾ। ਰਾਤ ਸਤਿਗੁਰੂ ਜੀ ਦਾ ਡੇਰਾ ਕਿਸੇ ਪਿੰਡ ਵਿੱਚ ਸੀ। ਸਵੇਰੇ ਜਦੋਂ ਮੈਂ ਸੁੱਤਾ ਹੀ ਸਾਂ ਤਾਂ ਬਾਪੂ ਜੀ ਨੇ ਮੈਨੂੰ ਆਣ ਜਗਾਇਆ ਸੀ। ਜਦੋਂ ਅਜੇ ਕਰੀਵਾਲੇ ਸਾਨੂੰ ਆਇਆਂ ਨੂੰ ਸਾਲ ਕੁ ਹੀ ਮਸਾਂ ਹੋਇਆ ਸੀ ਕਿ ਸਤਿਗੁਰੂ ਜੀ ਇੱਥੇ ਇਕ ਪੁਰਾਣੇ ਸਿੱਖ ਬਾਬਾ ਸਾਉਣ ਸਿੰਘ ਮਨ੍ਹੇਸ ਦੇ ਭੋਗ ਤੇ ਦਰਸ਼ਨ ਦਿੱਤੇ ਸਨ। ਜਦੋਂ ਸਤਿਗੁਰੂ ਜੀ ਵਾਪਸ ਮੁੜੇ ਤਾਂ ਪਿੰਡ ਦੇ ਹਾਣੀ ਮੁੰਡਿਆਂ ਦੇ ਨਾਲ ਮੈਂ ਵੀ ਉਹਨਾਂ ਦੀ ਗੱਡੀ ਮਗਰ ਭੱਜਿਆ। ਸੰਤ ਰਤਨ ਸਿੰਘ ਜੀ ਹਜ਼ੂਰੀ ਲਾਂਗਰੀ ਗੱਡੀ ਚਲਾ ਰਹੇ ਸਨ। ਸੰਤ ਜੀ ਨੇ ਗੱਡੀ ਰੋਕ ਕੇ ਮੁੰਡਿਆਂ ਨੂੰ ਦਬਕਾ ਮਾਰਿਆ ਤੇ ਮੈਨੂੰ ਵੀ ਉਹਨਾਂ ਵਿੱਚ ਵੇਖ ਕੇ ਕਹਿੰਦੇ- 'ਸੁਵਰਨ ਤੂੰ ਵੀ' ਤੇ ਇਕ ਪੋਲੀ ਜਿਹੀ ਚਪੇੜ ਵੀ ਮੈਨੂੰ ਲਾ ਦਿੱਤੀ। ਸਤਿਗੁਰੂ ਜੀ ਨੇ ਸ਼ਾਇਦ ਵੇਖ ਲਿਆ ਸੀ। ਉਹਨਾਂ ਇਸ਼ਾਰਾ ਕੀਤਾ ਕਿ ਅੱਗੇ ਆ ਜਾ। ਮੈਂ ਸੋਚਿਆ ਕਿ ਹੋਰ ਪੈਣਗੀਆਂ। ਜਦੋਂ ਮੈਂ ਨੇੜੇ ਗਿਆ ਸਤਿਗੁਰੂ ਜੀ ਨੇ ਆਪਣੇ ਨਾਲ ਮੈਨੂੰ ਜੀਪ ਵਿੱਚ ਬਿਠਾ ਲਿਆ। ਡੱਬੇ ਵਿਚੋਂ ਕੱਢਕੇ ਕੋਈ ਛਕਣ ਵਾਲਾ ਪਦਾਰਥ ਮੇਰੇ ਬੁੱਕ ਵਿੱਚ ਪਾ ਦਿੱਤਾ ਅਤੇ ਜਦੋਂ ਸਾਡੇ ਘਰ ਵਾਲੀ ਗਲ਼ੀ ਆ ਗਈ, ਗੱਡੀ ਰੋਕ ਕੇ ਕਹਿੰਦੇ- "ਜਾਹ ਬਈ ਔਹ ਸਾਹਮਣੇ ਤੇਰਾ ਘਰ ਹੈ।"

ਇਸ ਤੋਂ ਬਾਅਦ ਇਕ ਵੇਰ ਫਿਰ ਸਤਿਗੁਰੂ ਜੀ ਦਾ ਉਤਾਰਾ ਕਰੀਵਾਲੇ ਦੇ ਕਿਰਪਾਲ ਸਿੰਘ ਪੁੱਤਰ ਸਰਦਾਰ ਮਾਨ ਸਿੰਘ ਦੇ ਘਰ ਸੀ। ਨੇੜੇ ਹੀ ਚਾਚਾ ਅਵਤਾਰ ਸਿੰਘ ਝੱਬਰ ਹੋਰਾਂ ਦਾ ਉਹ ਘਰ ਸੀ ਜੋ ਅੱਜ ਕੱਲ੍ਹ ਗੁਰਨਾਮ ਸਿੰਘ ਪੁੱਤਰ ਕਰਨੈਲ ਸਿੰਘ ਵੜੈਚ ਦਾ ਘਰ ਹੈ। ਉਸ ਸਮੇਂ ਜਿਹਨਾਂ ਨੂੰ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ ਜੀ) ਕਿਹਾ ਜਾਂਦਾ ਸੀ ਉਹ ਦੋਵੇਂ ਇੱਧਰ, ਚਾਚਾ ਅਵਤਾਰ ਸਿੰਘ ਹੋਰਾਂ ਦੇ ਘਰ ਵਿੱਚ ਸਨ। ਇਕ ਕਮਰੇ ਵਿੱਚ ਕੁਝ ਫੋਟੋਆਂ ਕੰਧਾਂ 'ਤੇ ਲੱਗੀਆਂ ਹੋਈਆਂ ਸਨ। ਵੱਡੇ ਬਾਬਾ ਜੀ ਕਿਸੇ ਮੰਜੇ ਤੇ ਖਲੋ ਕੇ ਉਹਨਾਂ ਫੋਟੋਆਂ ਨੂੰ ਕੰਧ ਤੋਂ ਉਤਾਰ ਕੇ ਵੇਖ ਰਹੇ ਸਨ, ਸ਼ਾਇਦ ਕੁਝ ਚਿਹਰੇ ਪਹਿਚਾਣ ਰਹੇ ਸਨ। ਮੈਂ ਅਤੇ ਪਿੰਡ ਦੇ ਕੁਝ ਹੋਰ ਦੋ ਚਾਰ ਬੱਚੇ ਵੀ ਜਿਗਿਆਸਾ ਵੱਸ, ਉਸ ਫੋਟੋਆਂ ਵਾਲੇ ਕਮਰੇ ਦੇ ਕਦੇ ਅੰਦਰ ਝਾਤੀ ਮਾਰਦੇ ਸਾਂ ਕਦੇ ਬਾਹਰ ਵੱਲ ਵੇਖਦੇ ਸਾਂ। ਵੱਡੇ ਬਾਬਾ ਜੀ ਨੇ ਮੈਨੂੰ ਇਸ਼ਾਰੇ ਨਾਲ ਆਪਣੇ ਪਾਸ ਬੁਲਾਇਆ ਅਤੇ ਨਾਲ ਦੇ ਕਿਸੇ ਸਾਡੇ ਇਲਾਕੇ ਤੋਂ ਬਾਹਰ ਦੇ ਸਿੰਘ ਵੱਲ ਇਸ਼ਾਰਾ ਕਰਕੇ ਅਤੇ ਫਿਰ ਮੇਰੇ ਵੱਲ ਆਪਣਾ ਹੱਥ ਵਧਾ ਕੇ, ਕਹਿਣ ਲੱਗੇ- "ਜਾਣਦੇ ਹੋ ਇਹ ਮੁੰਡਾ ਮੇਰਾ ਕੀ ਲੱਗਦਾ?" ਉਸ ਸਿੰਘ ਦੀ ਖ਼ਾਮੋਸ਼ੀ ਤੇ ਫਿਰ ਆਪ ਨੇ ਹੀ ਕਿਹਾ- " ਇਹ ਮੁੰਡਾ ਮੇਰਾ ਭਤੀਜਾ ਹੈ। " ਸ਼ਾਮ ਨੂੰ ਆਪਣੇ ਘਰ ਮੈਂ ਬਾਪੂ ਜੀ ਨੂੰ ਕਿਹਾ ਕਿ ਅੱਜ ਵੱਡੇ ਬਾਬਾ ਜੀ ਮੈਨੂੰ ਇਸ ਤਰ੍ਹਾਂ ਕਹਿੰਦੇ ਸਨ। ਬਾਪੂ ਜੀ ਆਖਣ ਲੱਗੇ ਕਿ ਠੀਕ ਹੀ ਕਹਿੰਦੇ ਸਨ, ਜਦੋਂ ਮੈਂ ਭੈਣੀ ਸਾਹਿਬ ਇਹਨਾਂ ਦੀ ਸੇਵਾ ਵਿੱਚ ਹੁੰਦਾ ਸਾਂ ਤਾਂ ਸਤਿਗੁਰੂ ਜੀ ਆਪਣੇ ਦੋਹਾਂ ਸਾਹਿਬਜ਼ਾਦਿਆਂ ਨੂੰ ਕਈ ਵੇਰ ਫ਼ੁਰਮਾਇਆ ਕਰਦੇ ਸਨ ਕਿ ਗੁਰਮੁਖ ਸਿੰਘ (ਝੱਬਰ) ਤੁਹਾਡਾ ਵੱਡਾ ਭਰਾ ਹੈ।

ਇਹਨਾਂ ਸਾਲਾਂ ਵਿੱਚ ਗਰਮੀਆਂ ਦੇ ਮੌਸਮ ਵਿੱਚ ਇਕ ਦੋ ਵੇਰ ਸਤਿਗੁਰੂ ਪਰਤਾਪ ਸਿੰਘ ਜੀ ਕਰੀਵਾਲੇ ਵਾਲੇ ਸਾਡੇ ਪੁਰਾਣੇ ਘਰ (ਜਿੱਥੇ ਹੁਣ ਸੁਵਰਨ ਸਿੰਘ ਪੁੱਤਰ ਘਸੀਟਾ ਸਿੰਘ ਦਾ ਲੜਕਾ ਮੁਖਤਿਆਰ ਸਿੰਘ ਰਹਿੰਦਾ ਹੈ) ਦੀ ਛੱਤ 'ਤੇ ਬਿਰਾਜੇ ਸਨ ਪਰ ਸਵੇਰੇ ਮੇਰੇ ਉੱਠਣ ਤੋਂ ਪਹਿਲਾਂ ਹੀ ਛੱਤ ਖ਼ਾਲੀ ਹੁੰਦੀ ਸੀ ਕਿਉਂਕਿ ਸਤਿਗੁਰੂ ਜੀ ਸੇਵਕਾਂ ਸਮੇਤ ਜਾ ਚੁੱਕੇ ਹੁੰਦੇ ਸਨ। ਵੈਸਾਖ 2016 ਬਿ. (ਮਈ 1959 ਈ.) ਵਿੱਚ ਸਤਿਗੁਰੂ ਜੀ ਦਾ ਇਲਾਕਾ ਜੀਵਨ ਨਗਰ ਦਾ ਆਖਰੀ ਦੌਰਾ ਸੀ। ਮੈਂ ਵੀ ਬਾਪੂ ਜੀ ਨਾਲ ਕਰੀਵਾਲੇ ਤੋਂ ਜੀਵਨ ਨਗਰ ਪੁੱਜ ਗਿਆ। ਲਹਿੰਦੇ ਪਾਸੇ ਵਾਲੀ ਕੋਠੀ ਦੀ ਕੰਧ ਨਾਲ ਬਕੈਣਾਂ ਦੇ ਹੇਠ, ਭਾਈ ਵਜ਼ੀਰ ਸਿੰਘ ਤੇ ਹੋਰ ਸਿੱਖ ਸੇਵਕ ਬੈਠੇ ਸਨ। ਉਹਨਾਂ ਸਿੱਖਾਂ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਅਜੇ ਬਿਰਾਜੇ ਹਨ, ਦੇਹ ਕੁਝ ਢਿੱਲੀ ਹੈ। ਬਾਪੂ ਜੀ ਉਹਨਾਂ ਸਿੱਖਾਂ

ਪਾਸ ਬੈਠ ਗਏ। ਮੈਂ ਬੱਚਿਆਂ ਜਿਉਂ ਕੋਠੀ ਵੱਲ ਚਲਾ ਗਿਆ। ਬਰਾਂਡਾ ਲੰਘ ਕੇ ਇਕ ਜਾਲ਼ੀ ਵਾਲਾ ਬੂਹਾ, ਮੈਂ ਅੱਧਾ ਕੁ ਖੋਹਲਿਆ ਸੀ ਕਿ ਮੰਜੇ ਤੇ ਉੱਪਰ ਚਾਦਰ ਲੈ ਕੇ ਲੇਟੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਮੈਂ ਘਬਰਾ ਕੇ ਬੂਹੇ ਤੋਂ ਹੀ ਪਿਛਾਂਹ ਮੁੜਿਆ ਕਿ ਅਵੱਗਿਆ ਹੋ ਗਈ ਹੈ, ਸਤਿਗੁਰੂ ਜੀ ਬੂਹੇ ਦੇ ਖੜਾਕ ਨਾਲ ਜਾਗ ਜਾਣਗੇ। ਮੁੜਦਿਆਂ ਹੀ ਮੇਰੇ ਕੰਨਾਂ ਵਿੱਚ ਉਹ ਮਿੱਠੀ, ਮਧੁਰ ਤੇ ਭਾਰੀ ਗੌਰੀ ਆਵਾਜ਼ ਪਈ- "ਰਤਨ! ਸੁਵਰਨ ਆਇਆ ਐ!!" ਲਾਂਗਰੀ ਭਾਈ ਰਤਨ ਸਿੰਘ ਹੋਰਾਂ ਨੂੰ ਇਸ਼ਾਰਾ ਸੀ ਕਿ ਸੁਵਰਨ ਨੂੰ ਕੁਝ ਛਕਣ ਲਈ ਦੇਹ। ਉਸ ਦਿਨ ਸ਼ਾਮ ਤੱਕ ਸਤਿਗੁਰੂ ਜੀ ਕੁਝ ਸੁਅਸਥ ਹੋ ਗਏ। ਬਾਪੂ ਜੀ ਨੂੰ ਕਿਹਾ ਕਿ ਜੀਪ ਵਿੱਚ ਬੈਠੋ ਨਾਲੇ ਬਾਹਰ ਖੇਤਾਂ ਵਿੱਚ ਗੇੜਾ ਮਾਰਾਂਗੇ ਨਾਲੇ ਤੁਹਾਨੂੰ ਪਿੰਡ ਦੇ ਨੇੜੇ ਛੱਡ ਆਵਾਂਗੇ। ਪੈਲੀਆਂ ਵਿੱਚ ਘੁੰਮਦੇ ਘੁੰਮਾਉਂਦੇ ਮਿਰਜ਼ਾਪੁਰ ਥੇਹੜ ਤੇ ਪੁੱਜ ਕੇ ਕਹਿੰਦੇ ਹੁਣ ਤੁਸੀਂ ਸਿੱਧੇ ਹੋ ਜਾਉ ਖੂਹ ਅੰਮ੍ਰਿਤਸਰੀਆਂ ਵੱਲ ਨੂੰ। ਉਦੋਂ ਡੰਡੀਆਂ ਜਾਂਦੀਆਂ ਸਨ ਖੂਹ ਤੋਂ ਧਰਮਪੁਰਾ ਤੋਂ ਅੱਗੇ ਕਰੀਵਾਲੇ ਪੁੱਜ ਜਾਈਦਾ ਸੀ।

ਇਸੇ ਸਾਲ 21 ਅਗਸਤ 1959 ਦੀ ਅੱਧੀ ਕੁ ਰਾਤ ਨੂੰ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਵਿਚ ਜੋਤੀ ਜੋਤਿ ਸਮਾ ਗਏ। ਮੈਂ ਉਦੋਂ ਛੇਵੀਂ ਜਮਾਤ ਵਿੱਚ ਕਰੀਵਾਲੇ ਦੇ ਸਰਕਾਰੀ ਮਿਡਲ ਸਕੂਲ ਵਿੱਚ ਪੜ੍ਹਦਾ ਸਾਂ। ਮੈਂ ਦੋ ਕੁ ਵਜੇ ਜਾਂ ਰਤਾ ਪਹਿਲਾਂ ਸਕੂਲ ਦੀ ਛੁੱਟੀ ਹੋਣ ਤੇ ਮੁੜਿਆ ਸਾਂ 22 ਅਗਸਤ ਦੇ ਦਿਨ। ਮੈਂ ਅਜੇ ਆਪਣਾ ਬਸਤਾ ਵਿਹੜੇ ਵਿੱਚ ਰੱਖ ਕੇ ਮੰਜੀ ਤੇ ਬੈਠਾ ਹੀ ਸਾਂ ਕਿ ਮੇਰਾ ਵੱਡਾ ਭਰਾ ਗੁਰਚਰਨ ਸਿੰਘ ਜੋ ਮੈਥੋਂ ਤੇਰਾਂ ਵਰ੍ਹੇ ਵੱਡਾ ਸੀ ਬਾਹਰੋਂ ਰੋਂਦਾ-ਰੋਂਦਾ ਆ ਗਿਆ। ਬਾਪੂ ਜੀ ਉਸ ਨੂੰ ਵਾਰ-ਵਾਰ ਪੁੱਛ ਰਹੇ ਸਨ ਕਿ ਤੈਨੂੰ ਕੀ ਹੋਇਆ ਹੈ ਪਰ ਉਸ ਦੀ ਰੋਂਦਿਆਂ ਦੀ ਘਿੱਗੀ ਬੱਝ ਗਈ ਸੀ। ਬੜੀ ਮੁਸ਼ਕਿਲ ਨਾਲ ਉਸ ਸਤਿਗੁਰੂ ਜੀ ਦੇ ਨਾ ਰਹਿਣ ਵਾਲੀ ਖ਼ਬਰ ਦੱਸੀ ਜੋ ਰੇਡੀਉ ਤੇ ਜਲੰਧਰੋਂ ਨਸ਼ਰ ਹੋਈ ਸੀ ਤੇ ਉਹ ਪਿੰਡ ਵਿਚੋਂ ਕਿਤੋਂ ਸੁਣ ਕੇ ਆਇਆ ਸੀ। ਹੁਣ ਬਾਪੂ ਜੀ ਕਿੰਨਾ ਚਿਰ ਖ਼ਾਮੋਸ਼ ਰਹੇ। ਉਹ ਬਾਅਦ ਵਿੱਚ ਦੱਸਿਆ ਕਰਦੇ ਸਨ ਕਿ ਮੈਂ ਘਰ ਵਿਚ ਤੁਹਾਡੇ ਸਾਹਮਣੇ ਸਬਰ ਰੱਖਦਾ ਸਾਂ ਪਰ ਪੈਲੀ ਵਿੱਚ ਜਾਕੇ ਦਿਲ ਦਾ ਭਾਰ ਹੌਲ਼ਾ ਕਰ ਲੈਂਦਾ ਸਾਂ। ਉਹ ਉਸੇ ਵੇਲੇ ਸਿਰਸੇ ਤੋਂ ਸ਼ਾਮ ਦੀ ਰੇਲ ਫੜਨ ਲਈ ਨਹਿਰ ਦੇ ਪੁਲ ਨੂੰ ਚੱਲ ਪਏ ਜਿੱਥੋਂ ਓਟੂ ਤੱਕ ਕਿਰਾਏ ਤੇ ਸੁਆਰੀਆਂ ਢੋਣ ਵਾਲੇ ਸਾਈਕਲ ਚੱਲਦੇ ਸਨ ਅਤੇ ਅੱਗੋਂ ਸਿਰਸੇ ਤੱਕ ਟੈਂਪੂ। ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਛੋੜਾ ਨਾਮਧਾਰੀ ਸੰਗਤਾਂ ਨੇ ਉਸ ਲੋਕ-ਟੱਪੇ ਦੇ ਰੂਪ ਵਿੱਚ ਹੰਢਾਇਆ ਸੀ ਜੋ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਹਜ਼ੂਰ ਦੇ ਸ਼ਰਧਾਂਜਲੀ ਸਮਾਗਮ ਸਮੇਂ ਬੋਲਿਆ ਸੀ-

"ਸੋਨੇ ਦਾ ਕਿੱਲ ਮਾਹੀਆ!
ਲੋਕਾਂ ਦੀਆਂ ਰੋਣ ਅੱਖੀਆਂ
ਸਾਡਾ ਰੋਂਦਾ ਈ ਦਿਲ ਮਾਹੀਆ!!"

ਹੁਣ ਸਤਿਗੁਰੂ ਜਗਜੀਤ ਸਿੰਘ ਜੀ 39 ਕੁ ਸਾਲ ਦੀ ਆਰਜਾ ਵਿੱਚ ਨਾਮਧਾਰੀ ਸਿੱਖ ਪੰਥ ਦੀ ਗੁਰਗੱਦੀ ਤੇ ਬਿਰਾਜਮਾਨ ਹੋ ਗਏ ਸਨ। ਸੰਨ 1960 ਦੇ ਜਨਵਰੀ ਮਹੀਨੇ ਬਾਪੂ ਜੀ ਦੇ ਚਾਚਾ ਘਸੀਟਾ ਸਿੰਘ, ਚਲਾਣਾ ਕਰ ਗਏ ਸਨ। ਉਹਨਾਂ ਦੇ ਭੋਗ ਤੇ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿਛੋੜੇ ਨਾਲ ਸਬੰਧਿਤ ਇਕ ਕਵਿਤਾ ਪੜ੍ਹੀ। ਇਸ ਵਿੱਚ ਮੈਂ ਸਤਿਗੁਰੂ ਜੀ ਦੇ ਚਲਾਣਾ ਕਰਨ ਬਾਬਤ ਕੋਈ ਸ਼ਬਦ ਵਰਤਿਆ ਸੀ। ਜਦੋਂ ਮੈਂ ਬੋਲ ਹਟਿਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੋਲ ਬੁਲਾ ਕੇ ਮੈਨੂੰ ਸਮਝਾਇਆ ਕਿ ਸਤਿਗੁਰੂ ਜੀ ਲਈ ਸ਼ਬਦ ਚਲਾਣਾ ਨਹੀਂ, ਦੇਹ ਦਾ ਓਹਲਾ ਕਰਨਾ ਵਰਤਿਆ ਜਾਂਦਾ ਹੈ। ਮੈਂ ਤੁਕ ਵਿੱਚ ਤੁਰੰਤ ਸੋਧ ਕਰਕੇ ਦੁਬਾਰਾ ਪੜ੍ਹ ਦਿੱਤੀ। ਖੁਸ਼ੀਆਂ ਮਿਲ ਗਈਆਂ। ਸੰਨ 1962 ਦੇ ਮਾਰਚ ਵਿੱਚ ਮੈਂ ਅੱਠਵੀਂ ਦਾ ਇਮਤਿਹਾਨ ਪਾਸ ਕਰ ਲਿਆ। ਮੇਰੇ ਨਾਲ ਦੇ ਸਾਰੇ ਵਿਦਿਆਰਥੀ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਦਾਖ਼ਲ ਹੋ ਗਏ। ਮੈਂ ਵੀ ਉਸੇ ਸਕੂਲ ਵਿਚ ਦਾਖ਼ਲ ਹੋਣ ਲਈ ਬਾਪੂ ਜੀ ਨੂੰ ਕਿਹਾ। ਪਰ ਬਾਪੂ ਜੀ ਨੇ ਕਿਹਾ ਕਿ ਤੂੰ ਸਿਰਸੇ ਜਾ ਕੇ ਪੜ੍ਹੇਂਗਾ। ਮੈਂ ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਸਿਰਸਾ ਵਿੱਚ ਦਾਖ਼ਲ ਹੋ ਗਿਆ। ਇੱਥੇ ਕਰੀਵਾਲਾ ਤੇ ਇਲਾਕੇ ਦੇ ਕੁਝ ਹੋਰ ਨੌਜੁਆਨ ਮੇਰੇ ਤੋਂ ਪਹਿਲਾਂ ਪੜ੍ਹਦੇ ਸਨ। ਦੋ-ਦੋ ਮਹੀਨੇ ਪਿੰਡ ਨਾ ਜਾਣਾ ਮਿਲਦਾ। ਜੀਅ ਲੱਗਣਾ ਵੀ ਮੁਸ਼ਕਿਲ ਜਾਪੇ। ਜਦੋਂ ਮੈਂ ਦੋ ਤਿੰਨ ਵੇਰ ਬਾਪੂ ਜੀ ਨੂੰ ਜੀਵਨ ਨਗਰ ਪੜ੍ਹਨ ਬਾਰੇ ਕਿਹਾ ਤਾਂ ਉਹਨਾਂ ਕਿਹਾ ਕਿ ਪੜ੍ਹਨਾ ਹੈ ਤਾਂ ਸਿਰਸੇ, ਨਹੀਂ ਤਾਂ ਘਰ ਆ ਕੇ ਡੰਗਰ ਚਾਰ। ਬਾਅਦ ਵਿੱਚ ਬਾਪੂ ਜੀ ਨੇ ਦੱਸਿਆ ਸੀ ਕਿ ਜਦੋਂ ਤੇਰੇ ਬਾਰੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਨੂੰ ਪੁੱਛਿਆ ਸੀ ਕਿ ਇਹਨੂੰ ਕਿੱਥੇ ਪੜ੍ਹਾਈਏ ਤਾਂ ਉਹਨਾਂ ਕਿਹਾ ਸੀ ਕਿ ਸਾਡੇ ਸਕੂਲ ਵਿੱਚ (ਜੀਵਨ ਨਗਰ) ਸਾਇੰਸ ਨਹੀਂ ਅਤੇ ਮੈਂ ਚਾਹੁੰਦਾ ਹਾਂ ਕਿ ਸੁਵਰਨ ਸਾਇੰਸ ਪੜ੍ਹੇ, ਇਸ ਲਈ ਇਹਨੂੰ ਸਿਰਸੇ ਪੜ੍ਹਾਓ ਇਹ ਵਜ੍ਹਾ ਬਣੀ ਮੇਰੇ ਸਿਰਸੇ ਜਾ ਕੇ ਪੜ੍ਹਨ ਦੀ। ਇਹ ਵੱਖਰੀ ਗੱਲ ਹੈ ਕਿ ਪ੍ਰੀ-ਇੰਜੀਨੀਅਰਿੰਗ ਪਾਸ ਕਰਨ

ਬਾਅਦ ਮੈਨੂੰ ਆਪਣੀਆਂ ਸਾਹਿਤਕ ਅਤੇ ਸਿਲੇਬਸ ਤੋਂ ਬਾਹਰਲੀਆਂ ਕਾਰਵਾਈਆਂ ਵੱਲ ਰੁਚਿਤ ਹੋਣ ਕਾਰਨ, ਬੀ.ਐਸ.ਸੀ. ਛੱਡ ਕੇ ਬੀ.ਏ. ਵੱਲ ਪਰਤਣਾ ਪਿਆ। ਜਦੋਂ ਮੈਂ 1962 ਵਿੱਚ ਸਿਰਸੇ ਨੌਵੀਂ ਵਿੱਚ ਪੜ੍ਹਦਾ ਸਾਂ ਤਾਂ ਉਸ ਸਮੇਂ ਸਾਈਕਲ ਵੀ ਬਹੁਤ ਘੱਟ ਹੁੰਦੇ ਸਨ। ਜਦੋਂ ਕਿਸੇ ਨੇੜਲੇ ਪਿੰਡ ਵਾਲੇ ਮੁੰਡੇ ਦਾ ਸਾਇਕਲ ਮਿਲ ਜਾਂਦਾ ਤਾਂ ਅਸੀਂ ਦੂਜੇ ਕੁ ਮਹੀਨੇ ਦੋ ਜਣੇ ਰਲਕੇ, ਸ਼ਨੀਵਾਰ ਬਾਦ ਦੁਪਹਿਰ ਪਿੰਡ ਨੂੰ ਚੱਲ ਪੈਂਦੇ। ਚਾਚਾ ਰਜਵੰਤ ਸਿੰਘ ਝੱਬਰ ਦਾ ਪੰਜਵੇਂ ਨੰਬਰ ਵਾਲਾ ਲੜਕਾ, ਬਲਵਿੰਦਰ ਸਿੰਘ ਮੇਰੇ ਤੋਂ ਇਕ ਜਮਾਤ ਅੱਗੇ ਸੀ, ਉਹ ਉਮਰ ਵਿੱਚ ਵੀ ਮੈਥੋਂ ਕੁਝ ਸਾਲ ਵੱਡਾ ਹੈ। ਉਹ ਵੀ ਮੇਰੇ ਜਿਉਂ ਹੋਸਟਲ ਵਿੱਚ ਰਹਿੰਦਾ ਸੀ। ਇਕ ਦਿਨ ਸਾਨੂੰ ਦੋਹਾਂ ਨੂੰ ਸਾਈਕਲ ਮਿਲ ਗਿਆ। ਇਕ ਜਣਾ ਚਲਾਉਂਦਾ ਦੂਜਾ ਕੈਰੀਅਰ 'ਤੇ ਬੈਠਾ ਹੁੰਦਾ। ਰਸਤੇ ਦੇ ਮੀਲ ਵੰਡ ਕੇ, ਅੱਧਾ-ਅੱਧਾ ਪੈਂਡਾ ਤਹਿ ਕੀਤਾ ਜਾਂਦਾ। ਮਹੀਨਾ ਸ਼ਾਇਦ ਭਾਦਰੋਂ ਦਾ ਸੀ। ਸਾਈਕਲ ਚਲਾਉਣ ਵਾਲੇ ਦੇ ਕੱਪੜੇ ਮੁੜ੍ਹਕੇ ਨਾਲ ਤਰ-ਬ-ਤਰ ਹੋ ਜਾਂਦੇ। ਪਹਿਲਾਂ 7-8 ਕਿੱਲੋਮੀਟਰ ਦਾ ਪੈਂਡਾ ਬਲਵਿੰਦਰ ਸਿੰਘ ਹੋਰਾਂ ਸਾਈਕਲ ਚਲਾ ਕੇ ਤਹਿ ਕੀਤਾ, ਸਰਦਾਰ ਕਿਰਪਾਲ ਸਿੰਘ ਭੁੱਲਰ ਹੋਰਾਂ ਦੀ ਢਾਣੀ ਤੱਕ। ਉਸ ਤੋਂ ਅੱਗੇ ਮੈਂ ਚਲਾ ਰਿਹਾ ਸੀ, ਜਦੋਂ ਅਸੀਂ ਚੱਕ ਅਰਾਈਆਂ ਦੇ ਬਰਾਬਰ ਲੰਘ ਰਹੇ ਸਾਂ ਤਾਂ ਇਕ ਤੇਜ਼ ਰਫਤਾਰ ਕਾਰ ਸਾਡੇ ਕੋਲੋਂ ਲੰਘ ਕੇ, ਥੋਹੜਾ ਅੱਗੇ ਜਾ ਕੇ ਰੁਕ ਗਈ। ਇਹ ਸਤਿਗੁਰੂ ਜਗਜੀਤ ਸਿੰਘ ਜੀ ਸਨ। ਅਸਾਂ ਸਾਈਕਲ ਪਾਸੇ ਖਲ੍ਹਾਰਿਆ ਤੇ ਜੁੱਤੀਆਂ ਲਾਹ ਕੇ ਜਾ ਮੱਥਾ ਟੇਕਿਆ। ਬਲਜਿੰਦਰ ਸਿੰਘ ਨੂੰ ਕਹਿੰਦੇ- "ਸ਼ਰਮ ਨਹੀਂ ਆਉਂਦੀ, ਛੋਟੇ ਮੁੰਡੇ ਨੂੰ ਚਲਾਉਣ ਲਾਇਆ ਈ?" ਉਹਦੇ ਕੁਝ ਕਹਿਣ ਤੋਂ ਪਹਿਲਾਂ ਮੈਂ ਬੋਲਿਆ "ਜੀ ਇਹ ਚਲਾ ਹਟਿਆ ਹੈ, ਹੁਣ ਮੇਰੀ ਵਾਰੀ ਹੈ।" ਫਿਰ ਹੁਕਮ ਹੋਇਆ- "ਲੱਗਦਾ ਵਾਰੀ ਦਾ- ਚੱਲ ਬੈਠ ਗੱਡੀ ਵਿਚ"- ਮੈਂ ਜੁੱਤੀ ਲੈਣ ਲਈ ਪਿੱਛੇ ਮੁੜਨ ਲੱਗਾ, ਫਿਰ ਫ਼ੁਰਮਾਇਆ- "ਤੂੰ ਬੈਠ ਜੁੱਤੀ ਤੇਰੇ ਨਾਲ ਦਾ ਲਿਆ ਦੇਵੇਗਾ।" ਬਲਜਿੰਦਰ ਸਿੰਘ ਜੁੱਤੀ ਫੜਾਉਣ ਆਇਆ ਤਾਂ ਉਸਨੂੰ ਕਹਿੰਦੇ- "ਇਹ ਜੀਵਨ ਨਗਰ ਹੋਏਗਾ, ਉਥੋਂ ਜਾਂਦਾ ਹੋਇਆ ਇਹਨੂੰ ਕਰੀਵਾਲੇ ਲੈ ਜਾਈਂ।" ਅੱਧੀ ਸਦੀ ਦੇ ਲਗਭਗ ਵਕਤ ਲੰਘਣ ਤੋਂ ਬਾਅਦ ਵੀ ਉਹ ਘਟਨਾ ਚਿੱਤਰਪਟ ਜਿਉਂ ਅੱਜ ਵੀ ਅੱਖਾਂ ਸਾਂਹਵੇਂ ਫਿਰਦੀ ਹੈ ਜਿਸ ਵਿੱਚ ਸਤਿਗੁਰੂ ਜੀ ਦਾ ਬੱਚਿਆਂ ਪ੍ਰਤੀ ਪਿਆਰ, ਡੁੱਲ੍ਹ-ਡੁੱਲ੍ਹ ਪੈਂਦਾ ਹੈ।

ਇਹ ਸਤਿਗੁਰੂ ਜੀ ਦਾ ਪ੍ਰੇਮ ਹੀ ਸੀ ਕਿ ਜਦੋਂ ਕਰੀਵਾਲੇ ਤੋਂ ਸਿਰਸੇ ਜਾਣਾ ਜਾਂ ਸਿਰਸੇ ਤੋਂ ਪਿੰਡ ਆਉਣਾ, ਸਾਈਕਲ ਜੀਵਨ ਨਗਰ ਦੇ ਪੁਲ ਤੋਂ ਅਕਸਰ ਕੋਠੀ ਵਾਲੀ ਪਗਡੰਡੀ ਤੇ ਮੁੜ ਜਾਂਦਾ। ਦੂਜਾ ਆਕਰਸ਼ਣ ਸੀ, ਪ੍ਰੀਤਮ ਸਿੰਘ ਜੀ ਕਵੀ, ਸੰਪਾਦਕ ਸਤਿਜੁਗ ਸਪਤਾਹਿਕ (ਜੋ ਉਦੋਂ ਜੀਵਨ ਨਗਰ ਤੋਂ ਛਪਦਾ ਸੀ)। ਹਰਟ ਵਾਲੇ ਖੂਹ ਕੋਲ ਕਵੀ ਜੀ ਦਾ ਚੁਬਾਰੇ ਹੇਠਲਾ ਦਫ਼ਤਰ, ਬਹੁਤ ਸੁੰਦਰ ਚਿੱਤਰਾਂ ਨਾਲ ਸਜਾਇਆ ਹੁੰਦਾ। ਕੁਝ ਕਿਤਾਬਾਂ ਵਾਲੀਆਂ ਅਲਮਾਰੀਆਂ ਵੀ ਸਨ। ਜਿਹਨਾਂ ਵਿਚੋਂ ਦੇਸੀ ਵਿਦੇਸ਼ੀ ਅੱਗੇ ਵਧੂ ਸਾਹਿਤ, ਕਵੀ ਜੀ ਤੋਂ ਪੜ੍ਹਨ ਲਈ ਮਿਲ ਜਾਂਦਾ। ਅਸੀਂ ਇਹ ਕਿਤਾਬਾਂ ਪੜ੍ਹ ਕੇ ਮੋੜ ਜਾਂਦੇ। ਉਹਨਾਂ ਦਿਨਾਂ ਵਿੱਚ ਹੀ ਸਰਦੀਆਂ ਵਿੱਚ ਕੋਠੀ ਦੇ ਵਿਸ਼ਾਲ ਆਂਗਨ ਵਿੱਚ, ਬੈਂਤ ਦੀ ਕੁਰਸੀ ਤੇ ਬੈਠੇ, ਕੁਝ ਪੜ੍ਹ ਰਹੇ, ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਸਨ। ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਕੁਲਵੰਤ ਸਿੰਘ ਵਿਰਕ, ਬਲਵੰਤ ਗ਼ਾਰਗੀ ਆਦਿ ਦੀਆਂ ਅਨੇਕ ਸਾਹਿਤਕ ਕ੍ਰਿਤੀਆਂ ਦਾ ਪਾਠ ਕਰਦਿਆਂ, ਸਤਿਗੁਰੂ ਜੀ ਦਿਨ ਦਾ ਕੁਝ ਭਾਗ ਬਿਤਾਇਆ ਕਰਦੇ ਸਨ। ਕਵੀ ਜੀ, ਸਤਿਗੁਰੂ ਜੀ ਦੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਸਮੇਂ (1928-40), ਸਹਿਪਾਠੀ ਸਨ। ਉਹਨਾਂ ਵੱਲੋਂ 1978 ਤੋਂ ਲੈਕੇ 1990-92 ਈ. ਤੱਕ ਦਾ ਕੋਈ 12-14 ਸਾਲ ਦਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਬੜੀ ਤਰਤੀਬ ਅਤੇ ਵਿਸਥਾਰ ਨਾਲ ਸਾਂਭ ਲਿਆ ਗਿਆ ਹੈ। ਇਸ ਸੰਬੰਧ ਵਿੱਚ 'ਬੀਤੇ ਦੀਆਂ ਪੈੜਾਂ' ਦੀਆਂ ਸਤਾਰਾਂ ਜਿਲਦਾਂ ਛੱਪ ਚੁੱਕੀਆਂ ਹਨ ਅਤੇ ਕਾਫ਼ੀ ਜਿਲਦਾਂ ਹੋਰ ਅਜੇ ਛਾਪੇ ਦੀ ਉਡੀਕ ਵਿੱਚ ਹਨ।

1965 ਈ. ਦੇ ਜੂਨ ਮਹੀਨੇ ਹਫ਼ਤਾ ਭਰ ਚੱਲਣ ਵਾਲਾ ਪਹਿਲਾ ਵਿੱਦਿਅਕ ਸੰਮੇਲਨ, ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਤੇ ਸੰਪੰਨ ਹੋਇਆ। ਪਹਿਲੀ ਵੇਰ ਲਗਾਤਾਰ ਇਕ ਹਫ਼ਤਾ ਮੇਰੇ ਸਮੇਤ ਹੋਰ ਯੁਵਕਾਂ ਨੂੰ ਸ੍ਰੀ ਸਤਿਗੁਰੂ ਜੀ ਦੀ ਨਿਕਟਤਾ ਮਾਨਣ ਦਾ ਮੌਕਾ ਮਿਲਿਆ। ਉਸ ਸਮੇਂ ਦਾ ਭੈਣੀ ਸਾਹਿਬ ਅੱਜ ਦੇ ਭੈਣੀ ਸਾਹਿਬ ਤੋਂ ਬਹੁਤ ਭਿੰਨ ਸੀ। ਹਰੀ ਮੰਦਰ ਜਿੱਥੇ ਸੰਮੇਲਨ ਹੋ ਰਿਹਾ ਸੀ, ਇਸ ਦੇ ਲਾਗੇ ਚਾਗੇ ਟਿੱਬਿਆਂ ਵਾਲੇ ਖੇਤ ਸ਼ੁਰੂ ਹੋ ਜਾਂਦੇ ਸਨ ਜਿਹਨਾਂ ਤੇ ਬਿਜਾਈ ਵਰਖਾ ਰੁੱਤ ਤੋਂ ਬਾਅਦ ਹੀ ਸੰਭਵ ਹੁੰਦੀ ਸੀ। ਅਸੀਂ ਕੁਝ ਵਿਦਿਆਰਥੀ ਰਾਤ ਨੂੰ ਇਹਨਾਂ ਟਿੱਬਿਆਂ ਤੇ ਆਪਣੀਆਂ ਸਫ਼ਾਂ ਵਿਛਾਕੇ ਸੌਂ ਜਾਂਦੇ ਸਾਂ ਤਾਂ ਕਿ ਨੇੜੇ ਸੁੱਤਿਆਂ ਨੂੰ ਤਾਂ ਵੱਡੇ ਤੜਕੇ ਉਠਾ ਦਿੱਤਾ ਜਾਂਦਾ ਸੀ, ਇਸ਼ਨਾਨ ਆਦਿ ਬਾਅਦ ਆਸਾ ਦੀ ਵਾਰ ਦੇ ਕੀਰਤਨ ਵਿੱਚ ਜਾਣ ਲਈ ਅਤੇ ਦੂਰ

ਸੁੱਤੇ, ਇਸ ਤੋਂ ਬਚ ਜਾਂਦੇ ਸਨ। ਕਿਹੜੇ-ਕਿਹੜੇ ਵਿਦਿਆਰਥੀ ਕੀ-ਕੀ ਕਰਦੇ ਹਨ, ਸਭ ਸਤਿਗੁਰੂ ਜੀ ਦੇ ਧਿਆਨ ਵਿੱਚ ਹੁੰਦਾ ਸੀ। ਆਪ ਜੀ ਦਾ ਸਮਝਾਉਣ ਦਾ ਢੰਗ ਬੜਾ ਨਿਰਾਲਾ ਹੁੰਦਾ ਸੀ। ਸਾਨੂੰ ਦੂਰ ਸੌਣ ਵਾਲਿਆਂ ਨੂੰ ਸਤਿਗੁਰੂ ਜੀ ਨੇ ਇਉਂ ਫੁਰਮਾਇਆ ਸੀ ਕਿ ਕੁਝ ਸਾਡੇ ਬੱਚੇ 'ਸੂਰਜ-ਮੁੱਖੇ' ਹਨ ਜਿਹੜੇ ਸੂਰਜ ਦਾ ਮੁੱਖ ਵੇਖ ਕੇ ਹੀ ਬਿਸਤਰਾ ਤਿਆਗਦੇ ਹਨ, ਇਸ ਲਈ ਉਹਨਾਂ ਨੂੰ ਦੁਰਾਡੇ-ਟਿੱਬਿਆਂ ਤੇ ਸੌਣਾ ਪੈਂਦਾ ਹੈ। ਅਗਲੇ ਦਿਨ ਤੋਂ ਅਸੀਂ ਵੀ ਆਪਣੀਆਂ ਸਫ਼ਾਂ ਨੇੜੇ ਹੀ ਵਿਛਾ ਲਈਆਂ ਅਤੇ ਆਸਾ ਦੀ ਵਾਰ ਵਿੱਚ ਸ਼ਾਮਲ ਹੋ ਗਏ। ਸਤਿਗੁਰੂ ਜੀ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਥੀਆਂ ਨੂੰ, ਆਪਣੇ ਸ਼ਬਦਾਂ ਦੁਆਰਾ ਉਤਸ਼ਾਹਿਤ ਕਰਿਆ ਕਰਦੇ ਸਨ। ਇਸ ਲਈ ਵਿੱਦਿਅਕ ਜਥੇ ਦੇ ਉਹਨਾਂ ਪਹਿਲੇ ਪੂਰਾਂ ਵਿੱਚੋਂ ਨਾਮਧਾਰੀ ਪੰਥ ਨੂੰ ਬਹੁਤ ਸਾਰੇ ਲੇਖਕ, ਕਵੀ, ਸੰਗੀਤਕਾਰ, ਕਲਾਕਾਰ, ਸਾਹਿਤਕਾਰ, ਸਮਾਜ ਸੇਵਕ ਅਤੇ ਸਿਆਸੀ ਕਾਰਕੁੰਨ ਵੀ ਮਿਲੇ। ਸੰਤ ਇੰਦਰ ਸਿੰਘ ਚੱਕ੍ਰਵਰਤੀ, ਮਾਸਟਰ ਨਿਹਾਲ ਸਿੰਘ, ਸੰਤ ਤਰਨ ਸਿੰਘ ਵਹਿਮੀ, ਸੰਤ ਬਿਸ਼ਨ ਸਿੰਘ ਨੰਗਲ ਹਿਸਟੋਰੀਅਨ, ਪ੍ਰੀਤਮ ਸਿੰਘ ਕਵੀ, ਪੰ. ਗੋਪਾਲ ਸਿੰਘ ਆਦਿ ਨਾਮਧਾਰੀ ਪੰਥ ਦੇ ਪੁਰਾਣੇ ਵਿਦਵਾਨਾਂ ਦਾ ਮਾਰਗ ਦਰਸ਼ਨ ਵੀ ਨਾਮਧਾਰੀ ਯੁਵਕਾਂ ਨੂੰ ਮਿਲਦਾ ਸੀ ਅਤੇ ਇਸ ਤਰ੍ਹਾਂ ਉਹਨਾਂ ਦੀ ਪ੍ਰਤਿਭਾ ਵਿੱਚ ਬਹੁਪੱਖੀ ਨਿਖ਼ਾਰ ਆਉਂਦਾ ਗਿਆ। ਬਹੁਤ ਸਾਰੇ ਭਾਸ਼ਣ ਮੁਕਾਬਲਿਆਂ ਵਿੱਚ ਸਤਿਗੁਰੂ ਜੀ ਤੋਂ ਮਿਲਣ ਵਾਲੇ ਥਾਪੜੇ ਨੇ ਮੈਨੂੰ ਇਸ ਖੇਤਰ ਵਿੱਚ, ਨਵੇਂ ਦਿਸਹੱਦੇ ਖੋਹਲਣ ਦੇ ਰਾਹੇ ਤੋਰਿਆ। ਸੰਮੇਲਨ ਦੇ ਆਖ਼ਰੀ ਦਿਨ ਸਤਿਗੁਰੂ ਜੀ ਨੇ ਸਾਰੇ ਪ੍ਰਤੀਭਾਗੀਆਂ ਨੂੰ ਆਪਣੇ ਕਰ ਕਮਲਾਂ ਨਾਲ ਵਰਤਾਇਆ ਪਰਸ਼ਾਦ ਛਕਾ ਕੇ, ਤਰੋ ਤਾਜ਼ਾ ਕਰਕੇ, ਅਗਲੇ ਸਾਲ ਮੁੜ ਇਥੇ ਆਉਣ ਦੇ ਇਕਰਾਰ ਨਾਲ ਘਰਾਂ ਨੂੰ ਤੋਰਿਆ ਸੀ। ਪਹਿਲੇ ਤਿੰਨ ਸੰਮੇਲਨ ਲਗਾਤਾਰ ਸ੍ਰੀ ਭੈਣੀ ਸਾਹਿਬ ਅਤੇ ਫਿਰ ਮੰਡੀ (ਹਿਮਾਚਲ), ਸ੍ਰੀ ਜੀਵਨ ਨਗਰ (ਹਿਸਾਰ) ਆਦਿ ਸਥਾਨਾਂ ਤੇ ਹੋਣੇ ਸ਼ੁਰੂ ਹੋਏ ਸਨ।

1966 ਦੀਆਂ ਗਰਮੀਆਂ ਦੇ ਆਖਰੀ ਪੱਖ ਅਤੇ ਸਰਦੀਆਂ ਤੋਂ ਰਤਾ ਪਹਿਲਾਂ, ਜਦੋਂ ਨਵੇਂ ਹਰਿਆਣਾ ਅਤੇ ਨਵੇਂ ਪੰਜਾਬ ਦਾ ਦੋ ਰਾਜਾਂ ਵਿੱਚ ਗਠਨ ਹੋਣ ਵਾਲਾ ਸੀ। ਪੰਜਾਬ ਪੀਸ ਕੌਂਸਲ ਵੱਲੋਂ ਦੋਹਾਂ ਰਾਜਾਂ ਦਾ ਆਖਰੀ ਸਾਂਝਾ ਅਮਨ ਸੰਮੇਲਨ, ਨਹਿਰੂ ਪਾਰਕ ਸਿਰਸਾ ਵਿਖੇ ਹੋਇਆ ਸੀ। ਕਿਉਂਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਸਮੇਂ ਪੰਜਾਬ ਪੀਸ ਕੌਂਸਲ ਦੇ ਪਰਧਾਨ ਸਨ, ਇਸੇ ਲਈ ਆਪ ਦੀ ਤਜ਼ਵੀਜ਼ ਤੇ ਹੀ ਕਾਨਫਰੰਸ ਦੇ ਇਸ ਆਯੋਜਨ ਲਈ ਨਾਮਧਾਰੀ ਸਿੰਘਾਂ ਦੀ ਵੱਸੋਂ ਅਤੇ ਇਲਾਕੇ ਵਾਲਾ, ਸਿਰਸਾ ਸ਼ਹਿਰ ਚੁਣਿਆ ਗਿਆ ਸੀ। ਕਾਨਫਰੰਸ ਤੋਂ ਕੋਈ ਦੋ ਮਹੀਨੇ ਪਹਿਲਾਂ, ਇਸ ਦੀ ਤਿਆਰੀ ਕਮੇਟੀ ਦੀਆਂ ਮੀਟਿੰਗਾਂ ਸ਼ੁਰੂ ਹੋ ਗਈਆਂ ਸਨ। ਇਕ ਮੀਟਿੰਗ ਸਰਦਾਰ ਤੇਜਾ ਸਿੰਘ ਬਾਜਵਾ ਐਮ.ਐਲ.ਸੀ. (ਪੰਜਾਬ) ਦੇ ਮਕਾਨ ਦੀ ਛੱਤ ਤੇ ਹੋ ਰਹੀ ਸੀ। ਮੈਂ, ਜੋ ਓਦੋਂ ਨੈਸ਼ਨਲ ਕਾਲਿਜ ਸਿਰਸਾ ਦਾ ਵਿਦਿਆਰਥੀ ਸਾਂ, ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਸ ਮੀਟਿੰਗ ਵਿੱਚ ਪੁੱਜਾ ਸਾਂ। ਸੁਆਗਤੀ ਕਮੇਟੀ ਦੇ ਜਨਰਲ ਸਕੱਤਰ ਸਿਰਸਾ ਦੇ ਉੱਘੇ ਕਮਿਊਨਿਸਟ ਆਗੂ, ਕਾ. ਬਲਦੇਵ ਬਖਸ਼ੀ ਸਨ ਅਤੇ ਇਸ ਦੇ ਚੇਅਰਮੈਨ ਬੜੇ ਸਾਊ ਤੇ ਸੁਹਿਰਦ ਸੱਜਣ ਕਰਨਲ ਬਲਦੇਵ ਸਿੰਘ ਬਾਜਵਾ ਸਨ। ਇਸ ਕਮੇਟੀ ਦਾ ਦਫਤਰ ਸੇਠ ਤੁਲਾ ਰਾਮ ਝੂੰਥੜਾ ਧਰਮਸ਼ਾਲਾ ਸਿਰਸਾ ਵਿਚ ਸੀ। ਕਾ. ਜਗਜੀਤ ਸਿੰਘ ਅਨੰਦ ਹੋਰੀਂ ਵੀ ਉਸ ਮੀਟਿੰਗ ਵਿੱਚ ਪੰਜਾਬ ਪੀਸ ਕੌਂਸਲ ਦੇ ਹੋਰ ਅਹੁਦੇਦਾਰਾਂ ਸਮੇਤ ਪੁੱਜੇ ਸਨ। ਉਹਨਾਂ ਨੇ ਮੀਟਿੰਗ ਵਿੱਚ ਅਗਲੀ ਗੱਲ ਤੋਰੀ ਕਿ ਹੁਣ ਇਸ ਦਫਤਰ ਲਈ ਇਕ ਸੈਕਟਰੀ ਚਾਹੀਦਾ ਹੈ। ਸ੍ਰੀ ਸਤਿਗੁਰੂ ਜੀ ਨੇ ਕਿਹਾ ਕਿ ਸੈਕਟਰੀ ਮੈਂ ਦਿਆਂਗਾ। ਇਸ ਤੇ ਅਨੰਦ ਸਾਹਿਬ ਨੇ ਪੁੱਛਿਆ ਕਿ ਉਸਦਾ ਕੀ ਨਾਮ ਹੈ? ਤਾਂ ਸਤਿਗੁਰੂ ਜੀ ਨੇ ਦੱਸਿਆ- "ਸੁਵਰਨ ਸਿੰਘ"। ਹੁਣ ਅਨੰਦ ਜੀ ਬੋਲ ਉੱਠੇ- "ਸੁਵਰਨ ਸਿੰਘ ਸਨੇਹੀ"। (ਕਿਉਂਕਿ ਸਨੇਹੀ ਜੀ ਉਸ ਸਮੇਂ ਤੱਕ ਨਵਾਂ ਜ਼ਮਾਨਾ ਅਤੇ ਜਲੰਧਰ ਦੇ ਹੋਰ ਅਖਬਾਰਾਂ ਵਿੱਚ ਗਾਹੇ ਬਗਾਹੇ ਛਪਦੇ ਰਹਿੰਦੇ ਸਨ ਅਤੇ ਉਹ ਅਨੰਦ ਜੀ ਦੇ ਜਾਣੂ ਸਨ) ਸਤਿਗੁਰੂ ਜੀ ਨੇ ਅਨੰਦ ਹੋਰਾਂ ਨੂੰ ਫਿਰ ਕਿਹਾ- "ਸਨੇਹੀ ਨਹੀਂ, ਸੁਵਰਨ ਸਿੰਘ ਵਿਰਕ" ਅਤੇ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਖੜ੍ਹਾ ਹੋ ਜਾਵਾਂ। ਇਉਂ ਮੈਂ ਖੜ੍ਹੇ ਹੋ ਕੇ, ਉੱਥੇ ਜੁੜੇ ਅਮਨ ਤਹਿਰੀਕ ਦੇ ਸੰਗਰਾਮੀਆਂ ਨੂੰ, ਕਾਨਫਰੰਸ ਦੀ ਤਿਆਰੀ ਲਈ ਬਣੇ, ਦਫਤਰ-ਸੈਕਟਰੀ ਵਜੋਂ, ਆਪਣੀ ਜਾਣ ਪਹਿਚਾਣ ਕਰਵਾਈ। ਇਸ ਕਾਨਫਰੰਸ ਸਮੇਂ ਕਾ. ਬਲਦੇਵ ਬਖਸ਼ੀ ਹੋਰਾਂ ਦੀ ਅਗੁਆਈ ਵਿਚ ਦੋ ਕੁ ਮਹੀਨੇ ਕੰਮ ਕਰਨ ਦਾ ਮੌਕਾ ਮਿਲਿਆ ਕਾਨਫਰੰਸ ਬਹੁਤ ਸਫਲਤਾ ਪੂਰਵਕ ਸਿਰੇ ਚੜ੍ਹੀ। ਉਦੋਂ ਵੀਅਤਨਾਮ ਤੇ ਹੋ ਰਹੇ ਅਮਰੀਕੀ ਹਮਲਿਆਂ ਅਤੇ ਅਰਬ ਇਜ਼ਰਾਈਲ ਝਗੜਿਆਂ ਬਾਰੇ ਸ਼ਾਂਤੀ ਮਤਿਆਂ 'ਤੇ ਭਖਵੀਆਂ ਬਹਿਸਾਂ ਤੇ ਵਿਚਾਰ ਵਟਾਂਦਰੇ ਹੋਏ। ਸਾਮਰਾਜ ਵੱਲੋਂ ਲੜੀ ਜਾ ਰਹੀ ਠੰਢੀ ਜੰਗ ਦੇ ਵਿਰੋਧ ਵਿੱਚ, ਹਥਿਆਰਾਂ

ਦੀ ਦੌੜ ਬੰਦ ਕਰਨ, ਹਿੰਦ ਮਹਾਂ ਸਾਗਰ ਨੂੰ ਸ਼ਾਂਤੀ ਦਾ ਖਿੱਤਾ ਬਨਾਉਣ ਆਦਿ ਬਾਰੇ ਵਿਚਾਰਾਂ ਹੁੰਦੀਆਂ ਸਨ ਤਾਂ ਜੋ ਜਿਹੜਾ ਪੈਸਾ ਮਨੁੱਖ-ਮਾਰੂ ਹਥਿਆਰਾਂ ਤੇ ਲਾਇਆ ਜਾਂਦਾ ਹੈ ਉਸ ਨਾਲ ਭੁੱਖ-ਨੰਗ, ਗਰੀਬੀ, ਅਨਪੜ੍ਹਤਾ, ਬੀਮਾਰੀਆਂ ਆਦਿ ਨੂੰ ਖ਼ਤਮ ਕਰਕੇ, ਗਰੀਬ ਤੇ ਪਿੱਛੜੇ ਮੁਲਕਾਂ ਨੂੰ ਪੈਰਾਂ ਸਿਰ ਕੀਤਾ ਜਾਏ। ਮੈਨੂੰ ਯਾਦ ਹੈ ਕਿ ਉਸ ਕਾਨਫਰੰਸ ਵਿੱਚ ਇਕ ਵਿਦੇਸ਼ੀ, ਸ਼ਾਇਦ ਰੂਸੀ ਪ੍ਰਤੀਨਿਧ ਨੇ ਮਹਾਰਾਜ ਬੀਰ ਸਿੰਘ ਹੋਰਾਂ ਦੇ ਹੇਲਸਿੰਕੀ ਅਮਨ ਕਾਰਨਫਰੰਸ ਵਿਚ ਜਾਣ ਦੀ ਗੱਲ ਬੜੇ ਰੌਚਿਕ ਅੰਦਾਜ਼ ਵਿੱਚ ਸੁਣਾਈ ਕਿ ਜਦੋਂ ਮਹਾਰਾਜ ਜੀ ਨੇ ਟੈਪ ਜਾਂ ਨਲਕੇ ਦਾ ਪਾਣੀ ਨਾ ਵਰਤਣ ਅਤੇ ਖੂਹ ਦੇ ਹੀ ਪਾਣੀ ਵਰਤਣ ਦੀ ਆਪਣੀ ਮਰਿਆਦਾ ਦੱਸੀ ਤਾਂ ਉਹਨਾਂ ਨੇ ਮਹਾਰਾਜ ਜੀ ਲਈ ਨਦੀ ਜਲ ਦਾ ਪ੍ਰਬੰਧ ਕਰਕੇ ਇਹ ਸਮੱਸਿਆ ਹੱਲ ਕੀਤੀ ਸੀ। ਉਹ ਰੂਸੀ ਸੱਜਣ ਬੋਲਦਾ ਤਾਂ ਹਿੰਦੀ ਸੀ ਪਰ ਨਦੀ ਨੂੰ ਨਾਦੀ ਹੀ ਕਹਿੰਦਾ ਸੀ।

ਅਗਲੇ ਵਰ੍ਹੇ 1967 ਦੀਆਂ ਗਰਮੀਆਂ ਦੀਆਂ ਛੁੱਟੀਆਂ ਮੈਂ ਆਪਣੇ ਪਿੰਡ ਕਰੀਵਾਲੇ ਵਿਖੇ ਬਿਤਾ ਰਿਹਾ ਸਾਂ। ਦਿਨ ਮੈਂ ਆਪਣੇ ਪੁਰਾਣੇ ਸਹਿਪਾਠੀ ਬਲਵੰਤ ਸਿੰਘ ਸੰਧੂ ਦੇ ਡੇਰੇ ਤੇ ਬਿਤਾ ਕੇ, ਦਿਨ ਢਲੇ ਦੇ ਕਰੀਬ ਪਿੰਡ ਪੁੱਜਿਆ। ਥੋਹੜੇ ਸਮੇਂ ਬਾਅਦ ਹੀ ਸਤਿਗੁਰੂ ਜੀ ਨੇ ਆਣ ਦਰਸ਼ਨ ਦਿੱਤੇ। ਜਦੋਂ ਮੈਂ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਕਿਹਾ- "ਸੁਵਰਨ, ਤੂੰ ਮੇਰੇ ਨਾਲ ਨਾਰਾਜ਼ ਹੈ? ਮੇਰੇ ਮੂੰਹੋਂ ਸਹਿਜ ਹੀ ਨਿਕਲਿਆ, ਨਹੀਂ ਜੀ!""ਜੇ ਨਹੀਂ ਤਾਂ ਫੜ ਕਛਹਿਰਾ ਪਰਨਾ ਤੇ ਚੱਲੀਏ।" ਮੈਂ ਪਲ ਕੁ ਪਾਸ ਖਲੋਤੇ ਬਾਪੂ ਜੀ ਵੱਲ ਵੇਖਿਆ। ਉਹ ਕਹਿੰਦੇ "ਜਾਹ, ਜਿਵੇਂ ਹੁਕਮ ਹੁੰਦਾ ਹੈ" ਤੇ ਮੈਂ ਕਛਹਿਰਾ ਪਰਨਾ ਅਤੇ ਇਕ ਅੱਧਾ ਕੁੜਤਾ ਪਜਾਮਾ ਝੋਲ਼ੇ ਵਿੱਚ ਪਾ ਕੇ ਚੱਲ ਪਿਆ। ਰਾਤ ਜੀਵਨ ਨਗਰ ਕੱਟੀ। ਸਵੇਰੇ ਮਾਨਸਾ ਦੇ ਲਾਗਿਉਂ ਇਕ ਨਹਿਰ ਦੀ ਪਟੜੀ ਪਏ ਤੇ ਦਸ ਕੁ ਵੱਜਦੇ ਤੱਕ ਭੈਣੀ ਸਾਹਿਬ ਪਹੁੰਚ ਗਏ। ਇੱਥੇ ਪਰਸ਼ਾਦ ਪਾਣੀ ਛੱਕ ਇਸ਼ਨਾਨ ਕਰਨ ਤੋਂ ਬਾਅਦ ਸਤਿਗੁਰੂ ਜੀ ਨੇ ਆਪਣੇ ਸੋਧ ਦੇ ਬਸਤਰ ਪਾਉਣ ਲਈ ਮੈਨੂੰ ਦਿੱਤੇ ਅਤੇ ਅੰਮ੍ਰਿਤ ਛਕਵਾ ਕੇ, ਸੋਧ ਵੀ ਰਖਵਾ ਦਿੱਤੀ। ਬਾਅਦ ਦੁਪਿਹਰ ਮੰਡੀ ਲਈ ਚੱਲ ਪਏ। ਇਕ ਹਫਤੇ ਦੇ ਕਰੀਬ ਸਤਿਗੁਰੂ ਜੀ ਨੇ ਮੰਡੀ ਵਿਖੇ ਬਿਆਸ ਦਰਿਆ ਦੇ ਕੰਢੇ ਵਾਲੀ ਕੋਠੀ ਵਿੱਚ ਨਿਵਾਸ ਕੀਤਾ। ਮੇਰੇ ਨਾਲ ਇਸ ਯਾਤਰਾ ਵਿੱਚ ਨੈਸ਼ਨਲ ਕਾਲਜ ਸਿਰਸਾ ਵਿੱਚ ਮੇਰੇ ਤੋਂ ਸੀਨੀਅਰ ਸੁਖਦੇਵ ਸਿੰਘ ਕੱਕੜ ਨਕੌੜਾ ਵਾਲੇ ਵੀ ਸਨ। ਜਿਤਨੇ ਦਿਨ ਇੱਥੇ ਰਹੇ, ਮੈਂ ਸੋਧ ਵਿੱਚ ਹੀ ਰਿਹਾ। ਮੇਰੇ ਜੀਵਨ ਦੀ ਇਹ ਪਹਿਲੀ ਤੇ ਆਖ਼ਰੀ ਸੋਧ ਸੀ। ਇਕ ਰਾਤ ਸਤਿਗੁਰੂ ਜੀ ਦੇ ਨਾਲ ਹੀ ਭੁੰਤਰ ਵਿਖੇ ਰਹੇ ਅਤੇ ਅਗਲੇ ਦਿਨ ਪਾਰਬਤੀ ਨਦੀ ਦੇ ਨਾਲ-ਨਾਲ ਜਾ ਕੇ, ਮਨੀਕਰਨ ਪੌਰਾਣਿਕ ਤੇ ਇਤਿਹਾਸਿਕ ਤੀਰਥ ਦੀ ਯਾਤਰਾ ਕੀਤੀ। ਇਸ ਪਿੰਡ ਦੇ ਲੋਕ ਕਹਿੰਦੇ ਹਨ ਅੱਗ ਨਹੀਂ ਬਾਲਦੇ। ਉਹਨਾਂ ਦੇ ਚੁੱਲ੍ਹੇ ਦਾ ਕੰਮ ਗਰਮ ਪਾਣੀ ਦੇ ਚਸ਼ਮੇ ਦਿੰਦੇ ਹਨ, ਜਿੱਥੇ ਉਹ ਦਾਲ, ਚਾਵਲ, ਜਾਂ ਹੋਰ ਪਕਵਾਨ ਖੌਲਦੇ ਪਾਣੀ ਵਿੱਚ ਬਰਤਨ ਜਾਂ ਪੋਣਿਆਂ ਵਿੱਚ ਬੰਨ ਕੇ ਪਕਾ ਲੈਂਦੇ ਸਨ। ਉਸ ਸਮੇਂ ਸੰਤ ਨਰਾਇਣ ਹਰੀ ਦਾਸ ਜੀ ਮੌਜੂਦ ਸਨ। ਉਹ ਸਤਿਗੁਰੂ ਜੀ ਦੇ ਪ੍ਰੇਮੀ ਸਨ। ਉਹਨਾਂ ਨੇ ਗਏ ਸਿੰਘਾਂ ਦਾ ਬੜਾ ਅਦਬ ਸਤਿਕਾਰ ਕੀਤਾ। ਅਗਲੇ ਦਿਨ ਕੁੱਲੂ ਨੂੰ ਚੱਲ ਪਏ। ਇਕ ਰਾਤ ਉੱਥੇ ਕੱਟੀ ਅਤੇ ਫਿਰ ਦਰਿਆ ਬਿਆਸ ਦੇ ਨਾਲ-ਨਾਲ ਉੱਚੀਆਂ ਪਹਾੜੀ ਘਾਟੀਆਂ ਤੇ ਮਨੋਹਰ ਪ੍ਰਕਿਰਤੀ ਦਾ ਦ੍ਰਿਸ਼ ਨਿਹਾਰਦੇ ਬਿਆਸ-ਕੁੰਡ ਤੱਕ ਪੁੱਜੇ ਜਿੱਥੋਂ ਬਿਆਸ ਦਰਿਆ ਸ਼ੁਰੂ ਹੁੰਦਾ ਹੈ। ਇੱਥੇ ਜੇਠ ਦੇ ਮਹੀਨੇ ਵਿੱਚ ਵੀ ਬਹੁਤ ਸਰਦੀ ਸੀ ਅਤੇ ਹਰੀਆਂ ਕਚੂਰ ਕਣਕਾਂ ਬਰਫਾਂ ਹੇਠੋਂ ਨਿਕਲ ਰਹੀਆਂ ਸਨ। ਫਿਰ ਮੰਡੀ ਵਾਪਸ ਆ ਕੇ ਨਾਮਧਾਰੀ ਧਰਮਸ਼ਾਲਾ ਵਿੱਚ ਹੋਏ ਯੁਵਕਾਂ ਦੇ ਸੰਮੇਲਨ ਵਿੱਚ ਸ਼ਾਮਲ ਹੋਏ। ਮੈਂ ਫੌਜਾ ਸਿੰਘ ਬਾਜਵਾ ਹੋਰਾਂ ਦੀ ਕੂਕਾ ਮੂਵਮੈਂਟ ਸੱਜਰੀ ਸੱਜਰੀ ਪੜ੍ਹਕੇ ਆਇਆ ਸਾਂ। ਜੋ ਮੈਨੂੰ ਮਹਾਰਾਜ ਨਿਹਾਲ ਸਿੰਘ ਜੀ ਦੇ ਇੱਕ ਪੁਰਾਣੇ ਸੰਗੀ ਅਜ਼ਾਦੀ ਘੁਲਾਟੀਏ, ਦਲੀਪ ਸਿੰਘ ਅਜ਼ਾਦ ਹੋਰਾਂ ਨੇ ਦਿੱਤੀ ਸੀ। ਮੈਂ ਇਸ ਕਿਤਾਬ ਤੇ ਅਧਾਰਿਤ ਰੂਸ, ਮਹਾਰਾਜਾ ਦਲੀਪ ਸਿੰਘ ਅਤੇ ਕੂਕਿਆਂ ਦੇ ਅੰਗਰੇਜ਼ਾਂ ਵਿਰੁੱਧ ਸਾਂਝਿਆਂ ਯਤਨਾਂ ਦੀ ਚਰਚਾ ਕੀਤੀ ਜੋ ਸਰੋਤਿਆਂ ਲਈ ਨਵੀਂ ਗੱਲ ਸੀ। ਮੇਰੇ ਬੋਲਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਇਹ ਕਹਿ ਕੇ ਮੇਰੀ ਜਾਣ-ਪਛਾਣ ਕਰਵਾਈ ਸੀ-"ਇਹ ਨੌਜੁਆਨ ਕਰੀਵਾਲਾ (ਜ਼ਿਲ੍ਹਾ ਹਿਸਾਰ) ਤੋਂ ਆਇਆ, ਸੁਵਰਨ ਸਿੰਘ ਵਿਰਕ ਹੈ। ਇਸਦੇ ਦਾਦਾ ਜੀ ਸੰਤ ਜਿਊਣ ਸਿੰਘ ਜੀ ਝੱਬਰ ਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਉੱਘੇ ਨਾਮਧਾਰੀ ਸਾਧੂ ਸਨ।

ਕੁਝ ਦਿਨ ਹੋਰ ਪਹਾੜਾਂ ਵਿੱਚ ਲੰਘੇ ਤਾਂ ਸਾਨੂੰ ਖੁੱਲ੍ਹੇ ਮੈਦਾਨਾਂ ਵਿੱਚ ਪਰਤਣ ਦੇ ਸੁਪਨੇ ਆਉਣ ਲੱਗੇ। ਅਸਾਂ ਆਪਣੀ ਵੇਦਨਾ ਹਜ਼ੂਰੀ ਲਾਂਗਰੀ ਪਾਸ ਪ੍ਰਗਟ ਕੀਤੀ। ਸਤਿਗੁਰੂ ਜੀ ਨੇ ਰਾਤੀਂ ਕਿਹਾ- "ਕੀ ਗੱਲ ਜੀਅ ਨਹੀਂ ਲੱਗਦਾ?" ਮੈਂ ਤੇ ਸੁਖਦੇਵ ਸਿੰਘ ਚੁੱਪ ਕਰ ਰਹੇ। ਹੁਕਮ ਹੋਇਆ, "ਸਵੇਰੇ ਤੁਹਾਨੂੰ ਛੁੱਟੀਆਂ ਦਿਆਂਗੇ।" ਅਗਲੇ ਦਿਨ ਅਸੀਂ ਬੱਸਾਂ ਦੁਆਰਾ ਸ਼ਾਹਪੁਰ (ਜਲੰਧਰ) ਪੁੱਜ

ਗਏ। ਰਾਤ ਉੱਥੇ ਹੀ ਰਹੇ ਸਤਿਗੁਰੂ ਜੀ ਵੀ ਆ ਦਰਸ਼ਨ ਦਿੱਤੇ। ਅਗਲੇ ਦਿਨ ਫਿਰ ਅਸੀਂ ਆਪ ਜੀ ਦੇ ਨਾਲ, ਕੁਝ ਹੋਰ ਪਿੰਡਾਂ ਸ਼ਹਿਰਾਂ ਵਿੱਚੋਂ ਹੁੰਦੇ, ਸ਼ਾਮ ਨੂੰ ਖੰਨੇ ਪੁੱਜ ਗਏ। ਉੱਥੋਂ ਰਾਤ ਦੀ ਗੱਡੀ ਤੇ ਲੁਧਿਆਣਾ,ਧੂਰੀ,ਬਠਿੰਡਾ ਹੁੰਦੇ ਹੋਏ ਸਿਰਸੇ ਆ ਗਏ ਸਾਂ।

1970 ਦਾ ਬਸੰਤ ਦਾ ਮੇਲਾ ਸਿਰਸਾ ਸ਼ਹਿਰ ਵਿੱਚ ਸੀ। ਸਤਿਗੁਰੂ ਜੀ ਦੇ ਆਦੇਸ਼ ਤੇ ਮੈਂ ਆਪਣੇ ਉਦਗਾਰ ਪ੍ਰਗਟ ਕਰਦਿਆਂ ਕਿਹਾ ਸੀ-"ਕਿ ਕੀ ਕਦੇ ਉਹ ਸੁਭਾਗਾ ਦਿਨ ਵੀ ਆਵੇਗਾ ਜਿਸ ਦਿਨ ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਦਾ ਚਿੱਤਰ ਦੇਸ਼ ਦੀ ਪਾਰਲੀਮੈਂਟ ਵਿੱਚ ਲੱਗੇਗਾ!" ਤੇ ਮੇਰੇ ਲਈ ਇਹ ਖੁਸ਼ੀ ਤੇ ਮਾਣ ਵਾਲੀ ਗੱਲ ਸੀ ਕਿ ਜਿਸ ਦਿਨ ਪਾਰਲੀਮੈਂਟ ਦੇ ਸੈਂਟਰਲ ਹਾਲ ਵਿੱਚ ਸ੍ਰ: ਮਨਮੋਹਨ ਸਿੰਘ ਪ੍ਰਧਾਨ ਮੰਤਰੀ ਭਾਰਤ ਸਰਕਾਰ ਦੀ ਹਾਜ਼ਰੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਿਤਰ ਦਾ ਅਨਾਵਰਣ ਕੀਤਾ ਸੀ ਮੈਂ ਵੀ ਉਸ ਦਿਨ ਹੋਰ ਸੰਗਤ ਸਮੇਤ, ਉੱਥੇ ਮੌਜੂਦ ਸਾਂ ਅਤੇ ਮੇਰਾ ਉਹ ਸੁਪਨਾ ਕੋਈ ਚਾਰ ਦਹਾਕਿਆਂ ਬਾਅਦ ਪੂਰਾ ਹੋ ਗਿਆ।

ਇਸ ਤੋਂ ਪਹਿਲਾਂ 1967 ਈ: ਦੀਆਂ ਗਰਮੀਆਂ ਵਿੱਚ ਸਤਿਗੁਰੂ ਜੀ ਨੇ ਮਹਾਰਾਜ ਬੀਰ ਸਿੰਘ ਜੀ ਸਮੇਤ ਇੰਗਲੈਂਡ ਦਾ ਪਹਿਲਾ ਦੌਰਾ ਕੀਤਾ ਸੀ। ਇਸ ਸਮੇਂ ਸਤਿਜੁਗ ਵਿੱਚ ਮੇਰਾ ਲੇਖ ਛਪਿਆ ਸੀ-"ਦੇਹਧਾਰੀ ਗੁਰੂ ਅਤੇ ਸਿੱਖ ਦਾ ਰਿਸ਼ਤਾ" ਇੰਗਲੈਂਡ ਵਿੱਚ ਸਤਿਜੁਗ ਡਾਕ ਰਾਹੀ ਜਾਂਦਾ ਸੀ। ਮਹਾਰਾਜ ਜੀ ਨੇ ਸਤਿਜੁਗ ਵਿੱਚ ਉਹ ਲੇਖ ਪੜ੍ਹਕੇ, ਮੈਨੂੰ ਹੱਲਾ ਸ਼ੇਰੀ ਦੀ ਚਿੱਠੀ ਲਿਖੀ ਸੀ ਅਤੇ ਲੇਖ ਵਿਚਲੀਆਂ ਕੁਝ ਉਕਾਈਆਂ ਨੂੰ ਸੋਧਿਆ ਸੀ। ਇਸ ਤੋਂ ਕੁੱਝ ਦਿਨ ਬਾਅਦ ਮੈਨੂੰ ਪਿੰਡ ਦੇ ਪਤੇ ਤੇ ਹੀ ਸ੍ਰੀ ਸਤਿਗੁਰੂ ਜੀ ਦਾ ਆਪਣੇ ਹਸਤ ਕੰਵਲਾਂ ਦੁਆਰਾ ਲਿਖਿਆ ਕ੍ਰਿਪਾ ਪੱਤਰ ਪਰਾਪਤ ਹੋਇਆ ਜਿਸ ਵਿੱਚ ਆਪ ਨੇ ਆਪਣੇ ਦੌਰੇ ਦੇ ਸੰਖੇਪ ਵਿਵਰਣ ਲਿਖੇ ਸਨ। ਇਹ ਵੀ ਦੱਸਿਆ ਸੀ ਕਿ ਉਹ ਰੋਮ ਵਿਚ ਆਪਣੇ ਠਹਿਰਾਅ ਸਮੇਂ ਪੋਪ ਜੀ ਨੂੰ ਮਿਲਣ ਗਏ ਸਨ ਪਰ ਉਹਨਾਂ ਦੀ ਸਿਹਤ ਵੱਲ ਨਾ ਹੋਣ ਕਾਰਨ ਉਹ ਮਿਲ ਨਹੀਂ ਸਕੇ ਸਨ। ਸਤਿਗੁਰੂ ਜੀ ਦਾ ਉਹ ਅੱਧੀ ਸਦੀ ਤੋਂ ਪਹਿਲਾਂ ਦਾ ਪੱਤਰ ਮੇਰੇ ਕਾਗਜ਼ਾਂ ਵਿੱਚ ਇਧਰ-ਉਧਰ ਹੋ ਗਿਆ ਹੈ। ਪੁੰਗਰਦੇ ਲੇਖਕਾਂ ਨੂੰ ਆਪਣੇ ਢੰਗ ਨਾਲ ਸਤਿਗੁਰੂ ਜੀ ਉਤਸ਼ਾਹਿਤ ਕਰਿਆ ਕਰਦੇ ਸਨ।

ਮੇਰਾ ਕਾਲਜ ਦੀ ਪੜਾਈ ਸਮੇਂ ਕਾ.ਬਲਦੇਵ ਬਖਸ਼ੀ ਜੋ ਸਿਰਸੇ ਦਾ ਪ੍ਰਸਿੱਧ ਕਮਿਊਨਿਸਟ ਆਗੂ ਸਨ ਨਾਲ ਵਾਹ ਤਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੀ ਪਿਆ ਸੀ। ਪ੍ਰੋ. ਹਰਦਿਆਲ ਸਿੰਘ ਰਾਜਨੀਤੀ ਵਿਗਿਆਨ ਪੜ੍ਹਾਉਂਦੇ ਹੋਏ, ਸਮਾਜਵਾਦੀ ਵਿਚਾਰਾਂ ਦੀ ਸਿੱਖਿਆ ਦਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਸਮਤਾ ਮੂਲਕ ਸਿਖਿਆ ਨੂੰ, ਭਾਰਤ ਵਿੱਚ ਲਾਗੂ ਕਰਨ ਲਈ, ਮੈਨੂੰ ਭਾਰਤੀ ਕਮਿਊਨਿਸਟ ਪਾਰਟੀ ਦਾ ਪ੍ਰੋਗਰਾਮ ਸਹੀ ਮਾਲੂਮ ਹੋਇਆ। ਇਸ ਲਈ ਕਾਲਜ ਅਤੇ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ (1970-1973) ਆਪਣੀ ਕਾਨੂੰਨ ਦੀ ਪੜਾਈ ਦੇ ਸਾਲਾਂ ਵਿੱਚ ਮੈਂ ਸੀ.ਪੀ.ਆਈ ਵਿੱਚ ਸ਼ਾਮਲ ਹੋਣ ਦਾ ਮਨ ਬਣਾ ਲਿਆ। 1972 ਵਿੱਚ ਐਲਨਾਬਾਦ ਹਲਕੇ ਤੋਂ ਹਰਿਆਣਾ ਅਸੈਂਬਲੀ ਦੀ ਚੋਣ ਲਈ ਕਾ. ਜਸਵੰਤ ਸਿੰਘ ਜੋਸ਼ ਉਮੀਦਵਾਰ ਸਨ ਅਤੇ ਮੈਂ ਯੂਨੀਵਰਸਿਟੀ ਤੋਂ ਆ ਕੇ ਕੋਈ 10-12 ਦਿਨ ਜੋਸ਼ ਜੀ ਦੀ ਚੋਣ ਮੁਹਿੰਮ ਵਿੱਚ ਸਰਗਰਮ ਹੋ ਗਿਆ। ਸਾਲ 1972 ਚੜ੍ਹਦਿਆਂ ਮੈਂ ਪਾਰਟੀ ਦਾ ਵਿਧੀਵਤ ਮੈਂਬਰ ਬਣ ਗਿਆ। ਇਸ ਤੋਂ ਬਾਅਦ ਮੈਂ ਲੰਮਾ ਸਮਾਂ ਸਤਿਗੁਰੂ ਜੀ ਦੀ ਨਿਕਟਤਾ ਮਾਨਣ ਤੋਂ ਮਹਿਰੂਮ ਰਿਹਾ। ਵੈਸੇ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਆਉਂਦੇ ਜਾਂਦਿਆਂ ਜਾਂ ਜਦੋਂ ਉਹ ਸਾਡੇ ਘਰ ਬਾਪੂ ਜੀ ਜਾਂ 1983 ਵਿੱਚ ਉਹਨਾਂ ਦੇ ਚਲਾਣੇ ਬਾਅਦ ਮਾਤਾ ਜੀ ਨੂੰ ਦਰਸ਼ਨ ਦੇਣ ਆਉਂਦੇ ਤਾਂ ਜੇ ਮੈਂ ਘਰ ਹੁੰਦਾ ਤਾਂ ਦਰਸ਼ਨ ਹੋ ਜਾਂਦੇ। ਸਮੇਂ ਦੇ ਹਾਲਾਤ ਇਸ ਤਰ੍ਹਾਂ ਦੇ ਸਨ ਕਿ ਸਤਿਗੁਰੂ ਜੀ ਅਤੇ ਮੇਰੇ ਵਿਚਾਲੇ ਇਕ ਵਿੱਥ ਸਿਰਜੀ ਗਈ ਸੀ। ਬੇਸ਼ੱਕ 1993ਈ. ਦੀ 24 ਜੂਨ ਨੂੰ ਮਲੇਰਕੋਟਲੇ ਸ਼ਹੀਦੀ ਸਮਾਗਮ ਦੇ ਨੀਂਹ ਪੱਥਰ ਰੱਖਣ ਵਾਲੇ ਯਾਦਗਾਰੀ ਮੇਲੇ ਸਮੇਂ, ਸਤਿਗੁਰੂ ਜੀ ਦੀ ਪਹਿਲ ਕਦਮੀ ਤੇ ਸਾਨੂੰ ਵੀ ਇਸ ਮੇਲੇ ਤੇ ਸ਼ਾਮਲ ਹੋਣ ਲਈ ਕਿਹਾ ਗਿਆ। ਪਾਰਟੀ ਸਾਥੀਆਂ ਦੀ ਇਸ ਸਬੰਧ ਵਿੱਚ ਇਕ ਮੀਟਿੰਗ ਵੀ ਹੋਈ ਅਤੇ ਹੈਦਰਾਬਾਦ 1992 ਦੀ ਸੀ.ਪੀ.ਆਈ.ਦੀ ਪਾਰਟੀ ਕਾਂਗਰਸ ਦੇ ਇਸ ਫੈਸਲੇ ਕਿ ਭਾਰਤੀ ਲੋਕ ਨਾਇਕਾਂ ਨੂੰ ਵੀ ਸਮੇਂ ਅਨੁਸਾਰ ਯਾਦ ਕੀਤਾ ਜਾਵੇ, ਦੀ ਰੌਸ਼ਨੀ ਵਿਚ ਸੀ.ਪੀ.ਆਈ.ਦਾ ਕੁੱਝ ਕਾਡਰ ਮਲੇਰ ਕੋਟਲੇ ਪੁੱਜਿਆ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਵਚਨ ਵਿੱਚ, ਸ. ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਨੂੰ ਸੰਬੋਧਿਤ ਹੁੰਦਿਆਂ ਕਿਹਾ ਸੀ- "ਸਾਡਾ ਰਾਜਨੀਤਿਕ ਸਬੰਧ ਤਾਂ ਆਜ਼ਾਦੀ ਸੰਗਰਾਮ ਤੋਂ ਲੈਕੇ ਕਾਂਗਰਸ ਪਾਰਟੀ ਨਾਲ ਹੀ ਹੈ। ਸਾਡੇ ਇਲਾਕੇ (ਜੀਵਨ ਨਗਰ-ਹਰਿਆਣਾ) ਵਿੱਚ ਸਾਡੇ ਕੁੱਝ ਸਿੰਘ ਦੇਵੀ ਲਾਲ ਹੋਰਾਂ ਦੀ ਪਾਰਟੀ ਲੋਕ ਦਲ ਵਿੱਚ ਵੀ ਹਨ। ਸਾਡੇ ਕੁਝ ਮੁੰਡੇ ਕਾਮਰੇਡ ਵੀ ਹਨ।

ਇੱਥੇ ਅੱਜ ਦੇ ਸਮਾਗਮ ਵਿੱਚ ਸਾਰੇ ਆਏ ਹਨ, ਕਿਉਂਕਿ ਇਹ ਸ਼ਹੀਦ ਸਾਡੇ ਸਾਰਿਆਂ ਦੇ ਸਾਂਝੇ ਹਨ। ਮੈਨੂੰ ਵੀ ਉਚੇਚਾ ਹੁਕਮ ਕਰਕੇ ਸਤਿਗੁਰੂ ਜੀ ਨੇ ਇਸ ਸਮਾਗਮ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਸਮਾਂ ਦਿੱਤਾ ਸੀ। ਇਸ ਸਮੇਂ ਦੌਰਾਨ ਸੰਤ ਨਗਰ ਪਿੰਡ ਦੀ ਸਰਪੰਚੀ ਦੀ ਚੋਣ ਕਾਫ਼ੀ ਵਿਵਾਦਮਈ ਰੂਪ ਧਾਰਨ ਕਰ ਗਈ ਸੀ। ਇਲਾਕੇ ਦੇ ਲੋਕਾਂ ਦੀ ਭਾਵਨਾ ਅਨੁਸਾਰ ਲੋਕ ਪੰਚਾਇਤ ਨੇ ਇਲੈਕਸ਼ਨ ਟਾਲਣ ਲਈ, ਸਰਬ ਸੰਮਤੀ ਦੀ ਨੀਤੀ ਲਾਗੂ ਕਰਨੀ ਚਾਹੀ। ਉਸ ਸਮੇਂ ਸਤਿਗੁਰੂ ਜੀ ਨੂੰ ਇਸ ਪ੍ਰਥਾਇ ਬੇਨਤੀ ਕੀਤੀ ਤਾਂ ਆਪ ਜੀ ਨੇ ਪੂਰਨ ਸਹਿਯੋਗ ਦਿੱਤਾ ਅਤੇ ਸਰਬ ਸੰਮਤੀ ਨਾਲ ਦਰਸ਼ਨ ਸਿੰਘ ਕਿਲੇ ਵਾਲੇ ਨੂੰ ਸਰਪੰਚ ਬਣਾ ਕੇ ਅਤੇ ਹਰਦੀਪ ਸਿੰਘ ਵਰਨ ਨੂੰ ਐਲਨਾਬਾਦ ਬਲਾਕ ਸੰਮਤੀ ਦਾ ਉਪ ਚੇਅਰਮੈਨ ਬਣਾਕੇ, ਇਹ ਵਿਵਾਦ ਟਾਲਿਆ ਗਿਆ।

ਕੁਝ ਵਰ੍ਹੇ ਹੋਰ ਲੰਘ ਗਏ ਪਰ ਸਤਿਗੁਰੂ ਜੀ ਨਾਲ ਨਿਕਟ ਸੰਪਰਕ ਬਨਾਉਣ ਤੋਂ ਇਕ ਝਿਜਕ ਬਣੀ ਰਹੀ। ਉਹ ਝਿਜਕ ਵੀ ਫਿਰ 1996 ਵਿੱਚ ਸਤਿਗੁਰੂ ਜੀ ਨੇ ਆਪ ਹੀ ਦੂਰ ਕਰਨ ਦਾ ਸਬੱਬ ਬਣਾ ਲਿਆ। ਬਹਾਦਰ ਸਿੰਘ ਕੰਗ ਹੋਰਾਂ ਦੀ ਭੈਣ ਦਾ ਸੰਤ ਨਗਰ ਭੋਗ ਸੀ। ਸਤਿਗੁਰੂ ਜੀ ਦਰਸ਼ਨ ਦੇ ਰਹੇ ਸਨ। ਭੋਗ ਦੀ ਅਰਦਾਸ ਬਾਅਦ ਕਾ. ਜਸਵੰਤ ਸਿੰਘ ਜੋਸ਼ ਤੇ ਮੈਂ ਜਿੱਥੇ ਬੈਠੇ ਸਾਂ ਪਿੱਛੇ ਜਿਹੇ, ਹਰਪਾਲ ਸਿੰਘ ਸੇਵਕ ਹੋਰਾਂ ਨੂੰ ਭੇਜ ਕੇ ਸਾਨੂੰ ਬੁਲਾਇਆ ਅਤੇ ਫੁਰਮਾਇਆ- "ਇਉਂ ਲੁਕਿਆ ਨਾ ਕਰੋ! ਆਪਣੇ ਬੱਚੇ ਜੇ ਕੰਡ ਵੱਲੋਂ ਵੀ ਜੱਫੀ ਪਾਉਣ ਤਾਂ ਛਾਤੀ ਠਰ ਜਾਂਦੀ ਹੈ। ਰਹੁ ਬੇਸ਼ੱਕ ਕਮਿਊਨਿਸਟ, ਪਰ ਮੁੰਡੇ ਤੇ ਸਾਡੇ ਹੋ, ਮਿਲਦੇ ਗਿਲਦੇ ਰਿਹਾ ਕਰੋ।" ਹੁਣ ਉਹ ਆਖਰੀ ਝਿਝਕ ਦੂਰ ਹੋ ਗਈ ਸੀ। ਅਸਾਂ ਦੋਹਾਂ ਸਿਰ ਨਿਵਾਇਆ ਅਤੇ ਫਿਰ ਕਮਿਊਨਿਸਟ ਪਾਰਟੀ ਵਿੱਚ ਰਹਿੰਦਿਆਂ ਵੀ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਕਰਨ ਲੱਗ ਪਏ। ਦਸੰਬਰ 1996 ਵਿੱਚ ਮੈਂ ਕੋਈ 28 ਸਾਲਾਂ ਬਾਅਦ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਸਨ। ਅਗਲੀ ਸਵੇਰ ਸਤਿਗੁਰੂ ਜੀ ਨੇ ਮੈਨੂੰ ਸ੍ਰੀ ਭੈਣੀ ਸਾਹਿਬ ਦੇ ਸਮੂਹ ਇਤਿਹਾਸਕ ਅਸਥਾਨਾਂ ਦੇ ਆਪਣੀ ਹਜ਼ੂਰੀ ਵਿੱਚ ਦਰਸ਼ਨ ਕਰਵਾਏ। ਉਸ ਤੋਂ ਬਾਅਦ ਇਹ ਸਿਲਸਿਲਾ ਬ-ਦਸਤੂਰ ਜਾਰੀ ਹੈ। ਮੈਂ ਸੋਚਦਾ ਹਾਂ ਕਿ ਜੇ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਇਤਨੀ ਉਦਾਰਤਾ ਨਾਲ ਪੇਸ਼ ਨਾ ਆਉਂਦੇ ਤਾਂ ਨਾਮਧਾਰੀ ਸਾਹਿਤ ਇਤਿਹਾਸ ਦੀ ਕੁਝ ਕੁ ਸੇਵਾ, ਜੋ ਮੈਂ ਕਰ ਸਕਿਆਂ ਹਾਂ ਸ਼ਾਇਦ ਸੰਭਵ ਨਾਂ ਹੁੰਦੀ।

ਡਾ: ਅਮਰ ਭਾਰਤੀ ਜੀ ਨੇ ਲਿਖਿਆ ਸੀ ਕਿ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੀ ਇਹ ਵੱਡੀ ਖ਼ੂਬੀ ਸੀ ਕਿ ਉਹ ਕਿਸੇ ਵਿਅਕਤੀ ਨੂੰ ਉਸਦੇ ਵਿਸ਼ਵਾਸ਼ਾਂ ਸਮੇਤ ਕਬੂਲ ਸਕਦੇ ਸਨ।ਆਪਣਿਆਂ ਦਾ ਪਿੱਛਾ ਕਰਨ ਦਾ ਹੁਨਰ ਜੇ ਕਿਸੇ ਸਿੱਖਣਾ ਹੈ ਤਾਂ ਉਹ ਵੀ ਸਤਿਗੁਰੂ ਜੀ ਤੋਂ ਸਿਖਿਆ ਜਾ ਸਕਦਾ ਹੈ। ਸਤਿਗੁਰੂ ਜੀ ਕਿਸੇ ਵੀ ਵਿਅਕਤੀ ਦੀ ਛੋਟੀ ਤੋਂ ਛੋਟੀ ਗੱਲ ਨੂੰ ਵੀ ਯਾਦ ਰੱਖ ਕੇ, ਸਹੀ ਸਥਾਨ ਤੇ ਉਸ ਦੀ ਵਰਤੋਂ ਕਰਿਆ ਕਰਦੇ ਸਨ। ਕਾਮਰੇਡ ਜਗੀਰ ਸਿੰਘ ਜੋਗਾ ਹੋਰਾਂ ਦੇ ਪਿੰਡ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਪਹਿਲਾ ਜਾਂ ਦੂਜਾ ਮੇਲਾ ਪਿਛਲੀ ਸਦੀ ਦੇ ਆਖਰੀ ਸਾਲਾਂ ਵਿੱਚ ਹੋਇਆ।ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ ਅਤੇ ਮੈਂ ਵੀ ਪੁਜਿਆ ਸਾਂ।ਮੈਨੂੰ ਬੁਲਾਉਣ ਲੱਗਿਆ ਕਾ. ਜਗੀਰ ਸਿੰਘ ਜੋਗਾ ਹੋਰਾਂ ਦੱਸਿਆ ਕਿ ਸੀ.ਪੀ.ਆਈ. ਦਾ ਹਰਿਆਣਾ ਦਾ ਉੱਘਾ ਆਗੂ ਹੈ ਅਤੇ ਨਾਮਧਾਰੀ ਦਰਬਾਰ ਦਾ ਵੀ ਆਗੂ ਹੈ।ਮੈਂ ਬੋਲਣ ਲੱਗਿਆਂ ਕਿਹਾ ਕਿ ਨਾਮਧਾਰੀ ਦਰਬਾਰ ਦਾ ਮੈਂ ਆਗੂ ਤਾਂ ਨਹੀਂ ਅਦਨਾ ਸੇਵਕ ਹਾਂ।ਇਸ ਤੋਂ ਕਈ ਮਹੀਨੇ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਦੇ ਕਿਸੇ ਸਮਾਗਮ ਵਿੱਚ ਬੋਲਿਆ ਸਾਂ ਤਾਂ ਸਤਿਗੁਰੂ ਜੀ ਨੇ ਆਪਣੇ ਪਰਵਚਨ ਵਿੱਚ ਜੋਗਾ ਵਿਖੇ ਮੇਰੀ ਅਦਨੇ ਸੇਵਕ ਵਾਲੀ ਟਿੱਪਣੀ ਦੁਹਰਾ ਕੇ ਬੜੀ ਹੱਲਾ ਸ਼ੇਰੀ ਦਿੱਤੀ ਸੀ। ਸ੍ਰੀ ਭੈਣੀ ਸਾਹਿਬ ਦੀਆਂ ਬਹੁਤ ਸਾਰੀਆਂ ਯਾਦਾਂ ਆਪਦੇ ਸਮੇਂ ਨਾਲ ਸਬੰਧਿਤ ਹਨ, ਪਰ ਹੁਣ ਸਮੇਂ ਸਥਾਨ ਦੀ ਆਪਣੀ ਸੀਮਾ ਹੈ।

ਆਪਣੇ ਬ੍ਰਹਮਲੀਨ ਹੋਣ ਤੋਂ ਕੋਈ ਇਕ ਦਹਾਕਾ ਪਹਿਲਾਂ ਆਪ ਨੇ ਸੰਤ ਜਗਤਾਰ ਸਿੰਘ ਪਨਿਹਾਰੀ ਅਤੇ ਹੋਰ ਜ਼ਿੰਮੇਵਾਰ ਸੱਜਣਾਂ ਨੂੰ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਸੀ ਕਿ ਉਹ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਜਾਂ ਹੋਰ ਪੰਥਕ ਮਸਲਿਆਂ ਲਈ ਸ੍ਰੀ ਉਦੇ ਸਿੰਘ ਹੋਰਾਂ ਤੋਂ ਹੀ ਦਿਸ਼ਾ ਨਿਰਦੇਸ਼ ਲਿਆ ਕਰਨ। ਗੁਰਗੱਦੀ ਦੇ ਸੁਯੋਗ ਵਾਰਿਸ ਨੂੰ ਬੜੇ ਸਹਿਜ ਰੂਪ ਵਿੱਚ ਤਿਆਰ ਕਰਨ ਲਈ, ਸਤਿਗੁਰੂ ਜੀ ਨੇ ਤਿੰਨ ਦਹਾਕਿਆਂ ਤੋਂ ਪਹਿਲਾਂ ਹੀ ਉਹਨਾਂ ਨੂੰ ਕਰੜੇ ਇਮਤਿਹਾਨਾਂ ਵਿੱਚ ਪਾ ਦਿੱਤਾ ਸੀ। ਉਹਨਾਂ ਨੇ ਸਾਰੀਆਂ ਸੇਵਾਵਾਂ, ਜ਼ਿੰਮੇਵਾਰੀਆਂ ਬਾ-ਖ਼ੂਬੀ ਨਿਭਾਈਆਂ ਅਤੇ ਹਰ ਤਰ੍ਹਾਂ ਦੇ ਝੱਖੜਾਂ ਝੋਲਿਆਂ ਵਿੱਚ ਸਤਿਗੁਰੂ ਜੀ ਦੇ ਸਨਮੁੱਖ ਹੀ ਰਹੇ। ਅੱਜ ਸਤਿਗੁਰੂ ਉਦੇ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਸੌਂਪੇ ਨਾਮਧਾਰੀ ਸਿੱਖ ਪੰਥ ਦੀ ਚੌ-ਮੁਖੀ ਉੱਨਤੀ ਲਈ, ਲਗਾਤਾਰ ਕ੍ਰਿਆਸ਼ੀਲ ਰਹਿੰਦੇ ਹਨ। ਉਹਨਾਂ ਆਪਣੇ ਜੀਵਨ ਦਾ ਹਰ ਪਲ, ਸਤਿਗੁਰੂ ਜਗਜੀਤ ਸਿੰਘ ਜੀ ਦੇ ਉਲੀਕੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਸਮਰਪਿਤ ਕੀਤਾ ਹੋਇਆ ਹੈ।

# ਯਾਦ ਬਣੀ ਇਤਿਹਾਸ

**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**

ਵਰਤਮਾਨ ਸਮੇਂ ਬਿਤਾਏ ਪਲ, ਭਵਿੱਖ ਵਿੱਚ ਜੀਵਨ ਦਾ ਰਾਹ ਦਸੇਰਾ ਬਣ ਜਾਂਦੇ ਹਨ ਅਤੇ ਫਿਰ ਕਈ ਵਾਰ ਅਚੰਭਾ ਵੀ ਹੁੰਦਾ ਹੈ ਕਿ ਉਹ ਘਟਨਾਵਾਂ, ਜੋ ਸਾਡੇ ਨਾਲ ਵਰਤੀਆਂ ਹਨ ਜਾਂ ਫਿਰ ਉਹ ਪਲ ਜੋ ਅਸੀਂ ਹੰਢਾਏ ਹੁੰਦੇ ਹਨ, ਜੋ ਅੱਜ ਇਤਿਹਾਸ ਦਾ ਅੰਗ ਬਣ ਗਏ ਹਨ, ਸਾਡੀ ਜ਼ਿੰਦਗੀ ਦੀ ਮੰਜ਼ਿਲ ਨੂੰ ਨਿਸ਼ਚਿਤ ਕਰਦੇ ਹਨ। ਉਹ ਬੀਤੇ ਪਲ ਜਾਂ ਦਿਨ ਖੁਸ਼ੀ ਜਾਂ ਗਮ ਵਿੱਚ ਬਿਤਾਏ ਹੋਣ, ਉਹ ਯਾਦਾਂ ਨੂੰ ਯਾਦ ਕਰਨ ਨਾਲ ਮਨ ਅਤੇ ਦਿਮਾਗ ਵਿੱਚ ਤਾਜ਼ਾ ਹੋ ਜਾਂਦੇ ਹਨ ਜਿਵੇਂ ਅਜੇ ਉਹ ਕੱਲ੍ਹ ਹੀ ਵਾਪਰੇ ਹੋਣ ਪਰੰਤੂ ਉਹ ਕਈ ਸਾਲ ਪੁਰਾਣੇ ਹੋ ਚੁੱਕੇ ਹੁੰਦੇ ਹਨ।

ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਬੈਠ ਕੇ ਬਿਤਾਏ ਪਲ ਅੱਜ ਵੀ ਇਵੇਂ ਯਾਦ ਆ ਰਹੇ ਹਨ ਜਿਵੇਂ ਅਜੇ ਕੱਲ੍ਹ ਦੀ ਗੱਲ ਹੀ ਹੋਵੇ। ਸ੍ਰੀ ਭੈਣੀ ਸਾਹਿਬ ਅੱਸੂ ਦਾ ਮੇਲਾ ਚੱਲ ਰਿਹਾ ਸੀ, ਭੋਗ ਪੈਣ ਦੇ ਦਿਨ ਵੀ ਨੇੜੇ ਆ ਗਏ ਸਨ, ਇਹ 1993 ਈ. ਦੀ ਗੱਲ ਹੈ। ਮੈਂ ਆਪਣੀ ਪਤਨੀ ਨਾਲ ਗੱਲ ਕਰਦਾ ਸਾਂ ਕਿ ਕਦੋਂ ਸ੍ਰੀ ਭੈਣੀ ਸਾਹਿਬ ਜਾਇਆ ਜਾਵੇ ਪਰੰਤੂ ਫੈਸਲਾ ਨਹੀਂ ਸੀ ਹੋ ਰਿਹਾ। ਦੂਜੇ ਪਾਸੇ ਮੇਲੇ ਦਾ ਭੋਗ ਪੈਣ ਦਾ ਦਿਨ ਨੇੜੇ ਆ ਰਿਹਾ ਸੀ। ਇੱਕ ਦਿਨ ਦੁਪਹਿਰ ਸਮੇਂ ਮੈਂ ਮੰਜੇ ’ਤੇ ਲੇਟਿਆ ਹੋਇਆ ਸਾਂ ਤਾਂ ਅਚਾਨਕ ਮੇਰੀਆਂ ਅੱਖਾਂ ਅੱਗੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਸਿਮਰਨ ਦੀ ਮੁਦਰਾ ਵਿੱਚ ਆਏ ਅਤੇ ਪਲਕ ਝਪਕਣ ਬਾਅਦ ਅਲੋਪ ਹੋ ਗਏ। ਠੀਕ ਉਸ ਸਮੇਂ ਮੇਰੀ ਪਤਨੀ ਜੋ ਨੇੜੇ ਹੀ ਦੂਜੇ ਮੰਜੇ ਤੇ ਲੰਮੀ ਪਈ ਹੋਈ ਸੀ, ਮੈਂ ਉਸਨੂੰ ਉੱਠ ਕੇ ਦਸਿਆ ਕਿ ਜਾਗੋਮੀਟੀ ਵਿੱਚ ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਹੋਏ ਹਨ ਜੋ ਇਸ ਗੱਲ ਦਾ ਸੰਕੇਤ ਹਨ ਕਿ ਮੇਲੇ ਤੇ ਆਉਣ ਲਈ ਸਤਿਗੁਰੂ ਜੀ ਹੁਕਮ ਕਰ ਰਹੇ ਹਨ। ਅੱਗੋਂ ਮੇਰੀ ਪਤਨੀ ਨੇ ਆਖਿਆ ਕਿ ਇਹੋ ਜਿਹਾ ਦ੍ਰਿਸ਼ ਮੈਨੂੰ ਵੀ ਨਜ਼ਰ ਆਇਆ ਹੈ।

ਅਸੀਂ ਦੋਹਾਂ ਨੇ ਸ੍ਰੀ ਭੈਣੀ ਸਾਹਿਬ ਜਾਣ ਲਈ ਤਿਆਰੀ ਕਰ ਲਈ, ਲੌਢਾ ਵੇਲਾ ਹੋ ਚੁੱਕਾ ਸੀ। ਅਸੀਂ ਆਪਣੇ ਘਰ ਤੋਂ ਪੈਦਲ ਚਲਕੇ ਪਿੰਡ ਖੁੱਡਾ ਦੇ ਬੱਸ ਸਟੈਂਡ ਤੇ ਆਏ ਅਤੇ ਉਥੋਂ ਜਲੰਧਰ ਜਾਣ ਵਾਲੀ ਬੱਸ ਵਿੱਚ ਬੈਠ ਗਏ, ਫਿਰ ਜਲੰਧਰ ਦੇ ਬੱਸ ਅੱਡੇ ਤੋਂ ਲੁਧਿਆਣੇ ਜਾਣ ਵਾਲੀ ਬੱਸ ਵਿੱਚ ਬੈਠ ਗਏ। ਲੁਧਿਆਣੇ ਪਹੁੰਚਦਿਆਂ ਸਾਨੂੰ ਰਾਤ ਪੈ ਗਈ, ਅਸੀਂ ਸੋਚਿਆ ਕਿ ਸ੍ਰੀ ਭੈਣੀ ਸਾਹਿਬ ਪਹੁੰਚਦਿਆਂ ਸਾਨੂੰ ਬਹੁਤ ਦੇਰ ਹੋ ਜਾਵੇਗੀ। ਇਸ ਲਈ ਅਸੀਂ ਜਲੰਧਰ ਵਾਲੇ ਬਾਈਪਾਸ ਤੇ ਉੱਤਰ ਕੇ ਲੁਧਿਆਣੇ ਦੇ ਸਲੇਮ ਟਾਬਰੀ ਦੇ ਇਲਾਕੇ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਰਾਤ ਕੱਟਣ ਲਈ ਚਲੇ ਗਏ।

ਦੂਜੇ ਦਿਨ ਅਸੀਂ ਸਵੇਰੇ ਅੱਠ ਕੁ ਵਜੇ ਸਮਰਾਲਾ ਚੌਂਕ ਪਹੁੰਚ ਕੇ ਕਟਾਣੀ ਦੀ ਟਿਕਟ ਲੈਕੇ ਬੱਸ ਵਿੱਚ ਸਵਾਰ ਹੋਏ ਅਤੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਸੰਗਤ ਦੇ ਦਰਸ਼ਨ ਕਰਕੇ ਮਨ ਅਨੰਦ ਨਾਲ ਮਖ਼ਮੂਰ ਹੋ ਗਿਆ, ਸੱਜਣਾਂ ਮਿਤਰਾਂ ਨੂੰ ਮਿਲਿਆ, ਲੰਗਰ ਛਕਿਆ ਅਤੇ ਘੁੰਮ ਫਿਰ ਕੇ ਮੇਲਾ ਦੇਖਣਾ ਸ਼ੁਰੂ ਕਰ ਦਿੱਤਾ। ਪਤਾ ਹੀ ਨਹੀਂ ਲੱਗਾ ਕਿ ਕਦੋਂ ਨਿਤਨੇਮ ਦਾ ਸਮਾਂ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵਿੱਚ ਦੁਪਹਿਰ ਦਾ ਨਿਤਨੇਮ ਹੋ ਰਿਹਾ ਸੀ, ਮੈਂ ਵੀ ਜੋੜਾ ਬਾਹਰ ਉਤਾਰ ਕੇ ਸਿਮ੍ਰਤੀ ਮੰਦਰ ਅੰਦਰ ਚਲਾ ਗਿਆ। ਸਤਿਗੁਰੂ ਜੀ ਚੰਦੋਏ ਥੱਲੇ ਆਪਣੇ ਆਸਣ ਤੇ ਬੈਠੇ ਨਾਮ ਸਿਮਰਨ ਵਿੱਚ ਲੀਨ ਸਨ। ਸੰਗਤਾਂ ਲਾਈਨਾਂ ਵਿੱਚ ਹੌਲੀ-ਹੌਲੀ ਅੱਗੇ ਸਰਕ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਰਹੀਆਂ ਸਨ ਅਤੇ ਭੇਟਾ ਰੱਖ ਕੇ ਮੱਥਾ ਟੇਕ ਕੇ ਅੱਗੇ ਪੰਡਾਲ ਵਿੱਚ ਬੈਠ ਰਹੀਆਂ ਸਨ। ਮੈਂ ਵੀ ਲਾਈਨ ਵਿੱਚ ਖੜ੍ਹਾ ਹੋ ਗਿਆ ਅਤੇ ਬਾਕੀ ਗੁਰਸਿੱਖਾਂ ਵਾਂਗ ਅੱਗੇ ਵਧਣਾ ਸ਼ੁਰੂ ਕੀਤਾ। ਸਤਿਗੁਰੂ ਜੀ ਨਾਮ ਸਿਮਰਨ ਵਿੱਚ ਲੀਨ ਸਨ ਕਿਸੇ ਵੱਲ ਵੀ ਨਹੀਂ ਦੇਖਦੇ ਸਨ। ਦਰਸ਼ਨ ਕਰਨ ਜਾ ਰਹੇ ਗੁਰਸਿੱਖ ਵੀ ਚੌਅੱਖਰਾ ਜਾਪ ਕਰ ਰਹੇ ਸਨ।

ਹੌਲੀ-ਹੌਲੀ ਮੇਰੀ ਵਾਰੀ ਵੀ ਜਨਮ ਸਫਲਾ ਹੋਣ ਦੀ ਆ ਗਈ। ਮੈਂ ਅੱਗੇ ਵਧਿਆ ਅਤੇ ਭੇਟਾ ਧਰਕੇ ਜਿਉਂ ਹੀ ਮੱਥਾ ਟੇਕਣ ਲਈ ਸੀਸ ਨਿਵਾਉਣ ਲੱਗਾ ਤਾਂ ਇਕ ਅਚੰਭਾ ਹੋ ਗਿਆ ਜਿਸਦੀ ਮੈਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਹਜ਼ਾਰਾਂ ਸੂਰਜਾਂ ਦਾ ਅਨੰਦਮਈ ਚਾਨਣ ਮੇਰੀਆਂ ਅੱਖਾਂ ਨੇ ਦੇਖਿਆ, ਕੁਝ ਪਲਾਂ ਲਈ ਮਨ ਟਿਕਾਅ ਵਿਚ ਆ ਗਿਆ ਅਤੇ ਵਾਰ ਵਾਰ ਅੱਖ ਝਮਕਣ ਜਿੰਨੇ ਸਮੇਂ ਵਿੱਚ ਮਨ ਵਿੱਚ ਵਿਚਾਰ ਆਇਆ ਕਿ ਜੇ ਮੇਰਾ ਵੱਸ ਚੱਲੇ ਤਾਂ ਕੁੱਲ ਲੋਕਾਈ ਸਤਿਗੁਰਾਂ ਦੇ ਚਰਨਾਂ ਤੋਂ ਵਾਰ ਦੇਵਾਂ। ਏਨੇ ਨੂੰ ਸਤਿਗੁਰਾਂ ਨੇ

ਅਨੇਕਾਂ ਸੂਰਜਾਂ ਦੇ ਚਾਨਣ ਵਿਚੋਂ ਧਿਆਨ ਉੱਪਰ ਚੁੱਕਿਆ ਅਤੇ ਨੇਤਰ ਖੋਲ੍ਹਕੇ, ਮੁਸਕਰਾ ਕੇ ਥੋੜਾ ਅੱਗੇ ਨੂੰ ਝੁਕ ਕੇ ਬੜੇ ਪਿਆਰ ਨਾਲ ਬਚਨ ਕੀਤਾ, "ਤੈਨੂੰ ਕਈ ਦਿਨਾਂ ਦੇ ਉਡੀਕਦੇ ਸਾਂ, ਤੂੰ ਅੱਜ ਆਇਆ ਹੈਂ"। ਮਨ ਆਨੰਦ ਨਾਲ ਭਰ ਗਿਆ ਸੀ, ਮੈਂ ਬੋਲਣ ਤੋਂ ਅਸਮਰਥ ਸਾਂ, ਮੈਂ ਕਦੋਂ ਦੀਵਾਨ ਵਿੱਚ ਬੈਠਾ, ਇਸਦਾ ਕੋਈ ਪਤਾ ਨਹੀਂ ਲੱਗਾ। ਜਦੋਂ ਮੇਰੀ ਸੁਰਤ ਮੁੜੀ ਤਾਂ ਮੈਂ ਦੇਖਿਆ, ਸਤਿਗੁਰੂ ਜੀ ਪਹਿਲਾਂ ਵਾਂਗ ਨੇਤਰ ਬੰਦ ਕਰਦੇ ਭਜਨ ਕਰ ਰਹੇ ਸਨ, ਸਿਰਫ਼ ਮਾਲਾ ਉਹਨਾਂ ਦੇ ਕਰ ਕੰਵਲਾਂ ਵਿੱਚ ਫਿਰਦੀ ਦਿਸ ਰਹੀ ਸੀ। ਇਸ ਘਟਨਾ ਨੂੰ ਮੈਂ ਜਦੋਂ ਵੀ ਯਾਦ ਕਰਦਾ ਹਾਂ ਮਨ ਅਨੰਦਤ ਹੋ ਉੱਠਦਾ ਹੈ।

ਦੂਜੀ ਇਕ ਹੋਰ ਘਟਨਾ ਹੈ ਜੋ ਮੇਰੇ ਲਈ ਇਤਿਹਾਸ ਦਾ ਇਕ ਹਿੱਸਾ ਬਣ ਚੁੱਕੀ ਹੈ ਜਿਸਨੇ ਮੈਨੂੰ ਪੁਸਤਕ "ਨਾਦੇੜ ਤੋਂ ਬਾਅਦ ਦਸਮ ਗੁਰੂ" ਲਿਖਣ ਵਿਚ ਮਦਦ ਕੀਤੀ ਸੀ ਅਤੇ ਮੈਨੂੰ ਸਰੋਤ ਸਮੱਗਰੀ ਇਕੱਤਰ ਕਰਨ ਵਿਚ ਮਦਦ ਕੀਤੀ। ਇਹ ਮੇਰੀ ਪੁਸਤਕ ਪਹਿਲੀ ਵਾਰ 1998 ਈਸਵੀ ਵਿਚ ਪ੍ਰਕਾਸ਼ਤ ਹੋਈ ਸੀ। 1998 ਤੋਂ ਪਹਿਲਾਂ ਮੈਂ ਕਈ ਸਾਲ ਇਹ ਪੁਸਤਕ ਤਿਆਰ ਕਰਨ ਲਈ ਸਰੋਤ ਸਮੱਗਰੀ ਇਕੱਤਰ ਕਰਨ ਲਈ ਬਹੁਤ ਮਿਹਨਤ ਕੀਤੀ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਇਤਿਹਾਸ ਸਮੱਗਰੀ ਦੀ ਢੂੰਡ ਭਾਲ ਕਰਦੇ ਹੋਏ ਮੈਂ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਗਿਆ ਅਤੇ ਉਥੋਂ ਦੇ ਇਨਚਾਰਜ ਡਾਕਟਰ ਦੇਵਿੰਦਰ ਸਿੰਘ ਵਿਦਿਆਰਥੀ ਨੂੰ ਮਿਲਿਆ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਤੋਂ ਰੀਟਾਇਰਡ ਹੋ ਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਆਏ ਸਨ। ਮੈਨੂੰ ਦੇਖਕੇ ਕਹਿਣ ਲੱਗੇ, ਆ ਮੇਰੇ ਸਰਨਾਵੀਆਂ, ਅੱਜ ਕੱਲ ਕੀ ਲਿਖ ਰਿਹਾ ਹਾਂ, ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਨਾਦੇੜ ਤੋਂ ਬਾਅਦ ਦਸਮ ਗੁਰੂ ਜੀ ਦੇ ਜੀਵਨ ਬਾਰੇ ਸਰੋਤ ਸੱਮਗਰੀ ਦੀ ਢੂੰਡ ਭਾਲ ਕਰ ਰਿਹਾ ਹਾਂ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਹਨਾਂ ਨੇ ਕੁਝ ਮਿੰਟਾਂ ਵਿਚ ਹੀ ਮੈਨੂੰ ਸਾਰੇ ਇਤਿਹਾਸਕ ਗ੍ਰੰਥਾਂ ਬਾਰੇ ਵੇਰਵੇ ਸਹਿਤ ਦੱਸ ਦਿੱਤਾ ਅਤੇ ਇਹ ਵੀ ਦੱਸਿਆ ਕਿ ਜਦੋਂ ਦਸਮ ਪਾਤਸ਼ਾਹ ਜੀ ਨਾਦੇੜ ਤੋਂ ਬਾਅਦ ਪੰਜਾਬ ਵਾਪਸ ਆ ਰਹੇ ਸਨ ਤਾਂ ਦਸਮ ਗੁਰੂ ਜੀ ਨੇ ਸਾਡੇ ਖਾਨਦਾਨ ਦੇ ਬਜ਼ੁਰਗਾਂ ਨੂੰ ਦਰਸ਼ਨ ਦੇ ਕੇ ਜਪੁਜੀ ਸਾਹਿਬ ਦਾ ਗੁਟਕਾ ਦਿੱਤਾ ਸੀ ਜੋ ਅੱਜ ਵੀ ਡਾਕਟਰ ਦੇਵਿੰਦਰ ਸਿੰਘ ਵਿਦਿਆਰਥੀ ਜੀ ਦੇ ਖਾਨਦਾਨ ਕੋਲ ਸੰਭਾਲਿਆ ਪਿਆ ਹੈ। ਉਸ ਇਤਿਹਾਸਕ ਤੱਥ ਦਾ ਜ਼ਿਕਰ ਨਾਨਕ ਪ੍ਰਕਾਸ਼ ਪਤ੍ਰਿਕਾ 1976 ਦੇ ਅੰਕ ਸਫਾ 29, (ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ) ਵਿਚ ਆਪਣੇ ਖੋਜ ਪੱਤਰ :ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤਾਂ ਅਤੇ ਭੱਟਾਂ ਦੀ ਰਚਨਾ" ਦੇ ਫੁਟ ਨੋਟ ਵਿਚ ਇਸ ਪ੍ਰਕਾਰ ਲਿਖਦੇ ਹਨ:-

"...... ਮੇਰੇ ਨਾਨਕੇ ਉਨ੍ਹਾਂ ਪਰਿਵਾਰਾਂ ਵਿਚੋਂ ਇਕ ਸੀ ਜਿਨ੍ਹਾਂ ਪਰਿਵਾਰਾਂ ਦੇ ਕਿਸੇ ਨਾ ਕਿਸੇ ਮੈਂਬਰ ਨੇ ਜੋਤੀ ਜੋਤ ਸਮਾ ਜਾਣ ਦੀ ਤਾਰੀਖ ਤੋਂ ਪਿਛੋਂ ਗੁਰੂ ਜੀ ਦੇ ਕੇਵਲ ਪ੍ਰਤੱਖ ਦਰਸ਼ਨ ਹੀ ਨਹੀਂ ਕੀਤੇ ਸਨ, ਬਖਸ਼ਿਸ਼ਾਂ ਭੀ ਪ੍ਰਾਪਤ ਕੀਤੀਆਂ ਸਨ........।

(ਫੁਟ ਨੋਟ ਵਿਚ) ਭਾਈ ਰੂਪ ਚੰਦ ਜੀ ਦੇ ਦੋ ਸਪੁੱਤਰ ਦਸਮੇਸ਼ ਜੀ ਨਾਲ ਦੱਖਣ ਗਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਘਰ ਪਰਤ ਜਾਣ ਦੀ ਆਗਿਆ ਕੀਤੀ। ਉਹ ਮੁੜੇ ਪਰ ਬਿਨਾਂ ਨਿਸ਼ਾਨੀ ਤੋਂ। ਪਿਤਾ ਦੀ ਆਗਿਆ ਨਾਲ ਮੁੜ ਗਏ। ਜੋਤੀ ਜੋਤ ਸਮਾਉਣ ਤੋਂ ਪਿਛੋਂ ਗੁਰੂ ਜੀ ਉਨ੍ਹਾਂ ਨੂੰ ਰਸਤੇ ਵਿਚ ਮਿਲੇ, ਗੁਟਕਾ ਤੇ ਸ੍ਰੀ ਸਾਹਿਬ ਬਖਸ਼ੇ, ਗੁਟਕਾ ਅਜੇ ਭਾਈ ਸਾਹਿਬ ਬਾਗੜੀਆਂ ਪਾਸ ਮੌਜੂਦ ਹੈ। "

ਪ੍ਰੋਫੈਸਰ ਸਾਹਿਬ ਦੀ ਉਪਰੋਕਤ ਲਿਖਤ ਨੂੰ ਮੈਂ ਆਪਣੀ ਪੁਸਤਕ "ਨਾਂਦੇੜ ਤੋਂ ਬਾਅਦ ਦਸਮ ਗੁਰੂ" 47 ਅਤੇ 48 ਤੇ ਵੀ ਦਰਜ ਕੀਤਾ ਹੈ। ਫਿਰ ਮੈਨੂੰ ਪ੍ਰੋਫੈਸਰ ਡਾਕਟਰ ਦੇਵਿੰਦਰ ਸਿੰਘ ਵਿਦਿਆਰਥੀ ਨੇ ਪੁੱਛਿਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੱਜ ਕੱਲ ਦੋਵੇਂ ਸਾਹਿਬਜ਼ਾਦਿਆਂ ਦੇ ਆਪਸੀ ਸੰਬੰਧ ਕਿਹੋ ਜਿਹੇ ਹਨ? ਮੈਂ ਕਿਹਾ ਦੋਹਾਂ ਦੇ ਆਪਸੀ ਸੰਬੰਧ ਠੀਕ ਹਨ, ਰਾਮ ਲਛਮਣ ਦੀ ਜੋੜੀ ਹੈ। ਅੱਗੋਂ ਪ੍ਰੋਫੈਸਰ ਸਾਹਿਬ ਕਹਿਣ ਲੱਗੇ, ਤੂੰ ਝੂਠ ਬੋਲਦਾ ਹੈਂ, ਉਹਨਾਂ ਦੇ ਆਪਸੀ ਸੰਬੰਧ ਠੀਕ ਹੋ ਹੀ ਨਹੀਂ ਸਕਦੇ। ਅਗੋਂ ਮੈਂ ਡਾਕਟਰ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਕਿਵੇਂ ਜਾਣਦੇ ਹੋ, ਉਹਨਾਂ ਦੇ ਸੰਬੰਧ ਠੀਕ ਨਹੀਂ ਹਨ? ਪ੍ਰੋਫੈਸਰ ਸਾਹਿਬ ਨੇ ਕਿਹਾ ਮੈਂ ਜੋਤਿਸ਼ ਵਿਦਿਆ ਜਾਣਦਾ ਹਾਂ, ਮੈਨੂੰ ਮੱਥੇ ਦੀ ਰੇਖਾ ਪੜ੍ਹਨ ਦੀ ਮੁਹਾਰਤ ਹੈ। ਸਾਡੇ ਪਰਿਵਾਰ ਦੇ ਮਾਤਾ ਜੀਵਨ ਕੌਰ ਨਾਲ ਸੰਬੰਧ ਜੁੜਦੇ ਸਨ। ਮੈਂ ਇਕ ਵਾਰ ਸ੍ਰੀ ਭੈਣੀ ਸਾਹਿਬ ਸਾਂ, ਮੈਨੂੰ ਸੰਤ ਇੰਦਰ ਸਿੰਘ ਚੱਕਰਵਰਤੀ ਲੰਗਰ ਵਿਚ ਲੈ ਗਏ ਅਤੇ ਪ੍ਰਸ਼ਾਦੇ ਨਾਲ ਘਿਓ ਖੰਡ ਦਿੱਤਾ। ਅਗੋਂ ਹੱਸਦਿਆਂ ਹੋਇਆਂ ਮੈਂ ਕਿਹਾ ਕਿ ਏਹ ਕੀ ਪਾਖੰਡ ਜਿਹਾ ਕਰ ਰਹੇ ਹੋ। ਚੱਕਰਵਰਤੀ ਨੇ ਜਾ ਕੇ ਮਾਤਾ ਜੀਵਨ ਕੌਰ ਜੀ ਨੂੰ ਦੱਸਿਆ, ਨਾਭੇ ਤੋਂ ਇਕ ਪ੍ਰੋਫੈਸਰ

ਆਇਆ ਹੈ, ਉਹ ਇਸ ਤਰ੍ਹਾਂ ਕਹਿੰਦਾ ਹੈ। ਅਗੋਂ ਮਾਤਾ ਜੀ ਨੇ ਕਿਹਾ, ਉਹ ਜ਼ਰੂਰ ਨਾਭੇ ਵਾਲੇ ਸੁਜਾਨ ਸਿੰਘ ਦੇ ਪਰਿਵਾਰ ਵਿਚੋਂ ਹੋਵੇਗਾ। ਉਦੋਂ ਪ੍ਰੋਫੈਸਰ ਸਾਹਿਬ ਦਾ ਆਖਣਾ ਸੀ ਕਿ ਮੈਂ ਦੋਵੇਂ ਭਰਾਵਾਂ ਨੂੰ ਮਿਲਿਆ ਸਾਂ, ਵੱਡੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਸੁਭਾਅ ਪੱਖੋ ਸ਼ਾਤ ਚਿੱਤ, ਵੱਡੇ ਹੌਸਲੇ ਵਾਲੇ ਤੇ ਅਕਾਲ ਪੁਰਖ ਦਾ ਸਰੂਪ ਜਾਪੇ ਸਨ ਪ੍ਰੰਤੂ ਛੋਟੇ (ਮਹਾਰਾਜ ਬੀਰ ਸਿੰਘ ਜੀ) ਦੁਨੀਆਂਦਾਰ ਹੀ ਜਾਪੇ ਸਨ, ਇਹੋ ਕੁਝ ਉਹਨਾਂ ਦੀ ਮਸਤਕ ਰੇਖਾ ਉਹਨਾਂ ਦੇ ਭਵਿਖ ਬਾਰੇ ਦੱਸ ਰਹੀ ਸੀ। ਫਿਰ ਮੈਨੂੰ ਕਹਿੰਦੇ ਕਿ ਤੂੰ ਝੂਠ ਬੋਲਦਾ ਹੈਂ ਕਿ ਦੋਵੇਂ ਭਰਾ ਰਾਮ ਲਛਮਣ ਦੀ ਜੋੜੀ ਹੈ, ਉਹਨਾਂ ਦੇ ਭਵਿੱਖ ਅਤੇ ਸੁਭਾਅ ਵਿੱਚ ਬਹੁਤ ਅੰਤਰ ਹੈ।

ਫਿਰ ਪ੍ਰੋਫੈਸਰ ਸਾਹਿਬ ਰੰਗ ਵਿੱਚ ਆ ਕੇ ਕਹਿਣ ਲੱਗੇ ਕਿ ਮੈਂ ਭਾਗਾਂ ਵਾਲਾ ਹਾਂ ਕਿ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਮੈਂ ਪੁੱਛਿਆ ਕਿ ਉਹ ਕਿਵੇਂ ਹੋਇਆ ਤਾਂ ਪ੍ਰੋਫੈਸਰ ਸਾਹਿਬ ਨੇ ਦੱਸਿਆ ਕਿ ਨਾਭੇ ਵਾਲੇ ਮਹਾਰਾਜਾ ਨੇ ਗੁਰਦੁਆਰਾ ਸਿਰੋਪਾ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਆਉਣ ਲਈ ਬੇਨਤੀ ਕੀਤੀ ਸੀ ਅਤੇ ਉਥੇ ਹੋਰ ਚਾਰ ਭਜਨੀਕ ਸੰਤ ਮਹਾਂਪੁਰਸ਼ ਬੁਲਾਏ ਹੋਏ ਸਨ, ਫਿਰ ਪੰਜਵੇਂ ਸਤਿਗੁਰੂ ਜੀ, ਪੰਜ ਪਿਆਰਿਆਂ ਦੇ ਰੂਪ ਵਿੱਚ ਅੰਮ੍ਰਿਤ ਤਿਆਰ ਕਰਕੇ ਸੰਗਤ ਨੂੰ ਛਕਾਇਆ ਸੀ, ਉਸ ਸਮੇਂ ਮੈਂ (ਡਾਕਟਰ ਦੇਵਿੰਦਰ ਸਿੰਘ ਵਿਦਿਆਰਥੀ) ਵੀ ਅੰਮ੍ਰਿਤ ਛਕਿਆ ਸੀ। ਉਹ ਇਕ ਵਾਰ ਫਿਰ ਰੰਗ ਵਿੱਚ ਮਸਤਾਨੇ ਜਿਹੇ ਹੋ ਕੇ ਬੋਲੇ, ਮੈਂ ਫਿਰ ਭਾਗਾਂ ਵਾਲਾ ਹੀ ਹੋਇਆ।

ਮੈਂ ਫਿਰ ਆਖਿਆ ਕਿ ਤੁਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਦੇਖਿਆ ਹੋਇਆ ਹੈ ਅਤੇ ਤੁਸੀਂ ਸਤਿਗੁਰਾਂ ਦੇ ਦਰਸ਼ਨ ਵੀ ਕੀਤੇ ਹੋਏ ਹਨ ਕੋਈ ਸਾਖੀ ਸੁਣਾਓ ਅਗੋਂ ਪ੍ਰੋਫੈਸਰ ਸਾਹਿਬ ਨੇ ਨੇਤਰ ਬੰਦ ਕਰ ਲਏ ਅਤੇ ਅਨੋਖੀ ਜਿਹੀ ਅਵਸਥਾ ਵਿੱਚ ਹੋਕੇ ਕਹਿਣ ਲਗੇ, ਦੇਵਿੰਦਰ ਜੀ, ਉਹਨਾਂ ਜਿਹਾ ਨਾ ਕੋਈ ਹੋਇਆ ਹੈ ਤੇ ਨਾਂਹ ਹੀ ਹੋਵੇਗਾ। ਜਦੋਂ ਉਹ ਹੱਥ ਵਿੱਚ ਖੂੰਡਾ ਫੜਕੇ ਤੁਰਦੇ ਸਨ ਤਾਂ ਇੰਝ ਜਾਪਿਆ ਕਰਦਾ ਸੀ ਕਿ ਧਰਤੀ ਕੰਬ ਰਹੀ ਹੈ। ਇਹ ਬੋਲ ਬੋਲਕੇ ਪ੍ਰੋਫੈਸਰ ਸਾਹਿਬ ਚੁੱਪ ਹੋ ਗਏ, ਉਹਨਾਂ ਦਾ ਬੁੱਢਾ ਚਿਹਰਾ ਲਾਲ ਹੋ ਗਿਆ ਸੀ, ਉਹਨਾਂ ਦੇ ਨੇਤਰ ਬੰਦ ਹੋ ਗਏ ਸਨ। ਇੰਝ ਜਾਪਦਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੈਵੀ ਸ਼ਖ਼ਸੀਅਤ ਦੇ ਅੰਦਰਲੇ ਨੇਤਰਾਂ ਨਾਲ ਦਰਸ਼ਨ ਕਰ ਰਹੇ ਹੋਣ। ਮੈਂ ਅਛੋਪੋਲੇ ਜਿਹੇ ਕੁਰਸੀ ਤੋਂ ਉੱਠਿਆ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਬਾਹਰ ਆ ਕੇ ਪਉੜੀਆਂ ਉਤਰ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਚਲਾ ਗਿਆ ਅਤੇ ਉਥੇ ਬੈਠ ਕੇ ਇਲਾਹੀ ਸ਼ਬਦ ਕੀਰਤਨ ਸੁਣਨ ਵਿੱਚ ਲੀਨ ਹੋ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੇਂ ਸਮੇਂ ਦੇਸ਼ਾਂ-ਵਿਦੇਸ਼ਾਂ ਵਿਚ ਜਾ ਕੇ ਦਰਸ ਪਿਆਸੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਨਾਮ ਬਾਣੀ ਦੇ ਪ੍ਰਵਾਹ ਚਲਾਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਐਸੇ ਪ੍ਰਚਾਰ ਦੌਰਿਆਂ ਵਿੱਚ ਰਾਣੀ ਪਿੰਡ (ਜਿਲਾ ਹੁਸਿਆਰਪੁਰ) ਵਿਖੇ 9 ਨਵੰਬਰ 1996 ਈ. ਨੂੰ ਸਤਿਗੁਰੂ ਜੀ ਨੇ ਜਥੇਦਾਰ ਪ੍ਰਭਜੀਤ ਸਿੰਘ ਦੇ ਘਰ ਚਰਨ ਪਾਏ ਸਨ। ਸਾਡੇ ਹੁਸ਼ਿਆਰਪੁਰ ਦੇ ਸਮੁੱਚੇ ਇਲਾਕੇ ਵਿੱਚ ਸਤਿਗੁਰੂ ਜੀ ਦੀ ਆਮਦ ਦੀ ਖ਼ਬਰ ਫੈਲ ਗਈ। ਉਸ ਦਿਨ ਸਵੇਰ ਨੂੰ ਮੈਂ ਸਾਈਕਲ ਤੇ ਆਪਣੇ ਪਿੰਡ ਤੋਂ ਕਸਬਾ ਟਾਂਡਾ ਉੜਮੁੜ ਪਹੁੰਚਿਆ। ਮੇਰਾ ਪ੍ਰਵਾਰ ਅਤੇ ਪਿੰਡ ਦੀ ਕੁਝ ਹੋਰ ਸੰਗਤ ਬਸ ਰਾਹੀਂ ਟਾਂਡੇ ਪਹੁੰਚ ਗਏ। ਅਸੀਂ ਸਾਰੇ ਸਿਵਲ ਹਸਪਤਾਲ ਵਾਲੇ ਚੌਂਕ ਵਿੱਚ ਖੜੇ ਸਾਂ, ਸਮਾਂ ਲਗਭਗ ਨੌਂ ਵਜੇ ਸਵੇਰ ਦਾ ਸੀ।

ਸਿਵਲ ਹਸਪਤਾਲ ਵਾਲੇ ਚੌਂਕ ਵਿਚੋਂ ਮੈਨੂੰ ਜਾਪਿਆ ਕਿ ਸਤਿਗੁਰੂ ਜੀ ਦੀ ਗੱਡੀ ਸਬਜੀ ਮੰਡੀ ਵਾਲੇ ਚੌਂਕ ਵਿੱਚ ਖੜੀ ਹੈ। ਮੈਂ ਇਕਲਾ ਹੀ ਉਧਰ ਤੁਰ ਪਿਆ। ਮੈਂ ਸਬਜੀ ਮੰਡੀ ਪਹੁੰਚਿਆ ਤਾਂ ਦੇਖ ਕੇ ਅਪਾਰ ਪ੍ਰਸੰਨਤਾ ਹੋਈ ਕਿ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫ਼ਲਾ ਖੜਾ ਸੀ ਅਤੇ ਰਾਣੀ ਪਿੰਡ ਵੱਲ ਜਾਣ ਦੀਆਂ ਪੂਰੀਆਂ ਤਿਆਰੀਆਂ ਸਨ। ਸਤਿਗੁਰੂ ਜੀ ਨੇ ਮੈਨੂੰ ਦੇਖ ਕੇ ਅਪਾਰ ਬਖਸ਼ਿਸ਼ਾਂ ਕਰਦੇ ਹੋਏ ਕਿਹਾ, ਕਿਧਰ ਚੱਲਿਆਂ ਹੈ? ਮੈਂ ਸਤਿਗੁਰਾਂ ਨੂੰ ਮੱਥਾ ਟੇਕਦੇ ਹੋਇਆਂ ਕਿਹਾ, ਗਰੀਬ ਨਿਵਾਜ਼ ਜੀ ਜਿਥੇ ਆਪ ਜੀ ਜਾ ਰਹੇ ਹੋ, ਉਥੇ ਹੀ ਮੈਂ ਜਾ ਰਿਹਾ ਹਾਂ। ਸਤਿਗੁਰੂ ਜੀ ਨੇ ਬਖਸ਼ਿਸ਼ਾਂ ਕਰਦੇ ਹੋਏ ਕਿਹਾ, ਆ ਜਾਹ, ਗੱਡੀ ਵਿੱਚ ਬੈਠ ਜਾਹ।

ਸੰਤ ਗੁਰਮੁਖ ਸਿੰਘ ਡਰਾਈਵਰ ਗੱਡੀ ਡਰਾਈਵ ਕਰ ਰਿਹਾ ਸੀ, ਉਸਦੇ ਨਾਲ ਸਤਿਗੁਰੂ ਜੀ ਗੱਡੀ ਵਿੱਚ ਬੈਠੇ ਸਨ। ਪਿਛਲੀ ਸੀਟ ਤੇ ਮਾਤਾ ਜੀ ਬੈਠੇ ਸਨ, ਉਹਨਾਂ ਦੇ ਨਾਲ ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ ਬੈਠੇ ਸਨ ਉਹਨਾਂ ਦੇ ਨਾਲ ਮੈਨੂੰ ਬੈਠਣ ਦਾ ਹੁਕਮ ਹੋਇਆ, ਗੱਡੀ ਚਲ ਪਈ ਅਤੇ ਹਸਪਤਾਲ ਵਾਲੇ ਚੌਂਕ ਵਿਚ ਸਤਿਗੁਰਾਂ ਨੇ ਮੇਰਾ ਸਾਈਕਲ ਉਚੇਚੇ ਤੌਰ ਤੇ ਰਾਣੀ ਪਿੰਡ ਜਾ ਰਹੀ ਟਰੈਕਟਰ ਟਰਾਲੀ ਵਿੱਚ ਰਖਾਉਣ ਦਾ ਹੁਕਮ ਕੀਤਾ ਅਤੇ ਮੇਰਾ ਪਿੰਡ ਤੋਂ ਆਈ ਸੰਗਤ ਨੂੰ ਟਰੈਕਟਰ ਟਰਾਲੀ ਵਿਚ ਸਵਾਰ ਹੋਣ ਲਈ ਕਿਹਾ। ਰਸਤੇ

ਵਿੱਚ ਸਤਿਗੁਰੂ ਜੀ ਨੇ ਮੈਨੂੰ ਅਪਾਰ ਖੁਸੀਆਂ ਬਖ਼ਸ਼ੀਆਂ ਅਤੇ ਆਪ ਜੀ ਨੇ ਮੇਰੇ ਨਾਲ ਅਨੇਕ ਬਚਨ ਕੀਤੇ। ਮੈਂ, ਪਾਤਸ਼ਾਹ ਜੀ ਨੂੰ ਡਾਕਟਰ ਦੇਵਿੰਦਰ ਸਿੰਘ ਵਿਦਿਆਰਥੀ ਨਾਲ ਜੋ ਉਪਰੋਕਤ ਗੱਲਬਾਤ ਹੋਈ ਸੀ, ਉਹ ਸਭ ਕੁਝ ਵਿਸਥਾਰ ਸਹਿਤ ਦੱਸਿਆ। ਸਤਿਗੁਰੂ ਜੀ ਨੇ ਮੈਨੂੰ ਅਪਾਰ ਖੁਸ਼ੀਆਂ ਬਖਸ਼ੀਆਂ ਸਨ ਅਤੇ "ਨਾਂਦੇੜ ਤੋਂ ਬਾਅਦ ਦਸਮ ਗੁਰੂ" ਪੁਸਤਕ ਲਿਖਣ ਲਈ ਹੁਕਮ ਕੀਤਾ। ਉਹਨਾਂ ਦੀ ਕਿਰਪਾ ਨਾਲ ਮੇਰੀ ਉਹ ਪੁਸਤਕ 1998 ਈ. ਵਿੱਚ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਹੱਥਾਂ ਵਿੱਚ ਆਈ ਸੀ। ਮੇਰੀ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਏਦਾਂ ਹੀ ਮੇਰੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਣ ਅਤੇ ਮੇਰਾ ਮਾਰਗ ਦਰਸ਼ਨ ਕਰਦੇ ਰਹਿਣ।

---

## ਸ੍ਰੀ ਅਮਰ ਭਾਰਤੀ ਤੇ ਕਿਰਪਾ

ਨਵੀਂ ਦਿੱਲੀ- ਸਤਿਜੁਗ ਦੇ ਪਾਠਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਅਮਰ ਭਾਰਤੀ ਜੀ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ, 'ਭਾਰਤ ਦੀ ਵਿਰਾਸਤ ਕਿਹਾ ਸੀ, ਦਿਲ ਦੇ ਰੋਗ ਦੇ ਟੈਸਟ ਕਰਵਾ ਕੇ, 19 ਮਾਰਚ ਨੂੰ ਐਸਕਾਟਸ ਹਸਪਤਾਲ ਤੋਂ ਘਰ ਪਰਤੇ।

ਸਤਿਜੁਗ ਦੇ ਪਾਠਕਾਂ ਨੂੰ ਪਤਾ ਹੀ ਹੈ ਕਿ ਉਹ ਮਹਾਨ ਚਿੰਤਕ, ਸਾਧਕ ਅਤੇ ਲੇਖਕ ਸੀ, ਅਮਰ ਭਾਰਤੀ ਜੀ ਨੂੰ 27 ਫ਼ਰਵਰੀ ਨੂੰ ਦਿਲ ਦਾ ਦੌਰਾ ਪਿਆ ਸੀ। ਡਾ: ਮਨਜੀਤ ਸਿੰਘ ਐਮ.ਡੀ. ਨੇ ਮੁੱਢਲਾ ਉਪਚਾਰ ਕੀਤਾ, ਦੀਨ ਦਿਆਲ ਹਸਪਤਾਲ, ਹਰੀ ਨਗਰ ਵਿੱਚ ਲੋੜੀਂਦਾ ਇਲਾਜ ਹੋਇਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦੇ ਕੇ, ਮਸਤਕ ਚੁੰਮ ਕੇ ਚਰਨ ਧੂੜ ਬਖ਼ਸ਼ ਕੇ, ਕਸ਼ਟ ਦੀ ਨਵਿਰਤੀ ਕੀਤੀ। ਭਾਰਤੀ ਜੀ ਦੇ ਹਮਦਰਦ ਰਿਸ਼ਤੇਦਾਰਾਂ ਤੇ ਮਿਤਰਾਂ ਨੇ ਮਦਦ ਕੀਤੀ ਅਤੇ ਉਹ ਆਪਣੇ ਘਰ ਜਨਕਪੁਰੀ ਆ ਗਏ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਤੇ ਮਾਤਾ ਜੀ ਨੇ ਘਰ ਦਰਸ਼ਨ ਦਿੱਤੇ। ਸੱਚੇ ਪਾਤਸ਼ਾਹ ਨੇ ਬਚਨ ਕੀਤਾ, "ਭਾਵੇਂ ਅਸੀਂ ਮੋਹ-ਮਾਇਆ ਤੋਂ ਕਿੰਨੇ ਉੱਤੇ ਰਹੀਏ, ਫਿਰ ਵੀ ਤੁਹਾਡੇ ਵਰਗਿਆਂ ਦਾ ਮੋਹ ਪਿਆਰ ਸਾਨੂੰ ਖਿੱਚ ਲਿਆਉਂਦਾ ਹੈ। ਮੈਂ ਜੋ ਕੁਝ ਕਰ ਰਿਹਾ ਹਾਂ ਇਹ ਅਮਰ ਭਾਰਤੀ ਲਈ ਨਹੀਂ, ਭਾਰਤ ਦੀ ਵਿਰਾਸਤ ਨੂੰ ਬਚਾਉਣ ਲਈ ਏ। ਭਾਰਤੀ ਜੀ ਨੇ ਅੱਗੋਂ ਬੇਨਤੀ ਕੀਤੀ, ਭਾਰਤੀ ਆਪ ਜੀ ਦੀ ਧਰੋਹਰ (ਇਮਾਨਤ) ਹੈ ਜਿਵੇਂ ਚਾਹੋ ਵਰਤੋ।

ਸਤਿਗੁਰੂ ਗਰੀਬ ਨਿਵਾਜ਼ ਨੇ ਭਾਰਤੀ ਜੀ ਨੂੰ ਦਿਲ ਦੇ ਇਲਾਜ ਲਈ ਦਿੱਲੀ ਦੇ ਸਭ ਤੋਂ ਵਧੀਆ ਹਸਪਤਾਲ, ਐਸਕਾਟਸ ਵਿਚ, ਦਾਖਲੇ ਦਾ ਬੰਦੋਬਸਤ, ਸ: ਹਰਵਿੰਦਰ ਸਿੰਘ ਹੰਸਪਾਲ ਰਾਹੀਂ ਕਰਵਾਇਆ। ਉਥੇ ਭਾਰਤੀ ਜੀ 11 ਮਾਰਚ ' ਤੋਂ 19 ਮਾਰਚ ਤੱਕ, ਭਾਰਤ ਦੇ ਸਰਵ ਸ੍ਰੇਸ਼ਟ ਹਿਰਦੇ ਵਿਸ਼ੇਸ਼ਗ, ਡਾ: ਅਸ਼ੋਕ ਸੇਠ ਦੇ ਇਲਾਜ ਹੇਠ ਰਹੇ।

ਹੰਸਪਾਲ ਜੀ ਤੇ ਹੋਰ ਮਿੱਤਰ ਲਗਾਤਾਰ ਹਸਪਤਾਲ ਜਾ ਕੇ, ਉਹਨਾਂ ਦੇ ਹਾਲ ਚਾਲ ਤੋਂ ਜਾਣੂ ਹੁੰਦੇ ਰਹੇ ਅਤੇ ਲੋੜੀਂਦੀ ਸਹਾਇਤਾ ਪਹੁੰਚਾਉਂਦੇ ਰਹੇ। ਸਤਿਗੁਰੂ ਜੀ ਬੈਂਕਾਕ ਤੋਂ ਟੈਲੀਫੋਨ ਰਾਹੀਂ, ਹਸਪਤਾਲ ਵਿੱਚ, ਭਾਰਤੀ ਜੀ ਤੇ ਕਿਰਪਾ ਕਰਦੇ ਰਹੇ।

ਭਾਰਤੀ ਜੀ ਡਾਕਟਰ ਕੋਲੋਂ ਅਗਲੇ ਇਲਾਜ ਦੀਆਂ ਹਦਾਇਤਾਂ ਲੈ ਕੇ ਜਦ ਘਰ ਪਰਤੇ ਤਾਂ ਆਉਂਦਿਆਂ ਹੀ ਸਤਿਗੁਰੂ ਜੀ ਦਾ ਟੈਲੀਫੋਨ ਆਇਆ ਆਪ ਨੇ ਭਾਰਤੀ ਜੀ ਦੇ ਘਰ ਆਉਣ ਤੇ ਪਸੰਨਤਾ ਪ੍ਰਗਟ ਕੀਤੀ ਅਤੇ ਵਿਨੋਦੀ ਭਾਵ ਨਾਲ ਕਿਹਾ, "ਤੁਸੀਂ ਪਤਾ ਤੇ ਹੋਰ ਕੋਈ ਦੱਸਦੇ ਹੋ ਤੇ ਬੋਲਦੇ ਹੋਰ ਕਿਤੋਂ ਹੋ। ਭਾਰਤੀ ਜੀ ਨੇ ਅਰਜ਼ ਕੀਤੀ "ਜਿਹੜਾ ਪੱਕਾ ਪਤਾ ਆਪ ਨੇ ਲਿਖਵਾ ਛੱਡਿਆ ਹੈ। ਉਸ ਨੂੰ ਬਦਲਣ ਦੀ ਸਮਰਥਾ ਮੇਰੇ ਵਿੱਚ ਕਿੱਥੇ ਹੈ ਜੀ।"

ਹਸਪਤਾਲ ਦੀਆਂ ਰਸਮਾਂ, ਹੰਸਪਾਲ ਜੀ ਦੇ ਛੋਟੇ ਸਪੁੱਤਰ ਸ੍ਰੀ ਗੁਰਅੰਮ੍ਰਿਤ ਸਿੰਘ ਬਾਬੀ ਨੇ ਪੂਰੀ ਤਨ ਦੇਹੀ ਨਾਲ ਨਿਭਾਈਆਂ ਅਤੇ ਭਾਰਤੀ ਜੀ ਨੂੰ ਉਹਨਾਂ ਦੇ ਘਰ ਪਹੁੰਚਾ ਕੇ ਖੁਸ਼ੀਆਂ ਲਈਆਂ ਸੀ। ਸਰਬ ਸ਼ਕਤੀਮਾਨ ਤੇ ਭਾਰਤੀ ਜੀ ਦੇ ਸੇਵਕ ਨਰੇਸ਼ ਇਸ ਸਾਰੇ ਕੰਮ ਵਿਚ ਸ. ਗੁਰਅੰਮ੍ਰਿਤ ਸਿੰਘ ਦੇ ਸਹਿਯੋਗੀ ਰਹੇ।

**–ਤਾਰਾ ਸਿੰਘ ਅਨਜਾਣ**

# ਉਹ ਦਿਨ ਬਹਾਰ ਦੇ

**-ਅਜੀਤ ਸਿੰਘ ਲਾਇਲ**

ਗਹਿਰ-ਗੰਭੀਰ ਸਿੱਖੀ ਪ੍ਰੰਪਰਾਵਾਂ ਨਾਲ ਓਤਪੋਤ, ਬ੍ਰਹਿਮੰਡ ਜੇਡੀ ਵਿਸ਼ਾਲ ਸੋਚ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਲੈਂਦਿਆਂ ਹੀ, ਸਾਡਾ ਮਨ-ਮਸਤਕ ਸ਼ਰਧਾ ਤੇ ਸਤਿਕਾਰ ਨਾਲ ਆਪਣੇ ਆਪ ਉਸ ਰੂਹਾਨੀ-ਰਹਿਬਰ ਦੇ ਚਰਨਾਂ ਵਿਚ ਝੁਕ ਜਾਂਦਾ ਹੈ ਜਿਸਦੀ ਦੂਰ ਅੰਦੇਸ਼ੀ ਨੇ ਨਾਮਧਾਰੀ ਪੰਥ ਨੂੰ ਪੰਥ ਦੀ ਵਾਗ ਡੋਰ ਸੰਭਾਲਨ ਤੋਂ ਵਰ੍ਹੇ ਬਾਅਦ ਹੀ ਨਾਮਧਾਰੀ ਸਮਾਜ ਦੀ ਪੁੰਗਰ ਰਹੀ ਜਵਾਨੀ ਨੂੰ ਆਪਣੀ ਬੁੱਕਲ ਵਿਚ ਲੈਂਦਿਆਂ ਇਹ ਅਹਿਸਾਸ ਕਰਵਾ ਦਿੱਤਾ ਕਿ ਖੁੱਲ੍ਹਾ ਆਸਮਾਨ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀਆਂ ਬਾਹਾਂ ਅੱਡੀ ਖਲੋਤਾ ਹੈ। ਜ਼ਿੰਦਗੀ ਦੀ ਹਰ ਔਖੀ ਘੜੀ ਮੇਰਾ ਸਾਥ ਤੁਹਾਡੇ ਨਾਲ ਹੋਵੇਗਾ। ਓਝੜ ਉਜਾੜਾਂ 'ਚ ਪੱਗਡੰਡੀਆਂ ਬਨਾਉਣ ਲਈ ਮੇਰੇ ਕਦਮ ਤੁਹਾਡੇ ਸਭਨਾ ਤੋਂ ਅੱਗੇ ਹੋਣਗੇ। ਤੁਸਾਂ ਕੇਵਲ ਤੇ ਕੇਵਲ ਇਕ ਗੱਲ ਦਾ ਧਿਆਨ ਰੱਖਣਾ ਹੈ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਗੁਰੂ ਰਾਮ ਸਿੰਘ ਜੀ ਦੀਆਂ ਪਾਈਆਂ ਪ੍ਰੰਪਰਾਵਾਂ ਨੂੰ ਨਿਭਾਉਦਿਆਂ, ਸਿੱਖੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਦਿਆਂ ਸੰਸਾਰ ਵਿਚ ਸਿਰ ਉੱਚਾ ਕਰਕੇ ਸਭ ਤੋਂ ਅੱਗੇ ਹੋ ਵਿਚਰਨਾ ਹੈ।

ਸੰਨ 1965, ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਣ ਦਾ ਐਲਾਨ ਹੋ ਚੁੱਕਾ ਸੀ, ਕਾਲਜਾਂ ਵਿਚ ਸਾਲਾਨਾ ਇਮਤਿਹਾਨ ਹੋ ਜਾਣ ਉਪਰੰਤ ਨਤੀਜਿਆਂ ਦੀ ਉਡੀਕ ਕੀਤੀ ਜਾ ਰਹੀ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਭਰੂਆਂ ਦੇ ਦਿਲ ਦਰਵਾਜ਼ਿਆਂ ’ਤੇ ਬੜੀ ਪਿਆਰੀ ਦਸਤਕ ਦਿੱਤੀ ਕਿ ਜੂਨ ਦੇ ਪਹਿਲੇ ਹਫਤੇ ਤੁਸੀਂ ਸਾਰੇ ਸ੍ਰੀ ਭੈਣੀ ਸਾਹਿਬ ਆਓ, ਮੈਂ ਆਪਣੇ ਰੁਝੇਵਿਆਂ ਨੂੰ ਸੰਕੋਚ ਕੇ ਤੁਹਾਡੀ ਇੰਤਜ਼ਾਰ ਕਰਾਂਗਾ। ਸ੍ਰੀ ਭੈਣੀ ਸਾਹਿਬ ਦਾ ਰਿਸ਼ੀ-ਆਸ਼ਰਮ ਤੁਹਾਡੀ ਉਡੀਕ ਕਰ ਰਿਹਾ ਹੈ। ਜੂਨ ਦੀ ਗਰਮ ਦੁਪਹਿਰ ਦੀ ਤਪਸ਼ ਨੂੰ ਹਰੀ-ਮੰਦਰ ਦਾ ਠੰਢਾ ਛੱਪਰ ਤੁਹਾਡੇ ਤੱਕ ਪਹੁੰਚਣ ਨਹੀਂ ਦੇਵੇਗਾ। ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਦਾ ਪ੍ਰਸ਼ਾਦਾ ਤੁਹਾਡੇ ਤਨ ਤੇ ਮਨ ਨੂੰ ਤਸਕੀਨ ਦਏਗਾ। ਬਦਾਮਾਂ ਦੀ ਗਾੜ੍ਹੀ ਸ਼ਰਦਾਈ ਤੁਹਾਡੀ ਪਿਆਸ ਬੁਝਾਏਗੀ ਤੇ ਮੈਨੂੰ ਆਪਣੇ ਪੰਥ ਪਰਿਵਾਰ ਨਾਲ ਮਿਲ ਬੈਠਣ ਦਾ, ਮੁਹੱਬਤਾਂ ਵੰਡਣ ਦਾ ਇਕ ਅਨੋਖਾ ਸੁਆਦ ਆਏਗਾ। ਸੁਭਾਗਾ ਜੂਨ ਚੜ੍ਹਿਆ, ਇਕ-ਇਕ, ਦੋ-ਦੋ, ਤਿੰਨ ਤਿੰਨ ਕਰਕੇ ਨੌਜਵਾਨ ਸ੍ਰੀ ਭੈਣੀ ਸਾਹਿਬ ਪਹੁੰਚ ਰਹੇ ਸਨ-ਇਸ ਸੁਭਾਗੇ ਸਪਤਾਹ ਵਿਚ ਹਜ਼ੂਰੀ ਦਾ ਆਨੰਦ ਮਾਨਣ ਲਈ। ਅੱਜ ਦਸ, ਕੱਲ ਪੰਦਰਾਂ, ਪਰਸੋਂ ਵੀਹ ਤੇ ਇਵੇਂ ਹੀ ਆ ਰਹੇ ਨੌਜਵਾਨਾਂ ਦੀ ਸੀਮਤ ਜਿਹੀ ਗਿਣਤੀ ਨੂੰ ਪਾਤਸ਼ਾਹ ਜੀ ਦੀ ਨਿਕਟਤਾ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ, ਪਾਸ ਬੈਠ ਗੱਲਬਾਤ ਕਰਨ ਦਾ, ਆਪਣੇ ਦਿਲਾਂ ਦੀ ਗੱਲ ਕਹਿਣ ਦਾ, ਸ਼ੰਕੇ ਨਵਿਰਤ ਕਰਨ ਦਾ,



**ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਬੈਠੇ ਖੱਬਿਓਂ ਸੋਹਣ ਸਿੰਘ, ਜੈ ਇੰਦਰ ਸਿੰਘ, ਸੋਹਣ ਸਿੰਘ, ਅਜੀਤ ਸਿੰਘ ਰਾਹੀ, ਖੜੇ ਖੱਬਿਓਂ: ਰਵਿੰਦਰ ਸਿੰਘ ਚਚਰਾੜੀ, ਬਲਬੀਰ ਸਿੰਘ ਸ਼ਰੀਫ਼, ਭੁਪਿੰਦਰ ਸਿੰਘ ਮਾਣਕੂ, ਗੁਰਦੇਵ ਸਿੰਘ ਚੱਗਰ, ਸੁਰਿੰਦਰ ਸਿੰਘ ਲਾਇਲ, ਗੁਰਦੀਪ ਸਿੰਘ ਦਦਿਆਲ, ਸੰਤੋਖ ਸਿੰਘ ਲਾਇਲ**

ਨਾਲ ਬੈਠ ਤਸਵੀਰਾਂ ਖਿਚਵਾਣ ਦਾ, ਨਾਲ ਖੇਡਣ ਦਾ ਅਤੇ ਗੁਰੂ ਘਰ ਦੀ ਪ੍ਰਾਹੁਣਚਾਰੀ ਮਾਨਣ ਦਾ ਪਤਾ ਹੀ ਨਹੀਂ ਕਿ ਵਿਦਾਇਗੀ ਦਾ ਦਿਨ ਕਦੋਂ ਆ ਪਹੁੰਚਾ।

ਵਿਦਾਇਗੀ ਸਮਾਗਮ ਚੱਲ ਰਿਹਾ ਸੀ, ਨੌਜਵਾਨ ਪਾਤਸ਼ਾਹ ਜੀ ਦੇ ਸਨਮੁੱਖ ਆ ਇਕੱਠੇ ਹੋਣ ਲੱਗੇ, ਹੱਥ ਜੋੜ ਲਏ ਅੱਖਾਂ ਵਿਚ ਅੱਥਰੂ, ਕਿਸੇ ਇਕ ਮਨੋਵੇਗ ਸੰਭਾਲ ਬੇਨਤੀ ਕੀਤੀ "ਗਰੀਬ ਨਿਵਾਜ ਆਉਂਦੇ ਵਰ੍ਹੇ ਵੀ ਅਜਿਹਾ ਸੁਭਾਗ ਸਮਾਂ ਬਖਸ਼ਿਓ।" ਪਾਤਸ਼ਾਹ ਜੀ ਮੁਸਕਰਾਉਂਦਿਆਂ ਪ੍ਰਵਾਨਗੀ ਦਿੱਤੀ- ਜੈਕਾਰੇ- ਇਕ- ਦੋ ਤਿੰਨ- ਅਨੰਦਮਈ ਅਵਸਥਾ ਦੀ ਸਿਖਰ 'ਤੇ। ਅਗਲੇ ਗਿਆਰਾਂ ਮਹੀਨੇ ਇਸ ਪ੍ਰੀਤ ਮਿਲਣੀ ਦੀ ਬੇਹਬਲਤਾ ਵੱਧਦੀ ਹੀ ਗਈ। ਸਤਿਗੁਰੂ ਜੀ ਦੀ ਹਜ਼ੂਰੀ ਤੇ ਸੰਗ-ਸਾਥ ਵਿਚ ਬਿਤਾਏ ਇਕ ਹਫ਼ਤੇ ਦੀ ਦਾਸਤਾਨ ਕਿਸੇ ਪਰੀ-ਕਹਾਣੀ ਤੋਂ ਘੱਟ ਨਹੀਂ ਸੀ। ਸੁਨਣ ਵਾਲਾ ਮੰਤਰ ਮੁਗਦ ਹੋਇਆ ਵਿਸਮਾਦ ਦੀ ਅਵਸਥਾ ਦਾ ਆਨੰਦ ਮਾਣਦਾ ਤੇ ਨਾਲ ਹੀ ਕਹਿੰਦਾ ਅਗਲੇ ਵਰੇ ਮੈਂ ਵੀ ਜ਼ਰੂਰ ਚੱਲਾਂਗਾ- ਮੇਰਾ ਵੀ ਨਾਮ ਲਿਖ ਲਓ ਕਿਤੇ ਭੁੱਲ ਨਾ ਜਾਇਓ। ਪਰ ਪ੍ਰੌੜ ਤੇ ਬਜ਼ੁਰਗ ਸਕਤੇ ਵਿਚ ਵਿਚਰ ਰਹੇ ਸਨ ਕਿਉਂਕਿ ਇਹ ਸੱਦਾ ਕੇਵਲ ਨੌਜਵਾਨਾਂ, ਵਿਦਿਆਰਥੀਆਂ ਅਤੇ ਗਭਰੇਟਾਂ ਲਈ ਹੀ ਸੀ।

ਹਰ ਵਰ੍ਹੇ ਵਿਦਿਅਕ ਸੰਮੇਲਨਾਂ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਧਦੀ ਜਾਂਦੀ, ਡਿਓਢੀ-ਦੁੱਗਣੀ ਤਿਗਣੀ-ਤੇ ਫਿਰ ਹੋਰ, ਹੋਰ ਅਤੇ ਹੋਰ ਭਰਪੂਰ ਹਾਜ਼ਰੀ। ਪਾਤਸ਼ਾਹ ਜੀ ਸਾਰੇ ਦਿਨ ਵਿਚੋਂ ਕੇਵਲ ਦੋ ਕੁ ਘੰਟੇ ਹੀ ਨੌਜਵਾਨਾਂ ਤੋਂ ਪਰ੍ਹੇ ਰਹਿੰਦੇ, ਉਹ ਵੀ ਸੋਧ ਦੇ ਇਸ਼ਨਾਨ, ਪ੍ਰਸ਼ਾਦਾ ਪਾਣੀ ਜਾਂ ਥੋੜੇ ਕੁ ਅਰਾਮ ਲਈ। ਇਕੱਲੇ-ਇਕੱਲੇ ਨੌਜਵਾਨ ਨੂੰ ਪਾਤਸ਼ਾਹ ਜੀ ਕੋਲ ਬੁਲਾਉਂਦੇ। ਨਾਮ-ਪਿਤਾ-ਮਾਤਾ-ਪਿੰਡ-ਸ਼ਹਿਰ-ਪੜ੍ਹਾਈ ਬਾਰੇ ਜਾਣਕਾਰੀ ਲੈਂਦੇ-ਪੁੱਛਦੇ, ਫਿਰ ਪ੍ਰੇਰਦੇ ਅੰਮ੍ਰਿਤ ਵੇਲੇ ਉੱਠਣ ਲਈ-ਸਣੇ ਕੇਸੀ ਇਸ਼ਨਾਨ ਲਈ, ਨਾਮ ਸਿਮਰਨ ਲਈ-ਗੁਰਬਾਣੀ ਪੜਨ ਲਈ। ਨਾਮਧਾਰੀ ਪਹਿਰਾਵਾ ਪਾਣ ਲਈ। ਪਤਾ ਹੀ ਨਹੀਂ ਲੱਗਾ ਕਦੋਂ ਪੈਂਟਾਂ ਸ਼ਰਟਾਂ ਲਹਿ ਕੇ ਕੁੜਤੇ ਪਜਾਮੇ ਪੈ ਗਏ। ਕਦੋਂ ਦਸਤਾਰਾਂ ਟੇਢੀਆਂ ਤੋਂ ਸਿੱਧੀਆਂ ਹੋ ਗਈਆਂ।ਕਦੋਂ ਦਾਹੜੇ ਬੰਨਣ ਵਾਲਿਆਂ ਖੋਹਲ ਲਏ। ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਚਾਹ, ਕੌਫੀ, ਕੋਕਾਕੋਲਾ ਤੇ ਬਾਹਰ ਹੋਟਲਾਂ ਤੇ ਬੈਠ ਕੇ ਖਾਣ-ਪੀਣ ਦੀਆਂ ਆਦਤਾਂ ਨੂੰ ਘੱਟ ਕਰਨ ਲਈ ਪਰੇਰਨਾ, ਸਿਨਮਾ ਵੇਖਣ ਤੋਂ ਵਰਜਣਾ। ਪਾਤਸ਼ਾਹ ਜੀ ਦੇ ਪ੍ਰੇਮ-ਪਾਸ਼ ਦੀ ਕਰਾਮਾਤ ਹੀ ਸੀ ਕਿ ਇਹ ਸਭ ਕੁਝ ਘਟਦਿਆਂ-ਘਟਦਿਆਂ ਨੌਜਵਾਨ ਇਨ੍ਹਾਂ ਚੀਜ਼ਾਂ ਦੇ ਪੂਰੀ ਤਰ੍ਹਾਂ ਪ੍ਰਹੇਜ਼ਗਾਰ ਹੀ ਬਣ ਗਏ। ਵਿਦਿਅਕ ਸੰਮੇਲਨਾਂ ਵਿਚ ਦੋ ਸ਼ੈਸ਼ਨ ਹੋਇਆ ਕਰਦੇ ਸਨ। ਇਕ ਦੁਪਹਿਰ ਤੋਂ ਪਹਿਲਾਂ ਇਕ ਦੁਪਹਿਰ ਤੋਂ ਬਾਅਦ। ਇਨ੍ਹਾਂ ਸੈਸ਼ਨਾਂ ਵਿਚ ਧਾਰਮਿਕ, ਇਤਿਹਾਸਕ ਅਤੇ ਸਮਾਜਿਕ ਵਿਸ਼ਿਆਂ ਤੇ ਵਿਦਵਾਨਾਂ ਦੀਆਂ ਤਕਰੀਰਾਂ ਹੁੰਦੀਆਂ।

ਅਕਸਰ ਬਾਹਰੋਂ ਨਾਮਵਰ ਵਿਦਵਾਨਾਂ ਨੂੰ ਅਮੰਤ੍ਰਿਤ ਵੀ ਕੀਤਾ ਜਾਂਦਾ। ਨੌਜਵਾਨਾਂ ਨੂੰ ਵੱਖ-ਵੱਖ ਵਿਸ਼ਿਆ 'ਤੇ ਬੋਲਣ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ। ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੁੰਦੀ। ਧਾਰਮਿਕ ਮਰਿਯਾਦਾ ਦੀ ਜਾਣਕਾਰੀ ਲਈ ਵਿਸਤ੍ਰਿਤ ਵਿਖਿਆਨ ਹੁੰਦੇ। ਸੋਧ-ਮਰਿਆਦਾ, ਅਖੰਡ ਪਾਠ, ਹਵਨ, ਵਰਨੀਂ, ਅੰਮ੍ਰਿਤ ਬਨਾਉਣ, ਛਕਾਉਣ ਲਈ ਨੌਜਵਾਨਾਂ ਨੂੰ ਸ਼ਾਮਲ ਕੀਤਾ ਜਾਂਦਾ ਅਤੇ ਸਿਖਾਇਆ ਜਾਂਦਾ। ਸ਼ਾਮ ਦੇ ਸੈਸ਼ਨ ਦੀ ਸਮਾਪਤੀ ਉਪਰੰਤ ਬਦਾਮਾਂ ਦੀ ਗਾਹੜੀ ਸ਼ਰਦਾਈ ਫਿਰ ਖੇਡਣ ਮੱਲਣ ਦਾ ਵਕਤ। ਕਈ ਵਾਰ ਸੈਸ਼ਨ ਖਤਮ ਹੁੰਦਿਆਂ ਹੀ ਹਰੀਮੰਦਰ ਵਿਚ ਪੰਗਤਾਂ ਲਗਾਉਣ ਦਾ ਹੁਕਮ ਹੋ ਜਾਣਾ। ਤਦੇ ਪਤਾ ਲੱਗਣਾ ਹਜ਼ੂਰ ਨੇ ਅਲੀਚੀਆਂ ਨਾਲ ਪੱਲੇ ਭਰ ਦੇਣੇ। ਕਦੇ ਦੁਸਿਹਰੀ ਅੰਬ ਜੋ ਚੂਪਦਿਆਂ ਥੱਕ ਜਾਣਾ। ਦੇਸੀ ਘਿਓ ਦੀ ਬੂੰਦੀ, ਸਾਰਾ ਵਰਤਾਰਾ ਖਾਧਾ ਨਾ ਜਾਣਾ। ਗਰਮ ਗਰਮ ਜਲੇਬ ਜੋੜ-ਜੋੜ ਕੇ ਜਦੋਂ ਪਾਤਸ਼ਾਹ ਜੀ ਨੇ ਥਾਣੇ ਵਿਚ ਰੱਖਣੇ ਤਾਂ ਮਨ ਖਿੜ ਜਾਣਾ ਕਿ ਵਾਹ ਪਾਤਸ਼ਾਹ ਏਡਾ ਖੁੱਲ੍ਹਾ ਹੱਥ। ਜਲੇਬ ਖਾਂਦਿਆਂ ਮੂੰਹ ਭੁਗਲ ਜਾਣੇ ਤੇ ਫਿਰ ਦਾਲੇ 'ਚ ਡਬੋ-ਡਬੋ ਜਲੇਬ ਖਾਣੇ। ਤੇ ਪਾਤਸ਼ਾਹ ਜੀ ਨੇ ਇਨ੍ਹਾਂ ਪਲਾਂ ਨੂੰ ਸੰਭਾਲਣ ਲਈ ਮੂਵੀ ਕੈਮਰਾ ਫੜ ਲੈਣਾ। ਪੰਗਤਾਂ ਵਿਚ ਵਿਚਰਦਿਆਂ ਕਿਸੇ ਨੂੰ ਦਸਤਾਰ, ਦਰੁਸਤਗੀ ਨਾਲ ਬੰਨ੍ਹਣ ਦੀ ਜਾਚ ਸਮਝਾ ਦੇਣੀ। ਕਿਸੇ ਦਾ ਧਿਆਨ ਦਸਤਾਰ ਵਿਚਲੇ ਨੀਲੇ ਡੋਰਿਆਂ ਵੱਲ ਦੁਆ ਕੱਢਣ ਦਾ ਤਰੀਕਾ ਦੱਸ ਦੇਣਾ। ਕਿਸੇ ਦਾ ਪਹਿਨਿਆ ਕੁੜਤਾ ਪਜਾਮਾ ਵੇਖ ਉਸਨੂੰ ਨਾਮਧਾਰੀ ਕਾਟ ਦਾ ਗਿਆਨ ਕਰਵਾਉਣਾ। ਕਿਸੇ ਨੂੰ ਹੁਲਾਰਾ ਦੇਣ ਲਈ ਕੋਈ ਹਾਸ-ਵਿਨੋਦ ਕਰ ਦੇਣਾ।ਕਿਸੇ ਲਈ ਕੋਈ ਕਵਿਤਾ ਦੀ ਸਤਰ ਬਣਾ ਬੋਲ ਦੇਣਾ। ਕਿਸੇ ਨੂੰ ਸਮਝਾਉਣੀ ਦੇਣ ਲਈ ਗੁਰਬਾਣੀ ਦੀ ਕੋਈ ਤੁਕ ਬੋਲ ਦੇਣੀ-ਕਿਹੜੇ ਕਿਹੜੇ ਰੰਗ ਦਾ ਜਿਕਰ ਕਰੀਏ ਉਸ ਸਰਬੰਗੀ ਸਖ਼ਸ਼ੀਅਤ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦਾ, ਜਿਸ ਨੂੰ ਨੀਝ ਨਾਲ ਵੇਖਦਿਆਂ ਉਹ ਬੇਅੰਤ-ਹੋਰ ਬੇਅੰਤ ਤੇ ਹੋਰ ਵੀ ਵੱਡ ਬੇਅੰਤ-ਪਾਤਸ਼ਾਹ, ਪਾਤਸ਼ਾਹਾਂ ਦਾ ਪਾਤਸ਼ਾਹ ਜਾਪਿਆ ਕਰਦਾ ਸੀ।

ਜਲੇਬੀਆਂ ਦਾ ਲੰਗਰ ਕਦੇ ਲੀਚੀਆਂ ਖੁਆਣਾ।
ਭਰ ਭਰ ਕੇ ਬੁੱਕ ਬੂੰਦੀ ਸਾਡੇ ਥਾਲਿਆਂ 'ਚ ਪਾਣਾ।
ਬੋਲਾਂ ਨਾਲ ਠੰਢ ਪਾਉਣੀ ਨਦਰੀ ਨਿਹਾਰਦੇ।
ਕਦੇ ਮੁੜ ਜੇ ਆਵਣ ਉਹ ਦਿਨ ਬਹਾਰ ਦੇ।
ਬੈਠ ਉਹਦੀ ਬੁਕਲ ਸਾਂ ਜ਼ਿੰਦਗੀ ਸੁਆਰਦੇ।

------------

# ਆਦਰਸ਼ ਸਮਾਜ ਦਓ ਉਸਰਈਏ
# ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਅਮਰ ਭਾਰਤੀ (ਸਵ.)

**ਆਤਮ ਵਿਸ਼ਵਾਸ**

ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਇਕ ਚਮਤਕਾਰ ਪੂਰਨ ਕੰਮ ਕੀਤਾ – ਉਹ ਹੈ ਨਾਮਧਾਰੀ ਸਮਾਜ ਵਿਚ ਜ਼ਿੰਦਗੀ ਦੇ ਪ੍ਰਤੀ ਆਤਮ ਵਿਸ਼ਵਾਸ ਜਗਾਉਣਾ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿੱਥੇ ਵੀ ਕੋਈ ਨਾਮਧਾਰੀ ਰਹਿੰਦਾ ਹੈ, ਓਥੇ ਹੀ ਉਸ ਨੂੰ ਆਪਣਾ ਕਾਰੋਬਾਰ ਜਮਾਉਣ ਤੇ ਵਧਾਉਣ ਲਈ ਉਤਸ਼ਾਹਤ ਕੀਤਾ ਤੇ ਉਸਦੀ ਹਰ ਲੋੜੀਂਦੀ ਸਹਾਇਤਾ ਕੀਤੀ। ਇਸ ਵਿਸ਼ਵਾਸ ਨਾਲ ਸੋਹਣੇ-ਸੁਥਰੇ ਘਰ ਬਣਾਉਣ ਲਈ ਪ੍ਰੇਰਤ ਕੀਤਾ ਕਿ ਇਹ ਘਰ ਅੱਜ ਤੁਹਾਡੇ ਅਤੇ ਕੱਲ੍ਹ ਨੂੰ ਤੁਹਾਡੀ ਸੰਤਾਨ ਦੇ ਰਹਿਣ ਲਈ ਹਨ।

**ਲੋੜਵੰਦਾਂ ਦੀ ਮਦਦ**

ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਬਿਰਧਸ਼ਾਲਾ ਬਣਾਈ – ਜਿੱਥੇ ਜੀਵਨ ਦੇ ਅੰਤਿਮ ਪਹਿਰ ਵਿਚ ਬਿਰਧ ਲੋਕ ਆਣ ਕੇ ਨਿਵਾਸ ਕਰਦੇ ਹਨ। ਉਨ੍ਹਾਂ ਦੀ ਸੇਵਾ ਹੁੰਦੀ ਹੈ, ਦਵਾ ਦਾਰੂ ਹੁੰਦਾ ਹੈ ਤੇ ਇਸ ਅਵਸਥਾ ਵਿਚ ਭਜਨ ਬੰਦਗੀ ਦਾ ਖੁੱਲ੍ਹਾ ਅਵਸਰ ਮਿਲਦਾ ਹੈ।

ਬਿਰਧਾਂ ਦੀ ਸੇਵਾ ਤੋਂ ਬਿਨਾਂ ਸਤਿਗੁਰੂ ਜੀ ਕਿਸੇ ਵੀ ਉਮਰ ਦੇ, ਕਿਸੇ ਵੀ ਧਰਮ ਤੇ ਸੰਪਰਦਾਏ ਦੇ ਅਸਹਾਇ ਬੀਮਾਰਾਂ ਵੱਲ ਵੀ ਉਚੇਚਾ ਧਿਆਨ ਦੇਂਦੇ ਤੇ ਉਨ੍ਹਾਂ ਦੀ ਚੰਗੇ ਹਸਪਤਾਲਾਂ ਵਿਚ ਖਰਚ-ਖੇਚਲ ਕਰਕੇ ਇਲਾਜ ਦੀ ਵਿਵਸਥਾ ਕੀਤੀ ਜਾਂਦੀ।

**ਸਾਹਿਤ**

ਵਿਸ਼ਵ ਪੰਜਾਬੀ ਕਾਨਫਰੰਸ ਦਾ ਤੀਸਰਾ ਸਮਾਗਮ ਜੋ ਕਿ 1983 ਵਿਚ ਬੈਂਕਾਂਕ ਥਾਈਲੈਂਡ ਵਿਖੇ ਹੋਇਆ ਸੀ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਚੌਥਾ ਸਮਾਗਮ ਜੋ 1993 ਨੂੰ ਨਵੀਂ ਦਿੱਲੀ ਵਿਖੇ ਸੰਪੰਨ ਹੋਇਆ – ਇਹ ਦੋਵੇਂ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੀ ਹੋਏ। ਇਹਨਾਂ ਸਮਾਗਮਾਂ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭ ਕੀਤੇ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਦੀ ਉੱਨਤੀ ਵਾਲੇ ਕਾਰਜ ਨੂੰ ਅਗਾਂਹ ਵਧਾਉਣ ਦਾ ਕੰਮ ਕੀਤਾ। ਪੰਜਾਬੀ ਸਾਹਿਤ ਦੇ ਅਨੇਕਾਂ ਰਚਨਾਕਾਰਾਂ ਨੂੰ ਭਾਵੇਂ ਉਹ ਨਾਮਧਾਰੀ ਹਨ ਜਾਂ ਕਿਸੇ ਵੀ ਮੱਤ ਦੇ – ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ, ਪ੍ਰੇਰਨਾ ਤੇ ਸਹਾਇਤਾ ਹਾਸਿਲ ਰਹਿੰਦੀ। ਇਸ ਨਾਲ ਸਤਿਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਸਰਬ ਸਾਂਝੀ ਲੋਕ ਕਲਿਆਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਤੇ ਲੇਖਕ ਸੌੜੀ ਰਾਜਨੀਤੀ ਤੋਂ ਉੱਪਰ ਉੱਠਣ ਦੀ ਕੋਸ਼ਿਸ਼ ਕਰਦੇ ਹਨ।

**ਸਿੱਖੀ ਸਰੂਪ**

ਗੁਰਸਿੱਖ ਦੇ ਸਰੂਪ ਬਾਰੇ ਆਪ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹਿੰਦੀ ਕਿ ਉਹ ਸਾਬਤ ਸੂਰਤ ਹੋਵੇ। ਰੋਮਾਂ ਨੂੰ ਕੱਟ ਕੇ ਉਹਨਾਂ ਦਾ ਨਿਰਾਦਰ ਨਾ ਕਰੇ। ਦਾਹੜਾ ਖੁੱਲ੍ਹਾ ਰੱਖੇ ਤੇ ਕੇਸਾਂ ਨੂੰ ਰੰਗੇ ਵੀ ਨਾ। ਕੱਛ, ਕੜਾ, ਕੇਸ, ਕਿਰਪਾਨ ਤੇ ਕੰਘੇ ਦਾ ਧਾਰਨੀ ਹੋਵੇ। ਗੁਰਮੁਖੀ ਪਹਿਰਾਵੇ ਸਿੱਧੀ ਗੁਰਮੁਖੀ ਦਸਤਾਰ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਗੁਰਸਿਖਾਂ ਵਾਲਾ ਰੇਬ ਕਛਹਿਰਾ, ਜਿਸਦਾ ਇਕ ਪਹੁੰਚਾ ਰੱਖ ਕੇ ਦੂਜਾ ਪਹੁੰਚਾ ਪਾਉਂਣਾ, ਸੁੱਚ ਸੋਧ ਸੰਜਮ ਵਾਲਾ ਸਿੱਖ ਆਪ ਨੂੰ ਭਾਉਂਦਾ ਸੀ। ਪੈਂਟ, ਨੋਕਦਾਰ ਦਸਤਾਰ, ਕਮੀਜ਼, ਬੁਸ਼ਰਟ ਆਦਿ ਨੂੰ ਆਪ ਸਿੱਖੀ ਮਰਯਾਦਾ ਤੋਂ ਵਿਰੁੱਧ ਮੰਨਦੇ ਸਨ। ਏਸੇ ਤਰ੍ਹਾਂ ਇਸਤੀਆਂ ਲਈ ਵੀ ਕਲੀਆਂ ਵਾਲਾ ਕੁੜਤਾ, ਤੇ ਚੂੜੀਦਾਰ ਸੁੱਥਣ, ਪੂਰੇ ਸਿਰ ਨੂੰ ਢੱਕਦੇ, ਸਿਰ ਦੇ ਲੀੜੇ ਵਾਲੀਆਂ ਇਸਤ੍ਰੀਆਂ ਨੂੰ ਆਪ ਗੁਰਸਿੱਖੀ ਦੀ ਮਰਯਾਦਾ ਵਾਲੀਆਂ ਇਸਤ੍ਰੀਆਂ ਮੰਨਦੇ ਅਤੇ ਸੁਰਖੀ ਪਾਊਡਰ ਤੇ ਗਹਿਣਿਆਂ ਨਾਲ ਸ਼ਿੰਗਾਰੀਆਂ ਇਸਤ੍ਰੀਆਂ ਨੂੰ ਆਪ ਗੁਰਸਿੱਖੀ ਦੇ ਅਨੁਕੂਲ ਨਹੀਂ ਸਨ ਮੰਨਦੇ-

**ਆਦਰਸ਼ ਸਿੱਖ**

ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਹੈ ਕਿ ਸਿੱਖ ਸਮਾਜ ਦਾ ਹਰੇਕ ਇਸਤ੍ਰੀ-ਪੁਰਸ਼ ਨਿਤਨੇਮ ਨਾਲ ਘੱਟੋ ਘੱਟ ਇਕ ਘੰਟਾ ਰੋਜ਼ ਨਾਮ ਜ਼ਰੂਰ ਜਪੇ। ਪੰਜਾਂ ਬਾਣੀਆਂ ਦਾ ਪਾਠ ਜ਼ਰੂਰ ਕਰੇ, ਹਰ ਪਰਿਵਾਰ ਮਹੀਨੇ ਵਿਚ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਜ਼ਰੂਰ ਕਰੇ। ਗੁਰਬਾਣੀ ਦਾ ਅਦਬ ਕਰੇ, ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਲਿਆਉਣ ਤੇ ਲਿਜਾਣ ਵੇਲੇ ਸਤਿਕਾਰ ਨਾਲ ਉੱਠ ਕੇ ਖਲੋਵੇ। ਏਸੇ ਤਰ੍ਹਾਂ

ਕੜਾਹ ਪ੍ਰਸਾਦ ਦੇ ਲਿਆਂਦੇ ਜਾਣ ਸਮੇਂ ਵੀ ਸਤਿਕਾਰ ਨਾਲ ਉੱਠ ਕੇ ਖਲੋਵੇ। ਸਤਿਗੁਰੂ ਨਾਨਕ ਪਰੰਪਰਾ ਦੀ ਸਤਿਗੁਰੂ ਪੀੜੀ ਵਿਚ ਵਿਸ਼ਵਾਸ ਰੱਖੇ। ਆਪਣੇ ਮੱਤ ਤੇ ਧਰਮ ਵਿਚ ਦ੍ਰਿੜ੍ਹ ਰਹਿੰਦਿਆਂ ਹੋਇਆ ਦੂਜੇ ਮੱਤਾਂ ਤੇ ਧਰਮਾਂ ਦੇ ਪ੍ਰਤੀ ਪੂਰਾ ਆਦਰ ਭਾਵ ਰੱਖੇ। ਕਿਸੇ ਨੂੰ ਮਾੜਾ ਨਾ ਆਖੇ, ਅੰਮ੍ਰਿਤ ਵੇਲੇ ਉੱਠ ਕੇ ਸਣਕੇਸੀਂ ਇਸ਼ਨਾਨ ਕਰਕੇ ਭਜਨ ਕਰਦਾ, ਬਾਣੀ ਪੜਦਾ, ਅਰਦਾਸ ਕਰਦਾ, ਨਿਰੰਕਾਰ, ਜੀਵ ਮਾਤਰ ਦਾ ਭਲਾ ਲੋੜਦਾ, ਲੋੜਵੰਦਾਂ ਤੇ ਮਾੜਿਆਂ ਦੀ ਸਹਾਇਤਾ ਕਰਦਾ ਸੇਵਾ ਵਿਚ ਲੀਨ ਅਹਿੰਸਕ ਸਿੱਖ ਹੀ ਆਪਦੀ ਪਸੰਦ ਦਾ ਗੁਰਸਿੱਖ ਹੈ।

ਆਪਣੇ ਹੱਕ ਦਾ ਕੁਝ ਦਾਨ ਕਰਨ ਵਾਲਾ ਅਤੇ ਦੂਸਰੇ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਵਿਅਕਤੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਉਂਦਾ ਸਿੱਖ ਹੈ।

**ਸਤਿਗੁਰੂ ਦਰਸ਼ਨ**

ਸਤਿਗੁਰੂ ਜੀ ਸੁਭਾਵੇਂ ਹੀ ਨਿਤ ਚੱਲਣ ਦੇ, ਨਿਤ ਨਵਾਂ ਕੁਝ ਵੇਖਣ ਦੇ ਅਤੇ ਖਾਸ ਕਰਕੇ ਕੁਦਰਤ ਨਾਲ ਆਪਣੇ ਆਪ ਨੂੰ ਏਕਾਕਾਰ ਕਰਨ ਦੇ ਸ਼ੌਕੀਨ ਸਨ। ਜਦੋਂ ਵੀ ਕਦੇ ਸਤਿਗੁਰੂ ਜੀ ਨਾਲ ਕਿਧਰੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ- ਮੈਂ ਮਹਿਸੂਸ ਕੀਤਾ ਕਿ ਆਪ ਜਦੋਂ ਸਾਨੂੰ ਤੜਕੇ ਉੱਠ ਕੇ ਸਣਕੇਸੀ ਇਸ਼ਨਾਨ ਆਦਿ ਕਰਕੇ, ਆਸਾ ਦੀ ਵਾਰ ਦਾ ਕੀਰਤਨ ਸੁਣਨ ਤੋਂ ਬਾਅਦ ਫ਼ੌਰਨ ਹੀ ਕਹਿੰਦੇ ਹਨ – 'ਚੱਲੋ, – ਤਾਂ ਭਾਰਤ ਦੇ ਪ੍ਰਾਚੀਨ ਸਾਹਿਤ ਦੇ ਮਹਾਨ ਗ੍ਰੰਥ ਐਤਰੇਯ ਬ੍ਰਾਹਮਣ ਦੇ ਇੰਦਰ ਵੱਲੋਂ ਰੋਹਿਤ ਨੂੰ ਉਪਦੇਸ਼ ਦੇਣ ਵਾਲੀ ਕਹਾਣੀ ਯਾਦ ਆ ਜਾਂਦੀ ਹੈ। ਰਾਜ ਕੁਮਾਰ ਰੋਹਿਤ ਲੰਮੇ ਸਮੇਂ ਤਕ ਚੱਲ-ਚੱਲ ਕੇ ਥੱਕ ਕੇ ਕੁਝ ਚਿਰ ਆਰਾਮ ਕਰਨ ਲਈ ਜਦੋਂ ਘਰ ਵੱਲ ਨੂੰ ਟੁਰਦਾ ਹੈ ਤਦ ਉਸਨੂੰ ਇੰਦਰ ਦੇਵਤਾ ਜੋ ਕਿ ਬਿਰਧ ਬ੍ਰਾਹਮਣ ਦੇ ਵੇਸ ਵਿਚ ਉਸ ਦੇ ਨਾਲ ਚਲ ਰਿਹਾ ਹੈ – ਪੰਜ ਉਪਦੇਸ਼ ਦੇਂਦਾ ਹੈ – "ਚਲਦਿਆਂ ਚਲਦਿਆਂ ਜਿਹੜਾ ਥੱਕਦਾ ਨਹੀਂ ਉਸਦੇ ਸਰੀਰ ਦਾ ਅੰਤ ਨਹੀਂ, ਹੇ ਰੋਹਿਤ! ਇਹੋ ਗੱਲ ਅਸੀਂ ਸਦਾ ਤੋਂ ਸੁਣਦੇ ਆ ਰਹੇ ਹਾਂ। ਜਿਹੜਾ ਚਲਦਾ ਹੈ ਉਸ ਨਾਲ ਇੰਦਰ ਦੇਵਤਾ ਵੀ ਸਖਾ ਬਣ ਕੇ ਚਲਦਾ ਹੈ। ਜਿਹੜਾ ਚਲਣਾ ਨਹੀਂ ਚਾਹੁੰਦਾ, ਉਹ ਸਰੇਸ਼ਟ ਜਨ ਹੋਣ ਤੇ ਵੀ ਲਗਾਤਾਰ ਨੀਚ ਪਾਪ ਵਲ ਜਾਂਦਾ ਹੈ, ਸੋ ਚਲਦਾ ਚੱਲ, ਚਲਦਾ ਚੱਲ।

ਜਿਹੜਾ ਚਲਦਾ ਹੈ, ਦੇਹ ਵੱਲੋਂ ਵੀ ਉਸਦੀ ਅਪੂਰਵ ਸ਼ੋਭਾ ਫੁੱਲਾਂ ਵਾਂਗ ਖਿੜ ਉੱਠਦੀ ਹੈ, ਉਸ ਦੀ ਆਤਮਾ ਦਿਨੋ-ਦਿਨ ਵਿਗਸਦੀ ਹੈ, ਇਹ ਤਾਂ ਵਡੇਰਾ ਫਲ ਹੈ। ਉਸ ਤੋ ਬਾਅਦ ਉਸ ਦੇ ਚੱਲਣ ਦੀ ਮਿਹਨਤ ਨਾਲ ਚੱਲਣ ਵਾਲੇ ਖੁਲ੍ਹੇ ਰਾਹ ਉੱਪਰ ਉਸ ਦੇ ਪਾਪ ਆਪਣੇ ਆਪ ਹੀ ਮੁਰਝਾ ਕੇ ਸੌਂ ਜਾਂਦੇ ਹਨ। ਪਾਪਾਂ ਦੀ ਸੱਮਸਿਆ ਲਈ ਉਸ ਨੂੰ ਚਿੰਤਾ ਨਹੀਂ ਕਰਨੀ ਪੈਂਦੀ। ਸੋ ਪੁੱਤਰ ਵਧਦਾ ਚਲ, ਵਧਦਾ ਚੱਲ।

"ਜਿਹੜਾ ਬੈਠਾ ਰਹਿੰਦਾ ਹੈ, ਉਹਦੇ ਭਾਗ ਵੀ ਬੈਠੇ ਰਹਿੰਦੇ ਨੇ, ਜਿਹੜਾ ਉੱਠ ਕੇ ਖਲੋ ਜਾਂਦਾ ਹੈ, ਉਸ ਦੇ ਭਾਗ ਵੀ ਉੱਠ ਕੇ ਖਲੋ ਜਾਂਦੇ ਨੇ, ਜਿਹੜਾ ਸੌਂ ਜਾਂਦਾ ਹੈ, ਉਹਦੇ ਭਾਗ ਵੀ ਸੌਂ ਜਾਂਦੇ ਨੇ, ਜਿਹੜਾ ਅਗਾਂਹ ਵਧਦਾ ਜਾਂਦਾ ਹੈ ਉਹਦੇ ਭਾਗ ਵੀ ਅਗਾਂਹ ਵਧਦੇ ਜਾਂਦੇ ਨੇ। ਸੋ ਬੇਟਾ, ਵਧਦਾ ਚੱਲ, ਚਲਦਾ ਚੱਲ।

'ਸੌਂ ਰਹਿਣਾ ਹੀ ਕਲੀਕਾਲ (ਕਲਿਜੁਗ) ਹੈ। ਜਾਗਣਾ ਦਵਾਪਰ ਹੈ, ਉੱਠ ਕੇ ਖਲੋਂਦਿਆਂ ਹੀ ਤ੍ਰੇਤਾ ਬਣ ਜਾਂਦਾ ਹੈ ਅਤੇ ਅੱਗੇ ਵਧਦੇ ਜਾਣਾ ਹੀ ਸਤਿਜੁਗ ਹੈ, ਸੋ ਵਸਤ! ਵਧਦਾ ਚੱਲ, ਚਲਦਾ ਚੱਲ।

ਚਲਣਾ ਹੀ ਅੰਮ੍ਰਿਤ ਦੀ ਪ੍ਰਾਪਤੀ ਹੈ, ਚਲਣਾ ਹੀ ਉਸਦਾ ਸਵਾਦ ਭਰਪੂਰ ਫਲ ਹੈ, ਤੱਕ ਕੇ ਵੇਖ ਔਸ ਸੂਰਜ ਦੇ ਪ੍ਰਕਾਸ਼ ਵੱਲ, ਜਿਹੜਾ ਸ੍ਰਿਸ਼ਟੀ ਦੇ ਆਰੰਭ ਤੋਂ ਚਲਦਿਆਂ ਚਲਦਿਆਂ ਇਕ ਦਿਨ ਲਈ ਵੀ ਸੁੱਤਾ ਨਹੀਂ। ਸੋ, ਹੇ ਰੋਹਿਤ! ਚਲਦਾ ਚੱਲ, ਚਲਦਾ ਚੱਲ।'

ਸਤਿਗੁਰੂ ਜੀ ਨਾਲ ਜਦੋਂ ਵੀ ਕਿਸੇ ਯਾਤਰਾ ਤੇ ਗਏ ਹਾਂ – ਆਪ ਦਾ ਇਹੋ ਹੀ ਕ੍ਰਮ ਵੇਖਣ ਵਿਚ ਆਇਆ ਹੈ – ਤੜਕੇ ਤਿੰਨ ਵਜੇ ਤੋਂ ਆਪ ਦਾ ਨਿਤ ਕਰਮ ਸ਼ੁਰੂ ਹੋ ਜਾਂਦਾ। ਸ਼ੌਚ-ਇਸ਼ਨਾਨ ਆਦਿ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਤੇ ਫਿਰ ਚੱਲਣਾ – ਸਾਰਾ ਦਿਨ ਬਿਨਾਂ ਥੱਕਿਆਂ ਚੱਲਣਾ, ਚੱਲਣਾ ਤੇ ਸਾਨੂੰ ਚੱਲਣ ਲਈ ਪ੍ਰੇਰੀ ਰੱਖਣਾ। ਮੋਟਰ ਵਿਚ, ਗੱਡੀ ਵਿਚ, ਜਹਾਜ਼ ਵਿਚ ਜਾਂ ਪੈਦਲ ਹੀ ਇਹ ਕ੍ਰਮ ਕਦੇ ਨਹੀਂ ਟੁੱਟਦਾ। ਜੇ ਆਪ ਸਾਧ ਸੰਗਤ ਦੇ ਕਿਸੇ ਮਾਮਲੇ ਮੁਕੱਦਮੇ ਨੂੰ ਸੁਨਣ ਸੁਲਝਾਣ ਲਈ ਕਿਤੇ ਅਟਕਦੇ ਜਾਂ ਬਹਿੰਦੇ – ਤਦ ਵੀ ਆਪ ਦਾ ਉਹ ਕ੍ਰਮ ਨਹੀਂ ਟੁੱਟਦਾ। ਆਪ ਗੱਲਬਾਤ ਲਈ ਘਰ ਬਦਲਦੇ ਰਹਿਣਗੇ। ਵਿਚ-ਵਿਚ ਮੌਕਾ ਕੱਢ ਕੇ ਕਿਧਰਿਉਂ ਹੋ ਆਉਣਾ, ਕੁਝ ਵੇਖ ਆਉਣਾ, ਕਿਸੇ ਨੂੰ ਮਿਲ ਆਉਣਾ, ਕੁਝ ਨਾ ਕੁਝ ਕਰਦੇ ਰਹਿਣਾ – ਹਮੇਸ਼ਾਂ ਹੀ ਆਪ ਦੀ ਦਿਨ ਚਰਯਾ ਦਾ ਅੰਗ ਰਹਿੰਦਾ ਸੀ।

ਪਰ ਜੇ ਕਦੇ ਖਾਸ ਤੌਰ ਤੇ ਸਮਾਂ ਕੱਢ ਕੇ ਸਾਡੇ ਜਿਹਾਂ ਨੂੰ ਨਾਲ ਲੈ ਕੇ ਕੇਵਲ ਛੁੱਟੀ ਦੇ ਰਉਂ ਵਿਚ ਬਾਹਰ ਨਿਕਲੇ ਹੋਣ ਤਦ ਤਾਂ ਕੋਈ ਵੀ ਅਨੁਭਵ ਕਰ ਸਕਦਾ ਹੈ ਕਿ ਕਿਵੇਂ ਆਪ ਦੀ ਸਾਰੀ ਕੋਸ਼ਿਸ਼ ਹੁੰਦੀ ਕਿ ਸਾਨੂੰ ਦੂਰ ਤੋਂ ਦੂਰ, ਔਖੀ ਤੋਂ ਔਖੀ, ਵਚਿੱਤਰ ਤੋਂ ਵਚਿੱਤਰ ਥਾਂ ਤੇ ਲੈ ਜਾਣ। ਜਿਵੇਂ ਆਪ ਸਭ ਕੁਝ ਵੇਖਿਆ ਸਮਝਿਆ ਹੁੰਦਾ ਹੈ – ਠੀਕ ਉਸੇ ਤਰ੍ਹਾਂ ਸਭ ਕੁਝ ਵਿਖਾਣ ਸਮਝਾਣ ਵਿਚ ਆਪ ਇਕ ਖਾਸ ਤਰ੍ਹਾਂ ਦਾ ਅਨੰਦ ਮਹਿਸੂਸ ਕਰਦੇ ਸਨ।

# ਦਸਵੰਧ ਦੀ ਕਰਾਮਾਤ

**ਮਾਸਟਰ ਅਮਰੀਕ ਸਿੰਘ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਿਤਾਏ ਉਹ ਸਭ ਪਲ ਮੇਰੀ ਜ਼ਿੰਦਗੀ ਦੇ ਅਕਾਸ਼ ਵਿੱਚ ਤਾਰੇ ਬਣ ਚਮਕ ਰਹੇ ਹਨ। ਉਹਨਾਂ ਦੇ ਦੇਹ ਦਾ ਉਹਲਾ ਕਰਨ ਤੋਂ ਬਾਅਦ ਕੋਈ ਐਸਾ ਪਲ ਨਹੀਂ ਜਿਸ ਵਿੱਚ ਮੈਨੂੰ ਪਾਤਸ਼ਾਹ ਜੀ ਕਿਰਪਾ ਕਰਕੇ ਯਾਦ ਨਹੀਂ ਆਉਂਦੇ। ਮੈਂ ਯਾਦਾਂ ਦੀ ਪਟਾਰੀ ਵਿੱਚੋਂ ਇਕ ਬਹੁਤ ਮਿੱਠੀ ਯਾਦ ਨੂੰ ਲਿਖਤ ਰੂਪ ਵਿੱਚ ਰੱਖ ਰਿਹਾ ਹਾਂ।

ਸੰਨ ਸੰਮਤ ਮੈਨੂੰ ਯਾਦ ਨਹੀਂ ਏਨਾ ਯਾਦ ਹੈ ਕਿ ਉਸ ਸਾਲ ਬਾਰਸ਼ਾਂ ਬਹੁਤ ਹੋਈਆਂ ਸਨ। ਪੰਜਾਬ ਤੇ ਹਰਿਆਣੇ ਵਿੱਚ ਸਾਉਣੀ ਦੀਆਂ ਫਸਲਾਂ ਤਾਂ ਮਾਰੀਆਂ ਹੀ ਗਈਆਂ ਸਨ, ਹਾੜੀ ਸੀਜਨ ਦੀ ਵੀ ਕੋਈ ਆਸ ਨਹੀਂ ਸੀ। ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਭੈਣੀ ਸਾਹਿਬ ਪੁਰਾਣੀ ਕੋਠੀ ਦੇ ਲਹਿੰਦੇ ਪਾਸੇ ਘਾਹ 'ਤੇ ਸੁਸ਼ੋਭਿਤ ਸਨ। ਕਈ ਸਰੀਰ ਕੋਲ ਬੈਠੇ ਸਨ। ਸ੍ਰੀ ਸਤਿਗੁਰੂ ਜੀ ਬੜੇ ਖੁਸ਼ੀ ਦੇ ਰੌਂ ਵਿੱਚ ਬਚਨ ਬਿਲਾਸ ਕਰ ਰਹੇ ਸਨ। ਮੈਂ ਵੀ ਦਰਸ਼ਨ ਕਰਕੇ ਉਨ੍ਹਾਂ ਖੁਸ਼ੀਆਂ ਵਿੱਚ ਸ਼ਾਮਿਲ ਹੋ ਗਿਆ। ਸਤਿਗੁਰੂ ਜੀ ਦੇ ਇਸ਼ਾਰਾ ਕਰਨ ਤੇ ਕੁਝ ਦੇਰ ਬਾਅਦ ਇਕ ਸੱਜਣ ਨੇ ਆਕੇ ਨਮਸਕਾਰ ਕੀਤੀ। ਸਿੱਖ ਮੈਲੇ ਤੇ ਕਿਤੋਂ-ਕਿਤੋਂ ਫਟੇ ਕੱਪੜਿਆਂ ਵਿੱਚ ਸੀ। ਪੁੱਛਣ 'ਤੇ ਸਿੱਖ ਨੇ ਬੜੇ ਉਦਾਸ ਲਹਿਜੇ ਵਿੱਚ ਇਸ ਤਰ੍ਹਾਂ ਗੱਲ ਸ਼ੁਰੂ ਕੀਤੀ।

"ਸੱਚੇ ਪਾਤਸ਼ਾਹੋ! ਐਤਕੀਂ ਇੰਦਰ ਦੇਵਤਾ ਨੇ ਅਜਿਹੀ ਕਿਰਪਾ ਕੀਤੀ ਏ ਕਿ ਸਾਉਣੀ ਤਾਂ ਡੁੱਬ ਹੀ ਗਈ। ਖੇਤਾਂ ਵਿੱਚ ਅਜੇ ਤੱਕ ਪਾਣੀ ਖੜਾ ਹੈ। ਸ਼ਾਇਦ ਹਾੜੀ ਵੀ ਨਾ ਬੀਜੀ ਜਾਵੇ" ਮੇਰਾ ਕੋਠਾ ਕੱਚਾ ਸੀ। ਬਾਰਸ਼ ਵਿੱਚ ਢਹਿ ਢੇਰੀ ਹੋ ਗਿਆ ਤੇ ਦਾਣਾ ਫੱਕਾ ਸਾਰਾ ਪਾਣੀ ਵਿਚ ਡੁੱਬ ਗਿਆ ਹੈ। ਆਪ ਜੀ ਦੀ ਸ਼ਰਨ ਤੋਂ ਬਗੈਰ ਕੋਈ ਪਾਸਾ ਨਹੀਂ ਜਿੱਥੇ ਜਾ ਕੇ ਆਪਣੀਆਂ ਮਜ਼ਬੂਰੀਆਂ ਦੀ ਦਾਸਤਾਨ ਸੁਣਾਵਾਂ। ਉਹਦੀਆਂ ਅੱਖਾਂ ਵਿੱਚ ਹੰਝੂ ਸਨ।

ਸੱਚੇ ਪਾਤਸ਼ਾਹ ਵੀ ਉਸਦੀ ਹਾਲਤ ਵੇਖ ਤੇ ਸੁਣਕੇ ਉਦਾਸ ਹੋ ਗਏ ਤੇ ਪੁੱਛਿਓ ਨੇ "ਕੀ ਚਾਹੀਦਾ ਏ ਤੁਹਾਨੂੰ ਸੰਤ ਜੀ" "ਸੱਚੇ ਪਾਤਸ਼ਾਹੋ" ਘਰ ਜਾਣਾ ਏ ਤੇ ਸਿਆਲ ਦੇ ਕੱਪੜੇ ਤੇ ਬਿਸਤਰੇ ਵੀ ਨਹੀਂ ਹਨ। ਇਹ ਆਪ ਜੀ ਹੀ ਜਾਣਦੇ ਹੋ ਕਿ ਸਾਡਾ ਗੁਜ਼ਾਰਾ ਕਿਵੇਂ ਹੋਣਾ ਹੈ? ਸ੍ਰੀ ਸਤਿਗੁਰੂ ਜੀ ਸਿੱਖ ਵੱਲੋਂ ਧਿਆਨ ਹਟਾ ਕੇ ਮਹਿੰਦਰ ਸਿੰਘ ਪੂਰਬਾ ਜੀ ਵੱਲ ਵੇਖਿਆ ਤੇ ਹੁਕਮ ਕੀਤਾ "ਪੂਰਬਾ ਜੀ ਸਿੱਖ ਦੀ ਕਿਵੇਂ ਮਦਦ ਕਰੀਏ?

ਪੂਰਬਾ ਜੀ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹੋ" ਅੱਜ ਤਾਂ ਡੇਰੇ ਲਈ ਰਸਦ ਵੀ ਉਧਾਰ ਲੈ ਕੇ ਆਏ ਹਾਂ ਆਪ ਜੀ ਜਾਣੀ ਜਾਣ ਹੀ ਹੋ, ਹਾਲਾਤ ਕੁਝ ਐਸੇ ਹੀ ਹਨ।" ਸ੍ਰੀ ਸਤਿਗੁਰੂ ਜੀ ਬਹੁਤ ਧੀਮੀ ਅਵਾਜ ਵਿੱਚ ਸਿੱਖ ਵੱਲ ਸੰਬੋਧਨ ਹੋਏ, "ਭਾਈ ਸਿੱਖਾ! ਅੱਜ ਤਾਂ ਹੱਥ ਬਹੁਤ ਤੰਗ ਏ ਫੇਰ ਕਿਸੇ ਦਿਨ ਆਵੀਂ ਤੇਰੀ ਸਹਾਇਤਾ ਜ਼ਰੂਰ ਕਰਾਂਗੇ।" ਸਿੱਖ ਦੀ ਆਸ ਨਿਰਾਸ਼ਾ ਵਿੱਚ ਬਦਲ ਗਈ ਤੇ ਉਹ ਮਸਾਂ ਹੀ ਉੱਠ ਕੇ ਇਹ ਕਹਿੰਦਾ ਹੋਇਆ ਮੁੜ ਪਿਆ "ਗਰੀਬ ਨਿਵਾਜ, ਏਸ ਥਾਂ ਤੋਂ ਵੀ ਨਿਰਾਸ ਮੁੜਨਾ ਪੈ ਰਿਹਾ ਏ ਮੈਨੂੰ ਇਹ ਆਸ ਨਹੀਂ ਸੀ।" ਤੇ ਮੱਥਾ ਟੇਕ ਕੇ ਚਲਾ ਗਿਆ।

ਸੱਚੇ ਪਾਤਸ਼ਾਹ ਜੀ ਫੁਰਮਾਇਆ 'ਕੁਦਰਤ ਮੈਨੂੰ ਵੀ ਉਹ ਕੁਝ ਨਹੀਂ ਕਰਨ ਦਿੰਦੀ ਜੋ ਮੈਂ ਚਾਹੁੰਦਾ ਹਾਂ ਤੇ ਆਪ ਵੀ ਡੂੰਘਾ ਹੌਕਾ ਲਿਆ।' ਕੁਝ ਦੇਰ ਉਸ ਸਿੱਖ ਦੀ ਹਾਲਤ ਦੀਆਂ ਗੱਲਾਂ ਹੁੰਦੀਆਂ ਰਹੀਆਂ। ਫਿਰ ਥੋੜੀ ਦੇਰ ਬਾਅਦ ਇਕ ਸੱਜਣ ਹੱਥ ਵਿੱਚ ਝੋਲਾ ਫੜੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਣ ਆਇਆ। ਉਹ ਝੋਲਾ ਉਸ ਨੇ ਸਤਿਗੁਰੂ ਜੀ ਅੱਗੇ ਰੱਖ ਕੇ ਨਮਸਕਾਰ ਕੀਤੀ।

ਗਰੀਬ ਨਿਵਾਜ਼ ਜੀ ਨੇ ਪੁੱਛਿਆ, "ਸੰਤ ਜੀ ਝੋਲੇ ਵਿੱਚ ਕੀ ਹੈ?" ਆਉਣ ਵਾਲੇ ਸਿੱਖ ਨੇ ਅਰਜ਼ ਕੀਤੀ: "ਸੱਚੇ ਪਤਾਸ਼ਾਹੋ ਆਪ ਜੀ ਦੇ ਹੁਕਮ ਅਨੁਸਾਰ ਮੈਂ ਦਸਵੰਧ ਕੱਢਦਾ ਰਿਹਾ ਤੇ ਮੈਨੂੰ ਮੇਰੇ ਵਾਪਾਰ ਵਿੱਚ ਬਹੁਤ ਲਾਭ ਹੋਇਆ ਹੈ ਸੋ ਇਹ ਦਸਵੰਧ ਆਪ ਜੀ ਦੀ ਇਮਾਨਤ ਦੇਣ ਆਇਆ ਹਾਂ। ਤੁਸਾਂ ਸਾਡੇ ਤੇ ਬਹੁਤ ਉਪਕਾਰ ਕੀਤਾ। ਪਿਛਲੇ ਮੇਲੇ ਤੇ ਸੰਤ ਹਰਪਾਲ ਸਿੰਘ ਸੇਵਕ ਦੇ ਪ੍ਰੇਰਨਾ ਭਰੇ ਭਾਸ਼ਣ ਤੋਂ ਪ੍ਰੇਰਿਤ ਹੋ ਕੇ ਦਾਸ ਦਸਵੰਧ ਦਾ ਸੰਕਲਪ ਕਰਕੇ ਗਿਆ ਸੀ। ਸੋ ਇਹ ਮਾਇਆ ਪ੍ਰਵਾਨ ਕਰੋ, ਮੈਂ ਅੱਗੋਂ ਤੋਂ ਵੀ ਦਸਵੰਧ ਦੇਂਦਾ ਰਹਾਂ। ਮੇਰਾ ਮਨ ਬਣਾਈ ਰੱਖਣ ਦੀ ਕਿਰਪਾ ਕਰਨਾ।"

ਇਹ ਕਹਿੰਦੇ ਹੋਏ ਉਸ ਨੇ ਸਾਰਾ ਝੋਲਾ ਪਾਤਸ਼ਾਹ ਦੇ

ਚਰਨਾਂ ਤੇ ਉਲਟਾ ਦਿੱਤਾ। ਮਹਿੰਦਰ ਸਿੰਘ ਪੂਰਬਾ ਜੀ ਮਾਇਆ ਸੰਭਾਲਨ ਲੱਗੇ ਤਾਂ ਸਤਿਗੁਰੂ ਜੀ ਹੁਕਮ ਕੀਤਾ: 'ਇਹ ਝੋਲਾ ਅਜੇ ਏਥੇ ਰਹਿਣ ਦਿਉ।' ਫੇਰ ਹੁਕਮ ਕੀਤਾ "ਉਸ ਸਿੱਖ ਨੂੰ ਲੱਭ ਕੇ ਲਿਆਉ ਜਿਹੜਾ ਹੁਣੇ ਏਥੇ ਆਇਆ ਸੀ।"

ਸਾਡੇ ਵਿੱਚੋਂ ਕਿਸੇ ਨੂੰ ਉਸ ਗਰੀਬ ਸਿੱਖ ਬਾਰੇ ਪਤਾ ਨਹੀਂ ਸੀ। ਇਕ ਹੋਰ ਸਿੱਖ ਨੇ ਅਰਜ਼ ਕੀਤੀ "ਜੀ, ਮੈਂ ਉਸ ਨੂੰ ਮੇਲੇ ਵਿੱਚੋਂ ਲੱਭ ਕੇ ਲਿਆ ਸਕਦਾ ਹਾਂ।" ਹੁਕਮ ਹੋਇਆ "ਜਲਦੀ ਲਿਆਉ ਉਸਨੂੰ ਉਹ ਕੋਈ ਗਲਤ ਕਦਮ ਨਾ ਚੁੱਕ ਲਵੇ, ਬਹੁਤ ਉਦਾਸ ਸੀ ਵਿਚਾਰਾ।" ਅੱਧੇ ਘੰਟੇ ਬਾਅਦ ਲੱਭਣ ਗਿਆ ਸੱਜਣ ਉਸ ਨਿਰਾਸ਼ ਹੋ ਕੇ ਗਏ ਸਿੱਖ ਨੂੰ ਨਾਲ ਲੈ ਕੇ ਆ ਗਿਆ ਤੇ ਅਰਜ਼ ਕੀਤੀ "ਸੱਚੇ ਪਾਤਸ਼ਾਹੋ ਇਸ ਦੀਆਂ ਦੋ ਲੜਕੀਆਂ ਵੀ ਵਿਆਹੁਣ ਵਾਲੀਆਂ ਨੇ ਇਸਦੇ ਕੋਲ ਕੁੜੀਆਂ ਦੇ ਅਨੰਦ ਵਾਲੇ ਕੱਪੜਿਆਂ ਜੋਗੇ ਵੀ ਪੈਸੇ ਨਹੀਂ ਹਨ।"

ਸੱਚੇ ਪਾਤਸ਼ਾਹ ਫੁਰਮਾਇਆ ਫ਼ਿਕਰ ਨਾ ਕਰੋ ਸਭ ਠੀਕ ਹੋ ਜਾਵੇਗਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸਦੀ ਪੁਕਾਰ ਸੁਣ ਲਈ ਹੈ। ਝੋਲੇ ਵਿੱਚੋਂ ਸਾਰੀਆਂ ਨੋਟਾਂ ਦੀਆਂ ਦੱਥੀਆਂ ਗਰੀਬ ਨਿਵਾਜ਼ ਜੀ ਨੇ ਪਾਸੇ ਰੱਖ ਲਈਆਂ ਤੇ ਕੋਲ ਬੈਠੇ ਸਿੱਖਾਂ ਨੂੰ ਗਿਣਨ ਲਈ ਕਿਹਾ। ਇਕ ਨੇ ਗਿਣਕੇ ਅਰਜ਼ ਕੀਤੀ "ਢਾਈ ਲੱਖ ਹਨ ਜੀ।" ਜਿਹੜਾ ਸਿੱਖ ਉਸ ਗਰੀਬ ਸਿੱਖ ਨੂੰ ਲੱਭ ਕੇ ਲਿਆਇਆ ਸੀ ਉਸਨੂੰ ਹੁਕਮ ਹੋਇਆ "ਕੋਈ ਗੱਡੀ ਲੈ ਜਾਉ, ਉਸ ਵਿੱਚ ਅੱਠ ਬੋਰੀਆਂ ਕਣਕ ਦਾਲ ਤੇ ਲੂਣ ਮਿਰਚ ਮਸਾਲਾ, ਛੇ ਸਿਆਲੀ ਬਿਸਤਰੇ, ਦੋ ਥਾਨ ਕੱਪੜੇ ਦੇ ਵੀ ਲੱਦ ਲਵੋ। ਏਸ ਸਿੱਖ ਦੇ ਪਿੰਡ ਛੱਡ ਕੇ ਆਉ ਤੇ ਇਹ ਰਕਮ ਬੈਂਕ ਵਿੱਚ ਜਮ੍ਹਾਂ ਕਰਾ ਕੇ ਕਾਪੀ ਸਿੱਖ ਨੂੰ ਦੇ ਕੇ ਆਉਣੀ ਤਾਂ ਕਿ ਰਕਮ ਉਰਾਂ-ਪਰਾਂ ਨਾ ਹੋ ਜਾਏ। ਉਹ ਗਰੀਬ ਸਿੱਖ ਜੋ ਹੁਣ ਗਰੀਬ ਨਹੀਂ ਸੀ ਰਿਹਾ, ਮਸਤਾਨਾ ਹੋ ਗਿਆ। ਇਹ ਹੀ ਆਖੀ ਜਾਏ ਧੰਨ ਸਤਿਗੁਰੂ! ਧੰਨ ਸਤਿਗੁਰੂ!!

ਸੱਚੇ ਪਾਤਸ਼ਾਹ ਉਹਨਾਂ ਸਿੱਖਾਂ ਦੇ ਜਾਣ ਪਿਛੋਂ ਹੱਸ ਕੇ ਫੁਰਮਾਇਆ "ਅਸੀਂ ਝੱਟ ਹੀ ਨਿਰਾਸ਼ ਹੋ ਜਾਂਦੇ ਹਾਂ, ਸੱਚੇ ਪਾਤਸ਼ਾਹ ਬਹੁਤ ਨੇੜੇ ਬਹਿਕੇ ਸਾਡੀ ਪੁਕਾਰ ਸੁਣ ਰਹੇ ਹੁੰਦੇ ਹਨ। ਏਸ ਸਿੱਖ ਨੇ ਮੇਰਾ ਵੀ ਇਮਤਿਹਾਨ ਲੈ ਲਿਆ।" ਅਸੀਂ ਸਾਰੇ ਹੱਕੇ ਬੱਕੇ ਹੋ ਕੇ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਹਿ ਰਹੇ ਸਾਂ, ਇਹ ਸਾਖਸ਼ਾਤ ਕੌਤਕ ਵੇਖਕੇ। ਦੂਸਰੇ ਦਿਨ ਸੱਚੇ ਪਾਤਸ਼ਾਹ ਜਥੇ ਬਣਾ ਕੇ ਹੜ੍ਹ ਮਾਰੇ ਇਲਾਕੇ ਦਾ ਦੌਰਾ ਕਰਕੇ ਲੋੜਵੰਦਾਂ ਦੀ ਜਾ ਸਾਰ ਲਈ। ਇਕ ਸਿੱਖ ਦੀ ਪੁਕਾਰ ਨੇ ਅਣਗਿਣਤ ਉਜੜੇ ਲੋਕਾਂ ਦੀ ਕਾਇਆ ਕਲਪ ਕਰਵਾ ਦਿੱਤੀ।

---------------

# ਗੁਰੂ ਮੇਰਾ ਸਰਬ ਕਲਾ ਸਮਰੱਥ

ਕੋਈ ਸੰਨ 2002 ਦੀ ਘਟਨਾ ਹੈ। ਬਾਪੂ ਜੀ ਸੂਬਾ ਮੇਲਾ ਸਿੰਘ ਜੀ ਬਹੁਤ ਬੀਮਾਰ ਹੋ ਗਏ ਅਪੋਲੋ ਹਸਪਤਾਲ (ਦਿੱਲੀ) ਦਾਖਲ ਸਨ। ਡਾਕਟਰਾਂ ਨੇ ਸਾਰੇ ਤਰ੍ਹਾਂ ਦੇ ਟੈਸਟ ਕੀਤੇ ਤੇ ਇਹ ਕਿਹਾ ਕਿ ਗੁਰਦੇ ਬਿਲਕੁਲ ਫੇਲ ਹਨ ਤੇ ਡਾਇਲਸਸ ਹਫਤੇ ਵਿੱਚ ਦੋ ਵਾਰ ਕਰਨਾ ਪਏਗਾ। ਅਸੀਂ ਸਾਰੇ ਬਹੁਤ ਨਿਰਾਸ ਹੋਏ ਤੇ ਜਦੋਂ ਸਾਰੇ ਆਸਰੇ ਖਤਮ ਹੋ ਜਾਣ ਤਾਂ ਢੋਈ ਇਕ ਸਤਿਗੁਰੂ ਦੀ ਰਹਿ ਜਾਂਦੀ ਹੈ। "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ" ਸੈਕਟਰੀ ਸੰਤ ਤਰਸੇਮ ਸਿੰਘ ਜੀ ਰਾਹੀਂ ਸਤਿਗੁਰੂ ਜੀ ਪਾਸ ਬਾਪੂ ਜੀ ਦੀ ਸਿਹਤਯਾਬੀ ਦੀ ਅਰਦਾਸ ਕਰਵਾਈ। ਸੱਚੇ ਪਾਤਸ਼ਾਹ ਜੀ ਕਿਰਪਾ ਕੀਤੀ ਕਿ ਬਾਪੂ ਜੀ ਦਾ ਇਕ ਡਾਇਲਸਸ ਹੋਇਆ ਤੇ ਉਸ ਤੋਂ ਬਾਅਦ ਕੋਈ ਡਾਇਲਸਸ ਨਹੀਂ ਕਰਵਾਇਆ ਭਾਵੇਂ ਕਿ ਉਹ ਨਿਯਮਤ ਦਵਾਈ ਖਾਂਦੇ ਰਹੇ ਤੇ ਉਸ ਤੋਂ ਬਾਅਦ ਦੀਵਾਨ ਲਾਉਂਦੇ ਰਹੇ ਅਤੇ ਠੀਕ ਰਹੇ ਤੇ ਲਗਭਗ 11 ਸਾਲ ਜੀਵਤ ਰਹੇ।

ਇਕ ਹੋਰ ਘਟਨਾ ਯਾਦ ਹੈ। ਬਾਪੂ ਜੀ ਨਾਲ ਇਕ ਢਲਕਈਏ ਸੰਤ ਦਿਆਲ ਸਿੰਘ ਜੀ ਹੁੰਦੇ ਸਨ। ਕਾਫੀ ਚਿਰ ਬਾਪੂ ਜੀ ਨਾਲ ਦੀਵਾਨ ਲਗਾਉਂਦੇ ਰਹੇ। ਇਕ ਵਾਰ ਦੀ ਗੱਲ ਹੈ ਕਿ ਸੰਤ ਦਿਆਲ ਸਿੰਘ ਤੇ ਬਾਪੂ ਜੀ ਭੈਣੀ ਸਾਹਿਬ ਗਏ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ। ਸਤਿਗੁਰਾਂ ਬਚਨ ਕੀਤਾ "ਦਿਆਲ ਸਿੰਘ, ਸੂਬਾ ਜੀ ਦਾ ਖਿਆਲ ਰੱਖਿਆ ਕਰ। ਤੂੰ ਉਨਾਂ ਚਿਰ ਹੀ ਹੈਂ ਜਿਨ੍ਹਾਂ ਚਿਰ ਸੂਬਾ ਜੀ ਹਨ।" ਇਹ ਗੱਲ ਸੰਤ ਦਿਆਲ ਸਿੰਘ ਨੇ ਮੇਰੇ ਨਾਲ ਤੇ ਕਈ ਹੋਰਾਂ ਨੂੰ ਵੀ ਦੱਸੀ ਤੇ ਸੰਤ ਦਿਆਲ ਸਿੰਘ ਜੀ ਬਾਪੂ ਜੀ ਦੇ ਜਾਣ ਤੋਂ ਕਰੀਬ ਮਹੀਨੇ ਕੁ ਬਾਅਦ ਚੜ੍ਹਾਈ ਕਰ ਗਏ। "ਸਾਧੂ ਬੋਲੇ ਸਹਿਜ ਸੁਭਾਅ, ਸਾਧੂ ਦਾ ਬੋਲਿਆ ਬਿਰਥਾ ਨਾ ਜਾਏ।"

ਪਾਤਸ਼ਾਹ ਜੀ ਬੜੇ ਮਜਾਕੀਆ ਸੁਭਾਉ ਦੇ ਮਾਲਕ ਸਨ। ਗਲ ਇਸ਼ਾਰਿਆਂ ਵਿੱਚ ਸਮਝਾ ਦਿੰਦੇ ਸਨ। ਇੱਕ ਵਾਰ ਸਾਡੇ ਪਿੰਡ (ਸਿਆੜ੍ਹ) ਸਤਿਗੁਰਾਂ ਨੇ ਦਰਸ਼ਨ ਦਿੱਤੇ। ਕੋਈ 40-50 ਸਾਲ ਪਹਿਲਾਂ ਦੀ ਗੱਲ ਹੈ। ਉਸ ਵੇਲੇ ਕੱਚੇ ਚੁੱਲ੍ਹੇ ਸਨ ਤੇ ਚੁੱਲੇ ਚੌਂਕੇ ਕੋਲ ਦੋ ਘੁੱਗੀਆਂ ਚਾਹ ਪੱਤੀ ਚੁਗਦੀਆਂ ਸਨ। ਸਤਿਗੁਰਾਂ ਨੇ ਬਚਨ ਕੀਤਾ: "ਇਹ ਘੁੱਗੀਆਂ ਰੋਜ ਹੀ ਆਉਦੀਆਂ ਹਨ" ਮਤਲਬ ਕਿ ਘਰ ਵਿੱਚ ਚਾਹ ਬਣਦੀ ਹੈ।

**ਮਾਸਟਰ ਗੁਰਦੇਵ ਸਿੰਘ**

# ਗੁਰੂ ਜਗਜੀਤ
# (ਯਾਦਾਂ ਦੇ ਝਰੋਖੇ 'ਚੋਂ)

**ਲਖਵਿੰਦਰ ਸਿੰਘ ਬਾਜਵਾ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਤੋਂ ਲੈ ਕੇ ਸੰਨ 2012 ਤੱਕ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ। ਇਸ 53 ਸਾਲ ਦੇ ਗੁਰਗੱਦੀ ਕਾਲ ਵਿੱਚ ਉਹਨਾਂ ਨੇ ਨਾਮਧਾਰੀ ਪੰਥ ਹੀ ਨਹੀਂ ਸਮੁੱਚੇ ਜਗਤ ਨੂੰ ਅਮਲੀ ਜੀਵਨ ਜਾਚਾਂ ਦੇ ਰੂ-ਬ-ਰੂ ਕਰਵਾਇਆ। ਮੇਰਾ ਜਨਮ ਸੰਨ 1955 ਵਿੱਚ ਹੋਇਆ, ਇਸ ਕਰਕੇ ਬਚਪਨ ਤੋਂ ਹੀ ਉਹਨਾਂ ਦੇ ਸਮੁੱਚੇ ਗੁਰਗੱਦੀ ਕਾਲ ਵਿੱਚ ਸਮੇਂ-ਸਮੇਂ ਸਿਰ ਦਰਸ਼ਨ ਦੀਦਾਰੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਪਿਤਾ ਜੀ ਜਥੇਦਾਰ ਪਾਲਾ ਸਿੰਘ ਜੀ, ਜਿੰਨ੍ਹਾ ਦੀ ਸਮੇਤ ਪਰਿਵਾਰ ਗੁਰੂ ਘਰ ਤੇ ਅਟੁੱਟ ਸ਼ਰਧਾ ਰਹੀ। ਨਾਮਧਾਰੀ ਪ੍ਰਚਾਰਕ ਹੋਣ ਕਰਕੇ ਵੀ ਸ੍ਰੀ ਸਤਿਗੁਰੂ ਜੀ ਦੇ ਬਹੁਤ ਨਿਕਟ ਹੋ ਕੇ ਵਿਚਰੇ। ਚਾਚਾ ਸ.ਮੱਖਣ ਸਿੰਘ ਜੀ ਤਾਂ ਬਹੁਤ ਚਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਘੋੜਿਆਂ ਦੀ ਸੇਵਾ ਵਿੱਚ ਰਹੇ। ਇਸ ਕਰਕੇ ਉਹਨਾਂ ਦੀ ਇਕ ਕਿਸਮ ਦੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਾਲ ਮਿੱਤਰਤਾ ਸੀ। ਇਸ ਲਈ ਸ੍ਰੀ ਸਤਿਗੁਰੂ ਜੀ ਵੱਲੋਂ ਵਰੋਸਾਏ ਸਾਡੇ ਪਰਿਵਾਰ 'ਤੇ ਉਹਨਾਂ ਦੀ ਵਿਸ਼ੇਸ਼ ਕ੍ਰਿਪਾ ਤੇ ਪਿਆਰ ਹਮੇਸ਼ਾਂ ਬਣਿਆ ਰਿਹਾ।

ਸ੍ਰੀ ਸਤਿਗੁਰੂ ਜੀ ਕਈ ਵਾਰ ਅਚਾਨਕ ਵੀ ਸਾਡੇ ਘਰ ਆ ਦਰਸ਼ਨ ਦੇਂਦੇ। ਬਚਨ ਬਿਲਾਸ ਕਰਦੇ, ਹਿਦਾਇਤਾਂ ਕਰਦੇ, ਖੁਸ਼ੀਆਂ ਬਖ਼ਸ਼ਦੇ। ਇਸ ਕਰਕੇ ਉਹਨਾਂ ਦੀਆਂ ਅਨੇਕ ਯਾਂਦਾ ਮੇਰੇ ਮਨ ਦੇ ਪਟ 'ਤੇ ਉਕਰਦੀਆਂ ਰਹੀਆਂ। ਉਹਨਾਂ ਦੇ ਸੌਵੇਂ ਪ੍ਰਕਾਸ਼ ਪੁਰਬ 'ਤੇ ਆਪਣਾ ਹਿੱਸਾ ਪਾਉਦਿਆਂ ਹੋਇਆਂ ਮੈਂ ਵੀ ਉਹਨਾਂ ਯਾਦਾਂ ਵਿੱਚੋਂ ਕੁਝ ਸਾਂਝੀਆਂ ਕਰਨ ਦਾ ਯਤਨ ਕਰ ਰਿਹਾ ਹਾਂ। ਗੁਰਗੱਦੀ ਸੰਭਾਲਣ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੁੱਢਲੇ ਦੌਰ ਵਿੱਚ ਬਹੁਤ ਸਮਾਂ ਸ੍ਰੀ ਜੀਵਨ ਨਗਰ ਹੀ ਬਤੀਤ ਕੀਤਾ। ਏਥੋਂ ਦੀ ਮਿੱਟੀ ਦੇ ਕਣ-ਕਣ ਵਿੱਚ ਉਹਨਾਂ ਨੇ ਆਪਣੇ ਚਰਨਾਂ ਦੀ ਅਤੇ ਕੀਰਤੀ ਦੀ ਅਮੁੱਲੀ ਛਾਪ ਛਾਪੀ। ਸ੍ਰੀ ਜੀਵਨ ਨਗਰ ਇਲਾਕੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਉਹਨਾਂ ਦਾ ਵਡਮੁੱਲਾ ਯੋਗਦਾਨ ਹਮੇਸ਼ਾਂ ਯਾਦ ਰਹੇਗਾ।

ਸ੍ਰੀ ਜੀਵਨ ਨਗਰ ਇਲਾਕੇ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਬਖ਼ਸ਼ਿਸ਼ ਅਤੇ ਵਰਦਾਨ ਪ੍ਰਾਪਤੀ ਤਾਂ ਉਹਨਾਂ ਦੀ ਚਰਨ ਛੋਹ ਦੇ ਨਾਲ ਹੀ ਪ੍ਰਾਪਤ ਹੋ ਗਈ ਸੀ। ਪਿਤਾ ਜੀ ਦੱਸਦੇ ਸਨ ਕਿ ਸ੍ਰੀ ਜੀਵਨ ਨਗਰ ਆ ਕੇ ਕਈ ਨਾਮਧਾਰੀ ਪਰਿਵਾਰ ਏਥੋਂ ਜਾਣ ਦੀਆਂ ਸਲਾਹਾਂ ਕਰਨ ਲੱਗੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਫ਼ੁਰਮਾਉਂਦੇ ਕਿ ਘਬਰਾਓ ਨਾ ਏਥੇ ਦੁੱਧ ਦੀਆਂ ਨਦੀਆਂ ਵਗਣਗੀਆਂ। ਉਸ ਵਕਤ ਉੱਜੜੇ ਸਿੱਖਾਂ ਨੂੰ ਇਸ ਬੇ-ਆਬਾਦ ਜ਼ਮੀਨ 'ਤੇ ਵੱਸਣ ਦੇ ਵਸੀਲੇ ਸੀਮਿਤ ਵਖਾਈ ਦੇਂਦੇ ਹੋਣਗੇ। ਇਹ ਹੈ ਵੀ ਸੱਚ ਸੀ। ਸੁੱਖ ਅਨੰਦ ਛੱਡਕੇ ਆਏ ਲੋਕ ਛੋਲਿਆਂ ਦੀਆਂ ਰੋਟੀਆਂ ਖਾਣ ਲਈ ਮਜ਼ਬੂਰ ਸਨ, ਪਰ ਬਹੁਤਿਆਂ ਨੂੰ ਸਤਿਗੁਰੂ ਜੀ ਦਾ ਹੌਂਸਲਾ ਏਥੇ ਟਿਕਾਉਣ ਵਿੱਚ ਕਾਮਯਾਬ ਰਿਹਾ। ਅੱਜ ਅਸੀਂ ਜਾਣਦੇ ਹਾਂ ਕਿ ਉਹਨਾਂ ਦੇ ਬਚਨ ਕਿਸ ਤਰਾਂ ਸਾਕਾਰ ਹੋ ਰਹੇ ਹਨ।

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥ ਦੀ ਵਾਗਡੋਰ ਸੰਭਾਲੀ ਤਾਂ ਨਾਮਧਾਰੀਆਂ ਦੀ ਉੱਨਤੀ ਲਈ ਵਿਸ਼ੇਸ਼ ਯਤਨ ਆਰੰਭ ਕੀਤੇ। ਇਸ ਇਲਾਕੇ ਦੀ ਬਹੁਤੀ ਵੱਸੋਂ ਖੇਤੀ ਕਿਰਸਾਨੀ 'ਤੇ ਨਿਰਭਰ ਸੀ। ਇਸ ਕਰਕੇ ਸਤਿਗੁਰੂ ਜੀ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਆਪਣੇ ਫਾਰਮ ਵਿੱਚ ਬਾਗ਼ ਬਾਨੀ ਤੇ ਉੱਚ ਤਕਨੀਕੀ ਖੇਤੀ ਕਰਕੇ ਇਲਾਕਾ ਨਿਵਾਸੀਆਂ ਦੇ ਪ੍ਰੇਰਨਾ ਸਰੋਤ ਬਣੇ। ਘਰ-ਘਰ ਜਾ ਕੇ ਅੰਗੂਰਾਂ ਦੇ ਬਾਗ਼ ਲਾਉਣ ਲਈ ਪ੍ਰੇਰਿਆ ਤਾਂ ਜੋ ਬਦਲਵੀਂ ਖੇਤੀ ਨਾਲ ਕਿਸਾਨ ਵੱਧ ਮੁਨਾਫ਼ਾ ਕਮਾਉਣ ਅਤੇ ਮੌਜ਼ੂਦਾ ਫਸਲੀ ਚੱਕਰ ਵਿੱਚੋਂ ਹੋਣ ਵਾਲੀਆਂ ਹਾਨੀਆਂ ਵੀ ਘੱਟ ਪ੍ਰਭਾਵਿਤ ਕਰਨ।

ਸ੍ਰੀ ਸਤਿਗੁਰੂ ਜੀ ਕਾਰ 'ਤੇ ਆਉਂਦੇ। ਕਾਰ ਪਿੰਡ ਵਿੱਚ ਖੜੀ ਕਰਕੇ ਆਪ ਪੈਦਲ ਹੀ ਖੇਤਾਂ ਵੱਲ ਤੁਰ ਪੈਂਦੇ। ਅੰਗੂਰ ਲਾਉਣ ਲਈ ਜ਼ਮੀਨ ਆਪ ਵੇਖ ਕੇ ਪਾਸ ਕਰਦੇ, ਸਾਧ ਸੰਗਤ ਸਮੇਤ ਖੇਤਾਂ ਵਿੱਚ ਮੇਲਾ ਲੱਗ ਜਾਂਦਾ। ਖੇਤ-ਖੇਤ ਚਰਨ ਪਾਉਂਦੇ, ਹਾਸ ਬਿਲਾਸ ਕਰਦੇ ਖੁਸ਼ੀਆਂ ਬਖ਼ਸ਼ਦੇ ਖੁਲ੍ਹੇ ਦਰਸ਼ਨ ਦੀਦਾਰੇ ਦੇਂਦੇ ਜਾਂਦੇ, ਸਾਧ-ਸੰਗਤ ਵੀ ਆਪਣੇ ਸਾਰੇ ਕਾਰਜ ਰੋਕ ਕੇ ਇਸ ਅਲੌਕਿਕ ਨਜ਼ਾਰੇ ਦਾ ਭਰਪੂਰ ਅਨੰਦ ਮਾਣਦੀ। ਜਿੱਥੇ ਪੀਲਾਂ ਤੇ ਡੇਲਿਆਂ ਵਰਗੇ ਫਲ ਹੁੰਦੇ ਸਨ। ਲੋਕ ਅੰਗੂਰ ਵਰਗੇ ਅਮ੍ਰਿੰਤ ਫਲਾਂ ਦਾ ਬਹੁਤੇ ਤਾਂ ਨਾਮ ਹੀ ਜਾਣਦੇ ਸਨ। ਕਈ ਤਾਂ ਇਹ ਵੀ ਕਹਿੰਦੇ ਸੁਣੇ ਸਨ ਕਿ ਏਥੇ

ਅੰਗੂਰ ਹੋ ਹੀ ਨਹੀਂ ਸਕਦੇ। ਕਿਉਂਕਿ ਉਸ ਸਮੇਂ ਇੱਥੋਂ ਦਾ ਮੌਸਮ ਬਾਗ਼ਬਾਨੀ ਦੇ ਲਈ ਬਹੁਤਾ ਅਨੁਕੂਲ ਨਹੀਂ ਸੀ।

ਮੈਨੂੰ ਉਸ ਵਕਤ ਦੀ ਇਕ ਘਟਨਾ ਯਾਦ ਆਈ ਹੈ। ਅਮ੍ਰਿੰਤਸਰ ਕਲਾਂ ਸੰਤ ਪੂਰਨ ਸਿੰਘ ਰਛਾੜੇ ਵਾਲਿਆਂ ਦੇ ਸਪੁੱਤਰਾਂ ਸਰਦਾਰ ਸਿੰਘ, ਅਵਤਾਰ ਸਿੰਘ, ਦਰਸ਼ਨ ਸਿੰਘ ਤੇ ਹਰਦਿਆਲ ਸਿੰਘ ਨੂੰ ਬਾਗ਼ ਲਾਉਣ ਦਾ ਹੁਕਮ ਦਿੱਤਾ। ਮੇਰੇ ਛੋਟੇ ਭੈਣ ਜੀ ਭਜਨ ਕੌਰ ਸੰਤ ਪੂਰਨ ਸਿੰਘ ਜੀ ਦੇ ਵੱਡੇ ਲੜਕੇ ਸਰਦਾਰ ਸਿੰਘ ਵੱਲ ਵਿਆਹੇ ਹੋਣ ਕਰਕੇ ਸਾਡਾ ਆਉਣ ਜਾਣ ਤਾਂ ਬਣਿਆ ਹੀ ਰਹਿੰਦਾ ਸੀ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ, ਚਾਰ ਕਿੱਲੇ ਅੰਗੂਰ ਲਾਉਣੇ ਹਨ। ਉਹ ਵੀ ਦੱਖਣੀ ਭਾਰਤ ਵਿੱਚ ਹੋਣ ਵਾਲੀ ਵਧੀਆ ਕਿਸਮ ਜੋ ਕੇਵਲ ਮਹਾਂਰਾਸ਼ਟਰ ਵੱਲ ਹੁੰਦੇ ਹਨ ਅਤੇ ਬਹੁਤ ਵਧੀਆ ਕਵਾਲਟੀ ਗਿਣੀ ਜਾਂਦੀ ਹੈ। ਏਧਰ ਉਸ ਤੋਂ ਪਹਿਲਾਂ ਦੇਸੀ ਪਰਲਣ ਕਿਸਮ ਦੇ ਅੰਗੂਰ ਲਵਾਏ ਸਨ ਜੋ ਕਾਮਯਾਬ ਰਹੇ ਸਨ। ਪਰਿਵਾਰ ਨੇ ਸੱਤ ਬਚਨ ਕਹਿ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਬਾਗ਼ਬਾਨੀ ਦੇ ਮਾਹਰਾਂ ਨੂੰ ਲਿਆਕੇ ਜ਼ਮੀਨ ਵਖਾਈ ਤੇ ਰਾਇ ਮੰਗੀ। ਪਰ ਉਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਉਹਨਾਂ ਨੇ ਕਿਹਾ "ਕਿ ਅੱਬਲ ਤਾਂ ਏਥੇ ਇਹ ਕਿਸਮ ਉੱਗ ਨਹੀਂ ਸਕਦੀ। ਜੇ ਉੱਗ ਵੀ ਪਏ ਤਾਂ ਫੱਲ ਨਹੀਂ ਲੱਗੇਗਾ। ਕਈਆਂ ਤਾਂ ਏਥੋਂ ਤੱਕ ਕਿਹਾ ਕਿ ਜੇ ਫਲ ਲੱਗ ਜਾਵੇ ਤਾਂ ਅਸੀਂ ਨੌਕਰੀ ਛੱਡ ਦਿਆਂਗੇ।"

ਤੇ ਫੇਰ ਇਹ ਸਤਿਗੁਰੂ ਜੀ ਦੀ ਕਿਰਪਾ ਜਾਂ ਚਮਤਕਾਰ ਹੀ ਸੀ ਕਿ ਉਸ ਬਾਗ਼ ਵਿੱਚ ਪੱਤਿਆਂ ਤੋਂ ਵੱਧ ਅੰਗੂਰ ਲੱਗੇ ਮੈਂ ਅੱਖੀਂ ਵੇਖੇ ਹਨ। ਖਾਣ ਵਿੱਚ ਏਨੇ ਮਿੱਠੇ ਤੇ ਸੁਆਦੀ ਕਿ ਬੰਗਲੌਰ ਵਾਲਿਆਂ ਨੂੰ ਵੀ ਮਾਤ ਕਰਦੇ ਸਨ।

ਗੁੱਛਿਆਂ ਨੂੰ ਛੋਟਾ ਕਰਨ ਲਈ ਦਵਾਈ ਚੜ੍ਹਾਈ ਜਾਂਦੀ ਸੀ ਤਾਂ ਕਿ ਕੁਝ ਅੰਗੂਰ ਝੜ ਜਾਣ ਤੇ ਫਲ ਮੋਟਾ ਹੋ ਜਾਵੇ। ਫੇਰ ਵੀ ਵੱਧ ਰਹਿ ਜਾਣ ਤੇ ਕੈਂਚੀ ਨਾਲ ਕੱਟ ਕੇ ਗੁੱਛੇ ਵਿਰਲੇ ਕੀਤੇ ਜਾਂਦੇ ਸਨ। ਤਜਰਬੇ ਲਈ ਇੱਕ ਦੋ ਗੁੱਛੇ ਬਿਨਾਂ ਦਵਾਈ ਤੋਂ ਤੇ ਬਿਨਾਂ ਕਟਿੰਗ ਤੋਂ ਰੱਖ ਲਏ। ਚਾਰ ਫੁੱਟ ਲੰਬੇ ਉਹ ਗੁੱਛੇ ਵੇਖ ਕੇ ਹਰ ਕੋਈ ਹੈਰਾਨ ਹੋ ਜਾਂਦਾ ਸੀ। ਮੈਂ ਉਹ ਅੱਖੀਂ ਵੇਖੇ ਹਨ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਕੋਲ ਖਲੋ ਕੇ ਤਸਵੀਰ ਵੀ ਖਿਚਾਈ ਸੀ ਪਾਠਕ ਉਸ ਤੋਂ ਤਸਦੀਕ ਕਰ ਸਕਦੇ ਹਨ।

ਇੱਕ ਵਾਰ ਪਿਤਾ ਜੀ ਨੇ ਕਿਹਾ ਕਿ ਪਾਤਸ਼ਾਹ ਜੀ ਕਾਰ ਦਾ ਕਿੰਨਾ ਸੁਖ ਹੈ। ਜਲਦੀ ਦਰਸ਼ਨ ਹੋ ਜਾਂਦੇ ਹਨ ਤਾਂ ਬਚਨ ਕੀਤਾ ਕਿ "ਮੈਂ ਤਾਂ ਉਦੋਂ ਖੁਸ਼ ਹੋਵਾਂਗਾ ਜਦੋਂ ਹਰ ਨਾਮਧਾਰੀ ਦੇ ਘਰ ਕਾਰ ਹੋਵੇਗੀ" ਤੇ ਫੇਰ ਕਈ ਵਾਰ ਇਹ ਬਚਨ ਮੈਂ ਉਹਨਾਂ ਦੇ ਮੁਖਾਰਬਿੰਦ ਤੋਂ ਸੁਣੇ ਕਿ ਨਾਮਧਾਰੀ ਮੈਨੂੰ ਅੱਡਿਆਂ ਤੇ ਬੈਠੇ ਚੰਗੇ ਨਹੀਂ ਲੱਗਦੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਖ਼ਸ਼ੇ ਹੋਏ ਸਾਦਗੀ ਭਰਪੂਰ ਆਦਰਸ਼ ਜੀਵਨ ਸਿਧਾਂਤ ਤੇ ਚੱਲ ਕੇ ਕੋਈ ਭੁੱਖਾ ਨੰਗਾ ਰਹਿ ਵੀ ਕਿਵੇਂ ਸਕਦਾ ਹੈ। ਕੋਈ ਕਰਮਾਂ ਦਾ ਹੀਣ ਰਸਤਿਉਂ ਭਟਕ ਜਾਵੇ ਤਾਂ ਉਸਦੀ ਮਾੜੀ ਕਿਸਮਤ ਹੀ ਕਹੀ ਜਾਵੇਗੀ।

ਕੋਈ ਵਧੀਆ ਕੋਠੀ ਪਾਉਂਦਾ ਤਾਂ ਬੜੇ ਖੁਸ਼ ਹੁੰਦੇ। ਬਹੁਤ ਖੁਸ਼ੀਆਂ ਬਖ਼ਸ਼ਦੇ। ਅਸੀਂ 1978 ਵਿੱਚ ਕੱਚਾ ਮਕਾਨ ਢਾਹ ਕੇ ਪੱਕਾ ਬਣਾਇਆ। ਉੱਪਰ ਵੀ ਆਇਰਨ ਤੇ ਟਾਇਲਾਂ ਦੀ ਛੱਤ ਪਾਈ, ਜੋ ਉਸ ਵਕਤ ਅਜੇ ਨਵੀਂ ਤਕਨੀਕ ਸੀ। ਸਾਡੇ ਵੱਲ ਸਿਉਂਕ ਬਹੁਤ ਹੋਣ ਕਰਕੇ ਵੀ ਬਾਲਿਆਂ ਦੀ ਛੱਤ ਛੇਤੀ ਖਰਾਬ ਹੋ ਜਾਂਦੀ ਸੀ। ਸਾਡੇ ਪਿੰਡ ਵਿੱਚ ਹੀ ਸੰਤ ਭਾਗ ਸਿੰਘ ਭਗਤੇ ਵਾਲਿਆਂ ਨੇ ਵੀ ਨਵਾਂ ਮਕਾਨ ਪਾਇਆ ਸੀ। ਉਹਨਾਂ ਨੇ ਉੱਪਰ ਬਾਲੇ ਪਾ ਲਏ। ਸ੍ਰੀ ਸਤਿਗੁਰੂ ਜੀ ਨੂੰ ਨਵੇਂ ਮਕਾਨਾਂ ਵਿੱਚ ਚਰਨ ਪਾਉਣ ਲਈ ਬੇਨਤੀ ਕੀਤੀ ਤਾਂ ਉਹ ਸੰਤ ਭਾਗ ਸਿੰਘ ਜੀ ਘਰ ਚਰਨ ਪਾ ਕੇ ਸਾਡੇ ਘਰ ਆਏ। ਛੱਤ ਵੱਲ ਵੇਖ ਬਚਨ ਕੀਤਾ ਆਹ ਚੰਗਾ ਕੀਤਾ ਹੈ ਭਾਗ ਸਿੰਘ ਨੇ ਤਾਂ ਲੱਕੜਾਂ ਜਹੀਆਂ ਹੀ ਪਾ ਛੱਡੀਆਂ ਹਨ। ਉਦੋਂ ਅਜੇ ਲੈਂਟਰ ਪਾਉਣ ਦਾ ਆਮ ਰਿਵਾਜ ਨਹੀਂ ਸੀ ਤੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਸੀ।

ਸਾਡੇ ਇਲਾਕੇ ਵਿੱਚ ਸੜਕ ਕੱਚੀ ਸੀ। ਹਕੂਮਤ ਵੱਲੋਂ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ। ਕੱਚਾ ਰਾਹ ਵੀ ਲੰਘਣ ਯੋਗ ਨਹੀਂ ਸੀ। ਇਸ ਕਰਕੇ ਸ੍ਰੀ ਜੀਵਨ ਨਗਰ ਤੋਂ ਕਰੀਵਾਲੇ ਤੱਕ ਬੱਸ ਨਹਿਰ ਦੀ ਪਟੜੀ ਦੇ ਨਾਲ ਕੱਚੇ ਪਹੇ 'ਤੇ ਜਾਂਦੀ ਸੀ। ਬੱਸਾਂ ਦੇ ਵੀ ਸਿਰਫ਼ ਇੱਕ ਜਾਂ ਦੋ ਟਾਈਮ ਸਨ। ਇਸ ਕਰਕੇ ਬਹੁਤ ਸਾਰੀਆਂ ਸਵਾਰੀਆਂ ਨੂੰ ਸਾਇਕਲਾਂ 'ਤੇ ਜਾਣਾ ਪੈਂਦਾ, ਜੀਵਨ ਨਗਰੋਂ ਬੱਸ ਤੋਂ ਉੱਤਰ ਕੇ ਕਿਰਾਏ ਦੇ ਸਾਇਕਲ ਤੇ ਲੋਕ ਸਫ਼ਰ ਕਰਦੇ। ਇਹ ਸਾਇਕਲਾਂ ਵਾਲੇ, ਦੋ ਪਿੱਛੇ ਤੇ ਇੱਕ ਸਵਾਰੀ ਅਗਲੇ ਡੰਡੇ ਤੇ ਲਾਈ ਛੋਟੀ ਕਾਠੀ 'ਤੇ ਬਿਠਾ ਕੇ ਜਾਂਦੇ ਸਨ। ਕਈ ਵਾਰ ਸਾਰੀਆਂ ਜਨਾਨਾ ਸਵਾਰੀਆਂ ਹੁੰਦੀਆਂ ਤਾਂ ਮਜਬੂਰਨ ਉਹਨਾਂ ਵਿੱਚੋਂ ਕਿਸੇ ਨੂੰ ਅਗਲੇ ਡੰਡੇ 'ਤੇ ਬਹਿ ਕੇ ਸਫ਼ਰ ਕਰਨਾ ਪੈਂਦਾ। ਇਹ ਵੇਖ ਕੇ ਸਤਿਗੁਰੂ ਜੀ ਨੇ ਇਲਾਕੇ ਦੇ ਲੋਕਾਂ ਨੂੰ ਪ੍ਰੇਰਿਆਂ ਅਤੇ ਮੇਨ ਸੜਕ ਜੋ ਬਹੁਤ ਖ਼ਰਾਬ ਸੀ ਉਸ 'ਤੇ ਮਿੱਟੀ ਪਵਾ ਦਿੱਤੀ। ਆਪ ਨੇ ਸਾਰਾ ਦਿਨ ਸੇਵਾਦਾਰਾਂ ਦੇ ਕੋਲ ਹਾਜ਼ਰ ਰਹਿ ਕੇ ਕੰਮ ਕਰਵਾਇਆ। ਉਹਨਾਂ ਦੇ ਖਾਣ-

ਪੀਣ ਦਾ ਪ੍ਰਬੰਧ ਕੀਤਾ। ਮਿੱਟੀ ਪੈਣ ਨਾਲ ਬੰਦ ਰਸਤਾ ਚਾਲੂ ਹੋ ਗਿਆ। ਫੇਰ ਸਾਧ ਸੰਗਤ ਕੋਲੋਂ ਉਗਰਾਹੀ ਕਰਕੇ ਸੜਕ ਤੇ ਪੱਕੀਆਂ ਇੱਟਾਂ ਚਿਣ ਦਿੱਤੀਆਂ ਗਈਆਂ। ਇਸ ਨਾਲ ਬੱਸਾਂ ਹੁਣ ਸੁਖਾਲੀਆਂ ਲੰਘਣ ਲੱਗ ਪਈਆਂ ਅਤੇ ਰੂਟ ਵੀ ਵੱਧ ਗਏ। ਕਿਉਂਕਿ ਜੋ ਬੱਸਾਂ ਸ੍ਰੀ ਜੀਵਨ ਨਗਰ ਜਾਂ ਸੰਤ ਨਗਰ ਪੁਲ ਤੋਂ ਵਾਪਸ ਜਾਂਦੀਆਂ ਸਨ ਉਹ ਵੀ ਕਰੀਵਾਲੇ ਤੱਕ ਜਾਣ ਲੱਗ ਪਈਆਂ। ਇਹ ਵੇਖਕੇ ਸਰਕਾਰ ਨੂੰ ਵੀ ਲੁੱਕ ਪਾਉਣੀ ਪਈ। ਇਹਨਾਂ ਪਿੰਡਾਂ ਦੇ ਲੋਕਾਂ ਨੇ ਸਤਿਗੁਰੂ ਜੀ ਦਾ ਕੋਟਨ ਕੋਟ ਧੰਨਵਾਦ ਕੀਤਾ।

ਨਾਮਧਾਰੀਆਂ ਵੱਲੋਂ ਅੰਗਰੇਜ਼ ਹਕੂਮਤ ਵੇਲੇ ਸਰਕਾਰੀ ਵਿੱਦਿਅਕ ਅਦਾਰਿਆਂ ਦਾ ਸੰਪੂਰਨ ਬਾਈਕਾਟ ਕਰਨ ਕਰਕੇ ਨਾਮਧਾਰੀ ਸਮਾਜ ਮੁੱਢਲੀ ਤੇ ਉੱਚ ਵਿੱਦਿਆ ਤੋਂ ਤਕਰੀਬਨ ਵਾਂਝਾ ਹੀ ਰਹਿ ਰਿਹਾ ਸੀ। ਇਸ ਕਰਕੇ ਨਾਮਧਾਰੀ ਦੂਜੇ ਸਮਾਜ ਨਾਲੋਂ ਵੱਦਿਆ ਦੇ ਖੇਤਰ ਵਿੱਚ ਕਾਫ਼ੀ ਪੱਛੜ ਵੀ ਗਏ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ ਅਤੇ ਜੀਵਨ ਨਗਰ ਵਿਖੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਖੋਲ੍ਹ ਕੇ ਮੁਫ਼ਤ ਵਿੱਦਿਆ ਦਾ ਰਾਹ ਸੁਖਾਲਾ ਕਰ ਦਿੱਤਾ। ਬਾਅਦ ਵਿੱਚ ਉੱਚ ਸਿੱਖਿਆ ਨੂੰ ਵੇਖਦੇ ਹੋਏ ਇਸ ਵਿਦਿਆਲੇ ਦੇ ਨਾਲ ਹੀ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੀ ਸਥਾਪਨਾ ਕੀਤੀ। ਜਿਸ ਨਾਲ ਆਲੇ ਦੁਆਲੇ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਸਹਿਜ ਉਪਲੱਬਧ ਹੋ ਗਈ। ਏਥੇ ਹੀ ਬੱਸ ਨਹੀਂ ਇਸ ਥਾਂ ਤੇ ਹਾਕੀ ਦੀ ਟੀਮ ਤਿਆਰ ਕਰਕੇ ਖੇਡ ਜਗਤ ਵਿੱਚ ਵੀ ਮੱਲਾਂ ਮਾਰੀਆਂ। ਇਸੇ ਟੀਮ ਨੇ ਸਮੇਂ-ਸਮੇਂ ਸਿਰ ਆਪਣੀ ਕਾਰਜ ਕੁਸ਼ਲਤਾ ਦਾ ਲੋਹਾ ਦੇਸ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਅਜਮਾਇਆ।

ਸਾਡਾ ਸਿਰ ਉਸ ਵਖਤ ਮਾਣ ਨਾਲ ਹੋਰ ਉੱਚਾ ਹੋ ਜਾਂਦਾ ਹੈ ਜਦੋਂ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਭਾਰਤ ਦੀ ਰਾਸ਼ਟਰੀ ਟੀਮ ਵਿੱਚ ਬਹੁਤ ਸਾਰੇ ਨਾਮਧਾਰੀ ਬੱਚੇ ਸ਼ਾਮਲ ਹੋਏ। ਇਥੋਂ ਤੱਕ ਕਿ ਸਰਦਾਰ ਸਿੰਘ ਵਰਗੇ ਖਿਡਾਰੀਆਂ ਨੂੰ ਭਾਰਤੀ ਹਾਕੀ ਟੀਮ ਦਾ ਕਪਤਾਨ ਹੋਣ ਦਾ ਮਾਣ ਵੀ ਹਾਸਲ ਹੈ।

ਇਹ ਉਪਲੱਬਧੀਆਂ ਵੇਖਕੇ ਸਰਕਾਰ ਵੱਲੋਂ ਸ੍ਰੀ ਜੀਵਨ ਨਗਰ ਹਾਕੀ ਗਰਾਊਂਡ ਵਿੱਚ ਐਸਟਰੋਟਰਫ ਲਗਾ ਦਿੱਤੀ ਗਈ। ਇਕ ਪੇਂਡੂ ਇਲਾਕੇ ਵਿੱਚ ਇਹ ਬੜੀ ਮਾਣ ਵਾਲੀ ਗੱਲ ਹੈ। ਅੱਜ ਵੀ ਏਥੇ ਬਹੁਤ ਸਾਰੇ ਬੱਚੇ ਕੋਚਾਂ ਦੀ ਅਗਵਾਈ ਵਿੱਚ ਹਾਕੀ ਸਿੱਖਦੇ ਹਨ। ਖੇਡਾਂ ਵਿੱਚ ਨਾਮਣਾ ਖੱਟਣ ਕਰਕੇ ਬਹੁਤ ਸਾਰੇ ਬੱਚਿਆਂ ਲਈ ਰੁਜ਼ਗਾਰ ਦੇ ਵਧੀਆ ਵਸੀਲੇ ਉਪਲੱਬਧ ਹੋਏ।

ਆਪ ਜੀ ਦੀ ਸੰਗਤ ਨੂੰ ਦੇਣ ਬਾਰੇ ਤਾਂ ਮੈਂ ਸਿਰਫ਼ ਇਹ ਹੀ ਕਹਾਂਗਾ ਕਿ ਕੌਣ ਹੈ ਜੋ ਅੱਜ ਇਸ ਗੱਲ ਤੋਂ ਜਾਣੂ ਨਹੀਂ। ਇਸ ਵਿਸ਼ੇ ਨਾਲ ਸੰਪੂਰਨ ਇਨਸਾਫ਼ ਕਰਨ ਲਈ ਤਾਂ ਸ਼ਾਇਦ ਵੱਡ ਆਕਾਰੀ ਪੁਸਤਕ ਵੀ ਛੋਟੀ ਹੋਏ। ਵੱਡੇ ਵੱਡੇ ਸੰਗੀਤ ਸੰਮੇਲਨਾਂ ਵਿੱਚ ਨਾਮਧਾਰੀ ਸੰਗੀਤਕਾਰਾਂ ਦੀ ਤੂਤੀ ਬੋਲਦੀ ਹੈ।

ਸ੍ਰੀ ਸਤਿਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਦਾ ਤਾਂ ਕੋਈ ਅੰਤ ਨਹੀਂ ਆਉਂਦਾ। ਉਹਨਾਂ ਦੇ ਨਾਲ ਵਿਚਰਨ ਦਾ ਸਮਾਂ ਭਾਵੇਂ ਘੱਟ ਮਿਲਿਆ ਹੈ ਪਰ ਫੇਰ ਵੀ ਉਹਨਾਂ ਦੀ ਕਿਰਪਾ ਸਦਕਾ ਇਹ ਸੁਭਾਗ ਕਦੇ-ਕਦੇ ਪ੍ਰਾਪਤ ਹੋ ਹੀ ਜਾਂਦਾ ਸੀ।

ਇਕ ਵਾਰ ਆਪ ਜੀ ਨੇ ਸਾਰੇ ਸਹਿਤਕਾਰਾਂ ਨੂੰ ਸ਼ਹੀਦੀ ਸਮਾਰਕ ਬੁਲਾ ਸਿਰੋਪਾਉ ਦੇ ਖੁਸ਼ੀਆਂ ਬਖ਼ਸੀਆਂ।

ਏਸੇ ਤਰ੍ਹਾਂ ਇਕ ਵਾਰ ਸ੍ਰੀ ਭੈਣੀ ਸਾਹਿਬ ਮੇਲੇ ਤੇ ਹੁਕਮ ਹੋਇਆ ਕਿ ਸਾਰੀ ਨਾਮਧਾਰੀ ਸਾਹਿਤ ਸਭਾ ਨੂੰ ਬੁਲਾ ਕੇ ਲਿਆਵੋ। ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਜਿਹੜੇ ਕਵੀ ਜਾਂ ਸਾਹਿਤਕਾਰ ਮੇਲੇ ਤੇ ਗਏ ਹੋਏ ਸਨ ਉਹ ਜਾ ਹਾਜ਼ਰ ਹੋਏ। ਸਭ ਨੂੰ ਬਾਗ਼ ਵਾਲੀ ਕੋਠੀ ਵਿੱਚ ਘਾਹ ਤੇ ਬੈਠਣ ਲਈ ਹੁਕਮ ਹੋਇਆ। ਥੋੜੀ ਦੇਰ ਬਾਅਦ ਸ੍ਰੀ ਸਤਿਗੁਰੂ ਜੀ ਵੀ ਬਿਨਾਂ ਕਿਸੇ ਵਿਸ਼ੇਸ਼ ਆਸਣ ਤੋਂ ਸਾਡੇ ਵਿੱਚ ਘਾਹ 'ਤੇ ਹੀ ਆਣ ਸੁਭਾਇਮਾਨ ਹੋਏ। ਘੰਟਾ ਭਰ ਬਚਨ ਬਿਲਾਸ ਕਰਦੇ ਰਹੇ। ਸਾਡੇ ਕੋਲੋਂ ਇਕ-ਇਕ ਕਵਿਤਾ ਵੀ ਸੁਣੀ ਅਤੇ ਬਹੁਤ ਹੀ ਪਿਆਰੀ ਮਿੱਠੀ ਬੋਲੀ ਵਿੱਚ ਹਾਸ ਬਿਲਾਸ ਕਰਦਿਆਂ ਕਵੀ ਮਨਾਂ 'ਤੇ ਖੇੜਾ ਲੈ ਆਂਦਾ। ਆਪ ਜੀ ਅਤਿਅੰਤ ਖੁਸ਼ੀਆਂ ਬਖ਼ਸ਼ਦੇ ਹੋਏ ਸੰਤ ਤਰਸੇਮ ਸਿੰਘ ਨੂੰ ਹੁਕਮ ਕੀਤਾ ਕਿ ਕੈਮਰਾ ਲਿਆਉ ਤੇ ਸਾਹਿਤ ਸਭਾ ਨਾਲ ਮੇਰੀ ਮੂਵੀ ਬਣਾਓ। ਪਰ ਸਾਨੂੰ ਇਸ ਲਈ ਮਾਯੂਸ ਹੋਣਾ ਪਿਆ, ਜਦੋਂ ਸੰਤ ਤਰਸੇਮ ਸਿੰਘ ਨੇ ਜਾ ਕੇ ਕਿਹਾ ਕਿ ਜੀ ਕੈਮਰਾ ਕੋਈ ਨਹੀਂ ਮਿਲਿਆ। ਫੇਰ ਵੀ ਉਹ ਮਿੱਠੀ ਯਾਦ ਹਮੇਸ਼ਾਂ ਲਈ ਸਾਡੇ 'ਤੇ ਉੱਕਰ ਗਈ।

ਇਕ ਵਾਰ ਜਦੋਂ ਸੜਕ ਬਣ ਰਹੀ ਸੀ ਤਾਂ ਮੈਂ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿੱਦਿਆਲੇ ਤੋਂ ਪੈਦਲ ਹੀ ਆ ਰਿਹਾ ਸੀ ਤਾਂ ਸਤਿਗੁਰੂ ਜੀ ਨੇ ਇਕੱਲੇ ਤੁਰੇ ਆਉਂਦੇ ਦੀ ਮੇਰੀ ਮੂਵੀ ਬਣਾ ਲਈ। ਪਰ ਮੈਨੂੰ ਉੱਕਾ ਪਤਾ ਨਾ ਲੱਗਾ। ਮੈਂ ਵੇਖ ਕੇ ਹੈਰਾਨ ਹੋਇਆ ਤਾਂ ਕਿਸੇ ਨੇ ਦੱਸਿਆ ਕਿ ਇਹ ਆਪ ਜੀ ਨੇ ਬਣਾਈ ਸੀ।

ਮੈਂ ਅਕਸਰ ਨੁੱਕਰ ਵਾਲੀ ਪੱਗ ਬੰਨਦਾ ਸੀ। ਇਸ ਕਰਕੇ ਜੀਵਨ ਨਗਰ ਇਲਾਕੇ ਵਿੱਚ ਆਉਣ ਤੇ ਵੀ ਮੈਂ ਉਹ ਪਹਿਰਾਵਾ ਨਾ ਬਦਲਿਆ। ਭਾਵੇਂ ਮੇਰੇ ਅੰਦਰ ਸ਼ਰਦਾ ਭਾਵਨਾ ਦੀ ਕੋਈ ਕਮੀ ਨਹੀਂ ਸੀ। ਫੇਰ ਕਵੀ ਬਣਨ ਤੇ ਮੈਂ ਕਵੀ ਦਰਬਾਰਾਂ ਵਿੱਚ ਹਿੱਸਾ ਲੈਣ ਲੱਗਾ। ਬਹੁਤ ਵਾਰ ਆਪ ਜੀ ਦੀ ਹਜ਼ੂਰੀ ਵਿੱਚ ਕਵਿਤਾ ਪੜਨ ਦਾ ਸੁਭਾਗ ਪ੍ਰਾਪਤ ਹੋਇਆ। ਪਰ ਸਤਿਗੁਰੂ ਜੀ ਜਿੱਥੇ ਹੋਰ ਕਿਸੇ ਨਾ ਕਿਸੇ ਨੂੰ ਮਾਮੂਲੀ ਗੱਲ ਤੋਂ ਵੀ ਟੋਕ ਦੇਂਦੇ ਉੱਥੇ ਮੈਨੂੰ ਕਦੇ ਕੁਝ ਨਾ ਕਿਹਾ। ਮੈਂ ਵੀ ਬਹਾਨਾ ਬਣਾਉਂਦਾ ਸੀ ਕਿ ਸ਼ਾਇਦ ਏਸੇ ਬਹਾਨੇ ਹੀ ਮੇਰੇ ਨਾਲ ਕੁੱਝ ਬਚਨ ਕਰਨ ਪਰ ਉਹ ਕਦੇ ਕੁਝ ਨਾ ਕਹਿੰਦੇ, ਪਰ ਭੁੱਲੇ ਵੀ ਨਹੀਂ ਸਨ। ਇਕ ਦੋ ਵਾਰ ਕਿਸੇ ਹੋਰ ਦੇ ਭੁਲੇਖੇ ਕਿਸੇ ਨੇ ਮੇਰੀ ਸ਼ਿਕਾਇਤ ਕਰ ਦਿੱਤੀ ਤਾਂ ਸ. ਅਵਤਾਰ ਸਿੰਘ ਅਮ੍ਰਿਤਸਰ ਕਲਾਂ ਨੂੰ ਬੁਲਾਕੇ ਬਚਨ ਕੀਤਾ, "ਵੇਖ ਅਵਤਾਰ ਸਿੰਘ ਤੇਰੇ ਰਿਸ਼ਤੇਦਾਰ ਦੀ ਸ਼ਿਕਾਇਤ ਆਈ ਹੈ।" ਅਵਤਾਰ ਸਿੰਘ ਨੇ ਪੁਣਛਾਣ ਕਰਕੇ ਸ਼ੰਕਾ ਨਵਿਰਤ ਕਰ ਦਿੱਤਾ।ਪਰ ਮੈਨੂੰ ਫੇਰ ਵੀ ਕੁੱਝ ਨਾ ਕਿਹਾ। ਮੇਰੀ ਸਭਾ ਦੇ ਕੁੱਝ ਮੈਂਬਰ ਮੈਨੂੰ ਪੱਗ ਸਿੱਧੀ ਕਰਨ ਲਈ ਕਹਿੰਦੇ ਤਾਂ ਮੈਂ ਆਖ ਛੱਡਦਾ ਸ੍ਰੀ ਸਤਿਗੁਰੂ ਜੀ ਤਾਂ ਕੁੱਝ ਨਹੀਂ ਆਖਦੇ ਜੇ ਕਹਿਣਗੇ ਤਾਂ ਕਰ ਲਵਾਂਗਾ।

ਇਕ ਦਿਨ ਮੈਂ ਸਤਿਜੁਗ ਪੜ ਰਿਹਾ ਸਾਂ ਕਿ ਉਸ ਵਿੱਚ ਸ੍ਰੀ ਸਤਿਗੁਰੂ ਜੀ ਵੱਲੋਂ ਹੁਕਮ ਸੀ ਕਿ ਕਈ ਮੇਰੇ ਸਿੱਖ ਪੱਗ ਇਸ ਕਰਕੇ ਸਿੱਧੀ ਨਹੀਂ ਕਰਦੇ ਕਿ ਮੈਂ ਉਹਨਾਂ ਨੂੰ ਕਹਾਂਗਾ ਤਾਂ ਸਿੱਧੀ ਕਰਨਗੇ। ਉਹ ਉਂਝ ਹੀ ਕਰ ਲੈਣ। ਪੜ੍ਹ ਕੇ ਮੇਰੀ ਤਸੱਲੀ ਹੋ ਗਈ ਮੈਨੂੰ ਲੱਗਾ ਇਹ ਸੰਦੇਸ਼ ਕੇਵਲ ਮੇਰੇ ਲਈ ਹੈ। 1999 ਵਿੱਚ ਮੇਰੀ ਸਿਹਤ ਕਾਫ਼ੀ ਵਿਗੜ ਗਈ। ਬੇਨਤੀ ਕਰਨ ਤੇ ਪਹਿਲਾਂ ਡਾਕਟਰਾਂ ਨੂੰ ਵਿਖਾਇਆ ਤੇ ਫੇਰ ਭਗਉਤੀਆਂ ਦੀ ਮਾਲਾ ਦਾ ਹੁਕਮ ਕੀਤਾ। ਆਪ ਜੀ ਦੀ ਬਖ਼ਸ਼ਿਸ਼ ਸਦਕਾ ਤੰਦਰੁਸਤੀ ਪਰਤ ਆਈ।

ਸ੍ਰੀ ਸਤਿਗੁਰੂ ਜੀ ਤੋਂ ਬਾਅਦ ਉਹਨਾਂ ਵੱਲੋਂ ਸਥਾਪਿਤ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਏਸੇ ਮੰਦਰ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕਰਨਾ ਸੀ। ਮੈਂ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਇਆ। ਸਟੇਜ ਤੋਂ ਉੱਤਰਦਿਆਂ ਮੈਂ ਦੂਰੋਂ ਫੇਰ ਨਮਸਕਾਰ ਕੀਤੀ ਤਾਂ ਮੇਰੇ ਪਾਸ ਆ ਕੇ ਬਚਨ ਕੀਤਾ,"ਲਖਵਿੰਦਰ ਸਿੰਘ ਤੇਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਕਵਿਤਾ ਬੋਲਦੇ ਦੀ ਤਸਵੀਰ ਇਸ ਮੰਦਰ ਵਿੱਚ ਲੱਗੀ ਹੈ ਵੇਖਕੇ ਜਾਈਂ" ਤਾਂ ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਮੈਂ ਨਮਸਕਾਰ ਕਰਕੇ ਤਸਵੀਰ ਵੇਖਣ ਲੱਗ ਪਿਆ ਜੋ ਉਹਨਾਂ ਨੇ ਇਸ਼ਾਰਾ ਕਰਕੇ ਵੀ ਦੱਸੀ ਸੀ। ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਧੰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ। ਜਿੰਨ੍ਹਾਂ ਨੇ ਆਪਣੀ ਤਸਵੀਰ ਨਾਲ ਮੇਰੀ ਹੋਂਦ ਆਪਣਾ ਜਾਮਾ ਬਦਲਕੇ ਵੀ ਯਾਦ ਕਰਵਾ ਦਿੱਤੀ।

## ਗੁਰੂ ਜਗਜੀਤ ਮੀਤ

ਜਿਹੜਾ ਆਂਵਦਾ ਸਰਨ ਤੇ ਪਰਸਦਾ ਚਰਨ
ਕੱਟ ਜਨਮ ਮਰਨ ਲੋਹਾ ਹਰਨ ਹੋ ਜਾਂਵਦਾ॥
ਦਰ ਆਏ ਜੋ ਸਵਾਲੀ ਕੱਟ ਜਨਮਾਂ ਕੰਗਾਲੀ
ਭਰ ਦੇਵੇ ਝੋਲੀ ਖਾਲੀ ਸ਼ਹਿਨਸ਼ਾਹ ਹੈ ਬਣਾਂਵਦਾ॥
ਸਿੱਖੀ ਬਾਗ ਦਾ ਇਹ ਮਾਲੀ ਤੇ ਭਗਤ ਪ੍ਰਤਿਪਾਲੀ
ਕੱਟ ਜਮਾਂ ਵਾਲੀ ਜਾਲੀ ਸੋਹਣਾ ਕੰਠ ਨਾਲ ਲਾਂਵਦਾ॥
ਬਣ ਦੁਖੀਆਂ ਦਾ ਮੀਤ ਜੀਤਾ ਜਗ ਜਗਜੀਤ
ਕੀਤਾ ਸੜਦਿਆਂ ਨੂੰ ਸੀਤ ਤਾਹੀ ਗੀਤ ਜਗ ਗਾਂਵਦਾ॥

- - - - - - - - - - -

ਗੁਰੂ ਜਗਜੀਤ ਮੀਤ ਦੇਵੋ ਪਰਤੀਤ ਮੈਨੂੰ
ਨੀਤ ਨੀਤ ਗੁਣ ਗੀਤ ਆਪਦੇ ਹੀ ਗਾਵਾਂ ਮੈਂ॥
ਹਰ ਦੇਵੋ ਦੋਖ ਮੇਰੇ ਹਰ ਵਿੱਚ ਹਰ ਵੇਖਾਂ
ਹਰ ਘਰ ਆਪ ਦਾ ਸੰਦੇਸਰਾ ਪੁਚਾਵਾਂ ਮੈਂ॥
ਹੋਰ ਦਰ ਪਰ ਦਾਤਾ ਝੁਕੇ ਨਾਹੀ ਸਰ ਮੇਰਾ
ਬਖਸ਼ਿਸ਼ ਦੇ ਸਰ ਵਿੱਚ ਟੁੱਬੀਆਂ ਲਗਾਵਾਂ ਮੈਂ॥
ਲਬਾਲਬ ਦਿਲ ਮੇਰਾ ਹੋਵੇ ਤੇਰੀ ਪ੍ਰੀਤ ਨਾਲ
ਤੇਰੇ ਦਰੋਂ ਮੋਖ ਭੋਰਾ ਕਾਮਨਾ ਨੂੰ ਪਾਵਾਂ ਮੈਂ॥

- - - - - - - - - - -

ਅਵਗਨ ਅਨੰਤ ਮੋ ਮੇ ਗੁਣਹ ਸੁਖ ਸਾਗਰਾ ਤੂੰ
ਮੋਰਾ ਸਨਬੰਧ ਤੋ ਸੇ ਕੈਸੋ ਬਨਿ ਆਵੈ ਜੀ।
ਬਾਪ ਬਡ ਰਾਜਾ ਤਾਤ ਕੰਕਰੋਂ ਕੋ ਜਾਚਤ ਹੈ
ਐਸੋ ਜੋ ਕਪੂਤ ਜਮ ਕਾਹੂੰ ਨ ਸੁਖਾਵੈ ਜੀ।
ਸਾਹਿਬ ਅਤਿ ਸਖੀ ਹੋ ਸੇਵਕ ਕੰਜੂਸ ਲੋਭੀ
ਲਾਖ ਜਤਨ ਸੇ ਖੁਸ਼ੀ ਸਾਹਿਬ ਨ ਪਾਵੈ ਜੀ।
ਬਸ ਏਕ ਆਸ ਮਨ ਗੁਰੂ ਬਖਸੰਦ ਮੇਰੋ
ਅਵਗਨ ਮੇਟ ਕਰਿ ਮੋਹਿ ਗਲ ਲਾਵੋ ਜੀ।

**ਸੰਤ ਨਿਸ਼ਾਨ ਸਿੰਘ**

# ਸੂਕੇ ਹਰੇ ਕੀਏ ਖਿਨ ਮਾਹੇ

**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**

ਅੱਜ ਰਾਮਪੁਰਾ ਫੂਲ ਦੀਆਂ ਨਾਮਧਾਰੀ ਸਰਗਰਮੀਆਂ, ਸਫ਼ਲ, ਉਸਾਰੂ ਗਤੀਵਿਧੀਆਂ ਵੱਲ ਨਜ਼ਰ ਮਾਰੀਏ ਤਾਂ ਇਹ ਸੱਚ ਨਹੀਂ ਲੱਗਦਾ ਕਿ ਅੱਜ ਤੋਂ 4 ਦਹਾਕੇ ਪਹਿਲਾਂ ਰਾਮਪੁਰਾ ਫੂਲ ਦੀ ਧਰਤੀ ਤੋਂ ਨਾਮਧਾਰੀ , ਜੀਵਨ ਕਿਧਰੇ ਨਜ਼ਰ ਨਹੀਂ ਸੀ ਆਉਂਦਾ ਜੇਕਰ ਕੋਈ ਟਾਂਵਾਂ ਵਿਰਲਾ ਪਰਿਵਾਰ ਹੈ ਵੀ ਸੀ ਉਹ ਵੀ ਗੁਰਸਿੱਖੀ ਤੋਂ ਦੂਰ।

ਸਮੇਂ ਨੇ ਕਰਵਟ ਲਈ ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਦੀ ਨਜ਼ਰ ਜਦੋਂ ਰਾਮਪੁਰਾ ਫੂਲ ਦੀ ਧਰਤੀ ਤੇ ਪਈ ਤਾਂ ਗੁਰਸਿੱਖੀ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। "ਸੂਕੇ ਹਰੇ ਕੀਏ ਖਿਨ ਮਾਹੇ।" ਗੁਰਬਾਣੀ ਦਾ ਵਾਕ ਪ੍ਰਤੱਖ ਹੋ ਗਿਆ।

ਸੰਤ ਹਜੂਰਾ ਸਿੰਘ ਦਾ ਪਰਿਵਾਰ ਪਹਿਲਾਂ ਹੀ ਫੂਲ ਅਤੇ ਰਾਮਪੁਰਾ ਵਿਖੇ ਰਹਿੰਦਾ ਸੀ। ਸੂਬਾ ਬੋਘਾ ਸਿੰਘ ਦੇ ਸਪੁੱਤਰਾਂ ਦਾ ਵੀ ਰਾਮਪੁਰਾ ਫੂਲ ਵਿਖੇ ਕਾਰੋਬਾਰ ਸੀ। ਕੁਝ ਕੁ ਹੋਰ ਧਿੰਗੜ, ਢਪਾਲੀ, ਦੂਲੇਵਾਲਾ ਤੋਂ ਨਾਮਧਾਰੀ ਪਰਿਵਾਰ ਰਾਮਪੁਰਾ ਜਾਂ ਫੂਲ ਪਿੰਡ ਵਿੱਚ ਰਹਿੰਦੇ ਸਨ ਪਰ ਨਾਮਧਾਰੀ ਗਤੀਵਿਧੀਆਂ ਕੋਈ ਨਹੀਂ ਸਨ। 1983 ਈਸਵੀ ਵਿੱਚ ਸੂਬਾ ਬੋਘਾ ਸਿੰਘ ਅਤੇ ਉਹਨਾਂ ਦੇ ਸਪੁੱਤਰ ਹਰਦੇਵ ਸਿੰਘ ਵੀ ਪਰਿਵਾਰ ਸਮੇਤ ਰਾਮਪੁਰਾ ਫੂਲ ਆ ਗਏ। ਸੂਬਾ ਬੋਘਾ ਸਿੰਘ ਉੱਚ ਕੋਟੀ ਦੇ ਜਥੇਦਾਰ ਵੀ ਸਨ ਅਤੇ ਕਾਕਾ ਸਿੰਘ ਧਿੰਗੜ ਵਾਲੇ ਢੋਲਕ ਵਜਾ ਲੈਂਦੇ ਸਨ। ਜਿਸਦੇ ਸਿੱਟੇ ਵਜੋਂ ਰਾਮਪੁਰਾ ਫੂਲ ਵਿੱਚ ਹਰ ਵੀਰਵਾਰ ਦਿਵਾਨ ਲੱਗਣਾ ਸ਼ੁਰੂ ਹੋ ਗਿਆ। ਸੰਤ ਹਰਦੇਵ ਸਿੰਘ ਅਤੇ ਸੰਤ ਜੀਵਨ ਸਿੰਘ ਭੈਣੀ ਸਾਹਿਬ ਸੇਵਾ ਕਰਿਆ ਕਰਦੇ ਸਨ। ਉਹਨਾਂ ਹੋਰ ਮਿਸਤਰੀਆਂ ਨੂੰ ਨਾਲ ਲੈਕੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਕਿ ਪਾਤਸ਼ਾਹ ਜੀ ਰਾਮਪੁਰਾ ਫੂਲ ਦੀ ਧਰਤੀ ਨੂੰ ਵੀ ਭਾਗ ਲਾਉ। ਪਾਤਸ਼ਾਹ ਜੀ ਨੇ ਖੁਸ਼ੀਆਂ ਬਖਸ਼ੀਆਂ। ਰਾਮਪੁਰਾ ਫੂਲ ਵਿਖੇ ਮੇਲਾ ਕਰਨ ਦੀ ਅਰਜ਼ ਪ੍ਰਵਾਨ ਹੋਈ। ਕੁਝ ਦਿਨਾਂ ਬਾਅਦ ਸੰਤ ਤਰਸੇਮ ਸਿੰਘ ਸੈਕਟਰੀ ਨੇ ਰਾਮਪੁਰਾ ਫੂਲ ਦੇ ਮੇਲੇ ਦੀ ਪ੍ਰਵਾਨਗੀ ਅਤੇ ਤਰੀਕਾਂ ਦੀ ਚਿੱਠੀ ਦੇ ਦਿੱਤੀ। ਅਤੇ ਪਹਿਲਾ ਮੇਲਾ 28, 29 ਅਤੇ 30 ਜਨਵਰੀ 1984 ਈ: ਨੂੰ ਰਾਮਪੁਰਾ ਫੂਲ ਵਿਖੇ ਹੋਇਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆ ਭਾਗ ਲਾਏ। ਪਾਤਸ਼ਾਹ ਜੀ ਨੇ 29 ਤਰੀਕ ਨੂੰ ਦਰਸ਼ਨ ਦਿੱਤੇ। ਮੇਲਾ ਖੂਬ ਭਰਿਆ। ਪਾਤਸ਼ਾਹ ਜੀ ਰਾਮਪੁਰਾ ਫੂਲ ਵਿਖੇ ਹੀ ਰਾਤ ਰਹੇ ਅਤੇ 30 ਤਰੀਕ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਘਰ ਘਰ ਚਰਨ ਪਾਏ। ਘਰ-ਘਰ ਜਾ ਕੇ ਆਪਣੇ ਸੇਵਕਾਂ ਨੂੰ ਨਿਵਾਜਿਆ। ਖੁਸ਼ੀਆਂ ਦੀਆਂ ਦਾਤਾਂ ਵੰਡੀਆਂ। ਸੰਗਤ ਚਾਵਾਂ ਅਤੇ ਮਲ੍ਹਾਰਾਂ ਨਾਲ ਮਾਲੋ-ਮਾਲ ਹੋ ਗਈ। ਪਾਤਸ਼ਾਹ ਜੀ ਅਜਿਹੀਆਂ ਬਖਸ਼ਿਸ਼ਾਂ ਕਰਕੇ ਗਏ, ਕਿ ਰਾਮਪੁਰਾ ਫੂਲ ਇਲਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਮੇਲਾ ਬਖਸ਼ਿਸ਼ ਕੀਤਾ ਅਤੇ ਮੇਲਾ ਕਰਨ ਵਾਲੇ ਪਰਿਵਾਰਾਂ ਵਿੱਚ ਆਰਥਿਕ ਖੁਸ਼ਹਾਲੀਆਂ ਬਖਸ਼ੀਆਂ। ਪਾਤਸ਼ਾਹ ਜੀ ਸਾਲਾਨਾ ਮੇਲਿਆਂ ਤੇ ਦਰਸ਼ਨ ਦਿੰਦੇ। ਆਪਣੇ ਸੇਵਕਾਂ ਨੂੰ ਨਿਵਾਜਦੇ ਅਨੇਕਾਂ ਵਾਰ ਪਾਤਸ਼ਾਹ ਜੀ ਰਾਤਾਂ ਨੂੰ ਵੀ ਰਾਮਪੁਰਾ ਫੂਲ ਰੁਕਦੇ। 29 ਜਨਵਰੀ 1994 ਨੂੰ ਰਾਮਪੁਰਾ ਫੂਲ ਦੇ ਨੌਜੁਵਾਨਾਂ ਦੇ ਵਿਦਿਅਕ ਜਥੇ ਦੀ ਸਥਾਪਨਾ ਹੋਈ। ਰਾਮਪੁਰਾ ਫੂਲ ਵਿੱਚ ਮਿੰਨੀ ਸੰਮੇਲਨ ਗੁਰਮਤਿ ਸਿਖਲਾਈ ਸਮਾਗਮ ਹੋਣ ਲੱਗੇ। ਨਵੀਂ ਪੀੜ੍ਹੀ ਗੁਰਸਿੱਖੀ ਵਿਚ ਪਰਪੱਕ ਹੋ ਗਈ। ਪਾਤਸ਼ਾਹ ਜੀ ਦੀ ਬਖਸ਼ਿਸ਼ ਨਾਲ 2008 ਵਿੱਚ ਧਰਮਸ਼ਾਲਾ ਲਈ ਜਗ੍ਹਾ ਖਰੀਦੀ ਗਈ। ਮਾਤਾ ਚੰਦ ਕੌਰ ਜੀ ਨੇ ਵਿਸ਼ੇਸ਼ ਅਸ਼ੀਰਵਾਦ ਦਿੱਤਾ। 25 ਫਰਵਰੀ 2009 ਈ. ਵਿੱਚ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪੱਧਰੀ 26 ਵਾਂ ਸਾਲਾਨਾ ਸ਼ਹੀਦੀ ਸਮਾਗਮ ਮਨਾਇਆ ਗਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਰਾਮਪੁਰਾ ਫੂਲ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਹੈ ਕਿ ਅੱਜ ਜਿਥੇ ਕੋਈ ਚਿੱਟੀ ਦਸਤਾਰ ਵਾਲਾ ਨਾਮਧਾਰੀ ਨਜ਼ਰ ਨਹੀਂ ਸੀ ਆਉਂਦਾ ਉਥੇ ਵੱਡਾ ਹਾਲ, ਲੰਗਰ ਹਾਲ, ਲੰਗਰ ਸ਼ੈੱਡ, ਪਾਤਸ਼ਾਹ ਜੀ ਦਾ ਚੁਬਾਰਾ ਅਤੇ ਸੁੰਦਰ ਇਮਾਰਤ ਬਣ ਗਈ ਹੈ।

ਹਰ ਰੋਜ ਰੋਜਾਨਾ ਇੱਕ ਘੰਟਾ ਨਾਮ ਸਿਮਰਨ ਹੁੰਦਾ ਹੈ।

ਹਰ ਐਤਵਾਰ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

ਹਰ ਮਹੀਨੇ ਦੀ 18 ਤਰੀਕ ਨੂੰ ਸ਼ਹੀਦਾਂ ਦਾ ਦਿਹਾੜਾ ਮਨਾਇਆ ਜਾਂਦਾ ਹੈ। ਸਾਲਾਨਾ ਜਪੁ ਪ੍ਰਯੋਗ ਹੁੰਦਾ ਹੈ।

ਹਰ ਵੀਰਵਾਰ ਬੀਬੀਆਂ ਦਾ ਨਾਮ ਸਿਮਰਨ, ਸੁਖਮਨੀ ਸਾਹਿਬ ਦੇ ਪਾਠ, ਵਿਸਾਖੀ, ਬਸੰਤ ਪੰਚਮੀ, ਅਤੇ ਗੁਰ ਪੁਰਬ ਮਨਾਏ ਜਾਂਦੇ ਹਨ।

ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਹਨ ਕਿ ਅੱਜ ਰਾਮਪੁਰਾ ਫੂਲ ਮਾਲਵੇ ਇਲਾਕੇ ਦਾ ਨਾਮਧਾਰੀਆਂ ਦਾ ਸੈਂਟਰ ਹੈ।

ਰਾਮਪੂਰਾ ਫੂਲ ਵਿੱਚ ਗੁਰਸਿੱਖੀ ਦਾ ਝੰਡਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਹਿਰਾਇਆ ਅਤੇ ਅੱਗੋਂ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਹੋਰ ਦਾਤਾਂ ਦਾ ਮੀਂਹ ਵਰਾਅ ਰਹੇ ਹਨ।

# ਨਿਵਾਜਸ਼

**ਸੰਤੋਖ ਸਿੰਘ ਸਾਜਨ**

ਗਰਮੀਆਂ ਦੀ ਰੁੱਤ ਸੀ, ਇੱਕ ਸਿੰਘ ਘੋੜੀ ’ਤੇ ਸੰਤ ਨਗਰ ਆਇਆ। ਉਸ ਕੋਲ ਨਾਮਧਾਰੀ ਸਾਹਿਤ ਸਭਾ ਦੇ ਮੈਂਬਰਾਂ ਦੀ ਲਿਸਟ ਸੀ। ਉਸ ਹਰ ਮੈਂਬਰ ਦੇ ਘਰ ਜਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਸੁਣਾਇਆ ਕਿ ਕੱਲ ਨੂੰ ਦਿਨ ਦੇ ਦਸ ਵਜੇ ਤੁਹਾਨੂੰ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਬੁਲਾਇਆ ਹੈ। ਸੁਨੇਹਾ ਦੇਣ ਵਾਲੇ ਸਿੱਖ ਦੇ ਚਿਹਰੇ ਨੂੰ ਪੜ੍ਹਨਾ ਔਖਾ ਸੀ ਕਿ ਹੁਕਮ ਖੁਸ਼ੀ ਦਾ ਹੈ ਜਾਂ ਕਿਸੇ ਗਲਤੀ ਦਾ ਕਾਰਨ ਹੈ। ਸੋ ਹੁਕਮ ਤਾਂ ਹੁਕਮ ਹੀ ਹੈ। ਸਾਰੇ ਕਵੀ ਕਿਰਮੋਂ-ਕਿਰਮੀਂ ਸ੍ਰੀ ਜੀਵਨ ਨਗਰ ਪਹੁੰਚ ਗਏ। ਪਰ ਹਰ ਇਕ ਦਾ ਇਕੋ ਹੀ ਸੁਆਲ ਸੀ; ਪਤਾ ਨਹੀਂ ਕੀ ਹੁਕਮ ਹੈ।

ਸਤਿਗੁਰ ਸੱਚੇ ਪਾਤਸ਼ਾਹ ਜੀ ਆਪਣੀ ਰਿਹਾਇਸ਼ ਵਾਲੀ ਕੋਠੀ ਵਿਚ ਆਣ ਬੈਠੇ। ਸਾਰੇ ਕਵੀਆਂ ਨੇ ਚਰਨ ਪਰਸੇ, ਸਤਿਗੁਰੂ ਜੀ ਵਲੋਂ ਖੈਰ ਸੁਖ ਪੁਛੀ ਗਈ ਤੇ ਆਮ ਗੱਲਾਂ ਦਾ ਦੌਰ ਸ਼ੁਰੂ ਹੋ ਗਿਆ। ਕੋਈ ਨਿਸ਼ਾਨਾ ਨਹੀਂ ਸੀ। ਕੋਈ ਮਸਲਾ ਨਹੀਂ ਸੀ ਜਿਸ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ। ਹੁਕਮ ਤੇ ਪਾਬੰਦੀ ਦੋਵੇਂ ਹੀ ਨਹੀਂ ਸੀ। ਸਿਰਫ਼ ਗੱਲਾਂ ਹੀ ਗੱਲਾਂ ਸਨ। ਕੋਈ ਆਪਣੀ ਹੱਡ ਬੀਤੀ ਦਾ ਜ਼ਿਕਰ ਕਰਦਾ; ਤੇ ਕੋਈ ਲਤੀਫਾ ਸੁਣਾ ਕੇ ਹਸਾ ਰਿਹਾ ਸੀ। ਨਾ ਕੋਈ ਕਵਿਤਾ ਦੀ ਗੱਲ ਹੋ ਰਹੀ ਸੀ ਨਾ ਸਾਹਿਤ ਨੂੰ ਘੋਖਣ ਦਾ ਸਮਾਂ ਸੀ। ਸਿਰਫ ਹੈ ਸੀ ਤੇ ਸਿਰਫ ਹਾਸਾ ਠੱਠਾ ਤੇ ਚੁਟਕਲੇ ਸੀ। ਸਤਿਗੁਰੂ ਜੀ ਵੀ ਕਵੀਆਂ ਵਾਂਗ ਹੀ ਚੁਟਕਲੇ ਸੁਣਾ ਰਹੇ ਸੀ। ਤਿੰਨ ਘੰਟੇ ਇੰਜ ਹੀ ਸ਼ੁਗਲ ਵਿਚ ਬੀਤ ਗਏ। ਪਰ ਇਸ ਸਮੇਂ ਵਿਚ ਬਦਾਮਾਂ ਦੀ ਗਾੜ੍ਹੀ ਸ਼ਰਦਾਈ ਪੀਣ ਲਈ ਵਾਧੂ ਸੀ। ਕਰੀਬ ਦੋ ਕੁ ਵੱਜੇ ਹੋਣਗੇ ਤਾਂ ਸਤਿਗੁਰੂ ਜੀ ਕਿਹਾ; ਤੁਹਾਨੂੰ ਕਿਸੇ ਨੂੰ ਘਰ ਜਾਣ ਦੀ ਕਾਹਲੀ ਨਹੀਂ। ਕੋਈ ਕਹਿੰਦਾ ਹੀ ਨਹੀਂ ਕਿ ਮੈਂ ਘਰ ਜਾਣਾ ਹੈ। ਚੰਗਾ ਜੇ ਤੁਸੀਂ ਨਹੀਂ ਕਹਿੰਦੇ ਤਾਂ ਮੈਂ ਆਪਣੇ ਘਰ ਚਲਿਆ ਹਾਂ; ਅਤੇ ਸਤਿਗੁਰੂ ਜੀ ਉਠ ਖੜੇ ਹੋਏ। ਨਾਲ ਹੀ ਸਾਰੇ ਕਵੀ ਉਠ ਖੜੇ ਹੋਏ। ਸਤਿਗੁਰੂ ਜੀ ਹੁਕਮ ਕੀਤਾ ਚਲੋ ਜੇ ਉਠ ਹੀ ਖਲੋਤੇ ਹੋ; ਤਾਂ ਤੁਸੀਂ ਵੀ ਮੇਰੇ ਨਾਲ ਅੰਦਰ ਆ ਜਾਵੇ। ਸਤਿਗੁਰੂ ਜੀ ਅਗੇ ਤੁਰੇ ਤਾਂ ਅਸੀਂ ਸਾਰੇ ਕਵੀ ਮਗਰ ਤੁਰ ਪਏ। ਸਤਿਗੁਰੂ ਜੀ ਸਾਰੇ ਕਵੀਆਂ ਨੂੰ ਅੰਦਰ ਲੈ ਗਏ। ਇਹ ਜਗ੍ਹਾ ਸਤਿਗੁਰੂ ਜੀ ਦੀ ਕੋਠੀ ਦੇ ਕੋਲ ਹੀ ਦੀਵਾਰ ਵਲ ਕੇ ਨਿਜੀ ਲੰਗਰ ਤੇ ਇਸ਼ਨਾਨ ਵਾਸਤੇ ਜਗਾ ਬਣਾਈ ਹੋਈ ਹੈ। ਦਰਵਾਜ਼ਾ ਲੰਘੇ ਤਾਂ ਅੰਦਰ ਪੰਗਤਾਂ ਲਾਉਣ ਵਾਸਤੇ ਟਾਟ ਵਿਛੇ ਹੋਏ ਸੀ। ਸਤਿਗੁਰੂ ਜੀ ਹੁਕਮ ਕੀਤਾ; ਟਾਟ ਤਾਂ ਪੰਗਤਾਂ ਲਾਉਣ ਵਾਂਗ ਵਿਛੇ ਹੋਏ ਹਨ, ਪਰ ਪੰਗਤ ਕੋਈ ਵੀ ਨਹੀਂ ਲੱਗੀ, ਚੱਲੋ ਜੇ ਨਹੀਂ ਲੱਗੀ ਤਾਂ ਫਿਰ ਤੁਸੀਂ ਹੀ ਪੰਗਤ ਲਾ ਦਿਉ। ਹੁਕਮ ਦੀ ਦੇਰ ਸੀ, ਨਾਮਧਾਰੀ ਸਾਹਿਤ ਸਭਾ ਦੇ ਕਵੀ ਪੰਗਤ ਲਾ ਡੱਟ ਗਏ। ਸਤਿਗੁਰੂ ਜੀ ਹੁਕਮ ਕੀਤਾ ਤਾਂ ਦੋ ਸਿੰਘ ਦੁਸਹਿਰੀ ਅੰਬਾਂ ਦੇ ਟੋਕਰੇ ਚੁੱਕ ਲਿਆਏ ਜੋ ਪਹਿਲਾਂ ਬਰਫ਼ ਵਿੱਚ ਲਾ ਰਖੇ ਸੀ। ਸਤਿਗੁਰੂ ਜੀ ਅੰਬ ਵਰਤਾਉਣ ਤੋਂ ਪਹਿਲਾਂ ਹੁਕਮ ਕੀਤਾ; ਮੈਨੂੰ ਤੁਹਾਡੇ ਨਾਲ ਕੰਮ ਕੋਈ ਨਹੀਂ ਸੀ, ਮੈਂ ਤਾਂ ਤੁਹਾਨੂੰ ਇਸ ਲਈ, ਇਥੇ ਸੱਦਿਆ ਏ ਕਿ ਵੇਖੀਏ ਤੁਹਾਡੇ ਵਿਚੋਂ ਅੰਬ ਕਿਹੜਾ ਜ਼ਿਆਦਾ ਚੂਪ ਸਕਦੈ। ਸੋ ਹੁਣ ਪਤਾ ਲੱਗ ਜਾਂਦੈ ਕਿ ਕਿਹੜਾ ਇਸ ਵਿਚ ਬਾਜੀ ਮਾਰਦਾ ਹੈ ? ਸਿੱਖ ਨੇ ਟੋਕਰਾ ਚੁਕਿਆ ਤੇ ਸਤਿਗੁਰੂ ਜੀ ਕਵੀਆਂ ਨੂੰ ਆਪਣੇ ਕਰ ਕੰਵਲਾਂ ਦੁਆਰਾ ਅੰਬ ਵਰਤਾਉਣ ਲੱਗੇ। ਸਤਿਗੁਰੂ ਜੀ ਹਰੇਕ ਨੂੰ ਪੰਜ-ਪੰਜ ਅੰਬ ਦੇ ਰਹੇ ਸੀ; ਕਵੀ ਲੱਗੇ ਠੰਡੇ ਅੰਬਾਂ ਦਾ ਆਨੰਦ ਮਾਨਣ। ਸਤਿਗੁਰੂ ਜੀ ਨਾਲ ਨਾਲ ਕੋਈ ਨਾ ਕੋਈ ਬਚਨ ਵੀ ਕਰੀ ਜਾਂਦੇ। ਮਾਹੌਲ ਸਵੇਰ ਤੋਂ ਹੀ ਖੁਸ਼ ਗਵਾਰ ਸੀ। ਪੰਗਤ ਵਿਚ ਮੈਂ ਤੇ ਜਸਵੰਤ ਸਿੰਘ ਜੋਸ਼ ਨਾਲ ਨਾਲ ਬੈਠੇ ਸੀ। ਅੰਬ ਖਾਂਦਿਆਂ ਮੈਨੂੰ ਸ਼ਰਾਰਤ ਸੁੱਝੀ ਮੈਂ ਅੰਬ ਚੂਪ ਕੇ ਛਿਲੜਾਂ ਤੇ ਗਿਟਕਾਂ ਜੋਸ਼ ਦੇ ਅੱਗੇ ਰੱਖੀ ਜਾਂਦਾ। ਸਾਰੇ ਅੰਬ ਚੂਪੇ ਗਏ। ਜੋਸ਼ ਨੇ ਵੇਖਿਆ ਮੈਂ ਆਪਣੀਆਂ ਗਿਟਕਾਂ ਉਸਦੇ ਅੱਗੇ ਰੱਖ ਦਿੱਤੀਆਂ ਹਨ; ਬੱਸ ਜੋਸ਼; ਜੋਸ਼ ਵਿਚ ਆ ਗਿਆ ਤੇ ਉਸਨੇ ਸਾਰੀਆਂ ਛਿਲੜਾਂ ਦੀ ਢੇਰੀ ਆਪਣੇ ਅੱਗੋਂ ਚੁੱਕ ਕੇ ਮੇਰੇ ਅੱਗੇ ਕਰ ਦਿਤੀ। ਜੋਸ਼ ਦੇ ਅੱਗੇ ਇਕ ਵੀ ਛਿਲੜ ਨਹੀਂ ਸੀ। ਸਤਿਗੁਰੂ ਜੀ ਦੁਬਾਰਾ ਅੰਬ ਵਰਤਾਉਂਦੇ ਸਾਡੇ ਦੋਹਾਂ ਦੇ ਸਾਹਮਣੇ ਆ ਕੇ ਰੁਕ ਗਏ। ਛਿਲੜਾਂ ਦੀ ਢੇਰੀ ਮੇਰੇ ਅੱਗੇ ਵੇਖ ਕੇ ਜੋਸ਼ ਨੂੰ ਸਤਿਗੁਰੂ ਜੀ ਕਿਹਾ; ਜੋਸ਼ ਜੀ ਤੁਸੀਂ ਮੇਰੇ ਤੋਂ ਹੋਰ ਅੰਬ ਲੈ ਲੈਂਦੇ, ਤੁਸੀਂ ਤਾਂ ਛਿਲੜਾਂ ਗਿਟਕਾ ਸਭ ਹੀ ਛਕ ਗਏ ਤੇ ਫਿਰ ਸਤਿਗੁਰੂ ਜੀ ਨੇ ਮੇਰੀ ਤੇ ਜੋਸ਼ ਦੀਆਂ ਝੋਲੀਆਂ ਅੰਬਾਂ ਨਾਲ ਭਰ ਦਿੱਤੀਆਂ। ਸਾਰੀ ਪੰਗਤ ਵਿਚ ਹਾਸਾ ਮਚ ਗਿਆ। ਸਾਨੂੰ ਅੰਬ ਦੇ ਕੇ ਸਤਿਗੁਰੂ ਜੀ ਅੱਗੇ ਵਧ ਗਏ ਤਾਂ

ਸ਼ਰਾਰਤ ਤੇਰੀ ਤੇ ਖੱਚ ਮੈਂ ਹੋ ਗਿਆ। ਸਤਿਗੁਰੂ ਜੀ ਨੇ ਨਾਮਧਾਰੀ ਸਾਹਿਤ ਸਭਾ ਨੂੰ ਆਪਣਾ ਪਿਆਰ ਦਰਸਾਉਣ ਲਈ; ਇਉਂ ਨਿਵਾਜਿਆ। ਥੋਹੜੇ ਸਮੇਂ ਬਾਅਦ ਸਤਿਗੁਰੂ ਜੀ ਕਵੀਆਂ ਨੂੰ ਖੁਸ਼ੀਆਂ ਬਖਸ਼ਦਿਆਂ ਕਿਹਾ ਇਹ ਗੁਰੂ ਦਾ ਘਰ ਹੈ; ਤੁਹਾਡਾ ਘਰ ਹੈ, ਸਭ ਦਾ ਸਾਂਝਾ ਘਰ ਹੈ ਆਉਂਦੇ ਰਿਹਾ ਕਰੋ।

ਮਿਹਰਬਾਨ ਸਤਿਗੁਰੂ ਜਗਜੀਤ ਸਿੰਘ ਜੀ ਸਿਰਸਾ ਤੋਂ ਸ੍ਰੀ ਜੀਵਨ ਨਗਰ ਨੂੰ ਜਾਣ ਵਾਲੀ ਸੜਕ ਦੇ ਰਸਤੇ ਵਿਚ ਓਟੂ ਪਿੰਡ ਹੈ। ਇਥੇ ਹੀ ਪੰਜਾਬ ਵੱਲੋਂ ਆਈ ਘੱਗਰ ਨਦੀ ਦਾ ਬਰਸਾਤੀ ਪਾਣੀ, ਬੇਸ਼ੁਮਾਰ ਆਉਂਦਾ ਹੈ, ਜਿਸ ਨੂੰ ਇਸ ਓਟੂ ਪਿੰਡ ਦੇ ਕੋਲ ਸਰਕਾਰ ਨੇ ਪਾਣੀ ਕੱਠਾ ਕਰਕੇ ਦੋ ਨਹਿਰਾਂ ਕੱਢੀਆਂ ਹਨ। ਇਸਦਾ ਨਾਮ ਓਟੂ ਹੈੱਡ ਹੈ। ਇਹਦੀ ਇਕ ਨਹਿਰ ਪਿੰਡਾਂ ਵਿਚੋਂ ਹੁੰਦੀ ਹੋਈ ਐਮਨਾਬਾਦ ਸ਼ਹਿਰ ਨੂੰ ਚਲੀ ਜਾਂਦੀ ਹੈ ਅਤੇ ਦੂਸਰੀ ਸ੍ਰੀ ਜੀਵਨ ਨਗਰ ਸੰਤ ਨਗਰ, ਕਰੀਵਾਲਾ ਤੋਂ ਹੋਕੇ ਰਾਜਸਥਾਨ ਦੇ ਪਿੰਡ ਸੂਰੇ ਵਾਲੇ ਦੇ ਨਾਲੋਂ ਖਹਿੰਦੀ ਹੋਈ ਹਨੂੰਮਾਨ ਗੜ੍ਹ ਸ਼ਹਿਰ ਨੂੰ ਚਲੀ ਜਾਂਦੀ ਹੈ। ਇਹ ਦੋ ਨਹਿਰਾਂ ਬਰਸਾਤ ਦਾ ਪਾਣੀ ਸੰਭਾਲ ਨਹੀਂ ਸਕਦੀਆਂ। ਇਹਨਾਂ ਨਹਿਰਾਂ ਤੋਂ ਜਿੰਨਾਂ ਪਾਣੀ ਵਾਧੂ ਹੁੰਦਾ ਹੈ; ਇਸ ਓਟੂ ਹੈਡ ਤੋਂ ਇਕ ਬਰਸਾਤੀ ਨਦੀ ਵਿਚ ਛੱਡ ਦਿੱਤਾ ਜਾਂਦਾ ਹੈ। ਇਸ ਹੈੱਡ ਤੋਂ ਪਿਛੇ ਪੰਜਾਬ ਵਿਚ ਇਸ ਨਦੀ ਦਾ ਨਾਮ ਘੱਗਰ ਨਦੀ ਹੈ ਅਤੇ ਹੈੱਡ ਤੋਂ ਅੱਗੇ ਰਹਿਣ ਵਾਲੇ ਇਸ ਨਦੀ ਨੂੰ ਨਾਲੀ ਆਖਦੇ ਹਨ। ਇਸ ਨਾਲੀ ਦਾ ਪਾਣੀ ਬਰਸਾਤ ਵਿਚ ਇਨ੍ਹਾਂ ਜ਼ਿਆਦਾ ਆਉਂਦਾ ਹੈ ਕਿ ਉਹ ਨਾਲੀ ਦੇ ਕੰਢਿਆਂ ਦੀ ਨਾ ਪਰਵਾਹ ਕਰਦਾ ਹੋਇਆ ਇਸ ਇਲਾਕੇ ਦੇ ਦਸ ਦਸ ਮੀਲ ਦੇ ਨੇੜੇ ਪਿੰਡਾਂ ਦੀ ਫਸਲ ਤਬਾਹ ਕਰਦਾ ਰਾਜਸਥਾਨ ਨੂੰ ਨਿਕਲ ਜਾਂਦਾ ਹੈ। ਇਸ ਇਲਾਕੇ ਦੇ ਕਿਸਾਨ ਹਰ ਸਾਲ ਇਸ ਦੀ ਮਾਰ ਦਾ ਸੰਤਾਪ ਹੰਢਾ ਰਹੇ ਸੀ।

ਆਪਣੇ ਸਿੱਖਾਂ ਦੀ ਫਸਲ ਤਬਾਹ ਹੁੰਦੀ ਵੇਖ; ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪਿੰਡਾਂ ਦੇ ਸਿੱਖਾਂ ਨੂੰ ਉੱਦਮ ਦੇ ਕੇ ਨਕੌੜਾ ਪਿੰਡ ਦੀ ਹੱਦ ਵਿਚ ਨਾਲੀ ਦੇ ਕੰਢੇ ਉੱਚੇ ਕਰਨ ਦਾ ਉਪਰਾਲਾ ਕੀਤਾ। ਕਿਉਂਕਿ ਨਕੌੜਾ ਪਿੰਡ ਹਰ ਸਾਲ ਇਸ ਦੀ ਲਪੇਟ ਵਿਚ ਆ ਜਾਂਦਾ ਸੀ। ਸਤਿਗੁਰੂ ਜੀ ਨੇ ਸਿਖਾਂ ਨੂੰ ਹੁਕਮ ਦੇ ਕੇ ਸਾਰੇ ਨਾਮਧਾਰੀ ਪਿੰਡਾਂ ਦੀ ਸੰਗਤ ਨੂੰ ਨਾਲੀ ਦਾ ਬੰਨ੍ਹ ਬੰਨਣ ਲਈ ਪ੍ਰੇਰਿਆ। ਸੰਗਤ ਕਹੀਆਂ, ਤਸਲੇ ਤੇ ਹੋਰ ਸਾਧਨਾਂ ਨਾਲ ਮਿੱਟੀ ਪੁੱਟ-ਪੁੱਟ ਕੇ ਸਿਰਾਂ 'ਤੇ ਚੁੱਕ ਚੁੱਕ ਕੇ ਬੰਨ੍ਹ, ਬੰਨ੍ਹ ਰਹੀ ਸੀ। ਸੰਗਤ ਸੈਂਕੜਿਆਂ ਦੀ ਗਿਣਤੀ ਵਿਚ ਸੀ। ਸਤਿਗੁਰੂ ਜੀ ਸਾਰਾ ਦਿਨ ਆਪ ਉੱਥੇ ਸੰਗਤ ਵਿਚ ਵਿਚਰਦੇ ਰਹਿੰਦੇ। ਇਸ ਸਮੇਂ ਤੋਂ ਦੋ ਕੁ ਮਹੀਨੇ ਪਹਿਲਾਂ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਜ਼ਮੀਨ ਵਾਹੁਣ ਵਾਸਤੇ ਲਾਲ ਰੰਗ ਦਾ ਮੈਸੀ ਫਰਗੂਸ਼ਨ ਟਰੈਕਟਰ ਖਰੀਦਿਆ ਸੀ ਜਿਸ ਦੀ ਦਿਖ ਤੇ ਤਾਕਤ ਨੂੰ ਹਾਲਾਂ ਕੋਈ ਆਂਚ ਨਹੀਂ ਸੀ ਆਈ। ਇਸ ਟਰੈਕਟਰ ਦੇ ਪਿੱਛੇ ਕਰਾਹਿਆ ਪਾਕੇ ਵਾਹੀ ਜ਼ਮੀਨ ਵਾਲੀ ਮਿਟੀ ਕਰਾਹੇ ਨਾਲ ਨਾਲੀ ਵਾਲੇ ਬੰਨ ਵਾਲੀ ਜਗ੍ਹਾ ਦੇ ਨੇੜੇ ਲਿਜਾਈ ਜਾਂਦੀ। ਨਵੇਂ ਟਰੈਕਟਰ ਤੇ ਨੌਜੁਆਨ ਡਰਾਈਵਰ ਸੀ। ਸਤਿਗੁਰੂ ਜੀ ਸੰਗਤ ਨੂੰ ਕੰਮ ਕਰਦਿਆਂ ਖਲੋਤੇ ਵੇਖ ਰਹੇ ਸੀ। ਮੈਂ, ਸਤਿਗੁਰ ਜੀ ਦੇ ਕੋਲ ਹੀ ਖਲੋਤਾ ਸੀ; ਡਰਾਇਵਰ ਟਰੈਕਟਰ ਦੀ ਰੇਸ ਲੁਆਈ ਗੇੜਾ ਦੇ ਰਿਹਾ ਸੀ। ਉਹ ਸਤਿਗੁਰੂ ਜੀ ਨੂੰ ਦਿਖਾਉਣਾ ਚਾਹੁੰਦਾ ਸੀ ਕਿ : ਕਿੰਨਾਂ ਕੰਮ ਕਰ ਰਿਹਾ ਹਾਂ। ਸਤਿਗੁਰੂ ਜੀ ਜਿਥੇ ਖਲੋਤੇ ਸੀ; ਡਰਾਇਵਰ ਟਰੈਕਟਰ ਦਾ ਕਰ੍ਹਾਇਆ ਭਰ ਐਨ ਸਤਿਗੁਰੂ ਜੀ ਦੇ ਕੋਲੋਂ ਦੀ ਲੰਘਿਆ ਤਾਂ ਸੱਚੇ ਪਾਤਸ਼ਾਹ ਜੀ ਨੇ ਮੇਰੇ ਵੱਲ ਚਿਹਰਾ ਕਰਕੇ ਆਖਿਆ, ਸਾਜਨ ? ਇਹ ਟਰੈਕਟਰ ਦੋ ਮਹੀਨੇ ਪਹਿਲਾਂ ਨਵਾਂ ਆਂਦਾ ਏ। ਵੇਖ ਇਹ ਕਿਵੇਂ ਚਲਦਾ ਏ । ਸਾਜਨ ਮੈਂ ਚਾਹੁੰਦਾ ਹਾਂ ਇਹੋ ਜਿਹਾ ਟਰੈਕਟਰ ਇਕ ਤੈਨੂੰ ਲੈ ਦੇਵਾਂ ? ਜਿਸ ਨਾਲ ਤੂੰ ਆਪਣੀ ਖੇਤੀ ਕਰ ਸਕੇ। ਸਤਿਗੁਰੂ ਜੀ ਅੰਦਰ ਮੇਰੇ ਲਈ ਅਥਾਹ ਹਮਦਰਦੀ ਭਰੀ ਬਖਸ਼ਿਸ਼ ਆਈ ਵੇਖ ਮੈਂ ਸਤਿਗੁਰੁ ਸਚੇ ਪਾਤਸ਼ਾਹ ਜੀ ਕੋਲ ਦੋਵੇਂ ਹੱਥ ਜੋੜ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਇਹੋ ਜਿਹਾ ਟਰੈਕਟਰ ਮੈਨੂੰ ਲੈ ਕੇ ਨਾ ਦਿਉ, ਬੱਸ ਦੇ ਦਿਉ ਸੱਚੇ ਪਾਤਸ਼ਾਹ ਉਸ ਵੇਲੇ ਪੂਰੇ ਤਰੁੱਠਦਿਆਂ ਬਚਨ ਕੀਤਾ ; ਚੰਗਾ ਜੇ ਤੂੰ ਇਸ ਤਰ੍ਹਾਂ ਚਾਹੁੰਦਾ ਏਂ ਤਾਂ ਦੇ ਦਿੱਤਾ। ਇਸ ਸਮੇਂ ਤੋਂ ਪਿਛੋਂ ਸੱਚੇ ਪਾਤਸ਼ਾਹ ਜੀ ਦੇ ਮੁਖ ਵਿਚੋਂ ਨਿਕਲਿਆ ਬਚਨ ਫਲੀਭੂਤ ਹੋ ਗਿਆ। ਛੇ ਮਹੀਨਿਆਂ ਬਾਅਦ ਹੀ ਅਸਾਂ ਮੱਧ ਪ੍ਰਦੇਸ਼ ਵਿਚੋਂ ਜਾ ਕੇ ਚਲਦਾ ਬਹੁਤ ਵਧੀਆ ਹਾਲਤ ਵਿਚ ਟਰੈਕਟਰ ਹਿੰਦੋਸਤਾਨ ਖਰੀਦ ਲਿਆਂਦਾ। ਟਰੈਕਟਰ ਖਰੀਦਣ ਮੇਰਾ ਭਰਾ ਹਰਨਾਮ ਸਿੰਘ ਅਤੇ ਛੋਟੇ ਅਮਰਾਸਰ ਪਿੰਡ ਦਾ ਮਹਿੰਦਰ ਸਿੰਘ ਗਏ ਸਨ। ਇਹ ਟਰੈਕਟਰ ਖਰੀਦਣ ਲਈ ਜਿੰਨੇ ਪੈਸੇ ਲੈ ਕੇ ਗਏ ਸੀ, ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਟਰੈਕਟਰ ਵਧੀਆ ਤੇ ਸਸਤਾ ਮਿਲ ਗਿਆ ਤਾਂ ਬਚਦੇ ਪੈਸਿਆਂ ਦੀ ਦਿੱਲੀ ਮੋਤੀਆ ਖਾਨ ਤੋਂ ਇਕ ਜੀਪ ਵੀ ਖਰੀਦ ਕੇ ਲੈ ਆਂਦੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਤੋਂ ਇਕ ਟਰੈਕਟਰ ਮੰਗਿਆ ਸੀ ਉਹਨਾਂ ਨਾਲ ਇਕ ਜੀਪ ਵੀ ਬਖਸ਼ ਦਿਤੀ? ਟਰੈਕਟਰ ਦਾ ਡਰਾਇਵਰ ਹੋਰ ਰਖ ਲਿਆ ਅਤੇ ਜੀਪ ਦਾ ਡਰਾਇਵਰ ਮਹਿੰਦਰ ਸਿੰਘ

ਪੱਕਾ ਹੋ ਗਿਆ। ਮਾਤਾ ਪਿਤਾ ਨੂੰ ਇਹ ਜੀਪ ਤੇ ਡਰਾਈਵਰ ਸੌਂਪ ਦਿੱਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਬਾਹਰ ਦੌਰੇ ਤੇ ਗਏ ਹੋਏ ਸੀ। ਜਦੋਂ ਦੌਰੇ ਤੋਂ ਵਾਪਸ ਸ੍ਰੀ ਜੀਵਨ ਨਗਰ ਆਏ ਤਾਂ ਪਤਾ ਲਗਾ, ਸਾਜਨ ਨੇ ਟਰੈਕਟਰ ਤੇ ਜੀਪ ਖਰੀਦੀ ਹੈ। ਮੈਂ ਤਾਂ ਘਰ ਨਹੀਂ ਸਾਂ। ਸੱਚੇ ਪਾਤਸ਼ਾਹ ਜੀ ਮਸਤਾਨ ਗੜ੍ਹ ਬੈਠੇ ਸਨ ਉਥੋਂ ਇਕ ਸਿੰਘ ਨੂੰ ਹੁਕਮ ਕੀਤਾ, ਜਾਹ ਸਾਜਨ ਨੂੰ ਕਹੁ ਜੀਪ ਘੱਲੇ। ਅਸਾਂ ਪਿੰਡਾਂ ਵਿਚ ਜਾਣਾ ਹੈ ? ਸਤਿਗੁਰੂ ਜੀ ਕੋਲ ਜੀਪਾਂ ਕਾਰਾਂ ਦੀ ਕਮੀ ਕੋਈ ਨਹੀਂ ਸੀ ਪਰ ਉਹਨਾਂ ਤਾਂ ਮੇਰੇ ਤੇ ਬਖਸ਼ਿਸ਼ ਕਰਨੀ ਸੀ। ਪਹਿਰ ਦਾ ਵੇਲਾ ਸੀ। ਮਹਿੰਦਰ ਸਿੰਘ ਖੂਹ ਤੇ ਜੀਪ ਨੂੰ ਧੋ ਰਿਹਾ ਸੀ। ਸਤਿਗੁਰੂ ਜੀ ਦਾ ਹੁਕਮ ਲੈ ਕੇ ਸਿੰਘ ਮੇਰੇ ਘਰ ਪੁੱਜਾ। ਅੱਗੇ ਮੇਰੇ ਪਿਤਾ ਜੀ ਸੰਤ ਈਸ਼ਰ ਸਿੰਘ ਜੀ ਬੈਠੇ ਸਨ। ਉਹਨਾਂ ਆਏ ਸਿੰਘ ਨੂੰ ਜੀ ਆਇਆਂ ਆਖਕੇ ਪਾਣੀ ਪੁਛਿਆ। ਤਾਂ ਉਸ ਸਿੰਘ ਨੇ ਮੇਰੇ ਪਿਤਾ ਜੀ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਉਂਦਿਆਂ ਕਿਹਾ ਕਿ ਸੱਚੇ ਪਾਤਸ਼ਾਹ ਜੀ ਪਿੰਡਾਂ ਵਿਚ ਸੰਗਤਾਂ ਨੂੰ ਦਰਸ਼ਨ ਦੇਣ ਜਾਣਾ ਹੈ ਇਸ ਲਈ ਉਹਨਾਂ ਨੇ ਜੀਪ ਮੰਗਾਈ ਹੈ। ਪਿਤਾ ਜੀ ਹੁਕਮ ਸੁਣਦਿਆਂ ਕਿਸੇ ਵਜ਼ਦ ਵਿਚ ਆ ਗਏ। ਉਹਨਾਂ ਮਹਿੰਦਰ ਸਿੰਘ ਨੂੰ ਆਖਿਆ ਛੇਤੀ ਕਰ ਮੇਰੇ ਸਤਿਗੁਰੂ ਜੀ ਦਾ ਹੁਕਮ ਆਇਆ ਹੈ। ਜੀਪ ਲੈ ਜਾਹ ਛੇਤੀ ਲੈ ਜਾਹ ਮਸਤਾਨ ਗੜ੍ਹ ਅਤੇ ਜਿੰਨਾਂ ਚਿਰ ਸਤਿਗੁਰ ਜੀ ਆਪ ਹੁਕਮ ਨਾ ਕਰਨ, ਜੀਪ ਲੈ ਕੇ ਘਰ ਨਹੀਂ ਆਉਣਾ। ਸੰਨ 1978 ਦੀ ਗੱਲ ਹੈ, ਮੇਰਠ ਵਿਖੇ ਆਲ ਇੰਡੀਆ ਸਰਬ ਧਰਮ ਸੰਮੇਲਨ ਹੋਇਆ। ਇਸ ਧਰਮ ਸੰਮੇਲਨ ਵਿਚ ਸਾਰੇ ਹਿੰਦੋਸਤਾਨ ਦੇ ਧਰਮਾਂ ਦੇ ਮੁਖੀਆਂ ਨੇ ਸ਼ਿਰਕਤ ਕੀਤੀ। ਖੁਲ੍ਹੇ ਪੰਡਾਲ ਵਿਚ ਆਪਣੇ ਆਪਣੇ ਕੈਂਪ ਲਾ ਕੇ; ਆਪਣੇ ਆਪਣੇ ਨਿਯਮਾਂ ਅਨੁਸਾਰ ਪ੍ਰਭੂ ਉਪਾਸਨਾਂ ਕਰ ਰਹੇ ਸੀ। ਪੰਡਾਲ ਦੇ ਇਕ ਪਾਸੇ ਕਰੀਬ 5-6 ਫੁਟ ਉਚਾ ਲੰਮਾਂ ਚੌੜਾ ਸਟੇਜ ਬਣਾਇਆ ਗਿਆ। ਜਿਸ ਉਤੇ ਧਰਮ ਮੁਖੀਆਂ ਦੇ ਕੱਠੇ ਬੈਠਣ ਲਈ ਜਗ੍ਹਾ ਨੀਯਤ ਕੀਤੀ ਗਈ। ਹਰ ਧਰਮ ਦੇ ਮੁਖੀ ਨੂੰ ਨਿਯਤ ਥਾਂ ਤੇ ਦੋ ਪ੍ਰਬੰਧਕਾਂ ਵੱਲੋਂ ਆਦਰ ਸਹਿਤ ਬਿਠਾਇਆ ਜਾਂਦਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੁਝ ਕੁ ਸਿੱਖਾਂ ਸਮੇਤ ਮੇਰਠ ਵਿਚ ਇੱਕ ਸਿੱਖ ਦੇ ਘਰ ਇਕ ਦਿਨ ਪਹਿਲਾਂ ਦਰਸ਼ਨ ਦਿੱਤੇ। ਸ਼ਾਮ ਦੇ ਦੀਵਾਨ ਵਿਚ ਮੇਰਠ ਦੀ ਸਾਰੀ ਸੰਗਤ ਨੇ ਚਰਨ ਪਰਸੇ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਉਪਰੰਤ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਦੇ ਇਕ ਜਥੇ ਨੇ ਪੰਡਾਲ ਵਿਚ ਨਾਮਧਾਰੀ ਮਰਿਆਦਾ ਅਨੁਸਾਰ ਹਵਨ ਕਰ, ਅਰਦਾਸ ਕਰਕੇ; ਕੜਾਹ ਪ੍ਰਸਾਦਿ ਦੀ ਦੇਗ ਵਰਤਾਈ। ਓਥੇ ਜੋ ਵੀ ਨਾਮਧਾਰੀ ਪੰਥ ਦੀ ਮਰਿਆਦਾ ਦੀ ਜਾਣਕਾਰੀ ਲੈਣ ਆਇਆ; ਉਸਨੂੰ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਅਤੇ ਜ਼ਬਾਨੀ ਜਾਣਕਾਰੀ ਦਿਤੀ ਗਈ। ਮੈਂ ਸਤਿਗੁਰੂ ਜੀ ਦੇ ਕੋਲ ਹੀ ਘਰ ਬੈਠਾ ਸਾਂ। ਸਤਿਗੁਰੂ ਜੀ ਮੈਨੂੰ ਹੁਕਮ ਕੀਤਾ, ਸਾਜਨ, ਅਸਾਂ ਸਰਬਧਰਮ ਸੰਮੇਲਨ ਵਿਚ ਗਿਆਰਾਂ ਵਜੇ ਜਾਣਾ ਹੈ। ਤੂੰ ਉਥੇ ਜਾ ਕੇ ਸਟੇਜ ਅਤੇ ਵਾਤਾਵਰਨ ਦਾ ਜਾਇਜ਼ਾ ਲੈ ਕੇ ਆ; ਅਤੇ ਪ੍ਰਬੰਧਕਾਂ ਨੂੰ ਮਿਲਕੇ ਬੈਠਣ ਦੀ ਜਗਾ ਦਾ ਪਤਾ ਕਰ ਲੈਣਾ। ਮੈਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਪਾ ਪੰਡਾਲ ਵਿਚ ਪੁੱਜਾ। ਘੁੰਮ ਕੇ ਮੈਂ ਸਾਰੇ ਪੰਡਾਲ ਦਾ ਜਾਇਜ਼ਾ ਲਿਆ। ਮੈਂ ਕੁਝ ਚਿਰ ਖਲੋ ਕੇ ਵੇਖਿਆ ਤਾਂ ਨਜ਼ਰ ਆਇਆ ਕਿ ਸਟੇਜ ਤੇ ਜਿਸ ਵੀ ਧਰਮ ਦਾ ਮੁਖੀ ਆਉਂਦਾ ਹੈ ਉਹ ਸੱਭ ਤੋਂ ਪਹਿਲਾਂ, ਮਹਾਂ ਮੁਨੀ ਜੀ ਨੂੰ ਨਮਸਕਾਰ ਕਰਦਾ ਹੈ, ਅਤੇ ਮਹਾਂ ਮੁਨੀ ਜੀ ਨਮਸਕਾਰ ਕਰਨ ਵਾਲੇ ਨੂੰ ਹੱਥ ਨਾਲ ਆਸ਼ੀਰਵਾਦ ਦਿੰਦੇ ਹਨ। ਫਿਰ ਉਸਨੂੰ ਦੋ ਪ੍ਰਬੰਧਕ ਆਦਰ ਸਹਿਤ ਉਸਦੀ ਨੀਅਤ ਕੀਤੀ ਜਗਾ ਤੇ ਬਿਠਾਲ ਦਿੰਦੇ ਹਨ। ਮੈਂ ਸਟੇਜ ਉਪਰ ਸਤਿਗੁਰੂ ਜੀ ਦੇ ਬੈਠਣ ਵਾਲੀ ਜਗਾ ਵੇਖੀ। ਪ੍ਰਬੰਧਕਾਂ ਨੂੰ ਸਤਿਗੁਰੂ ਜੀ ਦੇ ਆਉਣ ਦਾ ਸਮਾਂ ਦੱਸਿਆ, ਅਤੇ ਵਾਪਸ ਆ ਗਿਆ। ਮੇਰੇ ਮਨ ਵਿਚ ਇਕ ਦੁਚਿੱਤੀ ਹਾਵੀ ਹੋਈ ਜਾ ਰਹੀ ਸੀ, ਕਿ ਇਸ ਸਟੇਜ ਤੇ ਜੋ ਵੀ ਧਰਮ ਮੁਖੀ ਆਉਂਦਾ ਹੈ ਉਹ ਮੁਨੀ ਜੀ ਨੂੰ ਨਮਸਕਾਰ ਕਰਕੇ ਆਸ਼ੀਰਵਾਦ ਲੈਣ ਪਿਛੋਂ ਆਸਨ ਗ੍ਰਹਿਣ ਕਰਦਾ ਹੈ। ਪਰ ਅਸੀਂ ਤਾਂ ਸਤਿਗੁਰੂ ਜੀ ਨੂੰ ਸਰਬੋਤਮ ਮੰਨਦੇ ਹਾਂ। ਕੀ ਸਤਿਗੁਰੂ ਜੀ ਨਮਸਕਾਰ ਕਰਨਗੇ, ਕੀ ਆਸ਼ੀਰਵਾਦ ਲੈਣਗੇ। ਮੈਂ ਇਹਨਾਂ ਸੁਆਲਾਂ ਵਿਚ ਘਿਰਿਆ ਹੀ ਸਤਿਗੁਰੂ ਜੀ ਕੋਲ ਪੁਜਾ। ਨਮਸਕਾਰ ਕਰ ਪੰਡਾਲ ਵਿਚ ਹਾਲਾਤ ਦੀ ਗਲ ਦੋ ਵਾਰ ਦੁਹਰਾਈ। ਮੇਰੇ ਦੂਜੀ ਵਾਰ ਗੱਲ ਕਰਨ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਹੁਕਮ ਕੀਤਾ, ਸਾਰੀ ਸੰਗਤ ਹੇਠਾਂ ਮਿਥੇ ਥਾਂ ਤੇ ਬੈਠੇਗੀ, ਅਤੇ ਉਪਰ ਮੇਰੇ ਨਾਲ ਸਿਰਫ ਬਲਕਾਰ ਤੇ ਸਾਜਨ ਹੀ ਜਾਣਗੇ। ਸਤਿਗੁਰੂ ਜੀ ਨੇ ਠੀਕ ਮਿਥੇ ਸਮੇਂ ਅਨੁਸਾਰ ਪੰਡਾਲ ਵਿਚ ਦਰਸ਼ਨ ਦਿੱਤੇ ਸਾਰੀ ਸੰਗਤ ਆਪਣੇ ਦਸੇ ਅਸਥਾਨ ਤੇ ਜਾ ਬੈਠੀ। ਮੈਂ ਤੇ ਬਲਕਾਰ ਸਿੰਘ ਪਾਤਸ਼ਾਹ ਜੀ ਨਾਲ ਪਉੜੀ ਰਾਹੀਂ ਸਟੇਜ ਤੇ ਚੜ੍ਹੇ ਤਾਂ ਮੈਂ ਪ੍ਰਬੰਧਕਾਂ ਨੂੰ ਦੇ ਆਉਣ ਬਾਰੇ ਨਾਮ ਲੈ ਦਸਿਆ ਤਾਂ ਇਕ ਸਤਿਗੁਰੂ ਜੀ ਪ੍ਰਬੰਧਕ ਨੇ ਮਹਾਂ ਮੁਨੀ ਜੀ ਨੂੰ ਬੇਨਤੀ ਕੀਤੀ। ਸਤਿਗੁਰੂ ਜੀ ਮਹਾਂ ਮੁਨੀ ਜੀ ਦੇ ਆਸਣ ਕੋਲ ਪੁਜੇ ਤਾਂ ਮਹਾਂ

ਮੁਨੀ ਜੀ ਆਪਣੇ ਆਸਣ ਤੋਂ ਥੱਲੇ ਉਤਰ ਸਤਿਗੁਰੂ ਜੀ ਦਾ ਸੁਆਗਤ ਕੀਤਾ ਅਤੇ ਆਪਣੇ ਹੀ ਆਸਨ ਦੇ ਕੋਲ ਲਗੇ ਆਸਨ ਤੇ ਦੋਨਾਂ ਹੱਥਾਂ ਨਾਲ ਸੁਸ਼ੋਭਿਤ ਹੋਣ ਲਈ ਇਸ਼ਾਰਾ ਕੀਤਾ। ਸਤਿਗੁਰੂ ਜੀ ਆਪਣੇ ਆਸਣ ਤੇ ਬੈਠੇ, ਤਾਂ ਮਹਾਂ ਮਨੀ ਜੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਮਹਾਂ ਮੁਨੀ ਜੀ ਨੂੰ ਆਪਣੇ ਆਸਨ ਤੇ ਬੈਠਣ ਨੂੰ ਕਿਹਾ ਤਾਂ ਮੁਨੀ ਜੀ ਆਪਣੇ ਪਹਿਲੇ ਅਸਥਾਨ ਤੇ ਬੈਠ ਗਏ। ਇਸ ਤੋਂ ਪਿਛੋਂ ਫਿਰ ਪਹਿਲੇ ਵਾਂਗ ਪ੍ਰਕਿਰਿਆ ਜਾਰੀ ਹੋ ਗਈ। ਹਰ ਧਰਮ ਦੇ ਮੁਖੀ ਮਹਾਂ ਮੁਨੀ ਜੀ ਨੂੰ ਨਮਸਕਾਰ ਕਰਕੇ ਆਸ਼ੀਰਵਾਦ ਲੈ ਕੇ ਆਸਨ ਗ੍ਰਹਿਣ ਕਰਦੇ। ਸਮੇਂ-ਸਮੇਂ ਸਤਿਗੁਰੂ ਜੀ ਤੇ ਮੁਨੀ ਜੀ ਬਚਨ ਬਿਲਾਸ ਵੀ ਕਰਦੇ। ਮੈਂ ਤੇ ਬਲਕਾਰ ਸਿੰਘ ਸਤਿਗੁਰੂ ਜੀ ਦੇ ਪਿਛੇ ਬੈਠੇ ਇਹ ਅਲੌਕਿਕ ਨਜ਼ਾਰਾ ਤਕਦੇ ਰਹੇ। ਸਤਿਗੁਰੂ ਜੀ ਦੋ ਘੰਟੇ ਮਹਾਂ ਮੁਨੀ ਕੋਲ ਬੈਠ ਲੁਕਾਈ ਨੂੰ ਦਰਸ਼ਨ ਦੇ ਕੇ ਆਪਣੇ ਡੇਰੇ ਆ ਗਏ। ਘਰ ਬੈਠਿਆਂ ਮੈਂ ਆਪਣੇ ਦਿਲ ਦਾ ਤੌਖਲਾ ਸਤਿਗੁਰੂ ਜੀ ਅਗੇ ਜ਼ਾਹਰ ਕਰਦਿਆਂ ਕਿਹਾ ਸੱਚੇ ਪਾਤਸ਼ਾਹ ਜੀ ਮੇਰੇ ਅੰਦਰ ਇਹ ਬੜਾ ਵੱਡਾ ਸੰਦੇਹ ਬਣਿਆ ਹੋਇਆ ਸੀ, ਕਿ ਸਤਿਗੁਰੂ ਜੀ ਸਟੇਜ 'ਤੇ ਜਾਣਗੇ ਤਾਂ ਕੀ ਹੋਵੇਗਾ। ਪਰ ਮੇਰੀ ਹਿੰਮਤ ਨਹੀਂ ਸੀ ਪੈ ਰਹੀ ਕਿ ਮੈਂ ਕੋਈ ਅਰਜ਼ ਕਰਾਂ। ਮੇਰੀ ਇਹ ਗੱਲ ਸੁਣ ਸੱਚੇ ਪਾਤਸ਼ਾਹ ਜੀ ਬਲਕਾਰ ਸਿੰਘ ਨੂੰ ਆਖਿਆ ਬਲਕਾਰ, ਸਾਜਨ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਦੀ ਉਡੀਕ ਕਰਨ ਤੋਂ ਪਹਿਲਾਂ ਹੀ ਡਰਨ ਲਗ ਜਾਂਦਾ ਹੈ।

---

## ਧਰਮ ਰਖਿਅਕ
## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

ਸ੍ਰੀ ਭੈਣੀ ਸਾਹਿਬ: ਲਾਈਨਜ਼ ਕਲੱਬ ਰਿਜ਼ਨ ਦੇ ਚੇਅਰਮੈਨ ਡਾ. ਐਮ.ਐਲ.ਗੁਪਤਾ, ਸ੍ਰੀ ਵਰਮਾ (ਸੈਕਟਰੀ ਆਪਣੇ ਸਾਥੀਆਂ ਨਾਲ 3 ਫਰਵਰੀ ਨੂੰ ਸ੍ਰੀ ਭੈਣੀ ਸਾਹਿਬ ਆਏ। ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਵਲੋਂ ਸਮੁੱਚੀ ਮਾਨਵ ਜਾਤੀ ਲਈ ਕੀਤੇ ਜਾ ਰਹੇ ਉਪਕਾਰਾਂ ਲਈ ਆਪਣੀ ਸ਼ਰਧਾ ਪੂਰਤੀ ਲਈ 'ਧਰਮ ਰਖਿਅਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਉਪਾਧੀ ਵਾਲੀ ਸਨਮਾਨ ਸ਼ੀਲਡ ਭੇਟਾ ਕਰਨ ਆਏ ਸਨ। ਸ੍ਰੀ ਅਜੀਤ ਸਿੰਘ (ਸਕੱਤਰ ਸ: ਹਿੰ: ਨਾ: ਵਿ ਜੱਥਾ ਲੁਧਿਆਣਾ ਨੇ ਸਮਾਰੋਹ ਦੇ ਆਰੰਭ ਵਿਚ ਲਾਈਨਜ਼ ਕਲੱਬ ਵਲੋਂ ਜਾਣਕਾਰੀ ਦਿਤੀ। ਉਹਨਾਂ ਸ੍ਰੀ ਭੈਣੀ ਸਾਹਿਬ, ਦਿਲੀ, ਸੀ ਜੀਵਨ ਨਗਰ ਵਿਖੇ ਸਥਾਪਿਤ ਵਿਦਿਅਕ ਅਦਾਰਿਆਂ, ਹਾਕੀ, ਸੰਗੀਤ, ਬਿਰਦਸ਼ਾਲਾ, ਗਊ ਸ਼ਾਲਾ ਆਦਿ ਬਾਰੇ ਸ੍ਰੀ ਸਤਿਗੁਰੂ ਜੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸੰਖੇਪ ਜਾਣਕਾਰੀ ਦਿਤੀ ਅਤੇ ਦਸਿਆ ਜਿਥੇ ਵਿਗਿਆਨ ਦੀ ਸੋਚ ਖ਼ਤਮ ਹੁੰਦੀ ਹੈ ਉਥੇ ਸਤਿਗੁਰੂ ਦੀ ਸੋਚ ਸ਼ੁਰੂ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਵਲੋਂ ਇੰਗਲੈਂਡ ਵਿਖੇ ਵਰਖਾ ਕਰਵਾ ਕੇ ਵਿਗਿਆਨੀਆਂ ਨੂੰ ਇਹ ਦਸਿਆ ਕਿ ਅਰਦਾਸ ਤੋਂ ਵੱਧ ਹੋਰ ਕੁਝ ਨਹੀਂ। ਨਾਮ ਸਿਮਰਨ ਪ੍ਰੀਤ ਤੇ ਪ੍ਰਤੀਤ ਵਿੱਚ ਸਭ ਕੁਝ ਹੈ। ਗੀਬ ਨਿਵਾਜ਼ ਵਲੋਂ ਮਰੀਜ਼ਾਂ ਦੇ ਕਸ਼ਟ ਨਿਵਾਰਣ ਲਈ ਲੁਧਿਆਣੇ ਸੰਤ ਦਰਸ਼ਨ ਸਿੰਘ ਜੀ ਜਥੇਦਾਰ ਸਹਾਇਕ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੁਣ ਤੱਕ 729 ਮਰੀਜ਼ਾਂ (ਪਿਛਲੇ ਸਾਲ ਦਾ ਇਲਾਜ ਲੁਧਿਆਣੇ ਦੇ ਅਲੱਗ-2 ਹਸਪਤਾਲਾਂ ਵਿਚ ਕਰਵਾਇਆ ਗਿਆ। ਇਲਾਜ਼ ਦਾ ਸਾਰਾ ਖਰਚਾ ਸੀ ਸਤਿਗੁਰੂ ਜੀ ਵਲੋਂ ਸੀ। ਸੁਚ ਸੋਧ ਦੇ ਵਿਗਿਆਨਕ ਲਾਭਾਂ ਦਾ ਜ਼ਿਕਰ ਵੀ ਕੀਤਾ ਗਿਆ। ਡਾ. ਸਾਹਿਬ ਸ੍ਰੀ ਸਤਿਗੁਰੂ ਜੀ ਦੇ ਪੂਰਨ ਸ਼ਰਧਾਲੂ ਹਨ। ਉਹਨਾਂ ਹੋਲੇ ਮਹੱਲੇ ਸਮੇਂ ਸੀ ਭੈਣੀ ਸਾਹਿਬ ਮੈਡੀਕਲ ਕੈਂਪ ਖਾਸ ਕਰ ਅੱਖਾਂ ਦੇ ਰੋਗਾਂ ਵਾਸਤੇ ਮੁਫ਼ਤ ਲਾਉਣ ਦਾ ਐਲਾਨ ਵੀ ਕੀਤਾ। ਲਾਈਨਜ਼ ਕਲੱਬ ਇਹ ਵਰ੍ਹਾ ਦੁਨੀਆਂ ਵਿੱਚੋਂ ਅੰਧੇਰਾ ਦੂਰ ਕਰਨ ਲਈ ਮਨਾ ਰਿਹਾ ਹੈ।

ਲਾਈਨਜ਼ ਕਲੱਬ ਵਲੋਂ ਸੰਤ ਦਰਸ਼ਨ ਸਿੰਘ ਜੀ ਜਥੇਦਾਰ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਇਕ ਸ਼ੀਲਡ ਬਖਸ਼ੀ। ਸੰਤ ਦਰਸ਼ਨ ਸਿੰਘ ਜੀ ਨੇ ਆਖਿਆ ਕਿ ਜਦੋਂ ਕੋਈ ਮਰੀਜ਼ ਗਰੀਬ ਨਿਵਾਜ਼ ਦੇ ਚਰਨਾਂ ਵਿਚ ਰੋਗ ਨਵਿਰਤੀ ਲਈ ਅਰਜ਼ ਕਰਦਾ ਹੈ ਤਾਂ ਗ੍ਰੀਬ ਨਿਵਾਜ਼ ਡਾਕਟਰੀ ਇਲਾਜ ਤੋਂ ਪਹਿਲਾਂ ਇਕ ਮਾਲਾ ਭਜਨ ਦੀ, ਇਕ ਮਾਲਾ ਭਗਾਉਤੀ ਦੀ ਕਰਨ ਦਾ ਹੁਕਮ ਕਰਦੇ ਹਨ। ਦਰਅਸਲ ਰੋਗ ਨਵਿਰਤੀ ਤਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਹੀ ਹੋ ਜਾਂਦੀ ਹੈ। ਭਜਨ ਤੇ ਇਲਾਜ ਤਾਂ ਇਕ ਬਹਾਨਾ ਹਨ। ਉਹਨਾਂ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨ ਤੇ ਇਸੇ ਤਰ੍ਹਾਂ ਉਹਨਾਂ ਦਾ ਮਨ ਸੇਵਾ ਲਈ ਬਣਿਆ ਰਹੇ।

ਅੰਤ ਵਿਚ ਸ੍ਰੀ ਸਤਿਗੁਰੂ ਜੀ ਨੇ ਲਾਈਨਜ਼ ਕਲੱਬ ਦੇ ਚੇਅਰਮੈਨ ਡਾਕਟਰ ਗੁਪਤਾ ਤੇ ਉਹਨਾਂ ਦੇ ਸਾਥੀਆਂ ਨੂੰ ਖੁਸ਼ੀਆਂ ਬਖਸ਼ਿਆਂ। **(ਸਤਿਜੁਗ ਵਿੱਚੋਂ)**

# ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਭੁੱਲ ਯਾਦਾਂ

**ਡਾਕਟਰ ਸਰਵਪ੍ਰੀਤ ਸਿੰਘ ਦਿੱਲੀ**

**ਆਯੁਰਵੈਦਿਕ ਵਿੱਚ ਐਡਮਿਸ਼ਨ ਲਈ ਪ੍ਰੇਰਿਤ ਕਰਨਾ**

ਪਿਛਲੇ ਲਗਭੱਗ ਚਾਰ ਪੀੜੀਆਂ ਤੋਂ ਸਾਡਾ ਪਰਿਵਾਰ ਨਾਮਧਾਰੀ ਹੈ। ਸਾਡੇ ਪੜਦਾਦੀ ਜੀ ਮਾਤਾ ਸੰਤ ਕੌਰ ਜੀ, ਉਹਨਾਂ ਬਾਬਾ ਕਾਲਾ ਸਿੰਘ ਨਾਮਧਾਰੀ ਜੀ ਦੇ ਧੀ ਸਨ ਜਿਹਨਾਂ ਨੇ ਸਭ ਤੋਂ ਪਹਿਲਾਂ ਨਾਮਧਾਰੀ ਇਤਿਹਾਸ ਨੂੰ ਪੰਥ ਪ੍ਰਕਾਸ਼ ਅਤੇ ਪੈਂਤੀ ਅੱਖਰੀ ਦੇ ਰੂਪ ਵਿੱਚ ਕਲਮਬੱਧ ਕੀਤਾ।

ਸੋ ਨਾਮਧਾਰੀ ਪਰੰਪਰਾ ਅਨੁਸਾਰ 1993 ਵਿੱਚ ਮੇਰੇ ਪਿਤਾ ਬਹਾਦਰ ਸਿੰਘ ਜੀ ਕੂਕਾ ਤੇ ਭਰਾ ਮਾਨਵਪ੍ਰੀਤ ਸਿੰਘ ਨੇ ਸ੍ਰੀ ਭੈਣੀ ਸਾਹਿਬ ਵਿਖੇ ਜਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੇਰੇ ਬਾਰੇ ਅਰਜ ਬੇਨਤੀ ਕੀਤੀ ਕਿ ਕਾਕੇ ਦਾ ਦਾਖਲਾ MBBS ਵਿੱਚ ਹੋ ਗਿਆ ਹੈ .....ਆਪ ਜੀ ਕਿਰਪਾ ਕਰਕੇ ਆਗਿਆ ਦੇਵੋ। ਸਤਿਗੁਰੂ ਜੀ ਨੇ ਬਚਨ ਕੀਤਾ ਕਿ... ਅੰਗਰੇਜੀ ਡਾਕਟਰ ਬਹੁਤ ਨੇ, ਮੈਨੂੰ ਆਯੁਰਵੈਦਿਕ ਡਾਕਟਰ ਚਾਹੀਦਾ ਹੈ ।

ਪਿਤਾ ਜੀ ਨੇ ਸਤਿ ਬਚਨ ਕਿਹਾ ਤੇ ਮੇਰਾ ਦਾਖਲਾ ਆਯੁਰਵੈਦਿਕ ਕਾਲਜ ਚੰਡੀਗੜ੍ਹ ਵਿੱਚ ਕਰਵਾ ਦਿੱਤਾ। ਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਉਸ ਕਾਲਜ ਦੇ ਚੇਅਰਮੈਨ ਸ੍ਰੀ ਵਿਨੋਦ ਸ਼ਰਮਾ ਜੀ ਨੂੰ ਐਚ. ਐਸ. ਹੰਸਪਾਲ ਜੀ ਰਾਹੀਂ ਫੋਨ ਵੀ ਕਰਵਾ ਦਿੱਤਾ ਜਿਸ ਕਰਕੇ ਉਥੇ ਪੂਰਾ ਸਹਿਯੋਗ ਮਿਲਿਆ।

**ਆਯੁਰਵੈਦਿਕ ਵਿੱਚ ਡਿਗਰੀ ਪ੍ਰਾਪਤ ਕਰਨੀ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਾਢੇ ਪੰਜ ਸਾਲ ਦੀ ਪੜ੍ਹਾਈ ਉਪਰੰਤ B.A.M.S. ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਪੋਸਟ ਗਰੈਜ਼ੂਏਟ ਕੋਰਸ ਜੈਪੁਰ ਤੋਂ ਵੈਦ ਮਦਨ ਗੋਪਾਲ ਸ਼ਰਮਾ, ਜੋ ਕਿ ਨੈਸ਼ਨਲ ਇੰਸਟੀਚਿਊਟ ਆਫ ਆਯੁਰਵੇਦਾ ਦੇ ਡਾਇਰੈਕਟਰ ਭੀ ਰਹਿ ਚੁੱਕੇ ਸਨ , ਜੀ ਦੀ ਸਰਪ੍ਰਸਤੀ ਹੇਠ ਕੀਤਾ ਜਿਸ ਕਰਕੇ ਉਸ ਸਮੇਂ ਦੇ ਕੇਂਦਰੀ ਸਿਹਤ ਮੰਤਰੀ ਸ੍ਰੀ ਮਤੀ ਸੁਸ਼ਮਾ ਸਵਰਾਜ ਨੇ C.R.A.V. ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ।

**ਮਸਤਾਨਗੜ੍ਹ ਕੋਠੀ ਵਿੱਖੇ ਬੁਲਾਉਣਾ**

ਡਿਗਰੀ ਹਾਸਲ ਕਰਨ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰ ਮੱਥਾ ਟੇਕਿਆ ਤੇ ਸਤਿਗੁਰੂ ਜੀ ਬਚਨ ਕੀਤਾ ਕਿ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਮਸਤਾਨਗੜ੍ਹ ਕੋਠੀ ਆ ਜਾਉ।

ਸਵੇਰੇ ਜਦ ਓਥੇ ਪਹੁੰਚੇ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਪਹਿਲਾਂ ਮੇਰੀ ਨਬਜ਼ ਦੇਖੋ । ਨਬਜ਼ ਦੇਖਣ ਉਪਰੰਤ ਸਿਹਤ ਬਾਰੇ ਗੱਲਬਾਤ ਕਰਦਿਆਂ ਮੈਡੀਕਲ ਰਿਪੋਰਟਾਂ ਬਾਰੇ ਪੁੱਛਿਆ ਤਾਂ ਸੇਵਕ ਰਛਪਾਲ ਜੀ ਨੇ ਦੱਸਿਆ ਕਿ ਰਿਪੋਰਟਾਂ ਦਿੱਲੀ ਕੋਠੀ ਵਿੱਚ ਹਨ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਡਾਕਟਰ ਜੀ ਨੂੰ ਪਹਿਲਾਂ ਦਿੱਲੀ ਲੈ ਕੇ ਚੱਲੋ ਤੇ ਉੱਥੋਂ ਅਗਾਂਹ ਥਾਈਲੈਂਡ ਦਾ ਦੌਰਾ ਹੈ ਤੇ ਡਾਕਟਰ ਜੀ ਨੂੰ ਭੀ ਨਾਲ ਲੈ ਚੱਲੋ ਤੇ ਇਲਾਜ ਉਥੇ ਜਾ ਕੇ ਹੀ ਸ਼ੁਰੂ ਕਰਦੇ ਹਾਂ।

**ਥਾਈਲੈਂਡ ਲੈ ਕੇ ਜਾਣਾ**

ਥਾਈਲੈਂਡ ਪਹੁੰਚੇ ਤਾਂ ਇਕ ਸਿੰਘ ਨੇ ਅਰਜ ਕੀਤੀ ਕਿ ਉਸ ਦੀ ਲੜਕੀ ਨੂੰ ਕੈਂਸਰ ਹੈ ਤੇ ਉਸ ਦਾ ਇਲਾਜ ਥਾਈਲੈਂਡ ਦੇ ਵੱਡੇ 'ਹਾਸਪੀਟਲ' ਵਿੱਚ ਹੋ ਰਿਹਾ ਹੈ ਪਰ ਉਸ ਦਾ ਇੱਕ ਮਹੀਨੇ ਤੋਂ ਬੁਖਾਰ ਨਹੀਂ ਟੁਟ ਰਿਹਾ ਹੈ। ਅਗੋਂ ਸਤਿਗੁਰੂ ਜੀ ਨੂੰ ਬਚਨ ਕੀਤਾ ਕਿ ਮੈਂ ਇੱਕ ਆਯੁਰਵੈਦਿਕ ਡਾਕਟਰ ਨੂੰ ਨਾਲ ਲੈ ਕੇ ਆਇਆ ਹਾਂ ਤੁਸੀਂ ਉਹਨਾਂ ਤੋਂ ਦਵਾਈ ਲਉ। ਹੁਕਮ ਅਨੁਸਾਰ ਮੈਂ ਉਹਨਾਂ ਨੂੰ ਦਵਾਈ ਦਿੱਤੀ ...ਤੇ ਸਤਿਗੁਰੂ ਜੀ ਨੇ ਕਿਰਪਾ ਤੇ ਕਰ ਹੀ ਦਿੱਤੀ ਸੀ ....ਤੇ ਲੜਕੀ ਦਾ ਬੁਖਾਰ ਤੀਸਰੇ ਦਿਨ ਹੀ ਟੁੱਟ ਗਿਆ। ਇਸ ਤਰਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਉੱਥੇ ਕਾਫੀ ਮਰੀਜਾਂ ਦਾ ਇਲਾਜ ਕੀਤਾ।

**ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਨਾਲ ਮੁਲਾਕਾਤ**

ਇੱਕ ਵਾਰ ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਤੇ ਉਹਨਾਂ ਨੇ ਭੀ ਆਪਣੀ ਨਬਜ਼ ਚੈਕ ਕਰਵਾਈ। ਮੈਂ ਉਹਨਾਂ ਨੂੰ ਕਿਹਾ ਕਿ ਉਹਨਾਂ ਦੇ ਹਾਰਟ ਵਿੱਚ ਬਲਾਕੇਜ਼ ਜਾਪਦੀ ਹੈ। ਉਹਨਾਂ ਨੇ ਕਿਹਾ ਕਿ ਉਹ ਟੈਸਟ ਰਾਹੀਂ ਚੈੱਕ ਕਰਵਾਣਗੇ। ਜਦ ਉਹਨਾਂ ਨੇ ਹਾਸਪੀਟਲ ਤੋਂ ਐਂਜਿਓਗਰਾਫੀ ਕਰਵਾਈ ਤੇ ਡਾਕਟਰਾਂ ਨੇ ਕਿਹਾ ਕਿ ਨੱਬੇ ਪਰਸੈਂਟ ਤੋਂ ਜਿਆਦਾ ਬਲਾਕੇਜ ਹੈ ਤੇ ਤੁਸੀਂ ਬਿਲਕੁਲ ਸਹੀ ਸਮੇਂ ਤੇ ਆ ਗਏ ਹੋ। ਫੇਰ ਉਹਨਾਂ ਨੇ ਸਤਿਗੁਰੂ ਜੀ ਨੂੰ ਫੋਨ ਕਰ ਕੇ ਧੰਨਵਾਦ ਕੀਤਾ ਕਿ ਆਪ ਜੀ ਦੇ ਡਾਕਟਰ ਨੇ ਸਹੀ ਸਮੇਂ ਤੇ ਰੋਗ ਪਕੜ ਲਿਆ ਤੇ ਸਮੇਂ ਸਿਰ ਉਸ ਦਾ

ਇਲਾਜ ਹੋ ਗਿਆ ਹੈ। ਸਤਿਗੁਰੂ ਜੀ ਨੇ ਖੁਸ਼ ਹੋ ਕੇ ਮੇਰੇ 'ਤੇ ਵੀ ਕਿਰਪਾ ਬਖਸ਼ਿਸ਼ ਕੀਤੀ।

**ਦਿੱਲੀ ਵਿੱਚ ਕਲੀਨਿਕ ਖੋਲਣ ਦੀ ਆਗਿਆ ਦੇਣੀ**

ਡਿਗਰੀ ਤੋਂ ਬਾਅਦ ਮੈਂ ਮੰਡੀ ਡੱਬਵਾਲੀ ਵਿੱਖੇ ਪ੍ਰੈਕਟਿਸ ਕਰ ਰਿਹਾ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਬਾਹਰ ਵਿਦੇਸ਼ਾਂ ਦੇ ਮਰੀਜ ਭੀ ਆ ਰਹੇ ਸਨ ਤੇ ਮੈਨੂੰ ਭੀ ਵਿਦੇਸ਼ਾਂ ਵਿੱਚ ਮਰੀਜ ਚੈੱਕ ਕਰਣ ਲਈ ਜਾਣਾ ਹੁੰਦਾ ਸੀ। ਇਸ ਲਈ ਮੈਨੂੰ ਆਪਣਾ ਕਲੀਨਿਕ ਦਿੱਲੀ ਵਿਖੇ ਸ਼ਿਫਟ ਕਰਨ ਦਾ ਵਿਚਾਰ ਆਇਆ ਤਾਂ ਮੈਂ ਸਤਿਗੁਰੂ ਜੀ ਨੂੰ ਦਿੱਲੀ ਵਿਖੇ ਕਲੀਨਿਕ ਖੋਲਣ ਦੀ ਆਗਿਆ ਲੈਣ ਲਈ ਅਰਜ ਬੇਨਤੀ ਕੀਤੀ । ਸਤਿਗੁਰੂ ਜੀ ਨੇ ਖੁਸ਼ੀ-ਖੁਸ਼ੀ ਆਗਿਆ ਦੇ ਕੇ ਕਿਰਪਾ ਬਖਸ਼ਿਸ ਕੀਤੀ। ਉਦੋਂ ਤੋਂ ਹੀ ਮੈਂ ਦਿੱਲੀ ਵਿਖੇ . ਰਾਜੌਰੀ ਗਾਰਡਨ ਦੇ ਨਜਦੀਕ ਸ਼ਿਵਾਜੀ ਵਿਹਾਰ ਵਿੱਚ ਅਪਣਾ ਅਰੋਗ ਮੰਦਰ ਆਯੁਰਵੈਦਿਕ ਸੈਂਟਰ ਚਲਾ ਰਿਹਾ ਹਾਂ ਜਿੱਥੇ ਸਤਿਗੁਰੂ ਜੀ ਦੀ ਕਿਰਪਾ ਨਾਲ ਹਰ ਤਬਕੇ ਦੇ ਸਾਧਾਰਨ ਤੇ ਖਾਸ ਲੋਕਾਂ ਦੇ ਨਾਲ ਨਾਲ ਉਚ ਪੱਧਰੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂ ਵੀ ਇਲਾਜ ਲਈ ਆਉਂਦੇ ਹਨ ਅਤੇ ਸਮੇਂ-ਸਮੇਂ ਅਨੁਸਾਰ ਅੰਤਰਰਾਸ਼ਟਰੀ ਆਯੁਰਵੈਦਿਕ ਕਾਨਫਰੰਸਾਂ ਵਿੱਚ ਭਾਗ ਲੈਣ ਅਤੇ ਮਰੀਜ ਚੈੱਕ ਕਰਨ ਲਈ ਜਿਆਦਾਤਰ ਨਾਮਧਾਰੀ ਪਹਿਰਾਵੇ ਵਿੱਚ ਕਈ ਮੁੱਲਕਾਂ ਜਿਵੇਂ ਕਿ ਇੰਗਲੈਂਡ, ਜਰਮਨੀ, ਫਰਾਂਸ, ਇਟਲੀ, ਦੁਬਈ, ਸਿੰਗਾਪੁਰ, ਮਲੇਸ਼ੀਆ, ਥਾਈਲੈਂਡ, ਹਾਂਗਕਾਂਗ, ਚਾਈਨਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਆਦਿ ਵਿੱਚ ਵੀ ਜਾ ਰਿਹਾ ਹਾਂ।

**ਸਵਾਮੀ ਰਾਮ ਦੇਵ ਜੀ ਨਾਲ ਮੁਲਾਕਾਤ**

ਇੱਕ ਬਾਰ ਸਵਾਮੀ ਰਾਮਦੇਵ ਜੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ ਤੇ ਉਹਨਾਂ ਸਤਿਗੁਰੂ ਜੀ ਨੂੰ ਉਹਨਾਂ ਦੇ ਹਰਿਦਵਾਰ ਨਜਦੀਕ ਆਸ਼ਰਮ ਵਿੱਚ ਚਰਣ ਪਾਉਣ ਦੀ ਅਰਜ਼ ਕੀਤੀ। ਸਤਿਗੁਰੂ ਜੀ ਦਾ ਰੁਝੇਵਾਂ ਹੋਣ ਕਰਕੇ ਸਤਿਗੁਰੂ ਜੀ ਨੇ ਰਛਪਾਲ ਜੀ ਸੇਵਕ ਤੇ ਕੁੱਝ ਹੋਰ ਸਿੱਖਾਂ ਦੇ ਨਾਲ-ਨਾਲ ਮੈਨੂੰ ਵੀ ਹੁਕਮ ਕੀਤਾ ਕਿ ਤੁਸੀਂ ਆਯੁਰਵੈਦਿਕ ਡਾਕਟਰ ਹੋ ਤੇ ਤੁਸੀਂ ਵੀ ਉਹਨਾਂ ਦੇ ਆਸ਼ਰਮ ਵਿੱਚ ਜਾਕੇ ਆਉ। ਫੇਰ ਅਸੀਂ ਲੱਗਭੱਗ 5-7 ਜਣੇ ਉਹਨਾਂ ਦੇ ਆਸ਼ਰਮ ਵਿੱਚ ਗਏ ਤੇ ਉੱਥੇ ਸਵਾਮੀ ਰਾਮਦੇਵ ਜੀ ਨੇ ਸਾਡਾ ਬੜਾ ਨਿੱਘਾ ਸਵਾਗਤ ਕੀਤਾ ਤੇ ਉਹਨਾਂ ਨਾਲ ਆਯੁਰਵੇਦ, ਯੋਗ, ਹੋਮ ਜਗ,ਨਾਮਧਾਰੀ ਸੋਧ ਮਰਿਯਾਦਾ ਅਤੇ ਅਧਿਆਤਮ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਉਹਨਾਂ ਦੇ ਆਸ਼ਰਮ ਦੇ ਵੈਦ ਬਾਲ ਕ੍ਰਿਸ਼ਨ ਜੀ ਨਾਲ ਮਿਲ ਕੇ ਭੀ ਆਯੁਰਵੇਦ ਸੰਬਧੀ ਵਿਚਾਰ ਵਟਾਂਦਰਾ ਕੀਤਾ।

**ਇਲਾਜ ਲਈ ਸੋਧ ਦੀ ਦਵਾਈ ਤਿਆਰ ਕਰਵਾਉਣੀ**

ਇਸ ਤੋਂ ਅਲਾਵਾ ਸਮੇਂ ਸਮੇਂ ਸਿਰ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਸੱਦ ਕੇ ਕਦੇ ਸੋਧ ਦਾ ਚਵਨਪਰਾਸ਼ ਤਿਆਰ ਕਰਨ ਦਾ ਹੁਕਮ ਕਰਨਾ ਜਾਂ ਸੋਧ ਦਾ ਖਾਂਸੀ ਦਾ ਸ਼ਰਬਤ ਤਿਆਰ ਕਰਵਾਣਾ । ਫੇਰ ਆਪ ਜੀ ਹੁਕਮ ਕਰ ਕੇ ਬਿਰਧ ਆਸ਼ਰਮ ਵਿੱਚ ਬਿਰਧਾਂ ਦਾ ਅਤੇ ਹੋਰ ਭੀ ਸਿੱਖਾਂ ਸੇਵਕਾਂ ਦਾ ਇਲਾਜ ਕਰਵਾਉਣਾ।

ਇੱਕ ਵਾਰ ਹੁਕਮ ਕਰ ਕੇ ਕੇਰਲਾ ਪੰਚਕਰਮ ਅਨੁਸਾਰ ਟੇਬਲ ਤਿਆਰ ਕਰਵਾ ਕੇ ਅਭਿਅੰਗਮ ਤੇ ਸ਼ਿਰੋਧਾਰਾ ਆਦਿਕ ਇਲਾਜ ਵੀ ਕਰਵਾਏ।

**ਸ੍ਰੀ ਭੈਣੀ ਸਾਹਿਬ ਵਿਖੇ ਮੈਡੀਕਲ ਕੈਂਪ**

ਇੱਕ ਦਿਨ ਸੇਵਕ ਹਰਪਾਲ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸ੍ਰੀ ਭੈਣੀ ਸਾਹਿਬ ਵਿੱਚ ਆਯੁਰਵੈਦਿਕ ਕੈਂਪ ਲਗਾਇਆ ਜਾਵੇ। ਤਾਂ ਸ੍ਰੀ ਸਤਿਗੁਰੂ ਜੀ ਨੇ ਖੁਸ਼ੀ ਨਾਲ ਆਗਿਆ ਦੇ ਦਿੱਤੀ। ਉਸ ਤੋਂ ਬਾਅਦ ਕਈ ਮੇਲੇ ਲਗਾਤਾਰ ਸ੍ਰੀ ਭੈਣੀ ਸਾਹਿਬ ਵਿਖੇ ਆਯੁਰਵੈਦਿਕ ਮੈਡੀਕਲ ਕੈਂਪ ਲਗਦੇ ਰਹੇ ਤੇ ਕਾਫੀ ਸੰਗਤ ਨੇ ਉਹਨਾਂ ਕੈਂਪਾ ਦਾ ਲਾਭ ਉਠਾਇਆ। ਸ੍ਰੀ ਸਤਿਗੁਰੂ ਜੀ ਨੇ ਮੇਰਾ ਤੇ ਮੇਰੇ ਨਾਲ ਆਈ ਸਾਰੀ ਡਾਕਟਰਾਂ ਦੀ ਟੀਮ ਨੂੰ ਬੜੇ ਪਿਆਰ ਸਹਿਤ ਨਿਵਾਜਿਆ ਅਤੇ ਤੇ ਸਤਿਗੁਰੂ ਜੀ ਦੀ ਕਿਰਪਾ ਨਾਲ BBC ਰੇਡੀਓ ਵਾਲਿਆਂ ਨੇ ਕੈਂਪ ਦੌਰਾਨ ਮੇਰੀ ਇੰਟਰਵਿਊ ਭੀ ਲਈ।

**ਕੌਤਕ ਕਰਨੇ**

ਕਈ ਵਾਰ ਕੌਤਕ ਭੀ ਕਰਨੇ.... ਮੈਨੂੰ ਸੱਦ ਕੇ ਕਹਿਣਾ ਕਿ ਨਬਜ਼ ਚੈੱਕ ਕਰੋ ਤੇ ਨਬਜ਼ ਹੀ ਨਾ ਚੱਲਦੀ ਜਾਪਣੀ ਜਾਂ ਬਹੁਤ ਧੀਮੀ ਗਤੀ ਨਾਲ ਚਲਣੀ। ਫੇਰ ਕਦੇ ਪਿਆਰ ਨਾਲ ਬੈਠਾ ਕੇ ਪੁਰਾਤਨ ਤੇ ਵਿਲੱਖਣ ਭਾਰਤੀ ਵਿਦਿਆਵਾਂ ਬਾਰੇ ਜਾਣਕਾਰੀ ਦੇਣੀ ਅਤੇ ਸ਼ਗਿਰਦ ਤਿਆਰ ਕਰਣ ਵਾਸਤੇ, ਭਾਰਤੀ ਪਰੰਪਰਾ ਤੇ ਵਿੱਦਿਆ ਦੇ ਪਰਚਾਰ ਪ੍ਰਸਾਰ ਲਈ ਅਤੇ ਅਉਖੀਆਂ ਬੀਮਾਰੀਆਂ ਦਾ ਇਲਾਜ ਲੱਭਣ ਲਈ ਤੇ ਰਿਸਰਚ ਕਰਣ ਲਈ ਪਰੇਰਣਾ ਆਦਿਕ ....ਕਈ ਅਭੁੱਲ ਯਾਦਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਹਨ ਜੋ ਸਦਾ ਲਈ ਮੇਰੇ ਹਿਰਦੇ ਅੰਦਰ ਵੱਸੀਆ ਹਨ ਤੇ ਅੱਜ ਭੀ ਮੇਰੇ ਲਈ ਪ੍ਰੇਰਨਾ ਸਰੋਤ ਹਨ।

- - - - - - - - - - - - - - - -

# ਏਥੇ ਬੈਠ ਕੇ ਆਪ ਜੀ ਪ੍ਰਭੂ ਭਗਤੀ 'ਚ ਲੀਨ ਹੋਇਆ ਕਰਦੇ ਸੋ

**ਰਛਪਾਲ ਸਿੰਘ ਸੇਵਕ**

17 ਵੈਸਾਖ 2052 ਨੂੰ, ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸਤਿਗੁਰੂ ਜੀ ਨੇ ਸੁਲਤਾਨਪੁਰ ਲੋਧੀ ਦਰਸ਼ਨ ਦਿੱਤੇ। ਇੱਥੇ ਗੁਰਦੁਆਰਾ ਬੇਰ ਸਾਹਿਬ ਦੇ ਬਾਹਰ ਸੜਕ ਤੇ ਸੰਤ ਜਗਜੀਤ ਸਿੰਘ, ਗੁਰਮੇਲ ਸਿੰਘ ਚੀਮਾ ਐਮ. ਐਲ. ਏ, ਪਿੰਸੀਪਾਲ ਅਜੀਤ ਸਿੰਘ ਚੀਮਾ ਤੇ ਹੋਰ ਪਤਵੰਤੇ ਸੱਜਣ ਅਤੇ ਬਹੁਤ ਵੱਡੀ ਗਿਣਤੀ ਵਿਚ ਸਾਧ ਸੰਗਤ, ਹਾਰ ਹੱਥਾਂ 'ਚ ਫੜ ਕੇ ਆਪਣੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਸਵਾਗਤ ਕਰਨ ਲਈ ਖੜੇ ਸੀ। ਸਭ ਤੋਂ ਪਹਿਲਾਂ ਸੰਤ ਜੀ ਨੇ ਹਾਰ ਭੇਂਟ ਕੀਤਾ ਤੇ ਚਰਨੀਂ ਹੱਥ ਲਾਇਆ, ਫਿਰ ਸਾਧ ਸੰਗਤ ਨੇ ਹਾਰ ਪਾਕੇ ਚਰਨ ਪਰਸੇ। ਇਸ ਤੋਂ ਬਾਅਦ ਗੁਰਦੁਆਰੇ 'ਚ ਦਰਸ਼ਨ ਦਿੱਤੇ ਜਿਥੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਇਥੋਂ ਦੇ ਹੈਂਡ ਗ੍ਰੰਥੀ ਭਾਈ ਸਾਹਿਬ ਨੇ ਗਰੀਬ ਨਿਵਾਜ਼ ਜੀ ਨੂੰ ਪੀਲੇ ਰੰਗ ਦਾ ਪੱਲਾ ਭੇਂਟ ਕੀਤਾ ਤੇ ਸੰਤ ਜੀ ਨੂੰ ਵੀ ਦਿੱਤਾ। ਫਿਰ ਸੰਤਾਂ ਨੇ ਬੇਨਤੀ ਕੀਤੀ ਕਿ ਥੱਲੇ ਭੋਰਾ ਸਾਹਿਬ ਹੈ ਉਥੇ ਵੀ ਦਰਸ਼ਨ ਦਿਓ। ਭੋਰੇ 'ਚ ਗਏ ਤਾਂ ਸੰਤਾਂ ਨੇ ਸ਼ਰਧਾ ਭਾਵਨਾ ਸਹਿਤ ਬੇਨਤੀ ਕੀਤੀ ਕਿ ਏਥੇ ਬੈਠ ਕੇ ਆਪ ਜੀ ਪ੍ਰਭੂ ਭਗਤੀ 'ਚ ਲੀਨ ਹੋਇਆ ਕਰਦੇ ਸੋਂ, ਵੇਂਈ ਨਦੀ ਵਿਚੋਂ ਇਸ਼ਨਾਨ ਕਰਨ ਤੋਂ ਬਾਅਦ। ਇਹ ਗੁਰਦੁਆਰਾ ਵੇਂਈ ਨਦੀ ਦੇ ਕਿਨਾਰੇ ਹੀ ਬਣਿਆ ਹੋਇਆ ਹੈ।



ਉਪਰੰਤ ਚੀਮਾ ਜੀ ਦੇ ਪਿੰਡ ਬੂਸੋਵਾਲ ਦਰਸ਼ਨ ਦਿੱਤੇ। ਇਥੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ। ਇਥੇ ਹੀ ਵਿਸ਼ਰਾਮ ਕੀਤਾ। ਚੀਮਾ ਜੀ ਨੇ ਦੱਸਿਆ ਕਿ ਗਰੀਬ ਨਿਵਾਜ਼ ਜੀ ਦੀ ਹਾਜ਼ਰੀ ਵਿਚ ਇਹ ਮੇਲਾ 25 ਸਾਲ ਬਾਅਦ ਹੋ ਰਿਹਾ ਹੈ, ਇਸ ਤੋਂ ਪਹਿਲਾਂ ਮਾਰਚ 1970 ਵਿਚ ਹੋਇਆ ਸੀ।

ਗਰੀਬ ਨਿਵਾਜ ਜੀ ਪੰਡਾਲ 'ਚ ਦਰਸ਼ਨ ਦਿੱਤੇ। ਜਥੇਦਾਰ ਗਿਆਨ ਸਿੰਘ, ਜਥੇਦਾਰ ਅਜੈਬ ਸਿੰਘ ਜੀ ਦਾ ਦੀਵਾਨ ਸਜਿਆ ਹੋਇਆ ਸੀ। ਇਸ ਤੋਂ ਪਹਿਲਾਂ ਜਥੇਦਾਰ ਇਕਬਾਲ ਸਿੰਘ, ਜਥੇਦਾਰ ਦਲੀਪ ਸਿੰਘ ਮੁਹਾਵਾ, ਜਥੇਦਾਰ ਬਾਬਾ ਛਿੰਦਾ ਸਿੰਘ ਜੀ ਨੇ ਵੀ ਇਥੇ ਦੀਵਾਨ ਸਜਾਇਆ। ਉਪਰੰਤ ਨਾਮ ਸਿਮਰਨ ਹੋਇਆ, ਜਿਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਦਾ ਟੇਪ ਲੱਗਾ ।

ਨਿਤਨੇਮ ਦੀ ਸਮਾਪਤੀ ਤੋਂ ਬਾਦ ਜਥੇਦਾਰ ਨਰਿੰਜਨ ਸਿੰਘ ਨੀਲੀ ਦਸਤਾਰ ਵਾਲੇ, ਨਿਰਮਲ ਸਿੰਘ ਨੂਰ, ਗੁਰਮੇਲ ਸਿੰਘ ਚੀਮਾ ਐਮ. ਐਲ. ਏ., ਅਜੀਤ ਸਿੰਘ ਅਣਖੀ ਆਦਿ ਦੀਆਂ ਤਕਰੀਰਾਂ ਹੋਈਆਂ। ਚੀਮਾ ਜੀ ਨੇ ਤਕਰੀਰ ਕਰਦਿਆਂ ਕਿਹਾ ਕਿ ਮੈਨੂੰ ਜੋ ਵੀ ਮਾਣ ਮਿਲਿਆ ਹੈ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਮਿਲਿਆ। ਜਦੋਂ ਮੈਂ ਪਹਿਲੀ ਵਾਰ

ਚੋਣ ਲੜੀ ਤੇ ਹਾਰ ਗਿਆ, ਕਿਉਂਕਿ ਮੈਂ ਗਰੀਬ ਨਿਵਾਜ ਜੀ ਪਾਸ ਬੇਨਤੀ ਕੀਤੀ, ਜੀ ਕਿ ਮੈਨੂੰ ਟਿਕਟ ਲੈ ਦਿਓ ਜਿੱਤ ਮੈਂ ਆਪੇ ਲਵਾਂਗਾ। ਫਿਰ ਦੂਜੀ ਵਾਰ ਮੈਂ ਗਰੀਬ ਨਿਵਾਜ ਜੀ ਦੇ ਚਰਨਾਂ ਵਿੱਚ ਜਾ ਕੇ ਬੇਨਤੀ ਕੀਤੀ ਕਿ ਮੈਨੂੰ ਟਿਕਟ ਵੀ ਲੈ ਕੇ ਦਿਓ ਤੇ ਜਿਤਾਓ ਵੀ। ਸੋ ਦੂਜੀ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਜਿੱਤ ਪ੍ਰਾਪਤ ਹੋਈ।

ਉਪਰੰਤ ਸੰਤ ਜਗਜੀਤ ਸਿੰਘ ਜੀ(ਮਹੰਤ ਸੁਲਤਾਨਪੁਰ ਲੋਧੀ) ਨੇ ਭਾਸ਼ਣ ਦਿੰਦਿਆਂ ਕਿਹਾ ਕਿ ਇਕ ਵੇਰ ਮੈਂ ਕਰਨਾਲ ਚ ਰਹਿੰਦੇ ਨਾਮਧਾਰੀ ਪਰਿਵਾਰ (ਕਰਨੈਲ ਸਿੰਘ ਸੁਪੱਤਰ ਦਲੀਪ ਸਿੰਘ) ਦੇ ਘਰ ਗਿਆ। ਮੇਰਾ ਉਸ ਪਰਵਾਰ ਦੇ ਨਾਲ ਪਿਆਰ ਸੀ। ਸ਼ਾਮ ਦੇ ਵਕਤ ਮੈਂ ਰਹਿਰਾਸ ਦਾ ਪਾਠ ਕਰ ਰਿਹਾ ਸਾਂ ਤਾਂ ਕਰਨੈਲ ਸਿੰਘ ਦੀ ਧਰਮ ਪਤਨੀ ਮੇਰੇ ਪਾਸ ਆਕੇ ਕਹਿਣ ਲੱਗੀ ਕਿ ਸੰਤ ਜੀ ਅਰਦਾਸ ਕਰੋ ਮੇਰੇ ਘਰ ਪੁੱਤਰ ਹੋਵੇ। ਮੈਂ ਪਾਠ ਕਰੀ ਜਾਵਾਂ ਤਾਂ ਉਹ ਇਹ ਹੀ ਗੁਣ ਗਾਈ ਜਾਵੇ ਕਿ ਮੇਰੇ ਘਰ ਪੁੱਤਰ ਹੋਵੇ। ਮੈਨੂੰ ਦ੍ਰਿਸ਼ਟਾਂਤ ਹੋਇਆ ਕਿ ਬਾਬਾ (ਸ੍ਰੀ ਸਤਿਗੁਰੂ) ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹਨ ਤੇ ਮੈਨੂੰ ਹੁਕਮ ਕੀਤਾ ਇਹ ਪਰਿਵਾਰ ਸੋਧ ਨਹੀਂ ਰੱਖਦਾ, ਇਸ ਨੂੰ ਕਹੋ ਸੋਧ ਰੱਖਿਆ ਕਰੇ ਫਿਰ ਪੁੱਤਰ ਹੋ ਜਾਵੇਗਾ। ਇਸੇ ਤਰਾਂ ਹੀ ਮੈਂ ਦਲੀਪ ਸਿੰਘ ਨੂੰ ਬੁਲਾ ਕੇ ਕਿਹਾ ਕਿ ਤੁਸੀਂ ਸੋਧ ਰੱਖਿਆ ਕਰੋ ਪੁੱਤਰ ਹੋ ਜਾਵੇਗਾ ਸਤਿਗੁਰਾਂ ਦੀ ਕ੍ਰਿਪਾ ਨਾਲ।




ਸੰਤਾਂ ਨੇ ਦੱਸਿਆ ਕਿ ਦਲੀਪ ਸਿੰਘ ਕਹੇ 18 ਸਾਲ ਹੋ ਗਏ ਹਨ ਕਰਨੈਲ ਸਿੰਘ ਦੇ ਵਿਆਹ ਹੋਏ ਨੂੰ ਕੋਈ ਬੱਚਾ ਨਹੀਂ ਹੋਇਆ। ਮੈਂ ਤੇ ਇਸ ਦਾ ਦੂਜਾ ਵਿਆਹ ਕਰਨਾ ਹੈ। ਸੰਤਾਂ ਕਿਹਾ ਇਕ ਸਾਲ ਰੁੱਕ ਜਾਵੋ ਜੇ ਪੁੱਤਰ ਨਾ ਹੋਇਆ ਤਾਂ ਵਿਆਹ ਕਰ ਦੇਣਾ। ਸੰਤ ਦਾਅਵੇ ਨਾਲ ਇਸੇ ਲਈ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਵਿਸ਼ਵਾਸ਼ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ ਹੈ ਜੋ ਅਟੱਲ ਸੱਚਾਈ ਹੈ। ਸੰਤਾਂ ਦੱਸਿਆ ਕਿ ਕਈ ਸਾਲਾਂ ਬਾਅਦ ਕਰਨੈਲ ਸਿੰਘ ਮਾਛੀਵਾੜੇ ਮੈਨੂੰ ਮਿਲਿਆ ਤਾਂ ਮੈਂ ਉਸ ਨੂੰ ਪੁੱਛਿਆ, "ਕਿਵੇਂ ਪੁੱਤਰ ਹੋ ਗਿਆ ਸੀ?" ਉਸ ਕਿਹਾ ਕਿ ਉਸ ਤੋਂ ਬਾਅਦ ਤਿੰਨ ਪੁੱਤਰ ਹੋਰ ਹੋ ਗਏ ਹਨ। ਅਖੀਰ ਵਿਚ ਸੰਤਾਂ ਨੇ ਕਿਹਾ ਕਿ ਇਥੇ ਸਤਿਗੁਰੂ ਜੀ ਦੇ ਚਰਨਾਂ ਚ ਇਕੱਠੇ ਹੋਏ ਹਾਂ ਇਥੋਂ ਮੰਗ ਮੰਗੇ।

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੇ ਰਖਾ ਸਮਾਲਿ॥

ਉਪਰੰਤ ਪ੍ਰਿੰਸੀਪਲ ਚੀਮਾਂ ਨੇ ਸ੍ਰੀ ਸਤਿਗੁਰੂ ਜੀ ਦਾ ਤੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਤੇ ਬੇਨਤੀ ਕੀਤੀ ਸੂਬਾ ਸੋਹਨ ਸਿੰਘ ਦੇ ਪਰਿਵਾਰ 'ਚ ਸਿੱਖੀ ਦੀ ਦਾਤ ਬਖਸ਼ੋ। ਇਸ ਘਰ ਵਿਚ ਮੈਂ ਇਕੱਲਾ ਹੀ ਨਾਮਧਾਰੀ ਪਹਿਰਾਵੇ ਵਿੱਚ ਰਹਿੰਦਾ ਹਾਂ ਹੋਰ ਕੋਈ ਨਹੀਂ।

ਅਖੀਰ ਵਿਚ ਗਰੀਬ ਨਿਵਾਜ਼ ਜੀ ਨੇ ਕਲਜੁਗੀ ਜੀਵਾਂ ਦੇ ਭਲੇ ਲਈ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਪਵਿੱਤਰ ਉਪਦੇਸ਼ ਦਿੱਤਾ।

\- - - - - - - - - - - - - - -

# ਪ੍ਰੇਰਕ ਯਾਦ ਟੁਕੜੀਆਂ
## ਗੁਰ-ਗਾਥਾ

**ਹਰਪਾਲ ਸਿੰਘ ਸੇਵਕ**

ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਅਸ਼ੀਰਵਾਦ ਜਾਂ ਸਦ-ਉਪਦੇਸ਼ ਦੇਣ ਵਾਲੇ ਧਾਰਮਿਕ ਰਹਿਨੁਮਾ ਹੀ ਨਹੀਂ, ਸਗੋਂ ਕਰਮਯੋਗੀ ਵੀ ਸਨ। ਆਪ ਜੀ ਬਣੇ ਸੰਵਰੇ-ਰਾਹਾਂ ਤੇ ਨਹੀਂ ਸਨ ਚੱਲਦੇ ਸਗੋਂ ਆਪ ਜੀ ਦਾ ਚਲਣਾ ਹੀ ਨਵੇਂ ਰਸਤਿਆਂ ਨੂੰ ਜਨਮ ਦੇਂਦਾ ਸੀ। ਆਪ ਜੀ ਦਾ ਹਰ ਕਿਸੇ ਨੂੰ ਅਪਣੱਤ ਨਾਲ ਨਿਵਾਜਣਾ, ਪ੍ਰੇਮ ਅਤੇ ਨਿਮਰਤਾ ਨਾਲ ਓਤਪ੍ਰੋਤ, ਮੁੱਖ ਮੰਡਲ ਤੇ ਸਦਾ ਬਹਾਰ ਮੁਸਕਾਨ, ਪ੍ਰੇਮ-ਪਰੁੱਚੇ ਮਿਕਨਾਤੀਸੀ ਬੋਲ ਹਰ ਕਿਸੇ ਨੂੰ ਕੀਲ ਲੈਂਦੇ। ਵੱਡੇ ਅਰਥਾਂ ਵਾਲੇ ਛੋਟੇ-ਛੋਟੇ ਬਚਨ, ਧੀਰਜ ਅਤੇ ਸੰਜਮ ਆਪ ਜੀ ਦਾ ਸਹਿਜ-ਸੁਭਾਅ ਸੀ। ਆਪ ਜੀ ਦੇ ਸ਼ਰਧਾਲੂਆਂ ਵਿੱਚ ਕੇਵਲ ਨਾਮਧਾਰੀ ਸਿੱਖ ਹੀ ਨਹੀਂ ਸਗੋਂ ਗੈਰ ਨਾਮਧਾਰੀ ਸਿੱਖ, ਹਿੰਦੂ, ਮੁਸਲਮਾਨ, ਈਸਾਈ ਵੀ ਸਨ। ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲੇ ਕਾਮਰੇਡ ਵੀ ਆਪ ਜੀ ਦੇ ਪ੍ਰੇਮ-ਪਾਸ਼ ਵਿੱਚ ਬੱਝੇ ਹੋਏ ਸਨ। ਵਿਸ਼ੇਸ਼ ਕਰਕੇ ਸੂਖਮਭਾਵੀ ਸੱਜਣ, ਸਾਹਿਤਕਾਰ, ਸੰਗੀਤਕਾਰ, ਕਲਾਕਾਰ ਆਦਿ ਤਾਂ ਆਪ ਜੀ ਦੀ ਵਿਸ਼ੇਸ਼ ਬਖਸ਼ਿਸ਼ ਦੇ ਪਾਤਰ ਹੋਇਆ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਸਭ ਦੇ ਸਨ, ਸਭ ਸਤਿਗੁਰੂ ਜੀ ਦੇ ਸਨ।

ਨਾਮਧਾਰੀ ਸਿੱਖ ਸਮਾਜ ਵਿੱਚ ਤਾਂ ਗੁਰੂ ਅਤੇ ਸਿੱਖਾਂ ਦਾ ਸੰਬੰਧ ਕਿਸੇ ਵੀ ਦੁਨਿਆਵੀ ਰਿਸ਼ਤੇ-ਨਾਤਿਆਂ ਨਾਲੋਂ ਨਜਦੀਕੀ ਤੇ ਗੂੜ੍ਹਾ ਹੈ। -ਪ੍ਰਸਿਧ ਕਹਾਣੀਕਾਰ ਸਰਦਾਰ ਵਰਿਆਮ ਸਿੰਘ ਸੰਧੂ ਨੇ ਇਕ ਸਾਹਿਤ ਸਭਾ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਸੀ ਕਿ ਇੱਕੋ ਇੱਕ ਨਾਮਧਾਰੀ ਸਮਾਜ ਹੈ ਜਿਥੇ ਗੁਰੂ ਅਤੇ ਸਿੱਖਾਂ ਦੇ ਸੰਬੰਧ ਇਕ ਪਰਿਵਾਰਕ ਸਾਂਝ ਵਾਂਗ ਹਨ।" ਪਰਿਵਾਰਕ ਸਾਂਝ ਤੋਂ ਵੀ ਅੱਗੇ- ਵੇਖਿਆ ਹੈ ਕਿ ਬਹੁਤ ਸਾਰੇ ਬੱਚੇ-ਬੱਚੀਆਂ, ਨੌਜੁਆਨ ਨਾਮਧਾਰੀ ਆਪਣੀ ਕੋਈ ਨਿੱਜ ਸਮੱਸਿਆ ਜੋ ਆਪਣੇ ਮਾਪਿਆਂ ਨਾਲ ਵੀ ਸਾਂਝੀ ਨਹੀਂ ਸਨ ਕਰ ਸਕਦੇ, ਉਹ ਸਤਿਗੁਰੂ ਜੀ ਪਾਸ ਅਰਜ਼ ਕਰਦੇ। ਸਤਿਗੁਰੂ ਜਗਜੀਤ ਸਿੰਘ ਬਾਲਾਂ ਨਾਲ ਬਾਲ, ਨੌਜੁਆਨਾਂ ਨਾਲ ਹਾਣੀਆਂ ਵਾਂਗ ਅਤੇ ਬਜ਼ੁਰਗਾਂ ਨਾਲ ਅਪਣੱਤ ਨਾਲ ਮਿਲਦੇ, ਕਿਸੇ ਨੂੰ ਅਣਗੌਲੇ ਜਾਣ ਦਾ ਅਹਿਸਾਸ ਤੱਕ ਨਾ ਹੋਣ ਦੇਂਦੇ, ਹਰ ਕਿਸੇ ਨੂੰ ਯਾਦ ਰੱਖਦੇ, ਕਈਆਂ ਨੂੰ ਵਰ੍ਹਿਆਂ ਬਾਅਦ ਮਿਲਣ ਤੇ ਵੀ ਨਾਮ ਲੈ ਕੇ ਬੁਲਾਉਂਦੇ ਤਾਂ ਉਹ ਸੱਜਣ ਕੀਲਿਆ ਜਾਂਦਾ। ਅਨੇਕਾਂ ਪਹਿਲੂ ਹਨ ਕਿ ਆਪ ਜੀ ਨੇ ਕਿੰਨਿਆਂ ਨੂੰ ਉਲਝਣਾਂ ਚੋਂ ਕੱਢਿਆ, ਝਗੜਿਆਂ, ਕਤਲਾਂ ਦੇ ਫੈਸਲੇ ਕਰਵਾ ਕੇ, ਇਕ ਦੂਸਰੇ ਦੇ ਪੈਰੀਂ ਹੱਥ ਲਵਾ ਕੇ ਉਨ੍ਹਾਂ ਦੀ ਜਿੰਦਗੀ ਚੋਂ ਦੁਸ਼ਮਣੀ ਸਦਾ ਲਈ ਖਤਮ ਕਰ ਦਿੱਤੀ। ਕਿੰਨੇ ਰਿਸ਼ਤੇ ਟੁੱਟਣੋਂ ਬਚਾਏ। ਗੁਮਰਾਹ ਹੋਏ ਨੌਜੁਆਨਾਂ ਨੂੰ ਸਦ ਮਾਰਗ ਤੇ ਤੋਰਿਆ। ਆਪ ਜੀ ਨੇ ਬਚਨ ਅਤੇ ਕਰਮ ਦੀ ਸ਼ਕਤੀ ਨਾਲ ਸਮੇਂ ਨੂੰ ਬਦਲਿਆ। ਆਪ ਜੀ ਦਾ ਸਹਿਜ-ਅਵਸਥਾ ਵਿੱਚ ਵਿਚਰਨਾ ਵੀ ਪ੍ਰੇਰਣਾ-ਸ੍ਰੋਤ ਅਤੇ ਮਾਰਗ-ਦਰਸ਼ਨ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਸਾਗਰ ਦੇ ਮਾਨਸਰੋਵਰ ਚੋਂ ਕੁਝ ਕੁ ਯਾਦ ਟੁਕੜੀਆਂ, ਪ੍ਰੇਰਕ ਕਥਾਂਵਾਂ ਦੇ ਸੁੱਚੇ ਮੋਤੀ ਪਾਠਕਾਂ ਨਾਲ ਸਾਂਝੇ ਕਰਦਾ ਹਾਂ।

ਇਕ ਵੇਰ ਪੰਡਤ ਗੋਪਾਲ ਸਿੰਘ ਜੀ ਦੇ ਡੇਰੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚੌਗਿਰਦੇ ਵਿਦਵਾਨ ਸੱਜਣਾਂ ਦੀ ਮੰਡਲੀ ਬੈਠੀ ਹੋਈ ਸੀ, ਆਪਣੇ ਹੱਥਾਂ ਵਿੱਚ ਤੁਕ ਤਤਕਰਾ, ਮਹਾਨ ਕੋਸ਼, ਸੈਂਚੀਆਂ, ਗੁਰਬਾਣੀ ਸ਼ਬਦਾਰਥ ਆਦਿ ਸਭ ਨੇ ਫੜੇ ਹੋਏ ਸਨ, ਗੁਰਬਾਣੀ ਵੀਚਾਰ, ਗਿਆਨ ਗੋਸ਼ਟੀ ਚਲ ਰਹੀ ਸੀ। ਇਸੇ ਦੌਰਾਨ ਦਰਸ਼ਨ ਅਭਿਲਾਸ਼ੀ, ਕੁਝ ਭਗਵੇਂ ਕਪੜਿਆਂ ਵਿੱਚ, ਸਾਧੂ ਆਏ। ਅਰਜ਼ ਹੋਈ, ਸਤਿਗੁਰੂ ਜੀ ਨੇ ਇਸੇ ਸਭਾ ਵਿੱਚ ਹੀ ਆਉਣ ਦੀ ਆਗਿਆ ਦੇ ਦਿੱਤੀ। ਸਾਧੂ-ਸੱਜਣ ਵੀ ਨਮਸਕਾਰ ਕਰ ਬੈਠ ਗਏ। ਅਧਿਆਤਮਕ ਗਿਆਨ ਚਰਚਾ ਉਸੇ ਤਰ੍ਹਾਂ ਚਲਦੀ ਰਹੀ। ਕੁਝ ਸਮੇਂ ਬਾਅਦ ਇਸ ਸਾਧੂ ਮੰਡਲੀ ਚੋਂ ਇਕ ਮਹਾਤਮਾ ਨੇ ਸਤਿਗੁਰੂ ਜੀ ਨੂੰ ਇਕ ਸਵਾਲ ਕੀਤਾ- "ਗੁਰੂ ਜੀ, ਆਪਕੇ ਔਰ, ਆਪ ਕੇ ਸੇਵਕੋਂ ਕੇ, ਏਕ ਜੈਸੇ ਹੀ ਕਪੜੇ ਹੈ, ਸਭੀ ਬਰਾਬਰ ਬੈਠੇ ਹੂਏ ਹੋ, ਦੇਖਨੇ ਮੇਂ ਸਭੀ ਏਕ ਜੈਸੇ ਲਗਤੇ ਹੋ, ਫਿਰ ਆਪ ਮੇਂ ਔਰ ਆਪਕੇ ਇਨ ਸੇਵਕੋਂ ਮੇਂ ਕਿਆ ਅੰਤਰ ਹੈ।'

"ਮੇਰੇ ਮੇਂ ਔਰ ਇਨਮੇਂ ਤੋਂ ਬਹੁਤ ਅੰਤਰ ਹੈ।" -ਸਤਿਗੁਰੂ ਜੀ ਨੇ ਇਸਤਰ੍ਹਾਂ ਬਚਨ ਕਰਕੇ ਉਸ ਮਹਾਤਮਾ ਦੀ ਉਤਸੁਕਤਾ ਹੋਰ ਵਧਾ ਦਿੱਤੀ। ਉਹ ਸੋਚਦੇ ਹੋਣਗੇ ਕਿ ਹੁਣ ਸਤਿਗੁਰੂ ਜੀ ਆਪਣੀ ਮਹਾਨਤਾ ਦੱਸਣਗੇ।

"ਕਿਆ ਅੰਤਰ ਹੈ?"

"ਜੋ ਗੁਣ ਇਨ ਸਭ ਮੇਂ ਹੈਂ, ਵੋ ਮੁਝ ਮੇਂ ਨਹੀਂ ਹੈਂ।" ਸ੍ਰੀ ਸਤਿਗੁਰੂ ਜੀ ਦੀ ਨਿਮਰਤਾ ਦੀ ਸਿਖਰ ਦੇ ਇਸ ਬਚਨ ਨੇ ਉਸ ਸਾਧੂ ਦੀ ਇਸ ਤਰ੍ਹਾਂ ਤਸੱਲੀ ਕਰਵਾਈ ਕਿ ਅੱਗੋਂ ਹੋਰ ਸਵਾਲ ਨਹੀਂ ਕੀਤਾ, ਗੁਰੂ-ਚਰਨਾਂ ਤੇ ਸੀਸ ਨਿਵਾ ਕੇ ਕਿਹਾ- 'ਪੂਰਨ ਪੁਰਖੁ ਹੀ ਇਤਨੀ ਬੜੀ ਜਗਹ ਹੋ ਕਰ ਭੀ ਇਤਨਾ ਨਿਰਮਾਣ ਹੋ ਸਕਤਾ ਹੈ' -ਇਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਹੀ ਸਨ ਜਿਨਾਂ ਨੇ ਗੁਰਬਾਣੀ ਨੂੰ ਆਤਮ-ਸਾਤ ਕੀਤਾ ਹੋਇਆ ਸੀ-

'ਆਪਸ ਕਉਨ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥

ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਣ ਉਪਰੰਤ ਵੀ ਆਪਣੇ ਸਿੱਖਾਂ-ਸੇਵਕਾਂ ਨੂੰ ਤੁਸੀਂ ਅਤੇ ਜੀ ਕਹਿ ਕੇ ਬੁਲਾਉਂਦੇ। ਜਿਨਾਂ ਤੋਂ ਗਤਕਾ ਸਿੱਖਿਆ, ਉਸਤਾਦ ਨੱਥਾ ਸਿੰਘ ਜੀ ਨੂੰ ਹਮੇਸ਼ਾਂ ਆਪ ਜੀ 'ਉਸਤਾਦ ਜੀ' ਕਹਿ ਕੇ ਨਿਵਾਜਦੇ। ਸਹਿਪਾਠੀ: ਕਵੀ ਪ੍ਰੀਤਮ ਸਿੰਘ, ਕੁੰਨਣ ਸਿੰਘ ਨਕਈ, ਪੰਡਤ ਰਜਿੰਦਰ ਸਿੰਘ ਆਦਿ ਨੂੰ ਕਵੀ ਜੀ, ਨਕਈ ਜੀ, ਪੰਡਤ ਜੀ ਕਹਿ ਕੇ ਬੁਲਾਉਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਵਾਜੇ ਸਿੱਖਾਂ ਨੂੰ ਵਿਸ਼ੇਸ਼ ਸਤਿਕਾਰ ਦੇਂਦੇ। ਜਿਵੇਂ ਪੰਡਤ ਗੋਪਾਲ ਸਿੰਘ, ਸਰਦਾਰ ਭਗਤ ਸਿੰਘ ਘੋੜਿਆਂ ਵਾਲਾ, ਸੰਤ ਰਤਨ ਸਿੰਘ ਜੀ ਆਦਿ। ਵੱਡ ਪ੍ਰਤਾਪੀ ਜੀ ਦੇ ਸਭ ਤੋਂ ਨਜ਼ਦੀਕੀ ਅਤੇ ਅਪਾਰ ਬਖਸ਼ਿਸ਼ ਦੇ ਪਾਤਰ ਭਾਈ ਵਜ਼ੀਰ ਸਿੰਘ ਜੀ ਨੂੰ ਏਨਾ ਸਤਿਕਾਰ ਦੇਣਾ। ਗੁਰਦੇਵ ਸਿੰਘ ਲੰਬੜਦਾਰ ਜੀ ਨੇ ਦੱਸਿਆ ਕਿ ਮੈਂ ਵੀ ਜੀਵਨ ਨਗਰ ਸਾਂ, 12-13 ਸਾਲ ਦਾ ਹੋਵਾਗਾਂ, ਭਾਈ ਜੀ ਜਿਆਦਾ ਕਮਰੇ 'ਚ ਰਹਿੰਦੇ, ਵੈਰਾਗੀ ਰਹਿਣਾ। ਸ੍ਰੀ ਸਤਿਗੁਰੂ ਜੀ ਨੇ ਜਦੋਂ ਜੀਵਨ ਨਗਰ ਹੋਣਾ, ਆਸਾ ਦੀ ਵਾਰ ਤੋਂ ਬਾਅਦ ਭਾਈ ਜੀ ਦਾ ਪਤਾ ਲੈਣ ਜਾਣਾ। ਭਾਈ ਜੀ ਨੂੰ ਦੱਸਣਾ ਕਿ ਅੱਜ ਦਾ ਐਹ ਪ੍ਰੋਗਰਾਮ ਹੈ, ਐਸ-ਐਸ ਨਗਰ ਜਾਣਾ ਹੈ। ਸ਼ਾਮ ਨੂੰ ਆ ਕੇ ਫੇਰ ਦਰਸ਼ਨ ਦੇਣੇ ਅਤੇ ਸਾਰੇ ਦਿਨ ਦੀਆਂ ਗਤੀਵਿਧੀਆਂ ਬਾਰੇ ਦੱਸਣਾ।

ਜੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਸਿੱਖਾਂ ਵਲੋਂ ਅਰਜਾਂ ਹੋਣੀਆਂ, ਘਰਾਂ ਵਿੱਚ ਚਰਨ ਪਾਉਣ ਬਾਰੇ, ਜਾਂ ਕਿਸੇ ਵੇਲੇ ਸਿੱਖਾਂ ਦੀਆਂ ਅਰਜ਼ਾਂ ਸੁਨਣ ਲਈ ਸਮਾਂ ਰਾਖਵਾਂ ਹੋਣਾ ਤਾਂ ਸ੍ਰੀ ਸਤਿਗੁਰੂ ਜੀ ਨੇ ਕਦੇ ਨਹੀਂ ਸੀ ਕਿਹਾ ਕਿ ਚਰਨ ਪਾਉਣ ਜਾਣਾ ਹੈ- ਹਮੇਸ਼ਾਂ ਇਸ ਤਰ੍ਹਾਂ ਬਚਨ ਕਰਨਾ, ਐਸ ਵਕਤ ਘਰਾਂ ਵਿੱਚ ਜਾਣਾ ਹੈ, ਐਸ ਵਕਤ ਸਾਧ ਸੰਗਤ ਦੇ ਦਰਸ਼ਨ ਕਰਨੇ ਹਨ। ਏਥੋਂ ਤੱਕ ਕਿ ਆਪ ਜੀ ਆਪਣੇ ਮਹਿਲ ਮਾਤਾ ਚੰਦ ਕੌਰ ਜੀ ਨੂੰ ਕਦੇ 'ਤੂੰ, ਕਹਿ ਕੇ ਨਹੀਂ ਸਨ ਬੁਲਾਉਂਦੇ, ਤੁਸੀਂ ਕਹਿ ਕੇ ਜਾਂ ਮੇਰੀ ਸਿੰਘਨੀ ਕਹਿ ਕੇ ਸੰਬੋਧਨ ਕਰਨਾ। ਆਪਣੇ ਛੋਟੇ ਭਰਾ ਨੂੰ 'ਮਹਾਰਾਜ ਜੀ, ਕਹਿ ਕੇ ਨਿਵਾਜਣਾ। ਮਹਾਰਾਜ ਜੀ ਦੇ ਘਰੋਂ ਬੇਬੇ ਦਲੀਪ ਕੌਰ ਜੀ ਨੂੰ 'ਬੀਜੀ' ਆਖ ਕੇ ਸੰਬੋਧਨ ਕਰਨਾ।

ਸ੍ਰੀ ਸਤਿਗੁਰੂ ਜੀ ਵੱਡੇ ਅਮਰਾਸਰ ਮਾਸਟਰ ਅਮਰੀਕ ਸਿੰਘ ਜੀ ਦੀ ਬਿਰਧ ਮਾਤਾ ਨੂੰ ਦਰਸ਼ਨ ਦੇਣ ਜਾਇਆ ਕਰਦੇ ਸਨ। ਮਾਸਟਰ ਜੀ ਦੇ ਛੋਟੇ ਭਰਾ ਜਥੇਦਾਰ ਸੁਦਰਸ਼ਨ ਸਿੰਘ ਦੇ ਘਰ ਗਏ। ਮਾਸਟਰ ਜੀ ਨੇ ਅਵਾਜ਼ ਮਾਰੀ- ਸੁਦਰਸ਼ਨ, ਸੱਚੇਪਾਤਸ਼ਾਹ ਜੀ ਆਏ ਹਨ- ਸ੍ਰੀ ਸਤਿਗੁਰੂ ਜੀ ਨੇ ਮਾਸਟਰ ਜੀ ਨੂੰ ਬਚਨ ਕੀਤਾ: "ਮਾਸਟਰ ਜੀ, ਸੁਦਰਸ਼ਨ ਸਿੰਘ ਭਾਵੇਂ ਤੁਹਾਡਾ ਛੋਟਾ ਭਰਾ ਹੈ ਪਰ ਉਹ ਨਾਮਧਾਰੀ ਪੰਥ ਦਾ ਜਥੇਦਾਰ ਹੈ, ਤੁਸੀਂ ਉਸਨੂੰ ਜਥੇਦਾਰ ਜੀ ਕਹਿ ਕੇ ਬੁਲਾਇਆ ਕਰੋ।"

ਕਈ ਵੇਰ ਗਰਮੀਆਂ ਦੇ ਦਿਨਾਂ ਵਿੱਚ ਪਿੰਡਾਂ ਥਾਵਾਂ ਵਿੱਚ ਜਿੱਥੇ ਬਿਜਲੀ ਦੇ ਪੱਖਿਆਂ ਦਾ ਪ੍ਰਬੰਧ ਨਾ ਹੋਣਾ ਤਾਂ ਦੀਵਾਨ ਸਮੇਂ ਹੱਥ ਨਾਲ ਝੱਲਣ ਵਾਲੇ ਪੱਖੇ ਜੇ ਥੋੜੇ ਹੋਣੇ। ਕੋਈ ਸਿੱਖ ਆ ਕੇ ਸਤਿਗੁਰੂ ਜੀ ਪਾਸ ਪੱਖਾ ਝੱਲਣ ਲੱਗਦਾ ਤਾਂ ਆਪ ਜੀ ਹੁਕਮ ਕਰਨਾ -ਮੈਨੂੰ ਲੋੜ ਨਹੀਂ ਸੰਗਤ ਨੂੰ ਪੱਖੇ ਝੱਲੋ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕੁੱਚਜਾ-ਪਣ ਅਤੇ ਬੇਸੁਰਾ ਕਦੇ ਵੀ ਪ੍ਰਵਾਨ ਨਹੀਂ ਸੀ ਹੁੰਦਾ। ਸੰਨ 1990-91 ਦੀ ਗੱਲ ਹੋਵੇਗੀ, ਗਰਮੀਆਂ ਦੇ ਦਿਨ ਸਨ, ਨਕੋੜੇ ਪਿੰਡ ਨਾਮ ਸਿਮਰਨ ਹੋ ਰਿਹਾ ਸੀ, ਸੇਵਾਦਾਰ ਹੱਥ ਵਾਲੇ ਵੱਡੇ ਪੱਖਿਆਂ ਨਾਲ ਸੇਵਾ ਕਰ ਰਹੇ ਸਨ। ਨਾਮ ਸਿਮਰਨ ਦੀ ਅਰਦਾਸ ਉਪਰੰਤ ਕੀਰਤਨ ਤੋਂ ਪਹਿਲਾਂ ਜਦ ਸੰਗਤ ਬੈਠ ਗਈ, ਸ੍ਰੀ ਸਤਿਗੁਰੂ ਜੀ ਨੇ ਇੱਕ ਪੱਖਾ ਮੰਗਵਾ ਕੇ, ਆਸਣ ਤੇ ਹੀ ਖੜੇ ਹੋ ਕੇ ਸੇਵਾਦਾਰਾਂ ਨੂੰ ਸੰਬੋਧਨ ਹੁੰਦਿਆਂ ਪੱਖਾਂ ਝੱਲਣ ਦੀ ਜਾਚ ਦੱਸੀ। ਆਪ ਜੀ ਦੱਸਿਆ ਕਿ ਜਿਵੇਂ ਤੁਸੀਂ ਪੱਖਾ ਝੱਲਦੇ ਹੋ ਹਵਾ ਥੱਲੇ ਘੱਟ ਜਾਂਦੀ ਹੈ, ਸਾਮ੍ਹਣੇ ਜਾਂਦੀ ਹੈ, ਥੋੜਾ ਥਾਂ ਕਵਰ ਹੁੰਦਾ ਹੈ। ਇਕ ਹੱਥ ਨਾਲ ਫੜਕੇ, ਲੰਬੀ ਬਾਂਹ ਕਰਕੇ ਸਹਿਜ ਨਾਲ ਪੱਖਾ ਝੱਲੋ, ਥਾਂ ਵੀ ਜਿਆਦਾ ਕਵਰ ਹੋਵੇਗੀ। ਤੁਰ ਫਿਰ ਕੇ ਨਾ ਝੱਲੋ, ਨਾਮ-ਸਿਮਰਨ ਕਰਦੀ ਸੰਗਤ ਦਾ ਧਿਆਨ ਉਖੜਦਾ ਹੈ, ਰਸਤੇ ਤੇ ਨੇੜੇ ਨਾ ਹੋਵੋ ਤਾਂ ਕਿ ਦੀਵਾਨ ਵਿੱਚ ਆ ਰਹੇ ਕਿਸੇ ਨੂੰ ਨਾ ਲੱਗੇ। ਰਸਨਾ ਕਰਕੇ ਨਾਮ ਜੱਪੋ ਅਤੇ ਇੱਕ ਜਗ੍ਹਾ ਖਲੋ ਕੇ ਸਹਿਜ ਨਾਲ ਪੱਖਾ ਝੱਲਿਆ ਕਰੋ।

ਬਾਗ ਵਾਲੀ ਕੋਠੀ ਵਿੱਚ (ਸ੍ਰੀ ਭੈਣੀ ਸਾਹਿਬ) ਕਈ

ਕਿਸਮ ਦੇ ਪੰਛੀ ਸਵੇਰੇ ਸ਼ਾਮ ਬੜੀ ਰੌਣਕ ਲਾਉਂਦੇ, ਤਰ੍ਹਾਂ-ਤਰ੍ਹਾਂ ਦੀਆਂ ਸੁਰੀਲੀਆਂ ਅਵਾਜ਼ਾਂ ਆਉਂਦੀਆਂ, ਮੋਰ ਪੈਲਾਂ ਪਾਉਂਦੇ, ਬੁਲਬੁਲਾਂ ਤੇ ਕੋਇਲਾਂ ਗੀਤ ਗਾਉਂਦੀਆਂ। ਸਤਿਗੁਰੂ ਜੀ ਆਪ ਮੋਰਾਂ ਨੂੰ ਚੋਗ ਚੁਗਾਉਂਦੇ। ਇਕ ਵੇਰ ਗੁਰਮੁਖ ਸਿੰਘ ਨੂੰ ਹੁਕਮ ਕੀਤਾ ਕਿ ਐਹ ਮੌਲਸਰੀ ਦੇ ਸੰਘਣੇ ਪੱਤਿਆਂ ਵਾਲੇ ਰੁੱਖ ਤੇ ਮਾਈਕ ਲਾ ਕੇ, ਇਨ੍ਹਾਂ ਪੰਛੀਆਂ ਦੀਆਂ ਅਵਾਜ਼ਾਂ ਰਿਕਾਰਡ ਕਰੋ। ਕਿੰਨੇ ਸੁਰੀਲੇ ਹਨ, ਪਰ ਜੇ ਕਿਤੇ ਇਨ੍ਹਾਂ ਪੰਛੀਆਂ ਵਿੱਚ ਬੇਸੁਰੇ ਕਾਂ ਆ ਕੇ ਕਾਵਾਂ ਰੌਲੀ ਪਾਉਂਦੇ ਤਾਂ ਉਨ੍ਹਾਂ ਨੂੰ ਉਸੇ ਵੇਲੇ ਉਡਾਉਣ ਦਾ ਹੁਕਮ ਦੇਂਦੇ। -ਜੇ ਕਿਤੇ ਨੇੜੇ-ਤੇੜੇ ਕੁੱਤੇ ਭੌਂਕਦੇ ਦੀ ਆਵਾਜ਼ ਸੁਣਦੇ ਤਾਂ ਕੁੱਤਿਆਂ ਨੂੰ ਦੂਰ ਭਜਾਉਣ ਦਾ ਹੁਕਮ ਦੇਂਦੇ, ਕਿਉਂਕਿ ਕੁੱਤਾ ਤੇ ਕਾਂ ਬੇਸੁਰੇ ਹਨ, ਅਸੁਰ ਹਨ। ਕੁੱਤਿਆਂ ਨੂੰ ਭਜਾਉਣ ਦਾ ਇਕ ਬਚਨ ਸਤਿਗੁਰੂ ਸੱਚੇ ਪਾਤਸ਼ਾਹ ਆਪ ਸੁਣਾਇਆ: "ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਦੋਂ ਅਸੀਂ ਵਿਦਿਆਲੇ ਵਿੱਚ ਪੜ੍ਹਦੇ ਸਾਂ। ਮੈਂ ਤੇ ਨਕਈ ਦੌੜਦੇ ਬਹੁਤ ਸਾਂ, ਪੰਜ ਮਿੰਟਾਂ ਵਿੱਚ ਇਕ ਮੀਲ (ਭਾਵ ਡੇਢ ਕਿਲੋਮੀਟਰ ਤੋਂ ਵੱਧ), ਸਮਾਂ ਸੀ ਸਾਡੀ ਲੰਬੀ ਰੇਸ ਦਾ, ਭੈਣੀ ਸਾਹਿਬ ਤੋਂ 8-9 ਕਿਲੋਮੀਟਰ ਹੈ, ਸਰਹੰਦ ਨਹਿਰ ਕੰਢੇ ਨਾਮਧਾਰੀ ਡੇਰਾ ਹੈ, ਕਈ ਵੇਰ ਭੈਣੀ ਸਾਹਿਬੋਂ ਭੱਜ ਕੇ ਹੀ ਜਾਣਾ। ਉਥੇ ਤੈਰਨਾ, ਨਹਾਉਣਾ ਫੇਰ ਭੱਜ ਕੇ ਹੀ ਵਾਪਸ ਆ ਜਾਣਾ। ਜਾਂਦਿਆਂ ਵੀ ਪਸੀਨੋ ਪਸੀਨੀ ਤੇ ਆਉਂਦਿਆਂ ਵੀ। ਉਦੋਂ ਮੈਂ ਸੋਚਦਾ ਹੁੰਦਾ ਸਾਂ ਕਿ ਡੰਡ ਮਾਰਦਿਆਂ, ਘੁਲਦਿਆਂ ਤੇ ਸਾਹ ਚੜ੍ਹੇ, ਭਜਦਿਆਂ ਕੀ ਸਾਹ ਚੜ੍ਹਨਾ ਹੋਇਆ। ਏਥੇ ਕੁਝ ਕੁੱਤੇ ਸਨ, ਕਈ ਵੇਰ ਘੋੜਿਆਂ ਨੂੰ ਤੰਗ ਕਰਦੇ ਸਨ। ਇਕ ਦਿਨ ਮੈਂ ਤੇ ਕੁੰਨਣ ਸਿੰਘ ਨਕਈ ਨੇ ਸਲਾਹ ਕੀਤੀ ਕਿ ਅੱਜ ਕੁੱਤੇ ਭਜਾਉਣੇ ਹਨ। ਅਸਾਂ ਦੋਹਾਂ ਨੇ ਰੇਤਾ ਦੇ ਟਿੱਬਿਆਂ ਤੇ ਕੁੱਤਿਆਂ ਨੂੰ ਏਨਾ ਭਜਾਇਆ ਕਿ ਉਹ ਹਫ ਕੇ ਡਿਗ ਪਏ। ਨਕਈ ਨੇ ਕਿਹਾ ਕਿ ਏਨ੍ਹਾਂ ਨੂੰ ਕੁੱਟੀਏ। ਮੈਂ ਕਿਹਾ ਕੁੱਟਣਾ ਨਹੀਂ, ਭਜਾਉਣਾ ਹੀ ਏਨਾਂ ਹੈ ਕਿ ਅੱਗੇ ਤੋਂ ਇਸ ਪਾਸੇ ਮੂੰਹ ਨਾ ਕਰਨ। ਕੁੱਤਿਆਂ ਕੁਝ ਸਮਾਂ ਸਾਹ ਲੈ ਲਿਆ, ਫੇਰ ਅਸੀਂ ਡਰਾ ਕੇ ਭਜਾਇਆ। ਏਨਾ ਭਜਾਇਆ ਕਿ ਫੇਰ ਕਦੇ ਸਾਡੇ ਘੋੜਿਆਂ ਵੱਲ ਨਾ ਆਏ।

ਵਹਿਮਾਂ ਭਰਮਾਂ ਚੋਂ ਇਸ ਤਰ੍ਹਾਂ ਕੱਢਦੇ ਕਿ ਇਕ ਵੇਰ ਬਨਾਰਸ ਵਾਲੇ ਸਰਦਾਰ ਸਤਵੰਤ ਸਿੰਘ ਨੇ ਅਰਜ ਕੀਤੀ: ਗਰੀਬ ਨਿਵਾਜ ਵਾਸਤੂ ਸ਼ਾਸਤਰ ਵਾਲਿਆਂ ਨੇ ਕਿਹਾ ਹੈ ਕਿ ਤੁਹਾਡਾ ਘਰ ਤੇ ਦਫਤਰ ਠੀਕ ਨਹੀਂ ਬਣਿਆ। ਮੇਰੇ ਭਰਾ ਮਨਜੀਤ ਸਿੰਘ ਨੇ ਤਾਂ ਭੰਨ ਤੋੜ ਕਰਕੇ ਉਨ੍ਹਾਂ ਦੇ ਕਹੇ ਅਨੁਸਾਰ ਕਰ ਲਿਆ ਹੈ, ਮੈਨੂੰ ਵੀ ਕਹਿੰਦੇ ਹਨ, ਠੀਕ ਕਰਨ ਨੂੰ। ਮੈਂ ਕਿਹਾ ਹੈ ਕਿ ਮੈਂ ਤਾਂ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰਕੇ ਪੁਛਾਂਗਾ- ਜਿਵੇਂ ਹੁਕਮ ਹੋਵੇਗਾ ਉਸ ਤਰ੍ਹਾਂ ਕਰਾਂਗਾ। ਮੈਨੂੰ ਕੀ ਹੁਕਮ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਸਭ ਠੀਕ ਹੈ, ਕੁਝ ਨਹੀਂ ਭੰਨ ਤੋੜ ਕਰਨ ਦੀ ਲੋੜ।" ਇਸੇ ਤਰ੍ਹਾਂ ਇਕ ਵੇਰ ਰਛਪਾਲ ਸਿੰਘ ਸੇਵਕ ਨਾਲ ਬਚਨ ਕੀਤਾ: "ਵਾਸਤੂ ਸ਼ਾਸਤਰ ਵਾਲਿਆਂ ਦੇ ਅਨੁਸਾਰ ਇਕ ਘਰ ਦਾ ਨਕਸ਼ਾ ਬਣਵਾ ਕੇ ਸਾਰਾ ਮਕਾਨ ਉਨ੍ਹਾਂ ਦੇ ਦੱਸੇ ਤੋਂ ਉਲਟ ਬਣਵਾਈਏ। ਫੇਰ ਦੱਸੀਏ ਕਿ ਆ ਵੇਖੋ ਚੰਗਾ ਭਲਾ ਮਕਾਨ ਹੈ ਰਹਿਣ ਵਾਲਿਆਂ ਨੂੰ ਵੀ ਕੋਈ ਪਰੇਸ਼ਾਨੀ ਨਹੀਂ।

ਕਿਸੇ ਨੂੰ ਕੋਈ ਗਲ ਸਮਝਾਉਣ ਲਈ, ਕਿਸੇ ਸਿੱਖ ਨੂੰ ਕਿਸੇ ਉਲਝਣ ਚੋਂ ਕੱਢਣ ਲਈ, ਸ੍ਰੀ ਸਤਿਗੁਰੂ ਜੀ ਆਮ ਜੀਵਨ ਦੀਆਂ ਅਜੇਹੀਆਂ ਉਦਾਹਰਣਾਂ ਦੇ ਕੇ ਸਮਝਾਉਂਦੇ ਕਿ ਸਿੱਖ ਦੇ ਸ਼ੰਕੇ ਨਵਿਰਤ ਹੋ ਜਾਂਦੇ, ਸ੍ਰੀ ਸਤਿਗੁਰੂ ਜੀ ਦਾ ਬਚਨ ਦਿਲੋਂ ਠੀਕ ਲੱਗਣ ਲਗਦਾ। ਜੁਲਾਈ 1994 ਯੂ.ਪੀ. ਦੌਰੇ ਸਮੇਂ ਜਥੇਦਾਰ (ਸੂਬਾ) ਸੇਵਾ ਸਿੰਘ ਜੀ ਜਗਾਧਰੀ ਵਾਲਿਆਂ ਇਕ ਬਚਨ ਸੁਣਾਇਆ: "ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਉਹਲਾ ਕਰਨ ਉਪਰੰਤ ਜਦੋਂ ਸੰਤ ਮੋਹਨ ਸਿੰਘ ਜੀ ਪੰਥ ਚੋਂ ਛੇਕੇ ਗਏ। 58 ਆਰ.ਬੀ. (ਰਾਜਸਥਾਨ) ਦੇ ਹੋਲੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤਾਂ ਨੂੰ ਤਨਖਾਈਏ ਕਰਕੇ ਹੁਕਮ ਕੀਤਾ ਕਿ ਉਨ੍ਹਾਂ ਨਾਲ ਮਿਲਵਰਤਨ ਬੰਦ ਕਰੋ। - ਮੇਰੇ ਮਨ ਵਿੱਚ ਸ਼ੰਕਾ ਪੈਦਾ ਹੋ ਗਈ, ਮੈਂ ਮਨ ਕਰਕੇ ਬੜੀ ਦੁਬਿਧਾ ਵਿਚ ਪੈ ਗਿਆ ਕਿ ਮੈਂ ਸੰਤ ਮੋਹਨ ਸਿੰਘ ਜੀ ਤੋਂ ਭਜਨ ਪੁੱਛਿਆ ਸੀ, ਉਹ ਮੇਰੇ ਭਜਨ ਗੁਰੂ ਹਨ, ਜੇ ਕਿਸੇ ਵੇਲੇ ਮਿਲ ਜਾਣ, ਮੈਂ ਉਨ੍ਹਾਂ ਦਾ ਸਤਿਕਾਰ ਨਾ ਕਰਾਂ ਤਾਂ ਜਿਸਨੇ ਮੈਨੂੰ ਸਤਿਗੁਰਾਂ ਦੇ ਚਰਨੀਂ ਲਾਇਆ ਹੈ ਉਸਦਾ ਅਪਮਾਨ ਹੋਵੇਗਾ। ਜੇ ਸਤਿਕਾਰ ਕਰਦਾ ਹਾਂ ਤਾਂ ਸਤਿਗੁਰੂ-ਸੱਚੇਪਾਤਸ਼ਾਹ ਦੇ ਹੁਕਮ ਤੋਂ ਬੇਮੁਖ ਹੁੰਦਾ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ? -ਕਈ ਦਿਨ ਇਸੇ ਦੁਬਿਧਾ ਵਿੱਚ ਸੋਚਦਾ ਰਿਹਾ, ਪਰ ਕਿਸੇ ਨਾਲ ਗੱਲ ਨਾ ਕੀਤੀ।

-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਗਾਧਰੀ ਦਰਸ਼ਨ ਦਿੱਤੇ। ਹੁਕਮ ਕੀਤਾ ਕਿ ਮੈਂ ਡੇਹਰਾਦੂਨ ਚੱਲਿਆ ਹਾਂ, ਉਥੇ ਜਥੇਦਾਰਾਂ ਨਾਲ ਦੀਵਾਨ ਵਿੱਚ ਪਿਛੇ ਬੋਲਣ ਅਤੇ ਛੈਣੇ ਵਜਾਉਣ ਵਾਲੇ ਪੰਜ-ਛੇ ਸਰੀਰ ਚਾਹੀਦੇ ਹਨ, ਡੇਹਰਾਦੂਨ ਪਹੁੰਚੋਂ। ਅਸੀਂ ਕੁਝ ਸਰੀਰ ਡੇਹਰਾਦੂਨ ਪਹੁੰਚ ਗਏ। ਦਿਨੇ ਗਿਆਨੀ ਗੁਰਬਖਸ਼ ਸਿੰਘ ਜੀ ਦਿੱਲੀ ਵਾਲਿਆਂ ਦਾ ਦੀਵਾਨ ਲੱਗਾ ਰਾਤ ਨੂੰ ਪੰਡਿਤ ਗੋਪਾਲ ਸਿੰਘ ਜੀ ਦਾ

ਦੀਵਾਨ ਲੱਗਾ ਅਸੀਂ ਸਾਰਾ ਜਥਾ ਦੀਵਾਨਾਂ ਸਮੇਂ ਨਾਲ ਛੈਣੇ ਵਜਾਉਂਦੇ ਅਤੇ ਗਾਉਂਦੇ ਰਹੇ। ਅਗਲੇ ਦਿਨ ਸੰਤ ਦਰਸ਼ਨ ਸਿੰਘ, ਸੰਤ ਖਜਾਨ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਦਿੱਲੀ ਪਹੁੰਚਣਾ ਸੀ ਇਸ ਲਈ, ਸੂਰਜ ਚੜ੍ਹਨ ਤੋਂ ਅੱਧਾ ਘੰਟਾ ਪਹਿਲਾਂ ਹੀ ਭੋਗ ਪਾ ਦਿੱਤਾ ਗਿਆ। ਗਰੀਬ ਨਿਵਾਜ ਗੱਡੀ ਵਿੱਚ ਬੈਠ ਗਏ ਮੈਂ ਹੱਥ ਜੋੜੀ ਖੜਾ ਸਾਂ। ਸੱਚੇ ਪਾਤਸ਼ਾਹ ਇਸ਼ਾਰੇ ਨਾਲ ਮੈਨੂੰ ਬੁਲਾ ਕੇ ਆਪਣੀ ਗੱਡੀ ਵਿੱਚ ਅਗਲੀ ਸੀਟ ਤੇ ਬਿਠਾ ਲਿਆ। (ਨੋਟ: ਸ੍ਰੀ ਸਤਿਗੁਰੂ ਜੀ ਦਾ ਨੇਮ ਸੀ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਅਰਦਾਸ ਕਰਕੇ ਨਾਮ ਸਿਮਰਨ ਕਰਦੇ, ਬਾਣੀ ਪੜ੍ਹਦੇ ਜਾਂ ਆਸਾ ਦੀ ਵਾਰ ਦੇ ਕੀਰਤਨ ਵਿੱਚ ਗੁਰਬਾਣੀ ਗਾਇਨ ਕਰਦੇ। ਪਰ ਸੂਰਜ ਦੀ ਟਿੱਕੀ ਨਿਕਲਨ ਨਾਲ ਚੰਡੀ ਦੀ ਵਾਰ ਦੇ ਪਾਠ ਦੀ ਅਰਦਾਸ ਕਰਕੇ ਹੀ ਬਚਨ ਕਰਦੇ। ਉਸਤੋਂ ਪਹਿਲਾਂ ਕੋਈ ਜ਼ਰੂਰੀ ਹੁਕਮ ਕਰਨਾ ਹੁੰਦਾ, ਲਿਖ ਕੇ ਕਰਦੇ ਜਾਂ ਕੋਈ ਗੁਰਬਾਣੀ ਦੀ ਪੰਗਤੀ ਪੜ੍ਹ ਕੇ ਸਮਝਾਉਂਦੇ।) ਕੁਝ ਸਮੇਂ ਬਾਅਦ ਚੰਡੀ ਦੀ ਵਾਰ ਦਾ ਪਾਠ ਕਰਕੇ, ਅਰਦਾਸ ਕਰਕੇ, ਸਤਿਗੁਰੂ ਸੱਚੇ ਪਾਤਸ਼ਾਹ ਮੈਨੂੰ ਮੁਖਾਤਿਬ ਹੋਏ: "ਜਥੇਦਾਰ ਜੀ, ਜਿਸ ਵਿਚੋਲੇ ਨੇ ਕਿਸੇ ਲੜਕੀ ਦਾ ਰਿਸ਼ਤਾ ਕਰਵਾਇਆ ਹੋਵੇ। ਬੀਬੀ ਦਾ ਵਿਆਹ ਹੋ ਜਾਵੇ। ਫੇਰ ਕਿਸੇ ਕਾਰਣ ਵਿਚੋਲੇ ਦੀ ਲੜਕੇ ਵਾਲਿਆਂ ਨਾਲ ਅਣ-ਬਣ ਹੋ ਜਾਵੇ ਤਾਂ ਕੀ ਉਹ ਬੀਬੀ ਨੂੰ ਸਹੁਰਾ ਘਰ ਛਡ ਦੇਣਾ ਚਾਹੀਦਾ ਹੈ?

"ਨਹੀਂ ਗਰੀਬ ਨਿਵਾਜ ਜੀ, ਉਸਦਾ ਤਾਂ ਉਥੇ ਸੰਜੋਗ ਹੋ ਜਾਂਦਾ ਹੈ, ਫੇਰ ਵਿਚੋਲੇ ਦਾ ਤਾਂ ਕੋਈ ਫਰਕ ਨਹੀਂ ਪੈਣਾ ਚਾਹੀਦਾ।" ਜਥੇਦਾਰ ਜੀ ਨੇ ਅਰਜ ਕੀਤੀ।

"ਏਸੇ ਤਰ੍ਹਾਂ ਭਜਨ ਦੱਸਣ ਵਾਲੇ ਸਿੱਖ-ਸਾਧ, ਤਾਂ ਕੇਵਲ ਵਿਚੋਲੇ ਹਨ ਸਤਿਗੁਰੂ ਰਾਮ ਸਿੰਘ ਨਾਲ ਮਿਲਾਉਣ ਵਾਲੇ, ਜੇ ਉਹ ਗੁਰੂ ਘਰ ਤੋਂ ਦੂਰ ਹੋ ਜਾਣ ਤਾਂ ਕੋਈ ਫਰਕ ਨਹੀਂ ਪੈਂਦਾ। ਗੁਰੂ ਨਾਲ ਜੁੜੇ ਰਹਿਣਾ ਹੀ ਠੀਕ ਹੈ।" - ਸ੍ਰੀ ਸਤਿਗੁਰੂ ਜੀ ਦੇ ਇਸ ਬਚਨ ਨੇ ਮਨ ਦੀ ਦੁਬਿਧਾ ਮਿਟਾ ਦਿੱਤੀ। -ਏਸੇ ਤਰ੍ਹਾਂ ਦਾ ਇਕ ਹੋਰ ਬਚਨ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਵੇਰ 1974-75 ਅਫਰੀਕਾ ਦੌਰੇ ਗਏ। ਉਥੇ ਗਿਆਂ ਪਤਾ ਲੱਗਾ ਕਿ ਕੁਸੂਮੋਂ ਇਕ ਨਾਮਧਾਰੀ ਸਿੱਖ ਅਮਰ ਸਿੰਘ ਧੰਜਲ ਨੇ ਗੈਰ-ਨਾਮਧਾਰੀ ਜਥੇ ਤੋਂ ਘਰ ਵਿੱਚ ਅਖੰਡ ਪਾਠ ਕਰਵਾਉਣਾ ਮਿਥ ਲਿਆ ਹੈ। ਉਹ ਜਥਾ ਜੋ ਸੁੱਚ-ਮਰਿਯਾਦਾ ਨਾਲ ਨਹੀਂ ਪਾਠ ਕਰਦਾ। ਸ੍ਰੀ ਸਤਿਗੁਰੂ ਜੀ ਨੈਰੋਬੀ ਤੋਂ ਉਚੇਚੇ ਕੁਸੂਮੋਂ ਗਏ, ਅਮਰ ਸਿੰਘ ਦੇ ਘਰ ਜਾ ਕੇ ਸਮਝਾਇਆ ਕਿ ਅਖੰਡ ਪਾਠ ਪੂਰੀ ਗੁਰ-ਮਰਿਯਾਦਾ ਨਾਲ ਨਾਮਧਾਰੀ ਸਿੰਘਾਂ ਤੋਂ ਹੀ ਕਰਵਾਉਣਾ ਠੀਕ ਹੈ।"

"ਸੱਚੇ ਪਾਤਸ਼ਾਹ ਜੀ ਮੈਂ ਆਪਣੇ ਪ੍ਰਬੰਧਕਾਂ ਨੂੰ ਕਿਹਾ ਸੀ ਕਿ ਮੈਂ ਅਖੰਡ ਪਾਠ ਕਰਵਾਉਣਾ ਹੈ, ਪਰ ਇਨਾਂ ਨੇ ਲਾਰਾ ਲਾ ਛੱਡਿਆ, ਕੀਤਾ ਨਹੀਂ, ਇਸ ਲਈ ਮੈਂ ਗੈਰ ਨਾਮਧਾਰੀ ਜਥੇ ਨੂੰ ਕਹਿ ਕੇ ਮਿਥ ਲਿਆ ਹੈ।" -ਸਿੱਖ ਨੇ ਕਾਰਣ ਦੱਸਿਆ।

"ਚੱਲ ਜੇ ਕਿਸੇ ਕਾਰਣ ਉਹ ਨਹੀਂ ਕਰ ਸੱਕੇ, ਹੁਣ ਮੈਂ ਆ ਗਿਆ ਹਾਂ, ਅਸੀਂ ਤੇਰਾ ਪਾਠ ਕਰਦੇ ਹਾਂ।" ਸ੍ਰੀ ਸਤਿਗੁਰੂ ਜੀ ਨੇ ਫੇਰ ਸਮਝਾਉਣ ਦਾ ਯਤਨ ਕੀਤਾ।

"ਵੇਖੋ, ਸੱਚੇਪਾਤਸ਼ਾਹ ਆਪ ਜੀ ਦਾ ਹੀ ਹੁਕਮ ਹੈ ਕਿ ਸਿੱਖ ਨੂੰ ਕੋਈ ਬਚਨ ਕਰਕੇ ਉਸਤੇ ਪੂਰਾ ਉਤਰਨਾ ਚਾਹੀਦਾ ਹੈ। ਹੁਣ ਮੈਂ ਉਨ੍ਹਾਂ ਨਾਲ ਬਚਨ ਕਰ ਲਿਆ ਹੈ। ਕੀ ਮੈਨੂੰ ਆਪਣੇ ਬਚਨ ਤੋਂ ਫਿਰ ਜਾਣਾ ਠੀਕ ਹੈ?"

"ਜੇ ਕੋਈ ਲੜਕੀ ਕਿਸੇ ਲੜਕੇ ਨਾਲ ਨਿਕਣ ਜਾਣ ਲਈ ਉਸ ਨਾਲ ਬਚਨ ਕਰ ਲਏ, ਫੇਰ ਉਸਨੂੰ ਕੋਈ ਸਮਝਾਏ ਕਿ ਵੇਖ ਤੇਰੇ ਮਾਤਾ-ਪਿਤਾ ਦੀ ਵੀ ਬਦਨਾਮੀ ਹੋਵੇਗੀ। ਕੱਲ ਨੂੰ ਤੂੰ ਵੀ ਦੁਖੀ ਹੋਵੇਂ ਤਾਂ ਫੇਰ ਤੇਰਾ ਕੌਣ ਸਾਥੀ ਹੋਵੇਗਾ। ਕੀ ਉਸ ਲੜਕੀ ਨੂੰ ਬਚਨ ਤੋਂ ਮੁਕਰ ਜਾਣਾ ਚਾਹੀਦਾ ਹੈ ਕਿ ਨਹੀਂ? ਗਲਤ ਗਲ ਤੋਂ ਕਿਸੇ ਵੀ ਤਰ੍ਹਾਂ ਮੁੜਨਾ ਹੀ ਠੀਕ ਹੈ।" -ਸਤਿਗੁਰੂ ਸੱਚੇਪਾਤਸ਼ਾਹ ਦੀ ਦਲੀਲ ਸਿੱਖ ਦੇ ਮਨ ਨੂੰ ਠੀਕ ਲੱਗੀ, ਹੱਥ ਜੋੜ ਸਤਿ ਬਚਨ ਕੀਤਾ। ਗੁਰ-ਮਰਿਯਾਦਾ ਅਨੁਸਾਰ ਪਾਠ ਕੀਤਾ। ਸੰਤ ਬਲਕਾਰ ਸਿੰਘ, ਸੰਤ ਦਰਸ਼ਨ ਸਿੰਘ, ਸੰਤ ਖਜਾਨ ਸਿੰਘ ਅਤੇ ਸਤਿਗੁਰੂ ਜੀ ਨੇ ਆਪ ਅਖੰਡ ਪਾਠ ਵਿੱਚ ਰੌਲਾਂ ਲਾਈਆਂ।

1990 ਅੱਸੂ ਦੇ ਮੇਲੇ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦਾ ਗੰਗਾ ਨਗਰ ਜਿਲੇ ਦਾ ਦੌਰਾ ਸੀ। ਜਿਸ ਦਿਨ ਦੌਰਾ ਸ਼ੁਰੂ ਹੋਣਾ ਸੀ ਇਕ ਰਾਤ ਪਹਿਲਾਂ ਗ੍ਰੀਬ ਨਿਵਾਜ ਜੀ ਮਸਤਾਨਗੜ੍ਹ ਸਨ, ਰਾਤ ਸ੍ਰੀ ਸਤਿਗੁਰੂ ਜੀ ਨੂੰ ਖੰਘ, ਜੁਕਾਮ ਅਤੇ ਬੁਖਾਰ। ਪਰ ਅਗਲੇ ਦਿਨ ਦੌਰੇ ਦੇ ਪ੍ਰੋਗਰਾਮ ਵਿੱਚ ਕੋਈ ਤਬਦੀਲੀ ਨਾ ਕੀਤੀ, ਪਰ ਪ੍ਰਸ਼ਾਦਾ ਬੰਦ ਕਰਕੇ ਫਲ-ਸਬਜੀ ਆਦਿ ਜਲ ਪਾਣੀ ਹੀ ਸ਼ੁਰੂ ਕੀਤਾ। ਕਰੀਬ ਤਿੰਨ ਦਿਨ ਪ੍ਰਸ਼ਾਦਾ ਨਹੀਂ ਛਕਿਆ, ਸੇਹਤ ਵੀ ਠੀਕ ਹੋ ਗਈ, ਦੌਰੇ ਦੇ ਪ੍ਰੋਗਰਾਮ ਵੀ ਪੂਰੇ ਭੁਗਤਾਏ। ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਨਾਮ-ਸਿਮਰਨ, ਦੀਵਾਨ, ਕੀਰਤਨ ਹੋਣਾ ਅਤੇ ਦਿਨ ਵਿੱਚ ਪੂਰੇ ਜਿਲੇ ਦੇ ਪਿੰਡਾਂ ਵਿੱਚ ਵੱਸਦੇ ਨਾਮਧਾਰੀ ਸਿੱਖਾਂ ਦੇ ਘਰਾਂ ਵਿੱਚ

ਚਰਨ ਪਾਉਣੇ। -ਹਫਤਾ ਭਰ ਡੇਰਾ ਪਿੰਡ 4 ਜੇ.ਜੇ. ਹੀ ਰਿਹਾ। (ਏਥੇ ਰਾਜਸਥਾਨ ਵਿੱਚ ਸਰਕਾਰੀ ਨਹਿਰੀ ਪਾਣੀ ਦੇ ਮੋਘਿਆਂ ਦੇ ਨਾਮ ਤੇ ਹੀ ਪਿੰਡਾਂ ਦੇ ਨਾਮ ਹਨ।) ਇਕ ਦਿਨ ਬਾਅਦ ਦੁਪਹਿਰ ਸ੍ਰੀ ਸਤਿਗੁਰੂ ਜੀ ਏਸੇ ਨਗਰ, ਡੇਰੇ ਵਿਖੇ ਇਕ ਕੁਰਸੀ ਤੇ ਬਿਰਾਜਮਾਨ ਸਨ, ਆਪ ਜੀ ਦੇ ਸਨਮੁਖ ਇਸ ਇਲਾਕੇ ਦੇ 25-30 ਨਾਮਧਾਰੀ ਨੌਜੁਆਨ ਬੈਠੇ ਸਨ। ਸ੍ਰੀ ਸਤਿਗੁਰੂ ਜੀ ਉਨ੍ਹਾਂ ਨਾਲ ਬਚਨ ਬਿਲਾਸ ਕਰ ਰਹੇ ਸਨ, 'ਅੰਮ੍ਰਿਤ ਵੇਲੇ ਕਿੰਨੇ ਵਜੇ ਉਠਦੇ ਹੋ? -ਇਸ਼ਨਾਨ ਸਣਕੇਸੀ ਕਰਦੇ ਹੋ ਕਿ ਨਹੀਂ? ਬਜ਼ਾਰ ਦਾ ਖਾਣਾ ਛੱਡੋ, ਘੱਟੋ-ਘੱਟ ਇੱਕ ਘੰਟਾ ਨਾਮ ਸਿਮਰਨ ਰੋਜਾਨਾ ਜ਼ਰੂਰ ਕਰਿਆ ਕਰੋ। ਗੁਰਬਾਣੀ ਕੰਠ ਕਰੋ- ਆਦਿ ਸਿੱਖਿਆ ਦੇ ਰਹੇ ਸਨ। ਇਕ ਨੌਜੁਆਨ ਨੇ ਅਰਜ਼ ਕੀਤੀ: "ਗਰੀਬ ਨਿਵਾਜ, ਜਦੋਂ ਨਾਮ ਸਿਮਰਨ ਕਰਨ ਬੈਠਦੇ ਹਾਂ ਤਾਂ ਕਈ ਵੇਰ ਨੀਂਦ ਆ ਜਾਂਦੀ ਹੈ।"

"ਸਿਨੇਮੇ ਵਿੱਚ ਨਹੀਂ ਨਾ ਆਉਂਦੀ ਨੀਂਦਰ?"

"ਨਹੀਂ ਆਉਂਦੀ ਜੀ, ਉਥੇ ਤਾਂ ਨੀਂਦ ਆਈ ਵੀ ਹੋਵੇ, ਉਹ ਵੀ ਉੱਡ ਜਾਂਦੀ ਹੈ।"

"ਨੀਂਦਰ ਉਥੇ ਆਉਂਦੀ ਹੈ, ਜਿਥੇ ਸੁਖ ਮਿਲਦਾ ਹੈ, ਜਦੋਂ ਤੁਸੀਂ ਨਾਮ ਜੱਪਦੇ ਹੋ, ਉਦੋਂ ਸਤਿਗੁਰੂ ਦੀ ਗੋਦ ਵਿੱਚ ਹੁੰਦੇ ਹੋ, ਉਥੇ ਸੁਖ ਮਿਲਦਾ ਹੈ ਤਾਂ ਨੀਂਦ ਆਉਂਦੀ ਹੈ। -ਕੋਈ ਗੱਲ ਨਹੀਂ ਆਪਣੇ ਵਲੋਂ ਕੋਸ਼ਿਸ਼ ਕਰੋ, ਸੁਚੇਤ ਹੋ ਕੇ ਸਿਮਰਨ ਕੀਤਾ ਜਾਵੇ।" ਸ੍ਰੀ ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਮ ਸਮਝਾਇਆ।

ਸਾਰੇ ਹੀ ਸਤਿਗੁਰੂ ਸਾਹਿਬਾਨ ਅਣਥੱਕ ਯਾਤਰੀ ਵੀ ਰਹੇ ਹਨ। ਸਿੱਖਾਂ ਨੂੰ ਨਿਵਾਜਣ ਵਾਸਤੇ, ਧਰਤਿ ਲੋਕਾਈ ਨੂੰ ਸੋਧਣ ਵਾਸਤੇ ਨਾ ਕਦੇ ਅਕੇਵਾਂ, ਨਾ ਥਕੇਵਾਂ। ਇਸੇ ਦੌਰੇ ਦੇ ਆਖਰੀ ਦਿਨ ਆਸਾ ਦੀ ਵਾਰ ਦਾ ਕੀਰਤਨ 4 ਜੇ.ਜੇ. ਹੀ ਹੋਇਆ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਲੰਗਰ ਵਰਤਾਉਣ ਦੀ ਕਿਰਪਾ ਕੀਤੀ ਅਤੇ ਅਰਦਾਸ ਕਰਕੇ ਰਵਾਨਾ ਹੋਏ। ਪਿੰਡਾਂ ਵਿੱਚ ਸਿੱਖਾਂ ਦੇ ਘਰਾਂ ਵਿੱਚ ਚਰਨ ਪਾਉਂਦੇ ਹੋਏ ਦੁਪਹਿਰੇ 17 ਓ ਵਿਖੇ ਸੰਤ ਮਹਿੰਦਰ ਸਿੰਘ ਜੀ ਪਨਿਹਾਰੀ ਵਾਲਿਆਂ ਦੀ ਹਵੇਲੀ ਵਿੱਚ ਲੰਗਰ ਛਕਕੇ, ਰਸਤੇ ਵਿੱਚ ਸੰਗਤਾਂ ਨੂੰ ਨਿਵਾਜਦੇ ਮਸਤਾਨਗੜ੍ਹ, ਜੀਵਨ ਨਗਰ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਵੱਲ ਰਵਾਨਾ ਹੋ ਗਏ। ਰਾਤ ਦੇ ਕਰੀਬ ਸਾਢੇ ਨੌ ਵੱਜ ਗਏ, ਭੈਣੀ ਸਾਹਿਬ ਪੁਜਦਿਆਂ ਨੂੰ। ਰਸਤੇ ਚੋਂ ਹੀ ਫੋਨ ਕਰ ਦਿੱਤਾ ਕਿ ਬੈਡਮਿੰਟਨ ਖਿਡਾਰੀ ਵੱਡੇ ਮੰਦਰ ਵਿੱਚ ਪਹੁੰਚ ਜਾਣ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਸਿੱਧੀਆਂ ਮੰਦਰ ਵਿੱਚ ਪੁੱਜ ਗਈਆਂ। ਸ੍ਰੀ ਸਤਿਗੁਰੂ ਜੀ ਕਰੀਬ ਪੌਣਾਂ ਘੰਟਾ ਬੈਡਮਿੰਟਨ ਖੇਡ ਕੇ ਫੇਰ ਹੀ ਡੇਰੇ (ਕੋਠੀ) ਆਏ। ਏਨ੍ਹਾਂ ਦਿਨਾਂ ਵਿੱਚ ਸ੍ਰੀ ਸਤਿਗੁਰੂ ਜੀ ਦੇ ਨਾਲ ਸੀ.ਆਰ.ਪੀ. ਦੀ ਸਰਕਾਰੀ ਸਕਿਊਰਿਟੀ ਸੇਵਾ ਵਿੱਚ ਹੁੰਦੀ ਸੀ। ਜਦੋਂ ਸ੍ਰੀ ਸਤਿਗੁਰੂ ਜੀ ਸਿੱਧੇ ਖੇਡਣ ਚਲੇ ਗਏ ਤਾਂ ਇਕ ਸੀ.ਆਰ.ਪੀ ਦਾ ਨੌਜੁਆਨ ਆਖਣ ਲੱਗਾ- 'ਯੇ ਬਾਬਾ ਜੀ ਕਭੀ ਨਹੀਂ ਥਕਤੇ, ਮੈਨੇ ਸੋਚਾ ਥਾ ਆਜ ਸੁਬਹ ਕੇ ਲਗਾਤਾਰ ਸਫਰ ਮੇਂ ਹੈਂ, ਆਜ ਤੋਂ ਜ਼ਰੂਰ ਥਕ ਗਏ ਹੋਂਗੇ। ਸਾਰਾ ਦਿਨ ਸਫ਼ਰ ਕਰਕੇ ਨਹੀਂ ਥਕੇ ਤੋ ਆਤੇ ਹੀ ਖੇਲਨੇ ਚਲੇ ਗਏ। ਧੰਨਯ ਹੈਂ ਯੇ ਗੁਰੂ ਜੀ।"

ਸੋਧੀ ਅਤੇ ਸੰਗੀਤਕਾਰ ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ ਬਖਸ਼ਿਸ਼ ਦੇ ਪਾਤਰ ਹੋਇਆ ਕਰਦੇ ਸਨ। ਸੰਤ ਬਲਵੰਤ ਸਿੰਘ ਜੀ (ਪ੍ਰਧਾਨ ਯਮੁਨਾ ਨਗਰ) ਵਾਲੇ ਹਮੇਸ਼ਾਂ ਸੋਧ ਰੱਖਦੇ, ਆਪਣਾ ਸੋਧ ਦਾ ਲੰਗਰ ਆਪ ਬਣਾ ਕੇ ਛਕਦੇ, ਇਕ ਵੇਰ ਬਿਮਾਰ ਹੋ ਗਏ ਪਰ ਸੋਧ ਨਾ ਛੱਡੀ। ਸ੍ਰੀ ਸਤਿਗੁਰੂ ਜੀ ਨੂੰ ਪਤਾ ਲੱਗਾ, ਆਪ ਜੀ ਨੇ ਉਨ੍ਹਾਂ ਦਾ ਲੰਗਰ ਕਰਨ ਲਈ ਬੇਬੇ ਦਲੀਪ ਕੌਰ ਜੀ ਨੂੰ ਭੇਜਿਆ। ਬੇਬੇ ਜੀ ਕੁਝ ਦਿਨ ਯਮੁਨਾ ਨਗਰ ਰਹੇ, ਸੋਧ ਦਾ ਲੰਗਰ ਬਣਾ ਕੇ ਸੰਤਾਂ ਨੂੰ ਛਕਾਉਂਦੇ ਰਹੇ। ਬੇਸ਼ਕ ਸ੍ਰੀ ਸਤਿਗੁਰੂ ਜੀ ਕਿਸੇ ਸਿੱਖ ਸੇਵਕ ਨੂੰ ਵੀ ਭੇਜ ਸੱਕਦੇ ਸਨ ਪਰ ਆਪ ਜੀ ਨੇ, ਬੇਬੇ ਜੀ ਨੂੰ ਹੁਕਮ ਕੀਤਾ ਅਤੇ ਬੇਬੇ ਜੀ ਨੇ ਵੀ ਬਿਨਾਂ ਮੱਥੇ ਵੱਟ ਪਾਇਆ ਖੁਸ਼ੀ-ਖੁਸ਼ੀ ਹੁਕਮ ਸਿਰ-ਮੱਥੇ ਪ੍ਰਵਾਨ ਕੀਤਾ।

ਸੰਨ 2007 ਈ. ਹੋਵੇਗਾ, ਸ੍ਰੀ ਸਤਿਗੁਰੂ ਜੀ ਬਾਗ ਵਾਲੀ ਕੋਠੀ ਵਿਚ ਬਿਰਾਜਮਾਨ ਸਨ, ਪਾਸ ਅਵਤਾਰ ਸਿੰਘ ਅਮਰਾਸਰ, ਰਛਪਾਲ ਸਿੰਘ, ਹਰਪਾਲ ਸਿੰਘ ਅਤੇ ਕੁਝ ਹੋਰ ਸਿੱਖ-ਸੇਵਕ ਬੈਠੇ ਸਨ। ਇਕ ਸਿੱਖ (ਅਵਤਾਰ ਸਿੰਘ ਜਥੇਦਾਰ ਬਿੱਚੀ) ਨੇ ਆ ਕੇ ਨਮਸਕਾਰ ਕਰਕੇ ਅਰਜ਼ ਕੀਤੀ: "ਗਰੀਬ ਨਿਵਾਜ, ਪਹਿਲੋਂ ਮੈਂ ਬਿਮਾਰ ਹੋ ਗਿਆ ਫੇਰ ਮੇਰੀ ਘਰ ਵਾਲੀ, ਇਲਾਜ ਕਰਵਾਉਂਦਿਆਂ ਪੰਜ ਲੱਖ ਦਾ ਕਰਜਾਈ ਹੋ ਗਿਆ। ਹੁਣ ਸਿਹਤ ਤਾਂ ਠੀਕ ਹੈ, ਖੇਤੀ ਕਰਦੇ ਹਾਂ ਆਪ ਜੀ ਕਿਰਪਾ ਨਾਲ ਗੁਜ਼ਾਰਾ ਵਧੀਆ ਚੱਲਦਾ ਹੈ ਪਰ ਸਿਰ ਚੜੇ ਕਰਜੇ ਦਾ ਹਰ ਛਿਮਾਹੀ ਦੀ ਫਸਲ ਤੇ ਵਿਆਜ ਹੀ ਮੋੜਦਾ ਹਾਂ, ਕਰਜਾ ਜਿਉਂ ਦਾ ਤਿਉਂ ਸਿਰ ਹੈ। ਆਪ ਜੀ ਕਿਰਪਾ ਕਰੋ ਕਿਸੇ ਤੋਂ ਉਧਾਰੇ ਪੈਸੇ ਦਵਾ ਦਿਉਂ, ਮੈਂ ਜੇਹੜਾ ਵਿਆਜ ਭਰਦਾ ਹਾਂ ਉਹੀ ਹਰ ਛਿਮਾਹੀ ਮੋੜੀ ਜਾਵਾਂਗਾ। ਦੋ-ਤਿੰਨ ਸਾਲਾਂ ਵਿੱਚ ਕਰਜਾ ਉਤਰ ਜਾਵੇਗਾ।" ਸਿੱਖ ਦੀ ਅਰਜ਼ ਸੁਣਕੇ ਸ੍ਰੀ ਸਤਿਗੁਰੂ ਜੀ ਨੇ ਪਾਸ ਬੈਠੇ ਸੇਵਕ ਰਛਪਾਲ

ਸਿੰਘ ਨੂੰ ਹੁਕਮ ਕੀਤਾ –"ਇਸਨੂੰ ਪੰਜ ਲੱਖ ਦੇ ਦਿਉ।" ਰਛਪਾਲ ਸਿੰਘ 'ਸਤਿ ਬਚਨ' ਕਹਿ ਅਜੇ ਬੈਠਾ ਹੀ ਹੋਇਆ ਸੀ ਕਿ ਏਥੋਂ ਉਠਦੇ ਹਾਂ ਤਾਂ ਦੇ ਦਿਆਂਗਾ। ਦੋ ਕੁ ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਫੇਰ ਹੁਕਮ ਕੀਤਾ। "ਹੁਣੇ ਹੀ ਪਹਿਲੋਂ ਇਸਨੂੰ ਪੈਸੇ ਦੇ ਕੇ ਆ।" –ਸਿੱਖ ਬੜਾ ਭਾਵੁਕ ਹੋ ਗਿਆ, –"ਗਰੀਬ ਨਿਵਾਜ ਮੈਂ ਤੇ ਸੋਚਿਆ ਸੀ ਕਿਸੇ ਤੋਂ ਉਧਾਰੇ ਦਵਾ ਦਿਉਗੇ, ਆਪ ਜੀ ਬੜੀ ਕਿਰਪਾ ਕੀਤੀ ਹੈ।" ਸ੍ਰੀ ਸਤਿਗੁਰੂ ਜੀ ਪਾਸ ਬੈਠੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਬਚਨ ਕੀਤਾ –"ਸਿੱਖ ਦੁਖੀ ਹੋਣ ਤੇ ਪੈਸੇ ਸਾਡੇ ਕਿਸ ਕੰਮ, ਕੀ ਕਰਨੇ ਹਨ ਅਸੀਂ ਪੈਸੇ।"

ਇਸੇ ਤਰ੍ਹਾਂ ਇਕ ਵੇਰ ਸੱਤਵਿਆਂ 'ਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੀਵਨ ਨਗਰ ਕਿਰਪਾ ਕਰ ਰਹੇ ਸਨ, ਸਰਦੀਆਂ ਦੇ ਦਿਨ, ਧੁੱਪੇ ਬੈਠ ਕੇ ਸਿੱਖਾਂ ਦੀਆਂ ਅਰਜ਼ਾਂ–ਬੇਨਤੀਆਂ ਸੁਣ ਰਹੇ ਸਨ। ਸੰਤ ਨਗਰੋਂ ਆਏ ਇਕ ਸਿੱਖ ਨੇ ਅਰਜ਼ ਕੀਤੀ। "ਗਰੀਬ ਨਿਵਾਜ ਘਰ ਲਵੇਰਾ ਨਹੀਂ, ਬੱਚੇ ਛੋਟੇ ਹਨ, ਛੇ ਮਹੀਨਿਆਂ ਤੱਕ ਗਾਂ ਸੂ ਪਵੇਗੀ। ਓਨੀ ਦੇਰ ਵਾਸਤੇ ਬੱਚਿਆਂ ਦੇ ਦੁੱਧ ਪੀਣ ਲਈ ਇਕ ਗਊ ਕਿਰਪਾ ਕਰ ਦਿਉ।" ਸ੍ਰੀ ਸਤਿਗੁਰੂ ਜੀ ਉਸੇ ਵੇਲੇ ਉੱਠੇ, ਤਬੇਲੇ 'ਚ ਆ ਕੇ ਰਜਿਸਟਰ ਮੰਗਵਾਇਆ ਜਿਸ ਤੇ ਗਊਆਂ ਦੇ ਰੋਜ਼ਾਨਾ ਦੁੱਧ ਦੇ ਵੇਰਵੇ ਸਨ। 10–12 ਕਿਲੋ ਰੋਜ਼ਾਨਾ ਦੁੱਧ ਵਾਲੀ ਗਊ ਵੇਖਕੇ, ਗਊਆਂ ਦੇ ਸੇਵਾਦਾਰ ਨੂੰ ਹੁਕਮ ਕੀਤਾ– "ਐ ਗਊ ਦੇਣੀ ਹੈ।" ਗਊ ਹਾਜ਼ਰ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਆਪ ਗਊ ਦਾ ਰੱਸਾ ਸਿੱਖ ਨੂੰ ਫੜਾਇਆ। ਸਿੱਖ ਵੈਰਾਗੀ ਹੋ ਗਿਆ, ਹੱਥ ਜੋੜ ਅਰਜ਼ ਕੀਤੀ– 'ਸੱਚੇ ਪਾਤਸ਼ਾਹ ਮੇਰੇ ਵਰਗੇ ਅਦਨੇ ਸਿੱਖ ਤੇ ਏਨੀ ਕਿਰਪਾ ਕੀਤੀ। ਮੇਰੇ ਵਾਸਤੇ ਆਪ ਚੱਲ ਕੇ ਤਬੇਲੇ ਵਿਚ ਆਏ। ਆਪਣੇ ਹੱਥੀਂ ਮੈਨੂੰ ਗਊ ਬਖਸ਼ੀ, ਧੰਨ ਹੋ ਆਪ ਜੀ।'

ਸਤਿਗੁਰੂ ਸੱਚੇ ਪਾਤਸ਼ਾਹ ਸਿੱਖ ਦੀ ਕੰਡ ਪਲੋਸਦਿਆਂ ਬਚਨ ਕੀਤਾ – "ਇਹ ਜਮੀਨਾਂ, ਧਨ ਪਦਾਰਥ, ਗਊਆਂ ਸਭ ਕੁਝ ਤੁਹਾਡਾ ਹੀ ਹੈ ਸਿੱਖਾਂ ਦਾ ਅਤੇ ਤੁਹਾਡੇ ਘਰਾਂ ਵਿਚ ਸਭ ਕੁਝ ਮੇਰਾ ਹੈ। ਆਪਣਾ ਕੁਝ ਵੰਡਿਆ ਹੋਇਆ ਨਹੀਂ, ਭਰਮ ਨਹੀਂ ਰੱਖਣਾ, ਜਦੋਂ ਕੋਈ ਲੋੜ ਹੋਵੇ ਆਪਣਾ ਘਰ ਸਮਝ ਕੇ ਆ ਜਾਇਆ ਕਰੋ।"

ਇਸ ਤਰ੍ਹਾਂ ਦਾ ਰਿਸ਼ਤਾ–ਨਾਤਾ ਹੈ, ਗੁਰੂ ਅਤੇ ਸਿੱਖ ਦਾ, ਇਵੇਂ ਅਪਣੱਤ ਨਾਲ ਨਿਵਾਜਦੇ ਸਨ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪਿਆਰੇ ਸਿੱਖਾਂ ਨੂੰ। ਸ੍ਰੀ ਸਤਿਗੁਰੂ ਜੀ ਹਰ ਕਿਸੇ ਨਾਲ ਕੋਈ ਸਾਂਝ ਦੀ ਤੰਦ ਲੱਭ ਹੀ ਲੈਂਦੇ ਸਨ। ਕਿਸੇ ਦੇ ਸੌ ਔਗੁਣਾ ਵਿਚੋਂ ਵੀ ਇਕ ਵੀ ਗੁਣ ਵੇਖ ਕੇ ਉਸਨੂੰ ਪਿਆਰ ਕਰਦੇ। ਕਿਸੇ ਨਾਲ ਸਾਂਝ ਦਾ ਮਾਧਿਅਮ ਸੰਗੀਤ ਬਣ ਜਾਂਦਾ, ਗੁਰਮਤਿ ਦੀ ਸਾਂਝ, ਕਿਸੇ ਦੀ ਕਲਾ ਨੂੰ ਵਡਿਆਉਂਦੇ, ਮਾਂ ਬੋਲੀ ਦੀ ਅਤੇ ਵਿਸ਼ਵ ਅਮਨ ਦੀ ਭਾਈਚਾਰਕ ਸਾਂਝ ਕਰਕੇ ਤਾਂ ਕਾਮਰੇਡ ਵੀ ਆਪ ਜੀ ਦੇ ਪ੍ਰੇਮ–ਕਲਾਵੇ ਵਿੱਚ ਆਪਣਿਆਂ ਵਾਂਗ ਸਮਾ ਜਾਂਦੇ।

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਭਾਸ਼ਾ ਵਿਗਿਆਨੀ ਸੁਰਜੀਤ ਖੁਰਸ਼ੀਦੀ ਜੀ ਮਾਰਕਸੀ ਵਿਚਾਰਧਾਰਾ ਦੇ ਪ੍ਰਭਾਵ ਅਨੁਸਾਰ ਜਵਾਨੀ ਵਿੱਚ ਕਮਿਊਨਿਸਟ ਪਾਰਟੀ ਵਿੱਚ ਕੰਮ ਕੀਤਾ। ਬਰਾਬਰੀ ਦਾ ਸਮਾਜ ਸਿਰਜਨ ਲਈ ਸੰਘਰਸ਼ਸ਼ੀਲ ਰਹੇ, ਨਾ ਘਰ ਵੇਖਿਆ, ਨਾ ਪਰਿਵਾਰ, ਪਰ ਕਦੇ ਹਾਲਾਤ ਨਾਲ ਸਮਝੌਤਾ ਨਾ ਕੀਤਾ। ਬੇਬਾਕ, ਆਜ਼ਾਦ ਖਿਆਲੀ ਅਤੇ ਦਬੰਗਪੁਣੇ ਕਰਕੇ ਪਾਰਟੀ ਦੇ ਉੱਚ ਅਹੁਦੇਦਾਰਾਂ ਦੀਆਂ ਖਾਮੀਆਂ ਵੇਖ ਘਰ ਆ ਗਏ। ਘਰ ਦੀਆਂ ਪਰੇਸ਼ਾਨੀਆਂ ਤੋਂ ਬਚਨ ਲਈ ਸ਼ਰਾਬ ਪੀਣ ਲਗ ਗਏ। ਪਰ ਹੈ ਸਨ ਨਾਮਧਾਰੀ ਪਰਿਵਾਰ ਵਿਚੋਂ, ਭੈਣੀ ਸਾਹਿਬ ਦੇ ਗੁਆਂਢੀ ਪਿੰਡ ਕੋਟ ਗੰਗੂਰਾਏ ਦੇ। ਕਵੀ ਪ੍ਰੀਤਮ ਸਿੰਘ ਜੀ ਦੇ ਰਾਹੀਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਹੋਈ। ਆਗਿਆ ਹੋ ਗਈ, ਸ੍ਰੀ ਭੈਣੀ ਸਾਹਿਬ ਲਾਇਬ੍ਰੇਰੀ ਦੀ ਸੇਵਾ ਸੰਭਾਲ ਦਿੱਤੀ, ਘਰ ਦੀਆਂ ਲੋੜਾਂ ਵਲੋਂ ਨਿਸ਼ਚਿੰਤ ਕਰ ਦਿੱਤਾ। ਖੁਰਸ਼ੀਦੀ ਜੀ ਹੌਲੀ–ਹੌਲੀ ਸ਼ਰਾਬ ਛੱਡ ਗਏ। ਸਾਹਿਤ ਸਿਰਜਨਾ ਕਰਨ ਲੱਗੇ, ਭਾਸ਼ਾ ਵਿਗਿਆਨ ਦੀਆਂ ਦੋ ਪੁਸਤਕਾਂ– 'ਜਗਜੀਤ ਕੋਸ਼' ਅਤੇ 'ਸ਼ਬਦ ਲੀਲ੍ਹਾ' ਮਾਂ ਬੋਲੀ ਦੀ ਝੋਲੀ ਪਾਈਆਂ। ਇਕ ਵੇਰ ਅਰਜ਼ ਕੀਤੀ ਕਿ ਮਕਾਨ ਦੀ ਹਾਲਤ ਖਸਤਾ ਹੈ, ਮੁਰੰਮਤ ਕਰਨੀ ਹੈ, ਕਿਰਪਾ ਕਰੋ। ਸ੍ਰੀ ਸਤਿਗੁਰੂ ਜੀ ਨੇ ਮੈਨੂੰ (ਹਰਪਾਲ ਸੇਵਕ) ਭੇਜਿਆ ਕਿ ਐਹ ਮਾਇਆ ਖੁਰਸ਼ੀਦੀ ਜੀ ਨੂੰ ਦੇ ਆ। ਖੁਰਸ਼ੀਦੀ ਜੀ ਕਮਰੇ ਵਿੱਚ ਕੁਰਸੀ ਤੇ ਬੈਠੇ ਅਖਬਾਰਾਂ ਵੇਖ ਰਹੇ ਸਨ, ਪਾਸ ਹੀ ਖੁਰਸ਼ੀਦੀ ਜੀ ਧਰਮ ਪਤਨੀ ਵੀ ਬੈਠੀ ਸੀ। ਮੈਂ, ਖੁਰਸ਼ੀਦੀ ਜੀ ਨੂੰ ਕਿਹਾ –ਐਹ ਇਕ ਲੱਖ ਰੁਪਇਆ ਸ੍ਰੀ ਸਤਿਗੁਰੂ ਜੀ ਨੇ ਤੁਹਾਡੇ ਮਕਾਨ ਦੀ ਮੁਰੰਮਤ ਵਾਸਤੇ ਭੇਜਿਆ ਹੈ, ਹੁਕਮ ਹੋਇਆ ਹੈ ਕਿ ਕੰਮ ਸ਼ੁਰੂ ਕਰੋ, ਹੋਰ ਲੋੜ ਅਨੁਸਾਰ ਦੱਸੀ ਜਾਇਓ, ਦੇ ਦਿਆਂਗੇ।" –ਖੁਰਸ਼ੀਦੀ ਜੀ ਨੇ ਇਕ ਲੱਖ ਰੁਪਇਆ ਲਿਫਾਫੇ ਚੋਂ ਕੱਢ ਕੇ ਸਾਮ੍ਹਣੇ ਰੱਖ ਲਿਆ, ਕੁਝ ਸਮਾਂ ਮੌਨ ਰਹੇ, ਭਾਵੁਕ ਹੋ ਗਏ, ਕੁਝ ਆਖਣਾ ਚਾਹੁੰਦੇ ਸਨ ਪਰ ਭਾਵੁਕਤਾ ਵੱਸ ਸ਼ਬਦ ਗਲੇ ਚੋਂ ਬਾਹਰ ਨਹੀਂ ਸਨ ਆ ਰਹੇ। ਕੁਝ ਦੇਰ ਬਾਅਦ ਹੌਲੀ–ਹੌਲੀ ਬੋਲੇ: "ਹਰਪਾਲ ਮੈਂ ਏਨੇ ਪੈਸੇ

ਇਕੱਠੇ ਜਿੰਦਗੀ ਭਰ ਨਹੀਂ ਵੇਖੇ, ਜਿਨਾਂ ਵਾਸਤੇ ਮੈਂ ਜਿੰਦਗੀ ਲਾ ਦਿੱਤੀ, ਬੁੱਢੇ ਵਾਰੇ ਉਨ੍ਹਾਂ ਮੇਰੀ ਵਾਤ ਨਹੀਂ ਪੁੱਛੀ, ਕਦੇ ਪਤਾ ਲੈਣ ਵੀ ਨਹੀਂ ਕੋਈ ਆਇਆ। ਮੈਂ ਨਾਮਧਾਰੀ ਪਰਿਵਾਰ ਚੋਂ ਹੁੰਦਿਆਂ ਹੋਇਆਂ ਸ੍ਰੀ ਸਤਿਗੁਰੂ ਜੀ ਤੋਂ ਵੀ ਅਤੇ ਨਾਮਧਾਰੀ ਜਾਬਤੇ ਤੋਂ ਵੀ ਬਹੁਤ ਦੂਰ ਰਿਹਾ, ਅੱਜ ਮੇਰੇ ਬੁਢੇਪੇ ਦਾ, ਪਰਿਵਾਰ ਦਾ ਸਹਾਰਾ ਸਤਿਗੁਰੂ ਜੀ ਹੀ ਬਣੇ ਹਨ। ਮੈਂ ਅੱਧੀ ਜ਼ੁਬਾਨ ਨਾਲ ਮੱਦਦ ਮੰਗੀ, ਸੱਚੇ ਪਾਤਸ਼ਾਹ ਏਨੀ ਕਿਰਪਾ ਕਰ ਦਿੱਤੀ ਹੈ। ਅਸੀਂ ਲਿਖਣ ਪੜ੍ਹਨ ਵਾਲੇ ਬੰਦੇ ਹਾਂ ਪਰ ਐਸ ਵੇਲੇ ਸਤਿਗੁਰੂ ਜੀ ਦੀ ਕਿਰਪਾ ਦੇ ਹਾਣ ਦੇ ਮੈਨੂੰ ਕੋਈ ਸ਼ਬਦ ਨਹੀਂ ਜਾਪਦੇ, ਮੈਂ ਸਤਿਗੁਰੂ ਜੀ ਦੀ ਦੀਨ ਦਿਆਲਤਾ ਅੱਗੇ ਸੀਸ ਝੁਕਾਉਂਦਾ ਹਾਂ, ਨਮਨ ਹੀ ਕਰਦਾ ਹਾਂ।"

ਉਪਰੋਕਤ ਸਾਰੀ ਗਲ-ਬਾਤ ਮੈਂ ਆ ਕੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਤਾਂ ਆਪ ਜੀ ਨੇ ਸਹਿਜ ਸੁਭਾਅ ਹੀ ਬਚਨ ਕੀਤਾ- "ਅਸਲ ਵਿੱਚ ਸੇਵਾ ਹੀ ਉਹ ਹੈ ਜਿਥੋਂ ਕਿਸੇ ਤਰ੍ਹਾਂ ਦੀ ਰਿਟਰਨ ਦੀ ਆਸ ਨਾ ਹੋਵੇ।" ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਰਹਿੰਦਿਆਂ ਵੇਖਿਆ ਹੈ ਕਿ ਆਪ ਜੀ ਦੇ ਚਰਨਾਂ ਵਿੱਚ ਸ਼ਰਧਾਲੂ ਸੇਵਕਾਂ ਵਲੋਂ ਲੱਖਾਂ, ਕਰੋੜਾਂ ਰੁਪਏ ਭੇਟਾ ਦੇ ਹੁੰਦੇ ਪਰ ਕਦੇ ਜਮ੍ਹਾਂ ਨਹੀਂ ਹੋਣ ਦਿੱਤੇ, ਕਈ ਵੇਰ ਖਜਾਨੇ 'ਚ ਹਜ਼ਾਰਾਂ ਵੀ ਨਾ ਹੁੰਦੇ। ਸ੍ਰੀ ਸਤਿਗੁਰੂ ਜੀ ਨੇ ਨਾ ਕਦੇ ਆਪ ਪੈਸੇ ਆਪਣੇ ਪਾਸ ਰੱਖੇ, ਨਾ ਕੋਈ ਨਿੱਜੀ ਬੈਂਕ ਅਕਾਊਂਟ। ਇੱਕ ਵੇਰ ਸ੍ਰੀ ਭੈਣੀ ਸਾਹਿਬ 1996 ਈ: ਹੋਵੇਗਾ। ਸੰਗੀਤ ਸਭਾ ਵਿੱਚ ਸ੍ਰੀ ਸਤਿਗੁਰੂ ਜੀ ਬਿਰਾਜਮਾਨ ਸਨ, ਇਕ ਸਿੱਖ ਨੇ ਆ ਕੇ ਅਰਜ਼ ਕੀਤੀ -"ਗਰੀਬ ਨਿਵਾਜ ਸਾਡਾ ਪਰਿਵਾਰਕ ਮੈਂਬਰ ਦਇਆਨੰਦ ਹਸਪਤਾਲ ਵਿਚ ਲੁਧਿਆਣੇ ਦਾਖਲ ਹੈ। 40 ਹਜ਼ਾਰ ਜਮਾਂ ਕਰਾਵਾਵਾਂਗੇ ਤਾਂ ਉਪਰੇਸ਼ਨ ਹੋਵੇਗਾ। ਸਾਡੇ ਪਾਸ ਜੋ ਸੀ ਖਰਚ ਚੁੱਕੇ ਹਾਂ। ਕਿਰਪਾ ਕਰੋ।" ਸੱਚੇ ਪਾਤਸ਼ਾਹ ਜੀ ਨੇ ਖਜਾਨਚੀ ਨੂੰ ਪੁੱਛਿਆ -"40 ਹਜ਼ਾਰ ਚਾਹੀਦਾ ਹੈ, ਪਾਸ ਹੈਨ? ਪੂਰਬਾ ਜੀ ਨੇ ਅਰਜ ਕੀਤੀ- "ਗਰੀਬ ਨਿਵਾਜ ਅਜੇ ਤਾਂ ਹੈ ਨਹੀਂ।" - ਸਤਿਗੁਰੂ ਜੀ ਨੇ ਉਸ ਸਿੱਖ ਨੂੰ ਬੈਠਣ ਦਾ ਇਸ਼ਾਰਾ ਕੀਤਾ। ਕੁਝ ਸਮਾਂ ਹੀ ਬੀਤਿਆ। ਸੰਗੀਤ ਮਈ ਵਾਤਾਵਰਣ ਵਿੱਚ ਉਹ ਸਿੱਖ ਸ਼ਾਇਦ ਮਹਿਸੂਸ ਕਰ ਰਿਹਾ ਹੋਵੇ ਕਿ ਮੇਰੀ ਯਾਦ ਵੀ ਰਹੇਗੀ ਕਿ ਨਹੀਂ। ਇਕ ਹੋਰ ਸਿੱਖ ਨੇ ਕੁਝ ਮਾਇਆ ਭੇਟ ਕੀਤੀ। ਪੂਰਬਾ ਜੀ ਨੂੰ ਹੁਕਮ ਹੋਇਆ- 'ਵੇਖੋ ਕਿੰਨੇ ਪੈਸੇ ਹਨ।'

"ਗਰੀਬ ਨਿਵਾਜ ਜੀ, ਚਾਲੀ ਹਜ਼ਾਰ ਹਨ।"

ਹੁਕਮ ਹੋਇਆ "ਉਸ ਸਿੰਘ ਨੂੰ ਦੇ ਦਿਉ।" ਇਸੇ ਤਰ੍ਹਾਂ ਦੇ ਵਾਤਾਵਰਣ ਵਿੱਚ ਇਕ ਦਿਨ ਕਵੀ ਪ੍ਰੀਤਮ ਸਿੰਘ ਜੀ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਆਪ ਜੀ ਕਿੰਨਿਆਂ ਦੀ ਮੱਦਦ ਕਰਦੇ ਹੋ, ਇਕ ਦਿਨ ਵਿੱਚ ਹੀ ਕਿੰਨੇ ਲੋੜਵੰਦ ਆਪ ਜੀ ਪਾਸ ਅਰਜ਼ਾਂ ਕਰਦੇ ਹਨ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ, ਕਦੇ ਹਿਸਾਬ ਵੀ ਰੱਖਿਆ ਹੈ ਕਿ ਸਾਲ ਭਰ 'ਚ ਕਿੰਨੀ ਕੁ ਮਾਇਆ ਵੰਡ ਦੇਂਦੇ ਹੋ।" ਸ੍ਰੀ ਸਤਿਗੁਰੂ ਜੀ ਬੜੇ ਸਹਿਜ ਭਾਅ ਬਚਨ ਕੀਤਾ -"ਹੰਕਾਰ ਤਾਂ ਪਹਿਲਾਂ ਹੀ ਵਿਥਾਂ ਲੱਭਦਾ ਰਹਿੰਦਾ ਹੈ। ਇਹ ਹਿਸਾਬ ਰੱਖ ਕੇ, ਇਕ ਹੰਕਾਰ ਦੀ ਪੰਡ ਹੋਰ ਬੰਨ ਲਈਏ।"

ਅਸੰਭਵ ਨੂੰ ਸੰਭਵ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨ ਭਾਉਂਦਾ ਸ਼ੌਂਕ ਸੀ -ਜੇ ਸ੍ਰੀ ਜੀਵਨ ਨਗਰ ਦੀ ਮਿੱਟੀ ਟੈਸਟ ਕਰਵਾਈ। ਲੈਬ ਟੈਸਟ ਦੇ ਨਤੀਜੇ ਸਨ ਕਿ ਏਥੇ ਸੀਟਰੈਸ ਫਰੂਟ ਭਾਵ ਨਿੰਬੂ, ਸੰਤਰਾ, ਮਾਲਟਾ ਆਦਿ ਨਹੀਂ ਹੋ ਸਕਦੇ। ਸ੍ਰੀ ਸਤਿਗੁਰੂ ਜੀ ਨੇ ਉਥੇ ਸੰਤਰੇ, ਮਾਲਟੇ, ਚਕੋਧਰੇ ਅਤੇ ਕਿੰਨੂੰਆਂ ਦੇ ਬਾਗ ਲਗਾਏ ਜੋ ਦਰਸ਼ਨੀ ਬਾਗ ਬਣੇ। ਇਲਾਕਾ ਜੀਵਨ ਨਗਰ ਵਿੱਚ ਜਿਥੇ 1947 ਤੋਂ ਪਹਿਲਾਂ ਫਰੂਟ ਕੇਵਲ ਵਣਾਂ ਦੀਆਂ ਪੀਲ੍ਹਾਂ ਤੇ ਚਿੱਬੜ ਹੀ ਹੋਇਆ ਕਰਦੇ ਸਨ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਆਪ ਜੀ ਨੇ ਸਿੱਖਾਂ ਨੂੰ ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਏਨੇ ਬਾਗ ਲਗਵਾਏ ਕਿ ਸੀਜ਼ਨ ਵਿੱਚ ਆਮ ਵਿਅਕਤੀ ਵੀ ਰੱਜ ਕੇ ਅੰਗੂਰ ਖਾਂਦਾ। ਜੀਵਨ ਨਗਰ ਤੋਂ ਪਹਾੜ ਵਾਲੇ ਪਾਸੇ ਰੇਤਲੀ ਜ਼ਮੀਨ, ਟਿੱਬੇ ਵਾਲਾ ਖੂਹ, ਜਿਥੇ ਗੁਰੂ ਘਰ ਦੀ ਵੀ ਕਰੀਬ ਡੇਢ ਕੁ ਸੌ ਏਕੜ ਬਰਾਨੀ ਜ਼ਮੀਨ ਹੈ। ਜੰਗਲਾਤ ਮਹਿਕਮੇਂ ਨੇ ਕਿਹਾ ਕਿ ਏਥੇ ਕਿੱਕਰ ਹੀ ਹੋ ਸਕਦੇ ਹਨ। ਸ੍ਰੀ ਸਤਿਗੁਰੂ ਜੀ ਨੇ 1986 ਵਿੱਚ ਇਲਾਕੇ ਚੋਂ ਸਿੱਖਾਂ ਦੇ ਢਾਈ ਸੌ ਟਰੈਕਟਰ ਇਕੱਠੇ ਕਰ ਕੇ ਇਕੋ ਦਿਨ ਵਿੱਚ ਹੀ ਟਿੱਬੇ ਪੱਧਰੇ ਕਰ ਦਿੱਤੇ। ਇਸੇ ਟਿੱਬੇ ਤੇ ਹੀ ਇਕ ਪੁਰਾਣਾ ਖੂਹ ਵੀ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਵਾਇਆ ਸੀ, ਵੱਡ ਪ੍ਰਤਾਪੀ ਜੀ ਨੇ ਏਥੇ ਇਕ ਨਾਮ ਸਿਮਰਨ ਜੱਪ ਪ੍ਰਯੋਗ ਵੀ ਕੀਤਾ। 1985 ਈ. ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਏਥੇ ਨਾਮ ਸਿਮਰਨ ਜੱਪ ਪ੍ਰਯੋਗ (ਅੱਸੂ ਦਾ ਮੇਲਾ) ਕੀਤਾ। ਟਿੱਬਿਆਂ ਤੋਂ ਉਪਰਲੀ ਤੈਹ, ਮੋਟੀ ਰੇਤਾ ਇਕੱਠੀ ਕਰਕੇ ਇੱਕ ਕਰੀਬ ਸੱਠ ਫੁੱਟ ਉੱਚਾ ਟਿੱਬਾ ਕਿ ਪਹਾੜ ਹੀ ਬਣਾ ਦਿੱਤਾ- ਉੱਪਰ ਰੁੱਖ, ਬੂਟੇ, ਫੁੱਲ ਲਗਵਾਏ, ਡਰਿੱਪ ਸਿਸਟਮ ਲਗਾ ਸਿੰਚਾਈ ਸ਼ੁਰੂ ਕੀਤੀ। ਇਹ ਟਿੱਬੇ ਵਾਲੀ ਪੈਲੀ ਜਿਥੇ ਕਿੱਕਰ ਹੀ ਹੋ ਸਕਦੇ ਸਨ। ਸ੍ਰੀ ਸਤਿਗੁਰੂ ਜੀ ਨੇ ਬਹੁਤ ਖਰਚ

ਖੇਚਲ ਕਰਕੇ ਕਈ ਕਿਸਮ ਦੀਆਂ ਬੇਰੀਆਂ, ਅੰਗੂਰ, ਅਮਰੂਦ ਅਤੇ ਅਨਾਰਾਂ ਦੇ ਬਾਗ ਲਗਵਾਏ। ਇਹ ਵੇਖ ਕੇ ਆਸੇ ਪਾਸੇ ਦੇ ਲੋਕਾਂ ਨੇ ਵੀ ਜ਼ਮੀਨਾਂ ਪੱਧਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜ਼ਮੀਨ ਦੀ ਕੀਮਤ ਕਈ ਗੁਣਾ ਵੱਧ



ਗਈ। ਗੁਰੂ-ਘਰ ਦੀ ਇਸੇ ਜ਼ਮੀਨ ਵਿਚ ਹੀ ਸ੍ਰੀ ਸਤਿਗੁਰੂ ਜੀ ਨੇ ਸੁਖਦੇਵ ਸਿੰਘ ਨੂੰ ਉਚੇਚਾ ਹੁਕਮ ਕਰਕੇ ਇਕ ਉੱਚਾ ਟਿੱਬਾ ਹੋਰ ਬਣਵਾਇਆ, ਬੂਟੇ ਲਵਾਏ। ਕਈ ਵੇਰ ਜਦੋਂ ਸ੍ਰੀ ਸਤਿਗੁਰੂ ਜੀ ਮਸਤਾਨ ਗੜ੍ਹ ਹੁੰਦੇ, ਰਾਤ ਨੂੰ ਜਦੋਂ ਸਾਰਿਆਂ ਸੌਣ ਵਾਸਤੇ ਚਲੇ ਜਾਣਾ ਤਾਂ ਆਪ ਜੀ ਨੇ ਨਜ਼ਦੀਕੀ ਸੇਵਕਾਂ ਨੂੰ ਨਾਲ ਲੈ ਕੇ, ਆਪ ਜਿਪਸੀ ਚਲਾ ਕੇ ਇਸ ਨਵੇਂ ਟਿੱਬੇ ਤੇ ਜਾ ਕੇ ਘੰਟਾ, ਡੇਢ ਘੰਟਾ ਨਾਮ ਸਿਮਰਨ ਕਰਕੇ 10-11 ਵਜੇ ਵਾਪਸ ਮਸਤਾਨ ਗੜ੍ਹ ਆ ਜਾਣਾ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਨਾਲ ਹੁੰਦੇ ਸਨ ਸੇਵਕ ਹਰਪਾਲ ਸਿੰਘ, ਸੇਵਕ ਰਛਪਾਲ ਸਿੰਘ, ਅਵਤਾਰ ਸਿੰਘ ਅਮਰਾਸਰ ਅਤੇ ਦਰਸ਼ਨ ਸਿੰਘ ਪਹਿਰੇ ਵਾਲਾ। ਇਸ ਤਰ੍ਹਾਂ ਇਹ ਦੋਵੇਂ ਟਿੱਬੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਤਪ-ਅਸਥਾਨ ਵਜੋਂ ਇਤਿਹਾਸਕ ਸਥਾਨਾਂ ਵਿੱਚ ਦਰਜ ਹੋ ਗਏ ਹਨ ਜੋ ਕਿ ਦਿੱਖ ਪੱਖੋਂ ਦਰਸ਼ਨੀ ਸੈਰਗਾਹ ਵੀ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਉਚਾਈ, ਮਹਾਨਤਾ ਅਤੇ ਰੂਹਾਨੀ ਮੰਡਲਾਂ ਬਾਰੇ ਤਾਂ ਉਹ ਹੀ ਜਾਣ ਸੱਕੇ, 'ਏਵਡੁ ਊਚਾ ਹੋਵੈ ਕੋਇ, ਤਿਸੁ ਊਚੇ ਕਉ ਜਾਣੈ ਸੋਇ।" ਅਤੇ 'ਜੇਵਡੁ ਆਪਿ ਜਾਣੈ ਆਪਿ ਆਪਿ।' ਜੇਡਾ ਮਹਾਨ ਸਤਿਗੁਰੂ ਓਨੀਂ ਵੱਡੀ ਉਸਦੀ ਦਾਤ 'ਜੇਵਡੁ ਆਪਿ ਤੇਵਡ ਤੇਰੀ ਦਾਤਿ।' ਤੁਛ ਮਨੁੱਖੀ ਬੁੱਧੀ ਸਤਿਗੁਰੂ ਦੀ ਲੀਲ੍ਹਾ ਦਾ ਪਾਰਾਵਾਰ ਨਹੀਂ ਪਾ ਸਕਦੀ। ਸਾਡੇ ਵਾਸਤੇ ਅਕਾਸ਼ ਓਡਾ ਹੀ ਹੈ ਜਿਥੋਂ ਤੱਕ ਸਾਡੀ ਨਿਗ੍ਹਾ ਜਾਂਦੀ ਹੈ ਪਰ ਬ੍ਰਹਿਮੰਡ ਅਨੰਤ ਹੈ ਅਤੇ ਇਸ ਬ੍ਰਹਿਮੰਡ ਦਾ ਰਚਨਹਾਰ ਕਰਤਾ-ਪੁਰਖ ਬੇਅੰਤ ਹੈ। ਨਿਰਾਕਾਰ ਬ੍ਰਹਮ ਦਾ ਸਾਕਾਰ ਰੂਪ, ਨਿਰਗੁਣ ਦਾ ਸਰਗੁਣ ਸਰੂਪ ਸਤਿਗੁਰੂ ਹੀ ਹੁੰਦਾ ਹੈ। 'ਪਾਰਬ੍ਰਹਮ ਗੁਰ ਏਕੋ ਜਾਣ।' ਪਰਮੇਸ਼ਰ ਜਦੋਂ 'ਮਾਨਸ ਅਵਤਾਰ ਧਾਰ ਦਰਸ ਦਿਖਾਏ ਹੈਂ।' ਅਨੁਸਾਰ ਲੋਕਾਈ ਨੂੰ ਨਿਵਾਜਦਾ ਹੈ, ਨਰ ਲੀਲ੍ਹਾ ਕਰਦਾ ਹੈ। ਸਤਿਗੁਰੂ ਦੇ ਬਚਨ-ਕਰਮ ਦੀਆਂ ਪੈੜਾਂ ਸ੍ਰਿਸ਼ਟੀ ਦੇ ਕਲਿਆਣ ਵਾਸਤੇ ਚਾਨਣ ਮੁਨਾਰਾ ਹੁੰਦੀਆਂ ਹਨ। ਸਤਿਗੁਰੂ ਦੇ ਮਨੁੱਖ ਰੂਪ ਵਿੱਚ ਕੀਤੇ ਕੌਤਕਾਂ ਦਾ ਗੁਣ ਗਾਇਨ ਕਰਨ ਨਾਲ ਆਤਮਿਕ ਅਨੰਦ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ, ਪ੍ਰੇਮ ਦਾ ਸੋਮਾ ਸਨ। ਸੁਖਾਂ ਦਾ ਸਾਗਰ ਅਤੇ ਗਿਆਨ ਦੀ ਵਗਦੀ ਗੰਗਾ ਸਨ। ਆਪ ਜੀ ਮਹਾਨ ਤਪਸਵੀ, ਪੱਕੇ ਨਿਤਨੇਮੀ, ਸੰਜਮੀ, ਮਹਾਂਦਾਨੀ, ਕਲਾ ਦੇ ਪਾਰਖੂ, ਗੁਣੀ ਜਨਾ ਅਤੇ ਕਿਰਤੀਆਂ ਦੇ ਕਦਰਦਾਨ, ਸੂਖਮ ਭਾਵੀ, ਹਰ ਦੇਸ਼, ਜਾਤ, ਕੌਮ ਦੇ ਕੇਵਲ ਮਨੁੱਖ ਮਾਤਰ ਹੀ ਨਹੀਂ, ਪਸ਼ੂ ਪੰਛੀ ਅਤੇ ਰੁੱਖ ਬਿਰਖ ਵੀ ਆਪ ਜੀ ਦੇ ਪ੍ਰੇਮ-ਪਾਤਰ ਹੋਇਆ ਕਰਦੇ ਸਨ। ਸ਼ਿਵ ਵਰਗੀ ਅਡੋਲ ਸਮਾਧੀ, ਵਿਸ਼ਨੂੰ ਵਾਂਗ ਸਭ ਦੇ ਪ੍ਰਿਤਪਾਲਕ, ਬ੍ਰਹਮਾਂ ਵਾਂਗ ਨਵ-ਸਿਰਜਕ। ਦਿਲਰੁਬਾ ਆਪ ਜੀ ਦਾ ਮਨ ਭਾਉਂਦਾ ਸਾਜ ਸੀ, ਤਾਰਾਂ ਤੇ ਗਜ ਫੇਰਦਿਆਂ ਪੋਟਿਆਂ ਨਾਲ ਤਰਬਾਂ ਨੂੰ ਛੋਂਹਦੇ ਤਾਂ ਰਾਗ ਰੂਪ ਸਤਿਗੁਰੂ ਅਨਹਦ-ਨਾਦ ਦਾ ਰੂਪ ਹੋ ਜਾਂਦੇ। ਕੀਰਤਨ ਕਰਦਿਆਂ ਸੰਗੀਤ, ਸਤਿਗੁਰੂ ਅਤੇ ਗੁਰਬਾਣੀ ਇੱਕ-ਮਿੱਕ ਹੋ ਜਾਂਦੇ। ਕਥਾ ਵਖਿਆਣ ਕਰਦੇ ਤਾਂ

ਐਉਂ ਜਾਪਦਾ ਕਿ ਗੁਰਬਾਣੀ ਆਪਣੇ-ਆਪ ਦੀ ਵਿਆਖਿਆ ਕਰ ਰਹੀ ਹੋਵੇ। ਸੰਗਤਾਂ ਵਿੱਚ ਵਿਚਰਦੇ ਤਾਂ ਆਪ ਵੀ ਖਿੜੇ ਰਹਿੰਦੇ ਅਤੇ ਚੁਫੇਰੇ ਨੂੰ ਵੀ ਕਦੇ ਉਦਾਸ ਨਾ ਹੋਣ ਦੇਂਦੇ, ਆਪ ਜੀ ਦੀ ਮੌਜੂਦਗੀ ਵਿੱਚ ਕਦੇ ਕਿਸੇ ਨੂੰ ਨਾ ਕੋਈ ਭਉ ਮਹਿਸੂਸ ਹੁੰਦਾ ਨਾ ਛੋਟਾਪਣ, ਅਭੈਦਾਨ ਦੇਂਦੇ, ਹਰ ਕਿਸੇ ਨੂੰ



ਹਾਣ ਦੇ ਹੋਣ ਦਾ ਅਹਿਸਾਸ ਕਰਵਾਉਂਦੇ। 'ਸਜਣੁ ਮੈਡਾ ਚਾਈਆ, ਹਭ ਕਹੀ ਦਾ ਮਿਤੁ।' -ਗੁਰਵਾਕ ਅਨੁਸਾਰ ਆਪ ਜੀ ਹਮੇਸ਼ਾਂ ਅਨੰਦ ਸਰੂਪ ਰਹਿੰਦੇ, ਹਮੇਸ਼ਾਂ ਖਿੜੇ-ਖਿੜੇ। ਹਰ ਕਿਸੇ ਨੂੰ ਮਹਿਸੂਸ ਹੁੰਦਾ ਕਿ ਸਤਿਗੁਰੂ ਜੀ ਸਭ ਤੋਂ ਵੱਧ ਮੈਨੂੰ ਹੀ ਪਿਆਰਦੇ ਹਨ। ਪੰਗਤਾਂ ਵਿੱਚ ਲੰਗਰ ਵਰਤਾਉਂਦਿਆਂ ਵੀ ਸਿੱਖਾਂ ਨਾਲ ਛੋਟੇ-ਛੋਟੇ ਹਾਸ ਵਿਨੋਦ ਕਰਨੇ, ਕਿਸੇ ਨੂੰ ਆਖਣਾ ਮੂੰਹ ਉਤਾਂਹ ਕਰੀਂ, ਤੈਨੂੰ ਪਛਾਣਿਆਂ ਨਹੀਂ, ਏਨਾਂ ਆਖ, ਕੜਾਹ ਪ੍ਰਸ਼ਾਦ ਦਾ ਇਕ ਵਰਤਾਰਾ ਹੋਰ ਥਾਲੀ ਵਿਚ ਪਾ ਦੇਣਾ। ਆਪ ਜੀ ਨੇ ਸੰਗਤਾਂ ਤੋਂ ਕੁਝ ਵੀ ਲੁਕਾ ਕੇ ਨਹੀਂ ਰੱਖਿਆ, ਨਾਮ-ਬਾਣੀ, ਗੁਣਾਂ ਅਤੇ ਪਦਾਰਥਾਂ ਦੇ ਗੱਫੇ ਖੁੱਲ੍ਹੇ ਹੱਥੀਂ ਵਰਤਾਏ।

ਸਤਿਗੁਰੂ ਜੀ ਦੇ ਸਦਾ-ਵਿਗਾਸੀ ਸੁਭਾਅ ਬਾਰੇ ਸ. ਗੁਰਨਾਮ ਸਿੰਘ ਤੀਰ (ਚਾਚਾ ਚੰਡੀਗੜ੍ਹੀਆ) ਦੀ ਪੁਸਤਕ 'ਸਦਾ ਵਿਗਾਸ' ਵਿਚ ਲਿਖੇ 'ਸਮਰਪਣ-ਸ਼ਬਦ, ਪਾਠਕਾਂ ਨਾਲ ਸਾਂਝੇ ਕਰਦਾ ਹਾਂ।

“ਚਰੰਜਾ ਸਾਲਾਂ ਦੀ ਲਗਾਤਾਰ ਰੀਸਰਚ ਪਿਛੋਂ ਦੁਨੀਆਂ ਭਰ ਦੇ ਧਾਰਮਿਕ ਗ੍ਰੰਥਾਂ ਅਤੇ ਮਹਾਂ ਪੁਰਖਾਂ ਦੀਆਂ ਜੀਵਨੀਆਂ ਵਿਚੋਂ, ਸੂਖਮ ਹਾਸ-ਵਿਅੰਗ ਦੇ ਇਹ ਨਿਚੋੜ ਇਕ ਖਰੜੇ ਦੇ ਰੂਪ ਵਿੱਚ ਇਕੱਤਰ ਕੀਤੇ ਗਏ। ਸਾਰੇ ਧਰਮਾਂ ਦੀ ਇਕ ਬੁਨਿਆਦੀ ਸਾਂਝ ਜੋ ਮੈਂ ਇਸ ਖਰੜੇ ਵਿੱਚਅਨੁਭਵ ਕੀਤੀ ਉਹ “ਨਾਨਕ ਭਗਤਾ ਸਦਾ ਵਿਗਾਸੁ” ਦੀ ਫਿਲਾਸਫੀ ਨਾਲ ਮੇਲ ਖਾਂਦੀ ਹੈ।

ਇਸ ਪੁਸਤਕ ਬਾਰੇ ਮੈਂ ਸੋਚ ਰਿਹਾ ਸਾਂ ਕਿ ਇਹ ਕਿਸ ਮਹਾਂ-ਪੁਰਸ਼ ਨੂੰ ਸਮਰਪਣ ਕੀਤੀ ਜਾਵੇ। ਮੇਰੇ ਸਾਮ੍ਹਣੇ ਨਾਮਧਾਰੀ ਬ੍ਰਹਿਮੰਡ ਦੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਚਿੱਤਰ ਆ ਖਲੋਤਾ। ਮੈਨੂੰ ਉਹ ਹਾਸ ਵਿਅੰਗ ਦੇ ਠਾਠਾਂ ਮਾਰਦੇ ਸਾਗਰ ਜਾਪੇ। ਇਸ ਲਈ ਇਹ ਪੁਸਤਕ 'ਸਦਾ-ਵਿਗਾਸ, ਮੈਂ ਉਨ੍ਹਾਂ ਨੂੰ ਸਮਰਪਣ ਕਰਦਾ ਹਾਂ।”

“ਸਤਿਗੁਰੁ ਵਡਾ ਕਰਿ ਸਾਲਾਹੀਐ, ਜਿਸੁ ਵਿਚ ਵਡੀਆ ਵਡਿਆਈਆ॥” ਗੁਰਵਾਕ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵੱਡੀਆਂ ਵਡਿਆਈਆਂ ਦੇ ਮਾਨ ਸਰੋਵਰ ਚੋਂ ਸਤਿਗੁਰੂ ਜੱਸ ਦੇ ਕੁਝ ਕੁ ਸੁੱਚੇ ਮੋਤੀ ਸੰਗਤਾਂ ਨੂੰ ਭੇਟ ਕਰਦਾ ਹੋਇਆ ਕੁਝ ਕਾਵਿਕ ਸਤਰਾਂ ਨਾਲ ਸਮਾਪਨ ਕਰਦਾ ਹਾਂ-

ਮੋਰਾਂ ਨੂੰ ਉਸ ਚੋਗ ਚੁਗਾਉਣਾ,
ਗਊਆਂ ਵਿੱਚ ਉਹ ਕ੍ਰਿਸ਼ਨ ਮੁਰਾਰੀ,
ਬਾਲਾਂ ਸੰਗ ਉਸ ਬਾਲ ਹੀ ਹੋਣਾ।
-ਗੰਗਾ ਦਾ ਇਸ਼ਨਾਨ ਸੀ,
ਉਸਦਾ ਪਾਵਨ ਦਰਸ਼ਨ ਪਰਸਨ ਹੋਣਾ।
ਅਮਰ-ਕਥਾ ਤੇ ਸਾਰ ਗੀਤਾ ਦਾ,
ਉਸਦਾ ਸ੍ਰੀ ਮੁਖਵਾਕ ਅਲਾਉਣਾ।
ਪੌਣ ਪਾਣੀ ਤੇ ਪਸ਼ੂ ਪੰਛੀ ਨੇ,
ਰੁਕ ਜਾਣਾ ਜਦ ਤਾਊਸ਼ ਵਜਾਉਣਾ।
ਮਹਾਂ-ਅਨੰਦ, ਪਰਮ-ਸੁਖ ਮਿਲਨਾ,
ਜਦ ਉਸ ਗੀਤ ਕੋਈ ਰੱਬੀ ਗਾਉਣਾ।

**-94176-01321**

# ਇਹ ਨੇ ਸਾਜ਼, ਸਾਜ਼ਨਿਵਾਜ਼ ਤੂੰ

– ਸੁਰਜੀਤ ਪਾਤਰ



ਨਾਮਧਾਰੀ ਸਤਿਗੁਰਾਂ ਨੇ ਆਪਣੀ ਸੰਗਤ ਨੂੰ ਸੰਗੀਤ ਅਤੇ ਗੁਰਬਾਣੀ ਕੀਰਤਨ ਦੀ ਰਿਮਝਿਮ ਵਿਚ ਖੂਬ ਸੰਚਰਿਆ ਹੈ ਤੇ ਆਪਣੇ ਮੁਰੀਦਾਂ ਵਿਚੋਂ ਅਨੇਕ ਸੰਗੀਤ ਸਾਧਕਾਂ ਨੂੰ ਹਿੰਦੁਸਤਾਨ ਦੇ ਮਸ਼ਹੂਰ ਸੰਗੀਤਕਾਰਾਂ ਦੇ ਸ਼ਿਸ਼ ਬਣਾ ਕੇ ਉਨ੍ਹਾਂ ਦੀ ਸਰਪ੍ਰਸਤੀ ਕੀਤੀ ਹੈ । ਇਸੇ ਸਦਕਾ ਨਾਮਧਾਰੀ ਦਰਬਾਰ ਨੇ ਬਹੁਤ ਕਮਾਲ ਦੇ ਸੁਰੀਲੇ ਰਾਗੀ ਸਿੱਖ ਪੰਥ ਨੂੰ ਅਰਪੇ ਹਨ। ਇਹ ਉਨ੍ਹਾਂ ਦਾ ਅਦੁੱਤੀ ਯੋਗਦਾਨ ਹੈ ।

ਸੰਗੀਤ ਦਾ ਸਿੱਖੀ ਵਿਚ ਬਹੁਤ ਉੱਚਾ ਸਥਾਨ ਹੈ। ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਾਲ ਸੰਗੀਤਕਾਰ ਸੰਗੀ ਭਾਈ ਮਰਦਾਨਾ ਜੀ ਨੂੰ ਲਿਆ ।ਵਾਰ ਵਾਰ ਜਨਮ ਸਾਖੀ ਵਿੱਚ ਇਹ ਵਾਕ ਆਉਂਦਾ ਹੈ :

ਮਰਦਾਨਿਆ ਰਬਾਬ ਵਜਾਇ। ਮਰਦਾਨੇ ਰਬਾਬ ਵਜਾਇਆ। ਬਾਬੇ ਰਾਗ ਵਿਚ ਸਬਦ ਉਠਾਇਆ। ਏਹੀ ਨਹੀਂ ਉਨ੍ਹਾਂ ਨੇ ਕਾਇਨਾਤ ਨੂੰ ਵੀ ਇਕ ਸੰਗੀਤਮਈ ਆਰਤੀ ਵਾਂਗ ਦੇਖਿਆ। ਜਿਸ ਵਿਚ ਅਨਹਤ ਸਬਦ ਦੀ ਭੇਰੀ ਵਜ ਰਹੀ ਹੈ ਤੇ ਪ੍ਰਭੂ ਦੇ ਦਰ ਦੇ ਮਾਹੌਲ ਨੂੰ ਵੀ 'ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ' ਜਿਹੇ ਸ਼ਬਦਾਂ ਨਾਲ ਰੂਪਮਾਨ ਕੀਤਾ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸੰਗੀਤ ਤੇ ਗੁਰਸ਼ਬਦ ਦਾ ਰਿਸ਼ਤਾ ਜੁੱਗੋ ਜੁੱਗ ਅਟੱਲ ਕਰ ਦਿੱਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਰਗੀਕਰਣ ਰਾਗਾਂ ਵਿਚ ਕਰ ਕੇ ਤੇ ਹਰ ਸ਼ਬਦ ਦੇ ਮਸਤਕ ਤੇ ਰਾਗ ਦਾ ਨਾਮ ਲਿਖ ਕੇ ॥

ਉਹ ਪਾਵਨ ਨਾਦ-ਨਦੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਬੋਲਾਂ ਵਿਚੋਂ ਪ੍ਰਵਾਹਮਾਨ ਹੋਈ , ਉਹਦੇ ਸੂਖਮ ਸਰੂਪ ਦੇ ਕਿਨਾਰਿਆਂ ਤੇ ਹੀ ਵਸੀ ਹੋਈ ਹੈ ਭੈਣੀ ਸਾਹਿਬ ਦੀ ਨਗਰੀ, ਜਿੱਥੇ ਰਾਗਮਈ ਸ਼ਬਦ ਦਾ ਗਾਇਨ ਹੁੰਦਾ ਹੈ ਤੇ ਦੂਰ-ਦੂਰ ਤੱਕ ਸਜੀਆਂ ਸੰਗਤਾਂ ਉਸ ਸ਼ਬਦ ਨੂੰ ਮੰਤਰ ਮੁਗਧ ਹੋ ਕੇ ਸੁਣਦੀਆਂ ਹਨ। ਰਾਗਮਈ ਸ਼ਬਦ ਦੀ ਦਾਤ ਨੂੰ ਸਾਂਭਣ ਵਾਲੇ ਲੋਕ ਮਾਨਵਤਾ ਤੇ ਵੱਡਾ ਪਰਉਪਕਾਰ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਧਰਤੀ ਅਸੀਸ ਦਿੰਦੀ ਹੈ , ਬਿਰਖ ਬੂਟੇ ਅਸੀਸਾਂ ਦਿੰਦੇ ਹਨ,ਪੌਣਾਂ ਅਸੀਸਾਂ ਦਿੰਦੀਆਂ ਹਨ ।

ਗੁਰਬਾਣੀ ਕੀਰਤਨ ਦੇ ਅੰਮ੍ਰਿਤਮਈ ਬੋਲ ਇਸ ਜ਼ਹਿਰ ਪਹਿਰ ਵਾਲੇ ਜਲਤ ਜਲੰਦੇ ਦੇ ਸੀਨੇ ਨੂੰ ਠਾਰਦੇ ਹਨ। ਗੁਰਮਤਿ ਸੰਗੀਤ ਨੂੰ ਸਾਂਭਣ ਵਿਚ ਨਾਮਧਾਰੀ ਦਰਬਾਰ ਦਾ ਬਹੁਤ ਹੀ ਵੱਡਾ ਯੋਗਦਾਨ ਹੈ ।

ਮੇਰੇ ਕੁਝ ਨਿੱਜੀ ਅਨੁਭਵ ਹਨ ਜਿਹੜੇ ਮੇਰੇ ਲਈ ਬਹੁਤ ਅਮੋਲ ਹਨ। ਇਕ ਤਾਂ ਇਹ ਹੈ ਕਿ ਇਕ ਵਾਰੀ ਮੇਰੀ ਸਿਹਤ ਕਾਫ਼ੀ ਢਿੱਲੀ ਹੋ ਗਈ ਤਾਂ ਸਤਿਗੁਰੂ ਜਗਜੀਤ ਸਿੰਘ ਮੇਰੀ ਪੁਰਸਿਸ਼ ਲਈ ਖੁਦ ਮੇਰੇ ਘਰ ਪਧਾਰੇ ਤੇ ਉਨ੍ਹਾਂ ਦੀ ਹਜ਼ੂਰੀ ਵਿਚ ਮੇਰੇ ਛੋਟੇ ਵੀਰ ਉਪਕਾਰ ਸਿੰਘ ਨੇ ਗੀਤ ਗਾਇਆ ਤੇ ਜਿੰਨੀ ਦੇਰ ਇਹ ਆਲਮ ਰਿਹਾ ਮੇਰੇ ਦਿਲ ਦਾ ਪਿਆਰ ਮੇਰੀਆਂ ਅੱਖੀਆਂ ਰਾਹੀਂ ਭਰ ਭਰ ਉਛਲਦਾ ਰਿਹਾ।

ਦੂਜਾ ਅਨਮੋਲ ਅਨੁਭਵ ਇਹ ਹੈ ਕਿ ਜਦ ਵੀ ਉਨ੍ਹਾਂ ਦੇ ਦਰਸ਼ਨ ਹੁੰਦੇ ਤਾਂ ਮੈਨੂੰ ਕੋਈ ਗੀਤ ਗ਼ਜ਼ਲ ਗਾਉਣ ਦਾ ਹੁਕਮ ਜ਼ਰੂਰ ਹੁੰਦਾ । ਇਹ ਮੇਰੇ ਲਈ ਵੱਡੇ ਮਾਣ ਤੇ ਖੁਸ਼ੀ ਦੀ ਗੱਲ ਹੁੰਦੀ ਸੀ ।

ਇਹ ਨੇ ਸਾਜ਼ ਸਾਜ਼ਨਵਾਜ਼ ਤੂੰ
ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ
ਤੇਰੇ ਪੋਟਿਆਂ ਤੇ ਸੁਰਾਂ ਚ ਇਹ
ਕੇਹੇ ਫ਼ਾਸਿਲੇ ਕੇਹੀ ਲੀਕ ਹੈ......
ਹੇ ਕਵਿਤਾ ਮੈਂ ਮੁੜ ਆਇਆ ਹਾਂ
ਤੇਰੇ ਊਚੇ ਦੁਆਰ
ਜਿੱਥੇ ਹਰ ਦਮ ਸਰਗਮ ਗੂੰਜੇ
ਹਰ ਗ਼ਮ ਦਏ ਨਿਵਾਰ
ਅੱਥਰੂ ਜਿੱਥੇ ਚੜ੍ਹਨ ਚੜਾਵਾ
ਜਾਂ ਹੰਝੂ ਜਾਂ ਹਉਕਾ ਹਾਵਾ
ਦੁਖੜੇ ਦੇ ਕੇ ਮੁਖੜੇ ਲੈ ਜਾਓ
ਗੀਤਾਂ ਦੇ ਸ਼ਿੰਗਾਰ
ਹੇ ਕਵਿਤਾ ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ......

ਅਸਾਡੀ ਤੁਹਾਡੀ ਮੁਲਾਕਾਤ ਹੋਈ ।
ਜਿਵੇਂ ਬਲਦੇ ਜੰਗਲ ਤੇ ਬਰਸਾਤ ਹੋਈ
ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ
ਤੂੰ ਤੱਕਿਆ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ.....

ਮੇਰੇ ਇਨ੍ਹਾਂ ਗੀਤਾਂ ਗ਼ਜ਼ਲਾਂ ਦੇ ਗਾਇਨ ਨੂੰ ਉਨ੍ਹਾਂ ਦੀ ਮੌਜੂਦਗੀ ਦਾ ਮਾਣ ਮਿਲਿਆ ਤੇ ਇਕ ਦੁਰਲੱਭ ਛਿਣ ਉਨ੍ਹਾਂ ਨੇ ਮੇਰੇ ਸੀਨੇ ਤੇ ਅਪਣੇ ਦੈਵੀ ਪੋਟੇ ਰੱਖ ਕੇ ਕਿਹਾ : 'ਤੂੰ ਦਿਲੋਂ ਹੀ ਲਿਖਦਾ ਏਂ ਤੇ ਦਿਲੋਂ ਹੀ ਗਾਉਂਦਾ ਏਂ।' ਇਹ ਬੋਲ ਮੇਰੇ ਲਈ ਮਹਾਂ-ਪੁਰਸਕਾਰ ਨੇ। ਉਸ ਵਕਤ ਜਿਵੇਂ ਮੇਰਾ ਵਜੂਦ ਸਾਜ਼ ਸੀ ਤੇ ਉਹ ਪੋਟੇ ਸਾਜ਼ਨਵਾਜ਼, ਉਹ ਛਿਣ ਮੇਰੀ ਜ਼ਿੰਦਗੀ ਦਾ ਅਨਮੋਲ ਸਰਮਾਇਆ ਹਨ ।

ਆਖਰੀ ਗੀਤ ਜਿਹੜਾ ਮੈਂ ਆਪ ਜੀ ਦੀ ਹਾਜ਼ਰੀ ਵਿਚ ਗਾਇਆ ਸੀ ਉਸ ਵਿਚ ਸੰਗੀਤ ਅਤੇ ਕਵਿਤਾ ਦੇ ਕਾਇਨਾਤੀ ਦਰਬਾਰ ਦਾ ਮਾਹੌਲ ਹੈ :

ਤੇਰੀ ਲੋਏ
ਲਫ਼ਜ਼ ਪਰੋਏ
ਮਿਟ ਸਾਰੇ ਗਮ ਸਰਗਮ ਹੋਏ
ਹਰ ਰੁੱਖ ਸਾਜ਼ ਜਿਹਾ ਵੱਜਦਾ ਹੈ।
ਪੱਤਾ ਪੱਤਾ ਸੁਰ ਲਗਦਾ ਹੈ ।
ਇਹ ਦਰਬਾਰ ਸਦਾ ਸਜਦਾ ਹੈ।
ਰਿਸ਼ਮਾਂ ਕਿਰਣਾਂ ਬਣਨ ਚੰਦੋਏ,
ਤੇਰੀ ਲੋਏ......

ਅੰਬਰ ਦੇ ਉੱਚ-ਨੀਲੇ ਵਰਕੇ
ਅੱਖਰ ਜਗ ਪਏ ਇਕ ਇਕ ਕਰ ਕੇ
ਦੇਖਿਆ ਅਸੀਂ ਉਨ੍ਹਾਂ ਨੂੰ ਪੜ੍ਹ ਕੇ
ਕੀ ਕੀ ਅਰਥ ਉਜਾਗਰ ਹੋਏ
ਤੇਰੀ ਲੋਏ.....

ਉਸ ਪਾਵਨ ਸਾਜ਼ਨਵਾਜ਼ ਦੀ ਯਾਦ ਅੱਗੇ ਸਿਰ ਝੁਕਾਉਂਦਾ ਹਾਂ । ਉਨ੍ਹਾਂ ਨੇ ਇਸ ਪ੍ਰਦੂਸ਼ਣ ਦੇ ਯੁਗ ਸਾਡੀ ਧਰਤੀ ਦੀਆਂ ਹਵਾਵਾਂ ਨੂੰ ਪਾਵਨ ਸੰਗੀਤ ਦਿੱਤਾ, ਕਿੰਨੇ ਗਾਇਕਾਂ ਨੂੰ ਸਰਪ੍ਰਸਤੀ ਪਿਆਰ ਤੇ ਪੁਰਸਕਾਰ ਦਿੱਤੇ। ਕਿੰਨਿਆਂ ਨੂੰ ਕੋਈ ਨਵੀਂ ਬੰਦਿਸ਼, ਨਵਾਂ ਤਾਲ ਦਿੱਤਾ । ਉਨ੍ਹਾਂ ਦੀ ਮੌਜੂਦਗੀ ਵਿਚ ਸੰਗੀਤ ਅਤੇ ਕਵਿਤਾ ਦੇ ਰੁੱਖਾਂ ਨੂੰ ਨਵੀਆਂ ਕਰੂੰਬਲਾਂ ਪੁੰਗਰਦੀਆਂ, ਨਵੀਆਂ ਟਹਿਣੀਆਂ ਫੁੱਟਦੀਆਂ ਸਨ, ਨਵਾਂ ਬੂਰ ਪੈਂਦਾ ਤੇ ਫੁੱਲ ਫਲਦੇ ਸਨ ।

ਦੁਆ ਕਰਦਾ ਹਾਂ ਕਿ ਇਹ ਦਰਬਾਰ ਜੁਗੋ ਜੁਗ ਇਉਂ ਹੀ ਸਜਿਆ ਰਹੇ ਤੇ ਇਸ ਦੇ ਬੂਟੇ ਸਾਜ਼ਾਂ ਵਾਂਗ ਵੱਜਦੇ ਰਹਿਣ ਤੇ ਪੱਤੇ ਸੁਰਾਂ ਵਾਂਗ ਥਿਰਕਦੇ ਰਹਿਣ :

ਹਰ ਰੁੱਖ ਸਾਜ਼ ਜਿਹਾ ਵੱਜਦਾ ਹੈ।
ਪੱਤਾ ਪੱਤਾ ਸੁਰ ਲੱਗਦਾ ਹੈ ।
ਇਹ ਦਰਬਾਰ ਸਦਾ ਸਜਦਾ ਹੈ।
ਰਿਸ਼ਮਾਂ ਕਿਰਣਾਂ ਬੁਣਨ ਚੰਦੋਏ
ਤੇਰੀ ਲੋਏ.......

ਬੀਤੇ ਯੁਗ ਤੇ ਲੰਘੀਆਂ ਸਦੀਆਂ
ਭੁੱਲੀਆਂ ਨਾ ਅਪਣੇ ਰਾਹ ਨਦੀਆਂ
ਹਰ ਪਲ ਸ਼ਹੁ ਸਾਗਰ ਵੱਲ ਵਧੀਆਂ
ਕਿੰਨੀ ਵੀ ਰਾਤ ਅੰਧੇਰੀ ਹੋਏ
ਤੇਰੀ ਲੋ ਏ ਲਫ਼ਜ਼ ਪਰੋਏ।

- - - - - - - - - - - - - - - -

# ਗੁਰਮਤਿ ਦੇ ਮਾਰਗ ਦਰਸ਼ਕ
# -ਸਤਿਗੁਰੂ ਜਗਜੀਤ ਸਿੰਘ ਜੀ

**ਸ੍ਰੀ ਹਰਭਜਨ ਸਿੰਘ ਯੋਗੀ ਜੀ (ਸਵ.)**

(ਨੋਟ: ਯੋਗੀ ਸਾਹਿਬ ਫਰਵਰੀ 1995 ਵਿੱਚ ਕ੍ਰੀਬ ਦੋ ਕੁ ਸੌ ਗੋਰੇ ਸਿੱਖਾਂ ਸਹਿਤ ਸ੍ਰੀ ਭੈਣੀ ਸਾਹਿਬ ਆਏ। ਇਸ ਤੋਂ ਬਾਅਦ ਦਿੱਤੀ ਇੱਕ ਇੰਟਰਵਿਊ ਵਿਚੋਂ ਯੋਗੀ ਜੀ ਦੇ ਕੁਝ ਵਿਚਾਰ ਪਾਠਕਾਂ ਦੇ ਰੂਬਰੂ ਹਨ- ਸੰਪਾਦਕ)



ਸਮੁੱਚੀ ਨਾਮਧਾਰੀ ਕੌਮ ਦਾ ਗੁਰਬਾਣੀ ਅਨੁਸਾਰ ਜੀਵਨ ਚਰਿੱਤਰ ਘੜਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਹਨ। ਇਕ ਵਿਅਕਤੀਗਤ ਪਹਿਰੇਦਾਰੀ ਸਦਕਾ ਹੀ ਇਹ ਅੱਜ ਰਹਿਣੀ-ਬਹਿਣੀ ਜਪੁ-ਤਪੁ ਵਿੱਚ ਪਾਕ ਪਵਿੱਤਰ ਤੇ ਉੱਚੇ ਸੁੱਚੇ ਹਨ। ਸੰਸਾਰ ਵਿੱਚ ਇਨ੍ਹਾਂ ਦਾ ਨਾਮ ਹੈ। ਜਿਵੇਂ ਪਹਿਲੀ ਜਮਾਤ ਦੇ ਬਾਲਕ ਨੂੰ ਵਿਦਿਆ ਪ੍ਰਾਪਤ ਕਰਨ ਲਈ ਡਿਗਰੀਆਂ, ਉੱਚ ਵਿਦਿਆ ਹਾਸਲ ਕਰਨ ਲਈ ਇਕ ਵਿੱਦਿਤ ਗੁਰੂ ਦੀ ਲੋੜ ਹੈ, ਇਸ ਤਰ੍ਹਾਂ ਇਕ ਸਾਧਾਰਨ ਬੁੱਧੀ ਵਾਲੀ ਜੀਵ ਆਤਮਾ ਨੂੰ ਆਤਮਿਕ ਮੰਡਲਾਂ, ਰਿਧੀਆਂ-ਸਿਧੀਆਂ, ਸਾਧ-ਸੰਤ, ਪਦ ਤੱਕ ਪ੍ਰਾਪਤੀਆਂ ਕਰਨ ਲਈ ਇਕ ਵਿਲੱਖਣ ਵਿਅਕਤੀਗਤ ਸ਼ਖ਼ਸੀਅਤ ਦੀ ਲੋੜ ਹੈ।

ਮੈਨੂੰ ਨਾਮਧਾਰੀ ਵੀਰਾਂ ਵਲੋਂ ਚੌਦਾਂ ਪਾਤਸ਼ਾਹੀਆਂ ਦੀ ਕੀਤੀ ਅਰਦਾਸ ਨਾਲ ਕੋਈ ਸਰੋਕਾਰ ਨਹੀਂ ਭਾਵੇਂ ਉਹ ਸੋਲਾਂ ਗੁਰੂ ਸਾਹਿਬਾਨ ਦੀ ਕਰੀ ਜਾਣ। ਮੈਂ ਤਾਂ ਗਿਰਜਾ ਘਰਾਂ ਵਿੱਚ ਹੋਣ ਵਾਲੀਆਂ ਪਰੇਅਰਾਂ ਵਿੱਚ ਵੀ ਸ਼ਾਮਲ ਹੁੰਦਾ ਹਾਂ। ਹਰ ਧਰਮ ਮਜ਼੍ਹਬ ਵਿੱਚ ਜਾ ਕੇ ਉਨ੍ਹਾਂ ਦੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਭੀ ਕਰਦਾ ਹਾਂ। ਮੈਂ ਆਪਣੇ ਆਪ ਨੂੰ ਇਕ ਆਜ਼ਾਦ ਵਿਅਕਤੀ ਸਮਝਦਾ ਹਾਂ। ਮੈਂ ਕਿਸੇ ਧਰਮ ਜਾਂ ਫਿਰਕੇ ਦਾ ਗੁਲਾਮ ਨਹੀਂ। ਆਜ਼ਾਦੀ ਨਾਲ ਵਿਚਰਨਾ ਮੇਰਾ ਹੱਕ ਹੈ।

ਨਾਮਧਾਰੀ ਸਾਧ-ਸੰਗਤ ਦੇ ਦਰਸ਼ਨ ਕਰਕੇ ਮੈਨੂੰ ਅਤਿਅੰਤ ਖੁਸ਼ੀ ਹੋਈ ਹੈ। ਅੰਮ੍ਰਿਤ ਵੇਲੇ ਸਰੰਦੇ ਤੇ ਗਾਈ ਆਸਾ ਦੀ ਵਾਰ ਮੇਰੇ ਲਈ ਇਕ ਅਨੋਖੇ ਆਨੰਦ ਦੀ ਗੱਲ ਹੈ। ਨਾਮਧਾਰੀ ਸਾਧ ਸੰਗਤ ਵਲੋਂ ਸੁਣਾਈ ਆਸਾ ਦੀ ਵਾਰ ਦਾ ਰਸ ਜੋ ਮੈਂ ਪ੍ਰਾਪਤ ਕੀਤਾ ਹੈ ਪਹਿਲਾਂ ਕਦੇ ਨਹੀਂ ਕੀਤਾ। ਮੈਂ ਫੈਸਲਾ ਕੀਤਾ ਹੈ ਕਿ ਅਸੀਂ ਵੀ ਸਰੰਦੇ ਨਾਲ ਆਸਾ ਦੀ ਵਾਰ ਨਾਮਧਾਰੀ ਵੀਰਾਂ ਵਾਂਗ ਗਾਇਆ ਕਰਾਂਗੇ। ਇਨ੍ਹਾਂ ਦੀ ਰਹਿਣੀ-ਬਹਿਣੀ ਗੁਰਮੰਤਰ ਜਪੁ ਸਾਧਨਾ ਦੂਜਿਆਂ ਨਾਲੋਂ ਉੱਚੀ-ਸੁੱਚੀ ਤੇ ਪਾਕ ਪਵਿੱਤਰ ਹੈ।

\- - - - - - - - - - - - - - -

# ਜਿਵੇਂ ਗੁਰੂ ਨਾਨਕ ਦੇਵ ਜੀ ਕੀਰਤਨ ਕਰ ਰਹੇ ਹੋਣ...

**ਸ. ਭਰਪੂਰ ਸਿੰਘ (ਬਲਬੀਰ)**



(ਮਾਰਚ 1998 ਗੁਰੂ ਹਰੀ ਸਿੰਘ ਕਾਲਜ ਵਿਖੇ ਹੋਲੇ-ਮਹੱਲੇ ਦੇ ਸਮਾਗਮ ਦੌਰਾਨ ਆਸਾ ਦੀ ਵਾਰ ਉਪਰੰਤ ਸ੍ਰ. ਭਰਪੂਰ ਸਿੰਘ ਜੀ ਦੇ ਭਾਸ਼ਨ ਵਿਚੋਂ ਕੁਝ ਸ਼ਬਦ) – ਸੰਪਾਦਕ

ਭਿੰਨੀ ਰੈਨੜੀ ਵਿੱਚ ਸ਼ੁਰੂ ਹੋਏ ਰਸ ਭਿੰਨੇ ਕੀਰਤਨ ਦਾ ਭੋਗ ਦਿਨ ਦੇ ਚਾਨਣ ਨਾਲ ਪਿਆ। ਇਸ ਰਸ ਵਿੱਚ ਭਜਨ ਕਰਦੀ ਸੰਗਤ ਤਾਂ ਬਹੁਤ ਸਾਰੀ ਦਿਸ ਰਹੀ ਸੀ, ਪਰ ਮਨ ਕੀ ਬਿਰਥਾ ਦਸ ਸਕੇ ਸੰਤ ਭਰਪੂਰ ਸਿੰਘ ਬਲਬੀਰ। ਬਲਬੀਰ ਜੀ ਪਹਿਲਾਂ ਨੀਲੀ ਪੱਗ ਬੰਨ੍ਹਦੇ ਸਨ। ਉਹ ਅਕਾਲੀ ਪਤ੍ਰਕਾ ਦੇ ਸੰਪਾਦਕ ਸਨ। ਵੱਡੇ ਵੱਡੇ ਕੇਂਦਰੀ ਪੱਧਰ ਦੇ ਸਿਆਸਤਦਾਨਾ ਤੱਕ ਉਹਨਾਂ ਦੀ ਪਹੁੰਚ ਸੀ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੋਈ ਉਹਨਾਂ ਨਾਮਧਾਰੀ ਰਹਿਤ ਮਰਿਯਾਦਾ ਨੂੰ ਅਪਣਾਇਆ। ਪਰ 67 ਸਾਲ ਦੀ ਉਮਰ ਤੱਕ ਅੰਮ੍ਰਿਤ ਵੇਲੇ ਦਾ ਐਸਾ ਰਸ ਭਿੰਨਾ ਕੀਰਤਨ ਨਹੀਂ ਸੀ ਸੁਣਿਆ। ਏਸੇ ਕਰਕੇ ਉਹਨਾਂ ਵਾਰ ਪਿੱਛੋਂ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ, "ਜਿਸ ਵੇਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੀਰਤਨ ਕਰ ਰਹੇ ਸਨ, ਪਹਿਲੀ ਵਾਰ ਮਹਿਸੂਸ ਹੋਇਆ ਜਿਵੇਂ ਗੁਰੂ ਨਾਨਕ ਦੇਵ ਜੀ ਕੀਰਤਨ ਕਰ ਰਹੇ ਹੋਣ ਤੇ ਕਹਿ ਰਹੇ ਹੋਣ, ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ। ਜਾਂ ਫਿਰ ਗੁਰੂ ਅਰਜਨ ਖੁਦ ਕੀਰਤਨ ਕਰ ਰਹੇ ਹੋਣ। ਮੈਨੂੰ ਸਤਿਗੁਰੂ ਦੇ ਦੀਦਾਰ ਹੀ ਨਹੀਂ ਉਸਦੇ ਸਨਮੁਖ ਉਸਦੀ ਪ੍ਰਾਪਤੀ ਦਾ ਸੁਖ ਅਨੁਭਵ ਹੋਇਆ। ਨਹੀਂ ਤਾਂ,

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ"

ਜਿੰਦਗੀ ਦੇ 67 ਸਾਲ ਅਜਾਈਂ ਰਾਜਨੀਤੀ ਦੇ ਪੰਧ ਕਟੇ। ਅੱਜ ਲੱਗਦਾ ਹੈ ਜਦ ਅੰਤ ਹੋਏਗਾ ਤਾਂ ਜਿਸ ਸੰਸਾਰ ਦੀ ਪ੍ਰਾਪਤੀ ਹੋਏਗੀ ਓਥੇ ਜੀਵਨ ਹੋਏਗਾ, ਮਿਰਤੁ ਨਹੀਂ।

ਇੰਜ ਲਗਦਾ ਹੈ ਜਿਵੇਂ ਗੁਰੂ ਤੋਂ ਦੂਰ ਸਾਂ ਤਾਂ ਸਵਰਗ ਵਿੱਚੋਂ ਨਿਕਲ ਕੇ ਸੰਸਾਰ ਦੇ ਨਰਕ ਵਿੱਚ ਜਾ ਫਸੇ ਸਾਂ। ਗੁਰੂ ਪਾਰਸ ਨਾਲ ਲੱਗਕੇ ਸੋਨਾ ਬਣਿਆ ਲੋਹੇ ਵਰਗਾ ਮਨੁੱਖ। ਮੇਰੀ ਅਰਦਾਸ ਹੈ ਜਿਵੇਂ ਮੇਰੇ ਉੱਤੇ ਤੁੱਠੇ ਹੋ, ਕਿਰਪਾ ਕਰਨੀ, ਮੇਹਰ ਕਰਨੀ, ਬਖਸ਼ਸ਼ ਕਰਨੀ, ਸੰਸਾਰ ਦੇ ਜੀਵ ਭੁਲੇ ਹੋਏ ਹਾਂ ਜਲਦੇ ਬਲਦੇ ਸਾਗਰ 'ਚੋਂ ਕਢ ਲਉ। ਕਲਜੁਗ ਦੇ ਰੱਥ ਦੇ ਪਹੀਏ ਤੋਂ ਮੁਕਤ ਕਰੋ, ਹੋਰ ਜਨਮ ਨਾ ਹੋਵੇ। ਉਹਨਾਂ ਹੋਰ ਕਿਹਾ, ਮੈਨੂੰ ਖੰਡਾਂ ਬ੍ਰਹਿਮੰਡਾਂ ਦੇ ਸੂਰਜ ਨਾਲ ਜੁੜਨ ਦਾ ਸਮਾਂ ਮਿਲਿਆ ਹੈ, ਮੇਰਾ ਸੁਆਸ ਸੁਆਸ ਰਿਣੀ ਹੈ।"

ਸ੍ਰੀ ਸਤਿਗੁਰੂ ਜੀ ਨੇ ਬਲਬੀਰ ਹੁਰਾਂ ਤੋਂ ਬਾਅਦ ਕਿਰਪਾ ਕੀਤੀ। ਆਪ ਨੇ ਫੁਰਮਾਇਆ ਕਿ ਸੰਤ (ਭਰਪੂਰ ਸਿੰਘ ਬਲਬੀਰ) ਜੀ ਪੂਰਬਲੇ ਕਰਮ ਕਰਕੇ ਸਤਿਗੁਰੂ ਰਾਮ ਸਿੰਘ ਦੀ ਸੰਗਤ ਵਿੱਚ ਆਏ। ਜਿਵੇਂ ਅੱਜ ਖਾਧੇ ਪ੍ਰਸ਼ਾਦੇ ਦਾ



ਅਸਰ ਹਜਮ ਹੋਣ ਬਾਅਦ ਵਿੱਚ ਹੁੰਦਾ ਹੈ ਇੰਜ ਗੁਰੂ ਵਾਲੇ ਪਾਸੇ ਆਉਣ ਦਾ ਲਾਭ ਬਾਅਦ ਵਿੱਚ ਪਤਾ ਲਗਦਾ ਹੈ।

# ਅਬ ਆਪ ਰਬਾਬ ਬਜਾਇਆ ਕਰੇਂਗੇ

**ਰਬਾਬੀ ਗੁਲਫ਼ਾਮ ਅਹਿਮਦ ਖਾਂ**



ਮੇਰੀ ਪਹਿਲੀ ਮੁਲਾਕਾਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੇ 24 ਨਵੰਬਰ 1998 ਕੋ ਹੁਈ,ਤਬ ਮੈਂਨੇ ਪਹਿਲੀ ਬਾਰ ਦਰਸ਼ਨ ਕੀਏ। ਇਸ ਸੇ ਪਹਿਲੇ ਮੇਰੇ ਪਿਤਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਕੇ ਦਰਸ਼ਨ ਕੀਏ ਥੇ, ਔਰ ਮੇਰੇ ਪਿਤਾ ਜੀ ਨੇ ਸ੍ਰੀ ਭੈਣੀ ਸਾਹਿਬ ਜਾ ਕਰ ਸਤਿਗੁਰੂ ਜੀ ਕੋ ਸਰੋਦ ਸੁਨਾਇਆ ਥਾ। ਮੇਰੇ ਪਿਤਾ ਜੀ ਨੇ ਜੋ ਸਰੋਦ ਬਜਾਇਆ ਉਸਕੇ ਬਾਰੇ ਮੇਂ ਪੰਜਾਬ ਕੇ ਅਖਬਾਰ ਵਾਲੋਂ ਨੇ ਲਿਖਾ ਕਿ ਮੁਸਲਿਮ ਨਾਮਧਾਰੀ ਨੇ ਸ੍ਰੀ ਭੈਣੀ ਸਾਹਿਬ ਮੇਂ ਸਰੋਦ ਬਜਾਇਆ। ਮੇਰੇ ਪਿਤਾ ਜੀ ਸ਼ਾਕਾਹਾਰੀ ਥੇ ਔਰ ਵੋ ਭੀ ਧੂਮ੍ਰਪਾਨ ਨਹੀਂ ਕਰਤੇ ਥੇ, 22 ਜਨਵਰੀ 1967 ਕੋ ਮੇਰੇ ਪਿਤਾ ਜੀ ਕੀ ਮ੍ਰਿਤਿਉ ਹੋ ਗਈ ਥੀ।

ਮੇਰੀ ਬਚਪਨ ਸੇ ਤਮੰਨਾ ਰਹੀ ਕਿ ਮੈਂ ਸ੍ਰੀ ਸਤਿਗੁਰੂ ਜੀ ਕੇ ਦਰਸ਼ਨ ਕਰੂੰ। ਔਰ ਵੋ ਦਰਸ਼ਨ ਮੁਝੇ 24 ਨਵੰਬਰ ਕੋ ਨਸੀਬ ਹੂਏ। ਤਬ ਮੈਂਨੇ ਸਤਿਗੁਰੂ ਜੀ ਕੋ ਸਰੋਦ ਸੁਨਾਇਆ। ਸਤਿਗੁਰੂ ਜੀ ਨੇ ਮੇਰਾ ਸਰੋਦ ਸੁਨਕਰ ਮੁਝ ਸੇ ਕਹਾ ਕਿ "ਜਿਸ ਤਰਹ ਸੇ ਆਪ ਸਰੋਦ ਬਜਾਤੇ ਹੈਂ ਇਸ ਤਕਨੀਕ ਸੇ ਕੋਈ ਸਰੋਦ ਨਹੀਂ ਬਜਾਤਾ" ਮੈਂਨੇ ਸਤਿਗੁਰੂ ਜੀ ਸੇ ਕਹਾ, "ਹਮਾਰੇ ਯਹਾਂ ਸਰੋਦ ਸੇ ਪਹਿਲੇ ਰਬਾਬ ਕੀ ਤਾਲੀਮ ਦੀ ਜਾਤੀ ਹੈ" ਸਤਿਗੁਰੂ ਜੀ ਨੇ ਕਹਾ, "ਅਗਰ ਆਪ ਕੋ ਰਬਾਬ ਦੀਆ ਜਾਏ ਤੋ ਆਪ ਬਜਾਏਂਗੇ?" ਮੈਂਨੇ ਕਹਾ, "ਅਗਰ ਆਪ ਮੁਝੇ ਰਬਾਬ ਦੇਂਗੇ ਤੋ ਮੈਂ ਜ਼ਰੂਰ ਬਜਾਊਂਗਾ। ਤਬ ਸਤਿਗੁਰੂ ਜੀ ਨੇ ਮੁਝੇ ਰਬਾਬ ਮੰਗਵਾਕਰ ਦੀਆ। ਮੁਝੇ ਰਾਤ ਕੋ ਰਬਾਬ ਮਿਲਾ ਔਰ ਸੁਬਹ ਮੈਂ ਸਤਿਗੁਰੂ ਜੀ ਕੋ ਰਬਾਬ ਸੁਨਾਨਾ ਥਾ ਜੋ ਕਿ ਮੈਂਨੇ 37 ਸਾਲ ਬਜਾਇਆ ਥਾ। ਸਤਿਗੁਰੂ ਜੀ ਨੇ ਵੋ ਰਬਾਬ ਮੁਝੇ ਦੇਕਰ ਕਹਾ ਕਿ ਆਪ ਅਬ ਰਬਾਬ ਭੀ ਬਜਾਇਆ ਕਰੇਂਗੇ। ਆਜ ਸਤਿਗੁਰੂ ਜੀ ਕੀ ਕ੍ਰਿਪਾ ਸੇ ਮੈਂ ਹਿੰਦੁਸਤਾਨ ਕਾ ਪਹਿਲਾ ਰਬਾਬ ਵਾਦਕ ਬਨ ਗਿਆ ਹੂੰ ਔਰ ਰਬਾਬ ਬਜਾਨੇ ਸੇ ਮੁਝੇ ਅਪਨੇ ਖਾਨਦਾਨ ਕੀ ਖੋਈ ਹੂਈ ਪਹਿਚਾਨ ਮਿਲ ਗਈ।

ਇਸ ਸੇ ਪਹਿਲੇ ਮੇਰੇ ਘਰ ਕੇ ਹਾਲਾਤ ਬਹੁਤ ਨਾਜ਼ੁਕ ਥੇ। ਮੇਰਾ ਪੂਰਾ ਜੀਵਨ ਤਕਲੀਫੋਂ ਸੇ ਘਿਰਾ ਹੂਆ ਥਾ। ਮੇਰਾ ਅਪਨਾ ਘਰ ਟੂਟੀ ਫੂਟੀ ਹਾਲਤ ਮੇਂ ਥਾ। ਸਤਿਗੁਰੂ ਜੀ ਕੀ ਕ੍ਰਿਪਾ ਸੇ ਅਬ ਠੀਕ ਹੋ ਗਿਆ ਹੈ। ਮੇਰੀ ਪਤਨੀ ਬਹੁਤ ਬੀਮਾਰ ਹੋ ਗਈ ਥੀ, ਸਤਿਗੁਰੂ ਜੀ ਕੀ ਕ੍ਰਿਪਾ ਸੇ ਉਨਕਾ ਇਲਾਜ ਹੂਆ ਔਰ ਵੋ ਠੀਕ ਹੋ ਗਈ। ਅਪਨੀ ਬੜੀ ਬੇਟੀ ਕੀ ਸ਼ਾਦੀ ਕੋ ਲੇਕਰ ਬਹੁਤ ਚਿੰਤਿਤ ਥਾ ਕਿਉਂਕਿ ਮੇਰੇ ਪਾਸ ਕੁਛ ਭੀ ਪੈਸਾ ਨਹੀਂ ਥਾ। ਸਤਿਗੁਰੂ ਜੀ ਕੇ ਆਸ਼ੀਰਵਾਦ ਸੇ ਮੇਰੇ ਵਿਦੇਸ਼ੋ ਮੇਂ ਪ੍ਰੋਗਰਾਮ ਹੂਏ, ਔਰ ਜੋ ਪੈਸਾ ਕਮ ਪੜਾ ਸਤਿਗੁਰੂ ਜੀ ਨੇ ਉਸੇ ਪੂਰਾ ਕਰ ਦੀਆ ਔਰ ਆਜ ਮੁਝੇ ਜੀਵਨ ਮੇਂ ਕੋਈ ਦੁਖ ਨਹੀਂ ਹੈ।

ਸ੍ਰੀ ਸਤਿਗੁਰੂ ਜੀ ਨੇ ਮੁਝ ਸੇ ਕਹਾ ਕਿ, "ਤੁਮ੍ਹੇਂ ਘਰ ਔਰ ਗਾਡੀ ਚਾਹੀਏ" ਮੈਂਨੇ ਕਹਾ, "ਮੁਝੇ ਆਪ ਕਾ ਆਸ਼ੀਰਵਾਦ ਚਾਹੀਏ, ਔਰ ਕੁਛ ਨਹੀਂ ਚਾਹੀਏ"ਔਰ ਮੇਰੀ ਤਮੰਨਾ ਹੈ ਕਿ ਮੈਂ ਹਰ ਜਨਮ ਮੇਂ ਸਤਿਗੁਰੂ ਜੀ ਕਾ ਹੀ ਸ਼ਿਸ਼ ਬਨੂੰ ਕਿਉਂਕਿ ਮੈਂਨੇ ਸੰਗੀਤ ਸੀਖਾ ਅਪਨੇ ਘਰ ਸੇ। ਔਰ ਮੈਂ ਸ਼ਿਸ਼ ਬਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਕਾ। ਮੇਰਾ ਰੋਮ ਰੋਮ ਸਤਿਗੁਰੂ ਜੀ ਕੋ ਹੀ ਜਪਤਾ ਹੈ।

- - - - - - - - - - - - - - - - -

# ਨਾਮੋ ਰਾਗ ਰੂਪੇ॥



"ਹਮਾਰੇ ਪਿਤਾ ਜੀ ਹਮੇਸ਼ਾਂ ਕਹਿਤੇ ਥੇ ਕਿ ਸ਼ਾਸਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ ਯਾ ਤੋ ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫਕੀਰ ਹੋ। ਬਾਦਸ਼ਾਹ ਯਾ ਫਕੀਰ ਕੇ ਬੀਚ ਵਾਲੇ ਕਾ ਯਹ ਕਾਮ ਨਹੀਂ ਹੈ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ  ਰਹੇ ਹੈਂ ਕਿ ਸ਼ਾਸਤ੍ਰੀ-ਸੰਗੀਤ ਕਿਆ ਹੈ। ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।"

**ਸਰੋਦ ਸਮਰਾਟ ਉਸਤਾਦ ਅਮਜਦ ਅਲੀ ਖਾਂ ਸਾਹਿਬ**

"ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ ਵੋਹ ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ। ਐਸੇ ਸਮੇਂ ਮੇਂ ਆਪ ਜੈਸਾ ਮਹਾਨ ਗੁਰੂ ਹੋਨਾ ਬਹੁਤ ਮੁਸ਼ਕਿਲ ਬਾਤ ਹੈ। ਆਪ ਕੇ ਮਸਤਿਸ਼ ਮੇ ਚੌਬੀਸ ਘੰਟੋਂ ਸੰਗੀਤ ਚਲਤਾ ਰਹਿਤਾ ਹੈ।"

**ਪੰਡਿਤ ਰਾਜਨ ਮਿਸ਼ਰਾ ਜੀ**

ਬਨਾਰਸ ਘਰਾਣੇ ਦੇ ਤਬਲਾ ਸਮਰਾਟ "ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਕੇ ਸਮੁੰਦਰ ਹੀ ਨਹੀਂ ਸੰਗੀਤ ਕੇ ਸੰਰਕਸ਼ਕ ਭੀ ਹੈਂ।ਪੱਚੀਸੋਂ ਸੰਗੀਤ ਉਸਤਾਦੋਂ ਕੇ ਪਾਸ ਉਨਹੋਂ ਨੇ ਅਪਨੇ ਬੱਚੇ ਸੰਗੀਤ ਸੀਖਨੇ ਕੇ ਲੀਏ ਭੇਜੇ ਹੈਂ। ਸਤਿਗੁਰੂ ਜੀ ਸਾਰੇ ਸੰਸਾਰ ਕੀ ਸ਼ੋਭਾ ਵਸਤੂ ਗ੍ਰਹਿਣ ਕਰਕੇ ਉਨ ਸਭ ਕੇ ਗੁਣ ਅਪਨੇ ਮੇ ਲੇ ਆਏ ਹੈਂ। ਐਸੇ ਭਾਰਤ ਵਰਸ਼ ਕੇ ਸੰਗੀਤ ਉਸਤਾਦੋਂ ਕੇ ਗੁਣ ਅਰ ਕਲਾ ਕੋ ਸਤਿਗੁਰੂ ਜੀ ਅਪਨੀ ਸੰਸਥਾ ਮੈਂ ਲੇ ਆਏ ਹੈਂ।"

**ਪੰਡਿਤ ਕਿਸ਼ਨ ਮਹਾਰਾਜ**

# ਨਾਮੋ ਰਾਗ ਰੂਪੇ॥



"ਕੁਝ ਸਾਲ ਪਹਿਲੋਂ ਮੈਨੂੰ ਸ੍ਰੀ ਭੈਣੀ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲਾਂ ਵੀ ਇਹ ਸੋਅ ਮੇਰੇ ਕੰਨੀ ਪੈਂਦੀ ਰਹੀ ਸੀ, ਫਿਰ ਪਰਤੱਖ ਦਰਸ਼ਨ ਕਰ ਲਏ, ਇੰਜ ਜਾਪਿਆ ਕਿ ਭਗਵਾਨ ਰੂਪ ਪ੍ਰਭੂ ਨੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿੱਚ ਭੇਜਿਆ ਹੈ। ਵੱਡੇ-ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ , ਬਿਨਾਂ ਕਿਸੇ ਸਾਜ ਦੀ ਸਹਾਇਤਾ ਦੇ, ਪੌਣੀਆਂ ਸਵਾਈਆਂ ਅਤੇ ਡੇਢੀਆਂ ਮਾਤਰਾਂ ਵਿੱਚ ਰੀਤਾਂ ਨੂੰ ਉਨ੍ਹਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿੱਚ ਸੁਣਿਆ।"

**ਭਾਈ ਗੁਰਚਰਨ ਸਿੰਘ ਜੀ ਕੰਵਲ ਦੀ ਪੁਸਤਕ "ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ" ਦੀ ਵਿਚੋਂ-**

# His Holiness Satguru Jagjit Singh Ji
# An Eminent Exponent and Patron of Music

**Taranjit Singh**



ਰਾਗੁ ਨਾਦੁ ਸਭੁ ਸਚੁ ਹੈ ਕੀਮਤੀ ਕਹੀ ਨ ਜਾਇ ॥

raag naad sabh sach hai keemat kahee na jaa-ay.

The melodies through which one is able to imbibe the Guru's word are all true.

One cannot estimate its true worth

The above quotes by Guru Ram Das Ji, the fourth Sikh Satguru (True Master), describes the very essence of the life and times of His Holiness Satguru Jagjit Singh Ji. the supreme spiritual master of the Namdhari Sikhs (1920-2012). Music pervaded all His actions and a moment spent in His august presence would be pure bliss. It was as if music had descended upon earth in a human form to invigorate and motivate us, to show us the path that leads to the Supreme Lord.

During the times of Satguru Ram Singh Ji, founder of the Namdhari Sikh Movement, Sikh devotional music had become a medium of propagation in India's struggle for independence from the British during the first non-violent, non-cooperation movement. Fearing the outbreak of a national rebellion, the British in January 1872, resorted to quelling the Kooka Movement by not only blowing up 66 Kookas at Malerkotla, hanging many and imprisoning hundreds but also deporting Satguru Ram Singh Ji and declaring Sri Bhaini Sahib a twenty four hour police guarded area-a virtual prison

However, despite the trying times, the journey of music attained ascendancy under the benevolence of Satguru Hari Singh Ji and then Satguru Partap Singh Ji. The early 1900s saw renewed efforts to safeguard not only the traditions of Sikh devotional music, but also those of Indian classical music. Every morning, during the ambrosial hours as well as in the evenings, Sri Bhaini Sahib would resonate with the eclectic sounds of Gurbani (devotional hymns) sung by Satguru Partap Singh Ji and several teams of hymn singers. A keen learner, Satguru Ji imbibed this music while continuing to learn various languages, poetry, carpentry and gardening at the Gurmat Vidyalaya

(school). Music was soon added to the curriculum in 1928 with the arrival of Ustad

Harnam Singh Ji from Chavinda at Sri Bhaini Sahib. He was soon joined by the famed Rababi Bhai Taba (Rebeck Singer / Player) of Amritsar, who would teach the students several traditional Gurbani (hymns) compositions of dhrupad sung at the Guru's court at the Golden Temple. To teach the rhythmic cycles of the tabla, Satguru Partap Singh Ji invited Bhai Naseer, disciple of the famous tabla maestro of the Punjab Gharana, Mian Kadar Baksh, to the Vidyalaya (school). The melodious sound of dilruba was soon added to the growing repertoire of Sri Bhaini Sahib when Satguru Partap Singh Ji along with His nine-year-old son, Satguru Jagjit Singh Ji, together became disciples of Bhai Mastan Singh of Patiala.

Indian classical music and Sikh

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥

raag naad sabh sach hai keemat kahee na jaa-ay.

The melodies through which one is able to imbibe the Guru's word are all true. One cannot estimate its true worth

The above quotes by Guru Ram Das Ji, the fourth Sikh Satguru (True Master), describes the very essence of the life and times of His Holiness Satguru Jagjit Singh Ji. the supreme spiritual master of the Namdhari Sikhs (1920-2012). Music pervaded all His actions and a moment spent in His august presence would be pure bliss. It was as if music had descended upon earth in a human form to invigorate and motivate us, to show us the path that leads to the Supreme Lord.

During the times of Satguru Ram Singh Ji, founder of the Namdhari Sikh Movement, Sikh devotional music had become a medium of propagation in India's struggle for independence from the British during the first non-violent, non-cooperation movement. Fearing the outbreak of a national rebellion, the British in January 1872, resorted to quelling the Kooka Movement by not only blowing up 66 Kookas at Malerkotla, hanging many and imprisoning hundreds but also deporting Satguru Ram Singh Ji and declaring Sri Bhaini Sahib a twenty four hour police guarded area-a virtual prison

However, despite the trying times, the journey of music attained ascendancy under the benevolence of Satguru Hari Singh Ji and then Satguru Partap Singh Ji. The early 1900s saw renewed efforts to safeguard not only the traditions of Sikh devotional music, but also those of Indian classical music. Every morning, during the ambrosial hours as well as in the evenings, Sri Bhaini Sahib would resonate with the eclectic sounds of Gurbani (devotional hymns) sung by Satguru Partap Singh Ji and several teams of hymn singers. A keen learner, Satguru Ji imbibed this music while continuing to learn various languages, poetry, carpentry and gardening at the Gurmat Vidyalaya (school). Music was soon added to the curriculum in 1928 with the arrival of Ustad

Harnam Singh Ji from Chavinda at Sri Bhaini Sahib. He was soon joined by the famed Rababi Bhai Taba (Rebeck Singer / Player) of Amritsar, who would teach the students several traditional Gurbani (hymns) compositions of dhrupad sung at the Guru's

court at the Golden Temple. To teach the rhythmic cycles of the tabla, Satguru Partap Singh Ji invited Bhai Naseer, disciple of the famous tabla maestro of the Punjab Gharana, Mian Kadar Baksh, to the Vidyalaya (school). The melodious sound of dilruba was soon added to the growing repertoire of Sri Bhaini Sahib when Satguru Partap Singh Ji along with His nine-year-old son, Satguru Jagjit Singh Ji, together became disciples of Bhai Mastan Singh of Patiala.

Indian classical music and Sikh devotional music are intertwined. The Aad Guru Granth Sahib, the collation of the teachings of the Sikh Satgurus, some Muslim and Hindu holy saints, bards and hymn singers, is metered and classified withvarious Indian classical ragas. It is an unequivocal literary and musical scripture that imbibes the grace and the tranquility of both forms of music. The knowledge of Indian classical music is thus imperative. The Talwandi Gharana of Indian classical music had evolved as a dhrupad school of singing, whereas the performance was considered as an offering to the Lord. The compositions were an amalgamation of both Muslim and Hindu spiritual themes. The sharana's style had very fast concluding portions of the alaap and several compositions had highly complex rhythmic variations. The singing of Gurbani in dhrupad was known to invigorate and accentuate one's feeling of oneness with the Lord. To incorporate the same, noteworthy efforts were made to get Ustad Rahim Baksh, a well-known practitioner of the Talwandi Gharana from Rampur village, to come and teach students at Sri Bhaini Sahib. He only taught for a short time. As providence would have it, Ustad Rahim Baksh's father, Ustad Udo Khan, became seriously ill and despite best efforts, continued to lose health. Satguru Partap Singh Ji, with His benevolence, had him brought to Sri Bhaini Sahib where he was treated successfully, Post recovery, Ustad Udo Khan continued to stay at Sri Bhaini Sahib and taught over three hundred dhrupad compositions to the eager students. During the same period, Satguru Jagjit Singh Ji also learnt to play the tarab on the dilruba (playing the dilruba by plucking the strings and creating a sound similar to the santoor) from Ustad Harnam Singh Ji.

The already busy day would also be spent learning and reciting Gurbani unerringly by heart, listening ardently to the tales and folklores of the Sikh Gurus, imbibing not only their spiritual values and tenets, but also developing a deep knowledge and keen understanding of the cultural ethos of the Punjab as well as other parts of India. Satguru Jagjit Singh Ji's incessant ardor for sports, rearing horses and tending to the cattle would soon lead to Satguru Ji being known as Beant Ji-the One with no limits

With the advent of the forties, political strife engulfed the world and India. Post World War II, when the British realized that they could no longer continue to rule India, they decided to partition it on religious grounds. However, Satguru Partap Singh Ji had already anticipated this. During partition, Satguru Ji himself along with His elder son, Satguru Jagjit Singh Ji, saved several people caught in the cross fire of communal riots in Pakistan and

brought them safely across the border to India. Adhering to the basic principle of Sikhism - "Welfare of All", hordes of Muslim caravans traveling from India to Pakistan were served food and transferred across the border safely.

The communally charged environment also cast its dark shadow on the tradition of devotional as well as Indian classical music. The Golden Temple lost several of its Muslim rebeck players and singers. The Talwandi as well as other Punjab Gharanas split, leaving the very ethos of culture and civilization lost. Satguru Partap Singh Ji's prudence and fore sight in grooming Satguru Jagjit Singh Ji stood Him in good stead when upon being entrusted with the rehabilitation of the community reeling from the impact of partition, Satguru Jagjit Singh Ji would work tirelessly with the refugees and become the pivot around the development of the Sirsa region where most of the Namdhari refugees settled. It is a tribute and unequivocal praise to Satguru Jagjit Singh Ji's efforts that the cultivation of land of almost twenty villages was shared. The sowing, tilling and harvesting of the same becoming a role model of unity in itself, showing the world what good faith and trust could do.

It was thus, that Sri Satguru Jagjit Singh Ji spent the first 39 years of His life as a Gursikh, following the path of His father, Sri Satguru Partap Singh Ji, arduously, never once questioning, through pain and effort, never even once letting anyone feel that He was the son of the Guru and thus earning even the praise of His father, Sri Satguru Partap Singh Ji, who once in a moment of emotion said to Him "Son, you are not only my son but my friend too".

It was as if destiny beckoned and the magnificent sun set, on 22 August 1959, Satguru Partap Singh Ji passed away at Sri Bhaini Sahib. Adhering to the wishes of His father and honouring the trust placed in Him, Satguru Ji assumed His place as His Holiness Sri Satguru Jagjit Singh Ji. It would be from this very epicenter that history would witness the growth and progress of the Namdharis and the fulfillment of the dreams of Sri Satguru Partap Singh Ji.

The dawn of the sixties saw the emergence of an ambitious new generation Industrialization and international trade were blurring geographical boundaries. Western music and pop culture entered mainstream India. The waning popularity of traditional Sikh devotional and Indian classical music demanded a new approach. Satguru Jagjit Singh Ji, with His gift for spotting talent, started to connect with the younger generation. With His magnetic personality and aura, Satguru Ji was able to draw and motivate Namdhari youth from across the world, channelizing their energies towards their personal as well as the overall betterment of the community. The foundation for the Namdhari Vidyak Jathas both for the men and women (The Young Men and Women Associations of Namdhari Youth) was laid in 1965. Youth from all walks of life were counselled and an effort was made to create a spiritually strong, culturally vibrant and economical resilient community. The aim being to create illustrious community

members who would go on to lead the community in all spheres, whether it be agriculture, music, business, politics, sports etc.

On the musical front, following in the footsteps of His father, Satguru Partap Singh Ji. Satguru Ji appointed His younger brother, Maharaj Bir Singh Ji (a maestro of the pakhawaj in his own right), along with another classmate from the Gurmat Vidyalaya, Seth Chandrahans, and Pt Mahadev Prasad Kathak from Amritsar along with his son, K Mahaveer, to teach students music at Jeevan Nagar, Sirsa. Despite a grueling travel schedule, Satguru Ji would make it a point to conduct and participate in music sittings every evening whenever He was in town. This would go on to become a habitual practice all His life. While the style of singing continued to be dhrupad, Satguru Ji was keen to explore new forms and started to push the envelope when in the late sixties He added the tihai, three equal repetitions of a rhythmic pattern or rhythmo melodic pattern, interspersed with two (usually) equal rests, to His singing and playing in times to come, this would also become a trademark in Satguru Ji's singing as well as instrumentation.

Satguru ji with His far sightedness not only sought out students but maestros as well, who would then teach His students. An incident in reference, which has the trademark of Satguru Jl, is when in 1966, Satguru Ji sought out sarod maestro Ustad Amjad Ali Khan. The late evening music sitting ended in a lifelong association, and the sound of the sarod would soon be beaded into Satguru Ji's music and students would proliferate the art within the Namdhari community.

The seventies saw the advent of the Satguru Partap Singh Ji Memorial Concerts and with it several music maestros were drawn towards the eclectic personality of Satguru Ji such as Ustad Bismillah Khan, Ustad Allarakha Khan, Ustad Vilayat Khan, Pt Jasraj, Pt Ram Narayan, Pt Shiv Kumar Sharma, Pt Hari Prasad Chaurasia, Pt Shanta Prasad, Pt Kishan Maharaj, Pt Birju Maharaj and several others. The music concerts were forums not just for the maestros, but a platform for the upcoming to not only showcase their talent, but also gain Satguru Ji's blessings. A great patron of music, Satguru Ji's benevolence came to the forefront when in 1973, post performance at the Satguru Partap Singh Ji Sangeet Sammelan, Satguru Ji sought out Pt. Rajan and Pt. Sajan Mishra, and motivated them to take up Indian classical singing as their career, even offering them a stipend until they established themselves as artists of great repute. In the words of Ustad Amjad Ali Khan, "Satguru Ji was perhaps the only one who thought about scholarships for maestros, teachers as well as students."

It was perhaps Satguru Ji's vision, as well as this unique relationship with the music maestros, that several Namdhari students started training under almost every maestro who came in touch with Satguru Ji. His benevolence was not limited to just the Namdharis. Talented youth who expressed keen interest in learning music would not only be supported financially or otherwise, but also were sent to several maestros to train. Many

maestros were invited to Sri Bhaini Sahib and music notes were exchanged with them during the special music baithaks (sittings). Satguru Ji would Himself participate enthusiastically. The baithaks would also serve as an opportunity for the young students to showcase their talent to the maestros. In the words of Pandit Birju Maharaj, the renowned kathak maestro, "Satguru Ji's sittings would be like the courtroom of a King, where musicians from all streams performed in perfect harmony creating ar ethereal environment."

Whenever Satguru Ji sang Gurbani during the Asa-di-Vaar (morning prayers) in the ambrosial hours, and Gurbani Kirtan during the late afternoon congregations, it would be like music classes for the hymn singers as well as other participants. The sessions would be His canvas to compose new compositions in several raagas as well as to afeguard the ancient music of the Sikh Gurus. The tradition of Gurmat Kirtan witnessed the revival of its glorious past. The dilruba replaced the harmonium and traditional instruments like the sitar, sarod, sarangi, santoor, taar shehnai etc were added. Special impetus was paid to render and sing Gurbani, in not only the composed raaga, but also with correct grammatical pronunciation of the same. A majority of the hymns composed were sourced from the Aad Guru Granth Sahib, however Satguru Ji would often compose and sing several compositions from the Dasam Granth as well, propagating the lyrical and poetic writings of Guru Gobind Singh Ji. While the norm was to sing dhrupad in jhaptaal, chaartaal, dhamdar, pancham savari etc, Satguru Ji would compose and sing dhrupad in nine, eleven, thirteen, seventeen, eighteen, nineteen and even twenty one beats. His use of tempos like 7 34, 10 34,13%, 141, 14 34 etc, in various compositions would astound both the maestros as well as students alike. In the words of Ustad Vilayat Khan, sitar maestro, "Rhythm and tempo resides in Satguru Ji's veins."

Dilruhu was his favourite instrument. Whenever Satguru Ji sang Gurbani and played the dilruba, it was as if time would stop and one would attain a state of bliss pitomizing both love and separation from the Lord. The rhythmic dance of the fingers playing the tarah on the dilruba would remind one of the various notes that Mother Nature has bestowed upon us. The playful manipulation of the beats is as if orchestrating the rhythmic movement of the universe. Satguru Ji would enthrall the audience by playing ten even eleven beats in teentaal. His love for music would spill into the daily chores. Compositions were created and music flowed even while travelling, in conversation, during a meeting, on the sports field and even during a meal. Music was the omni present heartbeat that drew everyone close to Him.

A keen student of music Himself, Satguru Ji introduced the khayal form of singing into Gurbani Kirtan during the eighties. Students were motivated to improvise and express e motion by adding taans and sargams into various Gurbani compositions The flavor of the singing styles of various Gharanas under whom the students trained, added yet another dimension to the music. While the

focus had been primarily Gurbani Kirtan until then, the lack of students who knew the compositions from the Talwandi Gharana was a cause of concern. It was perhaps with this in mind that in 1982, Satguru Ji started teaching these compositions Himself to keen students. Successful students from the first batch of the seventies were encouraged to take up teaching music at various Namdhari centers, not only in India but also across the world including Thailand, UK, USA, Canada and Africa. Satguru Ji would continue to seek out young enthusiasts from across the world and initiate them personally into the world of music. Looking far ahead into the future, Sri Satguru Ji prompted the training of girls from a very young age, encouraging and harnessing their talents as well. It was Satguru Ji's conviction that a mother who imbibed music would propagate the same within her children, thus safeguarding the future of this great tradition

His love and oneness with music would come to the forefront once again when in July 1992, Satguru Ji was diagnosed with a heart condition. Post a successful open heart surgery in Australia, Satguru Ji was advised to rest. The forced musical hiatus did not dent His enthusiasm and He was often seen asking the doctors as to when He could get back to singing. His joy knew no bounds when in mid-October the restrictions were removed. That very same day, Satguru Ji not only sang but also composed a new composition, starting off where He had left enchanting one and all present. A sense of urgency crept into all efforts as if there was little time left.



The Namdhari Kala Kendra, a school of music, was started in Sri Bhaini Sahib to teach the young minds. A typical day would begin as early as 2:00am for the young students and music classes would start by 3:00am. The school would reverberate with the sound of children singing, learning the tabla, sitar, santoor, dilruba etc. Surprise checks by Satguru Ji Himself would keep the teachers

and students on their toes. Daybreak would be formal school and the children would be back in the afternoon at the Kala Kendra. The evening music sittings in the presence of Satguru Ji would be sought after and no student would want to miss it, for it was in these sittings that the benevolence of Satguru Jiflowed as music bound Him and His students together as one.

Propagating the tenets of the Sikh Gurus, Sri Satguru Ji initiated the research of various lost raagas as stated in the Aad Guru Granth Sahib. Ancient traditional compositions like the dhunis were revived and additional one's composed. Special attention was paid to the revival and restoration of ancient Indian classical instruments that were hitherto on their way to extinction and talented instrument makers were honoured. Such was the fervor that whether it be day or night, whether He was in India or abroad, whenever Satguru Ji remembered a composition, He would teach the student present immediately. In the words of Satguru Ji Himself, "A teacher also learns when he teaches and I am thankful that I got an opportunity to learn like this as well."

In 1999, Sri Satguru Ji was awarded the Ustad Hafiz Ali Khan Sangeet Munishi Award by the Sarod Gharana of Gwalior under the stewardship of the renowned sarod maestro Ustad Amjad Ali Khan. The Sangeet Natak Academy of India conferred the prestigious fellowship of the Tagore Ratan to Satguru Ji in 2012.

The dawn of the new millennia saw the Namdhari community grow from strength to strength under the benevolence and guidance of Satguru Jagjit Singh Ji. With sheer will, hard work and dedication, Satguru Jagjit Singh Ji fulfilled the long cherished dream of Satguru Partap Singh Ji as the fragrance of music started to emancipate from every Sikh's child. Eight decades of hard work had borne fruit and the results could be seen in every hymn sung and every classical performance given. As students had grown to be maestros, teaching more and spreading the music of the Sikh Gurus, a distinct style had evolved, where slowly but surely, a new Gharana of music had taken roots as an ode to Satguru Ji's efforts - the Namdhari Gharana. It was indeed His ardent love and respect for music and musicians alike, that Satguru Jagjit Singh Ji came to be known as the greatest patron of Indian classical and Sikh devotional music in the post-independence era of India, where music imbibed and united everyone, where every moment flourished and every journey was musical.

It was as if destiny beckoned and as silence and calm enveloped Sri Bhaini Sahib on the 13h of December 2012. The journey that carried everyone together with sheer passion and motivation, the journey that set the benchmark for generations to follow, the musical journey of sheer excellence, love and devotion, reached its final destination is Sri Satguru Jagjit Singh Jiunited with eternal light.

Like the music that reverberates long after the symphony has played its last note, the legacy of His Holiness Satguru Jagjit Singh Ji continues to inspire and motivate every musician, music lover and enthusiast. The Namdhari Gharana of music continues its quest to spread the vision of Satguru Ji under the benevolent guidance of the present Supreme Spiritual master Satguru Uday Singh Ji.

- - - - - - - - - - - - - - - -

# The Religion Of Music

Satguru Jagjit Singh was religious head of millions of Namdhari Sikhs all over the world including India. Besides being a spiritual leader he has given birth to a parallel religion-thw religion of music.

According to the Adi Granth, the Universe came into existence when the Creator spoke His first word 'Oankar' which is, in fact, a musical sound or 'dhvani'. Hence, music being the medium of Creation, it has all the potential to connect us to the Creator.

Music is the art that permeates every human society, in one form or another. Music is the source of Truth, spirituality and universal stability. It is the common language that unites the entire mankind.

Plato, the great Western philosopher, recognized its association with soul about 2500 years ago. A universal art, music has been attributed the power to move men, to help crops grow, to cause cows to yield milk and in the Indian tradition to create rain and to light lamps. Such is its relationship to human and animal senses and the environment as a whole.

Indian classical tradition is unique because it has a long unbroken, though continuously evolving record, since the Vedic times, about 4000 years ago. It has developed over the centuries into music of profound melodic and rhythmic intricacy, through the guru of music and divinity and shishya tradition. In this tradition, an aspiring musician apprentices himself to a guru, lives with him, serves him with devotion and learns from him in total humility. It is a very close relationship, a spiritual discipline, a path of realization, in which the singing and playing of instruments becomes a spiritual exploration, an endeavour towards harmony of the individual being with the all-pervading reality.

Indian classical music is an ethereal creation, the Lord's own mystical sound that emanates from within Nature. It is a synonym of love and is the easiest way to reach one's Lord.

The Sikh Devotional Music is also based on the tenets of Indian Classical Music. The journey of Sikh Devotional music begins with the playing of Rabab by Mardana and the singing of the Holy Hymns to it by Satguru Nanak—a journey that brought music from the precincts of the royal courts to a commoner, co-joining it to the realm of spirituality, where every home imbibes music and becomes the place of faith.

Satguru Arjun Dev Ji took this journey forward while editing the Adi GranthSahib, using music as a medium to collate the teachings of the Sikh Satgurus, Muslim and Hindu holy men, bards and hymn singers. Classified into various Indian Classical Ragas, the Adi Granth Sahib is an unequivocal literary and musical scripture that imbibes both the grace and the tranquilityof music.

The foundation of the Sikh Devotional Music thus having been laid, was enhanced and

propagated by each successor Sikh Guru. While Satguru Arjun Dev Ji played the Saranda, Satguru Hargobind Singh Ji played the Taaus.Satguru Gobind Singh Ji not only played the Rabab but also was an eclectic singer, who composed music in as many as 18 Raagas.

The Sikh devotional music became a medium of non-violent, non-cooperation movement in India's struggle for independence from the British during the times of Satguru Ram Singh Ji, Satguru Hari Singh Ji and the journey attained ascendancy under the benevolence of Satguru Partap Sing Ji and Satguru Jagjit Singh Ji, who renewed the efforts to safeguard not only the traditions of Sikh devotional music but also that of the Indian Classical Music.

Satguru Jagjit Singh Ji(1920-2012) grew up at Sri Bhaini Sahib under the tutelage of his father Satguru Partap Singh Ji. Trained by exponents of Indian classical music from the Talwandi Gharana and by the seers of Gurumat Kirtan (Sikh Devotional Music) from the age of approximately five years, he soon achieved perfection in reciting and singing Gurbani unerringly, while play the Dilruba.

The tradition of Gurmat Kirtan under the guidance of Sri Satguru Jagjit Singh Ji, witnessed the revival of its glorious past, breaking new grounds. The harmonium was replaced by the Dilruba, and other stringed musical instruments like the Sitar, Sarod, Sarangi, Santoorwere also added.

Continuing the tradition set by his father, Satguru Jagjit Singh Ji invited and honored the maestros of Indian classical Music as well as the Sikh devotional singers to Sri Bhaini Sahib, to learn and imbibe their tradition into Gurmat Kirtan.

It would not be an exaggeration to state that Sri Satguru Ji himself was a huge storehouse of several Bandishes of Khayal and Thumri as well as Dhrupad. His major contribution to Indian music has been in the interpretation and playing of various Taalsin different matras (beats), modifying the existing concept into various quarters.

Propagating the tenets of the Adi Granth Sahib, Sri Satguru Ji initiated the research of various Raagas as stated in this scripture. Promulgating the lyrics and poetic writings of Satguru Gobind Singh Ji as written in the Dasam Granth Sahib, Satguru Jagjit Singh has also rendered several hymns from this scripture into musical compositions.

It was indeed his ardent love and respect for Music and Gurbani that Sri Satguru Ji came to be known as the greatest patron of Indian Classical and Sikh Devotional Music in the post-independence era of India.

Satguru Jagjit Singh gave birth to a parallel religion—the religion of music. In the history of music, he will always be credited with unmatched passion that sowed the seeds of a silent musical revolution in Punjab, which of late has had little to boast of in the field of classical music. Even in his old age, his thirst for music remained insatiate.

It was as early as 1959 that Satguru Jagjit Singh had foreseen the dearth of talent in field of classical music in the Punjab. He was taken aback to learn that only two Raagis of Namdhari Darbar, Darshan Singh and Khazan Singh, were using Indian Classical Vocal forms

while reciting Gurbani. What will happen in the future, he asked himself. People of Punjab had not realized that this fine art was being eroded in the state. He desperately wanted classical music to thrive in the state. His



resolve soon witnessed the initiation of young talent into the world of music.Satguru Jagjit Singh, who himself exceled in Indian classical vocal and instrumental music, started imparting knowledge to boys and girls, aged between five and ten years. Soon the number began to multiply. The untiring, unrelenting and consistent devotion of the Guru and his disciples over a period of ten to fifteen years began to bear fruit. The foundation of Indian classical and instrumental music was being laid in the remote village of Sri Bhaini Sahib.

In Addition to the above efforts, he sent some of his young students to the renowned maestros to learn Indian classical music and also invited these masters to Sri Bhaini Sahib, from time to time. Among these, the names of Ustad Vilayat Ali Khan, Ustad Amajad Ali Khan, Pandit Hari Narayan, Pandit Hari Parsad Chaurasiya (the famous flute singer) are worth mentioning.

As a result of his conscious efforts, hundred of Namdhari Sikh children in the age group of eight and fifteen years as well as the youth above twenty years have been trained in classical and vocal music in India, England, America and Canada as well. Some young Namdhari artists like the vocalists Sukhdev Singh and Mohan Singh, Balwant Singh(vocalist and Santoorist) and Harjinder Singh(Sitar and Rabab player), Sukhwinder Singh Pinky and Harpreet Singh Sonu(the Tabla players) have become quite famous in the music circles in India and abroad. Balwant Singh was decorated with the Punjab State Award for Indian classical vocal and Santoor Vadan on February 27, 2003. Sukhwinder Singh Pinky had won the.........

Satguru Jagjit Singh the pionear of this music revolution was himself honoured by the National Sangeet &Natak Akademi with Tagore Ratan Fellowship in 2012 for his life-long contribution to the Indian classical music.

- - - - - - - - - - - - - - - -

# ਬਾਬਾਣੀਆਂ ਕਹਾਣੀਆਂ ਵਿਚੋਂ

**ਪੰਡਿਤ ਰਜਿੰਦ੍ਰ ਸਿੰਘ ਗੁਰੂਸਰ (ਸਵ.)**

1947 ਈਸਵੀ ਵਿੱਚ ਦੇਸ਼ ਦੀ ਵੰਡ ਸਮੇਂ ਉੱਜੜ ਕੇ ਆਏ ਸਿੱਖਾਂ ਨੂੰ ਕੋਠੀ ਚਚਾਲ (ਸ੍ਰੀ ਜੀਵਨ ਨਗਰ) ਤੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਾਣੇ ਤੇ ਕੱਪੜਾ ਮਿਲਦਾ ਸੀ। ਦਾਣੇ ਫੌਜਾ ਸਿੰਘ ਗੀਗੇਵਾਲੀ ਦਾ ਵਰਤਾਉਂਦਾ ਸੀ ਤੇ ਕਪੜਾ ਮਾਸਟਰ ਬਲਵੰਤ ਸਿੰਘ ਜੀ। ਸਿੱਖਾਂ ਦੀ ਘੁਸਰ-ਮੁਸਰ ਤੋਂ ਫੌਜਾ ਸਿੰਘ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸਿੱਖ ਆਖਦੇ ਹਨ ਕਿ ਮਾਸਟਰ ਜੀ ਆਪ ਦੇ ਹੁਕਮ ਦੇ ਉਲਟ ਹੱਥ ਘੁੱਟ ਕੇ ਕਪੜਾ ਦੇਂਦੇ ਨੇ। ਉਹਨਾਂ ਦੇ ਕਹਿਣ ਤੇ ਸਤਿਗੁਰੂ ਜੀ ਨੇ 'ਬੇਅੰਤ ਜੀ' (ਬਾਬਾ ਜਗਜੀਤ ਸਿੰਘ) ਨੂੰ ਲਾ ਦਿੱਤਾ। ਕੱਪੜਾ ਤਾਂ ਇਹ ਵਰਤਾਉਣ ਪਰ ਹੌਲ ਪੈਣ ਲੱਗਾ ਮਾਸਟਰ ਜੀ ਨੂੰ। ਹੈਂ ! ਏਨਾਂ ਖੁੱਲ੍ਹਾ ਕਪੜਾ। ਜਦ ਉਹਨਾਂ ਅੰਦਰ ਗੱਲ ਹਜ਼ਮ ਨਾ ਹੋਈ ਤਾਂ ਉਹਨਾਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇੰਝ ਵਰਤਾਇਆਂ ਕੱਪੜੇ ਦੀ ਤੋਟ ਆ ਗਈ ਤਾਂ ਫਿਰ ਕੀ ਕਰਾਂਗੇ। ਸਤਿਗੁਰੂ ਜੀ ਨੇ ਵੱਡੇ ਬਾਬਾ ਜੀ ਨੂੰ ਸੱਦ ਕੇ ਮਾਸਟਰ ਦੀ ਗੱਲ ਦੱਸੀ ਤੇ ਕਿਹਾ ਉਹ ਕਹਿੰਦਾ ਹੈ, ਸੰਕੋਚ ਵਰਤੋ। ਇਹਨਾਂ ਨੇ ਨਿਮਰਤਾ ਨਾਲ ਕਿਹਾ, "ਸੱਚੇ ਪਾਤਸ਼ਾਹ ਜੀ ਕਪੜੇ ਨਹੀਂ ਘਟਦੇ, ਅਜੇ ਤਾਂ ਸਿਆਮੋਂ ਆਂਦੇ ਸੰਦੂਕ ਭਰੇ ਪਏ ਨੇ। ਸਤਿਗੁਰੂ ਜੀ ਨੇ ਮਾਸਟਰ ਜੀ ਨੂੰ ਕਿਹਾ, "ਇਹ ਤਾਂ ਸਾਡੇ ਗਲਾਂ ਦੇ ਕੱਪੜੇ ਵੀ ਵੰਡੇਗਾ।"

ਮੈਨੂੰ ਬੇਅੰਤ ਜੀ ਦੇ ਪੁਰਾਣੇ ਸੇਵਕ ਬਲਕਾਰ ਸਿੰਘ ਨੇ ਦੱਸਿਆ - ਕਈ ਸਾਲ ਹੋਏ, ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਨਾਨਕੇ ਗੁਰੂਸਰ ਜਾ ਰਹੇ ਸਨ। ਸਮਾਂ ਮਸਾ ਅਜੇ ਚੰਡੀ ਦੀ ਵਾਰ ਦਾ ਸੀ। ਪੋਹ ਦੇ ਦਿਨ ਸਨ। ਗੁਰੂਸਰ ਤੋਂ ਇੱਕ ਮੀਲ ਦੇ ਫਾਸਲੇ ਉਤੇ ਨਹਿਰ ਹੈ। ਕਹਿਣ ਲਗੇ ਬਲਕਾਰ ਸਿੰਘਾ ਫੜ ਕੱਪੜੇ ਮੇਰਾ ਇਸ਼ਨਾਨ ਕਰਨ ਨੂੰ ਜੀ ਕਰਦਾ ਹੈ। ਪਿਘਲੀ ਹੋਈ ਬਰਫ ਦਾ ਪਾਣੀ, ਬਰਫ ਤੋਂ ਵੀ ਠੰਢਾ। ਨਹਿਰ ਵਿਚ ਜਾ ਛਾਲ ਮਾਰੀ। ਦੋ ਤਿੰਨ ਵਾਰ ਨਹਿਰ ਦੇ ਉਰਾਰ ਪਾਰ ਗਏ। ਅਚਾਨਕ ਟੁੱਭੀ ਮਾਰੀ। ਇਕ ਆਦਮੀ ਜੋ ਪਾਣੀ ਦੀ ਦੇਖਭਾਲ ਕਰ ਰਿਹਾ ਸੀ ਕਹਿਣ ਲੱਗਾ, "ਤੁਹਾਡਾ ਸਾਥੀ ਤਾਂ ਗਿਆ। ਏਨੇ ਠੰਢੇ ਪਾਣੀ ਵਿਚ ਬਚਣ ਬਚੌਣ ਦੀ ਕੋਈ ਗੱਲ ਨਹੀਂ ਰਹਿ ਗਈ। ਤੁਸੀਂ ਆ ਕੇ ਛੇਤੀ ਛੇਤੀ ਬਾਹਰ ਕੱਢ ਕੇ ਅੱਗ ਸਿਕਾਓ ਵਰਨਾ - - -

ਸਤਿਗੁਰੂ ਜੀ ਡੇਢ ਮਿੰਟ ਬਾਅਦ ਬਾਹਰ ਨਿਕਲ ਆਏ ਅਤੇ ਆਪੇ ਕਪੜੇ ਬਦਲ ਕੇ ਗੱਡੀ ਵਿਚ ਬਹਿ ਗਏ। ਵੇਖਣ ਵਾਲਾ ਜੱਟ ਹੈਰਾਨ ਪ੍ਰੇਸ਼ਾਨ ਹੋਇਆ ਏਹ ਸਭ ਵੇਖ ਰਿਹਾ ਸੀ ਅਤੇ ਅਸੀਂ ਬਾਹਰ ਖੜੋਤੇ ਹੀ ਠੰਢ ਨਾਲ ਠੁਰ ਠੁਰ ਕਰ ਰਹੇ ਸੀ। ਜੱਟ ਦਾ ਆਖਰੀ ਫਿਕਰਾ ਸੀ ---ਕਿਸ ਚਮੜੀ ਦੇ ਬਣੇ ਹੋਏ ਨੇ ਏਹ ਲੋਕ।

**ਸਹਿਨਸ਼ੀਲਤਾ**

ਓਦੋਂ, ਘੁੜ ਸਵਾਰੀ ਦਾ ਜ਼ਮਾਨਾ ਸੀ। ਏਹ ਘੋੜੇ ਦੀ ਨਸਲ ਤੇ ਮੁਹੱਸਰ ਸੀ, ਕਿ ਓਹ ਦੌੜਨ ਵਾਲਾ ਹੈ ਜਾਂ ਤਾਂਗੇ ਚਲਣ ਵਾਲਾ। ਕੋਤਲ ਹੈ ਜਾਂ ਹੰਟਰ ਛਕਣ ਵਾਲਾ। ਏਹ ਘੋੜਾ ਹੰਟਰ ਨਾਲ ਚਲਣ ਵਾਲਾ ਸੀ। ਜਿਸ ਦੇ ਪਿੱਛੇ ਸੁਹਾਗਾ ਪਾ ਕੇ ਖੂਬ ਸੁਆਰਿਆ ਗਿਆ ਸੀ। ਅੱਜ ਏਸ ਦੀ ਵਾਰੀ ਸੀ ਬੱਘੀ ਅੱਗੇ ਜੁੱਪਣ ਦੀ।

(ਸਤਿਗੁਰੂ ਜਗਜੀਤ ਸਿੰਘ ਜੀ) ਬੇਅੰਤ ਜੀ ਦੇ ਸੇਵਕ ਗੁਰਬਖਸ਼ ਸਿੰਘ ਨੇ ਬੱਘੀ ਬਾਹਰ ਕੱਢ ਕੇ-ਬੇਅੰਤ ਜੀ ਨੂੰ ਆਵਾਜ਼ ਦਿੱਤੀ। ਸ਼ਾਹ ਸਵਾਰ ਸਾਹਿਬਜ਼ਾਦੇ ਅਗਲੀ ਸੀਟ ਉੱਤੇ ਬੈਠ ਗਏ। ਘੋੜਾ ਹੁਣ ਹਵਾ ਨਾਲ ਗੱਲਾਂ ਕਰ ਰਿਹਾ ਸੀ। ਕੱਚੇ ਰਾਹ ਦੀ ਧੂੜ ਹੀ ਉੱਡਦੀ ਦਿਸ ਰਹੀ ਸੀ। ਬੱਘੀ ਤੇ ਬੇਅੰਤ ਜੀ ਵਾਤਾਵਰਣ ਵਿਚ ਹੀ ਗੁਆਚ ਗਏ ਜਾਪਦੇ ਸਨ। ਛੇ ਮੀਲ-ਨਹਿਰ ਵਾਲਾ ਡੇਰਾ, ਏਸ ਤਰ੍ਹਾਂ ਆ ਗਿਆ ਸੀ ਜਿਵੇਂ ਰੋਲਜ਼ ਰਾਇਸ ਤੇ ਸਫ਼ਰ ਕੀਤਾ ਹੋਵੇ। ਘੋੜੇ ਦਾ ਪਤਾ ਤਾਂ ਸਾਈਸ ਨੂੰ ਹੋਵੇਗਾ - ਜੋ ਘੋੜੇ ਨੂੰ ਚਲਾ ਰਿਹਾ ਸੀ। ਪਰ ਬੇਅੰਤ ਜੀ ਨੇ ਖੂਬ ਤਾਰੀਆਂ ਲਾਈਆਂ ਨਹਿਰ ਵਿਚ। ਢਾਡੀ ਕਹਿੰਦੇ ਹੁੰਦੇ ਨੇ - ਯੋਧਿਆਂ ਨੂੰ ਸਵਾ ਹੱਥੀਂ, ਪਰ ਕਾਇਰਾਂ ਨੂੰ ਸੌ ਹੱਥੀਂ ਲੱਗਦੀ ਹੈ ਤਲਵਾਰ। ਏਸੇ ਤਰਾਂ ਪੰਜਾਬ ਦੀ ਏਹ ਸਭ ਤੋਂ ਚੌੜੀ ਅਤੇ ਡੂੰਘੀ ਨਹਿਰ ਹੈ 'ਸਰਹਿੰਦ ਕੈਨਾਲ, ਜੋ ਸਾਡੇ ਵਾਸਤੇ ਤਾਂ ਗੋਡੇ-ਗੋਡੇ ਹੀ ਹੈ, ਇਸ ਦਾ ਪਾਣੀ।

ਹੁਣ ਆਪਾਂ ਵਾਪਸੀ ਦੀ ਗੱਲ ਕਰਦੇ ਹਾਂ। ਕੱਚਾ ਦੋ ਮੀਲ ਤਾਂ ਵਾ-ਵਰੋਲਾ ਬਣ ਗਿਆ ਘੋੜਾ। ਏਹ ਤਾਂ ਨਜ਼ਾਰਾ ਅਸਲੋਂ ਵੱਖਰਾ ਸੀ। ਹਿਚਕੋਲੇ ਖਾਂਦੀ ਬੱਘੀ। ਕਦੇ ਏਧਰਲਾ ਪਹੀਆ ਚੁੱਕਿਆ ਜਾਂਦਾ ਅਤੇ ਕਦੇ ਓਧਰਲਾ। ਮੇਰੇ ਵਰਗਾ ਜੇ ਉੱਤੇ ਬੈਠਾ ਹੁੰਦਾ ਤਾਂ ਪਾਸੇ ਹੀ ਰਗੜਾ ਲੈਂਦਾ। ਤੇ ਜਾਂ ਹਦਵਾਣੇ ਦੀ ਤਰ੍ਹਾਂ ਰਿੜ੍ਹਦਾ-ਰਿੜ੍ਹਦਾ ਦੂਰ ਜਾ ਡਿੱਗਦਾ। ਪਰ

ਉੱਤੇ ਤਾਂ ਬੈਠੇ ਸਨ – ਸ਼ਾਹ – ਸਵਾਰ, ਬੇਅੰਤ ਜੀ ਜੋ ਖੁਸ਼ੀ ਨਾਲ ਚਹਿਕ ਰਹੇ ਸਨ। ਅਤੇ ਤੇਜ਼ ਤੋਂ ਤੇਜ਼ ਚੱਲਣ ਵਾਸਤੇ ਉਤਸ਼ਾਹਿਤ ਕਰ ਰਹੇ ਸਨ ਗੁਰਬਖਸ਼ ਸਿੰਘ ਬੇ-ਹੱਦ ਖੁਸ਼ ਸੀ ਕਿ ਅੱਜ ਓਸਦੀ ਘਾਲਣਾਂ ਥਾਏਂ ਪਈ ਹੈ।

ਪਤਾ ਨਹੀਂ ਘੋੜਾ ਥੱਕ ਗਿਆ ਸੀ ਜਾਂ ਆਦਤ ਤੋਂ ਮਜਬੂਰ। ਪੱਕੀ ਸੜਕ ਉੱਤੇ ਆ ਕੇ ਅਚਾਨਕ ਬੱਘੀ ਨੂੰ ਬਰੇਕ ਲਗ ਗਏ ਅਤੇ ਘੋੜਾ ਗੋਡਣੀਆਂ ਪਰਨੇ ਹੋ ਨਮਾਜ਼ ਪੜਨ ਲਗ ਪਿਆ। ਘੋੜੇ ਦੀ ਅਜੇਹੀ ਹਰਕਤ ਉੱਤੇ ਗੁਰਬਖਸ਼ ਸਿੰਘ ਨੂੰ ਬੜਾ ਗੁੱਸਾ ਚੜ੍ਹਿਆ। ਉਸ ਦਾ ਜੀ ਕਰੇ, ਘੋਟਣਿਆਂ ਨਾਲ-ਘੋੜੇ ਨੂੰ ਤਹਿ ਤੇਗ ਕਰ ਦੇ। ਓਹ ਤੌਣੀ ਲੌਣ ਦੀ ਅਜੇ ਤਿਆਰੀ ਹੀ ਕਰ ਰਿਹਾ ਸੀ – ਬੇਅੰਤ ਜੀ ਨੇ ਕਿਹਾ –

'ਗੁਰਬਖਸ਼ ਸਿੰਘ, ਘੋੜੇ ਨੂੰ ਕੁਝ ਨਹੀਂ ਕਹਿਣਾ।'

ਓਸ ਕਿਹਾ – ਗ੍ਰੀਬ ਨਿਵਾਜ਼ ਪੰਦਰਾਂ ਮਿੰਟ ਹੋ ਚੱਲੇ ਨੇ – ਬੈਠੇ ਨੂੰ, ਏਸ ਤਰ੍ਹਾਂ ਤਾਂ ਏਸ ਨੇ ਉੱਠਣਾ ਹੀ ਨਹੀਂ। ਤੁਸੀਂ ਪਰਸ਼ਾਦਾ ਭੀ ਛਕਣਾ ਹੈ।

ਬੇਅੰਤ ਜੀ ਕਿਹਾ –– ਏਸ ਨੇ ਕਿਹੜਾ ਨਿਹਾਰੀ ਖਾਧੀ ਹੈ, ਏਹ ਵੀ ਤਾਂ ਭੁੱਖਾ ਹੀ ਹੈ। ਗੁਰਬਖਸ਼ ਸਿੰਘ ਵੀ ਚੁੱਪ ਤੇ ਘੋੜਾ ਵੀ ਚੁੱਪ, ਇਕ ਗੁੱਸੇ ਵਿੱਚ ਤੇ ਦੂਸਰਾ ਘੇਸਲ ਵੱਟ ਕੇ।

ਬੇਅੰਤ ਜੀ ਕਿਹਾ – ਸਿੰਘ ਜੀ! ਘਬਰੌਣ ਦੀ ਕੀ ਲੋੜ ਹੈ ਜਦੋਂ ਆਪਦੀ ਮਰਜੀ ਨਾਲ ਉਠ ਕੇ ਤੁਰੇਗਾ, ਉਦੋਂ ਹੀ ਸਹੀ। ਘੋੜੇ ਨੂੰ ਕੁਝ ਨਹੀਂ ਕਹਿਣਾ।

ਸੱਤ ਬਚਨ ਬਾਬਾ ਜੀ! ਜਿਵੇਂ ਤੁਸੀਂ ਚਾਹੋਗੇ ਉਵੇਂ ਹੋਵੇਗਾ। ਪਰ ਅੱਧਾ ਘੰਟਾ ਹੋ ਗਿਆ ਹੈ ਲੰਮੀਆਂ ਤਾਣੀ ਪਏ ਨੂੰ। ਡਾਂਗਾਂ ਤੋਂ ਬਿਨਾਂ ਏਸ ਕਦੋਂ ਠੀਕ ਹੋਣਾ ਹੈ।

ਬੇਅੰਤ ਜੀ ਕਿਹਾ – ਤੂੰ ਚੁੱਪ ਰਹਿ ਤੇ ਭਜਨ ਕਰ। ਏਸ ਨੂੰ ਵੀ ਪਤਾ ਹੈ – ਮੈਂ ਵੀ ਘਰ ਪਹੁੰਚਣਾ ਹੈ। ਕੁਝ ਦੇਰ ਬਾਅਦ ਆਪਣੀ ਮਰਜ਼ੀ ਨਾਲ ਘੋੜਾ ਉੱਠਿਆ ਤੇ ਪੱਕੀ ਸੜਕ ਤੇ ਇਵੇਂ ਹਵਾ ਹੋ ਗਿਆ– ਜਿਵੇਂ :

'ਤੁਰੇ ਪਲਾਣੇ ਪਉਣ ਵੇਗ
ਹਰ ਰੰਗੀ ਹਰਮ ਸਵਾਰਿਆ॥'

ਭੈਣੀ ਸਾਹਿਬ ਆ ਕੇ ਗੁਰਬਖਸ਼ ਸਿੰਘ ਕਹਿਣ ਲੱਗਾ: ਮਹਾਰਾਜ ਤੁਸੀਂ ਧੰਨ ਹੋ। ਮੈਂ ਤਾਂ ਘੋੜੇ ਨੂੰ ਕੁੱਟ ਕੇ ਨਿੱਸਲ ਕਰ ਦੇਣਾ ਸੀ। ਤੁਹਾਡੀ ਰਹਿਮਤ ਤੁਹਾਡੇ ਨਾਲ ਹੀ ਹੈ।

ਏਹ ਗੱਲ 1936 ਈ: ਦੀ ਹੈ ਜੋ ਅੱਜ ਵੀ ਭੁਲਾਇਆਂ ਨਹੀਂ ਭੁੱਲਦੀ ਬੇਅੰਤ ਜੀ ਦੀ ਸਹਿਣ-ਸ਼ਕਤੀ ਦੀ।

---

## ਬਾਲ ਬੇਅੰਤ ਜੀ

ਸਰਦਾਰਨੀ ਲੀਲਾਵੰਤੀ ਜੀ, ਸੁਪਤਨੀ ਰਾਵਲਪਿੰਡੀ ਦੇ ਰਾਇਸੇ-ਆਜ਼ਮ, ਪਾਰਲੀਮੈਂਟ ਮੈਂਬਰ, ਸ. ਆਤਮਾ ਸਿੰਘ ਜੀ, ਜੋ ਕਿ ਇਕ ਸ਼ਰਧਾਲੂ ਤੇ ਸਿਦਕੀ ਨਾਮਧਾਰੀ ਸਿੱਖ ਸਨ, ਆਪਣੀ ਇਕ ਲਿਖਤ ਵਿਚ ਇਉਂ ਲਿਖਦੇ ਹਨ,

"ਅਸੀਂ ਤਿੰਨੇ (ਪਤੀ-ਪਤਨੀ ਅਤੇ ਇੱਕ ਸਹਾਇਕ) ਉੱਥੇ ਗਏ ਜਿੱਥੇ ਪੂਜਯ ਜਗਤ ਮਾਤਾ ਭੁਪਿੰਦਰ ਕੌਰ ਜੀ ਬਿਰਾਜਮਾਨ ਸਨ। ਛੋਟੇ ਹੁੰਦੇ ਮੈਂ ਇਸਾਈਆਂ ਦੇ ਸਕੂਲ ਵਿਚ ਪੜੀ। ਮੈਂ ਮਰੀਅਮ ਤੇ ਈਸਾ ਮਸੀਹ ਦੀ ਫੋਟੋ ਵੇਖੀ ਸੀ। ਮੈਂ ਸੋਚਦੀ ਸਾਂ ਬਨਾਵਟੀ ਤਸਵੀਰ ਹੈ, ਕੋਈ ਮਾਂ-ਬੱਚਾ ਇਤਨੀ ਕਸ਼ਿਸ਼ ਵਾਲਾ ਨਹੀਂ ਹੋ ਸਕਦੇ। ਪਰ ਮੈਂ ਇਹਨਾਂ ਅੱਖਾਂ ਨਾਲ ਸਫੈਦ ਸੰਗਮਰਮਰ ਦੀ ਅਚਲ ਮੂਰਤੀ ਤੇ ਗੋਦੀ ਵਿਚ ਚੰਦ੍ਰਮਾ ਮੁੱਖ, ਜਿਸ ਦੀਆਂ ਕਿਰਨਾਂ ਗੋਲ ਪਾਰੇ ਵਾਂਗੂੰ ਪ੍ਰਕਾਸ਼ਮਾਨ ਹੋ ਰਹੀਆਂ ਸਨ, ਪਰਮੇਸ਼ਰ ਦੇ ਛੋਟੇ ਜਿਹੇ ਸਰੂਪ ਵਿਚ ਦਰਸ਼ਨ ਕੀਤੇ। ਉਹੀ ਈਸਾ ਦੀ ਮੂਰਤੀ ਜਿਸ ਨੂੰ ਕਹਿੰਦੀ ਸਾਂ, ਬਨਾਵਟੀ ਹੈ, ਸਾਖਿਆਤ ਹੋ ਗਈ। ਮੈਂ ਕਿੰਨਾ ਹੀ ਚਿਰ ਦੋਨਾਂ ਸੁੰਦਰ ਮੁਖੜਿਆਂ ਵੱਲ ਤੱਕ ਵਿਸਮਾਦ ਹੋ ਗਈ। ਐਸੇ ਮਾਂ-ਬੇਟਾ ਮੈਂ ਸੰਸਾਰ ਵਿਚ ਕਦੇ ਨਹੀਂ ਸਨ ਤੱਕੇ।

**ਪ੍ਰਕਾਸ਼ ਪੁੰਜ ਵਿਚੋਂ**

**ਸੂਬਾ ਸੁਰਿੰਦਰ ਕੌਰ ਖਰਲ**

---

# ਗਾਥਾ ਇਕ ਦਿਨ ਦੀ 17 ਜੁਲਾਈ 1993

## ਰਾਖ ਲੀਓ ਹਮ ਕੋ ਜਗ ਰਾਈ

**ਹਰਪਾਲ ਸਿੰਘ ਸੇਵਕ**

**(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਈਲੈਂਡ ਦੌਰੇ ਦਾ ਪ੍ਰੋਗਰਾਮ ਸੀ। ਪਤਾ ਲੱਗਾ ਕਿ ਘੱਗਰ ਦਰਿਆ (ਨਾਲੀ) ਵਿੱਚ ਪਾਣੀ ਖਤਰੇ ਦੇ ਨਿਸ਼ਾਨ ਟੱਪ ਚੁੱਕਾ ਹੈ। ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿੱਚ ਬੜੀ ਘਬਰਾਹਟ ਹੈ। ਸ੍ਰੀ ਸਤਿਗੁਰੂ ਜੀ ਵਿਦੇਸ਼ ਦੌਰੇ ਦਾ ਪ੍ਰੋਗਰਾਮ ਕੈਂਸਲ ਕਰਕੇ ਇਲਾਕਾ ਜੀਵਨ ਨਗਰ ਪੁੱਜੇ ਅਤੇ ਸੰਗਤਾਂ ਨੂੰ ਹੌਂਸਲਾ ਦਿੱਤਾ।)**

ਮਿਤੀ 17 ਜੁਲਾਈ, 1993 ਦਿੱਲੀ ਵਿਖੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਦਿਦਾਰ ਸਿੰਘ ਸੇਵਕ, ਤੋਂ ਸੁਣ 3.20 ਦਿੱਲੀ ਤੋਂ ਰਵਾਨਾ ਹੋਏ। ਪਨਿਹਾਰੀ ਪ੍ਰਸ਼ਾਦਾ ਛਕ ਕੇ, ਆਰਾਮ ਕਰਕੇ 3 ਤੋਂ 4 ਸਰਸੇ ਵਿਖੇ ਨਾਮ ਸਿਮਰਨ 'ਚ ਦਰਸ਼ਨ ਦਿੱਤੇ। - ਸਰਸੇ ਵਿਖੇ ਲੋਕਾਂ ਨੂੰ ਸਪੀਕਰ ਦੁਆਰਾ ਸੁਚੇਤ ਕੀਤਾ ਜਾ ਰਿਹਾ ਸੀ ਕਿ ਕਿਸੇ ਵੇਲੇ ਵੀ ਸ਼ਹਿਰ ਚ ਪਾਣੀ ਆ ਸਕਦਾ ਹੈ, ਨੌਜੁਆਨ ਤਿਆਰ ਰਹਿਣ ਤੇ ਬੱਚਿਆਂ ਨੂੰ ਬਾਹਰ ਸੁਰੱਖਿਅਤ ਥਾਵਾਂ 'ਤੇ ਕੱਢਣ ਦਾ ਪ੍ਰਬੰਧ ਰੱਖਣ।

### ਸਿਰਸਾ ਵਿਖੇ ਉਪਦੇਸ਼ –

ਇਕ ਘੰਟਾ ਨਾਮ ਸਿਮਰਨ ਕਰਨ ਉਪਰੰਤ ਹੀ ਸਤਿਗੁਰੂ ਜੀ ਨੇ ਸਿਰਸਾ ਨਿਵਾਸੀ ਨਾਮਧਾਰੀ ਸੰਗਤ ਨੂੰ ਵਿਸ਼ੇਸ਼ ਕਰਕੇ ਹੁਕਮ ਕੀਤਾ ਕਿ ਤੁਸੀਂ ਤਗੜੇ ਹੋ ਕੇ ਨਾਮ ਸਿਮਰਨ ਕਰੋ, ਸਵਾ ਲੱਖ ਪਾਠ ਪੂਰੇ ਕਰਨ ਵਾਸਤੇ ਪੂਰਾ ਯੋਗਦਾਨ ਪਾਓ ਤਾਂ ਕਿ ਹੋਲੇ ਮਹੱਲੇ ਤੱਕ ਪਾਠਾਂ ਦੇ ਭੋਗ ਪਾ ਸਕੀਏ। ਐਸੇ ਮਹਾਂ ਭਿਆਨਕ ਸਮੇਂ 'ਚ ਨਾਮ-ਬਾਣੀ ਹੀ ਰੱਖਿਆ ਦਾ ਸਾਧਨ ਹੈ।

ਉਪਰੰਤ ਜੀਵਨ ਨਗਰ ਇਲਾਕੇ ਵਾਸਤੇ ਰਵਾਨਾ ਹੋਏ, ਰਸਤੇ ਵਿਚ ਵੇਖਿਆ ਗਿਆ ਕਿ ਠਾਠਾਂ ਮਾਰਦਾ ਪਾਣੀ ਓਟੂ ਹੈੱਡ ਤੇ ਖ਼ਤਰੇ ਦੇ ਨਿਸ਼ਾਨ ਟੱਪ ਚੁੱਕਾ ਸੀ, ਨੇੜੇ ਨਗਰਾਂ ਦੇ ਨਿਵਾਸੀ ਬੰਨ੍ਹਾਂ ਤੇ ਪਹਿਰਾ ਦੇ ਰਹੇ ਸਨ। ਓਟੂ ਤੇ ਘੱਗਰ ਦਰਿਆ ਦੇ ਪੁਲ ਤੇ ਆਵਾਜਾਈ ਬੰਦ ਕੀਤੀ ਹੋਈ ਸੀ। ਨਹਿਰੇ-ਨਹਿਰ ਹੁੰਦੇ ਹੋਏ ਮੌਜੂਖੇੜੇ ਉਸਤਾਦ ਨੱਥਾ ਸਿੰਘ ਜੀ ਦੇ ਘਰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਮਸਤਾਨਗੜ੍ਹ ਦਰਸ਼ਨ ਦਿੱਤੇ।

### ਰਾਤ ਨਾਲੀ ਤੇ ਦਰਸ਼ਨ

ਕੁਝ ਕੁ ਦਰਸ਼ਨ ਕਰਨ ਆਏ ਇਲਾਕਾ ਨਿਵਾਸੀਆਂ ਤੋਂ ਪਤਾ ਲੱਗਾ ਕਿ ਨਾਲੀ ਦੇ ਦੋਹੀਂ ਪਾਸੀਂ ਬੰਨ੍ਹਾਂ ਉਤੇ ਪਿੰਡਾਂ ਦੇ ਲੋਕ ਪਹਿਰਾ ਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ, ਅਵਤਾਰ ਸਿੰਘ, ਗੁਰਦੇਵ ਸਿੰਘ ਹਰਪਾਲ ਸਿੰਘ, ਰਛਪਾਲ ਸਿੰਘ ਸੇਵਕ ਅਤੇ ਦਰਸ਼ਨ ਸਿੰਘ ਪਹਿਰੂ ਸਹਿਤ ਜਿਪਸੀ ਤੇ ਰਾਤ 8.30 ਮਸਤਾਨਗੜ੍ਹ ਤੋਂ ਰਵਾਨਾ ਹੋ ਕੇ ਨਾਲੀ (ਘੱਘਰ ਦਰਿਆ) ਦੇ ਕੰਢੇ ਪਹਿਰਾ ਦੇ ਰਹੇ ਸਿੰਘਾਂ ਨੂੰ ਅੰਮ੍ਰਿਤਸਰੀਆਂ ਦੇ ਖੂਹ, ਸੰਤੋਖਪੁਰਾ, ਧਰਮਪੁਰਾ, ਜਗਜੀਤ ਨਗਰ, ਦਮਦਮਾਂ ਆਦਿ ਪਿੰਡਾਂ ਦੇ ਮੱਥੇ ਲਗਦੇ ਬੰਨ੍ਹ ਤੇ ਦਰਸ਼ਨ ਦਿੱਤੇ। ਪਿੰਡਾਂ ਦੇ ਸਿੰਘ ਵਾਰੋ ਵਾਰੀ ਦਿਨ ਰਾਤ ਪਹਿਰਾ ਦੇ ਰਹੇ ਹਨ। ਜਿੱਥੇ ਕਿੱਥੇ ਕੋਈ ਰੋੜ੍ਹ, ਸੀਰ ਪੈਂਦੀ ਜਾਪੇ ਉਸੇ ਵੇਲੇ ਬੰਦ ਕਰਦੇ ਹਨ।

ਜਦ ਦੀਨ ਦਿਆਲ ਜੀ ਕਰੀਵਾਲੇ ਦੇ ਮੱਥੇ ਨਾਲੀ ਤੇ ਪੁੱਜੇ ਤਾਂ ਸੁਖਦੇਵ ਸਿੰਘ ਸਰਪੰਚ (ਕਰੀਵਾਲਾ) ਸਾਥੀਆਂ ਸਹਿਤ ਮਿਲਿਆ, ਉਸ ਨੇ ਅਰਜ ਕੀਤੀ ਆਪ ਜੀ ਨੇ ਬਹੁਤ ਕਿਰਪਾ ਕੀਤੀ, ਜੋ ਦਰਸ਼ਨ ਦਿੱਤੇ ਹਨ। ਹੁਣ ਕਿਰਪਾ ਰੱਖਿਓ, ਬਚਾਅ ਹੋਵੇ।

ਸੀ ਸਤਿਗੁਰੂ ਜੀ ਨੇ ਬਚਨ ਕੀਤਾ "ਸੱਚੇ ਪਾਤਸ਼ਾਹ ਕਿਰਪਾ ਕਰਨਗੇ।"

ਕਰੀਵਾਲੇ ਦੇ ਨੇੜੇ ਬੰਨ੍ਹ ਕਮਜ਼ੋਰ ਹੈ ਜਿਸ ਕਰਕੇ ਇਥੋਂ ਦੇ ਨਿਵਾਸੀ ਕਈ ਗਰੁੱਪਾਂ 'ਚ ਡਟੇ ਹੋਏ ਸਨ। ਨੌਜੁਆਨਾਂ ਦੇ ਗਰੁੱਪ ਨੇੜੇ, ਜਿਪਸੀ ਰੋਕ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਤਗੜੇ ਹੋ ਕੇ ਪਹਿਰਾ ਦਿਓ, ਨਾਲ ਨਾਲ ਨਾਮ ਜਪੋ, ਕਿਰਪਾ ਹੋਵੇ ਰਛਿਆ ਹੋਵੇ। ਜੀਤ ਸਿੰਘ ਲੰਬੜਦਾਰ ਅਤੇ ਸੇਵਾ ਸਿੰਘ ਵਰਨ (ਮੈਂਬਰ) ਵੀ 10 ਨੌਜੁਆਨਾਂ ਸਹਿਤ ਹਾਜਰ ਸਨ।

### ਅੱਜ ਹੀ ਯਾਦ ਕੀਤਾ

ਸ. ਜਰਨੈਲ ਸਿੰਘ ਸਾਬਕਾ ਸਰਪੰਚ ਕਰੀਵਾਲਾ ਅਤੇ ਸ. ਚਰਨ ਸਿੰਘ ਕਾਮਰੇਡ ਨੇ ਅਰਜ਼ ਕੀਤੀ ਨਾਲੀ 'ਚ ਏਨਾਂ ਪਾਣੀ ਵੇਖ ਕੇ ਡਰ ਲਗਦਾ ਸੀ, ਕਈ ਨਗਰ ਨਿਵਾਸੀ, ਘਰਾਂ ਚੋਂ ਸਾਮਾਨ ਕੱਢਣ ਲੱਗੇ ਸਨ, ਅਸਾਂ ਕਿਸੇ ਨੂੰ ਜਾਣ ਨਹੀਂ ਦਿੱਤਾ ਕਿ ਪਿੰਡ ਨਾ ਛੱਡੋ ਤਗੜੇ ਹੋ ਕੇ ਪਹਿਰਾ ਦਿਉ। ਐਸੇ ਸੰਕਟ ਅਤੇ ਦੁਚਿੱਤੀ ਦੇ ਸਮੇਂ 'ਚ ਅੱਜ ਹੀ ਦੁਪਹਿਰੇ ਆਪ

ਜੀ ਯਾਦ ਆਏ, ਸੋ ਹੁਣ ਆਪ ਜੀ ਬਹੁਤ ਕਿਰਪਾ ਕੀਤੀ, ਸਾਡੀ ਅਰਜ ਏਨੀ ਨੇੜੇ ਹੋ ਕੇ ਸੁਣੀ, ਰੱਖਿਆ ਵੀ ਆਪ ਜੀ ਦੀ ਕਿਰਪਾ ਨਾਲ ਹੀ ਹੋਣੀ ਹੈ। ਕਰੀਵਾਲੇ ਤੋਂ ਹੀ ਬੱਗਾ ਸਿੰਘ 25-30 ਸਰੀਰਾਂ ਸਹਿਤ (ਇਕ ਗਰੁੱਪ) ਪਹਿਰਾ ਦੇ ਰਹੇ ਸਨ। ਅੱਗੇ ਮੰਜਲ ਥੇੜ ਦੇ ਮੱਥੇ ਸ. ਅਜੀਤ ਸਿੰਘ ਮੈਂਬਰ, ਗੁਰਮੀਤ ਸਿੰਘ 10 ਸਰੀਰਾਂ ਸਹਿਤ ਡਟੇ ਹੋਏ ਸਨ। ਦੀਨ-ਦਿਆਲ ਜੀ ਹਰ ਗਰੁੱਪ ਕੋਲ ਗੱਡੀ ਰੋਕ ਕੇ ਪਾਣੀ ਦੀ ਸਥਿਤੀ ਬਾਰੇ ਪੁੱਛ, ਤਗੜੇ ਹੋ ਪਹਿਰਾ ਰੱਖਣ ਅਤੇ ਨਾਮ ਸਿਮਰਨ ਕਰਕੇ ਰੱਛਿਆ ਦੀ ਅਰਦਾਸ ਕਰਨ ਦਾ ਹੁਕਮ ਦੇਂਦੇ।

ਜੀਤ ਸਿੰਘ ਮਾਂਗੇ ਵਾਲੀਆ, ਮੁਖਤਿਆਰ ਸਿੰਘ ਮੰਜਲ ਥੇੜ, ਮਾਨ ਸਿੰਘ ਥੇੜ ਸ਼ਹੀਦਾਂ, ਅਤੇ ਦਲਜੀਤ ਸਿੰਘ ਨਾਲ ਸੌ ਦੇ ਕੀਬ ਸਰੀਰ ਪਹਿਰਾ ਦੇ ਰਹੇ ਸਨ। -ਚੌਧਰੀ ਇੰਦਰ ਜੌਹਰ ਦਾ ਪੋਤਰਾ, ਮਲਕ ਰਾਮ, ਸ੍ਰੀ ਹਰਦਮ ਨੰਬਰਦਾਰ (ਵਣੀ ਤੋਂ) ਨਾਲ ਕਰੀਬ 40 ਸਰੀਰ ਹੋਰ ਸਨ। ਸਭ ਨੂੰ ਦੀਨ-ਦਿਆਲ ਜੀ ਨੇ ਭਜਨ ਕਰਕੇ ਰੱਖਿਆ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ’ਚ ਅਰਦਾਸ ਕਰਨ ਦਾ ਹੁਕਮ ਕੀਤਾ। ਥੇੜ ਸ਼ਹੀਦਾਂ ਦੇ ਮੱਥੇ ਸ. ਕਰਮ ਸਿੰਘ, ਸੁਲੱਖਣ ਸਿੰਘ, ਹਰਦੀਪ ਸਿੰਘ, ਹਰੀ ਸਿੰਘ, ਧਰਮ ਸਿੰਘ, ਜੀਤ ਸਿੰਘ ਸਪੁਤਰ ਸੰਤ ਜੋਗਾ ਸਿੰਘ ਜੱਲਣ ਕਰੀਬ 70 ਸਰੀਰਾਂ ਸਹਿਤ ਦੋ ਗਰੁੱਪਾਂ ’ਚ ਪਹਿਰਾ ਦੇ ਰਹੇ ਸਨ। ਸਭ ਨੇ ਹਜ਼ੂਰ ਦੇ ਚਰਨ ਪਰਸੇ।

ਰਾਤ 9:30 ਸਾਈਫਨ ਤੇ ਪੁੱਜੇ ਇਥੇ ਰਾਜਸਥਾਨ ਕੈਨਾਲ ਦੇ ਹੇਠਿਓ ਦੀ ਘੱਗਰ ਦਰਿਆ ਲੰਘਦਾ ਹੈ। ਇਥੇ ਤਲਵਾੜੇ (ਰਾਜਸਥਾਨ) ਦਾ ਸਰਪੰਚ ਦਲੀਪ ਸਿੰਘ ਮਿਲਿਆ ਉਸ ਨਾਲ ਵੀ 100 ਦੇ ਕਰੀਬ ਨਗਰ ਨਿਵਾਸੀ ਪਹਿਰਾ ਦੇ ਰਹੇ ਸਨ। ਸ. ਦਲੀਪ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਦੱਸਿਆ ਕਿ ਇਸ ਵੇਲੇ ਸਾਈਫਨ ਹੇਠੋਂ ਗੁਜਰ ਰਿਹਾ ਪਾਣੀ 20 ਹਜਾਰ ਕਿਊਸਕ ਫੁੱਟ ਹੈ ਜਦੋਂ ਕਿ ਇਨ੍ਹਾਂ ਦਰਾਂ ਦੀ ਸਮਰੱਥਾ 16 ਹਜ਼ਾਰ ਕਿਊਸਕ ਪਾਸ ਕਰ ਸਕਣ ਦੀ ਹੈ। ਜਿਆਦਾ ਪਾਣੀ ਹੋਣ ਕਰਕੇ ਰਫ਼ਤਾਰ ਤੇਜ਼ ਹੋ ਜਾਂਦੀ ਹੈ ਜਿਸ ਕਰਕੇ ਪਾਣੀ ਸਮਰੱਥਾ ਤੋਂ ਵੱਧ ਗੁਜਰ ਜਾਂਦਾ ਹੈ।

(ਦਰਾਂ ਦੀ ਵਿਸ਼ੇਸ਼ ਮਿਣਤੀ ਚੋਂ, ਵਿਸ਼ੇਸ਼ ਸਮੇਂ ’ਚ ਗੁਜ਼ਰ ਰਹੇ ਪਾਣੀ ਦੀ ਮਿਣਤੀ ਕਰਨ ਦੇ ਪੈਮਾਨੇ ਦਾ ਨਾਂ ਕਿਊਸਕ ਹੈ) ਇਹ ਵੀ ਪਤਾ ਲੱਗਾ ਕਿ ਪਿਛਲੇ 4 ਘੰਟਿਆਂ ਚ ਇੱਕ ਫੁਟ ਪਾਣੀ ਚੜ੍ਹ ਗਿਆ ਹੈ। ਓਟੂ ਤੋਂ ਸਾਈਫਨ ਤੱਕ ਪੁੱਜਣ ਲਈ ਪਾਣੀ ਨੂੰ 14 ਘੰਟੇ ਦਾ ਸਮਾਂ ਲਗਦਾ ਹੈ। ਸਾਈਫਨ ਤੋਂ ਪਾਣੀ ਦਾ ਜਾਇਜ਼ਾ ਲੈ ਕੇ ਦੀਨ ਦਿਆਲ ਜੀ ਘੱਗਰ ਦੇ ਦੂਸਰੇ ਪਾਸੇ ਦੀ ਵਾਪਸੀ ਲਈ ਚਾਲੇ ਪਾਏ।

ਤਲਵਾੜਾ (ਰਾਜਸਥਾਨ) ਤੋਂ ਸ. ਬਲਬੀਰ ਸਿੰਘ 20 ਕੁ ਸਰੀਰਾਂ ਸਹਿਤ, ਇਸੇ ਬੰਨ੍ਹ ਤੇ 20, 10, 5, 7, ਦੀ ਗਿਣਤੀ 'ਚ ਹੋਰ ਵੀ ਕਈ ਗਰੁੱਪ ਮਿਲੇ, ਗੈਰ ਨਾਮਧਾਰੀ ਵੀ ਸੀ ਸਤਿਗੁਰੂ ਜੀ ਦੇ ਦਰਸ਼ਨ, ਪਾਣੀ ਤੋਂ ਬਚਾਅ ਲਈ ਸ਼ੁਭ ਸਮਝਦੇ ਹਨ, ਨਮਸਕਾਰ ਕਰਕੇ ਰੱਖਿਆ ਕਰੋ, ਗਰੀਬ ਨਿਵਾਜ ਮੇਹਰ ਕਰੋ ਆਦਿ ਬੇਨਤੀਆਂ ਕਰਦੇ ਹਨ।

ਐਉਂ ਹੀ ਤਲਵਾੜਾ (ਹਰਿਆਣਾ), ਥੇੜ ਵਡਾਣੀਆਂ ਤੋਂ ਹੁੰਦੇ ਹੋਏ ਸ: ਹਰੀ ਸਿੰਘ ਵਡਾਣੀਆਂ ਦੇ ਥੇੜ ਤੇ ਦਰਸ਼ਨ ਦਿੱਤੇ ਸ. ਹਰੀ ਸਿੰਘ ਜੀ ਪ੍ਰਵਾਰ ਸਮੇਤ ਹਾਜ਼ਰ ਸਨ, ਦਰਸ਼ਨ ਕਰਕੇ ਮੁਰਝਾਏ ਚਿਹਰੇ ਹਰੇ ਹੋਏ। ਰਾਤ 10.25 ਤੇ ਇਥੋਂ ਘਰਾਂ ਵਿੱਚ ਦੀ ਲੰਘ ਫੇਰ ਪਟੜੀ ਤੇ ਚੜ੍ਹੇ। ਥੇੜ੍ਹ ਦਇਆ ਸਿੰਘ ਮਦਾਰ ਦੇ ਮੱਥੇ ਫੌਜਾ ਸਿੰਘ, ਮੁਖਤਿਆਰ ਸਿੰਘ ਫਿਲੋਕੇ ਅਤੇ ਹੋਰ ਵੀ ਕੁਝ ਗਰੁੱਪਾਂ 'ਚ ਸਿੰਘ ਪਹਿਰੇ ਤੇ ਖੜੇ ਮਿਲੇ ਸਭ ਲੋੜ ਅਨੁਸਾਰ ਕਹੀਆਂ, ਤਗਾਰੀਆਂ ਆਦਿ ਲੋੜੀਂਦਿਆਂ ਸੰਦਾਂ ਨਾਲ ਟੈਕਟਰ ਟਰਾਲੀਆਂ ਲੈ ਕੇ ਹਾਜ਼ਰ ਹਨ। ਗੁਰਦੀਪ ਸਿੰਘ ਸਪੁੱਤਰ ਦਇਆ ਸਿੰਘ ਮਦਾਰ 15 ਕੁ ਸਰੀਰਾਂ ਸਹਿਤ ਹਜ਼ੂਰ ਦੇ ਚਰਨੀ ਲੱਗਿਆ। ਸੀ ਸਤਿਗੁਰੂ ਜੀ ਨੇ ਹੁਕਮ ਕੀਤਾ 1-1 ਮਾਲਾ ਭਜਨ ਦੀ, 1-1 ਭਗੌਤੀਆਂ ਦੀ ਫੇਰ ਕੇ ਅਰਦਾਸ ਕਰੋ, ਸੱਚੇ ਪਾਤਸ਼ਾਹ ਕਿਰਪਾ ਕਰਨ ਇਸ ਸੰਕਟ ਤੋਂ ਬਚਾਅ ਹੋਵੇ।

-ਕਰਨੈਲ ਸਿੰਘ ਦੇ ਡੇਰੇ ’ਤੇ, ਥੋਰੀਆਂ ਤੋਂ ਸਰੀਰ ਵੱਖੋ ਵੱਖ ਗਰੁੱਪਾਂ 'ਚ ਤੈਨਾਤ ਮਿਲੇ। ਸ. ਕਰਨੈਲ ਸਿੰਘ ਊਂਧੀ ਪਾਈ ਬੈਠਾ ਸੀ, ਪਤਾ ਲਗਣ ਤੇ ਕਿ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ ਹਨ-ਖੁਸ਼ੀ ਚ ਉੱਛਲ ਪਿਆ-ਧੰਨ ਭਾਗ, ਧੰਨ ਭਾਗ , ਆਪ ਜੀ ਦਰਸ਼ਨ ਦਿਤੇ ਹੁਣ ਕਿਰਪਾ ਰੱਖਿਓ ਜੇ।”

ਜੋਗਿੰਦਰ ਸਿੰਘ ਮਿਰਜਾਪੁਰ ਤੋਂ 30 ਕੁ ਸਰੀਰਾ ਸਹਿਤ ਮਿਲਿਆ ਕਹਿਣ ਲੱਗਾ, “ਬਸ ਹੁਣ ਕੋਈ ਫਿਕਰ ਨਹੀਂ, ਦਰਸ਼ਨ ਹੋ ਗਏ।” ਕਈ ਸਿਦਕੀ ਸਿੱਖ, ਦਰਸ਼ਨ ਕਰਕੇ ਵਜ਼ਦ ਵਿੱਚ ਹੋ ਆਖਦੇ, ਹੁਣ ਸਾਡਾ ਰਾਖਾ ਆ ਗਿਆ ਹੈ, ਹੁਣ ਕੋਈ ਚਿੰਤਾ ਨਹੀਂ। ਮਿਰਜਾਪੁਰ ਦੇ ਕੁਝ ਸਰੀਰ ਅਤੇ ਦੇਸ ਰਾਜ ਐਲਨਾਬਾਦ ਦਾ ਲੜਕਾ ਮਿਲਿਆ, ਉਸਨੇ ਅਰਜ ਕੀਤੀ: ਹਰ ਪਿੰਡ ’ਚੋਂ ਚਾਰ ਸੌ ਕਰੀਬ ਗੱਟਾ ਜਰੂਰ ਮੰਗਵਾਈ ਜਾਓ। ਸ੍ਰੀ ਸਤਿਗੁਰੂ ਜੀ ਦੇ ਪੁੱਛਣ ਤੇ ਉਸ ਦੱਸਿਆ ਕਿ 12 ਹਜਾਰ ਖਾਲੀ ਗੱਟੇ ਚਾਹੀਦੇ ਹਨ।

ਰਛਪਾਲ ਸਿੰਘ ਛੋਟੇ ਅਮਰਾਸਰ ਤੋਂ 50 ਸਰੀਰਾਂ ਸਹਿਤ, ਗੁਰਬਖਸ਼ ਸਿੰਘ, ਰਾਜ ਸਿੰਘ ਮਦਾਰ, ਪ੍ਰਤਾਪ ਨਗਰੋਂ ਅਤੇ ਅਮਰਾਸਰੋਂ । 35 ਸੀਰਾਂ ਸਹਿਤ, ਬਲਦੇਵ ਸਿੰਘ, ਗੁਰਮੁਖ ਸਿੰਘ ਵਹਿਮੀ 60 ਕੁ ਸਰੀਰਾਂ ਸਹਿਤ, ਅੰਮ੍ਰਿਤਸਰ ਕਲਾਂ ਦੇ 40 ਕੁ ਸਰੀਰ ਰਾਮਪੁਰ (ਬੁੱਢੀਮਾੜੀ) ਦੇ ਸਰਪੰਚ ਸਹਿਤ 40 ਕੁ ਸਰੀਰ ਵੱਖੋ ਵੱਖ ਗਰੁਪਾਂ 'ਚ ਅੱਧੀ ਰਾਤ ਬੇਚੈਨੀ 'ਚ ਫਿਕਰਮੰਦ ਨਜ਼ਰ ਆ ਰਹੇ ਸਨ ਪਰ ਐਸੇ ਸੰਕਟ ਦੇ ਸਮੇਂ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਕੇ ਹਿਰਦੇ ਕਮਲ ਟਹਿਕ ਆਏ। 11.55 ਤੇ ਅਮਰਾਸਰ ਨੇੜੇ ਪੁਲ ਤੇ ਪੁੱਜੇ ਏਥੇ ਵੱਖੋ ਵੱਖ ਨਗਰਾਂ ਦੀ ਬਹੁਤ ਗਿਣਤੀ ਨਜ਼ਰ ਆ ਰਹੀ ਸੀ। ਪੁਲ ਤੇ ਮਸਤਾਨ ਗੜ ਵਾਲੇ ਪਾਸੇ ਜੀਵਨ ਨਗਰ ਦੇ ਨਰੈਣ ਸਿੰਘ, ਲਾਲ ਸਿੰਘ, ਮਾ: ਹਰਸਾ ਸਿੰਘ ਦੇ ਮੁੰਡੇ ਅਤੇ ਹੋਰ ਵੀ ਕਈ ਸਰੀਰ ਹਾਜ਼ਰ ਸਨ। ਸਿੱਖਾਂ ਨੂੰ ਹੌਸਲਾ ਦੇ ਕੇ ਸ੍ਰੀ ਸਤਿਗੁਰੂ ਜੀ, 12-30 ਮਸਤਾਨਗੜ ਆ ਕੇ ਬਿਰਾਜੇ।

**ਆਸਾ ਦੀ ਵਾਰ, ਸੰਤ ਨਗਰ:**

ਅੱਜ 18 ਜੁਲਾਈ ਸ੍ਰੀ ਸਤਿਗੁਰੂ ਜੀ 3.30 ਵਜੇ ਤੱਕ ਦੋ ਘੰਟੇ ਬਿਰਾਜ ਕੇ, ਇਸ਼ਨਾਨ ਕਰਕੇ ਆਸਾ ਜੀ ਦੀ ਵਾਰ 'ਚ ਸੰਤ ਨਗਰ ਵਿਖੇ ਨਿੰਮ ਵਾਲੇ ਗੁਰਦੁਆਰੇ ਦਰਸ਼ਨ ਦਿੱਤੇ। ਦੋ ਅਖੰਡ ਪਾਠਾਂ ਦੇ ਭੋਗ ਪਏ। ਇਹ ਪੰਜ ਅਖੰਡ ਪਾਠਾਂ ਚੋਂ ਦੋ ਆਖਰੀ ਸਨ ਜੋ ਪਿਛਲੇ ਦੌਰੇ ਸ੍ਰੀ ਸਤਿਗੁਰੂ ਜੀ ਬਾਰਸ਼ ਨਮਿੱਤ ਕਰਨ ਦਾ ਹੁਕਮ ਕਰ ਗਏ ਸਨ। ਸ੍ਰੀ ਸਤਿਗੁਰੂ ਜੀ ਦੀ ਇਸ ਇਲਾਕੇ ਤੇ ਵਿਸ਼ੇਸ਼ ਬਖਸ਼ਿਸ਼ ਰਹੀ ਹੈ ਕਿ ਏਥੇ ਵਿਨਾਸ਼ਕਾਰੀ ਬਾਰਸ਼ ਨਹੀਂ ਹੋਈ ਸਗੋਂ ਠੀਕ ਹੀ, ਪੂਰੀ ਲੋੜੀਂਦੀ ਬਾਰਸ਼ ਹੋਈ ਹੈ। ਅੱਜ ਹੀ ਇੱਕ ਅਖੰਡ ਪਾਠ ਹੋਰ ਨਾਲੀ ਦੇ ਭਿਆਨਕ ਪਾਣੀ ਤੋਂ ਰੱਖਿਆ ਨਮਿੱਤ ਸ਼ੁਰੂ ਕੀਤਾ ਗਿਆ।

**ਅਮਰਾਸਰ ਤੋਂ ਓਟ ਤੱਕ**

ਅੱਜ 18 ਜੁਲਾਈ, 9.30 ਸ੍ਰੀ ਸਤਿਗੁਰੂ ਜੀ ਮਸਤਾਨਗੜੋਂ ਦੋ ਜਿਪਸੀਆਂ ਲੈ, ਨਾਲ ਅਵਤਾਰ ਸਿੰਘ, ਹਰਪਾਲ-ਰਛਪਾਲ (ਸੇਵਕ), ਗੁਰਦੇਵ ਸਿੰਘ ਨੰਬਰਦਾਰ, ਦਰਸ਼ਨ ਸਿੰਘ, ਗੁਰਮੁਖ ਸਿੰਘ ਡਰੈਵਰ ਪਹਿਰੇ ਵਾਲੇ ਅਤੇ ਸੀ. ਆਰ. ਪੀ. ਦੇ ਜਵਾਨਾਂ ਸਹਿਤ ਰਵਾਨਾ ਹੋਏ, ਨਾਲੀ ਪੁਲ ਤੇ ਬਹੁਤ ਭੀੜ ਸੀ, ਮੌਜੂ ਖੇੜੇ ਨੇੜੇ ਕਾਫੀ ਸਿੰਘ ਅਤੇ ਬੀਬੀਆਂ ਹਾਜ਼ਰ ਸਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਲੰਗਰ ਏਥੇ ਹੀ ਤਿਆਰ ਕਰੋ, ਕੋਈ ਰੋਟੀ ਖਾਣ ਘਰ ਨਾ ਜਾਏ। ਤਗੜੇ ਹੋ ਕੇ ਪਹਿਰਾ ਦਿਉ ਬੀਬੀਆਂ 1-1 ਮਾਲਾ ਭਜਨ ਦੀ ਅਤੇ 1-1 ਭਗੌਤੀਆਂ ਦੀ ਫੇਰ ਕੇ ਅਰਦਾਸ ਕਰਨ ਸੱਚੇ ਪਾਤਸ਼ਾਹ ਕਿਰਪਾ ਕਰਨ ਐ ਸੰਕਟ ਤੋਂ ਬਚਾਅ ਹੋਵੇ। ਅੱਜ ਮੱਠੀ-ਮੱਠੀ ਬਰਸਾਤ ਵੀ ਹੋ ਰਹੀ ਸੀ। ਨਾਲੀ ਦੇ ਬੰਨ੍ਹ ਤੇ ਕੱਚੀ ਸੜਕ, ਚੀਕਨੀ ਮਿੱਟੀ ਮੀਂਹ ਕਾਰਣ ਤਿਲਕਣੀ ਹੋ ਗਈ ਸੀ, ਕਈ ਵੇਰ ਜਿਪਸੀ ਖੱਬੇ ਸੱਜੇ ਸਲਿੱਪ ਕਰਦੀ-ਇਕ ਪਾਸੇ ਠਾਠਾਂ ਮਾਰਦਾ ਪਾਣੀ ਅਤੇ ਦੂਜੇ ਪਾਸੇ ਡੂੰਗੇ ਖਤਾਨ। ਕਰਪਾਲ ਪੱਟੀ ਨੇੜੇ ਦਰਾਰ ਪੈ ਗਈ ਸੀ, ਬੋਰੀਆਂ ਲਾ ਕੇ ਬੰਦ ਕੀਤੀ, ਹੋਰ ਭਰ ਕੇ ਕੋਲ ਰੱਖੀਆਂ ਸਨ, ਸ਼ਿੰਦਰ ਸਿੰਘ ਬੋਗਲ ਵੀ ਜਿਪਸੀਆਂ ਤੇ ਨਾਲ ਹੀ ਹੋ ਤੁਰਿਆ, ਇਸਦੇ ਪੰਜ ਹੋਰ ਭਰਾ ਵੀ ਵੱਖੋ ਵੱਖ ਥਾਈਂ ਪਹਿਰੇ ਤੇ ਮਿਲੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬੋਗਲ ਹੀ ਬੋਗਲ ਹੋ ਗਏ ਹਨ।

ਕੁੱਤਾ ਵੱਢ ਨੇੜੇ ਬੰਨ ਕਾਫੀ ਕਮਜ਼ੋਰ ਹੈ, ਮਿੱਟੀ ਵੀ ਨੇੜੇ ਨਹੀਂ ਦੂਰੋਂ ਲਿਆਕੇ ਨਗਰ ਨਿਵਾਸੀ ਬੰਨ੍ਹ ਮਜ਼ਬੂਤ ਕਰ ਰਹੇ ਸਨ। ਗਿਦੜਵਾਲੀ, ਮੌਜਦੀਨ, ਢਾਣੀ ਪ੍ਰਤਾਪ ਸਿੰਘ ਆਦਿ ਪਿੰਡਾਂ ਦੇ ਮੱਥੇ ਨਾਲੀ ਦੇ ਬੰਨ੍ਹ ਤੇ ਦਰਸ਼ਨ ਦੇਂਦੇ ਹੋਏ ਦੀਨ ਦਿਆਲ ਜੀ ਓਟੂ ਪੁੱਜੇ, ਬਹੁਤ ਪਬਲਿਕ ਸੀ। ਫੌਜ ਅਤੇ ਪੁਲਿਸ ਤਾਇਨਾਤ , ਓਟੂ ਦਾ ਪੁਲ ਵੀ ਕਮਜ਼ੋਰ ਹੈ। ਗੱਡੀਆਂ ਪਾਰ ਲਿਜਾਣ ਦੀ ਮਨਾਹੀ ਹੈ। ਪਤਾ ਕਰਨ ਤੇ ਪਤਾ ਲੱਗਾ ਕਿ ਪੰਸਾਲ ਅਨੁਸਾਰ ਪਾਣੀ ਦੀ ਗਿਣਤੀ ਸਵਾ 11 ਫੁੱਟ ਹੈ, ਅਜੇ ਪਾਣੀ ਵਧੀ ਹੀ ਜਾ ਰਿਹਾ ਹੈ ਜਦ ਕਿ 1988 'ਚ ਬਹੁਤ ਹੜ੍ਹ ਆਏ ਸਨ ਤਾਂ ਪੌਣੇ ਗਿਆਰਾਂ ਫੁਟ ਸੀ। 39000 ਕਿਊਸਕ ਪਾਣੀ ਓਟੂ ਚੋਂ ਪੁਲ ਰਾਹੀ ਨਾਲੀ ਚ ਜਾ ਰਿਹਾ ਹੈ। ਜਦ ਕਿ ਰਾਜਸਥਾਨ ਕੈਨਾਲ ਤੋਂ 22000 ਕਿਊਸਕ ਪਾਸ ਹੋ ਰਿਹਾ ਹੈ ਬਾਕੀ ਪਾਣੀ ਨਾਲੀ 'ਚ ਹੀ ਜਮਾ ਹੋ ਰਿਹਾ ਹੈ, ਜੋ ਸਥਿਤੀ ਹੋਰ ਗੰਭੀਰ ਬਣਾਈ ਜਾ ਰਿਹਾ ਹੈ।

**ਐਸ. ਡੀ. ਐਮ. ਨਾਲ ਵਾਰਤਾਲਾਪ**

ਓਟੂ ਰੈਸਟ ਹਾਊਸ 'ਚ ਸ੍ਰੀ ਸਤਿਗੁਰੂ ਜੀ ਪੁੱਜੇ ਤਾਂ ਐਸ. ਡੀ. ਐਮ, ਐਲਨਾਬਾਦ ਮਹਾਂਬੀਰ ਪ੍ਰਸਾਦ ਮਿਲੇ। ਚਰਨ ਸਪਸ਼ ਕਰਨ ਉਪਰੰਤ ਇਨ੍ਹਾਂ ਦੱਸਿਆ ਕਿ

- ਸਿਰਸਾ ਵਿਖੇ ਦਾਣਾ ਮੰਡੀ, ਹਵਾਈ ਅੱਡਾ, ਜੇ. ਜੇ. ਕਾਲੋਨੀ ਚ ਪਾਣੀ ਦਾਖਲ ਹੋ ਚੁੱਕਾ ਹੈ। ਹਾਲਤ ਬਹੁਤ ਗੰਭੀਰ ਹੈ।

-ਫਿਰੋਜ਼ਾਬਾਦ ਦੇ ਨਾਲ ਲਗਦਾ ਦੋ ਕਿਲੋਮੀਟਰ ਬੰਨ੍ਹ ਬਹੁਤ ਕਮਜ਼ੋਰ ਹੈ।

-ਮਸ਼ਾਹ ਵਾਲਾ, ਲੈਂਮ੍ਹੇਵਾਲ ਪਹਿਲੋਂ ਏਥੋਂ ਨਾਲੀ ਟੁੱਟੀ ਸੀ ਪਰ ਹੁਣ ਠੀਕ ਹੈ। 36 ਘੰਟੇ ਲੋਕਾਂ ਏਨੀ ਮੇਹਨਤ ਕੀਤੀ ਕਿ ਦੋ ਫੁੱਟ ਪਾਣੀ ਚੜਿਆ ਸੀ, ਉਨ੍ਹਾਂ ਢਾਈ ਫੁੱਟ ਬੰਨ ਉੱਚਾ ਕਰ ਦਿੱਤਾ।

-ਇਥੋਂ 39 ਹਜ਼ਾਰ ਕਿਊਸਕ ਪਾਣੀ ਜਾ ਰਿਹਾ ਹੈ ਜਦ ਕਿ ਰਾਜਸਥਾਨ ਕੈਨਾਲ ਦੇ ਦੋਹਾਂ ਸਾਈਫਨਾਂ ਤੋਂ ਕੇਵਲ 22000

ਪਾਸ ਹੋ ਰਿਹਾ ਹੈ।

-ਰਾਜਸਥਾਨ ਕੈਨਾਲ ਤੋਂ ਅੱਗੇ 5 ਕਿਲੋਮੀਟਰ ਤਕ ਬੰਨ ਹੈ। ਅੱਗੇ ਖੁੱਲਾ ਹੀ ਹੈ-ਹੰਨੂਮਾਨਗੜ੍ਹ, ਸੂਰਤਗੜ੍ਹ ਪਾਣੀ ਫਿਰ ਰਿਹਾ ਹੈ ।

ਸੀ ਸਤਿਗੁਰੂ ਜੀ ਬਚਨ ਕੀਤਾ

ਹੁਣ ਤੇ ਜੋ ਵੀ ਹੈ ਭੁਗਤਨਾ ਹੀ ਪਵੇਗਾ ਪਰ ਇਸ ਤੋਂ ਬਾਅਦ। ਰਾਜਸਥਾਨ ਕੈਨਾਲ ਤੋਂ ਨਿਕਾਸੀ ਦਾ ਇੰਤਜ਼ਾਮ ਕਰੋ। ਰਾਜਸਥਾਨ ਸਰਕਾਰ ਤੋਂ ਵੀ ਲਿਖਵਾ ਕੇ, ਤੁਸੀਂ ਵੀ ਸਕੀਮ ਬਣਾ ਕੇ ਮੁੱਖ ਮੰਤਰੀ ਹਰਿਆਣਾ ਨੂੰ ਕਹੋ, ਅਗੇ ਇਹ ਪ੍ਰੋਪੋਜ਼ਲ ਕੇਂਦਰ ਸਰਕਾਰ ਕੋਲ ਜਾਵੇਗੀ। ਕਿਸੇ ਨੂੰ ਕਹਿਣਾ ਪਿਆ ਤਾਂ ਅਸੀਂ ਵੀ ਕਹਾਂਗੇ।

-ਐਸ. ਡੀ. ਐਮ. ਸਾਹਿਬ ਨੇ ਬੇਨਤੀ ਕੀਤੀ ਕਿ 1988 ਤੋਂ ਬਾਅਦ ਠੀਕ ਹੀ ਚਲ ਰਿਹਾ ਸੀ ਪਰ ਹੁਣ ਤਾਂ ਕੁਛ ਕਰਨਾ ਹੀ ਪਵੇਗਾ।

- ਸਿਰਸੇ ਵਲ ਪਾਣੀ ਟੁੱਟਣ ਕਰਕੇ ਸ਼ਹਿਰ ਦੇ ਕੁਝ ਹਿੱਸੇ 'ਚ ਪਾਣੀ ਦਾਖਿਲ ਹੋ ਗਿਆ ਹੈ।

-ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਿੱਥੇ-ਜਿੱਥੇ ਵੀ ਗੱਟੇ ਚਾਹੀਦੇ ਹਨ ਛੇਤੀ ਪੁਚਾਓ ਏਥੋਂ ਚਲ ਕੇ ਸ੍ਰੀ ਸਤਿਗੁਰੂ ਜੀ ਨਾਲੀ ਦੇ ਰਾਣੀਆਂ ਵਾਲੇ ਪਾਸੇ ਦੇ ਬੰਨ੍ਹ ਵਲ ਰਵਾਨਾ ਹੋਏ।

ਫਿਰੋਜ਼ਾਬਾਦ ਲਾਲ ਚੰਦ ਨੰਬਰਦਾਰ ਮਿਲਿਆ ਬਹੁਤ ਗਿਣਤੀ 'ਚ ਲੋਕ ਬੰਨ੍ਹ ਤੇ ਮਿੱਟੀ ਪਾ ਕੇ ਉੱਚਾ ਕਰ ਰਹੇ ਸਨ। ਪਾਣੀ ਬੰਨ੍ਹ ਤੋਂ ਕੇਵਲ ਇੱਕ ਫੁੱਟ ਹੀ ਨੀਵਾਂ ਸੀ। ਲਾਲ ਚੰਦ ਜੀ ਨੇ ਪੂਰੇ ਆਤਮ ਵਿਸ਼ਵਾਸ ਸਹਿਤ ਬੇਨਤੀ ਕੀਤੀ। ਗੁਰੂ ਜੀ ਹਮਾਰੀ ਓਰ ਸੇ ਕੋਈ ਕਮਜ਼ੋਰੀ ਨਹੀਂ ਆਏਗੀ। ਸਰਪੰਚ ਕਸ਼ਮੀਰੀ ਲਾਲ ਫਿਰੋਜ਼ਾਬਾਦ ਮਿਲਿਆ- ਲੰਗਰ ਚਲ ਰਿਹਾ ਸੀ।

ਸ੍ਰੀ ਸਤਿਗੁਰੂ ਜੀ ਵੱਖੋ ਵੱਖ ਗਰੁੱਪਾਂ ਨੂੰ ਸੰਤਾ ਸਿੰਘ ਦੀ ਢਾਣੀ, ਮੋਹਰ ਸਿੰਘ ਦੀ ਢਾਣੀ, ਸਤਨਾਮ ਸਿੰਘ ਦੀ ਢਾਣੀ, ਨਗਰਾਣੇ ਆਦਿ ਦਰਸ਼ਨ ਦੇਂਦੇ ਹੋਏ ਫੇਰ ਪੁੱਲ ਤੋਂ ਅੱਗੇ ਕਰੀਵਾਲੇ ਵਲ ਰਵਾਨਾ ਹੋਏ। ਜਿੱਥੇ ਵੀ ਭਾਵੇਂ ਪੰਜ ਸੱਤ ਸਰੀਰ ਹੀ ਹੁੰਦੇ ਸ੍ਰੀ ਸਤਿਗੁਰੂ ਜੀ ਗੱਡੀ ਰੁਕਵਾ, ਪਤਾ ਲੈ, ਦਿਲਾਸਾ ਦੇ ਕੇ ਨਾਮ ਜੱਪਣ ਅਤੇ ਰੱਛਿਆ ਹਿੱਤ ਅਰਦਾਸ ਕਰਨ ਦਾ ਹੁਕਮ ਦੇਂਦੇ ਹਨ। ਕਰੀਵਾਲੇ ਦੇ ਨੇੜੇ ਇਕ ਟੈਕਟਰ ਤੇ 6-7 ਗੈਰ ਨਾਮਧਾਰੀ ਨੌਜੁਆਨਾਂ ਦਾ ਗਰੁੱਪ ਮਿਲਿਆ। ਉਨ੍ਹਾਂ ਨਮਸਕਾਰ ਕਰਕੇ ਬੜੇ ਹੀ ਕਰੁਣਾਮਈ ਲਹਿਜੇ 'ਚ ਬੇਨਤੀ ਕੀਤੀ: ਸੱਚੇ ਪਾਤਸ਼ਾਹ ਕਿਰਪਾ ਕਰੋ। ਰੱਖਿਆ ਕਰੋ ਐਹ ਪਾਣੀ ਤੋਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਸੱਚੇ ਪਾਤਸ਼ਾਹ ਕਿਰਪਾ ਕਰਨਗੇ। ਸਾਈਫਨ ਤੋਂ ਜਾਇਜ਼ਾ ਲਿਆ 26.1 ਦੀ ਗੇਜ਼ ਤਕ ਪਾਣੀ ਸੀ। ਕੱਲ ਸਾਈਫਨ ਤੋਂ ਆਰ ਪਾਰ ਦੇ ਪਾਣੀ ਦਾ 3 ਫੁੱਟ ਦਾ ਫਰਕ ਸੀ ਅੱਜ ਚਾਰ ਫੁੱਟ ਦਾ ਫਰਕ ਹੈ। ਹੁਣ 23200 ਕਿਊਸਕ ਪਾਣੀ ਲੰਘ ਰਿਹਾ ਹੈ।

ਵਾਪਸੀ ਸਮੇਂ ਤਲਵਾੜਾ ਹਰਿਆਣਾ ਨੇੜੇ ਚੌਧਰੀ ਮਨੀ ਰਾਮ ਜੀ ਮਿਲੇ, ਚਰਨੀ ਸੀਸ ਝੁਕਾ ਕੇ ਪਾਣੀ ਦੀ ਭਿਆਨਕਤਾ ਬਾਰੇ ਜ਼ਿਕਰ ਕੀਤਾ। 2.30 ਵਜੇ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਪੁੱਜੇ। ਘੰਟਾ ਕੁ ਅਰਾਮ ਕਰਕੇ ਆਸਾ ਦੀ ਵਾਰ ਅਤੇ ਨਿਰੰਤਰ ਨਿੱਤ-ਕ੍ਰਮ ਜਿਉਂ ਦਾ ਤਿਉਂ ਜਾਰੀ।

## ਦਿਨ ਇਕ, ਕਿਰਪਾ ਬਾਰੀਂ ਥਾਈਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੁਖ ਆਰਾਮ ਨੂੰ ਪਿੱਛੇ ਛੱਡ ਕੇ ਸਿੱਖੀ ਦੀ ਸੰਭਾਲ ਲਈ ਨਿਰੰਤਰ ਦੌਰੇ ਕਰਦੇ ਰਹਿੰਦੇ ਹਨ। ਇਹਨਾਂ ਦੌਰਿਆਂ ਦੌਰਾਨ ਕਈ ਵਾਰੀ ਇੱਕ ਇੱਕ ਦਿਨ ਵਿਚ ਕਈ ਥਾਈਂ ਕਿਰਪਾ ਕਰਦੇ ਹਨ। 22 ਮਾਰਚ 1998 ਨੂੰ ਆਪ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣ ਕੇ ਪੰਜ ਕੁ ਵਜੇ ਹੀ ਦੌਰਾ ਸ਼ੁਰੂ ਕਰ ਦਿੱਤਾ। ਆਪ ਜੀ ਦੇ ਨਾਲ ਮਾਤਾ ਜੀ, ਸੇਵਕ, ਪਹਿਰੇਦਾਰ ਤੇ ਹੋਰ ਸਿੱਖ ਸੇਵਕ 5 ਗੱਡੀਆਂ ਵਿੱਚ ਸਵਾਰ ਸਨ। ਸੱਚੇ ਪਾਤਸ਼ਾਹ ਜੀ ਨੇ ਮਸੂਰਵਾਲ (ਜ਼ੀਰੇ ਨੇੜੇ), ਚੋਟੀਆਂ ਕਲਾਂ, ਮੰਗੇਵਾਲ, ਰੋਡੇ (ਮੋਗਾ), ਬਾਜਾਖਾਨਾ (ਫਰੀਦਕੋਟ), ਟਿੱਬਾ (ਸਿਰਸਾ) ਸੰਤ ਨਗਰ, ਕਰੀਵਾਲਾ, ਦਮਦਮਾ, ਸਿਰਸਾ, ਮੋਰੀ ਵਾਲਾ ਆਦਿ ਪਿੰਡਾਂ ਸ਼ਹਿਰਾਂ ਵਿਚ ਕਿਤੇ ਕਿਸੇ ਸ਼ਰਧਾਵਾਨ ਘਰ ਚਰਨ ਪਾ ਕੇ, ਅਖੰਡ ਪਾਠਾਂ ਦੇ ਭੋਗ ਪਾ ਕੇ ਕਿਸੇ ਦੇ ਗੁਜ਼ਰ ਜਾਣ ਉੱਤੇ ਭਾਣਾ ਮੰਨਣ ਦਾ ਬਲ ਬਖ਼ਸ਼ਣ ਦਾ ਉਪਦੇਸ਼ ਦੇ ਕੇ, ਭੋਗ ਪਾ ਕੇ ਪੁਰਾਣੇ ਗੁਰਸਿਖ ਪਰਵਾਰ ਦੀ ਸੰਭਾਲ ਕਰਨ ਲਈ ਆਪਣੇ ਦਰਸ਼ਨ ਦਿਦਾਰ ਤੇ ਮਨੋਹਰ ਬਚਨਾਂ ਰਾਹੀਂ ਅੰਮ੍ਰਿਤ ਵਰਖਾ ਕੀਤੀ। ਅਗੇ ਹਿਸਾਰ ਦੀ ਸੰਗਤ ਅੱਖਾਂ ਵਿਛਾਈ ਬੈਠੀ ਸੀ। ਏਥੇ ਬਿਰਧ ਜਥੇਦਾਰ ਦਲੀਪ ਨੂੰ ਦਰਸ਼ਨ ਦੇ ਕੇ ਸੂਬਾ ਚਰਨਜੀਤ ਸਿੰਘ ਘਰ ਕਮਰਕੱਸੇ ਖੋਲ੍ਹੇ। ਪਰਸ਼ਾਦ ਪਾਣੀ ਛਕ ਏਥੇ ਹੀ ਬਿਸਰਾਮ ਕੀਤਾ।

23 ਤਾਰੀਕ ਨੂੰ ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਕੇ, ਸੰਤ ਮਹਿੰਦਰ ਸਿੰਘ ਪੂਰਬਾ ਤੋਂ ਆਸਾ ਦੀ ਵਾਰ ਸਰਵਣ ਕਰਕੇ, ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਦੀ ਸੰਗਤ ਨੂੰ ਸਵੇਰ ਦੇ ਕੀਰਤਨ ਵਿਚ ਦਰਸ਼ਨ ਦਿੱਤੇ। ਇੱਕ ਦਿਨ ਬਾਰੀਂ ਥਾਈਂ ਕਿਰਪਾ ਸਿੱਖੀ ਦੀ ਸੰਭਾਲ ਕਰਕੇ ਹੀ ਸੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਅਕਣਾ-ਥਕਣਾ ਨਹੀਂ ਪਰ ਸਿੱਖਾਂ ਨੂੰ ਭਜਨ ਬੰਦਗੀ ਵਿਚ ਲੀਣ ਰਹਿਣ, ਆਪਣੀ ਮਾਣ ਮਰਯਾਦਾ ਵਿੱਚ ਪਰਪੱਕ ਰਹਿਣ ਲਈ ਪ੍ਰੇਰਦੇ ਹਨ।

# ਬਾਂਹ ਕਿਸ ਨੂੰ ਫੜਾਈ ਹੈ...?

**ਸੁਰਿੰਦਰ ਕੌਰ ਖਰਲ**

ਮੈਂ ਕੀ ਕਰਾਂ? ਮੈਂ ਕੀ ਕਰਾਂ? ....

ਸੰਤ ਕੰਧਾਰਾ ਸਿੰਘ ਜੀ ਝੱਬਰ ਬਹੁਤ ਜ਼ਿਆਦਾ ਬੇਚੈਨ ਸਨ। ਕੀ ਕੀਤਾ ਜਾਵੇ? ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਿਹਾ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹ ਆਪਣੀ ਉਦਾਸੀ ਤੇ ਕਾਬੂ ਨਹੀਂ ਸਨ ਪਾ ਸਕੇ। ਉਨ੍ਹਾਂ ਨੂੰ ਆਪਣਾ ਜਿਊਂਦੇ ਰਹਿਣਾ ਵੀ ਇਕ ਬੋਝ ਪ੍ਰਤੀਤ ਹੋਣ ਲੱਗਾ। ਸਾਰਾ ਸੰਸਾਰ ਸੁੰਨਾ ਸੁੰਨਾ ਜਾਪ ਰਿਹਾ ਸੀ। ਮਨ ਕਿਧਰੇ ਵੀ ਨਹੀਂ ਸੀ ਟਿਕ ਰਿਹਾ। ਦਿਲ ਨੂੰ ਖੋਹ ਪੈ ਰਹੀ ਸੀ।

ਪਰਮ ਪੂਜਨੀਯ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਉਹਲਾ ਕਰ ਗਏ ਸਨ ਪਰ ਸੰਤ ਕੰਧਾਰਾ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ। ਹੋਰ ਨਾਮਧਾਰੀ ਸਾਧ ਸੰਗਤ ਵਾਂਗ ਸੰਤ ਵੀ ਹਾਲੋਂ ਬੇਹਾਲ ਹੋ ਰਹੇ ਸਨ। ਆਪਣੇ ਇਸ਼ਟ ਦੇਵ ਦੀ ਯਾਦ ਉਨ੍ਹਾਂ ਨੂੰ ਬੇਚੈਨ ਕਰ ਰਹੀ ਸੀ। ਉਹਨਾਂ ਦਾ ਮਾਣਿਆ ਪਿਆਰ, ਸਾਧ ਸੰਗਤ 'ਤੇ ਕੀਤੇ ਉਪਕਾਰ, ਯਾਦਾਂ ਦੀ ਲੜੀ ਬਣ ਕੇ ਅੱਖਾਂ ਸਾਹਮਣੇ ਆ ਰਹੇ ਸਨ। ਸੰਨ 1947 ਵਿਚ ਪਾਕਿਸਤਾਨੋਂ ਉੱਜੜ ਕੇ ਆਏ ਬੇਘਰ ਤੇ ਬੇਰੁਜ਼ਗਾਰ ਸਿੰਘਾਂ ਨੂੰ ਕਿਵੇਂ ਗਰੀਬ ਨਿਵਾਜ਼ ਜੀ ਨੇ ਕੋਠੀਆਂ ਤੇ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਕਿਹੜੇ ਕਿਹੜੇ ਉਪਕਾਰ ਯਾਦ ਕੀਤੇ ਜਾਣ, ਗਿਣੇ ਨਹੀਂ ਜਾਂਦੇ, 'ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀਂ ਪਾਸੀ।'

ਸੰਤ ਕੰਧਾਰਾ ਸਿੰਘ ਨੂੰ ਯਾਦ ਆਇਆ, ਉਹ ਗਿਆਰਾਂ ਸਾਲਾਂ ਦੇ ਸਨ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਵਿਚ ਆਏ। ਉਦੋਂ ਤੋਂ ਲੈ ਕੇ ਹੁਣ ਤੀਕ ਦੀਆਂ ਸੱਚੇ ਪਾਤਸ਼ਾਹ ਜੀ ਨਾਲ ਬਿਤਾਈਆਂ ਘੜੀਆਂ ਦੀਆਂ ਕੀਮਤੀ ਯਾਦਾਂ, ਇੱਕ-ਇੱਕ ਕਰਕੇ ਫਿਲਮ ਦੀ ਰੀਲ੍ਹ ਵਾਂਗ ਸੰਤਾਂ ਦੀਆਂ ਅੱਖਾਂ ਅਗੋਂ ਗੁਜ਼ਰਨ ਲੱਗੀਆਂ।

ਗੁਜਰ ਚੁੱਕੇ ਸਮੇਂ ਦੀ ਤਸਵੀਰ ਵੇਖਦਿਆਂ ਸੰਤਾਂ ਨੂੰ ਯਾਦ ਆਇਆ, ਕਿਵੇਂ ਇਕ ਵਾਰ ਉਨ੍ਹਾਂ ਦਾ ਸਰੀਰ ਕੁਝ ਢਿੱਲਾ-ਮੱਠਾ ਹੋ ਗਿਆ ਸੀ ਤੇ ਉਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਕੌੜੇ ਮੇਲੇ ਤੇ ਦਰਸ਼ਨ ਦੇ ਰਹੇ ਸਨ। ਸੰਤਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ, .

"ਸੱਚੇ ਪਾਤਸ਼ਾਹ ਜੀ ਮੇਰਾ ਸਰੀਰ ਢਿੱਲਾ ਰਹਿੰਦਾ ਹੈ, ਕਿਰਪਾ ਕਰੋ।" "ਵੱਡੇ ਕਾਕੇ ਅੱਗੇ ਅਰਜ਼ ਕਰ।" ਸ੍ਰੀ ਸਤਿਗੁਰੂ ਜੀ ਫ਼ੁਰਮਾਇਆ। ਸੰਤ ਕੰਧਾਰਾ ਸਿੰਘ ਜੀ ਹੈਰਾਨ ਜਿਹੇ ਹੋਏ ਤੇ ਚੁਪ ਕਰ ਰਹੇ।

ਕੁਝ ਚਿਰ ਉਪਰੰਤ ਸ੍ਰੀ ਜੀਵਨ ਨਗਰ ਕੋਠੀ ਦੀ ਡਿਓੜੀ ਦੇ ਨੇੜੇ ਪ੍ਰੈਸ ਕੋਲ ਸੰਤ ਜੀ ਨਿਰਾਸ਼ ਜਿਹੇ ਹੋਏ ਖੜੋਤੇ ਸਨ ਕਿ ਸ੍ਰੀ ਸਤਿਗੁਰੂ ਜੀ ਅਚਨਚੇਤ ਹੀ ਗਊਸ਼ਾਲਾ ਵਾਲੇ ਪਾਸਿਓਂ ਆ ਦਰਸ਼ਨ ਦਿੱਤੇ। ਜਦੋਂ ਵੀ ਸ੍ਰੀ ਸਤਿਗੁਰੂ ਜੀ ਬਾਹਰੋਂ ਆਉਂਦੇ ਸਨ, ਪਹਿਲੋਂ ਗਾਈਆਂ ਵਾਲੇ ਪਾਸੇ ਦਰਸ਼ਨ ਦਿੰਦੇ ਸਨ।

ਸੱਚੇ ਪਾਤਸ਼ਾਹ ਜੀ ਨੇ ਸੰਤਾਂ ਨੂੰ ਜੱਫੀ 'ਚ ਘੁਟਦਿਆਂ ਬਚਨ ਕੀਤਾ,

'ਦਸ ਉਦੋਂ ਕੀ ਆਂਹਦਾ ਸੈਂ?'

ਗ੍ਰੀਬ -ਨਿਵਾਜ਼ ਜੀ, ਸਰੀਰ ਢਿੱਲਾ ਰਹਿੰਦਾ ਹੈ, ਤਿੰਨ ਚਾਰ ਸੌ ਰੁਪਏ ਲੱਗ ਗਏ ਹਨ ਇਲਾਜ ਤੇ, ਅਰਾਮ ਨਹੀਂ ਆਇਆ" ਸੰਤਾਂ ਅਰਜ਼ ਕੀਤੀ।

"ਪੈਸੇ ਤੂੰ ਕੀਹਦੇ ਦਿੱਤੇ?' ਸੱਚੇ ਪਾਤਸ਼ਾਹ ਜੀ ਫ਼ੁਰਮਾਇਆ।

ਜੀ ਤੁਹਾਡੇ ਦਿੱਤੇ, ਸੰਤਾਂ ਨੇ ਨਿਰਮਤਾ ਪੂਰਵਕ ਅਰਜ਼ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਖੁਸ਼ ਹੋ ਤਿੰਨ ਵਾਰ ਸੰਤਾਂ ਦੇ ਕੰਨ 'ਤੇ ਹੱਥ ਮਾਰ ਕੇ ਬਚਨ ਕੀਤਾ, "ਜਾਹ ਠੀਕ ਹੋ ਜਾਵੇਗਾ।''

ਇਸ ਬਚਨ ਮਗਰੋਂ ਸੰਤ ਕੰਧਾਰਾ ਸਿੰਘ ਦੀ ਸਿਹਤ ਠੀਕ ਹੋ ਗਈ ਤੇ ਫਿਰ ਜਦ ਕਦੇ ਉਨ੍ਹਾਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਇਆ ਕਰਨੇ ਤਾਂ ਜਿਵੇਂ ਕੋਈ ਡਾਕਟਰ ਮਰੀਜ ਨੂੰ ਦਵਾਈ ਦੇਣ ਤੋਂ ਬਾਅਦ ਉਸ ਦਾ ਹਾਲ ਪੁੱਛਦਾ ਹੈ, ਉਵੇਂ ਸ੍ਰੀ ਸਤਿਗੁਰੂ ਜੀ ਨੇ ਸੰਤਾਂ ਨੂੰ ਪੁੱਛਣਾ, "ਸੁਣਾ ਹੁਣ ਸਰੀਰ ਦਾ ਕੀ ਹਾਲ ਹੈ?" ਇਸ ਤਰ੍ਹਾਂ ਸੱਚੇ ਪਾਤਸ਼ਾਹ ਜੀ ਕਿਰਪਾ ਕਰਦੇ ਰਹੇ।

ਸੰਤਾਂ ਦੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 'ਤੇ ਪੂਰਨ ਸ਼ਰਧਾ ਸੀ। ਉਹ ਜਪ-ਪ੍ਰਯੋਗ ਤੇ ਮੇਲਿਆਂ ਦੇ ਦਿਨਾਂ ਵਿਚ ਜ਼ਰੂਰ ਪਹੁੰਚਦੇ ਅਤੇ ਸੇਵਾ ਤੇ ਸਤਿਗੁਰੂ-ਦਰਸ਼ਨ ਕਰਦਿਆਂ, ਆਤਮਕ ਆਨੰਦ ਦਾ ਰਸ ਮਾਨਣ ਦਾ ਸੁਅਵਸਰ ਕਦੇ ਨਾ ਖੁੰਝਾਉਂਦੇ।

ਫਿਰ ਸੰਤ ਕੰਧਾਰਾ ਸਿੰਘ ਨੂੰ ਯਾਦ ਆਇਆ, ਉਹ

ਅੰਤਮ ਦਿਨ, ਜਦੋਂ ਭਾਣਾ ਵਰਤਿਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸਕੇਤ ਮੰਡੀ ਵਲੋਂ ਸਰੀਰਕ ਤੌਰ 'ਤੇ ਢਿੱਲੇ, ਸ੍ਰੀ ਭੈਣੀ ਸਾਹਿਬ ਆਏ ਸਨ। ਉਨ੍ਹਾਂ ਦੇ ਆਉਂਦਿਆਂ ਹੀ, ਚੌਪਈ ਦੀ ਵਰਨੀ ਤੇ ਭਜਨ ਦੀ ਵਰਨੀ ਕੀਤੀ ਗਈ। ਹਜ਼ੂਰ ਦੀ ਦੇਹ ਅਰੋਗਤਾ ਵਾਸਤੇ, ਇਕ ਆਦਿ ਤੇ ਇਕ ਦਸਮ ਗ੍ਰੰਥ ਦੇ ਅਖੰਡ ਪਾਠ ਰੱਖੇ ਗਏ। ਉਸ ਰਾਤ, ਪੰਜ ਭਾਦਰੋਂ ਨੂੰ ਪਹਿਰੇ ਦੀ ਡਿਊਟੀ ਰਾਮ-ਬੇਲੀ ਦੀ ਸੀ। ਉਸ ਤੋਂ ਮਗਰੋਂ ਤੜਕਸਾਰ ਪਹਿਰੇ ਦੀ ਡਿਊਟੀ ਸੰਤ ਕੰਧਾਰਾ ਸਿੰਘ ਦੀ ਸੀ। ਰਾਮ-ਬੇਲੀ ਨੇ ਹੀ ਸੰਤਾਂ ਨੂੰ ਇਹ ਦੁਖਦਾਈ ਖ਼ਬਰ ਦੱਸੀ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਤ ਦੇ ਪਿਛਲੇ ਪਹਿਰ ਦੇਹ ਦਾ ਉਹਲਾ ਕਰ ਗਏ ਹਨ। ਸੰਤਾਂ ਦੇ ਹੋਸ਼ ਉੱਡ ਗਏ ਸਨ। ਹਾਲਤ ਅਜਿਹੀ ਹੋ ਗਈ ਸੀ, ਜਿਵੇਂ ਹਿੱਕ 'ਤੇ ਜੋਰ ਦੀ ਸੱਟ ਵੱਜਣ ਕਾਰਨ, ਬੰਦੇ ਤੋਂ ਤੁਰਿਆ ਨਾ ਜਾਂਦਾ ਹੋਵੇ। ਭਾਰੀ ਕਦਮਾਂ ਨਾਲ, ਗੋਲ ਮੰਦਰ ਪਹੁੰਚੇ ਜਿੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਦਾ ਉਹਲਾ ਕੀਤਾ ਸੀ। ਉਥੇ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ ਜੀ) ਮੌਜੂਦ ਸਨ। ਉਨ੍ਹਾਂ ਨੇ ਸੰਤਾਂ ਨੂੰ ਹੁਕਮ ਕੀਤਾ ਕਿ ਪਹਿਰੇ ਤੇ ਖੜੇ ਹੋਣ, ਸ੍ਰੀ ਭੈਣੀ ਸਾਹਿਬ ਤੋਂ ਕੋਈ ਸਰੀਰ ਅੰਦਰ ਨਾ ਆਵੇ। ਦੋਵੇਂ ਭਰਾ ਜਿਥੇ ਕਿਧਰੇ ਚਿੱਠੀ ਪੱਤਰ ਪਾਉਣਾ ਸੀ, ਸੁਨੇਹੇ ਭੇਜਣੇ ਸਨ, ਬਾਰੇ ਵਿਚਾਰ ਕਰ ਰਹੇ ਸਨ।

ਦਿਨ ਚੜ੍ਹੇ, ਸੰਤ ਕੰਧਾਰਾ ਸਿੰਘ ਜੀ ਦੀ ਦੇਹ, ਮਾਨਸਕ ਪੀੜਾ ਕਾਰਨ ਨਿਢਾਲ ਹੋ ਗਈ ਸੀ। ਉਨ੍ਹਾਂ ਨੂੰ ਆਪਾ ਸੰਭਾਲਣਾ ਔਖਾ ਲਗਣ ਲੱਗਾ। ਸਭ ਕੁਝ ਵੇਖ-ਜਾਣ ਕੇ ਵੀ ਹੋਣੀ ਤੇ ਉਨ੍ਹਾਂ ਨੂੰ ਜਿਵੇਂ ਯਕੀਨ ਨਹੀਂ ਸੀ ਆ ਰਿਹਾ। ਉਨ੍ਹਾਂ ਦਾ ਤੰਬੂ ਨੇੜੇ ਹੀ ਸੀ ਤੇ ਆਪਣੀ ਡਿਊਟੀ ਤੋਂ ਮਗਰੋਂ ਉਹ ਥੱਕੇ-ਟੁੱਟੇ ਜਿਹੇ ਆਪਣੇ ਤੰਬੂ ਵਿਚ ਆ ਡਿੱਗੇ ਤੇ ਫਿਰ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਨਾ ਰਹੀ।

ਸੰਤਾਂ ਦੇ ਬੀਮਾਰ ਹੋਣ ਦੀ ਖਬਰ ਸੁਣ ਕੇ ਉਨ੍ਹਾਂ ਦੀ ਸਿੰਘਣੀ ਆਪਣੇ ਕੁੱਛੜ ਇਕ ਮਹੀਨੇ ਚਾਰ ਦਿਨ ਦਾ ਕਾਕਾ ਲੈ ਇੱਕਲੀ ਹੀ ਹਨੁਮਾਨਗੜ ਵਲੋਂ ਆ ਗਈ ਤੇ ਆ ਆਪਣੇ ਪਤੀ ਦੀ ਸੰਭਾਲ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਅਨੁਸਾਰ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਗੁਰਗੱਦੀ ਦੇ ਅਗਲੇ ਵਾਰਸ ਥਾਪ ਦਿੱਤੇ ਗਏ ਸਨ। ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ) ਨੇ ਆਸਣ ਵਿਛਾ ਕੇ ਆਪਣੇ ਭਰਾਤਾ ਨੂੰ ਉਸ ਉਤੇ ਸੁਭਾਇਮਾਨ ਹੋਣ ਲਈ ਅਰਜ਼ ਕੀਤੀ ਅਤੇ ਸਭ ਤੋਂ ਪਹਿਲੋਂ ਕੀਤੀ ਤੇ ਆਪ ਜੀ ਨੂੰ ਗੁਰੂ-ਰੂਪ ਵਿੱਚ ਨਮਸਕਾਰ ਕੀਤੀ ਤੇ ਮਗਰੋਂ ਵਾਰੋ ਵਾਰੀ ਸਭ ਨੇ ਮੱਥਾ ਟੇਕਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭੋਗ ਦੇ ਮੇਲੇ ਦੇ ਅੰਤਮ ਦਿਨ, 25 ਭਾਦਰੋਂ (10 ਸੰਤਬਰ) ਨੂੰ ਭਾਰੀ ਹਾਜ਼ਰੀ ਵਾਲੇ ਦੀਵਾਨ ਵਿਚ, ਬਹੁਤ ਸਾਰੇ ਰਾਜਨੀਤਕ ਅਤੇ ਧਾਰਮਕ ਆਗੂਆਂ ਦੀ ਮੌਜੂਦਗੀ ਵਿਚ, ਦਸਤਾਰ ਬੰਦੀ ਦਾ ਸਮਾਗਮ ਹੋਇਆ।

ਉਹ ਦਸਤਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਭਾਈ ਸਾਹਿਬ ਭਾਈ ਵਜੀਰ ਸਿੰਘ ਜੀ ਨੇ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਗੁਰੂ ਜਗਜੀਤ ਸਿੰਘ ਜੀ ਨੂੰ ਅਰਪਣ ਕੀਤੀ।

ਸੰਤ ਕੰਧਾਰਾ ਸਿੰਘ ਨੇ ਸਾਰਾ ਦ੍ਰਿਸ਼ ਵੇਖਿਆ। ਸ੍ਰੀ ਸਤਿਗੁਰੂ ਜੀ ਨੂੰ ਦਸਤਾਰ ਬੱਧੀ, ਗੁਰੂ ਗਦੀ ਤੇ ਬਿਰਾਜਮਾਨ ਤੱਕਿਆ, ਪਰ ਉਨਾਂ ਦਾ ਮਨ ਨਾ ਮੰਨਿਆ। ਗੁਰੂ-ਗੱਦੀ ਤੇ ਬੈਠੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਉਨ੍ਹਾਂ ਦੇ ਦਿਲ ਦੇ ਆਸਣ 'ਤੇ ਸੁਸ਼ੋਭਿਤ ਸਨ।

ਭਾਵੇਂ ਸਚਾਈ ਨੂੰ ਝੁਠਲਾਇਆ ਨਹੀਂ ਸੀ ਜਾ ਸਕਦਾ ਪਰ ਸੰਤ ਕੰਧਾਰਾ ਸਿੰਘ ਜੀ ਆਪਣੇ ਦਿਲ ਦਾ ਕੀ ਕਰਨ? ਬੇਚੈਨੀ ਉਨ੍ਹਾਂ ਦਾ ਪਿੱਛਾ ਨਹੀਂ ਸੀ ਛੱਡ ਰਹੀ....ਮਨ ਵਿਚ ਵਾਰ ਵਾਰ ਸ਼ੰਕਾ ਉਪਜਦੀ ਸੀ। ਪ੍ਰਭੂ ਦੇ ਭਗਤ, ਰੂਹਾਨੀਅਤ ਦੀ ਮੰਜ਼ਲ ਤੇ ਅਪੜਨ ਲਈ ਆਪਣੇ ਗੁਰੂ ਦੇ ਸਰੂਪ ਨਾਲ ਇਕ ਆਮ ਵਿਅਕਤੀਗਤ ਨਾਤਾ ਜੋੜ ਲੈਂਦੇ ਹਨ ਤੇ ਫਿਰ ਉਹ ਉਸੇ ਸਰੂਪ ਵਿਚੋਂ, ਉਸ ਪ੍ਰਮਾਤਮਾ ਦੇ ਦਰਸ਼ਨ ਕਰਕੇ, ਪਰਮ ਅਨੰਦ ਵਿਚ ਗੜੁੱਚ ਰਹਿੰਦੇ ਹਨ। ਉਸ ਨੂੰ ਉਸੇ ਵਿਚੋਂ ਹੀ ਭਗਵਾਨ ਨਜ਼ਰ ਆਉਂਦਾ ਹੈ, ਹੋਰ ਕੋਈ ਉਸ ਨੂੰ ਭਾਉਂਦਾ ਨਹੀਂ। ਇਹ ਸਰੂਪ ਨਾਲ ਆਸ਼ਕੀ ਹੈ। ਸਾਰੀ ਸ਼ਰਧਾ, ਸਾਰੀ ਭਾਵਨਾ ਉਸੇ ਸਰੂਪ ਪ੍ਰਤੀ ਹੁੰਦੀ ਹੈ।

ਧੰਨੇ ਭਗਤ ਨੂੰ ਪੱਥਰ ਵਿਚੋਂ ਹੀ ਰੱਬ ਨਜ਼ਰ ਆਉਂਦਾ ਸੀ, ਹਨੂੰਮਾਨ ਜੀ, ਸ੍ਰੀ ਰਾਮ ਚੰਦਰ ਭਗਵਾਨ ਦੇ ਭਗਤ ਸਨ, ਉਨ੍ਹਾਂ ਦਾ ਸਿਰ ਸਿਰਫ ਭਗਵਾਨ ਰਾਮ ਦੇ ਸਰੂਪ ਅੱਗੇ ਹੀ ਝੁਕਦਾ ਸੀ।

ਰਾਮਾਇਣ ਦੇ ਰਚੇਤਾ, ਤੁਲਸੀਦਾਸ ਜੀ, ਭਗਵਾਨ ਰਾਮ ਦੇ ਭਗਤ ਸਨ। ਉਹ ਇਕ ਵਾਰ ਬ੍ਰਿਜਧਾਮ ਦੀ ਯਾਤਰਾ ਕਰਨ ਚਲੇ ਗਏ। ਭਗਵਾਨ ਕ੍ਰਿਸ਼ਨ ਦੇ ਮੰਦਰ ਵਿਚ, ਸਭ ਯਾਤਰੀਆਂ ਨੇ ਸਿਰ ਝੁਕਾ ਕੇ ਮੱਥਾ ਟੇਕਿਆ ਪਰ ਰਾਮਭਗਤ ਤੁਲਸੀਦਾਸ ਜੀ ਨੇ ਮੱਥਾ ਨਾ ਟੇਕਿਆ। ਮੰਦਰ ਦੇ

**'ਗਰੀਬ ਨਿਵਾਜ' ਵਾਲੇ ਆਰਟੀਕਲ 'ਚ ਬਾਕੀ**

# ਸਤਿਗੁਰੁ ਵਡਾ ਕਰਿ ਸਾਲਾਹੀਐ

**ਰਜਿੰਦਰ ਕੌਰ ਪੰਨੂ**

ਮੈਂ ਆਪਣੇ ਆਪ ਨੂੰ ਬੜਾ ਖੁਸ਼ ਕਿਸਮਤ ਸਮਝਦੀ ਹਾਂ, ਕਿਉਂਕਿ ਆਪਣੀ ਹੋਸ਼ ਸਾਂਭਣ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਉਹਲਾ ਕਰਨ ਤੱਕ, ਅਣਗਿਣਤ ਮੌਕੇ, ਬੇਸ਼ੁਮਾਰ ਬਚਨ, ਅਥਾਹ ਪਿਆਰ ਦੁਲਾਰ ਅਤੇ ਹੋਰ ਅਨੇਕਾਂ ਪ੍ਰਤੱਖ- ਅਪ੍ਰਤੱਖ ਰੌਚਿਕ ਕਲੋਲਾਂ ਕਰਾਮਾਤਾਂ ਜੋ ਸਤਿਗੁਰੂ ਜੀ ਨੇ ਮੈਨੂੰ ਬਖਸ਼ੀਆਂ ਹਨ। ਜਿੰਨ੍ਹਾਂ ਵਿੱਚੋਂ ਕੁਝ ਕੁ ਦਾ ਵਰਣਨ ਇਸ ਪ੍ਰਕਾਰ ਹੈ।

ਜਦੋਂ ਸ੍ਰੀ ਭੈਣੀ ਸਾਹਿਬ ਮਾਤਾ ਜੀ ਵਾਲੀ ਕੋਠੀ ਵਿੱਚ ਪਹਿਲਾ ਲੈਂਡਲਾਈਨ ਫੋਨ ਲੱਗਿਆ ਤਾਂ, ਸਭ ਤੋਂ ਪਹਿਲਾ ਫੋਨ ਸਤਿਗੁਰੂ ਜੀ ਨੇ ਮੈਨੂੰ ਹੀ ਕੀਤਾ ਸੀ। ਇੱਕ ਤਾਂ ਫੋਨ ਦਾ ਸੈੱਟ ਚੈੱਕ ਕਰਨਾ ਸੀ, ਦੂਜਾ ਮੇਰੇ ਪਿਤਾ ਜੀ ਨੇ ਹੀ ਉਹ ਸੈੱਟ ਸੱਚੇ ਪਾਤਸ਼ਾਹ ਜੀ ਨੂੰ ਭੇਟ ਕੀਤਾ ਸੀ। (ਕਿਉਂਕਿ ਮੇਰੇ ਪਿਤਾ ਜੀ ਉਦੋਂ ਟੈਲੀਫੋਨ ਮਹਿਕਮੇ ਵਿੱਚ ਜੇ.ਟੀ.ਓ. ਸਨ, ਹਰਦੇਵ ਸਿੰਘ ਟੈਲੀਫੋਨ ਵਾਲੇ) ਉਸ ਤੋਂ ਬਾਅਦ ਸ਼ਾਇਦ ਹੀ ਕੋਈ ਸਵੇਰ ਲੰਘੀ ਹੋਵੇਗੀ ਜਦੋਂ ਸੱਚੇ ਪਾਤਸ਼ਾਹ ਜੀ ਦਾ ਫੋਨ ਨਾ ਆਇਆ ਹੋਵੇ। ਸਵੇਰੇ ਢਾਈ ਤੋਂ ਤਿੰਨ ਦੇ ਵਿਚਕਾਰ ਫੋਨ ਕਰਕੇ "ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ 'ਜਾਂ' ਰਾਮਦਾਸਿ ਸਰੋਵਰ ਨਾਤੇ" ਤੁਕ ਬੋਲਕੇ ਫੋਨ ਬੰਦ ਕਰ ਦੇਣਾ। ਅਸੀਂ ਸਾਰੇ ਪਰਿਵਾਰ ਨੇ ਉੱਠ ਕੇ ਇਸ਼ਨਾਨ ਕਰਕੇ ਨਾਮ ਸਿਮਰਨ ਕਰਨਾ।

ਇੱਕ ਵਾਰ ਮੈਂ ਆਪਣੇ ਪਰਿਵਾਰ ਨਾਲ ਤਿੰਨ ਚਾਰ ਦਿਨਾਂ ਵਾਸਤੇ ਭੈਣੀ ਸਾਹਿਬ ਆਈ ਹੋਈ ਸੀ, ਜਿਸ ਦਿਨ ਮੈਂ ਵਾਪਸ ਲੁਧਿਆਣੇ ਜਾਣਾ ਸੀ, ਉਸ ਤੋਂ ਅਗਲੇ ਦਿਨ ਹੀ ਸੱਚੇ ਪਾਤਸ਼ਾਹ ਨੇ ਵੀ ਦੁਬਈ ਜਾਣਾ ਸੀ। ਦੁਪਹਿਰ ਦੇ ਨਿਤਨੇਮ ਤੋਂ ਬਾਅਦ ਵਾਪਸ ਲੁਧਿਆਣੇ ਜਾਣ ਲਈ ਮੈਂ ਮੇਰੇ ਮੰਮੀ ਮੇਰਾ ਭਰਾ ਤੇ ਭੈਣ ਅਸੀਂ ਕੋਠੀ ਮੱਥਾ ਟੇਕਣ ਗਏ ਤਾਂ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਪੁਛਿਆ, "ਸਕੂਲੋਂ ਪੜ੍ਹਕੇ ਘਰ ਕਿੰਨੇ ਵਜੇ ਆ ਜਾਂਦੀ ਏ,ਰਾਜਿੰਦਰ?"ਮੈਂ ਕਿਹਾ, "ਜੀ ਤਿੰਨ ਕੁ ਵਜੇ" ਅੱਗੋਂ ਪਾਤਸ਼ਾਹ ਜੀ ਨੇ ਫਿਰ ਪੁੱਛਿਆ, "ਜੇ ਮੈਂ ਬਾਹਰੋਂ ਕਿਤੋਂ ਤੈਨੂੰ ਫੋਨ ਕਰਾਂ, ਤਾਂ ਤੇਰੀ ਮੰਮੀ ਮੇਰੇ ਨਾਲ ਤੇਰੀ ਗੱਲ ਕਰਵਾ ਦੇਵੇਗੀ?" ਮੈਂ ਅਰਜ਼ ਕੀਤੀ ਜ਼ਰੂਰ ਕਰਵਾਉਣਗੇ। ਗਰੀਬ ਨਿਵਾਜ ਅਸੀਂ ਸਾਰੇ ਮੱਥਾ ਟੇਕ ਲੁਧਿਆਣੇ ਆ ਗਏ। ਹਫਤੇ ਕੁ ਬਾਅਦ, ਮੈਂ ਕਾਲਜ ਤੋਂ ਘਰ ਪਹੁੰਚ ਅਜੇ ਕਿਤਾਬਾਂ ਹੀ ਰੱਖ ਰਹੀ ਸੀ ਕਿ ਫੋਨ ਦੀ ਘੰਟੀ ਵੱਜੀ। ਮੈਂ ਭੱਜ ਕੇ ਫੋਨ ਚੁੱਕਿਆ ਤਾਂ ਅੱਗੋਂ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰ ਰਹੇ ਸਨ। ਮੈਨੂੰ ਪਹਿਲਾ ਸਵਾਲ ਇਹੀ ਕੀਤਾ, "ਰਾਜਿੰਦਰ ਕਾਲਜ ਤੋਂ ਕਦੋਂ ਆਈ?" ਮੈਂ ਕਿਹਾ, "ਜੀ ਬੱਸ ਅੰਦਰ ਹੀ ਆਈ ਸੀ ਕਿ ਆਪ ਜੀ ਦਾ ਫੋਨ ਆ ਗਿਆ। ਨਾਲ ਹੀ ਦੂਸਰਾ ਸਵਾਲ ਮੈਨੂੰ ਫਿਰ ਕੀਤਾ, "ਟਾਈਮ ਕਿੰਨਾ ਹੋਇਆ ਹੈ?" ਮੈਂ ਕਿਹਾ, "ਜੀ ਤਿੰਨ ਵੱਜੇ ਹਨ" ਅਤੇ ਅੱਗੋਂ ਬੜਾ ਹੱਸਕੇ ਬਚਨ ਕੀਤਾ, "ਮੈਂ ਲੇਟ ਤਾਂ ਨਹੀਂ ਹੋਇਆ?" ਮੈਂ ਵੀ ਬਹੁਤ ਖੁਸ਼ੀ 'ਚ ਕਿਹਾ, "ਜੀ ਨਹੀਂ ਜੀ" ਆਪ ਜੀ ਤਾਂ ਟਾਈਮ ਦੇ ਬੜੇ ਪੱਕੇ ਹੋ। ਅੱਗੋਂ ਸੱਚੇ ਪਾਤਸ਼ਾਹ ਜੀ ਨੇ ਫੇਰ ਬਚਨ ਕੀਤਾ, "ਮੈਨੂੰ ਪੁਛੇਂਗੀ ਨਹੀਂ ਮੈਂ ਕਿੱਥੋਂ ਬੋਲ ਰਿਹਾ ਹਾਂ? ਮੈਂ ਕਿਹਾ "ਜੀ ਪੁੱਛਣ ਹੀ ਲੱਗੀ ਸੀ, ਮੈਨੂੰ ਖੁਸ਼ੀ ਵਿੱਚ ਕੁਝ ਸੁੱਝ ਨਹੀਂ ਰਿਹਾ" ਆਪੇ ਹੀ ਫੇਰ ਬਚਨ ਕੀਤਾ: "ਮੈਂ ਦੁਬਈ ਤੋਂ ਬੋਲ ਰਿਹਾ ਹਾਂ,ਕਾਰ ਚੱਲ ਰਹੀ ਹੈ,ਬਾਹਰ ਮੀਂਹ ਪੈ ਰਿਹਾ ਹੈ। ਮੈਂ ਸੋਚਿਆ ਕਿ ਤਿੰਨ ਵੱਜ ਗਏ ਹਨ। ਤੂੰ ਪੜ੍ਹਕੇ ਆ ਗਈ ਹੋਵੇਂਗੀ। ਏਨਾ ਆਖ ਨਾਲ ਹੀ, "ਸਤਿ ਸ੍ਰੀ ਅਕਾਲ ਰਜਿੰਦਰ" ਕਹਿ ਫੋਨ ਬੰਦ ਕਰ ਦਿੱਤਾ। ਪਰ ਮੈਨੂੰ ਅੱਜ ਵੀ ਉਡੀਕ ਹੈ ਕਿਤੇ ਉਸੇ ਤਰ੍ਹਾਂ ਹੁਣ ਵੀ ਫੋਨ ਆ ਜਾਵੇ।

7 ਨਵੰਬਰ 1999 ਨੂੰ ਮੇਰੇ ਘਰ ਬੇਟੀ ਨੇ ਜਨਮ ਲਿਆ। ਮੇਰਾ ਵੱਡਾ ਆਪ੍ਰੇਸ਼ਨ ਹੋਇਆ ਸੀ। ਜਨਮ ਹੁੰਦਿਆਂ ਹੀ ਬੱਚੀ ਦੀ ਹਾਲਤ ਸਥਿਰ ਨਹੀਂ ਸੀ। ਡਾਕਟਰਾਂ ਨੇ ਕਿਹਾ, ਬੱਚੀ ਦੇ ਅੰਦਰ ਇਨਫੈਕਸ਼ਨ ਫੈਲ ਗਈ ਹੈ। ਬੱਚੀ ਆਈ.ਸੀ.ਯੂ. ਵਿੱਚ ਸੀ। ਬੱਚੀ ਦੀ ਹਾਲਤ ਦਿਨੋ ਦਿਨ ਖਰਾਬ ਹੋ ਰਹੀ ਸੀ। ਸਾਰਾ ਖਰਚਾ ਸੱਚੇ ਪਾਤਸ਼ਾਹ ਜੀ ਵੱਲੋਂ ਹੋ ਰਿਹਾ ਸੀ। ਭਾਵੇਂ ਪਾਤਸ਼ਾਹ ਜੀ ਬਾਰ-ਬਾਰ ਹਾਲਾਤ ਬਾਰੇ ਜਾਣਕਾਰੀ ਲੈ ਰਹੇ ਸਨ। ਪਰ ਫੇਰ ਵੀ ਤਸੱਲੀ ਨਾ ਹੋਵੇ। ਜਦੋਂ 20-22 ਦਿਨ ਹੋ ਗਏ ਤਾਂ ਮੇਰੇ ਸੰਤਾਂ ਨੇ ਸੱਚੇ ਪਾਤਸ਼ਾਹ ਜੀ ਨੂੰ ਫੋਨ ਤੇ ਹੀ ਅਰਜ਼ ਕੀਤੀ। "ਸੱਚੇ ਪਾਤਸ਼ਾਹ ਜੀ ਕਿਰਪਾ ਕਰੋ ਜਾਂ ਤਾਂ ਬੱਚੀ ਠੀਕ ਹੋ ਜਾਵੇ ਨਹੀਂ ਤਾਂ ਬੇਸ਼ੱਕ ਕਿਰਪਾ ਹੀ ਕਰ ਦੇਵੋ" ਕਿਉਂਕਿ ਹੁਣ ਤੱਕ ਸੱਠ ਹਜਾਰ ਦਾ ਬਿੱਲ ਆ ਚੁੱਕਾ ਹੈ। ਸੱਚੇ ਪਾਤਸ਼ਾਹ ਜੀ ਅੱਗੋਂ ਬੜੀ ਹੀ ਸਹਿਜਤਾ ਨਾਲ ਹੌਂਸਲਾ ਦੇਂਦਿਆ ਬਚਨ ਕੀਤਾ, "ਭਾਵੇਂ ਸੱਠ ਲੱਖ ਲੱਗ ਜਾਵੇ

ਮੈਂ ਦੇਣਾ ਹੈ। ਤੂੰ ਕਿਉਂ ਘਬਰਾਉਂਦਾ ਹੈ?ਕੋਈ ਨਾ ਗੁੱਡੀ ਠੀਕ ਹੋ ਜਾਵੇਗੀ।" ਏਧਰ ਸੱਚੇ ਪਾਤਸ਼ਾਹ ਜੀ ਦੇ ਬਚਨ ਕਰਨ ਦੀ ਦੇਰ ਸੀ ਹਾਲਤ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ ਤੇ ਬਾਰਾਂ ਦਿਨਾਂ ਬਾਅਦ ਡਾਕਟਰ ਨੇ ਛੁੱਟੀ ਦੇ ਘਰ ਤੋਰ ਦਿੱਤਾ। ਅੱਜ ਉਹੀ ਬੱਚੀ ਨੌਂ ਬਰ-ਨੌਂ ਹੈ ਤੇ ਐਮ.ਐਸ.ਸੀ. ਬਾਇਉ ਟੈੱਕ ਕਰ ਰਹੀ ਹੈ।

ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੰਮਦੀਆਂ ਕੁੜੀਆਂ ਨੂੰ ਕੇਵਲ ਮਰਨੋਂ ਹੀ ਨਹੀਂ ਬਚਾਇਆ ਸਗੋਂ ਉਹਨਾਂ ਲਈ ਗੁਰਮੁਖੀ ਸਿੱਖਲਾਈ ਵਾਸਤੇ ਵੀ ਬਹੁਤ ਜ਼ੋਰ ਦਿੱਤਾ। ਜਿਸਦਾ ਸਬੂਤ ਰੰਗੂਨ ਤੋਂ ਲਿਖੇ ਹੁਕਮਨਾਮਿਆਂ ਵਿੱਚ ਪ੍ਰਤੱਖ ਮਿਲਦਾ ਹੈ। ਕੁੜੀਆਂ ਦੇ ਬਾਲ ਵਿਆਹ ਕਰਨ ਤੇ ਪਾਬੰਦੀ ਹੀ ਨਹੀਂ ਲਾਈ ਸਗੋਂ ਪਤੀ ਦੀ ਮੌਤ ਉਪਰੰਤ ਸਤੀ ਪ੍ਰਥਾ ਨੂੰ ਬੰਦ ਕੀਤਾ। ਉਸਤੋਂ ਅਗਲਾ ਕੰਮ ਜੋ ਬਹੁਤ ਮਹੱਤਵਪੂਰਨ ਸੀ, ਜਵਾਨ ਵਿਧਵਾਵਾਂ ਦਾ ਪੁਨਰ-ਵਿਆਹ ਕਰਨਾ ਤਾਂ ਜੋ ਉਹ ਵੀ ਬਾਕੀ ਸੁਹਾਗਣਾ ਦੀ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਤੇ ਸਥਾਪਿਤ ਕਰ ਸੱਕਣ ਤਾਂ ਹੀ ਤਾਂ ਇਸਤ੍ਰੀਆਂ ਦੇ ਸੱਭ ਤੋਂ ਵੱਡੇ ਮੁਕਤੀ ਦਾਤਾ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਮੰਨਿਆ ਜਾਂਦਾ ਹੈ।

ਉਸੇ ਕੜੀ ਨੂੰ ਅਗਾਂਹ ਤੋਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਨਹੀਂ ਬਲਕਿ ਅਣਗਿਣਤ ਵਿਧਵਾ-ਵਿਆਹ ਕੀਤੇ,ਜਿਨ੍ਹਾਂ ਵਿੱਚੋਂ ਮੈਂ ਆਪਣਾ ਜ਼ਿਕਰ ਕਰਨਾ ਜਰੂਰੀ ਸਮਝਦੀ ਹਾਂ।ਮੈਂ ਵੀ ਜਦੋਂ 24 ਸਾਲ ਦੀ ਭਰ ਜਵਾਨੀ ਦੀ ਉਮਰੇ ਵਿਧਵਾ ਹੋ ਗਈ ਸੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਬੜੇ ਚਹੇਤੇ ਸਿੱਖ ਨੌਜਵਾਨ ਸ:ਜਗਦੀਸ਼ ਸਿੰਘ (ਜੋ ਕਿ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਸਨ) ਨਾਲ ਮੇਰਾ ਵਿਆਹ ਕਰ ਦਿੱਤਾ। ਵਿਆਹ ਤੋਂ ਇਕ ਸ਼ਾਮ ਪਹਿਲਾਂ ਮੇਰੇ ਪਤੀ ਸ: ਜਗਦੀਸ਼ ਸਿੰਘ ਜੀ ਨੂੰ ਸੱਚੇ ਪਾਤਸ਼ਾਹ ਜੀ ਨੇ ਪ੍ਰਤਾਪ ਮੰਦਰ ਵਿਖੇ ਬੈਡਮਿੰਟਨ ਖੇਡਦੇ ਸਮੇਂ ਬਾਕੀ ਸਿੱਖਾਂ ਸੇਵਕਾਂ ਤੋਂ ਪਰ੍ਹੇ ਲਿਜਾ ਕੇ ਆਪ ਕੁਰਸੀ ਉਪਰ ਬੈਠ ਗਏ ਅਤੇ ਜਗਦੀਸ਼ ਜੀ ਨੂੰ ਆਪਣੇ ਚਰਨਾਂ 'ਚ ਬਿਠਾਕੇ ਬੜੇ ਪਿਆਰ ਨਾਲ ਪੁੱਛਿਆ, "ਤੂੰ ਮੇਰੀਆਂ ਖੁਸ਼ੀਆਂ ਲੈਣੀਆਂ ਨੇ?" ਅੱਗੋਂ ਜਗਦੀਸ਼ ਜੀ ਨੇ ਹੱਥ ਜੋੜ ਜਵਾਬ ਦਿੱਤਾ, "ਸੱਚੇ ਪਾਤਸ਼ਾਹ ਜੀ ਦੁਨੀਆਂ ਤਾਂ ਆਪ ਜੀ ਦੀ ਇਕ ਖੁਸ਼ੀ ਨੂੰ ਤਰਸਦੀ ਹੈ ਅਤੇ ਮੈਨੂੰ ਆਪ ਜੀ ਖੁਸ਼ੀਆਂ ਦੇ ਰਹੇ ਹੋ।ਮੈਨੂੰ ਹੋਰ ਕੀ ਚਾਹੀਦਾ? ਸੱਚੇ ਪਾਤਸ਼ਾਹ ਜੀ ਬਚਨ ਕੀਤਾ, "ਜੇ ਮੈਂ ਤੈਨੂੰ ਕਹਾ ਕਿ ਮੈਂ ਹੁਣੇ ਹੀ,ਅਭੀ,ਏਥੇ ਹੀ ਤੇਰਾ ਵਿਆਹ ਕਰਨਾ ਹੈ ਤਾਂ ਤੂੰ ਕਰਵਾਏਂਗਾ?" ਜਗਦੀਸ਼ ਜੀ ਨੇ ਵੀ ਅੱਗੋਂ ਹੱਸਦਿਆਂ ਕਹਿ ਦਿੱਤਾ, "ਮੈਂ ਤਾਂ ਜੀ ਪਜਾਮਾ ਹੀ ਲਾਹੁਣਾ ਹੈ" ਸੱਚੇ ਪਾਤਸ਼ਾਹ ਜੀ ਨੇ ਵੀ ਅੱਗੋਂ ਹੱਸਕੇ ਬਚਨ ਕੀਤਾ, "ਚੰਗਾ ਜਾਹ ਫੇਰ ਸਵੇਰੇ ਪਜਾਮਾ ਲਾਹ ਕੇ ਆ ਜਾਵੀਂ (ਨੋਟ: ਕਿਉਂਕਿ ਗੁਰ ਮਰਿਯਾਦਾ ਅਨੁਸਾਰ ਨਾਮਧਾਰੀ ਸਿੱਖਾਂ ਵਿੱਚ ਅਨੰਦ ਕਾਰਜ ਸਮੇਂ ਕਛਿਹਰਾ ਹੀ ਪਾਇਆ ਜਾਂਦਾ ਹੈ, ਪਜਾਮ ਪਾ ਕੇ ਫੇਰੇ ਨਹੀਂ ਹੁੰਦੇ।)।"

ਅਗਲੇ ਦਿਨ ਜਦੋਂ ਸਾਡੀਆਂ ਲਾਂਵਾ ਹੋ ਕੇ ਹਟੀਆਂ ਤਾਂ ਅਰਦਾਸ ਤੋਂ ਬਾਦ ਜਿਉਂ ਹੀ ਅਸੀਂ ਦੋਵਾਂ ਨੇ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਿਆ ਤਾਂ ਨਾਲ ਹੀ ਸਤਿਗੁਰੂ ਜੀ ਆਪਣੇ ਆਸਣ ਉੱਤੇ ਖਲੋਤਿਆਂ ਹੀ ਮੇਰੇ ਪਤੀ ਨੂੰ ਘੁੱਟਕੇ ਜੱਫੀ ਵਿੱਚ ਲੈਂਦਿਆਂ ਬਚਨ ਕੀਤਾ, "ਤੂੰ ਖੁਸ਼ ਏਂ?"ਨਾਲ ਹੀ ਦੂਜਾ ਬਚਨ ਕਰ ਦਿੱਤਾ, "ਮੈਂ ਤਾਂ ਅੱਜ ਬਹੁਤ ਖੁਸ਼ ਹਾਂ।"

ਨਾਲ ਹੀ ਸਤਿਗੁਰੂ ਜੀ ਨੇ ਸਾਨੂੰ ਚੰਡੀ ਦੀ ਵਾਰ ਦੇ ਪਾਠ ਦੇ ਭੋਗ ਤੋਂ ਬਾਦ ਕੋਠੀ ਆਪਣੇ ਕਮਰੇ ਵਿੱਚ ਬੁਲਾ ਲਿਆ। ਅੰਦਰ ਵੜਦਿਆਂ ਹੀ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਮੁਖਾਤਿਬ ਹੁੰਦਿਆਂ ਬਚਨ ਕੀਤਾ, "ਮੈਨੂੰ ਪਤਾ ਹੈ ਤੂੰ ਮੈਨੂੰ ਬਹੁਤ ਪਿਆਰ ਕਰਦੀ ਹੈ ਤੇ ਇਹ ਮੁੰਡਾ ਵੀ ਮੈਨੂੰ ਉਨਾਂ ਹੀ ਪਿਆਰ ਕਰਦਾ ਹੈ ਜਿੰਨ੍ਹਾਂ ਤੂੰ ਕਰਦੀ ਹੈ। ਮੈਨੂੰ ਇਸ ਤੋਂ ਵਧੀਆ ਮੁੰਡਾ ਤੇਰੇ ਲਈ ਹੋਰ ਨਹੀਂ ਲੱਭਿਆ। ਇਸ ਕਰਕੇ ਮੈਂ ਤੇਰਾ ਵਿਆਹ ਇਸ ਨਾਲ ਕੀਤਾ ਹੈ। ਹੁਣ ਤੁਸੀਂ ਦੋਵੇਂ ਹੀ ਮੈਨੂੰ ਬਹੁਤ ਪਿਆਰੇ ਲੱਗਦੇ ਹੋ।" ਇਹ ਆਖ ਨਾਲ ਹੀ ਸਾਨੂੰ ਗਲਵੱਕੜੀ ਵਿੱਚ ਲੈ ਲਿਆ।ਉਹ ਪਿਆਰ ਤੱਕਣੀ ਤੇ ਗਲਵੱਕੜੀ ਅੱਜ ਵੀ ਹਿਰਦੇ ਵਿੱਚ ਉਸੇ ਤਰ੍ਹਾਂ ਵੱਸੀ ਹੋਈ ਹੈ।

ਉਸੇ ਤਰ੍ਹਾਂ ਚਾਰ ਕੁ ਮਹੀਨੇ ਬਾਅਦ ਮੈਂ ਬਸੰਤ ਦੇ ਮੇਲੇ 'ਤੇ ਕਵਿਤਾ ਬੋਲੀ।ਉਸੇ ਸ਼ਾਮ ਸੱਚੇ ਪਾਤਸ਼ਾਹ ਜੀ ਪ੍ਰਸ਼ਾਦਾ ਛੱਕ ਰਹੇ ਸਨ। ਮੈਂ,ਮੇਰੇ ਪਤੀ, ਮਾਤਾ ਜੀ, ਸੇਵਕ ਰਛਪਾਲ ਜੀ ਅਤੇ ਹੋਰ ਦੋ ਤਿੰਨ ਸਿੱਖ ਬੈਠੇ ਹੋਏ ਸਨ। ਸਤਿਗੁਰੂ ਜੀ ਨੇ ਮੇਰੇ ਪਤੀ ਨੂੰ ਨੇੜੇ ਬੁਲਾ ਕੇ ਬਚਨ ਕੀਤਾ, "ਅੱਜ ਰਾਜਿੰਦਰ ਦੀ ਕਵਿਤਾ ਬਹੁਤ ਪਸੰਦ ਕੀਤੀ ਸੰਗਤ ਨੇ" ਮੇਰੇ ਸੰਤਾਂ ਨੂੰ ਖੁਸ਼ ਹੋ ਕੇ ਪੁੱਛਿਆ, "ਸੱਚੇ ਪਾਤਸ਼ਾਹ ਜੀ ਆਪ ਜੀ ਨੂੰ ਨਹੀਂ ਪਸੰਦ ਆਈ ਕਵਿਤਾ?" ਤਾਂ ਸਤਿਗੁਰੂ ਜੀ ਨੇ ਅੱਗੋਂ ਮੁਸਕਰਾ ਕੇ ਬਚਨ ਕੀਤਾ, "ਮੈਨੂੰ ਕਵਿਤਾ ਨਾਲੋਂ ਵੀ ਜ਼ਿਆਦਾ ਚੰਗੇ ਤੁਸੀਂ ਦੋਵੇਂ ਲੱਗਦੇ ਹੋ।" ਹੁਣ ਵੀ ਜਦੋਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅੱਗੇ ਖੜ੍ਹੀ ਹੋਵਾਂ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਪੁੱਛ ਰਹੇ ਹੋਣ, "ਮੇਰੀਆਂ ਖੁਸ਼ੀਆਂ ਲੈਣੀਆਂ ਨੇ?" ਜਾਂ ਦੱਸ ਰਹੇ ਹੋਣ "ਤੁਸੀਂ ਦੋਵੇਂ ਮੈਨੂੰ ਬਹੁਤ ਚੰਗੇ ਲੱਗਦੇ ਹੋ।"

# ਗਰੀਬ ਨਿਵਾਜੁ ਗੁਸਈਆ ਮੇਰਾ......

## (ਬੀਬੀ ਸੁਖਵਿੰਦਰ ਕੌਰ 'ਭੁਰਜੀ' ਦੀ ਜ਼ਬਾਨੀ)

ਹਰਪਾਲ ਸਿੰਘ 'ਸੇਵਕ'

ਮੰਡੀ (ਹਿਮਾਚਲ ਪ੍ਰਦੇਸ) ਦੇ ਸੰਤ ਪ੍ਰੀਤਮ ਸਿੰਘ ਅਤੇ ਬੀਬੀ ਹਰਬੰਸ ਕੌਰ ਸੋਧਣ ਦੀ ਸਪੁੱਤ੍ਰੀ ਬੀਬੀ ਸੁਖਵਿੰਦਰ ਕੌਰ ਸੁਪਤਨੀ ਸ੍ਰ. ਭੁਪਿੰਦਰ ਸਿੰਘ ਭੁਰਜੀ- ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਦਾ ਗੁਣ ਗਾਇਨ ਕਰਦਿਆਂ ਸ਼ਰਧਾ ਅਤੇ ਪ੍ਰੇਮ ਰਸ-ਪਰੁੱਚੇ ਸ਼ਬਦਾਂ ਵਿੱਚ ਬਿਆਨ ਕਰਦੇ ਹਨ- ਰਿਕਾਰਡ ਵਾਰਤਾਲਾਪ ਦਾ ਲਿਖਤੀ ਰੂਪ ਵਿੱਚ ਪਾਠਕਾਂ ਦੇ ਰੂਬਰੂ ਹੈ)- ਸੰਪਾਦਕ

"ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਤਾਂ ਸਾਡੇ ਲਈ ਭਗਵਾਨ ਕ੍ਰਿਸ਼ਨ ਹਨ ਅਤੇ ਅਸੀਂ ਉਨ੍ਹਾਂ ਦੇ ਸੁਦਾਮੇ। ਜਿਵੇਂ ਭਗਵਾਨ ਨੇ ਆਪਣੇ ਭਗਤ ਸੁਦਾਮੇ ਦਾ ਦਲਿੱਦਰ ਕੱਟਿਆ, ਗਰੀਬੀ ਕੱਟ ਦਿੱਤੀ, ਮਹਿਲ ਬਣਾ ਦਿੱਤੇ, ਇਸੇ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਡੇ ਜਨਮਾਂ-ਜਨਮਾਂਤਰਾਂ ਦੇ ਮਾੜੇ ਕਰਮ ਕੱਟ ਕੇ, ਏਥੇ ਨਿਊਯਾਰਕ ਵਿੱਚ ਵੀ ਮਹਿਲ ਖੜ੍ਹੇ ਕਰ ਦਿੱਤੇ ਅਤੇ ਦਿੱਲੀ ਵਿੱਚ ਵੀ। ਇੱਕ ਮਕਾਨ ਨੂੰ ਤਰਸਦੇ ਸਾਂ, ਦੋ ਬਣ ਗਏ। ਧੰਨ ਹਨ ਸਾਡੇ ਸਤਿਗੁਰੂ ਸੱਚੇ ਪਾਤਸ਼ਾਹ, ਦੁਨਿਆਵੀ ਸੁਖ ਵੀ ਬਖਸ਼ੇ ਅਤੇ ਸਿੱਖੀ ਵੀ ਬਖਸ਼ੀ। ਮੈਂ ਸੱਚੇ ਪਾਤਸ਼ਾਹ ਜੀ ਦਾ ਦੇਣ ਨਹੀਂ ਦੇ ਸਕਦੀ। ਮੈਂ ਤਾਂ ਅਰਦਾਸ ਕਰਦੀ ਹਾਂ ਕਿ ਜਦੋਂ ਵੀ ਜਨਮ ਲਵਾਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੂੰ ਹੀ ਧਿਆਵਾਂ, ਉਸੇ ਦੇ ਗੁਣ ਗਾਵਾਂ। 'ਤੇਰੇ ਗੁਣ ਗਾਵਾ ਦੇਹਿ ਬੁਝਾਈ॥' ਇਸ ਤਰ੍ਹਾਂ ਵੈਰਾਗੀ ਹੋਈ ਬੀਬੀ ਸੁਖਵਿੰਦਰ ਸ਼ਰਧਾ, ਪ੍ਰੇਮ ਅਤੇ ਭਗਤੀ ਰਸ-ਪਰੁੱਚੇ ਸ਼ਬਦਾਂ 'ਚ ਗੁਰੂ ਜੱਸ ਕਰ ਰਹੀ ਸੀ।

ਬੀਬੀ ਜੀ! ਆਪਣੇ ਸਤਿਗੁਰੂ ਸੱਚੇ ਪਾਤਸ਼ਾਹ ਤਾਂ ਧੰਨ ਹੈਨ ਹੀ, ਉਹ ਸਿੱਖ ਵੀ ਧੰਨ ਹੁੰਦੇ ਹਨ, ਜਿਨ੍ਹਾਂ ਦੇ ਹਿਰਦੇ ਵਿੱਚ ਸਤਿਗੁਰੂ ਵੱਸਦਾ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੂੰ ਤਾਂ ਚਾਅ ਹੁੰਦਾ ਹੈ ਦਾਤਾਂ ਵੰਡਣ ਦਾ ਪਰ ਸਾਨੂੰ ਹੀ ਕਈ ਵੇਰ ਝੋਲੀ ਫੈਲਾਉਣੀ ਨਹੀਂ ਆਉਂਦੀ, ਮੰਗ ਮੰਗਣੀ ਨਹੀਂ ਆਉਂਦੀ, ਕੋਈ ਤਕਲੀਫ ਆ ਜਾਵੇ ਤਾਂ ਕਈ ਵੇਰ ਸਾਡਾ ਸਿਦਕ ਡੋਲ ਜਾਂਦਾ ਹੈ, ਔਖੇ ਸਮੇਂ ਵੀ ਸਿਦਕ ਕਾਇਮ ਰਹੇ ਤਾਂ ਫੇਰ ਕੋਈ ਘਾਟਾ ਨਹੀਂ ਰਹਿੰਦਾ- ਤੁਸੀਂ ਦੱਸੋ, ਤੁਹਾਡੇ ਤੇ ਕਿਵੇਂ ਕਿਰਪਾ ਹੋਈ? ਕਿਸ ਤਰ੍ਹਾਂ ਤੁਸੀਂ ਬਖਸ਼ਿਸ਼ ਦੇ ਪਾਤਰ ਬਣੇ? ਤੁਹਾਡਾ ਪਿਛੋਕੜ ਕਿੱਥੋਂ ਦਾ ਹੈ? ਪੇਕੇ ਕੌਣ ਹਨ? ਏਥੇ ਨਿਊਯਾਰਕ (ਅਮਰੀਕਾ) ਵਿੱਚ ਕਦੋਂ ਦੇ ਆਏ ਹੋ? ਇਸ ਤਰ੍ਹਾਂ ਦੇ ਕਿੰਨੇ ਸਾਰੇ ਸਵਾਲ ਮੈਂ ਬੀਬੀ ਸੁਖਵਿੰਦਰ ਨੂੰ ਇਕੱਠੇ ਹੀ ਕਰ ਦਿੱਤੇ। ਬੀਬੀ ਨੇ ਆਪਣੇ ਮਾਤਾ ਪਿਤਾ ਤੋਂ ਸ਼ੁਰੂ ਕਰਕੇ, ਵਿਆਹ ਹੋਣਾ, ਸਹੁਰੇ ਪਰਿਵਾਰ ਬਾਰੇ ਅਤੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਅਮਰੀਕਾ ਤੱਕ ਪਹੁੰਚਣ ਦੀ ਸਾਰੀ ਕਹਾਣੀ ਵਿਸਥਾਰ ਨਾਲ ਸੁਣਾਉਣੀ ਸ਼ੁਰੂ ਕੀਤੀ।

"ਮੇਰੇ ਪਿਤਾ ਸੰਤ ਪ੍ਰੀਤਮ ਸਿੰਘ ਜੀ, ਮਾਤਾ ਹਰਬੰਸ ਕੌਰ ਸੋਧਣ ਮੰਡੀ (ਹਿਮਾਚਲ) ਟਕਸਾਲੀ ਨਾਮਧਾਰੀ ਪਰਿਵਾਰ ਹਨ। ਮੇਰੇ ਮਾਤਾ ਪਿਤਾ ਤੇ ਵੱਡੇ ਪ੍ਰਤਾਪ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਵੱਡੀਆਂ ਬਖਸ਼ਿਸ਼ਾਂ ਸਨ ਜਦੋਂ ਤੋਂ ਅਸੀਂ ਭੈਣਾਂ ਭਰਾਵਾਂ ਨੇ ਹੋਸ਼ ਸੰਭਾਲੀ ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਬੇਅੰਤ ਪਿਆਰ ਮਾਣਿਆ। ਮੇਰੀ ਮਾਤਾ ਦੀ ਸੋਧ ਹੁੰਦੀ ਸੀ ਅਤੇ ਮੈਂ ਵੀ ਸੋਧ ਰੱਖਦੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਸੋਧਣ ਕੁੜੀ ਕਿਹਾ ਕਰਦੇ ਸੀ, ਬੜੀਆਂ ਖੁਸ਼ੀਆਂ ਬਖਸ਼ਣੀਆਂ। 1975 ਈ. ਵਿੱਚ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦਾ ਮਹਾਨ ਯੱਗ ਹੋ ਰਿਹਾ ਸੀ। ਪਾਠਾਂ ਦੇ ਯੱਗ ਵਿੱਚ ਮੰਡੀ ਦੀਆਂ ਹੋਰ ਬੀਬੀਆਂ ਦੇ ਨਾਲ ਮੈਂ ਵੀ ਸ੍ਰੀ ਭੈਣੀ ਸਾਹਿਬ ਆ ਗਈ। ਏਸੇ ਦੌਰਾਨ ਇੱਕ ਵੇਰ ਮੇਰੇ ਪਿਤਾ ਜੀ ਸ੍ਰੀ ਭੈਣੀ ਸਾਹਿਬ ਆਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਚਰਨ ਪਰਸੇ।

ਗਰੀਬ ਨਿਵਾਜ ਹੁਕਮ ਕੀਤਾ, "ਪ੍ਰੀਤਮ ਸਿਆਂ, ਤੇਰੀ ਸੋਧਣ ਗੁੱਡੀ ਦਾ ਅਨੰਦ ਕਾਰਜ ਕਰ ਦਈਏ?"

"ਜਿਵੇਂ ਰਜ਼ਾ ਸੱਚੇ ਪਾਤਸ਼ਾਹ. ਅਸੀਂ ਵੀ ਤੁਹਾਡੇ ਅਤੇ ਬੱਚੇ ਵੀ ਤੁਹਾਡੇ ਹੀ ਹਨ।"

"ਮੁੰਡਾ ਵੇਖਣਾ ਹੈ?"

"ਗਰੀਬ ਨਿਵਾਜ, ਆਪ ਜੀ ਨੇ ਵੇਖਿਆ ਹੈ, ਆਪ ਜੀ, ਮੇਰੇ ਨਾਲੋਂ ਚੰਗਾ ਹੀ ਕਰੋਗੇ।"

"ਫਿਰ ਕਦੋਂ ਵਿਆਹ ਕਰੀਏ?"

"ਇਹ ਤੇ ਆਪ ਜੀ ਦੀ ਰਜ਼ਾ ਹੈ, ਮੇਰੇ ਵੱਲੋਂ ਭਾਵੇਂ ਸਵੇਰੇ ਹੀ ਕਰ ਦਿਉ।"

ਸ਼ਾਬਾਸ਼! ਸ਼ਾਬਾਸ਼!! ਤੈਨੂੰ ਖੁਸ਼ੀਆਂ, ਤੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ।"

ਸਤਿਗੁਰੂ ਸੱਚੇ ਪਾਤਸ਼ਾਹ ਨੇ ਬਹੁਤ ਖੁਸ਼ੀਆਂ ਬਖਸ਼ੀਆਂ ਅਤੇ ਅਗਲੇ ਦਿਨ ਆਸਾ ਦੀ ਵਾਰ ਤੋਂ ਬਾਅਦ ਮੇਰਾ ਅਨੰਦ ਕਾਰਜ ਹੋ ਗਿਆ। ਮੇਰੇ ਵੱਡੇ ਭਾਗ ਹਨ ਕਿ ਮੇਰਾ ਪੇਕਾ ਅਤੇ ਸਹੁਰਾ ਪਰਿਵਾਰ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਵਿਸ਼ੇਸ਼ ਬਖਸ਼ਿਸ਼ਾਂ ਦੇ ਪਾਤਰ ਹਨ। ਮੇਰਾ ਅਨੰਦ ਕਾਰਜ ਸੰਤ ਭੁਪਿੰਦਰ ਸਿੰਘ ਭੁਰਜੀ ਨਾਲ ਹੋਇਆ। ਮੇਰੇ ਸਹੁਰਾ ਸਾਹਿਬ ਸੰਤ ਹੁਕਮ ਸਿੰਘ ਜੀ ਬੜੇ ਸਾਧੂ ਤੇ ਵਿਦਵਾਨ ਸਨ। ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੇ ਰਿਕਾਰਡ ਉਪਦੇਸ਼ ਵਿੱਚ ਵੀ ਉਨ੍ਹਾਂ ਬਾਰੇ ਜ਼ਿਕਰ ਹੈ, ਮੇਰੀ ਸੱਸ, ਮਾਤਾ ਜਸਵੰਤ ਕੌਰ।

ਅਸੀਂ ਅਲਪ ਬੁੱਧੀ ਜੂ ਹੋਏ। ਕਈ ਵੇਰ ਪਤਾ ਨਹੀਂ ਹੁੰਦਾ ਕਿ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਿਵੇਂ ਕਰਨੀ ਹੈ। ਮੈਂ ਅਨੰਦ ਕਾਰਜ ਤੋਂ ਬਾਅਦ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਅਰਜ ਕੀਤੀ, "ਗਰੀਬ ਨਿਵਾਜ, ਮੇਰੀ ਵੱਡੀ ਭੈਣ ਤੇ ਭਰਾ ਅਜੇ ਵਿਆਹੁਣ ਵਾਲੇ ਹਨ, ਮੈਂ ਤਾਂ ਆਪਣੀ ਭੈਣ ਅੱਗੇ ਕੰਡੇ ਬੀਜ ਦਿੱਤੇ ਹਨ।"

"ਇਸ ਤਰ੍ਹਾਂ ਨਹੀਂ ਆਖੀਦਾ। ਹਰ ਇੱਕ ਦਾ ਆਪੋ ਆਪਣਾ ਕਰਮ ਹੁੰਦਾ ਹੈ, ਉਨ੍ਹਾਂ ਦਾ ਵੀ ਅਨੰਦ ਛੇਤੀ ਹੋ ਜਾਏਗਾ ਅਤੇ ਤੈਨੂੰ ਜਿਸ ਚੀਜ਼ ਦੀ ਲੋੜ ਹੋਵੇ, ਕਦੇ ਵੀ ਆਪਣੇ ਮਾਪਿਆਂ ਤੋਂ ਨਹੀਂ ਮੰਗਣੀ, ਹੁਣ ਤੋਂ ਮੈਂ ਹੀ ਤੇਰੀ ਮਾਂ ਅਤੇ ਮੈਂ ਹੀ ਤੇਰਾ ਪਿਤਾ ਹਾਂ।"

ਸਤਿਗੁਰੂ ਸੱਚੇ ਪਾਤਸ਼ਾਹ ਮੇਰੀ ਅਰਜ਼ ਤੋਂ ਨਰਾਜ਼ ਨਾ ਹੋਏ, ਸਗੋਂ ਬੜੇ ਪਿਆਰ ਨਾਲ ਸਮਝਾਇਆ। ਫੇਰ ਐਸੀ ਬਿਧ ਬਣੀ ਕਿ ਮੇਰੀ ਉਸ ਭੈਣ ਦਾ ਰਿਸ਼ਤਾ ਵੀ ਮੇਰੇ ਰਾਹੀਂ ਹੀ ਹੋਇਆ।

ਸਤਿਗੁਰੂ ਸੱਚੇ ਪਤਾਸ਼ਾਹ ਕਿਰਪਾ ਕੀਤੀ ਪੁੱਤਰਾਂ ਦੀਆਂ ਦੋ ਜੋੜੀਆਂ ਬਖਸ਼ੀਆਂ-ਗੁਰਸੇਵ ਸਿੰਘ, ਗੁਰਪ੍ਰੀਤ ਸਿੰਘ ਲਾਲ ਜੀ, ਚਿਰੰਜੀਵ ਸਿੰਘ ਅਤੇ ਲਖਵੀਰ ਸਿੰਘ। ਚੰਗਾ ਸਮਾਂ ਬੀਤਦਾ ਗਿਆ। ਕੋਈ ਸਾਡਾ ਹੀ ਕਰਮ ਹੋਵੇਗਾ, ਘਰ ਵਿੱਚ ਗਰੀਬੀ ਆ ਗਈ, ਦਿੱਲੀ ਰਹਿੰਦੇ ਸਾਂ, ਸ਼ਹਿਰ ਵਿੱਚ ਖਰਚੇ ਵੀ ਬਹੁਤ ਹੁੰਦੇ ਹਨ। ਇਹ (ਭੁਰਜੀ ਜੀ) ਸਤਿਜੁਗ ਵਿੱਚ ਹੰਸਪਾਲ ਜੀ ਨਾਲ ਸੇਵਾ ਕਰਦੇ ਸਨ। ਜਿੰਨਾ ਕੁ ਖਰਚਾ ਮਿਲਦਾ, ਏਡੇ ਪਰਿਵਾਰ ਵਿੱਚ ਗੁਜ਼ਾਰਾ ਬਹੁਤ ਔਖਾ ਹੁੰਦਾ। ਮੈਂ ਜਦੋਂ ਵੀ ਅਰਦਾਸ ਕਰਨੀ, ਇਹੋ ਬੇਨਤੀ ਕਰਨੀ-ਹੇ ਸੱਚੇ ਪਾਤਸ਼ਾਹ! ਮੇਰੇ 'ਤੇ ਸੁਦਾਮੇ ਵਾਂਗ ਕਿਰਪਾ ਕਰੋ। ਮੈਂ ਤਾਂ ਸੁਦਾਮੇ ਵਰਗੀ ਭਗਤ ਨਹੀਂ, ਨਾ ਆਪ ਜੀ ਦੀ ਬਾਲ ਸਖਾ ਹਾਂ ਪਰ ਆਪ ਤਾਂ ਉਹੋ ਭਗਵਾਨ ਹੋ ਜਿਵੇਂ ਸੁਦਾਮੇਂ ਦੀ ਗਰੀਬੀ ਕੱਟੀ ਸੀ ਇਸੇ ਤਰ੍ਹਾਂ ਮੇਰੀ ਗਰੀਬੀ ਕੱਟੋ। ਮੇਰੀ ਨੇੜੇ ਹੋ ਕੇ ਅਰਦਾਸ ਸੁਣੋ।"

ਸੱਚੇ ਪਾਤਸ਼ਾਹ ਨੇ ਐਸੀ ਬਿਧਿ ਬਣਾਈ ਕਿ 1997 ਵਿੱਚ ਮਿਲਵਾਕੀ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ 'ਤੇ ਮੇਰੇ ਪਤੀ ਅਮਰੀਕਾ ਆ ਗਏ। ਅਸੀਂ ਬਾਕੀ ਸਾਰਾ ਪਰਿਵਾਰ ਦਿੱਲੀ ਹੀ ਸਾਂ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਿੱਲੀ ਦਰਸ਼ਨ ਦੇ ਰਹੇ ਸਨ। ਮੈਂ ਘਰ ਚਰਨ ਪਾਉਣ ਦੀ ਅਰਜ਼ ਕੀਤੀ, ਪ੍ਰਵਾਨ ਹੋ ਗਈ। ਜਦੋਂ ਸੱਚੇ ਪਾਤਸ਼ਾਹ ਜੀ ਦਾ ਸਾਡੇ ਇਲਾਕੇ ਵਿੱਚ ਪ੍ਰੋਗਰਾਮ ਬਣਿਆ, ਸੰਤ ਨਗਰ (ਸਾਹਿਬਪੁਰਾ) ਵਿੱਚ ਸਾਡਾ ਘਰ ਸੀ। ਐਸਾ ਕਾਰਨ ਬਣਿਆ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਗੱਡੀਆਂ ਸਾਡੇ ਘਰ ਅੱਗੇ ਤੇ ਅਸੀਂ ਕੋਈ ਵੀ ਘਰ ਨਾ, ਤਾਲਾ ਵੱਜਾ। ਪ੍ਰਬੰਧਕ ਬੜੇ ਨਰਾਜ਼ ਕਿ ਅਰਜ਼ ਕਰ ਲੈਂਦੇ ਹਨ-ਘਰ ਤਾਲਾ ਲੱਗਾ ਹੋਇਆ ਹੈ। ਅਸੀਂ ਜਦੋਂ ਘਰ ਆਏ, ਪਤਾ ਲੱਗਾ ਕਿ ਸੱਚੇ ਪਾਤਸ਼ਾਹ ਜੀ ਬੂਹੇ ਅੱਗੋਂ ਹੋ ਕੇ ਚਲੇ ਗਏ ਹਨ, ਅਸੀਂ ਬੜੇ ਦੁਖੀ ਹੋਏ। ਹੰਸਪਾਲ ਜੀ ਦੇ ਘਰ ਡੇਰਾ ਸੀ, ਅਸੀਂ ਮਾਂ-ਪੁੱਤ ਸਤਿਗੁਰੂ ਸੱਚੇ ਪਾਤਸ਼ਾਹ ਤੋਂ ਬਖਸ਼ਾਉਣ ਗਏ। ਅਰਜ਼ ਕੀਤੀ, "ਗਰੀਬ ਨਿਵਾਜ ਜੀ, ਸਾਨੂੰ ਬਖਸ਼ੋ। ਬੜੀ ਅਵੱਗਿਆ ਹੋ ਗਈ ਹੈ। ਆਪ ਜੀ ਕਿਰਪਾ ਕੀਤੀ ਤਾਂ ਅਸੀਂ ਘਰ ਨਹੀਂ ਸਾਂ।"

"ਜਿਹੜੇ ਨਾਮਧਾਰੀਆਂ 'ਚ ਆ ਗਏ, ਉਹ ਸਾਰੇ ਬਖਸ਼ੇ ਹੋਏ ਹੀ ਹਨ, ਕੋਈ ਗੱਲ ਨਹੀਂ ਫੇਰ ਜਦੋਂ ਕਿਤੇ ਪ੍ਰੋਗਰਾਮ ਬਣਿਆ, ਫੇਰ ਆ ਜਾਵਾਂਗੇ।" ਸਤਿਗੁਰੂ ਸੱਚੇ ਪਾਤਸ਼ਾਹ ਨੇ ਬੜੇ ਪਿਆਰ ਨਾਲ ਅਭੈਦਾਨ ਦਿੱਤਾ।

ਕੁਝ ਸਮੇਂ ਬਾਅਦ ਪਤਾ ਲੱਗਾ ਕਿ ਕੱਲ੍ਹ ਨੂੰ ਸਾਡੇ ਨੇੜੇ ਹੀ ਕੁਝ ਘਰਾਂ 'ਚ ਸੱਚੇ ਪਾਤਸ਼ਾਹ ਜੀ ਨੇ ਚਰਨ ਪਾਉਣੇ ਹਨ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਮੈਂ ਆਪਣੇ ਕਾਕੇ ਗੁਰਸੇਵ ਨੂੰ ਕਿਹਾ, 'ਕਾਕਾ, ਕੱਲ੍ਹ ਨੂੰ ਅਰਜ਼ ਕਰਾਂਗੇ ਚਰਨ ਪਾਉਣ ਵਾਸਤੇ ਪਰ ਘਰ ਤਾਂ ਮੱਥਾ ਟੇਕਣ ਲਈ ਕੋਈ ਪ੍ਰਸ਼ਾਦ

ਵੀ ਹੈ ਨਹੀਂ।' ਗੁਰਸੇਵ, ਕਰੀਬ ਰਾਤ ਸਾਢੇ ਗਿਆਰਾਂ ਵਜੇ ਇੱਕ ਦੁਕਾਨ ਜੋ ਘਰ ਵਿੱਚ ਹੀ ਸੀ, ਖੁਲਵਾ ਕੇ ਪਤਾਸੇ ਲੈ ਕੇ ਆਇਆ। ਅਗਲੇ ਦਿਨ ਸਵੇਰੇ ਸਾਝਰੇ ਜਦੋਂ ਸੱਚੇ ਪਾਤਸ਼ਾਹ ਜੀ ਸਾਡੇ ਘਰ ਤੋਂ 3-4 ਘਰ ਛੱਡ ਕੇ ਬੀਬੀ ਬਲਬੀਰ ਕੌਰ ਦੇ ਘਰ ਚਰਨ ਪਾਏ ਤਾਂ ਜਾ ਕੇ ਮੈਂ ਅਰਜ਼ ਕੀਤੀ, "ਗਰੀਬ ਨਿਵਾਜ, ਸਾਡੇ ਘਰ ਵੀ ਅੱਜ ਚਰਨ ਪਾਉਣ ਦੀ ਕਿਰਪਾ ਕਰੋ।"

"ਕਿੰਨੀ ਨੇੜੇ ਹੈ ਤੁਹਾਡਾ ਘਰ?" ਪਾਤਸ਼ਾਹ ਜੀ ਨੇ ਪੁੱਛਿਆ।

"ਗਰੀਬ ਨਿਵਾਜ ਜੀ ਥੋੜ੍ਹੀ ਦੂਰ ਹੀ ਹੈ।"

"ਕਿੰਨੀ ਕੁ ਨੇੜੇ ਹੈ?" ਪਾਤਸ਼ਾਹ ਨੇ ਫੇਰ ਇਸੇ ਤਰ੍ਹਾਂ ਬਚਨ ਕੀਤਾ।

ਜਦੋਂ ਤੀਸਰੀ ਵੇਰ ਮੈਂ ਅਰਜ਼ ਕੀਤੀ ਕਿ ਤਿੰਨ ਕੁ ਘਰ ਛੱਡ ਕੇ ਬਿਲਕੁਲ ਨੇੜੇ ਹੀ ਹੈ। ਹੁਕਮ ਹੋਇਆ ਤੁਸੀਂ ਚੱਲੋ ਮੈਂ ਆਉਂਦਾ ਹਾਂ।

ਅਸੀਂ ਮੰਜਾ ਵਿਛਾਇਆ ਹੋਇਆ ਸੀ। ਸਤਿਗੁਰੂ ਸੱਚੇ ਪਾਤਸ਼ਾਹ ਆ ਕੇ ਮੰਜੇ ਤੇ ਬਿਰਾਜਮਾਨ ਹੋ ਗਏ। ਮੈਂ ਥਾਲੀ 'ਚ ਪਤਾਸੇ ਪਾ ਕੇ ਉੱਤੇ ਕੱਪੜਾ ਰੱਖ ਕੇ ਮੱਥਾ ਟੇਕਿਆ। ਘਰ ਦੀ ਹਾਲਤ ਬਹੁਤ ਖਸਤਾ ਸੀ। ਫਰਸ਼ ਵੀ ਟੁੱਟਿਆ ਅਤੇ ਛੱਤ ਵੀ ਜਿਵੇਂ ਡਿਗੂੰ-ਡਿਗੂੰ ਹੀ ਕਰਦੀ ਹੋਵੇ। ਸੱਚੇ ਪਾਤਸ਼ਾਹ ਜੀ ਨੇ ਚੁਫੇਰੇ ਨਿਗ੍ਹਾ ਫੇਰੀ, ਗੰਭੀਰ ਹੋ ਗਏ, ਕੋਈ ਬਚਨ ਨਾ ਕੀਤਾ। ਫੇਰ ਗਰੀਬ ਨਿਵਾਜ ਜੀ ਕਾਕੇ ਗੁਰਪ੍ਰੀਤ ਵੱਲ ਵੇਖ ਬਚਨ ਕੀਤਾ, "ਤੂੰ ਵੀ ਮੱਥਾ ਟੇਕ ਲੈ।" ਉਸਨੇ ਦੋਵੇਂ ਚਰਨ ਫੜਕੇ ਮੱਥਾ ਟੇਕਿਆ। ਗਰੀਬ ਨਿਵਾਜ ਨੇ ਪਤਾਸਿਆਂ ਤੋਂ ਕੱਪੜਾ ਪਾਸੇ ਹਟਾ ਕੇ ਮੁੱਠ ਭਰ ਕੇ ਪਤਾਸਿਆਂ ਦੀ ਜੇਬ ਵਿੱਚ ਪਾ ਲਈ, ਫੇਰ ਇੱਕ ਹੋਰ ਮੁੱਠ ਭਰ ਕੇ ਬਚਨ ਕੀਤਾ ਐਹ ਮੇਰੀ ਸਿੰਘਣੀ ਵਾਸਤੇ। ਬੜੀ ਹੀ ਪ੍ਰਸੰਨ ਮੁਦਰਾ ਵਿੱਚ ਦੋ ਮੁੱਠਾਂ ਪਤਾਸਿਆਂ ਦੀਆਂ ਜੇਬ ਵਿੱਚ ਪਾ ਕੇ ਖੁਸ਼ੀਆਂ ਬਖ਼ਸ਼ੀਆਂ।"

"ਜਿਵੇਂ ਸੁਦਾਮੇ ਦੇ ਭੁੱਜੇ ਚੌਲਾਂ ਦੀਆਂ ਦੋ ਮੁੱਠਾਂ ਛਕ ਕੇ ਉਸਦੀ ਗਰੀਬੀ ਕੱਟੀ ਸੀ, ਸਾਡੇ ਤੇ ਇਵੇਂ ਹੀ ਕਿਰਪਾ ਕੀਤੀ। ਨਾਲ ਦੇ ਸੇਵਕ ਆਖਣ, ਤੁਹਾਡਾ ਪ੍ਰਸ਼ਾਦ ਪ੍ਰਵਾਨ ਹੋਇਆ ਹੈ। ਸੱਚੇ ਪਾਤਸ਼ਾਹ ਕਦੇ ਜੇਬ 'ਚ ਪਤਾਸੇ ਨਹੀਂ ਪਾਏ। ਸਾਨੂੰ ਵੀ ਪ੍ਰਸ਼ਾਦ ਦਿਉ। ਆਂਢੀਆਂ ਗੁਆਂਢੀਆਂ ਸਭ ਨੇ ਪ੍ਰਸ਼ਾਦ ਲਿਆ- "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥" ਐਸੀ ਕਿਰਪਾ ਹੋਈ ਛੇਤੀ ਹੀ ਸਾਡਾ ਤਿੰਨਾਂ ਲੜਕਿਆਂ ਦਾ ਅਤੇ ਮੇਰਾ ਵੀਜ਼ਾ ਆ ਗਿਆ। ਟਿਕਟਾਂ ਵੀ ਸੱਚੇ ਪਾਤਸ਼ਾਹ ਜੀ ਲੈ ਕੇ ਦਿੱਤੀਆਂ। ਅਸੀਂ ਏਥੇ (ਅਮਰੀਕਾ) ਆ ਗਏ। ਵੱਡਾ ਕਾਕਾ ਗੁਰਸੇਵ ਸਿੰਘ ਪਰਿਵਾਰ ਸਮੇਤ ਦਿੱਲੀ ਹੈ। ਬੱਚੇ ਵਿਆਹੇ ਗਏ ਹਨ, ਪੋਤਰੇ ਪੋਤਰੀਆਂ ਵਾਲਾ ਵੱਡਾ ਬਾਗ ਪਰਿਵਾਰ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਏਥੇ ਲੌਂਗ ਆਈਲੈਂਡ (ਨਿਊਯਾਰਕ) ਵਿੱਚ ਵਧੀਆ ਇਲਾਕੇ ਵਿੱਚ ਮਹਲ ਵਰਗਾ ਘਰ ਹੈ। ਦਿੱਲੀ ਵੀ ਮਕਾਨ ਵਧੀਆ ਬਣ ਗਿਆ ਹੈ। ਸਾਡੇ ਬੱਚੇ ਸੁਖੀ ਹਨ। ਸਾਡੀਆਂ ਗਰੀਬਾਂ ਦੀਆਂ ਦੋ ਮੁੱਠਾਂ ਪਤਾਸਿਆਂ ਦੀਆਂ ਪ੍ਰਵਾਨ ਕਰਨ ਕਰਕੇ ਇਹ ਭਾਗ ਲੱਗੇ ਹਨ। ਧੰਨ ਹਨ ਸਾਡੇ ਸੱਚੇ ਪਾਤਸ਼ਾਹ।"

"ਕੀ-ਕੀ ਗੁਣ ਗਾਈਏ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਿਰਫ ਸਾਡੀ ਗਰੀਬੀ ਹੀ ਨਹੀਂ ਕੱਟੀ, ਦੁੱਖ ਰੋਗ ਵੀ ਕੱਟੇ ਹਨ। ਐਹ ਸਾਡਾ ਸਭ ਤੋਂ ਛੋਟਾ ਕਾਕਾ ਲਖਵੀਰ ਬਚਪਨ ਤੋਂ ਹੀ ਪੋਲੀਓ ਕਾਰਨ ਲੱਤਾਂ ਤੋਂ ਅਪਾਹਜ ਸੀ, ਤੁਰਨ ਵਿੱਚ ਕਾਫੀ ਦਿੱਕਤ ਸੀ। ਪਹਿਲਾਂ ਦਿੱਲੀ ਹੁਕਮ ਅਨੁਸਾਰ ਡਾ. ਸਤਿ ਨਾਰਾਇਣ ਤੋਂ ਇਲਾਜ਼ ਕਰਵਾਉਂਦੇ ਰਹੇ, ਫੇਰ ਏਥੇ ਅਮਰੀਕਾ ਆ ਗਏ। ਇਸ ਨੇ ਗਿਆਰਵੀਂ-ਬਾਰ੍ਹਵੀਂ ਏਥੇ ਹੀ ਕੀਤੀ ਹੈ। ਇੱਕ ਵੇਰ ਇਕੱਲਾ ਰਿਚਮੌਂਡ ਹਿੱਲ ਇਲਾਕੇ ਵਿੱਚ ਗਿਆ ਹੋਇਆ ਸੀ। ਕਿਸੇ ਟਰੱਕ ਨੇ ਫੇਟ ਮਾਰ ਦਿੱਤੀ। ਪੁਲਿਸ ਨੇ ਹਸਪਤਾਲ ਦਾਖਲ ਕਰਵਾ ਦਿੱਤਾ। ਸਾਨੂੰ ਸੁਨੇਹਾ ਮਿਲਿਆ, ਅਸੀਂ ਗਏ ਤਾਂ ਵੇਖ ਕੇ ਬੜੇ ਪ੍ਰੇਸ਼ਾਨ, ਡਾਕਟਰਾਂ ਕਿਹਾ ਅਪਰੇਸ਼ਨ ਕਰਨਾ ਪਵੇਗਾ। ਸਬੱਬ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਏਧਰ ਕਨੇਡਾ ਅਮਰੀਕਾ ਦੌਰੇ ਆਏ ਹੋਏ ਸਨ। ਉਸ ਸਮੇਂ ਟੋਰਾਂਟੋ ਸਨ, ਫੋਨ ਤੇ ਅਰਜ਼ ਕੀਤੀ। ਹੁਕਮ ਹੋਇਆ ਮੈਂ ਦੋ ਕੁ ਦਿਨਾਂ ਤੱਕ ਨਿਊਯਾਰਕ ਆਉਣਾ ਹੈ, ਹਸਪਤਾਲ ਆਵਾਂਗਾ। ਅਪਰੇਸ਼ਨ ਕਰਨ ਤੋਂ ਪਹਿਲਾਂ ਡਾਕਟਰਾਂ ਨੇ ਪੱਗ ਤੇ ਕਛਹਿਰਾ ਲਾਹੁਣ ਨੂੰ ਕਿਹਾ। ਪਰ ਕਾਕਾ ਗੁਰਪ੍ਰੀਤ ਅੜ ਗਿਆ, ਇਸਨੇ ਕਿਹਾ ਕਿ ਮੇਰਾ ਅਪਰੇਸ਼ਨ ਹੁੰਦਾ ਹੈ ਹੋਵੇ, ਨਹੀਂ ਹੁੰਦਾ ਨਾ ਹੋਵੇ ਪਰ ਮੈਂ ਨਾ ਕਛਹਿਰਾ ਲਾਹੁਣਾ ਹੈ, ਨਾ ਪੱਗ। ਅਸੀਂ ਕਦੇ ਵੀ ਕਛਹਿਰੇ ਦੇ ਦੋਵੇਂ ਪਹੁਚੇ ਵੀ ਨਹੀਂ ਉਤਾਰਦੇ, ਸਾਡੀ ਮਰਿਆਦਾ ਹੈ। ਅਖੀਰ ਡਾਕਟਰਾਂ ਨੂੰ ਜ਼ਿੱਦ ਮੰਨਣੀ ਪਈ। ਅਪਰੇਸ਼ਨ ਠੀਕ ਹੋ ਗਿਆ। ਸਤਿਗੁਰੂ

ਸੱਚੇ ਪਾਤਸ਼ਾਹ ਟੋਰਾਂਟੋ ਤੋਂ ਨਿਊਯਾਰਕ ਆਏ ਤਾਂ ਏਅਰਪੋਰਟ ਤੋਂ ਸਿੱਧੇ ਹਸਪਤਾਲ ਹੀ ਕਿਰਪਾ ਕੀਤੀ। ਚਰਨ ਉਪਰ ਕਰਕੇ ਕਾਕੇ ਤੋਂ ਚਰਨਾਂ 'ਤੇ ਮੱਥਾ ਟਿਕਵਾਇਆ, ਬੜਾ ਪਿਆਰ ਬਖਸ਼ਿਆ, ਮਰਿਆਦਾ ਵਿੱਚ ਪੱਕੇ ਰਹਿਣ ਕਰਕੇ ਕੰਡ ਥਾਪੜੀ, ਬੜੀਆਂ ਖੁਸ਼ੀਆਂ ਬਖਸ਼ੀਆਂ। ਐਸੀ ਕਿਰਪਾ ਹੋਈ ਕਿ ਉਸ ਤੋਂ ਬਾਅਦ ਕਾਕਾ ਤੁਰਨ ਲੱਗ ਪਿਆ।

ਇਸ ਤਰ੍ਹਾਂ ਹੀ ਸੱਚੇ ਪਾਤਸ਼ਾਹ ਜੀ ਦੀ ਮੇਰੇ ਤੇ ਕਿਰਪਾ ਹੋਈ, ਜਦੋਂ ਅਸੀਂ ਦਿੱਲੀ ਸਾਂ। ਅੱਸੂ ਦੇ ਮਹੀਨੇ ਵਿੱਚ, ਜਪ ਪ੍ਰਯੋਗ ਦੇ ਦਿਨਾਂ ਵਿੱਚ ਅਸੀਂ ਦੋਵੇਂ ਜੀਅ ਸੋਧ ਰੱਖਦੇ ਹੁੰਦੇ ਸਾਂ। ਸਕੂਟਰ ਤੇ ਪਾਣੀ ਲੈਣ ਗਏ। ਬਾਜ਼ਾਰ ਵਿੱਚ ਸਕੂਟਰ ਤੋਂ ਡਿੱਗ ਕੇ ਮੇਰੇ ਸਿਰ 'ਤੇ ਸੱਟ ਲੱਗ ਗਈ। ਬੇਹੋਸ਼ ਹੋ ਗਈ। ਕਲਾਵਤੀ ਹਸਪਤਾਲ ਦਾਖਲ ਹੋਈ। ਭੈਣੀ ਸਾਹਿਬ ਫੋਨ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ। ਹੁਕਮ ਹੋਇਆ ਰਾਜੌਰੀ ਗਾਰਡਨ ਨਰਸਿੰਗ ਹੋਮ ਵਿੱਚ ਦਾਖਲ ਕਰਵਾਉ। ਮੇਰੀ ਭੈਣ ਅਵਨਿੰਦਰ ਕੌਰ ਅਤੇ ਭਣਵਈਆ ਨਰਾਇਣ ਸਿੰਘ ਵੀ ਆ ਗਏ। ਨਰਾਇਣ ਸਿੰਘ ਨੇ ਦੱਸਿਆ ਕਿ ਮੈਨੂੰ ਦਰਸ਼ਨ ਹੋਇਆ ਹੈ, ਸਤਿਗੁਰੂ ਜਗਜੀਤ ਸਿੰਘ ਜੀ ਨੇ ਦੋਵਾਂ ਹੱਥਾਂ ਨਾਲ ਤੇਰਾ ਸਿਰ ਫੜਿਆ ਹੋਇਆ ਹੈ। ਏਸੇ ਦੌਰਾਨ ਮੇਰੇ ਪਿਤਾ ਜੀ ਨੂੰ ਦ੍ਰਿਸ਼ਟਾਂਤ ਹੋਇਆ, ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਮੈਂ ਗੁੱਡੀ ਬਚਾ ਲਈ ਹੈ।" ਹਫਤਾ ਭਰ ਨਰਸਿੰਗ ਹੋਮ ਵਿੱਚ ਰਹੀ। ਐਮ. ਆਰ. ਆਈ. ਕੀਤੀ ਗਈ। ਡਾਕਟਰ ਨੇ ਆਖਿਆ ਕਿ ਦਿਲ ਅਤੇ ਦਿਮਾਗ ਦੀਆਂ ਦੋਹਾਂ ਨਸਾਂ ਦੇ ਵਿਚਾਲੇ ਸੱਟ ਹੈ, ਤੁਹਾਡੇ 'ਤੇ ਪਰਮਾਤਮਾ ਦੀ ਕਿਰਪਾ ਹੋਈ ਹੈ, ਜੇ ਇਨ੍ਹਾਂ ਦੋਹਾਂ ਨਸਾਂ ਵਿੱਚੋਂ ਇੱਕ ਤੇ ਵੀ ਸੱਟ ਲੱਗ ਜਾਂਦੀ ਤਾਂ ਬਚਣਾ ਮੁਸ਼ਕਿਲ ਸੀ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਅੱਜ ਹੋਰ, ਕੱਲ ਹੋਰ, ਠੀਕ ਹੋ ਗਈ। ਕੀ-ਕੀ ਗੁਣ ਗਾਈਏ-ਸੂਲੀ ਤੋਂ ਸੂਲ ਕਰ ਦਿੱਤੀ। ਖੁਸ਼ੀਆਂ ਨਾਲ ਝੋਲੀਆਂ ਭਰੀਆਂ।

ਧੰਨ ਹਨ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜਿਨ੍ਹਾਂ ਦੀ ਕਿਰਪਾ ਨਾਲ-

"ਦੁਖ ਰੋਗ ਸੋਗ ਭੈ ਮਿਟੇ ਕਲੇਸਾ॥
ਬਹੁ ਸੁਖ ਉਪਜੇ ਅਨੰਦ ਪ੍ਰਵੇਸਾ॥"

---

**'ਬਾਂਹ ਕਿਸ ਨੂੰ ਫੜਾਈ' ਦੀ ਬਾਕੀ.......**

ਪੁਜਾਰੀ ਕ੍ਰੋਧਿਤ ਹੋ ਗਏ। ਤੁਲਸੀ ਦਾਸ ਜੀ ਨੇ ਆਖਿਆ, "ਮੇਰੀ ਗੱਲ ਸੁਣ, ਮੇਰਾ ਸਿਰ ਰਾਮ ਨੇ ਮੁੱਲ ਲਿਐ, ਇਹ ਕਿਸੇ ਹੋਰ ਅੱਗੇ ਨਹੀਂ ਝੁਕ ਸਕਦਾ। ਜਦੋਂ ਆਪਣੇ ਭਗਤ ਦਾ ਦ੍ਰਿੜ ਨਿਸ਼ਚਾ ਵੇਖਿਆ ਤਾਂ ਭਗਵਾਨ ਕ੍ਰਿਸ਼ਨ ਨੇ ਮੁਰਲੀ ਸੁੱਟ ਕੇ, ਹੱਥ ਵਿਚ ਧਨੁਸ਼-ਬਾਣ ਲੈ ਕੇ ਭਗਵਾਨ ਰਾਮ ਦਾ ਸਰੂਪ ਧਾਰਿਆ ਤਦ ਭਗਤ ਤੁਲਸੀ ਦਾਸ ਨੇ ਸਿਰ ਝੁਕਾਇਆ ਤੇ ਸਾਰੀ ਸੰਗਤ ਨੇ ਸ਼ਰਧਾ ਨਾਲ ਜੈ ਜੈ ਕਾਰ ਕੀਤੀ। ਭਾਵੇਂ ਰਾਮ ਵੀ ਉਹੀ ਸੀ ਤੇ ਕ੍ਰਿਸ਼ਨ ਵੀ ਉਹੀ ਪਰ ਸਰਧਾਵਾਨ ਬੰਦੇ ਲਈ ਗੱਲ ਤਾਂ ਸਰੂਪ ਦੀ ਸੀ।

ਸੰਤ ਕੰਧਾਰਾ ਸਿੰਘ ਜੀ ਦਾ ਵੀ ਇਹੀ ਹਾਲ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੀ ਉਨ੍ਹਾਂ ਦੀ ਅਪਾਰ ਸ਼ਰਧਾ ਸੀ ਤੇ ਜਦੋਂ ਉਹ ਦੇਹ ਦਾ ਉਹਲਾ ਕਰ ਗਏ ਤਾਂ ਰੂਹ ਨੂੰ ਬੇਚੈਨੀ ਲਗ ਗਈ। ਜਿਸ ਵੇਲੇ ਰਾਤ ਪਈ, ਸੰਤਾਂ ਨੂੰ ਦ੍ਰਿਸ਼ਟਾਂਤ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਸੰਤਾਂ ਨੇ ਵਿਆਕੁਲ ਹੋ ਕੇ ਅਰਜ਼ ਕੀਤੀ, 'ਜੀ ਆਪ ਤਾਂ ਟੁਰ ਗਏ ਹੋ, ਸਾਨੂੰ ਕਿਸ ਦੀ ਸ਼ਰਨ ਲਾ ਚੱਲੇ ਹੋ? ਸਾਡੀ ਬਾਂਹ ਕਿਸ ਨੂੰ ਫੜਾ ਗਏ ਹੋ?

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕੰਧਾਰਾ ਸਿੰਘ ਨੂੰ ਬਾਹੋਂ ਫੜਿਆ ਤੇ ਪੰਜ ਕੁ ਕਰਮਾਂ ਵਿੱਥ 'ਤੇ ਲੈ ਗਏ, ਜਿੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਤੇ ਸੁਸ਼ੋਭਿਤ ਸਨ ਤੇ ਕੋਲ ਸਾਧ-ਸੰਗਤ ਬੈਠੀ ਹੋਈ ਸੀ। ਸੰਤਾਂ ਨੂੰ ਧੌਣੋਂ ਫੜਿਆ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਝੁਕਾ ਕੇ ਬਚਨ ਕੀਤਾ, "ਮੈਂ ਇਸ ਨੂੰ ਤੁਹਾਡੀ ਬਾਂਹ ਫੜਾ ਚਲਿਆ ਹਾਂ, ਤੁਹਾਨੂੰ ਇਹਦੀ ਸ਼ਰਨ ਵਿਚ ਛਡ ਚਲਿਆ ਹਾਂ।"

ਸੰਤ ਕੰਧਾਰਾ ਸਿੰਘ (ਕਰੀਵਾਲਾ, ਸਰਸਾ) ਦਾ ਸ਼ੰਕਾ ਨਵਿਰਤ ਹੋਇਆ ਤੇ ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕ, ਧੰਨ ਧੰਨ ਆਖਿਆ: "ਸਤਿਗੁਰ ਮੈਂ ਬਲਿਹਾਰੀ ਤੋਰ, ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ।"

# ਸਫੈਦ ਬਸਤਰ ਧਾਰੀ ਭਗਵਾਨ ਪ੍ਰਗਟ ਹੋਏ

**ਮਨਜੀਤ ਕੌਰ**

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸੀ। ਸਾਹਿਬ ਪੁਰਾ (ਦਿੱਲੀ ਵਿਖੇ ਜਲੂਸ ਵਿੱਚ ਕੁਸਮ ਡੁਬ ਡੁਬਾਈਆਂ ਅੱਖਾਂ ਨਾਲ ਕਦੇ ਪਾਲਕੀ ਨੂੰ ਮੱਥਾ ਟੇਕਦੀ ਕਦੇ ਹੱਥ ਜੋੜ ਕੇ ਸੰਗਤ ਵੱਲ ਵੇਖਦੀ। ਉਸ ਦੀਆਂ ਅੱਖਾਂ ਵਿੱਚੋਂ ਪਰਲ ਪਰਲ ਹੰਝੂ ਵਹਿ ਡਿਗਦੇ ਬੁਲ੍ਹ ਫ਼ਰਕਦੇ।

"ਭੈਣ ਜੀ ਕੀ ਗੱਲ ਹੈ?" ਮੈਂ ਉਸਨੂੰ ਪੁੱਛਿਆ ਹਾਂ।

"ਕੀ ਦੱਸਾਂ, ਮੇਰੇ ਬੱਚੇ, ਗੌਰਵ ਤੇ ਸੌਰਭ ਗੁਆਚ ਗਏ ਹਨ।"

"ਕਦੋਂ?"

"ਗਿਆਰਾਂ ਦਿਨ ਹੋ ਗਏ ਹਨ। ਅਸੀਂ ਸਾਰੀ ਦਿੱਲੀ ਫੋਲ ਮਾਰੀ ਹੈ, ਪੁਲਿਸ ਵੀ ਕਾਮਯਾਬ ਨਹੀਂ ਹੋਈ।"

"ਕਿੱਡੇ ਕਿੱਡੇ ਹਨ?"

"ਬਸ 8 ਤੇ 6 ਸਾਲ ਦੇ, ਸਕੂਲ ਗਏ ਵਾਪਸ ਹੀ ਨਹੀਂ ਮੁੜੇ ਤੇ ਉਹ ਫਿਰ ਰੋਣ ਲੱਗ ਪਈ।"

ਹੌਂਸਲਾ ਕਰੋ, ਭੈਣ ਜੀ 30 ਨਵੰਬਰ 1993 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਿੱਲੀ ਦਰਸ਼ਨ ਦੇ ਰਹੇ ਹਨ। ਉਹਨਾਂ ਨੂੰ ਅਰਜ਼ ਕਰਾਂਗੇ, ਬੱਚੇ ਮਿਲ ਜਾਣਗੇ।"

ਸੁਣ ਕੇ ਕੁਸਮ ਨੇ ਅੱਖਾਂ ਪੂੰਝੀਆਂ ਸਿਰ ਹਿਲਾਇਆ।ਉਸ ਦੀਆਂ ਅੱਖਾਂ ਵਿੱਚ ਗੁਆਚੀ ਚਮਕ ਆ ਗਈ। ਸਤਿਗੁਰੂ, ਸੱਚੇ ਪਾਤਸ਼ਾਹ ਜੀ ਨੇ ਦਿੱਲੀ ਦਰਸ਼ਨ ਦਿੱਤੇ। ਅਰਜ਼ ਕਰਨ ਲਈ ਮੈਂ ਤੇ ਮੇਰੇ ਪਤੀ ਨੇ ਹੰਸਪਾਲ ਜੀ ਨਾਲ ਗੱਲ ਕੀਤੀ। "ਚਾਰ ਵਜੇ ਨੇ, ਸੱਚੇ ਪਾਤਸ਼ਾਹ ਜੀ ਨੇ 5 ਵਜੇ ਏਅਰ ਪੋਰਟ ਤੇ ਚਲੇ ਜਾਣਾ ਹੈ। ਹੁਣੇ ਅਰਜ਼ ਕਰਨ ਵਾਲਿਆਂ ਨੂੰ ਏਥੇ ਰਜੌਰੀ ਗਾਰਡਨ ਲੈ ਆਓ।" ਉਹਨਾਂ ਕਿਹਾ।

ਅਸੀਂ ਸਾਹਿਬ ਪੁਰੇ ਨੂੰ ਭੱਜੇ। ਉਥੇ ਗੁਰੂ ਨਾਨਕ ਨਗਰ, ਬੱਚਿਆਂ ਦੇ ਘਰ ਗਏ। ਘਰ ਉਹਨਾਂ ਦਾ ਪਿਤਾ ਰਾਮ ਗੁਪਾਲ ਤੇ ਉਹਨਾਂ ਦੇ ਦਾਦੀ ਜੀ ਸਨ। ਉਹ ਸੁਣ ਕੇ ਸਾਡੇ ਨਾਲ ਚਲ ਪਏ। ਅਸਾਂ ਸਕੂਟਰ ਫੜਿਆ ਪਰ ਸਾਡੇ ਰਜੌਰੀ ਗਾਰਡਨ ਪਹੁੰਚਣ ਤੇ ਸੱਚੇ ਪਾਤਸ਼ਾਹ ਨੂੰ ਹਵਾਈ ਅੱਡੇ ਛੱਡਣ ਵਾਲੀਆਂ ਗੱਡੀਆਂ ਦਾ ਕਾਫਲਾ ਤੁਰਦਾ ਦਿੱਸਿਆ। ਹੰਸਪਾਲ ਜੀ ਵੀ ਨਾਲ ਸਨ। ਗੱਡੀਆਂ ਤੇਜ਼ ਚਾਲ ਨਾਲ ਚਲੀਆਂ ਪਰ ਸਾਡੇ ਸਕੂਟਰ ਵਾਲੇ ਨੇ ਹੌਂਸਲਾ ਨਾ ਛਡਿਆ ਤੇ ਮਗਰ ਲੱਗ ਤੁਰਿਆ।

ਅੱਗੇ ਬੱਤੀਆਂ ਵਾਲਾ ਚੌਂਕ ਸੀ। ਲਾਲ ਬਤੀ ਹੋਈ, ਕਾਰਾਂ ਦਾ ਕਾਫਲਾ ਰੁਕਿਆ। ਸਾਡਾ ਸਕੂਟਰ ਵੀ ਸੱਜਿਓਂ ਖੱਬਿਓਂ ਹੋ ਕੇ ਸਤਿਗੁਰੂ ਜੀ ਵਾਲੀ ਗੱਡੀ ਕੋਲ ਜਾ ਰੁਕਿਆ। ਸੱਚੇ ਪਾਤਸ਼ਾਹ ਜੀ ਦੀ ਗੱਡੀ ਦਾ ਬੰਦ ਸ਼ੀਸ਼ਾ ਖੁਲਿਆ ਤਾਂ ਬੱਚਿਆਂ ਦੀ ਦਾਦੀ ਨੇ ਸਿਰ ਝੁਕਾ ਕੇ ਝੋਲੀ ਫੈਲਾ ਦਿੱਤੀ, "ਮੈਨੂੰ ਖ਼ੈਰ ਪਾਓ ! ਮੇਰੇ ਪੋਤਰੇ ਮੇਲਣ ਦੀ ਬਖ਼ਸ਼ਸ਼ ਕਰੋ।

ਸਤਿਗੁਰੂ ਜੀ ਨੇ ਮੇਹਰ ਦੀ ਨਿਗਾਹ ਨਾਲ ਤੱਕਿਆ। ਗੱਡੀ ਦੇ ਡਰਾਈਵਰ ਨੇ ਕਿਹਾ, "ਅਰਜ਼ ਮਨਜ਼ੂਰ ਹੋ ਗਈ ਹੈ, ਹੋਰ ਜੋ ਹੁਕਮ ਹੋਏਗਾ ਹੰਸਪਾਲ ਜੀ ਆ ਕੇ ਤੁਹਾਨੂੰ ਦੱਸ ਦੇਣਗੇ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਗਲੇ ਦਿਨ ਨਾਮਧਾਰੀ ਧਰਮਸਾਲਾ, ਰਮੇਸ਼ ਨਗਰ ਵਿਖੇ ਅਰਦਾਸ ਕੀਤੀ ਗਈ ਕਿ ਬੱਚੇ ਮਾਪਿਆਂ ਨੂੰ ਮਿਲ ਪੈਣ।

ਪਰ ਮਾਪਿਆਂ ਨੂੰ ਚੈਨ ਕਿੱਥੋਂ? ਕੁਸਮ ਤੇ ਰਾਮ ਗੁਪਾਲ ਹੁਰੀਂ ਜੋਤਸ਼ੀਆਂ ਕੋਲ ਜਾਣ, ਟੇਵੇ ਲੁਆਉਣ ਪਰ ਨਿਰਾਸ਼ ਮੁੜਨ।

ਦੋ ਕੁ ਦਿਨ ਬਾਅਦ ਰਾਮ ਗੁਪਾਲ ਹੁਰਾਂ ਨੂੰ ਇੱਕ ਚਿੱਠੀ ਮਿਲੀ ਜਿਸ ਵਿੱਚ ਲਿਖਿਆ ਸੀ- ਬੱਚੇ ਸਾਡੇ ਕੋਲ ਹਨ- ਅਸਾਂ ਏਟਾਂ (ਯੂ.ਪੀ.) ਦੇ ਜੰਗਲ ਵਿਚ ਲੁਕਾਏ ਹਨ। ਤਿੰਨ ਲੱਖ ਰੁਪਈਏ ਲੈ ਕੇ ਮਿਥੇ ਥਾਂ ਪਹੁੰਚ ਜਾਓ ਤੇ ਆਪਣੇ ਬੱਚੇ ਲੈ ਜਾਓ। ਜੇ ਪੁਲਿਸ ਨੂੰ ਦੱਸਿਆ ਤਾਂ ਤੁਹਾਡੇ ਬੱਚਿਆਂ ਦੀ ਖੈਰ ਨਹੀਂ।

ਗਰੀਬ ਮਾਪਿਆਂ ਨੂੰ ਹੋਰ ਹੱਥਾਂ ਪੈਰਾਂ ਦੀ ਪੈ ਗਈ। ਬੱਚਿਆਂ ਦੀ ਸੋ ਤਾਂ ਸੁਣੀ ਪਰ ਪੈਸੇ ਕਿਥੋਂ ਲਿਆਉਣ। ਉਹ ਸੋਚੀਂ ਪੈ ਗਏ। ਕੋਈ ਸਮਝ ਨਾ ਆਵੇ ਕੀ ਕਰਨ।

ਇਕ ਦਿਨ ਪੁਲਿਸ ਉਹਨਾਂ ਦੇ ਘਰ ਆਈ ਤੇ ਦੱਸਿਆ ਬੱਚੇ ਮਿਲ ਗਏ ਹਨ। ਪਰ ਬੱਚੇ ਯੂ.ਪੀ. ਦੇ ਇੱਕ ਪਿੰਡ ਵਿੱਚ ਸਨ। ਦਿੱਲੀ ਪੁਲਿਸ ਰਾਮ ਗੁਪਾਲ ਹੁਰਾਂ ਨੂੰ ਨਾਲ ਲੈ ਕੇ ਉਹਨਾਂ ਨੂੰ ਲੈ ਆਈ।

ਬੱਚੇ ਇੱਕੀ ਦਿਨਾਂ ਬਾਅਦ ਘਰ ਮੁੜੇ। ਉਹਨਾਂ ਨੂੰ ਜਦੋਂ ਗੁੰਮ ਹੋਣ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦੱਸਿਆ ਕਿ ਉਹਨਾਂ ਨੂੰ ਕੋਈ ਅਣਜਾਣ ਬੰਦਾ ਗੱਲਾਂ ਲਾ ਕੇ ਤਿਲਕ ਨਗਰ ਬੱਸ ਸਟੈਂਡ ਤੇ ਲੈ ਗਿਆ। ਉਥੋਂ ਬੱਸਾਂ ਗੱਡੀਆਂ ਰਾਹੀਂ **ਏਟਾ** ਲੈ ਗਿਆ। ਬੱਚਿਆਂ ਨੂੰ ਡਰ ਪਾਇਆ ਗਿਆ ਕਿ ਜੇ ਕੁਸਕੇ ਤਾਂ ਉਹਨਾਂ ਦੀ ਜਾਨ ਦੀ ਖੈਰ ਨਹੀਂ। ਉਹ ਸਾਨੂੰ ਏਟਾ ਕਿਸੇ ਕੋਲ ਵੇਚ ਆਇਆ। ਉਹਨਾਂ ਨੂੰ ਖਾਣ ਨੂੰ ਦਿਨ ਵਿੱਚ ਇੱਕ ਰੋਟੀ ਦਿੱਤੀ ਜਾਂਦੀ, ਘਾਹ ਤੇ ਸੁਆਇਆ ਜਾਂਦਾ ਤੇ ਧਮਕਾਇਆ ਜਾਂਦਾ।

ਇੱਕ ਦਿਨ, ਕਿਸੇ ਡਰ ਕਰਕੇ ਉਸ ਘਰ ਦਾ ਬੰਦਾ ਉਹਨਾਂ ਨੂੰ ਇੱਕ ਜੰਗਲ ਵਿੱਚ, ਝਾੜੀਆਂ ਉਹਲੇ ਲੁਕਾ ਆਇਆ ਤੇ ਕਿਹਾ, ਏਥੇ ਬੈਠੇ ਰਹਿਣਾ ਮੈਂ ਹਣੇ ਆਇਆ।

**ਬਾਕੀ ਸਫਾ ਤੇ ਗੁਰਮੁਖ ਸਿੰਘ ਜੜ੍ਹਾਂਵਾਲਾ**

# "ਘਟ ਘਟ ਕੇ ਅੰਤਰ ਕੀ ਜਾਨਤ"

ਮਾ: ਗੁਰਦੇਵ ਸਿੰਘ ਜੀ ਸਿਆੜ੍ਹ
(ਸਟੇਟ ਅਵਾਰਡੀ)

ਮੇਰਾ ਜਨਮ ਨਾਮਧਾਰੀ ਪਰਿਵਾਰ ਵਿੱਚ ਹੋਣ ਕਰਕੇ ਮੈਨੂੰ ਆਪਣੇ ਮਾਤਾ ਪਿਤਾ ਜੀ ਨਾਲ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਪਰ ਮੈਂ ਆਪਣੇ ਮਾਤਾ-ਪਿਤਾ ਜੀ ਨੂੰ ਸੱਚੇ ਪਾਤਸਾਹ ਜੀ ਨਾਲ ਕਦੀ ਬਚਨ ਕਰਦੇ ਨਹੀਂ ਸੀ ਦੇਖਿਆ, ਭਾਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਮੇਰੀਆਂ ਚਾਰ ਭੈਣਾਂ ਦੇ ਅਨੰਦ ਕਾਰਜ਼ ਸ੍ਰੀ ਭੈਣੀ ਸਾਹਿਬ ਹੋਏ ਸਨ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਇਨ੍ਹਾਂ ਨੇ ਨਾਮਧਾਰੀ ਵਿਦਿਅਕ ਜਥਿਆਂ ਦੀ ਸਥਾਪਨਾ ਕੀਤੀ। ਪਿੰਡ ਸਿਆੜ੍ਹ (ਲੁਧਿਆਣਾ) ਦਾ ਵੀ ਵਿਦਿਅਕ ਜਥਾ ਬਣਾਇਆ ਗਿਆ। ਜਿਸ ਵਿੱਚ ਮੈਂ ਵੀ ਸ਼ਾਮਲ ਹੋ ਗਿਆ। ਆਪਣੇ ਸਾਥੀਆਂ ਨਾਲ ਪਿੰਡ-ਪਿੰਡ ਜਾ ਕੇ ਨਾਮਧਾਰੀ ਪਰਿਵਾਰਾਂ ਦੇ ਨੌਜਵਾਨਾਂ ਨੂੰ ਨਾਲ ਜੋੜਿਆ। ਸਾਰੇ ਨੌਜਵਾਨਾ ਵਲੋਂ 16 ਜਨਵਰੀ 1996 ਨੂੰ ਮਲੇਰਕੋਟਲੇ ਦੇ ਸ਼ਹੀਦੀ ਮੇਲੇ ਤੇ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ। ਮੇਰੇ ਮਨ ਵਿਚਾਰ ਆਇਆ ਕਿ ਸਤਿਗੁਰੂ ਜੀ ਕਿਹੜਾ ਮੈਨੂੰ ਜਾਣਦੇ ਹਨ। ਨਾ ਉਨ੍ਹਾਂ ਮੈਨੂੰ ਆਪਣੀ ਰਸਨਾ ਨਾਲ ਕਦੇ ਬੁਲਾਇਆ ਹੈ।

ਸਾਥੀਆਂ ਦੇ ਕਹਿਣ ਤੇ ਮੈਂ ਸ਼ਹੀਦੀ ਮੇਲੇ ਤੇ ਜਾਣ ਲਈ ਤਿਆਰ ਹੋ ਗਿਆ। ਮੈਂ ਆਪਣੇ ਮਨ ਵਿੱਚ ਇੱਛਾ ਜ਼ਾਹਰ ਕੀਤੀ ਕਿ ਸਤਿਗੁਰੂ ਜੀ ਮੈਨੂੰ ਆਪ ਬੁਲਾਉਣ। ਮੈਂ ਆਪਣੇ ਸਾਥੀਆਂ ਨਾਲ ਪਿੰਡ ਸਿਆੜ੍ਹ ਤੋਂ ਸਾਇਕਲ ਤੇ ਹੀ ਚਲ ਪਿਆ। ਸਰਦੀ ਦਾ ਮੌਸਮ ਹੋਣ ਕਰਕੇ ਕੜਾਕੇ ਦੀ ਠੰਢ ਪੈ ਰਹੀ ਸੀ। ਜਦੋਂ ਅਸੀਂ ਦੀਵਾਨ ਵਾਲੇ ਪੰਡਾਲ ਨੇੜੇ ਪਹੁੰਚੇ ਤਾਂ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦਾ ਦੀਵਾਨ ਲੱਗਾ ਹੋਇਆ ਸੀ। ਉਹ ਧਾਰਨਾ ਪੜ੍ਹ ਰਹੇ ਸੀ "ਉਹ ਤਾ ਸਭ ਦੇ ਦਿਲਾਂ ਦੀਆਂ ਜਾਣਦਾ ਏ। ਉਹ ਤਾਂ ਮੰਦੀ ਚੰਗੀ ਰਮਜ ਪਛਾਣਦਾ ਏ" ਮੇਰੇ ਮਨ ਵਿੱਚ ਧਾਰਨਾ ਸੁਣ ਕੇ ਫਿਰ ਉਹੀ ਵਿਚਾਰ ਆਇਆ ਜੇ ਸਭ ਦੇ ਦਿਲਾਂ ਦੀਆਂ ਜਾਣਦਾ ਹੈ। ਤਾਂ ਸਤਿਗੁਰੂ ਜੀ ਮੈਨੂੰ ਅੱਜ ਜਰੂਰ ਆਪਣੀ ਰਸਨਾ ਤੋਂ ਬੁਲਾਉਣ।

ਅਸੀਂ ਆਪਣੇ ਸਾਇਕਲ, ਸਟੈਂਡ ਤੇ ਖੜ੍ਹੇ ਕੀਤੇ। ਦੀਵਾਨ ਵਾਲੇ ਪੰਡਾਲ ਵੱਲ ਨੂੰ ਤੁਰ ਪਏ। ਜਦੋਂ ਅਸੀਂ ਪੰਡਾਲ ਦੇ ਨੇੜੇ ਪਹੁੰਚਣ ਵਾਲੇ ਸੀ, ਤਾਂ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਨਿਜੀ ਸੇਵਕਾਂ ਸਮੇਤ ਪੰਡਾਲ ਤੋਂ ਬਾਹਰ ਆ ਰਹੇ ਸਨ।

ਚਰਨ ਸਰਨ ਗੁਰ ਏਕ ਪੈਂਡਾ ਆਇ ਚਲ
ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ।

ਅਸੀਂ ਗੱਲ ਕੀਤੀ ਅਸੀਂ ਸਾਰਿਆਂ ਨੇ ਸਤਿਗੁਰੂ ਜੀ ਦੇ ਚਰਨਾ ਤੇ ਨਮਸਕਾਰ ਕੀਤੀ। ਦਰਸ਼ਨ ਕਰਕੇ ਮਨ ਗਦ-ਗਦ ਹੋ ਗਿਆ। ਸਤਿਗੁਰੂ ਜੀ ਕਹਿਣ ਲੱਗੇ ਸੁਣਾਓ ਸਿਆੜ੍ਹੀਓ ਕੀ ਹਾਲ ਹੈ? ਫੇਰ ਇਕੱਲੇ—ਇਕੱਲੇ ਨਾਲ ਜਾਣ ਪਹਿਚਾਣ ਕੀਤੀ। ਮੈਨੂੰ ਨਾਮਧਾਰੀ ਪਹਿਰਾਵੇ ਵਿੱਚ ਵੇਖ ਕੇ ਬਹੁਤ ਖੁਸ਼ ਹੋਏ ਅਤੇ ਬਾਕੀ ਸਾਥੀਆਂ ਨੂੰ ਨਾਮਧਾਰੀ ਪਹਿਰਾਵਾ ਪਾਉਣ ਲਈ ਹੁਕਮ ਕੀਤਾ। ਮੇਰੇ ਸਾਥੀ ਮੇਰੀ ਸ਼ਕਾਇਤ ਦੇ ਤੌਰ ਤੇ ਕਹਿਣ ਲੱਗੇ, "ਜੀ ਇਹ ਤੁਹਾਡੇ ਕੋਲ ਆਉਣ ਲੱਗਿਆਂ ਹੀ ਪਾ ਕੇ ਆਇਆ ਹੈ। ਸਤਿਗੁਰੂ ਜਵਾਬ ਵਿੱਚ ਕਹਿਣ ਲੱਗੇ- ਇਹ ਮੈਥੋਂ ਡਰਦਾ ਤਾਂ ਹੈ। ਤੁਸੀਂ ਤਾਂ ਮੈਨੂੰ ਦਿਖਾ-ਦਿਖਾ ਟੇਡੀਆਂ ਪੱਗਾਂ ਬੰਨਦੇ ਹੋ।" ਤਾਂ ਸਾਰੇ ਹੀ ਚੁੱਪ ਕਰ ਗਏ।

ਸਤਿਗੁਰੂ ਜੀ ਹੁਕਮ ਕੀਤਾ ਅੱਜ ਤੁਸੀਂ ਸਾਰਿਆਂ ਨੇ ਇਥੇ ਹੀ ਠਹਿਰਨਾ ਹੈ। ਕੜਾਕੇ ਦੀ ਠੰਢ ਪੈ ਰਹੀ ਸੀ। ਸਾਡੇ ਪਾਸ ਰਾਤ ਵਾਸਤੇ ਲੋੜੀਂਦੇ ਬਸਤਰ ਵੀ ਨਹੀਂ ਸੀ। ਅਸੀਂ ਆਪਣੇ ਕਛਹਿਰੇ ਤੋਲੀਏ ਵੀ ਨਹੀਂ ਲੈ ਕੇ ਆਏ ਸੀ। ਕਿਉਂਕਿ ਸਾਡਾ ਰਾਤ ਠਹਿਰਣ ਦਾ ਪ੍ਰੋਗਰਾਮ ਨਹੀਂ ਸੀ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਰਾਤ ਸ਼ਹੀਦੀ ਸਥਾਨ ਤੇ ਰੁਕ ਗਏ। ਰਾਤ ਨੂੰ ਏਨੀ ਵਰਖਾ ਹੋਈ ਕਿ ਸਾਡਾ ਤੰਬੂ ਵੀ ਚੋਣ ਲੱਗ ਪਿਆ। ਅਸੀਂ ਸਾਰੇ ਭਿੱਜ ਗਏ।

ਸਵੇਰੇ ਰਾਗੀਆਂ ਨੇ ਆਸਾ ਦੀ ਵਾਰ ਸ਼ੁਰੂ ਕੀਤੀ। ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿੱਚ ਦਰਸ਼ਨ ਦਿੱਤੇ। ਠੰਢ ਜਿਆਦਾ ਹੋਣ ਕਰਕੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਨਾਊਂਸਮੈਂਟ ਹੋਈ ਕਿ ਮਾਸਟਰ ਗੁਰਦੇਵ ਸਿੰਘ ਤਸਲੇ ਵਿੱਚ ਭਖਦੇ ਕੋਲੇ ਲਿਆ ਕੇ ਰਾਗੀਆਂ ਅੱਗੇ ਰੱਖੇ। ਜਦੋਂ ਮੈਂ ਅਨਾਉਸਮੈਂਟ ਸੁਣੀ ਤਾਂ ਮੇਰੇ ਲਈ ਇਮਤਿਹਾਨ ਦੀ ਘੜੀ ਸੀ। ਮੈਂ ਤੰਬੂ ਵਿਚੋਂ ਦੌੜਿਆ ਅਤੇ ਛੇਤੀ-ਛੇਤੀ ਇਸ਼ਨਾਨ ਕਰਕੇ, ਗਿੱਲੇ ਕਛਿਹਰੇ ਹੀ ਲਾਂਗਰੀਆਂ ਪਾਸ ਪਹੁੰਚ ਗਿਆ, ਅੱਗ ਤਿਆਰ ਕਰਵਾਈ, ਅੱਗ ਲੈ ਕੇ ਰਾਗੀਆਂ ਪਾਸ ਪਹੁੰਚ ਗਿਆ।

'ਘਟਿ-ਘਟਿ ਕੇ ਅੰਤਰਿ ਕੀ ਜਾਨਤ'

ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਵੱਲ ਮਿਹਰ ਦੀ ਨਿਗਾਹ ਨਾਲ ਤੱਕਿਆ ਅਤੇ ਮੁਸਕਰਾ ਪਏ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ। ਉਸ ਦਿਨ ਤੋਂ ਸਤਿਗੁਰੂ ਮੇਰੇ ਤੇ ਇਤਨੇ ਕ੍ਰਿਪਾਲੂ ਅਤੇ ਦਿਆਲੂ ਰਹੇ ਮੇਰੇ ਕੋਲ ਸ਼ਬਦ ਨਹੀਂ, ਜਿਨ੍ਹਾਂ ਨਾਲ ਬਿਆਨ ਕਰ ਸੱਕਾ। ਉਸ ਦਿਨ ਤੋਂ ਬਾਅਦ ਜਦੋਂ ਵੀ ਮੈਂ ਸਤਿਗੁਰੂ ਜੀ ਦਰਸ਼ਨ ਕਰਨ ਜਾਂਦਾ, ਹਮੇਸ਼ਾ ਮੇਰੇ ਵੱਲ ਮਿਹਰ ਦੀ ਨਿਗਾਹ ਨਾਲ ਤੱਕਦੇ ਅਤੇ ਮਿਠਾਸ ਭਰੀ ਰਸਨਾ ਨਾਲ ਬੁਲਾ ਕੇ ਨਦਰੀ ਨਦਰਿ ਨਿਹਾਲ ਕਰ ਦਿੰਦੇ। ਮੇਰਾ ਜੀ ਕਰਦਾ ਸਤਿਗੁਰੂ ਜੀ -

ਤੁਸੀਂ ਚੰਦ ਮੈਂ ਚਕੋਰ ਹੋਵਾਂ,
ਘਣ ਮੇਘ ਬਰਸੇ ਸੌਣ ਮਾਂਹ ਅੰਦਰ,
ਪੈਲਾ ਪਾ ਕੇ ਕੂਕਦਾ ਮੋਰ ਹੋਵਾਂ।

- - - - - - - - - - - - - - -

# ਕਸੇਲ ਜੀ ਬਾਰੇ

ਮੈਂ ਪੋ. ਕਸੇਲ ਦੇ ਮੱਥੇ ਵਿਚ ਮਾਰਕਸ ਬੈਠਾ ਦੇਖਿਆ ਹੈ ਅਤੇ ਦਿਲ ਵਿਚ ਸਤਿਗੁਰੂ ਰਾਮ ਸਿੰਘ ਜੀ। ਉਸ ਦੀ ਪਿੱਠ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਪੜਾ ਹੈ। ਮਾਰਗ 'ਤੇ ਚੱਲਣ ਲਈ ਪ੍ਰੇਰਦੀ ਰਹੀ। ਵੱਡਾ ਹੋ ਕੇ ਕਿਰਪਾਲ ਸਿੰਘ ਕਸੇਲ ਸਾਹਿਤ ਆਲੋਚਨਾ ਵਿਚ ਤਾਂ ਮਾਰਕਸਵਾਦੀ ਬਣਿਆ ਰਿਹਾ, ਪਰ ਉਸ ਦੀ ਜੀਵਨ ਜਾਚ ਭੈਣੀ ਸਾਹਿਬ ਨਾਲ ਜਾ ਜੁੜੀ। ਸਤਿਗੁਰੂ ਜਗਜੀਤ ਸਿੰਘ ਉਸ ਦੇ ਇਸ਼ਟ ਬਣ ਗਏ। ਹੁਣ ਕੋਈ ਵੀ ਕੰਮ ਦਾ ਸ੍ਰੀ ਗਣੇਸ਼ ਕਰਨਾ ਹੋਵੇ, ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਉਸ ਲਈ ਇਹ ਸੰਭਵ ਹੀ ਨਹੀਂ। "ਜੈਸਾ ਸਤਿਗੁਰੂ ਸੁਣੀਦਾ" ਅਤੇ "ਚਾਲੀਸਾ-ਸ੍ਰੀ ਸਤਿਗੁਰੂ ਜਗਜੀਤ ਸਿੰਘ" ਸਤਿਗੁਰਾਂ ਦੀ ਲੀਲਾ ਦੇ ਹੀ ਕਾਵਿ ਪਵਚਨ ਹਨ। ਅੱਜ ਦੀ ਅਰਾਜਕਤਾਵਾਦੀ ਪੰਜਾਬੀ ਕਵਿਤਾ ਦੀ ਦੁਨੀਆਂ ਵਿਚ ਪ੍ਰਬੰਧ-ਕਾਵਿ ਰਚਨਾ ਕਸੇਲ ਦੀ ਨਜ਼ਰ ਵਿਚ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਦਾ ਹੀ ਸਿੱਟਾ ਹੈ।

ਲਗਦੇ ਹੱਥ ਇਹ ਵੀ ਸੁਣ ਲਵੋ ਕਿ ਪ੍ਰੋ. ਕਸੇਲ ਜਦ ਲੁਧਿਆਣੇ ਜਾਂਦਾ ਹੈ। ਤਾਂ ਭੈਣੀ ਸਾਹਿਬ ਵੀ ਜ਼ਰੂਰ ਜਾਂਦਾ ਹੈ। ਕਈ ਵਾਰ ਉਹ ਸਿੱਧਾ ਭੈਣੀ ਸਾਹਿਬ ਹੀ ਜਾਂਦਾ ਹੈ। ਸਤਿਗੁਰਾਂ ਦੀ ਪੋ. ਕਸੇਲ ਤੇ ਏਨੀ ਕਿਰਪਾ ਹੈ ਕਿ ਅਨੇਕ ਵਾਰ ਉਹ ਪਟਿਆਲੇ ਤੋਂ ਕਸੇਲ ਨੂੰ ਲੈਣ ਲਈ ਗੱਡੀ ਭੇਜਦੇ ਹਨ। ਜੇ ਪ੍ਰੋ. ਕਸੇਲ ਆਪੇ ਭੈਣੀ ਸਾਹਿਬ ਪਹੁੰਚ ਜਾਵੇ ਤਾਂ ਸਤਿਗੁਰੂ ਉਸ ਨੂੰ ਬੱਸ ਚੜ੍ਹਨ ਦੀ ਖਜਾਲਤ ਵਿਚ ਨਹੀਂ ਪੈਣ ਦਿੰਦੇ, ਭੈਣੀ ਸਾਹਿਬ ਤੋਂ ਕਾਰ ਕਸੇਲ ਨੂੰ ਪਟਿਆਲੇ ਛੱਡਣ ਜਾਂਦੀ ਹੈ। ਜਿੰਨਾ ਚਿਰ ਉਹ ਪ੍ਰੋਫ਼ੈਸਰ ਰਹੇ, ਪੜ੍ਹਨ ਦਾ ਕੋਈ ਚਾਹਵਾਨ ਵਿਦਿਆਰਥੀ ਉਨ੍ਹਾਂ ਦਾ ਸਹਾਇਕ ਬਣਿਆ ਰਿਹਾ, ਪਰ ਹੁਣ ਸਤਿਗੁਰਾਂ ਹੀ ਇਕ ਪੱਕਾ ਸੇਵਕ ਪ੍ਰੋਫ਼ੈਸਰ ਸਾਹਿਬ ਨੂੰ ਬਖ਼ਸ਼ਿਆ ਹੋਇਆ ਹੈ। ਪ੍ਰੋ. ਕਸੇਲ ਹੁਰਾਂ ਦੀ ਉਸ ਸੇਵਕ ਅਜੀਤ ਸਿੰਘ ਨਾਲ ਖੂਬ ਨਿਭਦੀ ਹੈ। ਅਜੀਤ ਸਿੰਘ ਪ੍ਰੋ. ਕਸੇਲ ਸਾਹਿਬ ਦਾ ਮਰਦਾਨਾ ਹੈ।

**ਐਸ. ਤਰਸੇਮ**

- - - - - - - - - - - - - - -

## ....ਕਹਾਣੀਆ ਸੰਮ੍ਰਥ ਕੰਤ ਕੀਆਹ॥ "

**ਸੁਖਵਿੰਦਰ ਸਿੰਘ ਲਾਇਲ**

### "ਬਾਬਾ ਖਿੱਲੂ"

### (ਗੁਰਮੁਖ ਸਿੰਘ ਰਹਿਬਰ ਦੀ ਜਬਾਨੀ)

ਗੱਲ 1966ਈ: ਦੀ ਹੈ ਮੈਂ ਉਦੋਂ 16-17 ਵਰ੍ਹਿਆਂ ਦਾ ਹੋਵਾਂਗਾ ਤੇ ਜੀਵਨ ਨਗਰ ਰਿਹਾ ਕਰਦਾ ਸੀ। ਏਥੇ ਇਕ ਬਾਬਾ ਕਦੇ ਕਦਾਈਂ ਆਇਆ ਕਰਦਾ ਸੀ, ਪਤਾ ਨਹੀਂ ਕੌਣ ਸੀ,ਕਿੱਥੋਂ ਆਉਂਦਾ, ਕਿਹੜੇ ਗਰਾਂ ਦਾ ਸੀ,ਸਤਿਗੁਰ ਹੀ ਜਾਨਣ। ਮੈਲਾ ਜਿਹਾ ਚੋਲ਼ਾ, ਪੈਰੋਂ ਨੰਗਾ, ਹੱਥ ਵਿੱਚ ਖੂੰਡੀ ਹੋਣੀ,ਨਿਆਣੇ ਬਾਬੇ ਨੂੰ ਖਿੱਲੂ-ਖਿੱਲੂ ਆਖ ਤੰਗ ਕਰਿਆ ਕਰਦੇ ਸਨ। ਪਰ ਬਾਬਾ ਅੱਗੋਂ ਕੁਝ ਨਾ ਕਹਿੰਦਾ ਸ਼ਾਂਤ ਰਹਿੰਦਾ, ਮੁਸਕਰਾ ਛੱਡਦਾ। ਬਾਬਾ ਉਸ ਦਿਨ ਵੀ ਕਈਆਂ ਮਹੀਨਿਆਂ ਮਗਰੋਂ ਆਇਆ ਸੀ। ਸ਼ਾਮ ਦਾ ਵੇਲ਼ਾ ਸੀ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਮਸਕਾਰ ਕਰੀ, ਸਤਿਗੁਰੂ ਜੀ ਨੇ ਬਾਬਾ ਜੀ ਦਾ ਹਾਲ ਚਾਲ ਪੁੱਛਿਆ, ਹਮੇਸ਼ਾਂ ਦੀ ਤਰ੍ਹਾਂ ਪਿਆਰ ਕੀਤਾ। ਆਪ ਜੀ ਬਚਨ ਕਰਿਆ ਕਰਦੇ ਸਨ ਇਹ ਰਿਸ਼ੀ ਕਾਗ ਬਸੁੰਡ ਜੀ ਹਨ। ਮੈਨੂੰ ਹੁਕਮ ਹੋਇਆ ਕੋਲ ਬੁਲਾ ਕੇ "ਗੁਰਮੁਖ ਤੂੰ ਅੱਜ ਰਾਤ ਬਾਬਾ ਜੀ ਦੇ ਨਾਲ ਰਹਿਣਾ ਹੈ ਤੇ ਸੇਵਾ ਕਰਨੀ ਹੈ।" ਮੈਂ ਸਤਿ ਬਚਨ ਆਖਿਆ ਤੇ ਬਾਬਾ ਜੀ ਦਾ ਡੇਰਾ ਬਾਗ ਵਾਲੇ ਖੂਹ ਦੇ ਨਾਲ ਦੇ ਕਮਰੇ ਵਿੱਚ ਲਵਾ ਦਿੱਤਾ ਤੇ ਮੈਂ ਵੀ ਬਾਬਾ ਜੀ ਦੇ ਕਮਰੇ ਚ ਠਹਿਰ ਗਿਆ। ਉਹਨਾਂ ਦਿਨਾਂ ਵਿੱਚ ਬਿਜਲੀ ਬਹੁਤੀ ਨਹੀ ਸੀ ਆਈ ਕਮਰਿਆਂ ਵਿੱਚ ਦੀਵੇ ਜਾਂ ਲਾਲਟੈਨਾਂ ਹੀ ਜਗਦੀਆਂ ਸਨ। ਬਾਬੇ ਦੀ ਕੋਠੜੀ ਵਾਲਾ ਦੀਵਾ ਵੀ ਕਦੋਂ ਦਾ ਬੁਝ ਚੁਕਿਆ ਸੀ। ਮੈਂ ਬਾਬੇ ਦੀਆਂ ਲੱਤਾਂ ਘੁੱਟਦਾ ਘੁੱਟਦਾ ਪਤਾ ਹੀ ਨਹੀਂ ਚੱਲਿਆ ਕਦੋਂ ਮੇਰੀ ਅੱਖ ਲਗ ਗਈ ਤੇ ਮੈਂ ਉਸੇ ਮੰਜੇ ਤੇ ਪੁਆਂਦੀ ਵੱਲ ਢੇਰੀ ਹੋ ਗਿਆ। ਕਾਫੀ ਦੇਰ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਕਮਰੇ ਚ ਕੋਈ ਹਿਲਜੁਲ ਹੋਈ ਹੈ ਸ਼ਾਇਦ ਕੋਈ ਆਇਆ ਹੈ। ਮੈਂ ਅੱਖਾਂ ਜਿਹੀਆਂ ਮਲ਼ਦਿਆਂ ਮੰਜੇ ਦੇ ਪਾਵੇ ਤੋਂ ਆਪਣਾ ਸਿਰ ਚੁੱਕਿਆ ਤੇ ਹਨੇਰੇ ਵਿੱਚ ਬੂਹੇ ਰਾਹੀਂ ਬਾਹਰੋਂ ਆਉਂਦੀ ਚੰਨ ਦੀ ਚਾਨਣੀ ਰਾਹੀਂ ਗਹੁ ਨਾਲ ਤੱਕਿਆ ਕਿ ਕੋਈ ਬਾਬੇ ਖਿੱਲੂ ਦੀਆਂ ਲੱਤਾਂ ਘੁੱਟ ਰਿਹਾ ਹੈ ।ਮੈਂ ਅੱਖਾਂ ਨੂੰ ਹੋਰ ਤੇਜ਼ੀ ਨਾਲ ਮਲ਼ਿਆ ਤੇ ਇਕਦਮ ਸਾਵਧਾਨ ਹੋ ਗਿਆ, ਉਹ ਇਹ ਤਾਂ ਸੱਚੇ ਪਾਤਿਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਆਪ ਸਨ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਸਤਿਗੁਰੂ ਜੀ ਨੇ ਮੈਨੂੰ ਵੇਖ ਆਪਣੇ ਬੁੱਲਾਂ ਤੇ ਉਂਗਲੀ ਰੱਖ ਚੁੱਪ ਰਹਿਣ ਦਾ ਇਸ਼ਾਰਾ ਕੀਤਾ।ਮੈਂ ਚਰਨੀਂ ਹੱਥ ਲਾ ਮਾਫ਼ੀ ਮੰਗ, ਸੁੱਤੇ ਪਏ ਬਾਬੇ ਦੀਆਂ ਲੱਤਾਂ ਘੁੱਟਣ ਲੱਗਾ। ਕਿਸੇ ਨੂੰ ਦੱਸਣਾ ਨਹੀਂ ਆਖ ਸਤਿਗੁਰੂ ਜੀ ਚਲੇ ਗਏ ਅੰਮ੍ਰਿਤ ਵੇਲਾ ਹੋ ਗਿਆ ਸੀ। ਗ੍ਰੀਬ ਨਿਵਾਜ਼ ਜੀ ਆਸਾ ਦੀ ਵਾਰ ਵਿੱਚ ਦਰਸ਼ਨ ਦੇਣੇ ਸਨ। ਦਿਨ ਚੜ੍ਹਦਿਆਂ ਨੂੰ ਬਾਬਾ ਖਿੱਲੂ ਆਪਣਾ ਚੋਲ਼ਾ ਛੱਡ ਗਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਕਹਿਣ ਕਥਨੋ ਬਾਹਰੀ ਹੈ।

### ਸਚੀ ਤੇਰੀ ਸਿਫਤਿ ਸਚੀ ਸਾਲਾਹ॥

### (ਤਰਲੋਚਨ ਸਿੰਘ ਮਠਾੜੂ ਦੀ ਜ਼ੁਬਾਨੀ)

ਮੈਂ ਇੱਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਗਿਆ। ਇਹ ਗੱਲ ਜੇ ਮੈਂ ਨਹੀਂ ਭੁੱਲਦਾ ਤਾਂ 1978 ਦੀ ਹੈ। ਮੈਂ ਉਦੋਂ ਪਟਿਆਲੇ ਕਿਸੇ ਫੈਕਟਰੀ ਵਿੱਚ ਨੌਕਰੀ ਕਰਦਾ ਸੀ। ਸਤਿਗੁਰੂ ਜੀ ਬਾਗ ਵਾਲੀ ਕੋਠੀ ਵਿੱਚ ਆਪਣੇ ਕਮਰੇ ਵਿੱਚ ਦਰਸਨ ਦੇ ਰਹੇ ਸਨ ਮੈਂ ਵੀ ਚਰਨਾਂ ਚ ਬੈਠਾ ਦਰਸ਼ਨਾਂ ਦਾ ਲਾਹਾ ਖੱਟ ਰਿਹਾ ਸੀ। ਏਨੇ ਨੂੰ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਤਿੰਨ ਸਿੱਖਾਂ ਨੂੰ ਲੈ ਕਮਰੇ ਵਿੱਚ ਪ੍ਰਵੇਸ਼ ਹੋਏ। ਨੀਲੇ ਦਸਤਾਰੇ ਸਜਾ ਗਾਤਰੇ ਪਾਈ ਇਹ ਤਿੰਨੇ ਸਿੰਘਾਂ ਨੇ ਬੜੇ ਸ਼ਰਧਾ ਤੇ ਸਤਿਕਾਰ ਨਾਲ ਸਤਿਗੁਰੂ ਜੀ ਦੇ ਚਰਨਾ ਤੇ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਸਤਿਗੁਰੂ ਜੀ ਦੇ ਸਾਹਮਣੇ ਬੈਠ ਗਏ। ਸਕੱਤਰ ਨੇ ਅਰਜ਼ ਕੀਤੀ ਸੱਚੇ ਪਾਤਿਸ਼ਾਹ ਜੀ ਆਪ ਜੀ ਦੀ ਕਿਰਪਾ ਨਾਲ ਇਹਨਾਂ ਦਾ ਜਮੀਨ ਦਾ ਜੋ ਮਸਲਾ ਸੀ ਉਹ ਨਿੱਬੜ ਗਿਆ ਹੈ। ਸਤਿਗੁਰੂ ਜੀ ਮੁਸਕੁਰਾਏ, ਏਨੇ ਨੂੰ ਉਹਨਾਂ ਸਿੰਘਾਂ ਚੋਂ ਇੱਕ ਨੇ ਅਰਜ਼ ਕੀਤੀ ਕਿ ਸੱਚੇ ਪਤਿਸ਼ਾਹ ਜੀ ਆਪ ਜੀ ਹੀ ਕਿਰਪਾ ਕੀਤੀ ਹੈ, ਵਰਨਾਂ ਅਸੀਂ ਬੜੀ ਮੁਸ਼ਕਿਲ ਵਿੱਚ ਫਸ ਗਏ ਸੀ ਜੇ ਤੁਸੀਂ ਸਾਡੀ ਬਾਂਹ ਨਾ ਫੜਦੇ ਤਾਂ ਸ਼ਾਇਦ ਇਹ ਕੰਮ ਨਾ-ਮੁਮਕਿਨ ਹੀ ਸੀ। ਅਸੀਂ ਆਪ ਜੀ ਦਾ ਇਹ ਦੇਣ ਕਦੀ ਨਹੀਂ ਦੇ ਸਕਦੇ ਹੁਕਮ ਕਰੋ ਸਾਡੇ ਵਾਸਤੇ ਕੋਈ ਸੇਵਾ। ਮੈਂ ਇਹ ਸਾਰਾ ਕੁਝ ਵੇਖ ਸੁਣ ਰਿਹਾ ਸੀ ਮੇਰੇ ਮਨ ਨੇ ਰਫਤਾਰ ਫੜੀ ਕਈ ਤਰ੍ਹਾਂ ਦੀਆਂ ਗੱਲਾਂ ਮੇਰੇ ਦਿਮਾਗ ਵਿੱਚ

ਆਈਆਂ ਕਿ ਸਤਿਗੁਰੂ ਜੀ ਇਹਨਾਂ ਨੂੰ ਨੀਲਾ ਬਾਣਾ ਨਾ ਪਾਉਣ ਲਈ ਕਹਿਣਗੇ ਜਾਂ ਭਜਨ ਕਰਨ ਲਈ ਕਹਿਣਗੇ ਜਾਂ ਕੋਈ ਹੋਰ ਸੇਵਾ ਬਾਰੇ ਹੁਕਮ ਕਰਨਗੇ। ਮੈਂ ਅਜੇ ਆਪਣੇ ਦਿਮਾਗ ਦੇ ਘੋੜੇ ਦੌੜਾ ਹੀ ਰਿਹਾ ਸਾਂ ਕਿ ਸਤਿਗੁਰੂ ਜੀ ਬਚਨ ਕੀਤਾ "ਤੜਕੇ ਉੱਠਕੇ ਸਣੇ ਕੇਸੀ ਇਸ਼ਨਾਨ ਕਰਿਆ ਕਰੋ" ਉਹਨਾਂ ਅਰਜ਼ ਕੀਤੀ ਜੀ ਹਫਤੇ ਬਾਅਦ ਕਰਦੇ ਹਾਂ ਸਤਿਗੁਰੂ ਜੀ ਫੇਰ ਬਚਨ ਕੀਤਾ ਕਿ ਰੋਜ਼ ਤੜਕੇ ਉੱਠਕੇ ਸਣੇ ਕੇਸੀਂ ਇਸਨਾਨ ਕਰਿਆ ਕਰੋ"। ਉਹਨਾਂ ਸਤਿ ਬਚਨ ਕੀਤਾ ਤੇ ਨਮਸਕਾਰ ਕਰ ਚਲੇ ਗਏ। ਮੈਂ ਵੀ ਹਫਤੇ ਬਾਅਦ ਕੇਸਾਂ 'ਚ ਪਾਣੀ ਪਾਇਆ ਕਰਦਾ ਸੀ। ਮੈਂ ਸੋਚਿਆ ਮਨਾ ਕਿੰਨੀ ਕੁ ਤਾਕਤ ਹੋਵੇਗੀ ਸਤਿਗੁਰੂ ਜੀ ਦੇ ਏਸ ਬਚਨ ਵਿੱਚ ਤੂੰ ਨਾਮਧਾਰੀਆਂ ਦਾ ਮੁੰਡਾ ਹੋਕੇ ਵੀ ਰੋਜ਼ ਸਣੇ ਕੇਸੀ ਇਸ਼ਨਾਨ ਨਹੀਂ ਕਰਦਾ। ਮੈ ਉੱਥੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੈਠਿਆਂ ਹੀ ਆਪਣਾ ਮਨ ਬਣਾ ਲਿਆ ਕਿ ਮੈ ਹੁਣ ਰੋਜ਼ ਸਣੇ ਕੇਸੀ ਹੀ ਇਸ਼ਨਾਨ ਕਰਿਆ ਕਰਾਂਗਾ।ਮੇਰੇ ਤੇ ਐਸੀ ਕਿਰਪਾ ਹੋਈ ਕਿ ਇਹ ਹੁਕਮ ਮੰਨਣ ਨਾਲ ਸਤਿਗੁਰੂ ਜੀ ਮੈਨੂੰ ਨੌਕਰ ਤੋਂ ਫੈਕਟਰੀਆਂ ਦਾ ਮਾਲਕ ਬਣਾ ਦਿੱਤਾ।ਸੋ ਸਤਿਗੁਰੂ ਜੀ ਦਾ ਕੋਈ ਵੀ ਹੁਕਮ ਹੋਵੇ ਉਹ ਪ੍ਰਾਣੀ ਮਾਤਰ ਦੀ ਭਲਾਈ ਵਾਸਤੇ ਹੀ ਹੁੰਦਾ ਹੈ।

ਇਕ ਗੱਲ ਮੈਨੂੰ ਹੋਰ ਯਾਦ ਆ ਗਈ ਕਿ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਹਮੇਸ਼ਾਂ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦਾ ਹੁਕਮ ਕਰਦੇ ਸਨ।ਆਪ ਜੀ ਜਿਥੇ ਸੰਗੀਤ ਨੂੰ, ਖੇਡਾਂ ਨੂੰ, ਉਚੇਰੀ ਵਿਦਿਆ ਨੂੰ ਪ੍ਰਮੋਟ ਕਰਦੇ ਸਨ ਓਥੇ ਕੁਦਰਤ ਨੂੰ ਆਪ ਜੀ ਬਹੁਤ ਪਿਆਰ ਕਰਦੇ ਸਨ।ਲੁਧਿਆਣੇ ਸਾਡੀ ਫੈਕਟਰੀ ਵਾਲੀ ਜਗਾ ਭਗਵਾਨ ਚੌਂਕ ਦੇ ਨਾਲ ਇਕ ਪਲਾਟ ਪਿਆ ਸੀ ਸਾਡੇ ਨਾਲ ਲਗਦਾ ਸੀ ਤੇ ਅਸੀਂ ਖਰੀਦ ਲਿਆ। ਸੋਚਿਆ ਕਿ ਲੈਂਟਰ ਪਾ ਕੇ ਨਾਲ ਮੇਲ ਲਵਾਂਗੇ।ਪਰ ਰਜਿਸਟਰੀ ਹੋਣ ਤੋਂ ਬਾਅਦ ਧਿਆਨ ਕੀਤਾ ਤਾਂ ਉਸ ਜਗਾ ਤੇ ਇੱਕ ਪਿੱਪਲ ਦਾ ਦਰਖਤ ਸੀ ਉਸ ਨੂੰ ਕੱਟੇ ਬਿਨਾਂ ਲੈਂਟਰ ਨਹੀਂ ਸੀ ਪੈਣਾਂ ਤੇ ਆਲੇ ਦੁਆਲੇ ਵਾਲੇ ਲੋਕ ਕਹਿਣ ਲੱਗੇ, ਸਰਦਾਰ ਜੀ ਪਿੱਪਲ ਕੱਟੋਗੇ? ਬੜਾ ਪਾਪ ਲਗਦਾ ਪਿੱਪਲ ਕੱਟਣ ਨਾਲ ਦੇਖ ਲਓ।ਅਸੀਂ ਸੋਚਾਂ ਵਿੱਚ ਪੈ ਗਏ।ਮੈ ਸਕੂਟਰ ਚੁੱਕਿਆ ਤੇ ਸ੍ਰੀ ਭੈਣੀ ਸਾਹਿਬ ਜਾ ਸਿੱਧਾ ਸਤਿਗੁਰੂ ਜੀ ਨੂੰ ਅਰਜ਼ ਕੀਤੀ ਸੱਚੇ ਪਾਤਿਸ਼ਾਹ ਜੀ ਸਾਡੇ ਪਲਾਟ ਚ ਪਿੱਪਲ ਹੈ, ਲੈਂਟਰ ਪਾਉਣਾ ਹੈ ਲੋਕ ਸਾਨੂੰ ਡਰਾਈ ਜਾਂਦੇ ਨੇ ਕਿ ਪਾਪ ਲੱਗੇਗਾ ਕੀ ਕਰੀਏ ਜੀ? ਸੱਚੇ ਪਾਤਿਸ਼ਾਹ ਜੀ ਬਚਨ ਕੀਤਾ "ਤਰਲੋਚਨ- ਪਿੱਪਲ ਹੀ ਕਿਉਂ, ਕੋਈ ਵੀ ਦਰੱਖਤ ਕੱਟਣਾ ਪਾਪ ਹੈ, ਹਾਂ ਪਰ ਜੇ ਕੱਟਣ ਦੀ ਮਜਬੂਰੀ ਹੈ ਤਾਂ ਪਹਿਲਾਂ ਉਹਦੀ ਜਗਾ ਕਈ ਰੁੱਖ ਲਾ"। ਸੱਚੇ ਪਾਤਸ਼ਾਹ ਜੀ ਨੇ ਮੇਰਾ ਵਹਿਮ ਇੱਕ ਮਿੰਟ ਚ ਦੂਰ ਕਰ ਛੱਡਿਆ ਸੀ ਤੇ ਨਾਲ ਹੀ ਉਹਨਾ ਇਕ ਦੀ ਜਗਾ ਕਈ ਹੋਰ ਰੁੱਖ ਲਾਉਣ ਦਾ ਹੁਕਮ ਕਰ ਆਪਣਾ ਪਰਕਿਰਤੀ ਪਰੇਮ ਵੀ ਉਜਾਗਰ ਕੀਤਾ।ਮੈ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਫੇਰ ਆਪਣੇ ਜੀਵਨ ਵਿੱਚ ਕਈ ਰੁੱਖ ਲਾਏ ਤੇ ਉਹਨਾਂ ਨੂੰ ਦੀ ਪਾਲਣਾ ਵੀ ਕੀਤੀ। ਮੈਂ ਆਪਣੇ ਘਰ ਵੀਹ ਚੀਲ ਦੇ ਰੁੱਖ ਲਾਏ, ਸਤਿਗੁਰੂ-ਸੱਚੇ ਪਾਤਸ਼ਾਹ ਵੇਖ ਕੇ ਬੜੇ ਪ੍ਰਸ਼ੰਨ ਹੋਏ। ਇਕੱਲੇ-ਇਕੱਲੇ ਰੁੱਖ ਨੂੰ ਆਪਣੇ ਕਰ ਕੰਵਲਾਂ ਨੂੰ ਪਲੋਸਿਆ, ਜਿਵੇਂ ਕਿਸੇ ਬਾਲ ਨੂੰ ਪਿਆਰਦੇ ਹੋਣ। ਸਤਿਗੁਰੂ-ਛੁਹ ਪਾ ਉਹ ਚਾਅ-ਮੱਤੀਆਂ ਚੀਲਾਂ ਦੀ ਗਰੋਥ ਵੀ ਆਮ ਨਾਲੋਂ ਜ਼ਿਆਦਾ ਹੋਈ। ਪਸ਼ੂਆਂ ਤੇ ਪੰਛੀਆਂ ਲਈ ਰੁੱਖਾਂ ਤੇ ਮਨੁੱਖਾਂ ਲਈ ਸੰਵੇਦਨਾ ਭਰਪੂਰ ਹੈ, ਸਤਿਗੁਰੂ ਜਗਜੀਤ ਸਿੰਘ ਜ਼ਾਹਰਾ ਜ਼ਹੂਰ ਹੈ।

## ਸੱਚੇ ਪਾਤਿਸ਼ਾਹ ਜੀ ਆ ਗਏ ਨੇ

"ਉਹ ਨਿਹਾਲ ਸਿੰਹਾਂ ਖਾ ਲੈ ਯਾਰ, ਕੁਝ ਨਹੀਂ ਹੁੰਦਾ ਕੀ ਵੇਖੀ ਜਾਨਾ?ਇਹ ਮਹਾਂ ਪ੍ਰਸ਼ਾਦ ਹੈ ਕੋਈ ਬੱਕਰੇ ਦਾ ਮੀਟ ਨਹੀਂ।" ਏਨੀ ਗਲ਼ੱ ਕਰਦਿਆਂ ਸਾਥੀ ਰਾਗੀ ਸਿੰਘ ਨੇ ਰਿੱਧੇ ਮਾਸ ਨਾਲ ਭਰੀ ਕੌਲੀ ਨਿਹਾਲ ਸਿੰਘ ਦੀ ਥਾਲੀ ਵਿੱਚ ਰੱਖ ਦਿੱਤੀ।ਨਿਹਾਲ ਸਿੰਘ ਟਿਕ ਟਿਕੀ ਲਾ ਕੇ ਉਸ ਵੱਲ ਵੇਖਦਿਆਂ ਸੋਚੀਂ ਪਿਆ ਸੀ ਕਿ ਖਾਵਾਂ ਜਾਂ ਨਾ ਖਾਵਾਂ।ਉਹ ਸੋਚ ਰਿਹਾ ਸੀ ਕਿ ਉਸਨੂੰ ਤਾਂ ਸਾਰੇ ਉਸਤਾਦ ਜੀ, ਉਸਤਾਦ ਜੀ ਕਰਦੇ ਸੀ, ਕਿੰਨੀ ਇੱਜ਼ਤ ਸੀ ਤੇ ਸਤਿਗੁਰੂ ਜੀ ਕਿੰਨਾ ਮਾਣ ਤੇ ਪਿਆਰ ਬਖਸ਼ਦੇ ਸੀ ਐਵੇਂ ਹੀ ਉਹ ਛੋਟੀ ਜਿਹੀ ਗੱਲੋਂ ਨਰਾਜ਼ ਹੋ ਭੈਣੀ ਸਾਹਿਬ ਛੱਡ ਕੇ ਆ ਗਿਆ ਸੀ ਏਥੇ ਪਟਨਾ ਸਾਹਿਬ।ਏਥੇ ਆ ਕੇ ਉਹ ਤਬਲਾ ਵਜਾਉਣ ਲੱਗਿਆ ਸੀ ਗੁਰਦੁਆਰਾ ਸਾਹਿਬ ਵਿੱਚ ਰਹਿਣ ਨੂੰ ਠਾਹਰ ਗੁਰਦੁਆਰੇ ਦੇ ਕੁਆਟਰਾਂ ਚ ਮਿਲ ਗਈ ਸੀ।ਏਥੋਂ ਦੇ ਰਾਗੀ ਚੋਰੀ ਛੁਪੇ ਮਾਸ ਖਾਂਦੇ ਸੀ ਤੇ ਆਪਣੀ ਇਹ ਗਲ ਛੁਪਾਉਣ ਲਈ ਨਿਹਾਲ ਸਿੰਘ ਨੂੰ ਵੀ ਆਪਣੇ ਨਾਲ ਮਿਲਾ ਲੈਣਾ ਚਾਹੁੰਦੇ ਸਨ।ਇਸੇ ਲਈ ਉਹ ਹਮੇਸ਼ਾਂ ਉਸ ਨੂੰ ਵੀ ਮਾਸ ਖਾਣ ਲਈ ਜ਼ੋਰ ਲਾਉਂਦੇ ਰਹਿੰਦੇ।

"...ਓ ਖਾ ਲੈ ਯਾਰ ਕੀ ਸੋਚੀ ਜਾਨੈਂ" ਸਾਥੀ ਨੇ ਨਿਹਾਲ ਸਿੰਘ ਨੂੰ ਬਾਹੋਂ ਫੜ ਕੇ ਹੁਲਾਰਾ ਦਿੱਤਾ।ਨਿਹਾਲ ਸਿੰਘ ਨੇ ਛੇਤੀ ਨਾਲ ਉਹਦੀਆਂ ਗੱਲਾਂ ਚ ਆ ਰੋਟੀ ਦੀ

ਬੁਰਕੀ ਤੋੜੀ ਤੇ ਮਾਸ ਨਾਲ ਭਰੀ ਕੌਲੀ ਵੱਲ ਵਧਾਈ। ਪਰ ਇਹ ਕੀ ਹੱਥ ਜਿਵੇਂ ਰੁਕ ਜਿਹਾ ਗਿਆ ਨੇੜੇ ਜਾ ਕੇ,ਨਿਹਾਲ ਸਿੰਘ ਦੇ ਮੱਥੇ ਤੇ ਪਸੀਨਾ ਆਉਣ ਲੱਗਾ,ਸਾਹ ਉੱਪਰ ਹੇਠਾਂ ਹੋਣ ਲੱਗਿਆ। ਉਸਨੇ ਫੇਰ ਹਿੰਮਤ ਕੀਤੀ ਤੇ ਹੱਥ ਵਧਾਇਆ ਪਰ ਫਿਰ ਉਵੇਂ ਹੀ.....ਨਿਹਾਲ ਸਿੰਘ ਘਬਰਾਇਆ ਹੋਇਆ ਬੋਲਿਆ ... 'ਸੱਚੇ ਪਾਤਿਸ਼ਾਹ ਜੀ ਆ ਗਏ ਨੇ' ਤੇ ਉੱਠ ਕੇ ਕਮਰੇ ਦੇ ਬਾਹਰ ਵੱਲ ਭੱਜਿਆ ਤੇ ਮੁੜ ਆਇਆ। 'ਇਹ ਕੀ ਸੀ' ਨਾਲ ਦੇ ਸਾਥੀਆਂ ਪੁੱਛਿਆ। ਨਿਹਾਲ ਸਿੰਘ ਦੀਆਂ ਅੱਖਾਂ ਚ ਹੰਝੂ ਸਨ,ਕਹਿਣ ਲੱਗਾ ਜਦੋਂ ਮੈਂ ਬੁਰਕੀ ਮਾਸ ਨਾਲ ਲਾਉਣ ਲਈ ਆਪਣਾ ਹੱਥ ਵਧਾ ਰਿਹਾ ਸੀ ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਚਰਨਾਂ ਚ ਪਊਏ(ਖੜਾਵਾਂ) ਪਾ ਕੇ ਪੌੜੀਆਂ ਚੜ੍ਹ ਸਾਡੇ ਕਮਰੇ ਵੱਲ ਆ ਰਹੇ ਨੇ..ਮੈ.ਮੈਂ.. ਸੱਚੇ ਪਾਤਿਸ਼ਾਹ ਜੀ ਦੀ ਝਲਕ ਪ੍ਰਤੱਖ ਮਹਿਸੂਸ ਕੀਤੀ... ਮੈਂ ਉਹਨਾਂ ਨਾਲ ਨਰਾਜ਼ ਹੋ ਕੇ ਏਥੇ ਆ ਗਿਆ ਪਰ ਉਹ ਮੇਰੇ ਹਿਰਦੇ ਚੋਂ ਨਹੀਂ ਗਏ। ਉਹਨਾਂ ਦਾ ਪਿਆਰ, ਉਹਨਾਂ ਦਾ ਉਪਦੇਸ਼, ਮੈਂ ਨਹੀਂ ਭੁਲਾ ਸਕਦਾ, ਮੈਂ ਚੱਲਿਆਂ ਭੈਣੀ ਸਾਹਿਬ। ਏਨੀ ਗੱਲ ਕਹਿੰਦਿਆਂ ਨਿਹਾਲ ਸਿੰਘ ਆਪਣੇ ਕੱਪੜੇ ਝੋਲ਼ੇ ਚ ਪਾਉਣ ਲੱਗਿਆ, ਸਤਿਗੁਰੂ ਜਗਜੀਤ ਸਿੰਘ ਜੀ ਦੇ ਕੋਲ ਸ੍ਰੀ ਭੈਣੀ ਸਾਹਿਬ ਵਾਪਸ ਮੁੜਨ ਲਈ। (ਫੇਰ ਇਹੋ ਉਸਤਾਦ ਨਿਹਾਲ ਸਿੰਘ ਪਖਾਵਜੀ, ਸ੍ਰੀ ਭੈਣੀ ਸਾਹਿਬ ਬੱਚਿਆਂ ਨੂੰ ਤਬਲਾ ਸਿਖਾਉਂਦੇ ਰਹੇ। ਜੋ ਕਿ ਭਾਈ ਨਸੀਰ ਜੀ ਦੇ ਸ਼ਾਗਿਰਦ ਸਨ। ਆਖਰੀ ਦਮ ਤੱਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਤੋੜ ਨਿਭਾਈ।)

ਰਾਖਤ ਹੈ ਅਪਨੋ ਕਰ ਦੈ ਕਰ
ਪਾਪ ਸੰਬੂਹ ਨਾ ਭੇਟਣ ਪਾਵੈ।

## "ਹਰ ਵੇਲੇ ਮਾਲਾ ਹਰ ਵੇਲੇ ਮਾਲਾ"

**(ਸੂਬਾ ਹਰਭਜਨ ਸਿੰਘ ਲੁਧਿਆਣਾ)**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਦਾ ਹੀ ਰੂਪ ਸਨ ਆਪ ਜੀ ਸਦਾ ਨਾਮ ਜਪਦੇ ਤੇ ਜਪਾਉਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ ਵਿੱਚ ਆਉਂਦਾ ਹੈ ਕਿ ਦੇਖੋ ਜਿੰਨਾ ਚਿਰ ਮੈ ਕਥਾ ਕਰ ਰਿਹਾ ਹਾਂ ਤੁਸੀਂ ਬੈਠੇ ਹੋ, ਜਦੋਂ ਨਿਤਨੇਮ ਦਾ ਵੇਲਾ ਆਉਣਾ ਹੈ, ਕਈਆਂ ਨੇ ਖਿਸਕ ਜਾਣਾ ਹੈ ਇਹਦਾ ਮਤਲਬ ਕੰਨ-ਰਸ ਦਾ ਹੀ ਸਵਾਦ ਲਗਾ ਹੋਇਆ ਸਾਨੂੰ।" ਸ਼ਾਇਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਬਚਨ ਨੂੰ ਗ੍ਰਹਿਣ ਕਰ ਸਤਿਗੁਰੂ ਜੀ ਦੇ ਨਾਮ ਜਪਣ ਜਪਾਉਣ ਦੇ ਆਸ਼ੇ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਣਾ ਲਿਆ ਸੀ ਕਿ ਆਪ ਜੀ ਦੇ ਗੁਰਤਾਕਾਲ ਸਮੇਂ ਆਪ ਨੇ ਸਾਧ ਸੰਗਤ ਤੋਂ ਜਿੰਨਾ ਭਜਨ ਬਾਣੀ ਕਰਵਾਇਆ ਉਹ ਇਕ ਮਿਸਾਲ ਹੀ ਹੈ। ਦੇਖ ਲਵੋ ਕਿ ਸਾਧ ਸੰਗਤ ਨਿਤਨੇਮ ਵੇਲੇ ਕਿਵੇਂ ਉਚੇਚ ਨਾਲ ਸ਼ਾਮਲ ਹੁੰਦੀ ਹੈ ਭਾਵੇਂ ਉਹ ਸਲਾਨਾ ਨਾਮ-ਸਿਮਰਨ ਜਪ-ਪ੍ਰਯੋਗਾਂ ਦਾ ਵੇਲਾ ਹੋਵੇ ਚਾਹੇ ਦੁਪਿਹਰ ਦਾ ਨਿਤਨੇਮ, ਬੱਚੇ, ਬੁੱਢੇ, ਨੌਜਵਾਨ, ਮਾਈਆਂ, ਭਾਈ ਸਾਰੇ ਹੀ। ਸਤਿਗੁਰੂ ਜੀ ਜਿੱਥੇ ਵੀ ਦਰਸ਼ਨ ਦੇ ਰਹੇ ਹੁੰਦੇ ਅਕਸਰ ਆਪ ਜੀ ਦੇ ਹਸਤ ਕੰਵਲਾਂ ਵਿੱਚ ਮਾਲਾ ਫਿਰ ਰਹੀ ਹੁੰਦੀ ਤੇ ਰਸਨਾ ਨਾਮ ਜਪਦੀ ਰਹਿੰਦੀ ਸੀ। ਇਹ ਆਪਾਂ ਸਾਰਿਆਂ ਦਰਸ਼ਨ ਕੀਤੇ ਨੇ। ਇੱਕ ਵਾਰ (22-23 ਫਰਵਰੀ 1995) ਦੀ ਗੱਲ ਹੈ ਕਿ ਯੋਗੀ ਹਰਭਜਨ ਸਿੰਘ ਹੋਰੀਂ ਆਏ ਭੈਣੀ ਸਾਹਿਬ, ਆਪਣੇ ਗੋਰੇ ਸਿੱਖਾਂ ਸਮੇਤ, ਸਤਿਗੁਰੂ ਜੀ ਬੜਾ ਕੀਤਾ ਸਵਾਗਤ ਕਰਿਆ। ਯੋਗੀ ਜੀ ਸਤਿਗੁਰੂ ਜੀ ਨਾਲ ਬਹੁਤ ਪਿਆਰ ਕਰਦੇ ਸਨ ਤੇ ਬੜੇ ਬਚਨ ਮਿੱਤਰਾਂ ਵਾਂਗ ਹੀ ਕਰ ਲੈਂਦੇ ਸਨ। ਅਸੀਂ ਕੋਠੀ ਵਿੱਚ ਬੈਠੇ ਸਾਂ, ਸਤਿਗੁਰੂ ਜੀ ਦੇ ਆਸਣ ਦੇ ਨਾਲ ਯੋਗੀ ਹੋਰਾਂ ਦਾ ਸੋਫਾ ਲੱਗਿਆ ਸੀ ਯੋਗੀ ਜੀ ਓਥੇ ਬੈਠੇ ਨਿੱਕੇ ਨਿੱਕੇ ਬਚਨ ਕਰ ਰਹੇ ਸਨ, ਸਤਿਗੁਰੂ ਜੀ ਦੇ ਹੱਥ ਵਿੱਚ ਮਾਲ਼ਾ ਫਿਰ ਰਹੀ ਸੀ, ਆਪ ਜੀ ਉਹਨਾਂ ਦੀਆਂ ਗੱਲਾਂ ਦਾ ਜਵਾਬ ਦੇਂਦੇ ਫੇਰ ਮਾਲ਼ਾ ਫੇਰਨ ਲੱਗਦੇ। ਯੋਗੀ ਜੀ ਆਪਣੇ ਸੁਭਾਅ ਮੁਤਾਬਿਕ ਕਹਿਣ ਲੱਗੇ "ਕੀ ਸੱਚੇ ਪਾਤਿਸ਼ਾਹ ਹਰ ਵੇਲੇ ਮਾਲਾ, ਹਰ ਵੇਲੇ ਮਾਲਾ, ਲਿਆਓ ਏਧਰ ਦਿਓ ਮੈਨੂੰ ਕੋਈ ਗੱਲ ਵੀ ਨਹੀਂ ਕਰਦੇ"। ਅਸੀਂ ਸਾਰੇ ਇਹ ਸਾਹਮਣੇ ਬੈਠੇ ਵੇਖ ਸੁਣ ਰਹੇ ਸਾਂ, ਹੁਣ ਸਾਰਿਆਂ ਦਾ ਧਿਆਨ ਸਤਿਗੁਰੂ ਜੀ ਵੱਲ ਸੀ ਕਿ ਕੀ ਬਚਨ ਕਰਦੇ ਨੇ। ਸਤਿਗੁਰੂ ਜੀ ਬੜੇ ਸਹਿਜ ਨਾਲ ਯੋਗੀ ਜੀ ਵੱਲ ਵੇਖ ਬਾਣੀ ਦੀ ਇਹ ਤੁਕ ਪੜੀ "ਆਖਾ ਜੀਵਾ ਵਿਸਰੈ ਮਰਿ ਜਾਉ॥" ਫੇਰ ਸਤਿਗੁਰੂ ਜੀ ਨੇ ਆਪਣੇ ਦੋਵਾਂ ਕੰਨਾਂ ਨੂੰ ਫੜ ਬਚਨ ਕੀਤਾ ਯੋਗੀ ਜੀ "ਆਖਣਿ ਅਉਖਾ ਸਾਚਾ ਨਾਉ॥" ਯੋਗੀ ਹਰਭਜਨ ਸਿੰਘ ਹੋਰਾਂ ਸਤਿਗੁਰੂ ਜੀ ਦੇ ਚਰਨੀਂ ਹੱਥ ਲਾਇਆ ਤੇ ਬਚਨ ਕੀਤਾ ਕਿ ਕਿਰਪਾ ਕਰੋ। ਇਸ ਤੋਂ ਬਾਅਦ ਉੱਥੇ ਜਿੰਨੇ ਬੈਠੇ ਸਾਂ ਅਸੀਂ ਚਾਹੇ ਕੋਲ ਬੈਠੇ ਹੌਲੀ-ਹੌਲੀ ਗੱਲਾਂ ਕਰ ਰਹੇ ਸਾਂ ਸਭ ਦੇ ਬੁੱਲ ਫਰਕਣ ਲੱਗੇ ਸਭ ਨਾਮ ਜਪਣ ਲੱਗੇ, ਕਮਰੇ ਵਿੱਚ ਗੰਭੀਰਤਾ ਛਾ ਗਈ।

- - - - - - - - - - - - - - - -

# ਗੁਰਮੁਖ ਸਿੰਘ (ਜੜ੍ਹਾਂਵਾਲਾ)

**ਅਜੀਤ ਸਿੰਘ ਲਾਇਲ**

ਮਾਰਚ 1978 ਦਾ ਵਾਕਿਆ ਹੈ, ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਯੂ. ਪੀ. ਦੀਆਂ ਸੰਗਤਾਂ ਨੂੰ ਦਰਸ਼ਨ ਦਿਦਾਰੇ ਦੇਂਦਿਆਂ ਅਮਰੋਹੇ ਤੋਂ ਦਿੱਲੀ ਵਾਸਤੇ ਚਾਲੇ ਪਾਏ। ਗੜ੍ਹ ਮੁਕਤੇਸ਼ਵਰ 'ਚੋਂ ਲੰਘਦਿਆਂ ਪੰਜਾਬੀਆਂ ਦੀਆਂ ਕੁਝ ਦੁਕਾਨਾਂ ਵੇਖ ਸੇਵਕ ਨੂੰ ਗੱਡੀ ਰੋਕਣ ਦਾ ਇਸ਼ਾਰਾ ਕੀਤਾ। ਨਿਜੀ ਸੇਵਕ ਮਹਿੰਦਰ ਸਿੰਘ ਪੂਰਬਾ ਨੂੰ ਹੁਕਮ ਕੀਤਾ ਕਿ ਇਨ੍ਹਾਂ ਦੁਕਾਨਾਂ ਤੋਂ ਜੜ੍ਹਾ ਵਾਲੀਏ ਸ੍ਰ. ਗੁਰਮੁਖ ਸਿੰਘ ਹੁਰਾਂ ਦਾ ਅਤਾ-ਪਤਾ ਕਰਕੇ ਆਓ।ਪੂਰਬਾ ਜੀ ਗੱਡੀ ਚੋਂ ਉਤਰੇ ਅਤੇ ਇੱਕ-ਇੱਕ ਕਰਕੇ ਕਈ ਦੁਕਾਨਾਂ ਤੋਂ ਸ੍ਰ. ਗੁਰਮੁਖ ਸਿੰਘ ਦਾ ਪਤਾ ਕੀਤਾ। ਪਰ ਕੋਈ ਵੀ ਤਸੱਲੀ ਬਖਸ਼ ਜੁਆਬ ਨਹੀਂ ਸੀ ਮਿਲਿਆ। ਪੂਰਬੇ ਨੇ ਆ ਸਤਿਗੁਰੂ ਜੀ ਕੋਲ ਅਰਜ਼ ਕੀਤੀ। ਪਾਤਸ਼ਾਹ ਜੀ ਬਚਨ ਕੀਤਾ, ਪੰਜਾਬੀ ਟ੍ਰੈਕਟਰ ਮਕੈਨਕਾਂ ਦੀਆਂ ਦੁਕਾਨਾਂ ਪਤਾ ਕਰਕੇ ਆਓ ਕਿਧਰ ਹਨ। ਬਚਨ ਕੀਤਾ ਗੁਰਮੁਖ ਸਿੰਘ ਖੇਤੀ ਕਰਦੇ ਹਨ ਟ੍ਰੈਕਟਰ ਹੋਵੇਗਾ ਕਿਸੇ ਵਰਕਸ਼ਾਪ ਤੇ ਆਉਂਦੇ ਹੋਣਗੇ ਉਥੋਂ ਕੁਝ ਪਤਾ ਲਗ ਸੱਕਦਾ ਹੈ। ਪੂਰਬਾ ਜੀ ਫਿਰ ਗਏ ਅਤੇ ਇਕ ਦੁਕਾਨ ਤੋਂ ਟ੍ਰੈਕਟਰ ਮਕੈਨਕਾਂ ਦੀਆਂ ਦੁਕਾਨਾਂ ਦਾ ਅਤਾ ਪਤਾ ਕਰਕੇ ਆ ਅਰਜ਼ ਕੀਤੀ। ਡਰਾਈਵਰ ਨੂੰ ਉਸ ਪਾਸੇ ਜਾਣ ਦਾ ਹੁਕਮ ਹੋਇਆ। ਪੰਜਾਬੀ ਟ੍ਰੈਕਟਰ ਮਕੈਨਕਾਂ ਦੀਆਂ ਦੁਕਾਨਾਂ ਦੇ ਸਾਹਮਣੇ ਪੁੱਜ ਕੇ ਗੱਡੀ ਰੁੱਕ ਗਈ ਅਤੇ ਪੂਰਬਾ ਜੀ ਗੱਡੀ ਤੋਂ ਉਤਰ ਸ੍ਰ. ਗੁਰਮੁਖ ਸਿੰਘ ਜੜ੍ਹਾਂ ਵਾਲੀਏ ਦਾ ਅਤਾ ਪਤਾ ਕਰਨ ਟ੍ਰੈਕਟਰ ਮਕੈਨਿਕਾਂ ਵਲ ਗਏ। ਇਕ ਪੰਜਾਬੀ ਮਕੈਨਕ ਨੇ ਆਖਿਆ ਉਹ ਤੇ ਹੁਣੇ ਅੱਧਾ ਘੰਟਾ ਪਹਿਲੋਂ ਫਾਰਮ ਨੂੰ ਵਾਪਸ ਗਏ ਹਨ। ਪੂਰਬਾ ਜੀ ਨੇ ਉਨ੍ਹਾਂ ਕੋਲੋਂ ਰਾਹ ਰਾਸਤੇ ਅਤੇ ਥਹੁ ਟਿਕਾਣੇ ਦਾ ਪੂਰਾ ਪਤਾ ਕੀਤਾ। ਜਦੋਂ ਪੂਰਬਾ ਜੀ ਵਾਪਸ ਗੱਡੀ ਵੱਲ ਪਰਤਣ ਲੱਗੇ ਤਾਂ ਉਸ ਸਰਦਾਰ ਜੀ ਨੇ ਨਵੀਂ ਨਕੋਰ ਮਰਸਰੀ ਗੱਡੀ ਵੇਖ ਪੂਰਬਾ ਜੀ ਨੂੰ ਅਵਾਜ਼ ਮਾਰੀ ਤੇ ਪੁੱਛਿਆ ਕਿ ਕੀ ਤੁਸੀਂ ਇਸ ਗੱਡੀ ਵਿੱਚ ਜਾਓਗੇ। ਪੂਰਬਾ ਜੀ ਦੇ ਹਾਂਅ ਆਖਣ 'ਤੇ ਉਸਨੇ ਰਸਤੇ ਦੀ ਬਦਹਾਲੀ ਬਾਰੇ ਵਿਸਤਾਰ ਨਾਲ ਦੱਸਿਆ। ਪੂਰਬਾ ਜੀ ਵਾਪਸ ਪਤਾਸ਼ਾਹ ਜੀ ਕੋਲ ਪਹੁੰਚ ਸਭੋ ਕੁਝ ਵੇਰਵੇ ਸਹਿਤ ਅਰਜ਼ ਕਰ ਦਿੱਤੀ।

ਪਾਤਸ਼ਾਹ ਜੀ ਨੇ ਡਰਾਈਵਰ ਨੂੰ ਪਿਛਲੀ ਸੀਟ 'ਤੇ ਆਉਣ ਦਾ ਹੁਕਮ ਕੀਤਾ ਅਤੇ ਆਪ ਗੱਡੀ ਦਾ ਸਟੇਅਰਿੰਗ ਸੰਭਾਲਦਿਆਂ ਪੂਰਬਾ ਜੀ ਨੂੰ ਨਾਲ ਵਾਲੀ ਸੀਟ ਤੇ ਬੈਠਣ ਦਾ ਹੁਕਮ ਕੀਤਾ। ਤਿੰਨ ਕੁ ਕਿਲੋਮੀਟਰ ਪੱਕੀ ਸੜਕ ਤੋਂ ਬਾਅਦ ਵੱਟੇ, ਰੋੜੀ ਵਿਛੀ ਸੜਕ ਸ਼ੁਰੂ ਹੋ ਗਈ ਅਜੇ ਦੋ ਕੁ ਕਿਲੋਮੀਟਰ ਗੱਡੀ ਗਈ ਸੀ ਕਿ ਠਿੱਬਲ-ਠੋਲਿਆਂ ਵਾਲਾ ਕੱਚਾ ਰਸਤਾ ਸ਼ੁਰੂ ਹੋ ਗਿਆ, ਚਿੱਕੜ ਅਤੇ ਗਾਰੇ ਵਾਲੇ ਰਸਤਿਆਂ ਤੋਂ ਲੰਘਦਿਆਂ ਅੱਗੇ ਦਰਿਆ ਦੇ ਛੰਭ ਵਾਲਾ ਟ੍ਰੈਕਟਰ ਦੀਆਂ ਲੀਹਾਂ ਵਾਲਾ ਚਿੱਕੜ ਭਰਿਆ ਰਸਤਾ। ਪੁਛਦੇ-ਪੁਛਾਂਦੇ ਸ੍ਰ. ਗੁਰਮੁਖ ਸਿੰਘ ਜੜ੍ਹਾਂਵਾਲੀਏ ਨੂੰ ਨਿਵਾਜਣ ਅੱਜ ਦੀਨ ਦੁਨੀ ਦਾ ਵਾਲੀ ਆਪ ਚਾਲਕ ਬਣ ਪਤਾ ਨਹੀਂ ਆਪਣੇ ਸਿੱਖ ਦੀ ਕਿਸ ਵੇਦਨਾ ਦੀ ਪੂਰਤੀ ਲਈ ਔਖੇ ਤੇ ਅਵੱਲੇ ਰਾਹੀਂ ਜਾ ਤੁਰੇ ਸਨ। ਨਵੀਂ ਨਕੋਰ ਚਿੱਟੀ ਮਰਸਰੀ ਗਾਰੇ ਚਿੱਕੜ ਨਾਲ ਲੱਥ-ਪੱਥ ਅਗਾਂਹ ਵਧ ਰਹੀ ਸੀ। ਅਗਾਂਹ ਗੜ੍ਹ ਗੰਗਾ ਦੇ ਨਿਰਮਲ ਜਲ ਦੀ ਧਾਰਾ ਵਹਿ ਰਹੀ ਸੀ, ਹਜੂਰ ਨੇ ਗੱਡੀ ਰੋਕ ਦਿੱਤੀ। ਬੜੇ ਸਹਿਜਤਾ ਨਾਲ ਆਖਿਆ, ਚੱਲੋ ਫਿਰ ਇਸ਼ਨਾਨ ਹੀ ਕਰ ਲਈਏ।

ਗੱਡੀ ਦਾ ਪਿੱਛਾ ਕਰਦੇ ਦੋ ਨਾਮਧਾਰੀ ਸਿੰਘ ਗੜ੍ਹ ਮੁਕਤੇਸ਼ਵਰ ਤੋਂ ਹੀ ਗੱਡੀ ਦੇ ਪਿੱਛੇ ਪਿੱਛੇ ਟ੍ਰੈਕਟਰ ਤੇ ਆ ਰਹੇ ਸਨ। ਜਿਉਂ ਹੀ ਸਤਿਗੁਰੂ ਜੀ ਗੱਡੀ ਤੋਂ ਬਾਹਰ ਨਿਕਲੇ ਉਹ ਦੋਵੇਂ ਸਿੰਘ ਟ੍ਰੈਕਟਰ ਖੜ੍ਹਾ ਕਰ ਛਾਲਾਂ ਮਾਰਦੇ ਆ ਸਤਿਗੁਰੂ ਜੀ ਦੇ ਚਰਨਾਂ ਨਾਲ ਲਿਪਟੇ।

ਦੂਰ ਆਪਣੇ ਫਾਰਮ ਤੇ ਖੜਾ ਬੜੀ ਨੀਝ ਨਾਲ ਕੱਚੇ ਰਾਹੀਂ ਚਿੱਕੜ ਗਾਰੇ ਨਾਲ ਲੱਥ-ਪੱਥ ਚਲੀ ਆ ਰਹੀ ਮਰਸਰੀ ਨੂੰ ਉਹ ਬੜੇ ਚਿਰ ਤੋਂ ਟਿਕ-ਟਿਕੀ ਲਗਾਈ ਵੇਖ ਰਿਹਾ ਸੀ। ਜਿਉਂ ਹੀ ਸਤਿਗੁਰੂ ਜੀ ਨੂੰ ਬਾਹਰ ਨਿਕਲੇ, ਵੇਖਿਆ ਗੁਰਮੁਖ ਸਿੰਘ, ਚਿੱਕੜ ਗਾਰੇ ਨਾਲ ਭਰੇ ਖੇਤਾਂ ਚੋਂ ਛਾਲਾਂ ਮਾਰਦਾ, ਚਿੱਕੜ ਨਾਲ ਲੱਥ-ਪੱਥ ਆ ਹਜ਼ੂਰ ਦੇ ਚਰਨਾਂ ਨੂੰ ਚਿੰਬੜ ਗਿਆ। ਪਤਾ ਨਹੀਂ ਅੱਜ ਸਤਿਗੁਰੂ ਜੀ ਦੇ ਅੰਦਰ ਗੁਰਮੁਖ ਸਿੰਘ ਨੂੰ ਮਿਲਣ ਦੀ ਖਿੱਚ ਸੀ ਜਾਂ ਗੁਰਮੁਖ ਸਿੰਘ ਦੀ ਬਿਰਹੋਂ ਦੀ ਤੜਪ ਏਨੀ ਬਿਹਵਲ ਸੀ ਕਿ ਸਤਿਗੁਰੂ ਜੀ ਬਾਰਾਂ ਸਾਲਾਂ ਤੋਂ ਵਿਛੜੇ ਗੁਰਮੁਖ ਸਿੰਘ ਨੂੰ ਆਣ ਲੱਭਾ ਸੀ।

ਗੁਰਮੁਖ ਸਿੰਘ ਵੈਰਾਗੀ ਹੋਇਆ ਵਾਰ ਵਾਰ ਕਹਿ

ਰਿਹਾ ਸੀ ਕਿ ਕਿਸੇ ਦਾ ਸਤਿਗੁਰੂ ਹੋਵੇ ਤਾਂ ਏਦਾਂ ਆਵੇ ਤੇ ਲੱਭ ਕੇ ਦਰਸ਼ਨ ਦੇਵੇ। ਗੁਰਮੁਖ ਸਿੰਘ ਨੂੰ ਜਿਵੇਂ ਕਾਰੂ ਦਾ ਖਜ਼ਾਨਾ ਮਿਲ ਗਿਆ ਹੋਵੇ। ਬਾਰ ਬਾਰ ਆਖੇ ਬਹੁਤ ਕਿਰਪਾ ਕੀਤੀ, ਮੇਰੇ ਵਾਸਤੇ ਕਿੰਨਾਂ ਕਸ਼ਟ ਜਰਿਆ, ਕਿੰਨੇ ਔਖੇ ਰਾਹਾਂ ਉੱਤੇ ਚਲ ਕੇ ਉਜਾੜ ਵਿਚ ਮੈਨੂੰ ਆ ਕੇ ਨਿਵਾਜਿਆ। ਪਾਤਸ਼ਾਹ ਬਖਸ਼ ਲਓ, ਆਪਣਾ ਬਣਾਈ ਰੱਖਿਓ, ਅਸੀਂ ਭੁੱਲਣਹਾਰ ਹਾਂ, ਤੂੰ ਬਖਸ਼ਣਹਾਰ ਹੈਂ, ਬਖਸ਼ ਲੈ, ਬਖਸ਼ ਲੈ।

ਇਸ ਅਵਸਥਾ ਦੀ ਗਹਿਨਤਾ ਅਤੇ ਸੁਖ ਨੂੰ ਜਾਂ ਸਿੱਖ ਸਮਝ ਸਕਦਾ ਹੈ ਜਾਂ ਸਤਿਗੁਰੂ। ਇਕ ਵਾਰ ਤੇ ਸਭ ਦੀਆਂ ਅੱਖਾਂ ਨਮ ਹੋ ਗਈਆਂ।

ਫਾਰਮ ਤੇ ਪਹੁੰਚ ਕੇ ਹਜ਼ੂਰ ਆਸਣ 'ਤੇ ਸੁਸ਼ੋਭਿਤ ਹੋਏ, ਘਰ ਪਰਿਵਾਰ, ਕਾਰ ਵਿਹਾਰ ਸਭ ਜੀਆਂ ਦੀ ਸੁਖ ਸਾਂਦ ਪੁੱਛੀ। ਅੱਜ ਸਿੱਖ ਅਤੇ ਸਤਿਗੁਰੂ ਦਾ ਮਿਲਾਪ ਕੋਈ ਅਲੌਕਿਕਤਾ ਸਿਰਜ ਰਿਹਾ ਸੀ। ਗੁਰਮੁਖ ਸਿੰਘ ਹੱਥ ਜੋੜੀ, ਵੈਰਾਗ ਦੀ ਮੂਰਤ ਬਣਿਆ ਬਾਰ ਬਾਰ ਆਖ ਰਿਹਾ ਸੀ, ਦੀਨਾ ਬੰਧੂ ਆਪਣੇ ਚਰਨਾਂ ਦੀ ਪ੍ਰੀਤ ਬਖਸ਼ੋ। ਸਿਦਕ ਦਾ ਦਾਨ ਦਿਓ, ਮੇਰੇ ਵੱਲ ਨਾ ਵੇਖੋ, ਤੂੰ ਬਖਸ਼ਣਹਾਰ ਏਂ, ਤੂੰ ਗਰੀਬ ਨਿਵਾਜ਼ ਏਂ, ਸਾਥੋਂ ਦੁਨਿਆਦਾਰਾਂ ਤੋਂ ਅਨੇਕਾਂ ਭੁੱਲਾਂ ਹੋ ਜਾਂਦੀਆਂ ਨੇ, ਪਾਤਸ਼ਾਹ ਜੀ ਸਾਨੂੰ ਆਪਣੇ ਚਰਨਾਂ ਨਾਲ ਜੋੜੀ ਰੱਖਿਓ। ਇੱਕ ਵਾਰ ਫਿਰ ਸਭ ਦੀਆਂ ਅੱਖਾਂ ਨਮ ਹੋ ਗਈਆਂ। ਗੁਰਮੁਖ ਸਿੰਘ ਦੀਆਂ ਬਾਰ ਬਾਰ ਕੀਤੀਆਂ ਅਜਿਹੀਆਂ ਜੋਦੜੀਆਂ ਸੁਣਕੇ, ਕਿਹੜਾ ਸੀ ਜਿਹੜਾ ਪਿਘਲਿਆ ਨਹੀਂ, ਹੋਰ ਤੇ ਹੋਰ ਅਤਿ ਧੀਰਜ ਧਾਰੀ, ਦ੍ਰਿੜਤਾ ਦੇ ਸੁਮੇਰ ਸਤਿਗੁਰੂ ਜੀ ਦੇ ਨੇਤਰਾਂ ਵਿਚ ਵੀ ਜਲ ਆ ਗਿਆ। ਹਜ਼ੂਰ ਨੇ ਆਪਣੇ ਦਸਤੇ-ਮੁਬਾਰਕ ਨਾਲ ਗੁਰਮੁਖ ਸਿੰਘ ਦੀ ਕੰਡ ਤੇ ਥਾਪੜਾ ਦੇ ਕੇ ਨਿਵਾਜਿਆ।

ਵਿਦਾ ਹੋਣ ਦਾ ਸਮਾਂ ਆ ਗਿਆ ਸੀ। ਗੁਰਮੁਖ ਸਿੰਘ ਨੇ ਆਪਣੇ ਗਲ ਪਾਈ ਫਤੂਹੀ ਅਤੇ ਕੁੜਤੇ ਦੀਆਂ ਜੇਬਾਂ ਚੋਂ ਸਾਰੀ ਮਾਇਆ ਕੱਢ ਕੇ ਹਜ਼ੂਰ ਦੇ ਚਰਨਾਂ ਵਿਚ ਭੇਟ ਕਰ ਹੱਥ ਜੋੜ ਲਏ। ਪਾਤਸ਼ਾਹ ਜੀ ਬਚਨ ਕੀਤਾ, ਗੁਰਮੁਖ ਸਿੰਘ ਤੂੰ ਇਥੇ ਔਝੜਾਂ-ਉਜਾੜਾਂ ਵਿਚ ਕੱਲਾ-ਕਾਰਾ ਜੂਝ ਰਿਹਾ ਏਂ, ਤੂੰ ਇਹ ਮਾਇਆ ਪਾਸ ਰੱਖ, ਤੇਰੇ ਕੰਮ ਆਏਗੀ।

ਗੁਰਮੁਖ ਸਿੰਘ ਦਾ ਗਲਾ ਭਰ ਆਇਆ, ਦੋਵੇਂ ਹੱਥ ਪਾਤਸ਼ਾਹ ਜੀ ਵਲ ਉਲਾਰ ਆਖਣ ਲੱਗਾ-
ਪਾਤਸ਼ਾਹ ਜਿਹਦੇ ਕੋਲ ਤੂੰ ਏ ਉਸਨੂੰ ਦੁਨਿਆਵੀ ਮਾਇਆ ਦੀ ਘਾਟ ਨਹੀਂ। ਇਹ ਮਾਇਆ ਤੇਰੀ ਬਖ਼ਸ਼ੀ ਹੋਈ ਏ।" ਰਾਹ ਵਿਚ ਵਾਪਸ ਆਉਂਦਿਆਂ ਮਾਤਾ ਜੀ ਨੇ ਸਤਿਗੁਰੂ ਜੀ ਨਾਲ ਗੁਰਮੁਖ ਸਿੰਘ ਦੀ ਪ੍ਰੀਤ ਸਨੇਹ ਦਾ ਮੁੜ ਜ਼ਿਕਰ ਛੇੜ ਲਿਆ। ਪਾਤਸ਼ਾਹ ਜੀ ਬਚਨ ਕੀਤਾ, ਗੁਰਬਾਣੀ ਦੀਆਂ ਇਹ ਤੁਕਾਂ ਹੀ ਰੂਪਮਾਨ ਹੋਇਆਂ ਜਾਪੀਆਂ ਹਨ ਕਿ:-

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥

## ਬਾਕੀ ਸਫੇ ਦੀ ਮਨਜੀਤ ਕੌਰ

ਸਾਹਮਣੇ ਇੱਕ ਪਿੱਪਲ ਸੀ। ਬੱਚਿਆਂ ਨੇ ਪਿੱਪਲ ਦੀ ਪੂਜਾ ਵੇਖੀ ਸੀ। ਉਹਨਾਂ ਨੇ ਉਸ ਵੱਲ ਧਿਆਨ ਧਰ ਹਥ ਜੋੜ ਅੱਖਾਂ ਮੀਟ ਕਿਹਾ, "ਭਗਵਾਨ ਹਮੇਂ ਬਚਾ ਲੋਂ, ਹਮੇਂ ਹਮਾਰੇ ਮਾਤਾ-ਪਿਤਾ ਸੇ ਮਿਲਾ ਦੋ। ਉਹਨਾਂ ਅੱਖਾਂ ਖੋਲੀਆਂ ਤਾਂ ਸਾਹਮਣੇ ਸਫੈਦ ਬਾਣੇ ਵਿੱਚ ਭਗਵਾਨ- ਬਾਬੇ ਦੇ ਰੂਪ ਵਿੱਚ ਸਨ। ਭਗਵਾਨ ਨੇ ਉਹਨਾਂ ਨੂੰ ਛੋਟੇ ਛੋਟੇ ਸੰਖ ਤੇ ਕੌਡੀਆਂ ਦਾ ਪ੍ਰਸ਼ਾਦ ਦਿਤਾ ਤੇ ਕਿਹਾ "ਘਬਰਾਓ ਨਾ ਤੁਹਾਡੇ ਪਿਤਾ ਜੀ ਆ ਕੇ ਤੁਹਾਨੂੰ ਲੈ ਜਾਣਗੇ।"

ਗੌਰਵ ਤੇ ਸੌਰਭ ਨੂੰ ਹੌਂਸਲਾ ਹੋਇਆ ਉਹ ਉਠੇ, ਨੇੜੇ ਇੱਕ ਦੁੱਧ ਵਾਲਾ ਸਾਇਕਲ ਤੇ ਜਾ ਰਿਹਾ ਸੀ। ਬੱਚਿਆਂ ਹੌਂਸਲਾ ਕਰਕੇ ਆਵਾਜ਼ ਮਾਰੀ, "ਅੰਕਲ, ਅੰਕਲ ਰੁਕੋ।" ਉਹ ਰੁਕਿਆ, ਬੱਚਿਆਂ ਨੇ ਕੋਲ ਜਾ ਕੇ ਕਿਹਾ, "ਅੰਕਲ ਹਮੇਂ ਕੋਈ ਦਿੱਲੀ ਸੇ ਉਠਾ ਲਾਇਆ ਹੈ। ਹਮਨੇ ਵਾਪਸ ਜਾਣਾ ਹੈ। ਹਮੇਂ ਸਟੇਸ਼ਨ ਪਰ ਛੋਡ ਦੋ।"

ਦੁੱਧ ਵਾਲੇ ਦੇ ਮਨ ਮਿਹਰ ਪਈ। ਉਹ ਦੋਹਾਂ ਨੂੰ ਲੈ ਕੇ ਨੇੜੇ ਦੇ ਪਿੰਡ ਦੇ ਪ੍ਰਧਾਨ ਕੋਲ ਛੱਡ ਆਇਆ। ਪ੍ਰਧਾਨ ਨੇ ਸਥਾਨਕ ਪੁਲਿਸ ਨੂੰ ਖ਼ਬਰ ਕੀਤੀ, ਉਸਨੇ ਦਿੱਲੀ ਦੀ ਪੁਲਿਸ ਨੂੰ। ਦਿੱਲੀਓਂ ਪੁਲਿਸ ਰਾਮ ਗੁਪਾਲ ਹੋਰਾਂ ਨਾਲ ਜਾ ਕੇ ਬਚਿੱਆਂ ਨੂੰ ਲੈ ਆਈ। ਉਹ 21 ਦਿਨਾਂ ਬਾਅਦ ਘਰ ਆਏ ਸਨ। ਘਰ ਵਿੱਚ ਸਭ ਨੂੰ ਭਰੋਸਾ ਸੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਹਾਲਾਤ ਐਸੇ ਬਣੇ ਹਨ ਕਿ ਬੱਚੇ ਮਿਲ ਗਏ ਹਨ।

9 ਦਸੰਬਰ 1993 ਨੂੰ ਸੱਚੇ ਪਾਤਸ਼ਾਹ ਜੀ ਨੇ ਫਿਰ ਦਿੱਲੀ ਦਿਵਾਨ ਵਿਚ ਦਰਸ਼ਨ ਦਿੱਤੇ। ਬੱਚਿਆਂ ਦਾ ਪਰਿਵਾਰ ਉਹਨਾਂ ਨੂੰ ਮੱਥਾ ਟਿਕਾਉਣ ਲਿਆਇਆ। ਮੱਥਾ ਟੇਕ ਕੇ ਬੱਚੇ ਆਪਣੇ ਪਿਤਾ ਨੂੰ ਕਹਿਣ ਲੱਗੇ, "ਡੈਡੀ, ਡੈਡੀ, ਯਹੀ ਵਾਲੇ ਬਾਬਾ ਜੀ ਥੇ, ਜਿਨ੍ਹੋਂ ਨੇ ਹਮੇਂ ਜੰਗਲ ਮੇਂ ਦਰਸ਼ਨ ਦੀਏ ਥੇ ਔਰ ਪ੍ਰਸ਼ਾਦ ਦੀਆ ਥਾ।" ਪਰਵਾਰ ਦੀ ਸਫ਼ੈਦ ਬਸਤਰ ਧਾਰੀ ਭਗਵਾਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ਼ਰਧਾ ਹੋਰ ਵਧ ਗਈ।

ਸਾਰੇ ਪਰਿਵਾਰ ਨੇ ਭਜਨ ਪੁੱਛ ਲਿਆ ਹੁਣ ਵੱਡੇ, ਬੱਚੇ ਸਭ ਭਜਨ ਕਰਦੇ ਹਨ ਤੇ ਜਦੋਂ ਸਤਿਗੁਰੂ ਜੀ ਦੇ ਦਿੱਲੀ ਦਰਸ਼ਨ ਹੋਣ ਦਾ ਪੱਤਾ ਲਗੇ ਤਾਂ ਦਰਸ਼ਨ ਕਰਨ ਜ਼ਰੂਰ ਆਉਂਦੇ ਹਨ।

# ਸਤਿਗੁਰ ਗਰੀਬ ਨਿਵਾਜ਼ ਹੈ

**ਰਾਜਵੰਤ ਕੌਰ (ਰਾਮਪੁਰਾ ਫੂਲ)**



ਸਾਡਾ ਪਰਿਵਾਰ 1947 ਦੀ ਭਾਰਤ ਦੀ ਖ਼ੂਨੀ ਵੰਡ ਸਮੇਂ ਪਿੰਡ ਭਿੱਖੀਕੇ ਜ਼ਿਲ੍ਹਾ ਸਿਆਲਕੋਟ ਤੋਂ ਆਕੇ ਪਹਿਲਾਂ ਹਿਸਾਰ, ਤੇ ਹਿਸਾਰ ਤੋਂ ਬਦਲਕੇ ਮੰਡੀ ਹਿਮਾਚਲ ਪ੍ਰਦੇਸ਼ ਵਿਖੇ ਵੱਸ ਗਿਆ ਸੀ। ਮੇਰੇ ਦਾਰ ਜੀ (ਪਿਤਾ ਜੀ) ਸੰਤ ਦਰਸ਼ਨ ਸਿੰਘ ਜੀ ਨੇ ਮੰਡੀ ਤੋਂ ਕੂਲੂ ਵੱਲ ਜਾਂਦੀ ਸੜਕ ਤੇ ਮੰਡੀ ਤੋਂ 15 ਕਿਲੋਮੀਟਰ ਦੀ ਦੂਰੀ ਤੇ ਪੰਡੋਹ ਵਿਖੇ ਕਿਰਾਏ ਤੇ ਤਾਂ ਲੈ ਕੇ ਆਰਾ ਮਸ਼ੀਨ ਲਗਾਈ, ਨਾਲ ਹੀ ਰੂੰ ਪੇਂਜੇ ਦਾ ਕੰਮ ਸ਼ੁਰੂ ਕੀਤਾ। ਪਰ ਸਖਤ ਮਿਹਨਤ ਦੇ ਬਾਵਜੂਦ ਕਾਮਯਾਬੀ ਨਾ ਮਿਲੀ। ਮੇਰੇ ਤਾਇਆ ਸਵਰਨ ਸਿੰਘ ਜੀ ਦਿੱਲੀ ਵਿਖੇ ਸੈੱਟ ਹੋ ਗਏ ਸਨ।

ਦਾਰ ਜੀ ਦੇ ਦੱਸਣ ਮੁਤਾਬਕ ਗੱਲ ਜੂਨ 1966 ਈ: ਦੀ ਹੈ ਜਦੋਂ ਤਾਇਆ ਜੀ ਪੰਡੋਹ ਵਿਖੇ ਮਿਲਣ ਆਏ ਹੋਏ ਸਨ। ਤਾਇਆ ਜੀ ਨੇ ਦਾਰ ਜੀ ਤੋਂ ਕੰਮ ਕਾਰ ਬਾਰੇ ਪੁੱਛਿਆ ਤਾਂ ਦਾਰ ਜੀ ਨੇ ਦੱਸਿਆ ਕਾਰੋਬਾਰ ਦਾ ਤਾਂ ਬਹੁਤ ਮੰਦਾ ਹੀ ਹੈ, ਵਿਹਲਿਆਂ ਵਰਗੇ ਹਾਂ। ਤਾਇਆ ਜੀ ਨੇ ਆਖਿਆ ਚੱਲੋ ਦਿੱਲੀ ਚੱਲਦੇ ਹਾਂ ਉੱਥੇ ਕਾਰੋਬਾਰ ਕਰਾਂਗੇ ਕਾਮਯਾਬੀ ਮਿਲੇਗੀ।

ਦਾਰ ਜੀ ਨੇ ਆਖਿਆ ਮੈਂ ਚਲਾ ਤਾਂ ਜਾਵਾਂਗਾ ਪਰ ਜਾਵਾਂਗਾ ਪਾਤਸ਼ਾਹ ਜੀ (ਸਤਿਗੁਰੂ ਜਗਜੀਤ ਸਿੰਘ ਜੀ ) ਤੋਂ ਆਗਿਆ ਲੈ ਕੇ। ਉਹਨਾਂ ਦਿਨਾਂ ਵਿੱਚ ਪਾਤਸ਼ਾਹ ਜੀ ਵੀ ਅਚਾਨਕ ਮੰਡੀ ਆਏ ਹੋਏ ਸਨ। ਦੋਵੇਂ ਭਰਾ ਦਾਰ ਜੀ ਅਤੇ ਤਾਇਆ ਜੀ ਮੰਡੀ ਵਿਖੇ ਜਾ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਹਾਜਰ ਹੋਏ। ਦਾਰ ਜੀ ਨੇ ਪਾਤਸ਼ਾਹ ਜੀ ਅੱਗੇ ਹੱਥ ਜੋੜਕੇ ਅਰਜ ਬੇਨਤੀ ਕੀਤੀ ਤੇ ਆਖਿਆ ਕਿ, "ਪਾਤਸ਼ਾਹ ਜੀ ਕਾਰੋਬਾਰ ਬਹੁਤ ਮੰਦਾ ਹੈ ਭਰਾਤਾ ਜੀ ਕਹਿੰਦੇ ਹਨ ਦਿੱਲੀ ਚੱਲੋ। ਆਪ ਜੀ ਖੁਸ਼ੀਆਂ ਬਖਸ਼ੋ ਜਿਵੇਂ ਆਪ ਜੀ ਦਾ ਹੁਕਮ ਹੈ? ਬਖਸ਼ਿਸ਼ਾਂ ਕਰੋ" ਪਾਤਸ਼ਾਹ ਜੀ ਨੇ ਮੁਖਾਰਬਿੰਦ ਤੋਂ ਬਚਨ ਕੀਤਾ, " ਤੂੰ ਪੰਡੋਹ ਵਿਖੇ ਹੀ ਠੀਕ ਹੈਂ, ਉੱਥੇ ਹੀ ਕਾਰੋਬਾਰ ਕਰ। ਕੁਛ ਤੂੰ ਹਿੰਮਤ ਕਰੀਂ,ਕੁਛ ਮੈਂ ਕਰਾਂਗਾ।" ਤਾਇਆ ਜੀ ਵੱਲ ਇਸ਼ਾਰਾ ਕਰਕੇ ਪਾਤਸ਼ਾਹ ਜੀ ਨੇ ਆਖਿਆ, "ਇਹਨੇਂ (ਸਵਰਨ ਸਿੰਘ) ਦਿੱਲੀ ਜਾਣਾ ਹੈ ਚਲਿਆ ਜਾਵੇ ਪਰ ਤੂੰ ਨਹੀਂ ਜਾਣਾ"

ਦਾਰ ਜੀ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈ ਕੇ ਪੰਡੋਹ ਵਿਖੇ ਘਰ ਆਏ ਤੇ ਪਾਤਸ਼ਾਹ ਜੀ ਦਾ ਓਟ ਆਸਰਾ ਲੈ ਕੇ ਕਾਰੋਬਾਰ ਕਰਨ ਲੱਗੇ। ਪੰਡੋਹ ਵਿਖੇ ਥੋੜੀ ਜਿਹੀ ਥਾਂ ਵਿੱਚ ਆਰਾ ਮਸ਼ੀਨ ਲੱਗੀ ਹੋਈ ਸੀ। ਇਕ ਕੋਨੇ ਵਿੱਚ ਪੇਂਜਾ। ਲੱਕੜਾਂ ਦੇ ਫੱਟਿਆਂ ਦਾ ਇਕ ਛੋਟਾ ਜਿਹਾ ਕਮਰਾ ਬਣਿਆ ਹੋਇਆ ਸੀ। ਕੱਪੜੇ ਧੋਣ ਵਾਲਾ ਇਕ ਬਾਥਰੂਮ ਜਿਸਦਾ ਲੱਕੜ ਦੇ ਫੱਟਿਆ ਨਾਲ ਹੀ ਪਰਦਾ ਕੀਤਾ ਹੋਇਆ ਸੀ। ਮੇਰਾ ਵੱਡਾ ਭਰਾ ਮਨਮੋਹਨ ਸਿੰਘ 4 ਕੁ ਵਰ੍ਹਿਆਂ ਦਾ ਸੀ ਅਤੇ ਮੇਰੀ ਸੁਖਵੰਤ ਦੀਦੀ ਤਿੰਨ ਕੁ ਮਹੀਨਿਆਂ ਦੀ

1966 ਈ: ਦਾ ਹੀ ਭਾਦਰੋਂ ਦਾ ਮਹੀਨਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਗੱਡੀਆਂ ਤੇਜ਼ੀ ਨਾਲ ਮੰਡੀ ਤੋਂ ਕੂਲੂ ਵੱਲ ਲੰਘ ਗਈਆਂ, ਦਾਰ ਜੀ ਨੇ ਵੇਖ ਲਈਆਂ। ਦਾਰ ਜੀ ਦੀ ਤਰਾਅ ਨਿਕਲ ਗਈ, ਮਨ ਉਤੇਜਿਤ ਹੋ ਗਿਆ। ਪਰ ਦਾਰ ਜੀ ਕਰ ਕੁਝ ਨਹੀਂ ਸਕਦੇ ਸਨ, ਗੱਡੀਆਂ ਤਾਂ ਲੰਘ ਗਈਆਂ ਸਨ। ਦਾਰ ਜੀ ਦੇ ਮਨ ਵਿੱਚ ਆਇਆ ਪਾਤਸ਼ਾਹ ਜੀ ਕਹਿੰਦੇ ਸਨ ਕੁਛ ਹਿੰਮਤ ਤੂੰ ਕਰੀਂ ਕੁਛ ਮੈਂ ਕਰਾਂਗਾ ਪਰ ਪਾਤਸ਼ਾਹ ਚੁੱਪ ਕਰਕੇ ਕੋਲੋਂ ਲੰਘ ਗਏ। ਕਾਸ਼! ਰੁਕ ਜਾਂਦੇ, ਘਰ ਨੂੰ ਭਾਗ ਲਾ ਜਾਂਦੇ। ਔਖੇ ਮਨ ਨਾਲ ਦਾਰ ਜੀ ਨੇ ਮੇਰੀ ਬੀਜੀ (ਮਾਤਾ ਜੀ) ਨੂੰ ਆਖਿਆ, "ਸਤਿਗੁਰੂ ਵੀ ਅਮੀਰਾਂ ਦਾ ਹੀ ਹੈ ਸਾਡੇ ਕਿੱਥੇ ਆਉਂਦਾ ਹੈ"

ਅੱਗੋਂ ਬੀਜੀ ਨੇ ਆਖਿਆ, "ਇੰਜ ਨਾ ਆਖ, ਸਤਿਗੁਰੂ ਗਰੀਬ ਨਿਵਾਜ ਹੈ" ਦਾਰ ਜੀ ਨੇ ਸੋਚਿਆ ਚਲੋ ਜਦੋਂ ਪਾਤਸ਼ਾਹ ਜੀ ਕੁੱਲੂ ਵੱਲੋਂ ਵਾਪਸ ਆਉਣਗੇ ਖਿਆਲ ਰੱਖਾਂਗਾ।

ਦੋ ਦਿਨ ਬਾਅਦ ਅਚਾਨਕ ਦਾਰ ਜੀ ਦੀ ਨਜ਼ਰ ਕੁੱਲੂ ਰੋਡ ਵੱਲ ਪਈ ਤਾਂ ਦਾਰ ਜੀ ਨੇ ਦੂਰੋਂ ਵੇਖਿਆ ਕਿ ਚਾਰ ਪੰਜ ਨਾਮਧਾਰੀ ਸੜਕੇ ਸੜਕ ਤੁਰਦੇ ਆ ਰਹੇ ਹਨ ਤੇ ਦਾਰ ਜੀ ਵੀ ਉਤਸੁਕਤਾ ਨਾਲ ਅੱਗੋਂ ਉਧਰ ਨੂੰ ਚੱਲ ਪਏ। ਜਦੋਂ ਨੇੜੇ ਪਹੁੰਚੇ ਤਾਂ ਵੇਖਕੇ ਮਨ ਗਦ ਗਦ ਹੋ ਗਿਆ, ਮਨ ਚਾਵਾਂ ਨਾਲ ਭਰ ਗਿਆ। ਦਾਰ ਜੀ ਵੀ ਵੇਖਕੇ ਹੈਰਾਨ ਰਹਿ ਗਏ ਕਿ ਪਾਤਸ਼ਾਹ ਜੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਨਾਲ ਤੁਰਦੇ ਹੀ ਆ ਰਹੇ ਹਨ। ਦਾਰ ਜੀ ਪਾਤਸ਼ਾਹ ਜੀ ਦੇ ਚਰਨਾਂ ਤੇ ਢਹਿ ਪਏ, ਮੱਥਾ ਟੇਕਿਆ। ਪਾਤਸ਼ਾਹ ਜੀ ਦਾ ਮਿੱਠੀ ਮੁਸਕਾਨ ਨਾਲ ਅਸ਼ੀਰਵਾਦ ਪ੍ਰਾਪਤ ਕੀਤਾ। ਦਾਰ ਜੀ ਨੇ ਪਾਤਸ਼ਾਹ ਜੀ ਨੂੰ ਉਂਗਲ ਕਰਕੇ ਇਸ਼ਾਰੇ ਨਾਲ ਦੱਸਿਆ, "ਪਾਤਸ਼ਾਹ ਜੀ! ਮੈਂ ਉੱਥੇ ਰਹਿੰਦਾ ਹਾਂ।" ਪਾਤਸ਼ਾਹ ਜੀ ਅੱਗੋਂ ਬਖਸ਼ਿਸ਼ਾਂ ਦਾ ਮੀਂਹ ਵਰਾਉਂਦਿਆਂ ਆਖਿਆ, "ਚਲੋ ਘਰ ਚੱਲਦੇ ਹਾਂ।"ਪਾਤਸ਼ਾਹ ਜੀ ਦੇ ਨਾਲ ਸਨ ਗੁਰਭਜਨ ਸਿੰਘ ਸੈਕਟਰੀ, ਸੰਤ ਬਲਕਾਰ ਸਿੰਘ, ਇਕ ਵੱਡੀ ਉਮਰ ਦੇ ਹੋਰ ਸੰਤ ਤੇ ਇਕ 13 ਕੁ ਸਾਲ ਦਾ ਲੜਕਾ ( ਠਾਕੁਰ ਦਲੀਪ ਸਿੰਘ)

ਪਾਤਸ਼ਾਹ ਜੀ ਨੇ ਆ ਘਰ ਨੂੰ ਭਾਗ ਲਾਏ। ਬੀਜੀ ਦੀ ਵੀ ਖੁਸ਼ੀ ਦੀ ਹੱਦ ਨਾ ਰਹੀ, ਮਨ ਖੁਸ਼ੀਆਂ ਅਤੇ ਖੇੜਿਆਂ ਨਾਲ ਭਰ ਗਿਆ। ਬੀਜੀ ਨੂੰ ਮੱਥਾ ਟੇਕਦਿਆਂ ਨੂੰ ਪਾਤਸ਼ਾਹ ਜੀ ਨੇ ਆਖਿਆ, "ਬੀਬੀ ਭੁੱਖ ਬਹੁਤ ਲੱਗੀ ਹੈ ਲੰਗਰ ਤਿਆਰ ਕਰੋ।" ਗੁਰਬਾਣੀ ਦਾ ਇਹ ਸ਼ਬਦ ਪ੍ਰਤੱਖ ਰੂਪਮਾਨ ਹੋ ਗਿਆ-
ਭਾਗੁ ਹੋਆ ਗੁਰਿ ਸੰਤ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ (ਅੰਗ ੯੬)

ਬੀਜੀ ਫਟਾ ਫਟ ਭਾਂਡੇ ਸੁੱਕ ਮਾਂਜ ਕਰਨ ਲੱਗ ਪਏ। ਸੰਤ ਬਲਕਾਰ ਸਿੰਘ ਜੀ ਡੋਹਣਾ ਲੈ ਕੇ ਦਰਿਆ ਤੋਂ ਪਾਣੀ ਲਿਆਉਣ ਲੱਗ ਪਏ। ਜਦੋਂ ਦਾਰ ਜੀ ਆਲੂ ਪਿਆਜ਼ ਲੈ ਕੇ ਆਏ ਤਾਂ ਪਾਤਸ਼ਾਹ ਜੀ ਨੇ ਆਖਿਆ ਆਲੂ ਪਿਆਜ਼ ਮੈਨੂੰ ਦੇ ਦਿਉ, ਮੈਂ ਛਿੱਲ ਦੇਂਦਾ ਹਾਂ। ਪਾਤਸ਼ਾਹ ਜੀ ਨੇ ਆਲੂ ਪਿਆਜ਼ ਛਿੱਲੇ। ਬੀਜੀ ਨੇ ਪਾਣੀ ਗਰਮ ਕੀਤਾ। ਪਾਤਸ਼ਾਹ ਜੀ ਨੇ ਚਰਨ ਧੋਤੇ, ਚਰਨਾਂ ਨੂੰ ਸਰੋਂ ਦਾ ਤੇਲ ਲਗਾਇਆ ।ਪਾਤਸ਼ਾਹ ਜੀਫੱਟਿਆਂ ਦੇ ਬਣੇ ਛੋਟੇ ਜਿਹੇ ਕਮਰੇ ਵਿਚ ਬਿਰਾਜ ਗਏ। ਸਾਰਿਆਂ ਨੇ ਰਲ ਕੇ ਲੰਗਰ ਤਿਆਰ ਕੀਤਾ।

ਪਾਤਸ਼ਾਹ ਜੀ ਕੁਝ ਸਮੇਂ ਬਾਅਦ ਅਰਾਮ ਕਰਕੇ ਉਠੇ। ਲੱਕੜ ਦੇ ਫੱਟਿਆਂ ਦੇ ਬਣੇ ਬਾਥਰੂਮ ਵਿਚ ਪਰਦਾ ਲਾ ਕੇ ਪਾਤਸ਼ਾਹ ਜੀ ਨੇ ਇਸ਼ਨਾਨ ਕੀਤਾ। ਉਸ ਵਕਤ ਘਰ ਪਊਏ ਵੀ ਨਹੀਂ ਸਨ। ਪਾਤਸ਼ਾਹ ਜੀ ਫੱਟਿਆਂ ਤੇ ਚਰਨ ਰੱਖ ਕੇ ਕਮਰੇ ਵਿਚ ਆ ਗਏ। ਪਾਤਸ਼ਾਹ ਜੀ ਜਦੋਂ ਪ੍ਰਸ਼ਾਦਾ ਛੱਕ ਰਹੇ ਸਨ ਤਾਂ ਬੀਜੀ ਨੇ ਸੰਤ ਬਲਕਾਰ ਸਿੰਘ ਜੀ ਤੋਂ ਪੁੱਛਿਆ ਕਿ ਪਾਤਸ਼ਾਹ ਜੀ ਕਿੱਥੋਂ ਤੁਰ ਕੇ ਆਏ ਹਨ ? ਤਾਂ ਸੰਤਾਂ ਨੇ ਦੱਸਿਆ, ਪਿੱਛੇ ਰਸਤਾ ਬੰਦ ਸੀ, ਗੱਡੀਆਂ ਨਿਕਲਣ ਨੂੰ ਥੋੜਾ ਵਕਤ ਲੱਗਣਾ ਸੀ। ਅਸੀਂ ੭ ਮੀਲ ਤੋਂ ਤੁਰ ਕੇ ਆਏ ਹਾਂ। ਪਾਤਸ਼ਾਹ ਜੀ ਖਿੜਕੀ ਵਿਚੋਂ ਵੇਖ ਰਹੇ ਸਨ ਤਾਂ ਪਾਤਸ਼ਾਹ ਜੀ ਨੇ ਆਪਣੇ ਮੁਖਾਰਬਿੰਦ ਤੋਂ ਮੁਸਕਰਾਂਦਿਆਂ ਆਖਿਆ, "ਬੀਬੀ ਤੁਹਾਡੇ ਨਾਲ ਕੀਤਾ ਬਚਨ ਨਿਭਾਉਣ ਆਏ ਹਾਂ"।

ਪਾਤਸ਼ਾਹ ਜੀ ਨੇ ਪ੍ਰਸ਼ਾਦਾ ਛਕ ਕੇ ਕਾਰੋਬਾਰ ਤੇ ਨਜ਼ਰ ਮਾਰੀ, ਘਰ ਦਾ ਅਤੇ ਹੋਰ ਕਾਰੋਬਾਰ ਹਰ ਕੋਨਾ ਵੇਖਿਆ। ਪਾਤਸ਼ਾਹ ਜੀ ਦੇ ਨਾਲ ਵਾਲੇ ਸਿੰਘਾਂ ਨੇ ਵੀ ਪ੍ਰਸ਼ਾਦਾ ਛਕ ਲਿਆ। ਪਿੱਛੋਂ ਗੱਡੀਆ ਵੀ ਆ ਗਈਆਂ, ਜਿੰਨ੍ਹਾਂ ਵਿਚ ਹੋਰ ਸੰਗਤ ਤੋਂ ਇਲਾਵਾ ਮਾਤਾ ਚੰਦ ਕੌਰ ਜੀ, ਬੇਬੇ ਦਲੀਪ ਕੌਰ ਜੀ, ਬੀਬਾ ਜੀ, ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਵੀ ਸਨ। ਸਾਰੀ ਸੰਗਤ ਨੇ ਪ੍ਰਸ਼ਾਦਾ ਛੱਕਿਆ। ਮਾਤਾ ਚੰਦ ਕੌਰ ਜੀ ਪਾਤਸ਼ਾਹ ਜੀ ਵਾਲੀ ਗੱਡੀ ਵਿਚ ਮੰਡੀ ਚੱਲੇ ਗਏ। ਮਗਰੋਂ ਬੇਬੇ ਜੀ, ਬੀਬਾ ਜੀ ਨੇ ਵੀ ਇਸ਼ਨਾਨ ਕੀਤਾ। ਮਗਰੋਂ ਬੇਬੇ ਦਲੀਪ ਕੌਰ ਜੀ ਨੇ ੭-੮ ਸਾਲ ਦੇ ਠਾਕੁਰ ਉਦੇ ਸਿੰਘ ਜੀ ਦਾ ਇਸ਼ਨਾਨ ਕਰਵਾਇਆ।ਸਾਰਿਆਂ ਪ੍ਰਸ਼ਾਦਾ ਛੱਕਿਆ ਅਤੇ ਖੁਸ਼ੀਆਂ ਦੇ ਭੰਡਾਰੇ ਬਖਸ਼ ਕੇ ਚਲੇ ਗਏ।

ਫਿਰ ਦਾਰ ਜੀ ਨੇ ਨਾਲ ਚੱਕੀ ਲਗਾਈ। ਉਸ ਵਕਤ ਪਾਕਿਸਤਾਨ ਅਤੇ ਭਾਰਤ ਦੀ ਜੰਗ ਹੋ ਕੇ ਹਟੀ ਸੀ ਤੇ ਵੱਡੀ ਗਿਣਤੀ ਵਿਚ ਤਿੱਬਤੀ ਲੋਕ ਇਥੇ ਠਹਿਰੇ ਹੋਏ ਸਨ। ਉਹ ਹਰ ਰੋਜ਼ ਕੁਇੰਟਲਾਂ ਦੇ ਕੁਇੰਟਲ ਆਟਾ ਖਰੀਦਣ ਲੱਗੇ। ਉਹਨਾਂ ਦੀ ਮੰਗ ਤੇ ਹੀ ਦਾਰ ਜੀ ਨੇ ਕਰਿਆਨੇ ਦਾ ਕਾਰੋਬਾਰ ਕੀਤਾ। ਕਾਰੋਬਾਰ ਚਮਕ ਉਠਿਆ। ਫਿਰ ਦਾਰ ਜੀ ਨੇ ਮੰਡੀ ਵਾਲਾ ਘਰ ਬਣਾਇਆ। ਪੰਡੋਹ ਵਿਖੇ ਜਗ੍ਹਾ ਖਰੀਦੀ ਅਤੇ ਘਰ ਬਣਾਇਆ। ਪਾਤਸ਼ਾਹ ਜੀ ਨੇ ਕਾਰੋਬਾਰਾਂ ਵਿਚ ਵੱਡੀਆਂ ਬਰੱਕਤਾਂ ਪਾਈਆਂ। ਪਾਤਸ਼ਾਹ ਜੀ ਜਦੋਂ ਵੀ ਕੁੱਲੂ ਵੱਲ ਜਾਂਦੇ ਤਾਂ ਬਹੁਤੀ ਵਾਰ ਘਰ ਚਰਨ ਪਾ ਕੇ ਹਾਲ ਚਾਲ ਪੁੱਛ ਕੇ ਹੀ ਜਾਂਦੇ। ਕਈ ਵਾਰ ਅੰਮ੍ਰਿਤ ਵੇਲੇ ਸੁੱਤਿਆਂ ਨੂੰ ਵੀ ਆ ਜਗਾਉਂਦੇ। ਦਾਰ ਜੀ ਦੇ ਵੱਡੇ ਸਪੁੱਤਰ ਮਨਮੋਹਨ ਸਿੰਘ ਨੇ ੨੨ ਦਸੰਬਰ ੨੦੦੫ ਤੋਂ ੨੦੧੫ ਤੱਕ ਲਗਾਤਾਰ ਦੋ ਪਾਰੀਆਂ ਵਿਚ ਪੰਚ ਸਰਪੰਚ ਦੀ ਚੋਣ ਜਿੱਤ ਕੇ ਪੰਡੋਹ ਦੀ ਰਾਜਨੀਤਿਕ ਅਗਵਾਈ ਕੀਤੀ। ਇਹ ਪਾਤਸ਼ਾਹ ਜੀ ਦੀ ਹੀ ਬਖਸ਼ਿਸ਼ ਹੈ ਕਿ ਜੇਕਰ ਉਹਨਾਂ ਦੀ ਸੁਵੱਲੀ ਨਜ਼ਰ ਹੋ ਜਾਵੇ ਤਾਂ ਲੱਖਾਂ ਖੁਸ਼ੀਆਂ ਆ ਕੇ ਪੈਰ ਚੁੰਮਦੀਆਂ ਹਨ -
ਲੱਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ।-

ਇਹ ਗਰੀਬ ਨਿਵਾਜ਼ ਬੇਅੰਤ ਪਾਤਸ਼ਾਹ ਜੀ ਹੀ ਹਨ ਜਿੰਨਾਂ ਨਾਨਕ ਰੂਪ ਧਾਰ ਹਜ਼ਾਰਾਂ ਲਾਲੋਆਂ ਨੂੰ ਤਾਰਿਆ ਹੈ ਅਤੇ ਆਪਣੇ ਵਿਦੁਰ ਰੂਪੀ ਭਗਤਾਂ ਦੀ ਕਿਰਤ ਨੂੰ ਭਾਗ ਲਾਏ। ਹੁਣ ਦਾਰ ਜੀ ਦਾ ਪਰਿਵਾਰ ਘੁੱਗ ਵੱਸਦਾ ਹੈ। ਅੱਜ ਹਾਜਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦਾਰ ਜੀ ਦੇ ਵਾਰਿਸ ਪਰਿਵਾਰ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਕੇ ਜਾਂਦੇ ਹਨ।
ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ॥
ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ॥

**ਮੋ: 94643-90220**

# ਪ੍ਰੇਸ਼ਾਨੀਆ ਮੇਰੀ ਉਨ ਸੇ ਨਾ ਕਹਿਨਾ.........

**ਅਜੀਤ ਸਿੰਘ ਲਾਇਲ**

ਫਿਰੰਗੀ ਹਕੂਮਤ ਦੇ ਅਕਹਿ ਤੇ ਅਸਹਿ ਜੁਲਮ ਝੱਲਦਿਆਂ, ਅਨੇਕਾਂ ਤਰ੍ਹਾਂ ਦੇ ਤਸੀਹੇ ਤੇ ਯਾਜਨਾਮਾਂ ਸਹਿ ਸਹਿ ਕੇ ਸ਼ਹੀਦੀਆਂ ਦੇ ਦੇ ਕੇ ਮਿਲ ਰਹੀ ਅਜ਼ਾਦੀ ਦਾ ਭਾਵੇਂ ਅਨੁਭਵ ਤੇ ਸੁਖਦ ਸਮਝਿਆ ਜਾ ਰਿਹਾ ਸੀ ਪਰ ਦੇਸ ਦੇ ਵੰਡਾਰੇ ਦੀਆਂ ਖਬਰਾਂ ਨੇ ਪੰਜ ਦਰਿਆਵਾਂ ਦੇ ਬਸ਼ਿੰਦਿਆਂ ਦੇ ਮਨਾ ਵਿੱਚ ਇਕ ਚੀਸ, ਇਕ ਕੰਬਣੀ ਇਕ ਝੁਨਝੁਣੀ ਛੇੜ ਦਿੱਤੀ ਸੀ। ਇਸੇ ਚੀਸ ਚੋਂ ਫਿਰ ਚੰਗਾੜੀਆਂ, ਅਤੇ ਫਿਰਕੂ ਕਤਲੋ ਗਾਰਤ ਨੇ ਦਾਨਵਤਾ ਦਾ ਰੂਪ ਧਾਰ ਲਿਆ ਸੀ ਇਸ ਫਿਰਕੂ ਤਾਂਡਵ ਨੇ ਨਰ ਸੰਘਾਰ ਦੀਆਂ ਹੱਦਾਂ ਹੀ ਤੋੜ ਦਿੱਤੀਆਂ ਸਨ। ਬਹੁਤ ਸਾਰੇ ਵਸਿੰਦਿਆਂ ਨੂੰ ਮਜ਼ਹਬੀ ਕਾਰਨਾ ਕਰਕੇ ਇਸ ਨਵੀਂ ਵਾਹੀ ਲੀਕ ਨੂੰ ਟੱਪਣਾ ਵੀ ਆਪਣੇ ਆਪ ਨੂੰ ਮਹਿਫੂਜ਼ ਸਮਝਣ ਦਾ ਭੁਲੇਖਾ ਸੀ ਜਰਾ ਠੰਢ ਠੰਢੋਰਾ ਹੋਇਆ ਤਾਂ ਇਸ ਭੁਲੇਖੇ ਦੀ ਸਮਝ ਆਉਣ ਲੱਗੀ। ਕਿਵੇਂ ਇਸ ਲੀਕ ਨੇ ਆਪਣੇ ਪਿਆਰਿਆਂ ਤੋਂ ਉਨਾਂ ਦੇ ਸਨੇਹ ਸਤਿਕਾਰ ਤੋਂ, ਆਪਣੇ ਪਨ ਤੋਂ, ਜਨਮ- ਭੋਇ ਤੋਂ ਵਿਛੋੜ ਕੇ ਰੱਖ ਦਿੱਤਾ ਸੀ। ਆਪਣੀ ਕਿਰਤ ਕਸਬ,ਸ਼ੌਕਾਂ ਦਾ ਰੁਲ ਖੁਲ ਜਾਣਾ ਇਕ ਅਜਿਹੀ ਪੀੜ ਸੀ, ਇਕ ਅਜਿਹਾ ਜਖ਼ਮ ਸੀ ਜਿਸ ਨੂੰ "ਕਰਕ ਕਲੇਜੇ ਮਾਹਿ" ਜਾਂ 'ਲਾਗੀ ਹੋਇ ਸੁ ਜਾਨੈ ਪੀਰ" ਕਹਿ ਕੇ ਹੀ ਸਮਝਿਆ ਤੇ ਸਮਝਾਇਆ ਜਾ ਸਕਦਾ ਸੀ।

ਅਜਿਹੀ ਪੀੜ ਬਹੁਤ ਸਾਰੇ ਉਹ ਕੋਮਲ ਭਾਵੀ ਸੰਗੀਤਕਾਰ ਵੀ ਹੰਢਾਅ ਰਹੇ ਸਨ ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜੂਰੀ ਦਾ ਨਿੱਘ ਮਾਣਿਆ ਸੀ ਅਤੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਦਇਆਲਤਾ, ਖੁਲਦਿਲੀ, ਮਿਲਾਪੜਾਪਨ ਅਤੇ ਮੁਹੱਬਤਾਂ ਮਾਣੀਆਂ ਸਨ।ਇਨ੍ਹਾਂ ਵਿੱਚੋਂ ਹੀ ਇਕ ਸਨ ਮੌਲਵੀ ਫਜ਼ਲ ਮੁਹੰਮਦ ਜੋ ਤੰਤੀ ਸਾਜ ਬਨਾਉਣ ਦੇ ਮਾਹਿਰ ਸਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਛਾ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਕੀਰਤਨਕਾਰਾਂ ਲਈ ਅਤੇ ਗੁਰਮਤਿ ਵਿਦਿਆਲੇ ਦੇ ਸੰਗੀਤ ਸਿਖਿਆਰਥੀਆਂ ਲਈ ਸਾਜ ਤਿਆਰ ਕਰਿਆ ਕਰਦੇ ਸਨ। ਪਹਿਲਾਂ ਭਾਵੇ ਮੌਲਵੀ ਸਾਹਿਬ ਪਟਿਆਲੇ ਇਹ ਸਾਜ ਤਿਆਰ ਕਰਿਆ ਕਰਦੇ ਸਨ ਪਰ ਬਾਅਦ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਿਆਰ ਮੁਹੱਬਤ ਅਤੇ ਸਨੇਹ-ਸਤਿਕਾਰ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਹੀ ਖਿਚ ਲਿਆਇਆ ਸੀ। ਦੇਸ਼ ਦੇ ਵੰਡੇਵੇਂ ਦੀਆਂ ਖਬਰਾਂ ਨਾਲ ਭਾਵੇ ਉਨ੍ਹਾਂ ਦਾ ਮਨ ਵੀ ਡਾਵਾਂ ਡੋਲ ਹੋ ਰਿਹਾ ਸੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੌਲਵੀ ਸਾਹਿਬ ਨੂੰ ਨਿਸਚਿੰਤ ਰਹਿਣ ਲਈ ਵੀ ਕਹਿ ਦਿੱਤਾ ਸੀ ਪਰ ਆਪਣੇ ਸਕੇ ਸੰਬੰਧੀਆਂ ਅਤੇ ਸਰੀਕੇ ਦੇ ਜੋਰ ਦੇਣ ਤੇ ਮੌਲਵੀ ਸਾਹਿਬ ਵੀ ਇਹ ਲੀਕ ਟੱਪ ਨਵੇ ਬਣੇ ਦੇਸ਼ ਪਾਕਿਸਤਾਨ ਜਾਣ ਦਾ ਫੈਸਲਾ ਕਰ ਲਿਆ ਸੀ।

ਪਰ ਸਮਾਂ ਬੀਤਣ ਨਾਲੋ ਬਿਰਹੋਂ ਵਿਛੋੜੇ ਦੇ ਨਸ਼ਤਰਾਂ ਨੇ ਇਸ ਕੋਮਲਭਾਵੀ ਸੰਗੀਤ ਪ੍ਰੇਮੀ ਦਾ ਹਿਰਦਾ ਵਿੰਨ ਸੁੱਟਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬ੍ਰਹਮਲੀਨ ਹੋ ਚੁੱਕੇ ਸਨ। ਇਸ ਇਲਾਹੀ ਤਖਤ ਤੇ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਸਨ। ਮੌਲਵੀ ਫਜ਼ਲ ਮੁਹੰਮਦ ਸਾਹਿਬ ਦੇ ਸੁਨੇਹੇ, ਖਤ ਪੱਤਰ ਉਨ੍ਹਾਂ ਦੀ ਹਿਰਦੇ-ਪੀੜਾਂ ਦਾ ਸਿਖਰ ਦਰਸਾ ਰਹੇ ਸਨ ਇਕ ਖੱਤ ਮੌਲਵੀ ਸਾਹਿਬ ਦਾ ਬਿਰਹਾਂ-ਵਿਛੋੜੇ ਦਾ ਵਿੰਨਿਆ ਬੜੀ ਤੜਪ-ਤਾਂਘ ਤੇ ਸ਼ਰਧਾ ਭਰੇ ਲਫਜਾਂ ਦਾ ਲਿਖਿਆ ਹਜ਼ੂਰ ਦੀ ਸੇਵਾ ਵਿੱਚ ਪਹੁੰਚਿਆ, ਇਵੇਂ ਜਾਪਦਾ ਸੀ ਮੌਲਵੀ ਸਾਹਿਬ ਦੇ ਬਿਰਹਾਂ-ਅਥਰੂ ਹੀ ਲਫਜ਼ ਬਣ ਖਤ ਤੇ ਲਿਖੇ ਗਏ ਸਨ।

**(ਖਤ ਦੇ ਲਫਜ਼)**

ਮੁਹਤਰਮ ਵਾਲੀਏ ਦੋ-ਜਹਾਨ, ਬੇਅੰਤ ਪਾਤਸ਼ਾਹ ਜੀਓ ਅਦਨਾਂ ਗੁਲਾਮ ਕਾ ਸਲਾਮ ਕਬੂਲ ਫਰਮਾਏਂ। ਅਰਸ਼, ਕੁਰਸ਼ ਦੇ ਮਾਲਕ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਂਰਾਜ ਅਜ਼ਲੀ ਤਖਤ ਤੇ ਜਾ ਕੇ ਜ਼ਲਵਾ-ਫਰੋਸ਼ ਹੋ ਗਏ ਹਨ। ਹੁਣ ਤੁਸੀਂ ਆਕੇ ਗਰੀਬ ਦੀ ਸਾਰ ਲਵੋ ਜੀ। ਜਦੋਂ ਤੋਂ ਸ੍ਰੀ ਭੈਣੀ ਸਾਹਿਬ ਤੋਂ ਆਇਆ ਹਾਂ, ਮੱਛੀ ਵਾਂਗੂੰ ਤੜਪ ਰਿਹਾਂ ਹਾਂ। ਨਾ ਦਿਨੇ ਨੀਂਦ ਆਉਂਦੀ ਏ ਨਾ ਰਾਤ, ਲਾਹੌਰ ਦੀਆਂ ਗਲੀਆਂ ਵੱਢ ਵੱਢ ਖਾਂਦੀਆਂ ਹਨ। ਖਾਣਾ ਪੀਣਾ ਕੁੱਝ ਵੀ ਚੰਗਾ ਨਹੀਂ ਲਗਦਾ। ਮੇਰੀ ਹਾਲਤ ਉਸ ਸੱਪ ਵਰਗੀ ਹੈ, ਜਿਸਦੀ ਮਣੀ ਗੁਆਚ ਗਈ ਹੋਵੇ।

ਮਿਹਰਬਾਨ ਜੀਓ, ਮੇਰੇ ਅੰਦਰ ਹਿਜ਼ਰ ਦਾ ਨਾਗ ਫੁੰਕਾਰੇ ਮਾਰ ਰਿਹਾ ਹੈ। ਸੀਨੇ ਵਿੱਚ ਦਰਦ-ਫ਼ਿਰਾਕ ਹੈ, ਭਾਂਬੜ ਮਚ ਰਹੇ ਹਨ, ਇਹ ਲੂੰਬੇ ਲਾਹੌਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਹੱਡੀਆਂ ਭਸਮ ਹੋ ਰਹੀਆਂ ਹਨ, ਲਹੂ ਉਬਾਲੇ ਖਾ ਰਿਹਾ ਹੈ। ਮਾਸ ਕਬਾਬ ਵਾਂਗੂੰ ਭੁੱਜ ਰਿਹਾ ਹੈ। ਦਿਮਾਗ ਵੀ ਟਿਕਾਣੇ ਨਹੀਂ ਰਿਹਾ। ਪਾਗਲਾਂ ਵਾਗੂੰ ਟੱਕਰਾਂ ਮਾਰਨ ਨੂੰ ਜੀਅ ਕਰਦਾ ਹੈ। ਚੰਗਾ ਹੁੰਦਾ ਜੇ ਉੱਥੇ ਹੀ ਪ੍ਰਾਣ ਪੰਖੇਰੂ ਉੱਡ ਜਾਂਦੇ, ਜਿੰਦਗੀ ਦਾ ਕੀ ਸਵਾਦ, ਜਿਸ ਨੂੰ ਮਹਿਬੂਬ ਦੇ ਦਰਸ਼ਨ ਨਸੀਬ ਨਾ ਹੋਣ। ਸੱਸੀ ਪੁਨੂੰ ਪੁਨੂੰ ਕਰਦੀ ਥਲਾਂ ਵਿੱਚ ਝੁਬਸ

ਮੋਈ, ਸੋਹਣੀ, ਮਹੀਂਵਾਲ, ਮਹੀਂਵਾਲ ਕਰਦੀ ਝਨ੍ਹਾਂ ਦੀਆਂ ਲਹਿਰਾਂ ਵਿੱਚ ਗੁਆਚ ਗਈ, ਮੈਂ ਕਿਹੜੇ ਖੂਹ ਵਿੱਚ ਡੁੱਬ ਮਰਾਂ।

ਕੋਈ ਭੈਣ ਭਰਾ, ਦੋਸਤ ਮਿੱਤਰ, ਗਮ ਨੂੰ ਵੰਡ ਨਹੀਂ ਸੱਕਦਾ, ਅੱਲਾ ਤਾਲਾ ਇਹਨਾਂ ਲੀਡਰਾਂ ਨੂੰ ਮੱਤ ਦਿੰਦਾ ਜਿਨ੍ਹਾਂ ਵੱਸਦਾ ਰੱਸਦਾ ਦੇਸ਼ ਉਜਾੜਿਆ। ਭਰਾ ਨਾਲੋਂ ਭਰਾ ਵੱਖ ਕੀਤਾ। ਇਹ ਲੀਕਾਂ ਪਾਈਆਂ। ਇਹ ਪਾਣੀ ਵੰਡੇ।

ਮਿਹਰਬਾਨ ਜੀਓ, ਸ੍ਰੀ ਭੈਣੀ ਸਾਹਿਬ ਦੀ ਧਰਤੀ ਫਰਦੌਸ਼ ਹੈ। ਉੱਥੇ ਫਰਿਸ਼ਤੇ ਵੱਸਦੇ ਹਨ, ਪਰ ਮੈਂ ਗਮਾਂ ਦੇ ਬੱਦਲਾਂ ਵਿੱਚ ਘਿਰਿਆਂ ਝੋਰੇ ਝੁਰ ਰਿਹਾ ਹਾਂ। ਹਸਰਤਾਂ ਦੀ ਕਾਲੀ ਬੋਲੀ ਰਾਤ ਸਿਖਰ ਤੇ ਹੈ। ਤੁਸੀਂ ਇਕ ਕਿਰਨ ਰੋਸ਼ਨੀ ਦੀ ਬਖਸ਼ਿਸ਼ ਕਰੋ। ਹੇ ਮੇਹਰਬਾਨ ਜੀਓ

ਮੁਝ ਕੋ ਤੁਫਾਨੇ ਗ਼ਮ ਸੇ ਬਚਾ ਲੋ
ਗਿਰ ਰਹਾ ਹੂੰ ਮੁਝੇ ਤੁਮ ਸੰਭਾਲੋ
ਆਪ ਕਾ ਹੀ ਹੂੰ ਮੈਂ ਨਾਮਲੇਵਾ,
ਹੋ ਰਹੀ ਹੈ ਮੇਰੀ ਖਸਤਾ ਹਾਲੀ,
ਮੇਰੇ ਸੀਨੇ ਮੇ ਅਨਵਰ ਭਰਦੋ,
ਏਕ ਨਜ਼ਰ ਅਪਨਾ ਜਲਵਾ ਦਿਖਾਓ।
ਇਤਨਾ ਕਰਦੋ ਕਰਮ ਅਬ ਤੋ
ਖੁਦਾਰਾ ਮੇਰੇ ਆਕਾ, ਗਰੀਬੋ ਕੇ ਵਾਲੀ।
ਹਰ ਮਰਜ਼ ਕੇ ਮਰੀਜ਼ੋਂ ਕੀ ਦਵਾ ਹੈ,
ਖਾਕ ਏ ਭੈਣੀ ਸੀਨੇ ਸੇ ਲਗਾ ਲੀ।

ਹਜ਼ੂਰ ਅਨਵਰ ਗੁਲਾਮ ਦੀਆਂ ਲੱਤਾਂ ਕਬਰਾਂ ਵਿੱਚ ਹਨ, ਪਤਾ ਨਹੀਂ ਕਿਸ ਵਕਤ ਅਜ਼ਰਾਈਲ ਦਾ ਫਰਿਸ਼ਤਾ ਆ ਕੇ ਇਸ ਨਾ ਚੀਜ਼ ਨੂੰ ਜਿੰਦਗੀ ਦੀ ਸਾਹਿਲ ਤੋਂ ਧੱਕਾ ਦੇ ਕੇ ਫਨ੍ਹਾ ਦੇ ਸਮੁੰਦਰ ਵਿੱਚ ਧਕੇਲ ਜਾਵੇ। ਮੈਂ ਇਹ ਵੀ ਸਮਝਦਾ ਹਾਂ, ਕਿ ਆਪ ਦੇ ਦਰਬਾਰ ਵਿੱਚ ਅਹਿਲੇ ਢੌਲ ਆਪਨੇ-ਆਪਨੇ ਦੌਲਤ-ਖਾਨੇ ਵਿੱਚ ਕਦਮ ਰੰਜਾ ਫੁਰਮਾਨ ਖਾਤਰ ਇਲਤਜਾਹ ਕਰਨ ਵਾਲਿਆਂ ਦਾ ਤਾਂਤਾ ਲੱਗਾ ਹੋਵੇਗਾ। ਮੈਂ ਵੀ ਆਪ ਦੀ ਦਰਗਾਹ ਦਾ ਕੁੱਤਾ ਹਾਂ। ਨਾ-ਚੀਜ਼ ਦੁਆਗੋ ਵਾਸਤੇ ਇਕ ਵਾਰ ਤਾਂ ਵਕਤ ਕੱਢੋ। ਬਰਾਏ ਨਿਵਾਜ਼ਿਸ, ਇਕ ਵਾਰ ਕਦਮ ਰੰਜਾ ਫੁਰਮਾ ਜਾਓ, ਮੇਰੀ ਖ਼ਸਤਾ ਹੱਡੀਆਂ ਸਫਰ ਨਹੀਂ ਕਰ ਸਕਦੀਆਂ। ਇਨ ਅਲਫਾਜ ਨੂੰ ਕਬੂਲ ਫੁਰਮਾਓ। ਦੀਦ ਕਾ ਜਾਮ ਪਿਲਾ ਜਾਓ। ਮੈਂ ਅਜ਼ਲ ਦੇ ਫਰਿਸ਼ਤਿਆਂ ਨੂੰ ਕੁਝ ਸਮਾਂ ਹੋਰ ਗੁਜ਼ਾਰਨ ਵਾਸਤੇ ਆਖਦਾ ਰਹਿੰਦਾ ਹਾਂ।

ਨਾ ਛੇੜੋ ਨਹਿਦ ਮੇ ਨਕੀਰੋ ਹਮ ਕੋ
ਗਮੇ ਹਿਜ਼ਰ ਕੇ ਹਮ ਸਤਾਏ ਹੂਏ ਹੈਂ
ਹੇ ਕਾਸਦ
ਮੇਰੀ ਪਰੇਸ਼ਾਨੀਆਂ ਨਾ ਉਨ ਸੇ ਕਹਿਨਾਂ
ਸੁਨੇਗੇ ਤੋਂ ਵੁਹ ਭੀ ਪ੍ਰੇਸ਼ਾਨ ਹੋਂਗੇ
ਤਮਾਮ ਜੁਦ

ਆਪ ਦਾ ਖਾਦਿਮ
ਫਜ਼ਲ ਮੁਹੰਮਦ
ਲਾਹੌਰ

ਅਜਿਹਾ ਦਰਦ- ਰਿਝਾਣਾ ਖੱਤ ਪੜ੍ਹ ਕੇ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੋਰ ਇੰਤਜਾਰ ਨਾ ਹੋਈ। 15 ਸਤੰਬਰ 1961 ਨੂੰ ਅੰਮ੍ਰਿਤਸਰ ਦੇ ਸ਼ਹੀਦਾਂ ਦਾ ਮੇਲਾ ਧਰਮਸ਼ਾਲਾ ਅੰਮ੍ਰਿਤਸਰ ਵਿਖੇ ਕੀਤਾ ਗਿਆ, 16 ਸਤੰਬਰ 1961 ਨੂੰ ਸ੍ਰ: ਗੁਰਦੇਵ ਸਿੰਘ ਵੱਲੋਂ ਡਰਾਈਵ ਕੀਤੀ ਕਾਰ ਚ ਬਿਰਾਜਮਾਨ ਹੋਏ ਤੇ ਪੰਡਿਤ ਗੁਪਾਲ ਸਿੰਘ ਜੀ ਤੇ ਸੇਵਕ ਗੁਲਜਾਰ ਸਿੰਘ ਨੂੰ ਨਾਲ ਚੱਲਣ ਦਾ ਹੁਕਮ ਹੋਇਆ। ਵਾਘੇ ਬਾਰਡਰ ਤੇ ਮੌਲਵੀ ਸਾਹਿਬ ਦਾ ਬੇਟਾ ਸ਼ੇਰ ਮੁਹੰਮਦ ਅੱਗਲਵਾਂਡੀ ਸੁਆਗਤ ਵਾਸਤੇ ਪੁੱਜਾ ਹੋਇਆ ਸੀ। ਬਾਰਡਰ ਦੀ ਪੁਛ ਗਿਛ ਤੋਂ ਵਿਹਲੇ ਹੋ ਸ੍ਰੀ ਸਤਿਗੁਰੂ ਜੀ ਆਪਣੀ ਕਾਰ ਵਿੱਚ ਬਿਰਾਜਮਾਨ ਹੋ ਕੇ ਪੈਸਾ ਅਖ਼ਬਾਰ ਸਟਰੀਟ, ਲਾਹੌਰ ਵਿੱਚ ਮੌਲਵੀ ਸਾਹਿਬ ਦੇ ਬੇਟੇ ਮੁਹੰਮਦ ਰਫ਼ੀਕ ਦੇ ਘਰ ਪੁੱਜੇ ਜੋ ਕਿ ਅੱਜ ਹੀ ਬਹਾਵਲਪੁਰ ਤੋਂ ਆਏ ਸਨ। ਮੌਲਵੀ ਜੀ ਦਰਸ਼ਨ ਕਰਨ ਤੋਂ ਪਹਿਲਾਂ ਇਸ਼ਨਾਨ ਕਰਕੇ ਪਵਿੱਤਰ ਹੋਏ। 120 ਸਾਲ ਨੂੰ ਪੁੱਜੇ ਮੌਲਵੀ ਜੀ ਦੀ ਨੇਤਰ ਜੋਤ ਜਾ ਚੁੱਕੀ ਸੀ। ਸਤਿਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਮੌਲਵੀ ਜੀ ਇੰਜ ਕਿਵੇਂ ਵਾਪਰ ਗਿਆ, ਤੁਸੀਂ ਮੈਨੂੰ ਦੱਸਿਆ ਹੀ ਨਹੀਂ, ਤੁਸੀਨ ਦੱਸਦੇ ਤਾਂ ਤੁਹਾਡਾ ਇਲਾਜ ਕਰਵਾਉਂਦੇ, ਇਥੇ ਨਾ ਹੋ ਸਕਦਾ ਤਾਂ ਵਿਦੇਸ਼ ਕਿਸੇ ਚੰਗੇ ਡਾਕਟਰ ਨੂੰ ਦਿਖਾਉਂਦੇ।" ਪਰ ਮੌਲਵੀ ਜੀ ਤਾਂ ਦਰਸ਼ਨ ਕਰਕੇ ਵਿਰਾਗੀ ਹੋਏ ਹੰਝੂਆਂ ਨਾਲ ਚਰਨ ਧੋ ਰਹੇ ਸਨ। ਪਾਤਸ਼ਾਹ ਜੀ ਨੇ ਕੰਡ ਥਾਪੜੀ ਹੌਂਸਲਾ ਦਿੱਤਾ।

ਫਿਰ ਜਿਵੇਂ ਮੌਲਵੀ ਸਾਹਿਬ ਦੇ ਅੰਗ ਅੰਗ ਚੋਂ ਅੱਖਾਂ ਫੁੱਟ ਪਈਆਂ ਹੋਣ। ਜਿਵੇਂ ਰੋਮ ਰੋਮ ਦਰਸ਼ਨ ਰੂਪ ਹੋ ਗਿਆ ਹੋਵੇ। ਕਦੇ ਗਲਵੱਕੜੀ ਪਾਵੇ, ਕਦੇ ਚਰਨ ਛੁਹਾਵੇ, ਸਿਰ ਤੋਂ ਪੈਰਾਂ ਤੀਕ ਉਸ ਸਤਿਗੁਰੂ ਜੀ ਨੂੰ ਟੋਹ ਟੋਹ ਕੇ ਵੇਖਿਆ ਮੋਢੇ ਤੋਂ ਕੂਹਣੀ, ਵੱਖੀ ਤੇ ਫੇਰ ਲੱਕ ਵੱਲ ਹੱਥ ਫੇਰਦਿਆਂ ਉਹ ਆਖੇ, ਅਹਿ ਤਾਂ ਹੋ ਗਈ ਹੈ 'ਮੀਮ, ਅਹਿ ਬਣ ਗਈ 'ਹੇ, ਅਹਿ ਫਿਰ 'ਮੀਮ, ਤੇ 'ਦਾਲ,। ਬਣ ਗਿਆ ਨਾ ਮੁਹੰਮਦ। ਭਾਵੇਂ ਮੁਸਲਮਾਨ ਕਿਸੇ ਨੂੰ ਮੁਹੰਮਦ ਦੇ ਤੁਲ ਨਹੀਂ ਮੰਨਦੇ ਪਰ ਮੌਲਵੀ ਫਜ਼ਲ ਮੁਹੰਮਦ ਤਾਂ ਮੁਸਲਮਾਨਾਂ ਤੋਂ ਜਰਾ ਉਚੇਰਾ ਹੋ ਗਿਆ ਸੀ। ਏਸੇ ਲਈ ਉਸ ਦੇ ਮਨ ਮਸਤਕ ਵਿੱਚ ਕੋਈ ਮਜ਼ਹਬੀ ਵੱਟਾ ਬੰਨੇ ਨਹੀਂ ਸਨ ਰਹਿ ਗਏ।

ਬਾਰ-ਬਾਰ ਕਹਿ ਰਹੇ ਸਨ ਮੇਰੇ ਘਰ ਮੁਹੰਮਦ ਆ

ਗਿਆ। ਮੇਰਾ ਰਹਿਬਰ ਆ ਗਿਆ। ਮੇਰਾ ਰਹਿਬਰ ਆ ਗਿਆ, ਮੇਰਾ ਖੁਦਾ ਆ ਗਿਆ। ਪਿਆਰ ਦੀਆਂ ਕਹਾਣੀਆਂ ਕੋਈ ਕੀ ਵਰਨਣ ਕਰ ਸਕਦਾ ਹੈ? ਫਿਰ ਮੌਲਵੀ ਸਾਹਿਬ ਨੇ ਆਪਣੇ ਪੁੱਤਰ ਸ਼ੇਰ ਮੁਹੰਮਦ ਨੂੰ ਅਵਾਜ਼ ਮਾਰੀ। ਸ਼ੇਰ ਮੁਹੰਮਦ, ਮੌਲਵੀ ਸਾਹਿਬ ਦੁਆਰਾ ਬਣਾਇਆ ਦਿਲਰੁਬਾ ਲੈ ਆਇਆ ਤੇ ਆਪਣੇ ਅੱਬਾ ਦੇ ਹੱਥੀਂ ਥਮਾ ਦਿੱਤਾ ਤੇ ਮੌਲਵੀ ਸਾਹਿਬ ਨੇ ਉਹ ਦਿਲਰੁੱਬਾ ਹਜ਼ੂਰ ਨੂੰ ਭੇਟ ਕਰਦਿਆਂ ਆਖਿਆ ਇਹ ਮੇਰੀ ਆਖਰੀ ਨਿਸ਼ਾਨੀ ਆਪ ਦੀ ਭੇਟ ਹੈ, ਹਜ਼ੂਰ ਪ੍ਰਵਾਨ ਕਰਿਓ।

ਅਕਸਰ ਜਦੋਂ ਇਹ ਦਿਲਰੁੱਬਾ ਹਜੂਰ ਨੇ ਆਪਣੇ ਮੋਢੇ ਨਾਲ ਲਉਣਾ ਗਜ ਫੇਰਨ ਲੱਗਿਆਂ ਗੁਣ-ਗੁਣਾਣਾ।----

"ਮੇਰੀ ਪ੍ਰੇਸ਼ਾਨੀਆਂ ਉਨ ਸੇ ਨਾਂ ਕਹਿਨਾ
ਸੁਨੇਂਗੇ ਤੋ ਵੁਹ ਭੀ ਹੋਂਗੇ ਪ੍ਰੇਸ਼ਾਨ"

ਦਰਸ਼ਨ ਦੇ ਕਿਰਤਾਰਥ ਕਰ ਗਰੀਬ ਨਿਵਾਜ ਜੀ ਏਥੋਂ ਚੱਲਕੇ ਮੌਲਵੀ ਜੀ ਦੇ ਪੋਤਰੇ ਮੁਹੰਮਦ ਅਸਲਮ ਦੇ ਘਰ ਬਾਕੀ ਦਾ ਸਮਾਂ ਗੁਜਾਰਿਆ। ਮੁਹੰਮਦ ਅਸਲਮ ਦੇ ਘਰ ਹੀ ਸੰਗੀਤ ਸਭਾ ਜੁੜ ਗਈ। ਸੰਗੀਤ ਦੇ ਸਾਗਰ ਵਿੱਚ, ਭਾਈ ਸੁਹਣਾ, ਭਾਈ ਸੁੰਦਰ ਅਤੇ ਪਖਾਵਜੀ ਭਾਈ ਨਸੀਰ ਆਦਿ ਨੇ ਰੰਗ ਬੰਨ ਦਿੱਤਾ। ਅਜੇਹਾ ਰੰਗ ਬਣਿਆ ਕਿ ਸਮੇਂ ਦਾ ਪਤਾ ਹੀ ਨਾ ਲੱਗਿਆ ਚਾਰ ਘੰਟੇ ਬੀਤ ਗਏ। ਸਤਿਗੁਰੂ ਜੀ ਨੇ ਸਭ ਨੂੰ 50-50 ਰੁਪਏ ਤੇ ਗਰਮ ਚਾਦਰਾਂ ਸਿਰੋਪਾਉ ਦੇ ਕੇ ਖੁਸ਼ੀਆਂ ਬਖਸ਼ਦੇ ਹੋਏ ਵਾਪਸੀ ਕੀਤੀ। ਰਾਮ ਚੰਦ ਪਟਵਾਰੀ ਨੂੰ ਤਾਂ ਦਰਸ਼ਨ ਨਸੀਬ ਹੋ ਗਏ ਪਰ ਪ੍ਰਸਿੱਧ ਵਿਦਵਾਨ ਗੁਰਬਾਣੀ ਦੇ ਗਿਆਤਾ ਗਿਆਨੀ ਅਬਾਦੁੱਲਾ ਜੀ ਦਰਸ਼ਨਾਂ ਤੋਂ ਵਾਂਝੇ ਰਹਿ ਗਏ ਕਿਸੇ ਕਾਰਨ। ਸ੍ਰੀ ਸਤਿਗੁਰੂ ਜੀ ਵਾਪਸ ਆ ਰਾਤ ਅੰਮ੍ਰਿਤਸਰ ਰਹੇ।

## ਗੀਤ

ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ,
ਖੁਸ਼ੀਆਂ ਜੱਗ ਵਿੱਚ ਛਾ ਰਹੀਆਂ।
ਉਸਦੀ ਝਲਕ ਨੂਰਾਨੀ ਪਾਕੇ
ਕਲੀਆਂ ਵੀ ਮੁਸਕਾ ਰਹੀਆਂ।

ਜੀਵਨ ਮਾਂ ਨੂੰ ਮਿਲਣ ਵਧਾਈਆਂ
ਜੀਵਨ ਦਾਤਾ ਆਇਆ।
ਪਿਆਰੀ ਮਾਤ ਭੁਪਿੰਦਰ ਕੁੱਖੋਂ
ਗਿਆਨ ਭਾਨ ਪ੍ਰਗਟਾਇਆ।
ਜਿਸ ਦੀਆਂ ਪਾਕ ਪਵਿੱਤਰ ਕਿਰਣਾਂ
ਹਨ੍ਹੇਰੇ ਮਨ ਰੁਸ਼ਨਾ ਰਹੀਆਂ।
ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ-----

ਇਹ ਪ੍ਰਤਾਪ ਹੈ ਗੁਰ ਪ੍ਰਤਾਪ ਦਾ
ਆਇਆ ਦੁਖ ਮਿਟਾਵਣ।
ਇਸਦੀ ਮਿਹਰ ਜਗਤ ਤੇ ਵਰਸੇ,
ਜਿਉਂ ਵਰ੍ਹਦੀ ਘਟ ਸਾਵਣ।
ਰੁਮਕੇਗੀ ਹੁਣ ਹਵਾ ਅਨਾਦੀ
ਉਮੀਦਾਂ ਜਗ ਮਗਾ ਰਹੀਆਂ।
ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ----

ਧੀਰਜ ਧਰਮ ਦਾਨ ਦਾ ਸੋਮਾ
ਵਿੱਚ ਭੈਣੀ ਦੇ ਫੁੱਟਿਆ।
ਮਿਲਿਆ ਮਾਣ ਨਿਮਾਣੇ ਨੂੰ
ਤੇ ਮਾਨ ਮਾਨੀ ਦਾ ਟੁੱਟਿਆ।
ਲਛਮੀ ਝੱਸਦੀ ਚਰਨ ਇਸਦੇ
ਸਿੱਧੀਆਂ ਸੀਸ ਝੁਕਾ ਰਹੀਆਂ।
ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ---

ਦੀਨ ਦਿਆਲ ਅਕਾਲ ਦੀ ਮੂਰਤ
ਦੁਖੀਆਂ ਦਾ ਸਹਾਰਾ।
ਜਿਸਦੀ ਇਕ ਮਿੱਠੀ ਮੁਸਕਾਨ ਨੇ
ਮੋਹ ਲਿਆ ਏ ਜਗ ਸਾਰਾ।
ਗਾਏ ਗੰਧ੍ਰਬਾਂ ਗੀਤ ਖੁਸ਼ੀ ਦੇ,
ਪਰੀਆਂ ਫੁੱਲ ਬਰਸਾ ਰਹੀਆਂ।
ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ----

ਟਹਿਕੇ ਦਿਲ ਦਿਲਰੁਬਾ ਨੂੰ
ਸੁਣਕੇ ਵੱਜਿਆ ਪ੍ਰੇਮ ਤਰਾਨਾ।
ਇਸਦੇ ਨੈਣੋਂ ਪਾ ਖੁਮਾਰੀ
ਜਗ ਹੋਇਆ ਮਸਤਾਨਾ।
ਹਿਰਦੇ ਕੋਮਲ ਸਿੱਖਾਂ ਦੇ ਖਿਲ ਗਏ,
ਗੀਤ ਬੁਲਬੁਲਾਂ ਗਾ ਰਹੀਆਂ।
ਗੁਰੂ ਜਗਜੀਤ ਦੀ ਵਰ੍ਹੇ ਗੰਢ 'ਤੇ
ਖੁਸ਼ੀਆਂ ਜੱਗ ਵਿੱਚ ਛਾ ਗਈਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ

# ਯਾਦਾਂ ਦੇ ਝਰੋਖੇ ਵਿੱਚੋਂ

**ਗੁਰਮੁਖ ਸਿੰਘ ਸ਼ਾਹ**

ਸਾਲ 2000 ਦਾ ਵਾਕਿਆ ਹੈ ਕਿ ਸਰਦਾਰ ਹਲਮੇਲ ਸਿੰਘ ਚਹਿਲ ਸਾਬਕਾ ਫੌਜੀ ਗੁਰ ਸਿੱਖ, ਪਰਿਵਾਰ ਸਮੇਤ ਸਾਡੇ ਘਰ ਦੇ ਇੱਕ ਹਿੱਸੇ ਵਿੱਚ ਕਿਰਾਏ ਤੇ ਰਹਿੰਦੇ ਸਨ। ਉਸ ਦੀ ਧਰਮ ਪਤਨੀ ਬੀਬੀ ਜਸਵੀਰ ਕੌਰ ਨੂੰ ਨਾ-ਮੁਰਾਦ ਬਿਮਾਰੀ (ਕੈਂਸਰ) ਲੱਗ ਗਈ ਤੇ ਉਸ ਦੇ ਸਿਰ ਦੇ ਵਾਲ ਝੜਨੇ ਸ਼ੁਰੂ ਹੋ ਗਏ ਸਨ। ਤਿੰਨ ਲੜਕੀਆਂ ਤੇ ਇੱਕ ਲੜਕਾ ਸੀ ਸਾਰਾ ਪਰਿਵਾਰ ਸਾਊ ਸੁਭਾਅ ਤੇ ਗੁਰ ਸਿੱਖੀ ਦਾ ਧਾਰਨੀ ਸੀ। ਫੌਜੀ ਸਾਹਿਬ ਨੇ ਮੇਰੇ ਕੋਲ ਜ਼ਿਕਰ ਕੀਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਅਰਜ਼ ਬੇਨਤੀ ਕਰਕੇ ਬਖਸ਼ਿਸ਼ ਮੰਗਦੇ ਹਾਂ। ਮੈਂ ਉਨ੍ਹਾਂ ਦੋਹਾਂ ਨੂੰ ਨਾਲ ਲੈ ਕੇ ਪਿੰਡ ਧਰਮਪੁਰਾ ਨੇੜੇ ਦਮਦਮਾ ਜਿਲ੍ਹਾ ਸਿਰਸਾ ਵਿਖੇ ਸ਼ਾਮ ਦੇ ਦੀਵਾਨ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਕ੍ਰਿਪਾ ਕਰੋ ਇਸ ਬੀਬੀ ਨੂੰ ਨਾ-ਮੁਰਾਦ ਬਿਮਾਰੀ ਹੈ ਵਾਲ ਝੜ ਗਏ ਹਨ, ਬਖਸ਼ਿਸ਼ ਹੋਵੇ। ਪਾਤਸ਼ਾਹ ਜੀ ਨੇ ਨੇਤਰ ਭਰ ਕੇ ਵੇਖਿਆ ਹੁਕਮ ਹੋਇਆ 40 ਦਿਨ ਇੱਕ ਮਾਲਾ ਭਜਨ ਦੀ ਇੱਕ ਭਗੌਤੀਆਂ ਦੀ ਕਰਨ ਸਤਿਗੁਰੂ ਜੀ ਕ੍ਰਿਪਾ ਕਰਨਗੇ। ਇਨ੍ਹਾਂ ਨੂੰ ਭਗੌਤੀਆਂ ਦੀ ਅਤੇ ਭਜਨ ਦੀ ਮਾਲਾ ਕਰਨ ਬਾਰੇ ਵਿਧੀ ਦਾਸ (ਗੁਰਮੁਖ ਸਿੰਘ ਸ਼ਾਹ) ਵੱਲੋਂ ਦੱਸੀ ਗਈ। ਮਾਲਾ ਤੇ ਗੁਟਕਾ ਵੀ ਦੇ ਦਿੱਤਾ। ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਇਹ ਫੌਜ ਦੀ ਨੋਕਰੀ ਤੋਂ ਬਾਅਦ ਐਸ.ਜੀ.ਪੀ.ਸੀ. ਵਿੱਚ ਵੀ 60 ਸਾਲ ਦੀ ਉਮਰ ਤੱਕ ਸੇਵਾ ਨਿਭਾਅ ਚੁੱਕੇ ਹਨ ਤੇ ਬੀਬੀ ਜਸਬੀਰ ਕੌਰ ਵੀ ਤੰਦਰੁਸਤ ਹਨ। ਸ੍ਰੀ ਸਤਿਗੁਰੂ ਜੀ ਦੇ ਕੋਟਨ ਕੋਟ ਧੰਨਵਾਦੀ ਹਨ।

- - - - - - - - - - - - - - - -

ਜਥੇਦਾਰ ਕਰਤਾਰ ਸਿੰਘ ਜੋਸ਼ੀਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਰਨੀ ਮੈਂਬਰ ਬਰਨਾਲਾ ਵਿਖੇ ਮੰਨੀ ਪ੍ਰਮੰਨੀ ਹਸਤੀ ਸਨ। ਪਰ ਜੀਵਨ ਬੇਲਾਗ ਸੀ ਮੇਰੀ ਬਰਨਾਲਾ ਵਿਖੇ ਡਿਊਟੀ ਹੋਣ ਕਰਕੇ ਸਾਡਾ ਮੇਲ ਮਿਲਾਪ ਅਕਸਰ ਹੁੰਦਾ ਰਹਿੰਦਾ ਸੀ। ਇੱਕ ਵਾਰ ਸ੍ਰੀ ਜੋਸ਼ੀਲਾ ਨੇ ਦੱਸਿਆ ਕਿ ਇੱਕ ਦਿਨ ਉਨ੍ਹਾਂ ਨਾਲ ਚਾਰ ਪੰਜ ਸਿੰਘ ਹੋਰ ਸਨ ਉਨ੍ਹਾਂ ਦੇ ਮਨ ਵਿੱਚ ਆਈ ਕਿ ਸ੍ਰੀ ਭੈਣੀ ਸਾਹਿਬ ਬਾਬਾ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਆਈਏ ਪਰ ਮਨ ਵਿੱਚ ਆ ਗਈ ਕਿ ਅਸੀਂ ਪੂਰਨ ਤਾਂ ਮੰਨਾਗੇ ਜੇ ਸਾਨੂੰ ਅੱਗੋਂ ਆਕੇ ਮਿਲਣਗੇ। ਅਸੀਂ ਚਲੇ ਗਏ ਤਾ ਜਦ ਅਸੀਂ ਭੈਣੀ ਸਾਹਿਬ ਪੁਹੰਚੇ ਤਾਂ ਮਹਾਰਾਜਾ ਜਗਜੀਤ ਸਿੰਘ ਜੀ ਪੈਰੀਂ ਪਊਏ ਪਾਏ ਹੋਏ ਸਨ। ਸਾਨੂੰ ਅੱਗੇ ਆ ਕੇ ਡਿਊਢੀ ਵਿੱਚ ਹੀ ਮਿਲੇ ਅਤੇ ਸਾਡਾ ਹਾਲ ਚਾਲ ਪੁੱਛਿਆ। ਇਹ ਸਬੱਬ ਕਿਵੇਂ ਬਣਿਆ ਸਾਨੂੰ ਕੋਈ ਸਮਝ ਨਹੀਂ। ਪਰ ਅਸੀਂ ਉਨ੍ਹਾਂ ਦੇ ਪ੍ਰਤੱਖ ਦਰਸ਼ਨ ਕਰਕੇ ਧੰਨ-ਧੰਨ ਹੋ ਗਏ। ਸਾਨੂੰ ਬਾਅਦ ਵਿੱਚ ਜਲ ਪਾਣੀ ਵੀ ਛਕਾਇਆ ਗਿਆ।

- - - - - - - - - - - - - - - -

ਪਰਮਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਲਾਕਾ ਸ੍ਰੀ ਜੀਵਨ ਨਗਰ ਵਿੱਚ ਸੜਕਾਂ ਪੱਕੀਆਂ ਕਰਨ ਦੀ ਕ੍ਰਿਪਾ ਕਰ ਰਹੇ ਸਨ। ਗੁਰੂ ਘਰ ਦੀ 40 ਕਿਲੇ ਜ਼ਮੀਨ ਜੋ ਬਹੁਤ ਉਪਜਾਊ, ਉਸ ਸਮੇਂ ਦੇ ਮੁਖਤਿਆਰਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਬੜੇ ਘੱਟ ਰੇਟ ਤੇ ਦਿੱਤੀ ਸੀ। ਜਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਜ਼ਮੀਨ ਦੇ ਇੱਕ ਪਾਸੇ ਤੋਂ ਜੋ ਪਹੀ ਜਾਂਦੀ ਸੀ। ਉਸ ਤੇ ਮਿੱਟੀ ਪਵਾ ਕੇ ਪੱਕੀ ਕਰਨ ਲਈ ਗਏ ਤਾਂ ਉਨ੍ਹਾਂ ਨੇ ਮਿੱਟੀ ਨਹੀ ਪੁੱਟਣ ਦਿੱਤੀ ਸਗੋਂ ਪੁੱਠਾ-ਸਿੱਧਾ ਬੋਲੇ ਪਰ ਸ਼ਾਤੀ ਸਰੂਪ ਸ੍ਰੀ ਸਤਿਗੁਰੂ ਜੀ ਕੁਝ ਨਹੀਂ ਬੋਲੇ ਸਾਡੀ ਜ਼ਮੀਨ ਮਿਰਜਾਪੁਰ ਥੇੜ ਤੋਂ ਨਸ਼ੌਰੀਆਂ ਦੇ ਖੂਹ ਤੇ ਸੰਤਨਗਰ ਜਾਣ ਵਾਲੇ ਰਾਹ ਤੇ ਪੈਂਦੀ ਸੀ। ਇਹ ਰਸਤਾ ਕੱਚਾ ਸੀ। ਇੱਕ ਪਾਸੇ ਖਾਲ ਸੀ ਤੇ ਸੰਤ ਵਿਰਸਾ ਸਿੰਘ ਨੌਸ਼ਹਿਰੇ ਵਾਲਿਆਂ ਦੀ ਜ਼ਮੀਨ ਲੱਗਦੀ ਸੀ। ਇਹ ਸੰਤ ਮੱਘਰ ਸਿੰਘ ਨੋਸੁਹਿਕੇ ਵਾਲਿਆਂ ਤੋਂ ਭਜਨ ਦੀ ਦਾਤ ਲੈ ਕੇ ਗੁਰਸਿੱਖ ਬਣੇ ਸਨ ਤੇ ਸੰਤ ਵਿਰਸਾ ਸਿੰਘ ਨੇ ਕੁਝ ਜ਼ਮੀਨ ਮੁਫ਼ਤ ਸੰਤ ਮੱਘਰ ਸਿੰਘ ਹੁਰਾਂ ਨੂੰ ਦਿੱਤੀ ਸੀ। ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਨ ਵਿੱਚ ਵੀ ਆਉਂਦਾ ਹੈ ਪਰ ਸਮਾਂ ਬੜਾ ਬਲਵਾਨ ਹੈ। ਸ੍ਰੀ ਸਤਿਗੁਰੂ ਜੀ ਨੇ ਇਸ ਕੱਚੀ ਸੜਕ ਜੋ ਨੀਵੀਂ ਸੀ ਤੇ ਮਿੱਟੀ ਪਾਉਣ ਲਈ ਸੰਤ ਵਿਰਸਾ ਸਿੰਘ ਹੁਰਾਂ ਤੋਂ ਪੁੱਛਿਆ ਤਾਂ ਵਿਰਸਾ ਸਿੰਘ ਜੀ ਨੇ ਸਪੱਸ਼ਟ ਜਵਾਬ ਦੇ ਦਿੱਤਾ। ਇਸ ਸੜਕ ਤੋਂ ਲੰਘਣਾ ਵੀ ਅਸੀਂ ਆਸ ਪਾਸ ਵਾਲਿਆਂ ਲੋਕਾਂ ਨੇ ਹੀ ਸੀ। ਸਾਡੀ ਇੱਥੇ ਕਰੀਬ 9 ਕਿਲੇ ਜ਼ਮੀਨ ਸੀ ਜੋ ਨੀਵੀਂ ਵੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਪਿਤਾ ਸੰਤ ਮਿੱਤ ਸਿੰਘ ਮੁਕਤਾ ਨੂੰ

ਮਿੱਟੀ ਪੁੱਟਣ ਲਈ ਕਿਹਾ ਤਾਂ ਉਨ੍ਹਾਂ ਕਿਹਾ ਕਿ ਜਿਵੇਂ ਆਪ ਜੀ ਦੀ ਰਜ਼ਾ ਹੈ ਪੁੱਟ ਲਵੋ ਅਸੀਂ ਵੀ ਤੁਹਾਡੇ ਤੇ ਜ਼ਮੀਨ ਵੀ ਤੁਹਾਡੀ ਪਰ ਅਸੀਂ ਕਿਹੜੇ ਟਰੈਕਟਰ ਲੰਘਾਉਣੇ ਹਨ। ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਖੌਰੇ ਤੁਸੀਂ ਵੀ ਟਰੈਕਟਰਾਂ ਵਾਲੇ ਹੋ ਜਾਵੋ। ਉਦੋਂ ਸਾਡੇ ਕੋਲ ਟਰੈਕਟਰ ਨਹੀਂ ਸੀ। ਜਿਸ ਜ਼ਮੀਨ ਵਿੱਚੋਂ ਮਿੱਟੀ ਚੁੱਕੀ ਜਾਵੇ ਉਸ ਵਿੱਚੋਂ ਕੁਝ ਸਮਾਂ ਫਸਲ ਵੀ ਘੱਟ ਝਾੜ ਦੇਂਦੀ ਹੈ ਪਰ ਸਤਿਗੁਰੂ ਜੀ ਦੀ ਐਸੀ ਬਖਸ਼ਿਸ਼ ਹੋਈ ਕਿ ਸਾਡੀ ਜਿਸ ਪੈਲੀ ਚੋਂ ਸਤਿਗੁਰੂ ਜੀ ਨੇ ਮਿੱਟੀ ਚੁਕਵਾਈ ਸੀ ਉਸ ਵਿੱਚ ਪਹਿਲਾਂ ਨਾਲੋਂ ਵੀ ਵਧੀਆ ਫਸਲ ਹੋਈ। ਸ੍ਰੀ ਸਤਿਗੁਰੂ ਜੀ ਦੀ ਐਸੀ ਕ੍ਰਿਪਾ ਹੋਈ ਇੱਕ ਮਹੀਨੇ ਵਿੱਚ ਹੀ 50 ਹਾਰਸ ਪਾਵਰ ਹਿੰਦੋਸਤਾਨ ਟਰੈਕਟਰ ਆ ਗਿਆ। ਕੁਝ ਚਿਰ ਪਿਛੋਂ ਇਕ ਹੋਰ ਟਰੈਕਟਰ ਆ ਗਿਆ। ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਹੋ ਗਈਆਂ।

---------

ਇਕ ਵਾਰ ਮੈਂ ਤੇ ਸਰਦਾਰ ਜਸਬੀਰ ਸਿੰਘ ਇੱਕਠੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਗਏ। ਸ੍ਰੀ ਸਤਿਗੁਰੂ ਜੀ ਨੇ ਸਰਦਾਰ ਜੀ ਦੇ ਚੇਹਰੇ ਤੇ ਦਾੜੀ ਤੇ ਹੱਥ ਫੇਰਿਆ ਤੇ ਬੜੇ ਪਿਆਰ ਨਾਲ ਮੁਸਕਰਾਂਉਦੇ ਹੋਏ ਬਚਨ ਕੀਤਾ ਕਿ ਬੜੀ ਸੁਹਣੀ ਲੱਗਦੀ ਹੈ ਤਾਂ ਸਰਦਾਰ ਜੀ ਦੱਸਦੇ ਸਨ ਮੇਰੇ ਸਰੀਰ ਵਿੱਚ ਅਨੂਠਾ ਰਸ ਤੇ ਨਵੀਂ ਊਰਜਾ ਪ੍ਰਵੇਸ਼ ਕਰ ਗਈ। ਮੈਂ ਆਨੰਦਤ ਹੋ ਗਿਆ! ਸ੍ਰੀ ਸਤਿਗੁਰੂ ਜੀ ਦੇ ਪਿਆਰ ਦੇ ਹਥਿਆਰ ਅੱਗੇ ਰਾਜੇ ਜੋਗੀ ਹੋ ਜਾਂਦੇ ਸਨ। ਮੈਨੂੰ ਬਾਅਦ ਵਿੱਚ ਸਰਦਾਰ ਜੀ ਨੇ ਦੱਸਿਆ ਕਿ ਮੇਰੇ ਸਹੁਰਾ ਪਰਿਵਾਰ ਵੱਲੋਂ ਅਮਰੀਕਾ ਤੋਂ ਵਧੀਆ ਕਿਸਮ ਦੀ ਡਾਈ ਭੇਜੀ ਗਈ ਸੀ ਲਾਉਣ ਵਾਸਤੇ ਪਰ ਮੈਂ ਇਸ ਕਰਕੇ ਨਹੀਂ ਲਗਾਈ ਕਿ ਇਸ ਦਾੜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਹੱਥ ਫਿਰਿਆ ਹੈ। ਸਤਿਗੁਰੂ ਜੀ ਨੂੰ ਖੁੱਲ੍ਹੀ ਤੇ ਚਿੱਟੀ ਦਾੜ੍ਹੀ ਚੰਗੀ ਲੱਗਦੀ ਹੈ ਇਸ ਲਈ ਮੈਂ ਇਸ ਨੂੰ ਕਾਲੀ ਨਹੀਂ ਕਰਦਾ।

---

## ਜਿਥੇ ਜਾਇ ਬਹੈ ਮੇਰਾ ਸਤਿਗੁਰੂ

ਜਿੱਥੇ ਸਤਿਗੁਰੂ ਦੀ ਚਰਨ ਛੋਹ ਪੈਂਦੀ,
ਧਰਤ ਓਸਨੂੰ ਲੱਗਦੇ ਭਾਗ ਵੇਖੇ॥
ਉਹਦੀ ਮਿਹਰ ਦੀ ਨਜ਼ਰ ਬਹਾਰ ਖੇੜੇ,
ਸੋਂਹਦੇ ਰੱਕੜਾਂ ਦੇ ਅੰਦਰ ਬਾਗ ਵੇਖੇ।
ਜਿੱਥੇ ਗਿੱਦੜ ਹਵਾਂਕਦੇ ਰਾਤ ਸਾਰੀ,
ਅਨਹਦ ਨਾਦ ਵਰਗੇ ਹੁੰਦੇ ਰਾਗ ਵੇਖੇ।
ਆਖੇ 'ਬਾਜਵਾ' ਕਹਿਣਾ ਕੀ ਆਦਮੀ ਦਾ,
ਕਰਦੇ ਸਿਰਾਂ ਉੱਤੇ ਛਾਵਾਂ ਨਗ ਵੇਖੇ।
ਜਿੱਥੇ ਰੱਖਦਾ ਮਹਿਲ ਉਸਾਰ ਜਾਂਦਾ,
ਬਰਕਤ ਵਿੱਚ ਚਰਨਾਂ ਉਹਦੇ ਵੱਸਦੀ ਏ।
ਬਿਨਾ ਝਿਜਕ ਉਹ ਵੰਡਦਾ ਰਿਜਕ ਰੋਜੀ,
ਚਰਨ ਓਸ ਦੇ ਲੱਛਮੀ ਝੱਸਦੀ ਏ।
ਜਾਏ ਬਣ ਦੁਆਰਕਾ ਪੁਰੀ ਓਥੇ,
ਵਰਖਾ ਮਿਹਰ ਵਾਲੀ ਜਿੱਥੇ ਵੱਸਦੀ ਏ।
ਜਿੱਥੇ 'ਬਾਜਵਾ' ਜਾ ਲਗਾਏ ਡੇਰਾ,
ਬਰਕਤ ਆਣ ਮਿਲਦੀ ਅੱਗੋਂ ਹੱਸਦੀ ਏ।
ਉਹਦੇ ਚਰਨ ਕਮਲਾਂ ਅੰਦਰ ਵਿਸ਼ਵਕਰਮਾ,
ਜਿੱਧਰ ਲੰਘਦਾ ਮੰਦਰ ਉਸਾਰ ਜਾਂਦਾ।
ਉਹਦੇ ਕਰ ਕਮਲਾਂ ਅੰਦਰ ਦਿਸੇ ਵਿਸ਼ਨੂੰ,
ਰੋਜੀ ਵੰਡਦਾ ਵਿੱਚ ਸੰਸਾਰ ਜਾਂਦਾ।
ਮਸਤਕ ਵਿੱਚ ਬ੍ਰਹਮਾਂ ਦਾ ਵਾਸ ਜਾਣੋ,
ਵਿਗੜੀ ਪਲਾਂ ਦੇ ਵਿੱਚ ਸਵਾਰ ਜਾਂਦਾ।
ਨੀਲਕੰਠ ਹੈ 'ਬਾਜਵਾ ਕੰਠ ਅੰਦਰ,
ਜ਼ਹਿਰ ਜੰਗ ਦੇ ਸਾਰੇ ਡਕਾਰ ਜਾਂਦਾ।
ਨਜ਼ਰ ਮਾਰ ਕੇ ਜੂਨ ਸਵਾਰ ਦੇਂਦਾ,
ਚਰਨ ਲਾ ਕੇ ਪੱਥਰਾਂ ਤਾਰਦਾ ਏ।
ਬਾਣੀ ਓਸਦੀ ਵਰਸਦੀ ਵਾਂਗ ਅੰਮ੍ਰਿਤ,
ਜਦੋਂ ਮੁੱਖ ਤੋਂ ਬਚਨ ਉਚਾਰਦਾ ਏ।
ਜਦੋਂ ਵਿਚਰਦਾ ਆਪਣੀ ਮੌਜ ਅੰਦਰ,
ਵਿਗੜੀ ਚਿਰਾਂ ਦੀ ਆਣ ਸਵਾਰਦਾ ਏ।
ਕਰੇ 'ਬਾਜਵਾ ਕਿਸੇ ਤੇ ਮਿਹਰਬਾਨੀ,
ਫੁੱਲ ਕਰ ਦੇਂਦਾ, ਤਿੱਖੇ ਖਾਰ ਦਾ ਏ।
ਭੁੱਜਣ ਦਏ ਨਾ ਸਿੱਖ ਨੂੰ ਥਲਾਂ ਅੰਦਰ,
ਕਰ ਪਲਾਂ ਅੰਦਰ ਨਖਲਿਸਤਾਨ ਦੇਂਦੈ।
ਵਿਗੜੀ ਸੌਰਦੀ ਪਾਪੀਆਂ ਬੰਦਿਆਂ ਦੀ,
ਸੱਚਾ ਸਤਿਗੁਰੂ ਜਦੋਂ ਗਿਆਨ ਦੇਂਦੈ।
ਸਤਿਗੁਰ ਸੱਚੇ ਉਪਦੇਸ਼ ਦੀ ਲਾ ਚੌਭੜ,
ਕੱਢ ਅੰਦਰੋਂ ਲੋਭ ਸਵਾਨ ਦੇਂਦੈ।
ਚਰਨ ਗੁਰੂ ਦੇ ਬਾਜਵਾ ਹੋਣ ਪਾਰਸ,
ਕਰ ਕਰ ਸਵਰਨ ਸਮਾਨ ਦੇਂਦੈ।

**ਲਖਵਿੰਦਰ ਸਿੰਘ ਬਾਜਵਾ**

# ਪਰਉਪਕਾਰੀ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ

**ਕਰਨੈਲ ਸਿੰਘ ਅਸਪਾਲ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪੁਰਬ ਦੇ ਨਾਲ ਨਾਲ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 100 ਸਾਲਾ ਆਗਮਨ ਪੁਰਬ ਵੀ ਬੜੀ ਸ਼ਰਧਾ ਨਾਲ ਨਾਮਧਾਰੀ ਸਿੱਖ ਸੰਗਤਾਂ ਮਨਾ ਰਹੀਆਂ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਉਹੀ ਮਾਰਗ ਦਰਸਾਇਆ ਹੈ। ਰਸਤੇ ਤੋਂ ਭਟਕੇ ਹੋਏ ਲੋਕਾਂ ਤਾਈਂ ਸਿੱਧੇ ਰਸਤੇ ਪਾ ਕੇ ਬਾਣੀ ਅਤੇ ਬਾਣੇ ਨਾਲ ਜੋੜਿਆ ਹੈ।

ਮੇਰੇ ਜਿਹੇ ਅਦਨੇ ਸਿੱਖ ਉਪਰ ਵੀ ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਰਹੀ ਹੈ। ਜੋ ਕਿ ਕਹਿਨ ਕਥਨ ਤੋਂ ਬਾਹਰ ਹੈ। ਜਦੋਂ ਮੈਂ 1997 ਈ. ਵਿਚ ਅਪਣੇ ਸਹੁਰੇ ਸਾਹਿਬ ਸੰਤ ਸਮਾਂ ਸਿੰਘ ਲੋਪੋਂਕੇ ਵਾਲੇ ਨਾਲ ਥਾਈਲੈਂਡ ਵਿਖੇ ਗਿਆ ਸੀ। ਮੈਨੂੰ ਗਾਉਣ ਦਾ ਮੁੱਢ ਤੋਂ ਹੀ ਸ਼ੌਕ ਸੀ। ਇਸ ਕਰਕੇ ਮੈਂ ਆਪਣੇ ਗੀਤਾਂ ਦੀ ਇਕ ਕੈਸਟ ਚੀਨੀ ਵਾਲੇ ਪਾਤਸ਼ਾਹ ਦੀ ਯਾਦ ਵਿੱਚ ਰਿਕਾਰਡ ਕਰਵਾਈ। ਜਿਸ ਦਾ ਨਾਮ ਸੀ 'ਹੰਝੂਆਂ ਦੀ ਜ਼ੁਬਾਨੀ ਏ।' ਮੈਂ ਕਿਹਾ ਅਰਜ਼ ਹੈ ਪਾਤਸ਼ਾਹ ਇਹ ਕੈਸਟ ਚੀਨੀ ਵਾਲੇ ਪਾਤਸ਼ਾਹ ਦੀ ਯਾਦ ਵਿੱਚ ਬਣਾਈ ਹੈ । ਆਪ ਜੀ ਦੇ ਕਰ ਕਮਲਾਂ ਨਾਲ ਰਲੀਜ਼ ਕਰਾਉਣੀ ਚਾਹੁੰਦਾ ਹਾਂ ਜੀ। ਪਾਤਸ਼ਾਹ ਜੀ ਨੇ ਕਿਹਾ, ਇਹ ਤਾਂ ਅੱਜ ਹੀ ਦਿਵਾਨ ਵਿਚ ਹੋ ਜਾਏਗੀ । ਐਪਰ ਜਿਹੜਾ ਖਾਸ ਕੰਮ ਏ ਉਹ ਤੂੰ ਕਰਦਾ ਨਹੀ? ਤੈਨੂੰ ਪਤਾ ਨਹੀ ਤੇਰਾ ਨਾਨਾ ਹਜ਼ਾਰਾ ਸਿੰਘ ਨੀਲਿਆਂ ਵਾਲੇ ਤੋ ਸੀ। ਉਹਨੂੰ 12 ਪਾਤਸ਼ਾਹੀਆਂ ਦੇ ਦਰਸ਼ਨ ਸਾਖਸ਼ਾਤ ਹੋਏ ਸਨ। ਉਹ ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਨਾਲ ਰਹਿੰਦੇ ਸਨ। ਇੱਕਲੇ ਦਰਸ਼ਨ ਹੀ ਨਹੀ ਕੀਤੇ ਬਲਕਿ ਅਪਨੇ ਹੱਥੀ ਸ਼ਰਦਾਈ ਬਣਾ ਕੇ ਵੀ ਛਕਾਈ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤੇ ਤਾਂ ਸਿੱਖ ਦੇ ਨੇਤਰ ਸਜਲ ਹੋ ਗਏ। ਏਨੀ ਖੁਮਾਰੀ ਵਿਚ ਮਸਤਾਨੇ ਹੋ ਗਏ ਕਿ ਸ਼ਰਦਾਈ ਯਾਦ ਹੀ ਨਾ ਰਹੀ। ਗੁਰਾਂ ਨੇ ਪੁਛਿਆ ਹੋਰ ਸਿੱਖਾ ਕੀ ਚਾਹੁੰਦਾ ਹੈ? ਹਜ਼ਾਰਾ ਸਿੰਘ ਨੇ ਕੋਈ ਜਵਾਬ ਨਾ ਦਿਤਾ। ਸਤਿਗੁਰ ਚਲੇ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਇਹ ਹੁਕਮ ਕੀਤਾ ਕੀ ਤੂੰ ਇਹ ਪ੍ਰਸੰਗ ਲਿਖ ਆਪਨੇ ਨਾਨਾ ਜੀ ਦਾ। ਤੇ ਫੇਰ ਉਸ ਦੀ ਕੈਸਟ ਸੀਡੀ ਬਣਾਈਂ। ਨਾਲੇ ਤੇਰੀ ਸ਼ੋਭਾ ਅਤੇ ਨਾਲੇ ਪੰਥ ਦੀ ਸ਼ੋਭਾ। ਮੈਨੂੰ ਆਸ਼ੀਰਵਾਦ ਦਿੱਤਾ ਕਿ ਤੂੰ ਕਵੀ ਏ ਤੇ ਤੂੰ ਰਾਗੀ ਵੀ ਏ। ਇਹ ਤੇਰੇ ਲਈ ਕੋਈ ਔਖਾ ਕੰਮ ਨਹੀਂ।

ਬੇਸ਼ੱਕ ਉਸ ਵੇਲੇ ਮੇਰੇ ਵਿੱਚ ਮਾਤਰ ਕਵੀਆਂ ਵਾਲਾ ਕੋਈ ਗੁਣ ਨਹੀਂ ਸੀ। ਕੋਈ ਕਿਤਾਬ ਨਹੀਂ ਸੀ ਲਿਖੀ, ਤੇ ਨਾ ਹੀ ਐਡਾ ਕੋਈ ਰਾਗੀ ਸਾਂ। ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਮੈਂ ਇਸ ਕਾਰਜ ਦੀ ਹਾਂ ਕਰ ਲਈ। ਘਰ ਪਹੁੰਚਿਆ ਥੋੜੇ ਹੀ ਦਿਨਾਂ ਵਿੱਚ ਇਹ ਪ੍ਰਸੰਗ ਲਿਖਿਆ ਗਿਆ। ਆਪਣੇ ਨਾਨਾ ਜੀ ਦੀ ਇਹ ਸੀਡੀ ਸੰਤ ਨਗਰ ਵਾਲੇ ਕਵੀ ਹੀਰਾ ਸਿੰਘ ਤੋਂ ਤਿਆਰ ਕਰਵਾਈ। ਜਿਸਦਾ ਨਾਮ ਸੀ "ਕਿਵੇ ਸਿੱਖ ਦਰਸ਼ਨ ਪਾਉਂਦਾ ਏ। ਇਹ ਸੀਡੀ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ 'ਤੇ ਰਲੀਜ ਕਰਵਾਈ। ਸਤਿਗੁਰਾਂ ਨੇ ਜੋ ਆਪਣੇ ਮੁਖਾਰਬਿੰਦ ਤੋਂ ਬਚਨ ਫਰਮਾਏ ਉਹ ਸਾਕਾਰ ਹੋ ਗਏ। ਅੱਜ ਦਾਸ ਸੱਤ ਕਿਤਾਬਾਂ ਦਾ ਲੇਖਕ ਹੈ ਅਤੇ ਹਰਿਆਣਾ ਸਰਕਾਰ ਵੱਲੋਂ ਰਾਗੀ ਢਾਡੀ ਦਾ ਪੁਰਸਕਾਰ ਵੀ ਪਾ ਚੁੱਕਿਆ ਹੈ। ਦਾਸ ਸਤਿਗੁਰਾਂ ਦਾ ਲੱਖ ਲੱਖ ਸ਼ੁਕਰ ਗੁਜ਼ਾਰ ਹੈ। ਉਹਨਾ ਦੇ ਉਪਕਾਰਾਂ ਦਾ ਸਦਾ ਹੀ ਰਿਣੀ ਰਹੇਗਾ।

**ਸੰਪਰਕ 94167-27810**

ਸੁੰਦਰ ਸਰੂਪ ਸਨ ਭੂਪਨ ਕੇ ਭੂਪ ਥੇ ਵੋ,
ਤੇਜ ਭਾਨ ਰੂਪ ਵਾਲੀ ਅਖਿਲ ਜਹਾਨ ਦੇ।
ਸੀਸ ਪਰ ਛਤਰ ਨਿਰੰਜਨੀ ਚਵਰ ਢੁਰੇ,
ਚਰਨਾਂ ਦੀ ਛਾਇਆ ਹੇਠ ਸੁਖ ਸਭ ਮਾਣਦੇ।
ਕੋਟ ਬ੍ਰਹਮੰਡ ਜਿਹਦੇ ਚਰਨਾਂ ਦੀ ਧੂੜ ਚਾਹੇ,
ਕਉਲਾ ਝਾੜੂ ਫੇਰੇ ਦਰ ਕਰੁਨਾ-ਨਿਧਾਨ ਦੇ।
ਸ਼ੁੱਧ ਹੋਤ ਚੀਤ ਵਧੇ 'ਰਤਨ' ਪਰੀਤ ਮਨ,
ਜਿਹੜਾ ਪਾਉਂਦਾ ਦੀਦ ਜਗਜੀਤ ਭਗਵਾਨ ਦੇ।

# ਗੁਰ ਪੂਰੇ ਕੀ ਬੇਅੰਤ ਵਡਾਈ।

**'ਬੀਤੇ ਦੀਆਂ ਪੈੜਾਂ' (ਰਚਿਤ ਕਵੀ ਪ੍ਰੀਤਮ ਸਿੰਘ) ਦੇ ਛਪ ਚੁੱਕੇ 17 ਭਾਗਾਂ ਵਿਚੋਂ ਕੇਵਲ ਪਹਿਲੇ ਦੋ ਭਾਗਾਂ ਵਿਚੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕੁਝ ਪ੍ਰੇਰਕ ਘਟਨਾਵਾਂ ਅਤੇ ਸਿਖਿਆਦਾਇਕ ਬਚਨ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ। ਇਨ੍ਹਾਂ ਵਿਚੋਂ ਦੋ ਕੁ ਪੇਜ਼ਾਂ ਤੇ 1959-61-62 ਈ: ਦੇ ਅਤੇ ਬਾਕੀ 1977-78 ਈ: ਦੇ ਪਰਤੱਖ-ਦਰਸ਼ੀ ਵਰਨਣ ਹਨ। ਇਨ੍ਹਾਂ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਬ ਪੱਖੀ ਸ਼ਖ਼ਸ਼ੀਅਤ ਦੇ ਅਨੇਕਾਂ ਪੱਖ ਸਤਿਗੁਰੂ ਜੀ ਦੀਆਂ ਪ੍ਰੇਰਕ ਕਥਾਵਾਂ, ਅੰਮ੍ਰਿਤ-ਬਚਨ, ਸਿੱਖਾਂ ਦਾ ਸਿਦਕ, ਗੁਰੂ ਸਿੱਖ ਦਾ ਪਵਿੱਤਰ ਰਿਸ਼ਤਾ, ਸੂਖਮ ਵਿਅੰਗ ਅਤੇ ਹਾਸ-ਰਸ ਆਦਿ ਉਜਾਗਰ ਹੁੰਦੇ ਹਨ। ਇਸ ਉਮੀਦ ਨਾਲ ਇਹ ਵੰਨਗੀ ਪਾਠਕਾਂ ਨੂੰ ਭੇਟ ਹੈ ਕਿ 'ਬੀਤੇ ਦੀਆਂ ਪੈੜਾਂ' ਪੜ੍ਹਨ ਦੀ ਜਗਿਆਸਾ ਤੇ ਮਹੱਤਤਾ ਉਜਾਗਰ ਹੋ ਸੱਕੇ। (ਸੰਪਾਦਕ)**



### ਕੌਣ ਵੱਖ ਹੈ

ਮੈਨੂੰ ਕਿਸੇ ਜ਼ਰੂਰੀ ਕੰਮ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲਣ ਦੀ ਲੋੜ ਸੀ। ਸਤਿਗੁਰੂ ਜੀ ਨੇ ਮੇਰੀ ਗੱਲ ਬਾਤ ਸੁਣ ਕੇ ਮੈਨੂੰ ਸਮਝਾਇਆ: ਲੋਕ ਮੈਨੂੰ ਤੇ ਕਾਕੇ (ਵੱਡੇ ਬਾਬਾ ਜੀ: ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਵੀ ਵੱਖ ਵੱਖ ਸਮਝਦੇ ਹਨ। ਉਹਨਾਂ ਕੋਲ ਕੁਝ ਤੇ ਮੈਨੂੰ ਕੁਝ ਦੱਸਦੇ ਹਨ। -(4 ਨਵੰਬਰ 1958)

### ਸਾਰੇ ਅਖਤਿਆਰ

ਏਥੋਂ ਵਾਪਸ ਆਉਂਦੇ ਸਮਿੰਨਰੀ ਨਾਲੇ ਨੂੰ ਸਾਫ਼ ਕਰਦੇ 15-20 ਸਿੱਖਾਂ ਨੂੰ ਸਤਿਗੁਰੂ ਜੀ ਦਰਸ਼ਨ ਦਿੱਤੇ ਤੇ ਫਰਮਾਇਆ: ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੋਂ ਨ ਆਵਾਂ। ਹੁਣ ਤੋਂ ਇਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ। ਜਿਸ ਉਹਦੇ ਆਖੇ ਨਹੀਂ ਲੱਗ ਸਕਣਾ, ਉਹ ਬੇਸ਼ੱਕ ਬਿਸਤਰਾ ਗੋਲ ਕਰ ਲਏ। ਹੁਣ ਸਾਰੇ ਅਖਤਿਆਰ ਵੱਡੇ ਕਾਕੇ ਪਾਸ ਹੀ ਹੋਣੇ ਹਨ।

-9 ਮਈ 1959 ਜੀਵਨ ਨਗਰ

### 23 ਅਗਸਤ 1959 ਭੈਣੀ ਸਾਹਿਬ

ਭੈਣੀ ਸਾਹਿਬ ਸੋਗ ਦੀ ਮੂਰਤ ਬਣਿਆ ਪਿਆ ਸੀ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੇ ਸ੍ਰੀ ਬਾਬਾ ਜਗਜੀਤ ਸਿੰਘ ਜੀ ਬਾਰੇ ਗੁਰਗੱਦੀ ਦਾ ਐਲਾਨ ਕੀਤਾ ਤੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿੱਜੀ ਸੇਵਕ ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਮਹਾਰਾਜ ਨਿਹਾਲ ਸਿੰਘ ਅਤੇ ਬਾਬਾ ਜੰਗ ਸਿੰਘ ਜੀ ਆਦਿ ਸਭ ਨੇ ਇਸ ਤੇ ਸਹਿਮਤੀ ਪ੍ਰਗਟ ਕੀਤੀ ਹੈ। ਇਹੋ ਐਲਾਨ ਕੱਲ੍ਹ ਸਤਿਗੁਰਾਂ ਦੀ ਦੇਹ ਸਸਕਾਰ ਵੇਲੇ ਵੀ ਕੀਤਾ ਗਿਆ ਸੀ।



## ਮਿੱਠਾ ਘੁੱਟ ਕਿੰਨਾ ਕੌੜਾ

ਰਾਤੀਂ 8 ਵਜੇ ਦੇ ਕਰੀਬ ਵੱਡੇ ਮਹਾਰਾਜ ਜੀ ਮਿਲੇ। ਵੱਖ ਲੈ ਜਾ ਕੇ ਰੋ ਪਏ। ਕਹਿਣ ਲੱਗੇ: "ਅੱਜ ਜਦ ਦੁਪਹਿਰੇ ਬਾਬਾ ਜੀ ਛੋਟੇ ਮੇਰੇ ਬਰਾਬਰ ਕੱਪੜੇ ਤੇ ਨਾ ਬੈਠੇ ਤਾਂ ਮੇਰੇ ਕਲੇਜੇ ਵਿਚ ਚੀਰ ਫਿਰ ਗਿਆ। ਗੱਦੀ ਕਾਰ ਅਜਿਹੀ ਹੈ। ਮੇਰਾ ਜੀ ਕਰੇ ਮੈਂ ਇਹ ਥਾਂ ਛੱਡ ਦਿਆਂ, ਜੋ ਇਸ ਪਿਆਰੇ ਵੀਰ ਤੋਂ ਵੀ ਇਸ ਤਰਾਂ ਵਿਛੋੜ ਰਹੀ ਹੈ। ਮੈਨੂੰ ਬਹੁਤ ਵੱਡਿਆਂ ਬਣਾ ਰਹੀ ਹੈ ਤੇ ਉਹਨਾਂ ਨੂੰ ਮੇਰਾ ਏਨਾ ਆਦਰ ਕਰਨ ਤੇ ਮਜ਼ਬੂਰ ਕਰ ਰਹੀ ਹੈ। ਪਰ ਮੈਂ ਨਾਮਧਾਰੀ ਪੰਥ ਦੀਆਂ ਲੋੜਾਂ ਨੂੰ ਅਤੇ ਸਤਿਗੁਰਾਂ ਵੱਲੋਂ ਸੰਭਾਲੀ ਜ਼ਿਮੇਵਾਰੀ ਨੂੰ ਨਿਭਾਉਣ ਲਈ ਮਜ਼ਬੂਰ ਹਾਂ।"

ਵੱਡੇ ਰੋ ਰਹੇ ਸਨ। ਮੈਂ ਗਲਵਕੜੀ ਪਾਈ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਕਿਹਾ ਦੂਜੀ ਅਰਜ਼ ਮੈਂ ਕੀਤੀ: ਤੁਹਾਡੇ ਮੋਢੇ ਇਸ ਭਾਰ ਨੂੰ ਚੁੱਕਣ ਦੇ ਕਾਬਲ ਹਨ। ਤੁਸਾਂ ਇਸ ਸਮੇਂ ਵਿਚ ਉਹਨਾਂ ਨੂੰ ਵੀ ਜ਼ਰੂਰ ਸੰਤੁਸ਼ਟ ਕਰਨਾ ਜਿਹੜੇ ਹੁਣ ਤੱਕ ਤੁਹਾਡੀ ਮੁਖ਼ਾਲਫਤ ਕਰਦੇ ਰਹੇ ਹਨ। ਭਾਈ (ਵਜੀਰ ਸਿੰਘ) ਜੀ ਅਤੇ ਰਤਨ ਸਿੰਘ ਹੁਰਾਂ ਨੂੰ ਸਤਿਗੁਰੂ ਜੀ ਦੇ ਅਨਿੰਨ ਸੇਵਕ ਤੇ ਪ੍ਰੇਮੀ ਜਾਣ ਕੇ ਕਿਸੇ ਤਰਾਂ ਦਾ ਕੋਈ ਕਸ਼ਟ ਨਾ ਆਉਣ ਦੇਣਾ ਤਨ, ਮਨ ਤੇ ਧਨ ਕਰਕੇ। ਮਹਾਰਾਜ ਜੀ ਵੱਡਿਆਂ ਨੇ ਉੱਤਰ ਦਿੱਤਾ: ਮੈਂ ਕਈ ਸਾਲਾਂ ਤੋਂ ਭਾਈ ਜੀ ਨਾਲ ਬੋਲਿਆ ਨਹੀਂ ਸਾਂ, ਪਰ ਅੱਜ ਉਚੇਚਿਆਂ ਉਹਨਾਂ ਕੋਲ ਗਿਆ। ਪਹਿਲੀ ਵਾਰ ਕੋਲ ਗਿਆ ਤਾਂ ਮੇਰਾ 'ਗਲਾ ਭਰ ਆਇਆ, ਬੋਲਿਆ ਨਹੀਂ ਗਿਆ। ਫਿਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਮਿਲ ਕੇ ਦੁਬਾਰਾ ਗਿਆ ਤਾਂ ਉਹ ਵੀ ਪਛਾਣ ਨ ਸਕੇ। ਰਤਨ ਸਿੰਘ ਨੇ ਦੱਸਿਆ ਕਿ ਇਹ ਵੱਡੇ ਬਾਬਾ ਜੀ ਨੇ। ਮੈਂ ਭਾਈ ਜੀ ਨੂੰ ਕਿਹਾ: ਭਾਈ ਜੀ, ਹੁਣ ਸਤਿਗੁਰਾਂ ਦੀ ਥਾਂ ਤੁਸੀਂ ਸਾਡਾ ਆਸਰਾ ਜੇ। ਕਿਸੇ ਤਰਾਂ ਦੀ ਚਿੰਤਾ ਨ ਕਰਨੀ।" ਮੈਂ ਇਕ ਗਲਵਕੜੀ ਫਿਰ ਪਾਈ ਤੇ ਤਸੱਲੀ ਕੀਤੀ ਕਿ ਵੱਡੇ ਮਹਾਰਾਜ ਜੀ ਸਚਮੁਚ ਵੱਡੇ ਹਨ- ਉਹ ਸਮਰੱਥ ਪੁਰਖ ਹੋਣਗੇ।

## ਬੇ-ਮਰਿਯਾਦਗੀ ਤੋਂ ਡੰਨ

ਜਦ ਮੈਂ ਕੋਠੀ ਗਿਆ ਤਾਂ ਸਤਿਗੁਰੂ ਜੀ ਦੀ ਪਹਿਨੀ ਇਕ ਨਵੀਂ ਤੇ ਉਭਰੇ ਹੋਏ ਲੂਆਂ ਵਾਲੀ ਸਵੈਟਰ ਦੀ ਸ਼ਲਾਘਾ ਕੀਤੀ। ਸਤਿਗੁਰੂ ਮੁਸਕਰਾਏ: ਪ੍ਰਸ਼ੰਸਾ ਕਰਨਾ ਤਾਂ ਤੁਹਾਡਾ ਗੁਣ ਹੈ। ਉਹਨਾਂ ਹੋਰ ਬਚਨ ਕਰਦਿਆਂ ਮੈਨੂੰ ਦੱਸਿਆ: ਇਸ ਵਾਰ ਦਮਦਮੇ ਇਕ ਸਰੀਰ ਨੂੰ ਸਭ ਤੋਂ ਵੱਡਾ ਜੁਰਮਾਨਾ ਕੀਤਾ ਹੈ, ਘਰ ਵਿਆਹ ਕਰਨ ਦਾ 1000 ਰੁਪੈ। ਇਕ ਹੋਰ ਜਣਾ ਜੁ ਜ਼ਿਆਦਾ ਮੇਰੇ ਨੇੜੇ ਹੋਣ ਦਾ ਦਮ ਭਰਦਾ ਸੀ ਉਸ ਨੂੰ 1500 ਰੁਪਏ ਡੰਨ ਲੱਗਾ। ਸਤਿਗੁਰਾਂ ਕਿਹਾ : "ਇਹ ਭਾਰ ਨੇੜਤਾ ਦਾ ਹੈ। ਜਿਨਾਂ ਨੂੰ ਅਸੀਂ ਆਪਣਾ ਕਹਿੰਦੇ ਹਾਂ ਜੇ ਉਹ ਹੀ ਬੇ ਪਰਵਾਹੀਆਂ ਕਰਨ ਤਾਂ ਦੂਜਿਆਂ ਨੂੰ ਅਸਾਂ ਕੀ ਕਹਿਣਾ ਹੈ।"

(-30 ਜਨਵਰੀ 1962 ਜੀਵਨ ਨਗਰ)

## ਲੀਡਰਾਂ ਲਈ ਪ੍ਰੇਰਨਾ

ਸਤਿਗੁਰਾਂ ਕੇਸਰਾ ਰਾਮ (ਵਿਧਾਨ ਸਭਾ ਮੈਂਬਰ) ਨੂੰ ਕਿਹਾ : ਅਜਿਹੇ ਮੌਕੇ 'ਤੇ ਤੁਹਾਨੂੰ ਸਭ ਲੋਕਾਂ ਨੂੰ ਮਿਲਣਾ ਤੇ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਪਰ ਫਿਰ ਗੱਲ ਧੰਨਵਾਦ ਤੇ ਹੀ ਨਾ ਮੁੱਕੇ, ਲੋਕਾਂ ਦੇ ਦੁੱਖ, ਮੁਸੀਬਤਾਂ ਵਿਚ ਭਾਈਵਾਲ ਬਣਕੇ ਸਰਕਾਰੀ ਤੌਰ ਤੇ ਜੋ ਉਨਾਂ ਦੀ ਮਦਦ ਹੋਵੇ, ਕਰਵਾਣੀ ਚਾਹੀਦੀ ਹੈ।

-(4 ਮਾਰਚ 1962 ਜੀਵਨ ਨਗਰ)

## ਵਣੀ ਨੂੰ ਬਿਪਤਾ

ਸਤਿਗੁਰੂ ਅਜੇ ਤੱਕ ਨਹੀਂ ਆਏ। ਮੈਨੂੰ ਚਿੰਤਾ ਹੈ । ਮੈਂ ਦੋ ਚਾਰ ਵਾਰ ਕੋਠੀਓਂ ਪਤਾ ਕੀਤਾ ਹੈ । ਕੁਛ ਪਤਾ ਨਹੀਂ ਲੱਗ ਰਿਹਾ । ਸੰਤ ਗੁਲਜ਼ਾਰ ਸਿੰਘ ਵੀ ਚਿੰਤਾ ਕਰ ਰਿਹਾ ਹੈ । 10 ਕੁ ਵਜੇ ਪਤਾ ਲੱਗਾ ਕਿ ਸਤਿਗੁਰੂ ਜੀ ਅਜੇ ਨਾਲੀਓਂ ਪਾਰ ਹੀ ਹਨ ਅਤੇ ਨਾਲ ਹੀ ਇਹ ਹਿਰਦੇ ਵੇਧਕ ਖ਼ਬਰ ਸੁਣੀ ਕਿ ਨਾਲੀ ਦਾ ਪਾਣੀ ਨਹਿਰਾਂ ਤੋਂ ਉੱਛਲਦਾ ਵਣੀ ਵੱਲ ਨੂੰ ਟੁੱਟ ਗਿਆ ਹੈ। ਵਣੀ ਵੱਡਾ ਕਸਬਾ ਹੈ, ਜੋ ਪੰਜਾਬ ਦਾ ਰਾਜਸਥਾਨ ਦੇ ਬਾਰਡਰ ਤੇ ਨੀਵੀਂ ਥਾਂ ਤੇ ਹੈ । ਜੇ ਪਾਣੀ ਟੁੱਟ ਗਿਆ ਹੈ ਤਾਂ ਵਣੀ ਦੇ ਚੁਬਾਰਿਆਂ ਤੱਕ ਪਾਣੀ ਦੀ ਸਤਹ ਹੋ ਕੇ ਅਗਾਂਹ

ਤੁਰੇਗਾ। ਡਾਢੇ ਨੁਕਸਾਨ ਦੀ ਸੰਭਾਵਨਾ ਹੈ। ਬਚਾਅ ਦੀ ਕੋਈ ਸੂਰਤ ਨਹੀਂ। ਇਸ ਨਾਲ ਫ਼ਿਕਰ ਹੋਰ ਵਧ ਗਿਆ ਹੈ।

ਸਤਿਗੁਰਾਂ ਪਾਸ ਇਕੋ ਇਸ਼ਨਾਨ ਦੇ ਕੱਪੜੇ ਹਨ ਅਤੇ ਉਨ੍ਹਾਂ ਦਾ ਵਾਪਸ ਆਉਣਾ ਖਤਰਿਓਂ ਖਾਲੀ ਨਹੀਂ । ਵੱਡੀ ਗੱਡੀ ਸ਼ਿਵਰਲੈਟ ਜੁ ਸਰਸੇ ਖੜੀ ਹੈ ਉਸਦੀਆਂ ਚਾਬੀਆਂ ਵੀ ਗੁਲਜ਼ਾਰ ਸਿੰਘ ਪਾਸ ਹਨ। ਸਤਿਗੁਰੂ ਜੀ ਬਾਅਦ ਦੁਪਹਿਰ ਜੀਵਨ ਨਗਰ ਪਹੁੰਚ ਹੀ ਗਏ। ਸ: ਅਵਤਾਰ ਸਿੰਘ ਜੁ ਨਾਲ ਗਿਆ ਸੀ, ਮੇਰੇ ਪਾਸ ਆ ਟਿਕਿਆ । ਇਸ ਦੱਸਿਆ: ਸਤਿਗੁਰੂ ਜੀ ਦੇ ਦਰਸ਼ਨ ਕਰਕੇ ਦੁਖੀ ਹਿਰਦਿਆਂ ਨੂੰ ਵੀ ਸੁਖ, ਸ਼ਾਂਤੀ ਤੇ ਹੌਂਸਲਾ ਮਿਲਿਆ। ਆਪ ਸਤਿਗੁਰੂ ਕੜਾਹੇ ਵਿਚ ਬੈਠ ਕੇ ਅਮਿਰਤਸਰ ਕਲਾਂ ਪਹੁੰਚੇ, ਪ੍ਰਤਾਪ ਨਗਰ ਤੋਂ ਅਮਰਤਸਰੀਆਂ ਨੂੰ ਚਾਅ ਚੜ੍ਹ ਗਿਆ: ਧੰਨ ਹਨ ਸਤਿਗੁਰੂ ਜੁ ਚੁਤਰਫੀ ਪਾਣੀ ਨਾਲ ਘਿਰੇ, ਖਤਰੇ ਨਾਲ ਭਰਪੂਰ ਪਿੰਡ ਵਿੱਚ ਸਾਡੀ ਸੁਰਤ ਲੈਣ ਆਏ ਹਨ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਇਹ ਜਜ਼ੀਰਾ ਨੁਮਾ ਪਿੰਡ ਗੂੰਜ ਪਿਆ। ਲੋਕ ਹਿੰਮਤ ਹਾਰ ਕੇ ਬਹਿ ਗਏ ਸਨ। ਪਿੰਡ ਲਾਗਲਾ ਬੰਨ ਕਮਜ਼ੋਰ ਹੋ ਰਿਹਾ ਸੀ ਪਰ ਪੈਰੋ ਪੈਰ। ਸਤਿਗੁਰਾਂ ਹਿੰਮਤ ਤੇ ਹੌਂਸਲਾ ਦੇ ਕੇ ਫੇਰ ਲੋਕਾਂ ਨੂੰ ਬੰਨ੍ਹ ਦੀ ਮੁਰੰਮਤ ਲਈ ਲਾ ਦਿੱਤਾ । -(2 ਅਕਤੂਬਰ 1962 ਜੀਵਨ ਨਗਰ)

**ਨਾਰਾਜ਼ਗੀ- ਵਿਆਹਾਂ ਵਿੱਚ ਅਵੱਗਿਆ ਤੋਂ**

ਮੈਂ ਸਤਿਗੁਰੂ ਜੀ ਨੂੰ ਕਦੇ ਗੁੱਸੇ ਵਿਚ ਭਖ਼ਦਿਆਂ ਨਹੀਂ ਸੀ ਵੇਖਿਆ ਪਰ ਅੱਜ ਉਹ ਕੁਝ ਨਿਕਟੀ ਸਿੰਘਾਂ ਨਾਲ ਕਾਫ਼ੀ ਨਾਰਾਜ਼ਗੀ ਵਿਚ ਸਨ । ਉਨਾਂ ਕਿਹਾ: "ਨਿਕਲ ਜਾਓ ਕੋਠੀਓਂ। ਤੁਸੀਂ ਮਿਲਨੀਆਂ ਕਰਦੇ ਓ ? ਬਾਹਰ ਲੋਕ ਸਾਡੀ ਸ਼ੋਭਾ ਕਰਦੇ ਹਨ ਕਿ ਅਸੀਂ ਫਜ਼ੂਲ ਖਰਚਿਆਂ ਤੋਂ ਪਰਹੇਜ਼ ਕਰਦੇ ਹਾਂ ਤੇ ਤੁਸੀਂ ਹੋ ਕਿ ਤੁਹਾਡਾ ਜੀ ਮੁੜ ਮੁੜ ਚਿੱਕੜ ਵਿਚ ਫਸਣ ਤੇ ਕਰਦਾ ਹੈ। ਜਾਓ ਚਲੇ ਜਾਓ।"

**ਜਚਦੇ ਕੌਣ ਹਨ ?**

ਜ਼ਿਕਰ ਚਲਦਿਆਂ ਸਤਿਗੁਰੂ ਜੀ ਨੇ ਫੁਰਮਾਇਆ : ਮੈਨੂੰ ਜ਼ਬਾਨੀ ਕਲਾਮੀ ਵਧੇਰੇ ਪ੍ਰਸ਼ੰਸਾ ਕਰਨ ਵਾਲੇ ਨਹੀਂ ਜਚਦੇ। ਅਸਲੀ ਪ੍ਰਸ਼ੰਸਕ ਤਾਂ ਉਹ ਹਨ ਜੁ ਮੇਰੀ ਇੱਛਾ ਨੂੰ ਸਮਝਕੇ ਸਾਰੇ ਕੰਮ ਕਰਦੇ ਹਨ। ਉਹਨਾਂ ਦੇ ਸਾਧਾਰਨ ਸ਼ਬਦਾਂ ਵਿਚੋਂ ਵੀ ਸੱਚ ਪਰਗਟ ਹੁੰਦਾ ਰਹਿੰਦਾ ਹੈ। -(8 ਜੁਲਾਈ 1977 ਨਵੀਂ ਦਿੱਲੀ)

**ਕਲਾ-ਸਹਾਇਤਾ**

ਸਤਿਗੁਰੂ ਜੀ ਨੇ ਸ੍ਰੀ ਰਾਜਨ ਨੂੰ ਪੁੱਛਿਆ: ਤੁਹਾਡੇ ਪਾਸ ਕੋਈ ਤਬਲਚੀ ਹੈ ?

'ਨਹੀਂ ਜੀ !' ਸੁਣ ਕੇ ਸਤਿਗੁਰਾਂ ਆਪਣੇ ਉਤੇ ਜ਼ਿੰਮੇਵਾਰੀ ਲੈ ਲਈ ਕਿ ਉਹ ਪ੍ਰਬੰਧ ਕਰ ਦੇਣਗੇ ਤਾਂ ਕਿ ਰਿਆਜ਼ ਕਰਨ ਸਮੇਂ ਲੈਅ ਤਾਲ ਦੀ ਸਹਾਇਤਾ ਮਿਲਦੀ ਰਹੇ ਅਤੇ ਫਿਰ ਸੇਠ ਤਿਰਲੋਕ ਸਿੰਘ ਦੇ ਲੜਕੇ ਸ਼ੇਰ ਸਿੰਘ ਨੂੰ ਬੁਲਾਕੇ ਕਿਸੇ ਨੂੰ ਫੋਨ ਕਰਨ ਲਈ ਆਦੇਸ਼ ਦਿੱਤਾ ਕਿ ਉਹ ਇਕ ਪਖਾਵਜੀ ਨਾਲ ਲੈ ਕੇ ਆਵੇ। -(10 ਜੁਲਾਈ 1977 ਨਵੀਂ ਦਿੱਲੀ)

**ਮਹਾਨ ਲੇਖਕ ਦਾ ਫ਼ਿਕਰ**

ਏਥੇ ਬੈਠਿਆਂ ਹੀ ਸਤਿਗੁਰੂ ਜੀ ਨੇ ਆਪਣੇ ਸਕੱਤਰ ਨੂੰ ਸ: ਪ੍ਰਕਾਸ਼ ਸਿੰਘ ਬਾਦਲ, ਪੰਜਾਬ ਦੀ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਨੂੰ ਟੈਲੀਫੋਨ ਮਿਲਾਣ ਲਈ ਆਗਿਆ ਕੀਤੀ। ਕੁਝ ਚਿਰ ਪਿਛੋਂ ਉਹ ਨੰਬਰ ਮੇਲ ਕੇ ਲਿਆਇਆ ਤਾਂ ਸਤਿਗੁਰੂ ਜੀ ਨੇ ਸ: ਬਾਦਲ ਨੂੰ ਪੱਕੀ ਕੀਤੀ : ਸ: ਗੁਰਬਖਸ਼ ਸਿੰਘ ਪ੍ਰੀਤ-ਲੜੀ ਦੀ ਸਿਹਤ ਬਹੁਤ ਕਮਜ਼ੋਰ ਹੈ। ਉਹਨਾਂ ਦਾ ਪੀ. ਜੀ. ਆਈ. ਚੰਡੀਗੜ ਵਿਚ ਸਰਕਾਰੀ ਤੌਰ ਤੇ ਇਲਾਜ ਕੀਤਾ ਜਾਇ। ਪੰਜਾਬ ਦਾ ਮਹਾਨ ਲੇਖਕ ਹੈ। ਪਰਵਾਰ ਵਾਲੇ ਅਕਾਲੀ ਸਰਕਾਰ ਹੋਣ ਕਰਕੇ ਘਬਰਾਂਦੇ ਸਨ। ਮੈਂ ਉਹਨਾਂ ਨੂੰ ਦੱਸਿਆ ਕਿ ਉਹ ਸਾਡੇ ਲੇਖਕ ਵਲੋਂ ਅਵੇਸਲੇ ਨਹੀਂ ਹੋਣਗੇ। ਸ: ਬਾਦਲ ਨੇ ਪਰਵਾਨ ਕਰ ਲਿਆ। ਸਤਿਗੁਰੂ ਜੀ ਨੇ ਉਨਾਂ ਨੂੰ ਸਾਰਾ ਪ੍ਰਬੰਧ ਕਰਕੇ ਸੂਚਿਤ ਕਰਨ ਲਈ ਆਖਿਆ।

ਸਤਿਗੁਰੂ ਜੀ ਨੇ ਕਿਹਾ ਸੀ ਕਿ ਆਪ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਕਹਿਣਗੇ। ਪਰ ਪ੍ਰੀਤ ਨਗਰ ਪਰਵਾਰ ਨੂੰ ਸੰਦੇਹ ਸੀ ਕਿ ਸ: ਬਾਦਲ ਮੰਨ ਜਾਣਗੇ। ਸਤਿਗੁਰੂ ਜੀ ਨੇ ਉਹਨਾਂ ਦੀ ਸ਼ੰਕਾ ਦੂਰ ਕਰਦਿਆਂ ਕਿਹਾ ਸੀ : ਕਿਉਂ ਨਾ ਮੰਨੇਗਾ। ਉਹ ਚੰਗਾ ਆਦਮੀ ਹੈ ਤੇ ਚੰਗੇ, ਚੰਗੇ ਨੂੰ ਮੰਨਦੇ ਹੀ ਹਨ। ਗੁਰਬਖਸ਼ ਸਿੰਘ ਜੀ ਪੰਜਾਬ ਤੇ ਸਾਰੀ ਕੌਮ ਦੇ ਲੇਖਕ ਹਨ।

ਇਹ ਵੀ ਪਤਾ ਲਗਾ ਹੈ ਕਿ ਸ: ਗੁਰਬਖਸ਼ ਸਿੰਘ ਜੀ ਨੂੰ ਉਸ ਮੌਕੇ ਤੇ ਇਕ ਸੁਨਹਿਰੀ ਕਲਮ ਵੀ ਸਤਿਗੁਰੂ ਜੀ ਵਲੋਂ ਬਖਸ਼ੀ ਗਈ, ਇਹ ਕਹਿੰਦਿਆਂ : ਮੈਨੂੰ ਕਿਸੇ ਨੇ ਦਿਤੀ ਸੀ, ਮੈਂ ਸੋਚਿਆ ਮੈਂ ਕਿਹੜਾ ਲੇਖਕ ਹਾਂ, ਇਹ ਕਿਸੇ ਲੇਖਕ ਨੂੰ ਹੀ ਕਿਉਂ ਨਾ ਦਿਆਂ। ਇਸ ਸਮੇਂ ਮਾਤਾ ਜੀ ਵੀ ਨਾਲ ਸਨ, ਉਹਨਾਂ ਨੇ ਸ੍ਰ: ਜੀ ਦੀ ਪੁਤਰੀ ਉਮਾ ਨੂੰ ਇਕ ਸੂਟ ਦਾ ਕਪੜਾ ਦੇ ਕੇ ਮਾਣ ਬਖਸ਼ਿਆ। -(29 ਜੁਲਾਈ 1977 ਨਵੀਂ ਦਿੱਲੀ)

# ਪ੍ਰੀਤ-ਪੱਤਰ

**ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ**

(ਸ੍ਰੀ ਸਤਿਗੁਰੂ ਜੀ ਦੇ ਆਮੰਤਰਨ ਤੇ ਸ੍ਰ. ਗੁਰਬਖਸ਼ ਸਿੰਘ ਜੀ, ਸ੍ਰ. ਜਗਜੀਤ ਸਿੰਘ ਅਨੰਦ ਅਤੇ ਹੋਰ ਪ੍ਰਵਾਰਕ ਮੈਂਬਰਾ ਸਹਿਤ ਇਲਾਕਾ ਜੀਵਨ ਨਗਰ ਪਧਾਰੇ ਸਾਰਾ ਇਲਾਕਾ ਵੇਖਿਆ, ਵਾਪਸੀ ਤੇ ਪ੍ਰੀਤ ਨਗਰ ਆ ਕੇ ਆਪ ਨੇ ਸ੍ਰੀ ਸਤਿਗੁਰੂ ਜੀ ਨੂੰ ਇਹ ਪੱਤਰ ਲਿਖਿਆ) -(ਸੰਪਾਦਕ)



ਮਾਤਾ ਜੀ ਨੇ ਪਿਆਰੀ ਵਿਦੈਗੀ ਦਿੱਤੀ, ਆਪਣੀ ਉਮਾ ਭੈਣ ਨੂੰ ਮਿਲਣੀ ਵੀ ਦਿੱਤੀ, ਮੇਰੇ ਕੋਲੋਂ ਉਹਨਾਂ ਨੇ ਮੱਥਾ ਤਾਂ ਟਿਕਾਣਾ ਨਹੀਂ ਸੀ, ਇਸ ਲਈ ਮੈਂ ਉਹਨਾ ਦੇ ਪਾਵਨ ਹੱਥ ਚੁੰਮੇ। ਉਹਨਾਂ ਖਾਣਾ ਬਣਵਾ ਕੇ ਨਾਲ ਦਿੱਤਾ।

ਕਵੀ ਪ੍ਰੀਤਮ ਸਿੰਘ ਜੀ ਤੇ ਜਗਦੀਸ਼ ਸਿੰਘ ਜੀ ਸਾਡੇ ਨਾਲ ਆਏ, ਦੋ ਵਜੇ ਦੇ ਕਰੀਬ ਅਸੀਂ ਪ੍ਰੀਤ ਨਗਰ ਪਹੁੰਚ ਗਏ, ਡਰਾਈਵਰ ਸਿੰਘ ਜੀ ਨੇ ਬੜੀ ਸੋਹਣੀ ਗੱਡੀ ਚਲਾਈ। ਪ੍ਰੀਤ ਨਗਰ ਪਹੁੰਚ ਕੇ ਮੈਂ ਆਪਣੇ ਸਹਾਇਕ ਮੁੰਡੇ ਨੂੰ ਗੱਡੀ ਵਿਚੋਂ ਅਸਬਾਬ ਲਿਆਉਣ ਲਈ ਆਖਿਆ, ਉਹ ਇਕ ਬੋਰੀ ਵੀ ਚੁੱਕ ਲਿਆਇਆ । ਮੈਂ ਆਖਿਆ ਇਹ ਸਾਡੀ ਨਹੀਂ। ਵਾਪਸ ਗੱਡੀ ਵਿਚ ਰੱਖ ਆ, ਤਾਂ ਕਵੀ ਜੀ ਨੇ ਆਖਿਆ- ਇਹ ਬੋਰੀ ਤੁਹਾਡੀ ਹੀ ਹੈ- "ਤੁਸੀਂ ਜੁ ਸਤਿਗੁਰਾਂ ਦੀਆਂ ਕੁਰਸੀਆਂ ਉਤੇ ਬੈਠੇ ਸੋ।" ਮੈਨੂੰ ਯਾਦ ਆ ਗਿਆ ਆਪ ਨੇ ਕਿਉਂ ਪੁੱਛਿਆ ਸੀ ਕਿ ਇਹੋ ਜਹੀਆਂ ਕੁਰਸੀਆਂ ਸਾਡੇ ਕੋਲ ਹਨ ਜਾਂ ਨਹੀਂ ? ਮੈਂ ਆਪ ਦੀ ਖਿਆਲ ਦਾਰੀ ਤੋਂ ਸਦ ਬਲਿਹਾਰੇ ਜਾਂਦਾ ਹਾਂ। ਸ਼ਾਮ ਨੂੰ ਇਹਨਾਂ ਕੁਰਸੀਆਂ ਉੱਤੇ ਬੈਠਿਆਂ ਜਾਪਿਆ ਜਿਵੇਂ ਮੈਂ ਮਸਤਾਨ ਗੜ੍ਹ ਵਿਚ ਆਪ ਦੀ ਹਾਜ਼ਰੀ ਵਿਚ ਬੈਠਾ ਹਾਂ।

ਆਪ ਦੀ ਅਪਾਰ ਕਿਰਪਾ ਕਿ ਆਪ ਨੇ ਸਾਨੂੰ ਜੀਵਨ ਨਗਰ ਦੇ ਦਰਸ਼ਨ ਕਰਾਏ । ਪੂਜ ਵੱਡੀ ਮਾਤਾ ਜੀ ਦੇ ਭੈਣੀ ਸਾਹਿਬ 1934 ਵਿਚ ਦਰਸ਼ਨ ਕੀਤੇ ਯਾਦ ਆਏ। ਸਤਿਗੁਰੂ ਪਰਤਾਪ ਸਿੰਘ ਜੀ ਦੀ ਗਲਵੱਕੜੀ ਯਾਦ ਆਈ। ਆਪ ਨੇ ਵੀ ਉਹਨਾਂ ਵਾਂਗ ਹੀ ਮੈਨੂੰ ਆਪਣੀਆਂ ਸੋਹਣੀਆਂ ਗਊਆਂ ਤੇ ਲਿਸ਼ਕਦੇ ਘੋੜਿਆਂ ਦੇ ਦਰਸ਼ਨ ਕਰਾਏ। ਆਪ ਦੇ ਲਹਿਰਾਂਦੇ ਖੇਤ, ਆਪ ਦੇ ਸਾਦਾ ਤੇ ਸਵੱਛ ਵਿਦਿਆਰਥੀਆਂ ਨੂੰ ਵੇਖ ਕੇ ਬੜੀ ਖੁਸ਼ੀ ਹੋਈ। ਵਿਦਿਆਰਥੀਆਂ ਦਾ ਸਲੀਕਾ ਬੜਾ ਪ੍ਰਸ਼ੰਸਾ ਯੋਗ ਸੀ। ਜਿਹੜਾ ਖਿਆਲ ਆਪ ਉਥੋਂ ਦੇ ਬਿਰਧ ਆਦਮੀਆਂ ਦਾ ਰੱਖਦੇ ਹੋ, ਉਸ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ।

ਆਪ ਦੀ ਪ੍ਰੇਰਨਾ ਨਾਲ ਲੱਗੀ ਰੂਈ ਦੀ ਫੈਕਟਰੀ (ਕਾਟਨ ਫੈਕਟਰੀ) ਤੇ ਚੌਲ-ਮਸ਼ੀਨ (ਸੈਲਰ) ਬੜੇ ਹੋਣਹਾਰ ਅੰਦੋਲਨ ਹਨ। ਮੈਂ ਉਹਨਾਂ ਦੀ ਪੂਰਨ ਕਾਮਯਾਬੀ ਲਈ ਅਰਦਾਸ ਕਰਦਾ ਹਾਂ। ਦਸ਼ਤੋਂ ਬੀਆਬਾਨ ਵਿਚ ਆਪ ਗੁਲਜ਼ਾਰ ਮਹਿਕਾ ਰਹੇ ਹੋ। ਸੜਕ ਬਨਦੀ ਵੇਖੀ, ਸੰਗਤ ਦਾ ਉਤਸ਼ਾਹ ਤੇ ਆਪ ਦਾ ਹੁਲਾਰੇ ਦੇਣ ਵਾਲਾ ਪਿਆਰ ਵੇਖੇ। ਭੱਠਾ ਵੇਖਿਆ, ਸੰਗਤਾਂ ਦੀ ਆਪ ਲਈ ਅਪਾਰ ਸ਼ਰਧਾ ਵੇਖੀ, ਬੜਾ ਦਿਲ ਖੁਸ਼ ਹੋਇਆ। ਮਾਤਾ ਜੀ ਦੀ ਸਾਦਗੀ ਤੇ ਉਚ ਖਿਆਲੀ ਵਿਚ ਅਨੋਖੀ ਪਰੇਰਨਾ ਸੀ। ਮੇਰੀ ਤੇ ਉਮਾ ਦੀ ਸਤਕਾਰ ਭਰੀ ਯਾਦ ਉਹਨਾਂ ਨੂੰ ਦੇਣੀ। ਬੇਬੇ ਜੀ ਬੜੇ ਚੰਗੇ ਲਗੇ, ਉਹਨਾਂ ਨੂੰ ਪਿਆਰ ਨਾਲ ਯਾਦ ਕਰਦਾ ਹਾਂ। ਮਹਾਰਾਜ ਬੀਰ ਸਿੰਘ ਜੀ ਨੇ ਸਾਨੂੰ ਬੜਾ ਪਿਆਰ ਦਿਤਾ। ਦਿਲੀ ਪਿਆਰ ਅਰਪਿਤ ਕਰਦਾ ਹਾਂ।

ਬੜੇ ਪਿਆਰ ਭਰੇ ਸਤਿਕਾਰ ਸਾਹਿਤ,

ਆਪ ਦਾ ਗੁਰਬਖ਼ਸ਼ ਸਿੰਘ।

## ਭੂਤ-ਪ੍ਰੇਤਾਂ ਦਾ ਚੱਕਰ

ਦਿੱਲੀ ਦਾ ਇਕ ਸਿੰਘ ਆਪਣੀ ਪਤਨੀ ਨਾਲ ਸਤਿਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਆਇਆ। ਉਸ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ: ਦੀਨ ਦਿਆਲ ਜੀ, ਪਤਾ ਨਹੀਂ ਇਸ ਨੂੰ ਕੀ ਰੋਗ ਹੈ. ਇੱਕ ਦਮ ਛਾਂਈ ਮਾਈਂ ਹੋ ਜਾਂਦੀ ਹੈ। ਸਰੀਰ ਤਨਿਆਂ ਜਾਂਦਾ ਹੈ। ਡਾਕਟਰਾਂ ਨੂੰ ਪਤਾ ਨਹੀਂ ਲੱਗਦਾ।

ਸਤਿਗੁਰੂ ਜੀ ਨੇ ਫੁਰਮਾਇਆ : ਜ਼ਰੂਰੀ ਨਹੀਂ ਕਿ ਹਰ ਰੋਗ ਡਾਕਟਰਾਂ ਦੁਆਰਾ ਠੀਕ ਹੋ ਜਾਏ। ਲੋਕ ਡਾਕਟਰਾਂ ਤੇ ਵਿਸ਼ਵਾਸ ਕਰ ਕੇ ਉਨ੍ਹਾਂ ਪਾਸ ਜਾਂਦੇ ਹਨ ਤੇ ਕਈ ਵਾਰ ਨਵੇਂ ਰੋਗ ਲੈ ਕੇ ਘਰ ਮੁੜ ਆਉਂਦੇ ਹਨ। ਪਰ ਡਾਕਟਰ ਪਾਸ ਜਾਣੋਂ ਲੋਕ ਹਟਦੇ ਨਹੀਂ।...ਭੂਤ-ਪ੍ਰੇਤਾਂ ਦਾ ਵਹਿਮ ਵੀ ਕਈ ਪਰੇਸ਼ਾਨੀਆਂ ਪੈਦਾ ਕਰਦਾ ਹੈ। ਵਿਸ਼ਵਾਸ ਕਰਕੇ ਸਾਧ ਸੰਗਤ ਤੇ ਸਤਿਗੁਰੂ ਵੱਲ ਧਿਆਨ ਕਰੋ। ਸਾਧ ਸੰਗਤ ਵਿੱਚ ਅਰਦਾਸ ਹੋ ਜਾਵੇਗੀ ।

## ਸਦਾਚਾਰ ਸਮਾਗਮ ਵਿਚ



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਹਾਰਾਜ ਕਿਰਪਾਲ ਸਿੰਘ ਜੀ(ਦਿੱਲੀ ਹੋਲਾ 1966)**

ਸੰਤ ਕਿਰਪਾਲ ਸਿੰਘ ਜੀ ਬੜੇ ਦਿਲ ਦੇ ਸਾਫ ਅਤੇ ਹਿਰਦਿਓਂ ਧਿਆਨ ਕਰਨ ਵਾਲੇ ਵਿਅਕਤੀ ਸਨ। ਜਦੋਂ ਕਦੇ ਉਨ੍ਹਾਂ ਕੋਈ ਸਮਾਗਮ ਕਰਨਾ ਹੁੰਦਾ ਤਾਂ ਬਹੁਤੀ ਵਾਰ ਤਾਂ ਆਪ ਹੀ ਜਾਂ 'ਮਾਈ ਜੀ' ਨੂੰ ਨਾਲ ਲੈ ਕੇ ਭੈਣੀ ਸਾਹਿਬ ਆ ਨਿਕਲਦੇ । ਹੋਰ ਕੋਈ ਜਣਾ ਉਨਾਂ ਦੇ ਨਾਲ ਨਾ ਹੁੰਦਾ ! ਉਨਾਂ ਵਾਲੇ ਸਨੇਹ ਨੂੰ ਹੀ ਵਰਤਮਾਨ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਪਾਲਦੇ ਹਨ । ਸਤਿਗੁਰੂ ਜੀ (ਦਿੱਲੀ ਵਾਲੇ) ਰਾਧਾ ਸਵਾਮੀਆਂ ਦੇ (ਕਿਰਪਾਲ ਆਸ਼ਰਮ ਵਿੱਚ) ਇਸ ਸਦਾਚਾਰ ਸਮਾਗਮ ਵਿਚ ਭਾਗ ਲੈਣ ਲਈ ਉਚੇਚੇ ਬੰਬਈਓਂ ਹਵਾਈ ਸਫਰ ਕਰਕੇ ਆਏ ਸਨ ।

ਜਦੋਂ ਅਸੀਂ ਪਰਸਪਰ ਗੱਲਬਾਤ ਕਰਦਿਆਂ ਲਾਲ ਕਿਲੇ ਪਾਸ ਪਰੇਡ ਗਰਾਊਂਡ ਪੁੱਜੇ ਤਾਂ ਰਾਧਾ ਸਵਾਮੀ ਮੱਤ ਦੇ ਮੁੱਖ ਸੇਵਕ ਤੇ ਮੁੱਖ ਪ੍ਰਬੰਧਕ ਸਤਿਗੁਰੂ ਜੀ ਦੇ ਸੁਆਗਤ ਲਈ ਅਗਾਊਂ ਪਹੁੰਚੇ ਹੋਏ ਸਨ । ਇਕ ਦਰਜਨ ਚੋਣਵੇਂ ਨਾਮਧਾਰੀ ਵੀ ਇਸ ਸਥਾਨ ’ਤੇ ਉਪਸਥਿਤ ਸਨ। - ਇਕ ਵਿਸ਼ੇਸ਼ ਸ਼ਮਿਆਨੇ (ਪੰਡਾਲ) ਵਿਚ ਸਤਿਗੁਰੂ ਜੀ ਅਤੇ ਸਾਨੂੰ ਲੈ ਜਾਇਆ ਗਿਆ, ਜਿਥੇ ਸ੍ਰੀ ਹਜ਼ੂਰ ਦਾ ਸੁਆਗਤ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਨੇ ਚਰਨੀਂ ਹੱਥ ਲਾ ਕੇ ਕੀਤਾ। ਇਸ ਟੈਂਟ ਵਿਚ ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਗੱਦੀ ਨਸ਼ੀਨ, ਪੀਰ ਨਿਜ਼ਾਮੀ, ਮਹਾ ਮੰਡਲੇਸ਼ਵਰ ਸ੍ਰੀ ਸਰਵੱਗ ਮੁਨੀ ਜੀ, ਸ੍ਰੀ ਅਰਜਨ ਸਿੰਘ ਜੀ ਐਮ. ਪੀ. ਆਦਿ ਪ੍ਰਤਿਸ਼ਠਤ ਵਿਅਕਤੀ ਬੈਠੇ ਸਨ।

ਸਤਿਗੁਰੂ ਜੀ ਦੇ ਕਥਨ ਉਪਰੰਤ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਨੇ ਸਤਿਗੁਰੂ ਜੀ ਦੀ ਉਪਮਾ ਤੇ ਸ਼ੋਭਾ ਵਿਚ ਅਤਿ ਨਿਮਰਭਾਵ ਨਾਲ ਬਹੁਤ ਕੁਝ ਆਖਿਆ।

ਪੀਰ ਨਿਜ਼ਾਮੀ ਜੀ ਤੱਕ ਸਾਰੇ ਵਕਤਿਆਂ ਨੂੰ ਸੁਣ ਜਦੋਂ ਸਤਿਗੁਰੂ ਦੀ ਪੀਰ ਜੀ ਨਾਲ ਹੀ ਉੱਚੇ ਮੰਚ ਦੀਆਂ ਪੌੜੀਆਂ ਉਤਰਨ ਲਗੇ ਤਾਂ ਮਹਾਰਾਜ ਦਰਸ਼ਨ ਸਿੰਘ ਜੀ ਦੀ ਨਿਮਰਤਾ ਦੀ ਇਹ ਹੱਦ ਸੀ ਕਿ ਉਹਨਾਂ ਝਟਪਟ ਸੇਵਕ ਤੋਂ ਸਤਿਗੁਰੂ ਜੀ ਦਾ ਜੋੜਾ ਫੜਕੇ ਆਪ ਅੱਗੇ ਕਰਨ ਦਾ ਯਤਨ ਕੀਤਾ। ਸਤਿਗੁਰੂ ਜੀ ਨੇ ਬੜੇ ਤਾਣ ਨਾਲ ਸੰਤ ਜੀ ਮਹਾਰਾਜ ਨੂੰ ਰੋਕ ਕੇ ਆਪਣਾ ਜੋੜਾ ਆਪ ਪਹਿਨਿਆ। -

(20 ਅਗਸਤ 1977 ਨਵੀਂ ਦਿੱਲੀ)

## 7 ਸਤੰਬਰ 1977 ਸ੍ਰੀ ਭੈਣੀ ਸਾਹਿਬ

ਇਕਾਂਤ ਵਿੱਚ ਵਲਾਇਤ ਵਿਚੋਂ ਆਏ ਇਕ ਨੌਜੁਆਨ ਕਿਰਨਪਾਲ ਸਿੰਘ ਨੂੰ ਬੁਲਾਇਆ ਗਿਆ।

ਸਤਿਗੁਰੂ ਜੀ ਨੇ ਉਸ ਨੂੰ ਬਚਨ ਕੀਤਾ : ਸੁੱਚ ਸੋਧ ਰੱਖੋ, ਇਸ਼ਨਾਨ ਕਰੋ ਸਣਕੇਸੀ, ਅਤੇ ਬੰਬਈ ਜਾ ਕੇ ਉਸਤਾਦ ਪਾਸੋਂ ਏਨੀ ਲਗਨ ਨਾਲ ਸੰਤੂਰ ਸਿੱਖੋ ਕਿ ਸਾਰੀ ਜਗ੍ਹਾ ਤੇ ਤੇਰਾ, ਤੇਰੇ ਮਾਪਿਆਂ ਦਾ ਅਤੇ ਨਾਮਧਾਰੀਆਂ ਦਾ ਨਾਮ ਰੌਸ਼ਨ ਹੋਵੇ। ਬੰਬਈ ਜਾ ਕੇ ਲੰਗਰ ਪਾਣੀ ਆਪਣਾ ਬਣਾ ਕੇ ਖਾਣ ਦੀ ਆਦਤ ਪਾਓ। ਮੈਂ ਅਤੇ ਮਹਾਰਾਜ ਜੀ ਹੁਣ ਵੀ ਆਪਣੇ ਹੱਥੀਂ ਪ੍ਰਸ਼ਾਦਾ-ਦਾਲਾ ਬਣਾ ਸਕਦੇ ਹਾਂ। ਤੂੰ ਵੀ ਜਿੰਨਾ ਕੁਝ ਕਰ ਸੱਕੇਂ ਆਪ ਹੱਥੀਂ ਕਰ।

ਗੱਲਬਾਤ ਕਰਦਿਆਂ ਸਤਿਗੁਰੂ ਜੀ ਨੇ ਇਹ ਵੀ ਫੁਰਮਾਇਆ: ਮੈਨੂੰ ਸ: ਮਹਿੰਦਰ ਸਿੰਘ ਨੂੰ ਤੇ ਹਰਭਜਨ ਸਿੰਘ ਨੂੰ ਮਾਇਆ ਦਿੰਦਿਆਂ ਕੋਈ ਬਹੁਤਾ ਨਹੀਂ ਲੱਗਦਾ, ਜੇ ਮੇਰੇ ਨਾਮਧਾਰੀ ਬੱਚਿਆਂ ਅੰਦਰ ਸੰਗੀਤ ਦਾ ਬੂਟਾ ਜੜ੍ਹਾਂ ਫੜ ਜਾਵੇ । ਕਈਆਂ ਨੂੰ ਇਹ ਰਕਮ ਰੜਕਦੀ ਵੀ ਹੈ ਪਰ ਇਹ ਤਾਂ ਇੰਝ ਹੈ ਜਿਵੇਂ ਕੋਈ 700/- ਦੀ ਮੱਝ ਖਰੀਦ ਲਿਆਵੇ ਪਰ ਮਾਲਕ ਨੇ ਉਸਦਾ ਮੁੱਲ 800/- ਮੰਗਿਆ ਹੋਇਆ ਸੀ ਇਕ ਹੋਰ ਨੂੰ ਉਹ 600/- ਦੀ ਵੀ ਨਾ ਲਗੇ । ਇੱਥੇ ਦ੍ਰਿਸ਼ਟੀ ਭੇਦ ਅਤੇ ਕਦਰ-ਸਨਾਸ਼ੀ ਦਾ ਵੀ ਸੁਆਲ ਹੈ।

## ਸਫ਼ਲ ਹੋਣ ਵਾਸਤੇ

ਸਤਿਗੁਰਾਂ ਬਚਨ ਕੀਤਾ ਜ਼ਿੰਦਗੀ ਵਿਚ ਜਿਸਨੇ ਕੁਝ ਕਰਨਾ ਹੈ ਉਹ ਕੰਡਿਆਂ ਥੋਰਾਂ ਤੋਂ ਨਾ ਡਰੇ। ਉਹ ਤਾਂ ਸਾਰੀਆਂ ਰੋਕਾਂ ਉਲੰਘਦਾ ਹੀ ਜਾਵੇ, ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠ ਦੀ, ਉਤਦੀ ਜਾਂ ਪਾਸਿਉਂ ਦੀ ਰਾਹ ਬਣਾਂਦੀ ਤੁਰੀ ਜਾਂਦੀ ਹੈ। ਸਸਤੀ ਸਫਲਤਾ ਨਾ ਮਿਲਦੀ ਹੈ ਤੇ ਜੇ ਕਿਤੇ ਝੋਲੀ ਪੈ ਜਾਏ ਤਾਂ ਖੁੱਸਦਿਆਂ ਵੀ ਦੇਰ ਨਹੀਂ ਲੱਗਦੀ।

## ਕਰੋਧ ਦੇ ਰੂਬਰੂ

ਕਰੋਧ ਬਾਰੇ ਜ਼ਿਕਰ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਦੱਸਿਆ: ਕਈ ਵਾਰ ਐਸੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਕਰੋਧ ਹੁਰੀਂ ਆ ਧਮਕਣ। ਪਰ ਮੈਂ ਉਸ ਦੀ ਪੈੜ ਪਛਾਣ ਲੈਂਦਾ ਹਾਂ ਤੇ ਕੋਸ਼ਿਸ਼ ਰੱਖਦਾ ਹਾਂ ਕਿ ਆਪਣੇ ਪੈਰੋਂ ਨਹੀਂ ਉਖੜਣਾ। ਕਰੋਧ ਨੂੰ ਪੀ ਹੀ ਜਾਣਾ ਹੈ। ਪਰ ਹੁਣ ਸਤਿਗੁਰਾਂ ਦੀ ਕਿਰਪਾ ਨਾਲ ਗੁੱਸਾ ਨਹੀਂ ਆਉਂਦਾ। ਕਰੋਧੀ ਨਾਲ ਧੀਰਜ ਰੱਖਕੇ ਹੀ ਨਿੱਬੜੀ ਦਾ ਹੈ।

(8 ਸਤੰਬਰ 1977 ਸ੍ਰੀ ਭੈਣੀ ਸਾਹਿਬ)

## ਸਥਿਰ ਬੁੱਧੀ ਦਾ ਕਮਾਲ

ਸ੍ਰੀ ਸਤਿਗੁਰੂ ਜੀ ਦੇ ਜੱਪ ਪ੍ਰਯੋਗ ਦੇ ਦਿਨਾਂ ਵਿਚ ਕਿਰਨਪਾਲ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਮੈਂ (ਪ੍ਰੀਤਮ ਸਿੰਘ ਕਵੀ) ਸ੍ਰੀ ਸਤਿਗੁਰੂ ਜੀ ਪਾਸ ਬੈਠੇ ਸਾਂ ਕਿ ਬਚਨ ਕਰਦਿਆਂ ਆਪ ਨੇ ਅਨੁਭਵ ਸੁਣਾਇਆ ; ਔਖੇ ਤੋਂ ਔਖੇ ਸਮੇਂ ਵਿਚ ਵੀ ਬੰਦੇ ਦੀ ਸਥਿਰ ਬੁੱਧੀ ਬੜਾ ਕੰਮ ਕਰ ਜਾਂਦੀ ਹੈ। ਮਨੁੱਖ ਨੂੰ ਜੇ ਪਿਆਰ ਕਰਨਾ ਅਤੇ ਸਬਰ ਨਾਲ ਉਡੀਕਣਾ ਆਉਂਦਾ ਹੋਵੇ ਤਾਂ ਪਸ਼ੂ, ਪੰਛੀਆਂ ਤੱਕ ਨੂੰ ਸਿਧਾਅ ਸੱਕਦਾ ਤੇ ਵੱਸ ਵਿਚ ਕਰ ਸਕਦਾ ਹੈ।

ਸਤਿਗੁਰੂ ਜੀ ਨੇ ਜਵਾਨੀ ਵੇਲੇ ਦੀ ਇਕ ਉਦਾਹਰਣ ਦਿੱਤੀ : ਸਾਡੇ ਪਾਸ ਇਕ ਘੋੜ੍ਹਾ ਸੀ 'ਜੈ ਭਾਰਤ,। ਅੜੀਅਲ, ਸ਼ਕਤੀਸ਼ਾਲੀ ਤੇ ਅੜ੍ਹਬ ਆਦਤਾਂ ਵਾਲਾ। ਉਹ ਆਪਣੇ ਸੇਵਕਾਂ ਨਾਲ ਅਵੱਗਿਆ ਕਰਦਾ। ਅਸਾਂ ਉਸਨੂੰ ਤਾਂਗੇ ਨਾਲ ਜੋੜਨ ਦਾ ਮਨ ਬਣਾਇਆ। ਤਾਂਗੇ ਨਾਲ ਜੋੜਿਆ ਤਾਂ ਕਾਲਿਆਂ ਦੇ ਖੂਹ ਕੋਲ ਜਾ ਕੇ ਖਲੋ ਗਿਆ। ਹਿੱਲਣ ਦਾ ਨਾਂ ਹੀ ਨਾ ਲਏ। ਜਿਵੇਂ ਪੱਥਰ ਦਾ ਹੋਏ। ਲਾਭ ਸਿੰਘ ਫੱਤਾ ਮੇਰੇ ਨਾਲ ਸੀ। ਕਹਿਣ ਲੱਗਾ, ਇਸਨੂੰ ਡਾਂਗ ਚੌਲ ਵਰਤਾਈਏ ਅਰਥਾਤ ਕੁੱਟ ਮਾਰ ਕਰੀਏ ? ਮੈਂ ਕਿਹਾ : ਨਾ। ਉਡੀਕੋ , ਸਬਰ ਨਾਲ ਇੰਤਜ਼ਾਰ ਕਰੋ। ਇਸਨੂੰ ਵੀ ਭੁੱਖ ਲੱਗੇਗੀ। ਜਿਉਂ ਹੀ ਭੁੱਖ ਲੱਗੀ ਇਹ ਤੁਰੇਗਾ। ਸਿਆਣੇ ਸਬਰ ਦਾ ਫਲ ਹੀ ਮਿੱਠਾ ਕਹਿਦੇ ਨੇ। ਘੰਟੇ ਪੌਣੇ ਘੰਟੇ ਪਿੱਛੋਂ ਹੀ ਉਸਨੂੰ ਭੁੱਖ ਲੱਗ ਪਈ। ਘੋੜਾ ਤੁਰ ਪਿਆ। ਅਸੀਂ ਚੁੱਪ ਕਰਕੇ ਤਾਂਗੇ ਉਤੇ ਬੈਠ ਗਏ ਬਸ ਫਿਰ ਭਲੇ ਮਾਣਸਾਂ ਵਾਂਗ ਚੱਲ ਪਿਆ । ਜਿਧਰ ਤੋਰਿਆ ਤੁਰਿਆ।

ਇਕ ਮਿਸਾਲ ਹੋਰ ਦਿਤੀ : ਮੇਰੇ ਪਾਸ ਐਲਸੇਸ਼ਨ ਕਿਸਮ ਦੀ ਇਕ ਕੁੱਤੀ ਸੀ, ਉਹਦਾ ਇਕ ਬੱਚਾ ਮਹਾਰਾਜ ਨਿਹਾਲ ਸਿੰਘ ਜੀ ਨੂੰ ਦਿਤਾ। ਉਹ ਕੁੱਤਾ ਮਹਾਰਾਜ ਜੀ ਦੇ ਆਖੇ ਨਾ ਲੱਗੇ , ਮੈਨੂੰ ਮਿਲੇ ਤਾਂ ਮਹਾਰਾਜ ਜੀ ਨੇ ਦੱਸਿਆ : ਕੁੱਤਾ ਆਖੇ ਨਹੀਂ ਲੱਗਦਾ।

ਮੈਂ ਇਕ ਹਫ਼ਤਾ ਮਹਾਰਾਜ ਜੀ ਦੇ ਪਾਸ ਦਿੱਲੀ ਹੀ ਰਹਿਣਾ ਸੀ । ਕੁੱਤਾ, ਮੈਂ ਆਪਣੀ ਸਪੁਰਦਦਾਰੀ ਵਿਚ ਲੈ ਲਿਆ। ਸਵੇਰੇ ਸੈਰ ਕਰਨ ਗਿਆਂ ਨਾਲ ਲੈ ਜਾਣਾ। ਇਕ ਚੌਂਕ ਵਿਚ ਕੁੱਤੇ ਨੂੰ ਬਹਾ ਜਾਣਾ, ਪਰ ਉਸ ਮੇਰੀ ਭਾਲ ਕਰਦਿਆਂ ਥੋੜੇ ਚਿਰ ਪਿਛੋਂ ਆ ਮਿਲਣਾਂ ! ਇਹੋ ਉਸਦੀ ਮਰਜ਼ੀ ਉਸ ਤੋਂ ਛੁਡਵਾਣੀ ਸੀ ।

ਮੈਂ ਉਸਨੂੰ ਮਿੱਠਾ ਮਿੱਠਾ ਗੁੱਸਾ ਜਤਾਣਾ। ਉਹਨੂੰ ਉਥੇ ਹੀ ਬੈਠਣ ਲਈ ਮਜਬੂਰ ਕਰ ਦੇਣਾ। ਜਦੋਂ ਕੁੱਤੇ ਨੇ ਨਿਸ਼ਚਿਤ ਥਾਂ ਤੇ ਜਾ ਕੇ ਬੈਠ ਜਾਣਾ। ਮੈਂ ਕੋਈ ਮਿੱਠੀ ਚੀਜ਼ ਖਾਣ ਨੂੰ ਦੇ ਦੇਣੀ। ਪੰਜਵੇਂ ਦਿਨ ਉਹ ਪੱਕੀ ਤਰ੍ਹਾਂ ਆਗਿਆ ਵਿਚ ਰਹਿਣ ਲੱਗਾ। ਮੈਂ ਉਸਨੂੰ ਇਕ ਥਾਂ ਤੇ ਬਠਾਲ ਕੇ ਆਪ

ਦੂਰ-ਦੂਰ ਚਲੇ ਜਾਣਾ ਜਾਂ ਨੇੜੇ ਹੀ ਉਹਲੇ ਬੈਠਕੇ ਵੇਖਣਾ, ਪਰ ਉਸਨੇ ਨਿਸ਼ਚਿਤ ਸਥਾਨ ਨਾ ਛੱਡਣਾ। ਇੰਜ ਸਬਰ ਤੇ ਉਡੀਕ ਅਤੇ ਥੋੜਾ ਕੁ ਢੰਗ ਬਹੁਤ ਵੱਡੇ ਮਸਲੇ ਹਲ ਕਰ ਸਕਦਾ ਹੈ।" ਸਤਿਗੁਰੂ ਜੀ ਨੇ ਅੰਤ ਉੱਤੇ ਆਖਿਆ।

**ਥਾਪੜਾ**

ਸ੍ਰੀ ਸਤਿਗੁਰੂ ਜੀ ਨਾਲ ਗੱਲਬਾਤ ਕਰਦਿਆਂ ਮੈਂ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵੱਲ ਜਾ ਰਿਹਾ ਸਾਂ ਕਿ ਸਤਿਗੁਰੂ ਜੀ ਨੇ ਦੱਸਿਆ: ਅੱਜ ਰਾਤੀ, ਪਹਿਲੀ ਵਾਰ ਜ਼ਿੰਦਗੀ ਵਿਚ, ਗੁਰੂ ਹਰੀ ਸਿੰਘ ਜੀ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਮੈਨੂੰ ਥਾਪੜਾ ਦਿਤਾ ਹੈ । ਇਸ ਦਾ ਭਾਵਾਰਥ ਤਾਂ ਮੈਨੂੰ ਇਹੋ ਜਾਪਦਾ ਹੈ ਕਿ ਅੱਜ ਜੋ ਮੈਂ ਆਪਣੇ ਨਾਲ ਸੰਬੰਧਤ ਇਕ ਵਿਅਕਤੀ ਨਾਲ ਬਹੁਤ ਧੀਰਜ ਭਰੇ ਵਤੀਰੇ ਨਾਲ ਗੱਲ ਕੱਥ ਕੀਤੀ ਹੈ, ਮੈਨੂੰ ਉਸੇ ਦੀ ਸ਼ਾਬਾਸ਼ੀ ਮਿਲੀ ਹੈ। -9 ਸਤੰਬਰ 1977 ਸ੍ਰੀ ਭੈਣੀ ਸਾਹਿਬ

**13 ਅਕਤੂਬਰ 1977 ਸ੍ਰੀ ਭੈਣੀ ਸਾਹਿਬ**

ਸਤਿਗੁਰੂ ਜੀ ਕਾਰੋਂ ਉਤਰ ਪ੍ਰੋ: ਇੰਦਰ ਸਿੰਘ ਨੂੰ ਇੱਕ ਹਰ ਪਖੋਂ ਹੀਣੇ ਮਨੁਖ ਵਲ ਤਕਾ ਕੇ ਕਹਿਣ ਲਗੇ: ਵੇਖੋ, ਇਕ ਇਹ ਹੈ ਤੇ ਇਕ ਇਸਦਾ ਪਿਤਾ ਹੈ। ਪਿਤਾ ਇਸਦਾ ਇਹ ਨਹੀਂ ਕਹਿੰਦਾ ਕਿ ਰੱਬ ਨੇ ਉਸ ਨਾਲ ਕਿੰਨਾ ਧੱਕਾ ਕੀਤਾ ਹੈ ਕਿ ਇਕ ਪੁੱਤਰ ਦਿਤਾ ਤੇ ਉਹ ਵੀ ਜ਼ਹਿਮਤ ਦਾ ਮਾਰਿਆ ! ਉਹ ਇਸ ਸਭ ਕੁਝ ਨੂੰ ਮਨ ਦੀ ਏਸ ਦਸ਼ਾ ਨਾਲ ਬਿਆਨਦਾ ਹੈ : ਕਿਰਪਾ ਹੈ ਸਤਿਗੁਰੂ ਦੀ ਏਸ ਤੇ ਕਿ ਇਹ ਏਥੇ ਨਿੱਤ ਸਾਧ ਸੰਗਤ ਦੇ ਦਰਸ਼ਨ ਕਰਦਾ ਹੈ। ਭੈਣੀ ਸਾਹਿਬ ਆਏ ਸਤਿਗੁਰੂ ਵੀ ਇਸ ਨੂੰ ਦਰਸ਼ਨ ਦਿੰਦੇ ਹਨ। ਪੂਰਬਲੇ ਕਰਮਾਂ ਨੇ ਭਾਵੇਂ ਸਰੀਰ ਨੂੰ ਕਿਸੇ ਕੰਮ ਦਾ ਨਹੀਂ ਰਹਿਣ ਦਿਤਾ ਪਰ ਸੋਝੀ ਤੇ ਨੇਤਰਾਂ ਦੁਆਰਾ ਦਰਸ਼ਨ ਕਰ ਕਰ ਜੀਵਨ ਸਫਲ ਕਰ ਰਿਹਾ ਹੈ। ਸ਼ਿੰਗਾਰਾ ਸਿੰਘ ਦੋ ਵੇਲੇ ਪ੍ਰਸ਼ਾਦੇ ਦੀਆਂ ਬੁਰਕੀਆਂ ਕਰ ਕਰ ਖੁਆਂਦਾ ਹੈ। 40 ਸਾਲ ਇੰਜ ਕਰਦਿਆਂ ਹੋ ਗਏ ਹਨ ਪਰ ਗਿਲਾ ਕਿਸੇ ਦੇ ਖ਼ਿਲਾਫ਼ ਨਹੀਂ। ਇਹ ਭਾਣਾ ਹੈ ਜਿਸ ਨੂੰ ਗੁਰਮੁਖ ਮੰਨਦੇ ਹਨ।

ਸਤਿਗੁਰੂ ਜੀ ਨੇ ਸ: ਭਿੰਡਰ ਦੇ ਮੁਕੱਦਮੇ ਬਾਰੇ ਸਥਿਤੀ ਜਾਣ ਕੇ ਫ਼ੁਰਮਾਇਆ : "ਹੌਸਲਾ ਬੁਲੰਦ ਰਖੋ। ਮੁਸ਼ਕਲਾਂ ਵੇਲੇ ਬਹਾਦਰ ਆਦਮੀ ਹੋਰ ਵੀ ਸਬਰ, ਦ੍ਰਿੜ੍ਹਤਾ ਤੇ ਸਿਆਣਪ ਅਖਤਿਆਰ ਕਰਦੇ ਹਨ। ਹੁਣ ਸਭ ਤੋਂ ਵੱਧ ਤਕੜਾਈ ਦੀ ਲੋੜ ਹੈ । ਅਸੀਂ ਹਰ ਮੁਸੀਬਤ ਵਿਚ ਤੁਹਾਡੇ ਨਾਲ ਹਾਂ।"

**ਪ੍ਰੇਮੀ ਜੀਉੜਿਆਂ ਲਈ**

ਰਵਾਲਸਰ ਸਤਿਗੁਰੂ ਨਿਵਾਸ ਵਿਚ ਜਦੋਂ ਅਸੀਂ ਪਰਸ਼ਾਦ ਛਕ ਰਹੇ ਸਾਂ ਤਾਂ ਇਕ ਵਾਰ ਸਤਿਗੁਰੂ ਜੀ ਸਾਨੂੰ ਦਰਸ਼ਨ ਦੇਣ ਆਏ ਸਨ। ਓਦੋਂ ਮੈਂ ਦ੍ਰਵਤ ਹਿਰਦੇ ਨਾਲ ਅਰਜ਼ ਕੀਤੀ ਸੀ : ਦੀਨ ਦਿਆਲ ! ਬੜਾ ਚੰਗਾ ਕਰਦੇ ਜੇ ਇਹਨਾਂ ਦੂਰ ਦਰਾਜ਼ ਰਹਿੰਦੇ ਇਕਲਾਪੇ ਸਰੀਰਾਂ ਨੂੰ ਇਸ ਤਰਾਂ ਆ ਨਿਵਾਜਦੇ ਹੋ। ਸਤਿਗੁਰੂ ਜੀ ਬਚਨ ਕੀਤਾ : ਕਵੀ ਜੀ, ਇਹਨਾਂ ਦਾ ਪ੍ਰੇਮ ਮੈਨੂੰ ਕਿੱਥੇ ਕਿੱਥੇ ਨਹੀਂ ਲੈ ਜਾਂਦਾ। ਇਹੋ ਜਿਹੇ ਪ੍ਰੇਮੀ ਜੀਉੜਿਆਂ ਲਈ ਸਫਰ ਕਰਦੇ ਕਈ ਵਾਰ ਮੇਰਾ ਪੇਟ ਬੜਾ ਸਖਤ ਹੋ ਜਾਂਦਾ ਹੈ।

**ਕਾਮਨਾਵਾਂ ਦਾ ਹੜ੍ਹ**

ਸ੍ਰੀ ਸਤਿਗੁਰੂ ਜੀ ਨੇ ਦੱਸਿਆ : ਪਉੜੀਆਂ ਨੂੰ ਦਰਿਆ ਵੱਲ ਉਤਾਰਨ ਤੇ ਬਹੁਤ ਖਰਚ ਆਇਆ ਹੈ। ਅਸੀਂ ਪੱਥਰ ਦੇ ਪੁਸ਼ਤੇ ਤਾਰ-ਜਾਲਾਂ ਨਾਲ ਤਿਆਰ ਕਰਵਾਏ ਤਾਂ ਕਿ ਸਾਡੇ ਵਾਲੇ (ਕੋਠੀ ਵਾਲੇ) ਪਾਸੇ ਨੂੰ ਖੋਰ ਨਾ ਲਗੇ। ਪਰ ਇਕ ਸਮੇਂ ਪਾਣੀ ਦਾ ਬਹਾਉ ਏਨਾ ਤੇਜ਼ ਆਇਆ ਕਿ ਪੁਸ਼ਤੇ-ਪਸ਼ਤੇ ਸਭ ਰੋੜ੍ਹ ਕੇ ਲੈ ਗਿਆ।

ਉਹ ਤਾਰ-ਜਾਲ ਕੋਲ ਹੀ ਪਿਆ ਸੀ ਮੁਚਕਿਆ ਤੇ ਮੁੜਿਆ ਪਿਆ। ਸਤਿਗੁਰਾਂ ਮੁੜ ਕਾਇਮ ਕੀਤੇ ਪੁਸ਼ਤੇ ਵੱਲ ਮੇਰੀ ਝਾਤ ਪੁਆਈ। ਸੱਚੇ ਪਾਤਸ਼ਾਹ ਜੀ ਨੇ ਇਸੇ ਗੱਲ ਨੂੰ ਉਦਾਹਰਣ ਰੂਪ ਵਿਚ ਲੈਕੇ ਸਮਝਾਇਆ: ਭਾਵੇਂ ਅਸੀਂ ਕਈ ਵਾਰ ਆਪਣੀ ਖੋਰ ਨੂੰ ਰੋਕਣ ਲਈ ਸਿਆਣਪਾਂ ਨਾਲ ਪੁਸ਼ਤੇ ਬੰਨ੍ਹਦੇ ਹਾਂ ਪਰ ਕਾਮਨਾਵਾਂ ਦਾ ਹੜ੍ਹ ਕਈ ਵਾਰ ਏਨਾ ਜ਼ੋਰ ਦੀ ਆ ਜਾਂਦਾ ਹੈ ਕਿ ਸਭ ਸਿਆਣਪਾਂ ਤੇ ਰੋਕਾਂ ਰੁੜ੍ਹ ਜਾਂਦੀਆਂ ਹਨ।

**2 ਨਵੰਬਰ 1977 ਸ੍ਰੀ ਭੈਣੀ ਸਾਹਿਬ**

ਸ੍ਰੀ ਗੁਰਭਜਨ ਸਿੰਘ ਨੇ ਦੱਸਿਆ ਕਿ ਜੋ ਰਕਮ ਮੱਥਾ ਟਿਕਦੀ ਹੈ ਉਸ ਨੂੰ ਅੱਜ ਕਲ੍ਹ ਤਾਂ ਸੰਤ ਬਲਕਾਰ ਸਿੰਘ ਜਾਂ ਸੰਤ ਮਹਿੰਦਰ ਸਿੰਘ ਪੂਰਬਾ (ਦੋਵੇਂ ਹਜ਼ੂਰੀ ਸੇਵਕ) ਗਿਣਦੇ ਅਤੇ ਰੱਖਦੇ ਹਨ। ਸਤਿਗੁਰੂ ਜੀ ਨੇ ਕਦੇ ਨਹੀਂ ਪੁਛਿਆ ਕਿ ਅੱਜ ਕਿੰਨੀ ਭੇਟਾ ਹੋਈ ਹੈ । ਉਹ ਤਾਂ ਸਿਰਫ ਜਦੋਂ ਕਿਸੇ ਨੂੰ ਖਾਸੀ ਰਕਮ ਦੇਣੀ ਹੋਵੇ ਓਦੋਂ ਪੁਛਦੇ ਹਨ : 'ਕਿੰਨੇ ਕੁ ਪੈਸੇ ਕੋਲ ਹਨ। ਜਾਂ ਫਿਰ ਹੁਕਮ ਕਰ ਦਿੰਦੇ ਹਨ : 'ਇਸ ਆਦਮੀ ਨੂੰ ਇੰਨੇ ਪੈਸੇ ਦੇ ਦਿਓ।

ਸਭ ਪ੍ਰਕਾਰ ਦੇ ਖਰਚ, ਸਤਿਗੁਰੂ ਜੀ ਨਾਲ ਜਾਣ ਆਉਣ ਸਮੇਂ ਮੁਖੀ ਸੇਵਕ ਹੀ ਕਰਦੇ ਹਨ। ਕਦੇ ਵਿਸ਼ੇਸ਼ ਵੱਡੇ ਖਰਚ ਸਮੇਂ ਹੀ ਸਤਿਗੁਰੂ ਜੀ ਕੋਲ ਹੁੰਦੀ ਰਕਮ ਦੀ ਜਾਣਕਾਰੀ ਲੈਂਦੇ ਹਨ। ਸ੍ਰੀ ਹਜ਼ੂਰ ਜਦੋਂ ਦੇ ਗੁਰ-ਗੱਦੀ ਤੇ ਬਿਰਾਜਮਾਨ ਹੋਏ ਹਨ ਉਨ੍ਹਾਂ ਰੁਪੈ ਪੈਸੇ ਆਦਿ ਨੂੰ

ਹੱਥ ਤੱਕ ਨਹੀਂ ਲਾਇਆ। ਏਨਾ ਵੱਡਾ ਵਿਸ਼ਵਾਸ ਸਤਿਗੁਰੂ ਅਤੇ ਸਿੱਖਾਂ ਵਿਚਾਲੇ ! ਧੰਨ ਸਤਿਗੁਰੂ ! ਧੰਨ ਸਿੱਖ !!

### ਸਹਿਣਸ਼ੀਲਤਾ

ਮੈਨੂੰ ਵੀ ਇਕ ਵਾਕਿਆ ਯਾਦ ਆਇਆ, ਵਿਗਿਆਨ ਭਵਨ, ਨਵੀਂ ਦਿੱਲੀ ਵਿਚ ਅਮਨ ਕੌਂਸਲ ਵਲੋਂ ਕੋਈ ਸਮਾਗਮ ਸੀ। ਉਸ ਦਿਨ ਦੀ ਮੇਰੀ ਇਕ ਗਲਤੀ ਵੀ ਮੈਨੂੰ ਯਾਦ ਹੈ। ਪਹਿਲਾਂ ਗਲਤੀ ਦੱਸ ਲਵਾਂ। ਸਤਿਗੁਰੂ ਜੀ ਨੂੰ ਮੈਂ ਵਿਸ਼ੇਸ਼ ਵਿਅਕਤੀਆਂ ਦੀ ਥਾਵੇਂ ਜਾ ਬੈਠਾਇਆ। ਆਪਣੇ ਵੱਲੋਂ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਇਕ ਹੋਰ ਸਿੱਖ ਦੇ ਨਾਲ ਦੀ ਸੀਟ ਲਈ ਤਾਂ ਕਿ ਕੋਈ ਨਾਖੁਸ਼ਗਵਾਰੀ ਨਾ ਵਾਪਰੇ। ਪਰ ਸਰਦਾਰ ਜੀ ਤਾਂ ਛੇਤੀ ਹੀ ਉਠ ਕੇ ਚਲੇ ਗਏ। ਉਨ੍ਹਾਂ ਦੀ ਥਾਂ ਜੋ ਹੋਰ ਆਦਮੀ ਆ ਕੇ ਬੈਠਾ ਉਹ ਚੇਨ ਸਮੋਕਰ ਸੀ। ਉਹ ਸਿਗਰਟਾਂ ਫੂਕੀ ਗਿਆ ਤੇ ਧੂੰਆਂ ਛੱਡੀ ਗਿਆ। ਮੈਂ ਪਿੱਛੇ ਛੇਵੀਂ ਕਤਾਰ ਵਿਚ ਬੈਠਾ ਪਰੇਸ਼ਾਨ ਤਾਂ ਹੋਈ ਗਿਆ ਪਰ ਜਾ ਕੇ ਕੁਛ ਨਾ ਕੀਤਾ।

ਸਭਾ ਸਮਾਪਤੀ ਤੇ ਜਾ ਕੇ ਖਿਮਾਂ ਮੰਗੀ ਕਿ ਮੇਰੇ ਕਾਰਨ ਹਜ਼ੂਰ ਨੂੰ ਦੋ ਘੰਟੇ ਕਿਸ ਬੇਸੁਆਦੀ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ ਪਰੇਸ਼ਾਨੀ ਦੀ ਕੀ ਲੋੜ! ਉਸ ਆਦਮੀ ਨੂੰ ਮੇਰੇ ਬਾਰੇ ਕੁਝ ਪਤਾ ਨਹੀਂ ਸੀ, ਉਹ ਆਪਣੀ ਲੋੜ ਅਨੁਸਾਰ ਧੂੰਆਂ ਛਕਦਾ ਰਿਹਾ, ਮੈਂ ਆਪਣੇ ਆਪ ਨੂੰ ਬੇਸੁਆਦ ਚੋਂ ਸੁਆਦ ਦੀ ਤਲਾਸ਼ ਵਿਚ ਲਾਈ ਰੱਖਿਆ।

### ਉਦਾਰਤਾ ਦੀ ਸਿਖਰ

ਸਤਿਗੁਰੂ ਜੀ ਨੇ ਦੱਸਿਆ : ਲੱਖਾਂ ਰੁਪੈਆਂ ਦੇ ਹੇਠਾਂ ਹਾਂ। ਕਈ ਵਾਰ ਸੋਚਿਆ ਹੈ ਕਿ ਅੱਗੇ ਤੋਂ ਦੂਜਿਆਂ ਦੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈਣੋਂ ਪਰਹੇਜ਼ ਕਰਾਂ ਪਰ ਜਦੋਂ ਕੋਈ ਲੋੜਵੰਦ ਸਾਹਵੇਂ ਆ ਹੱਥ ਬੰਨ੍ਹ ਖਲੋਂਦਾ ਹੈ ਤਾਂ ਮੇਰੀ ਦ੍ਰਿੜ੍ਹਤਾ ਦੇ ਬੰਨ੍ਹ ਟੁੱਟ ਜਾਂਦੇ ਹਨ। ਉਦੋਂ ਇਹੋ ਜੀਅ ਕਰਦਾ ਹੈ ਭਾਵੇਂ ਕਿਵੇਂ ਹੋਵੇ, ਕਿਸੇ ਕੋਲੋਂ ਵੀ ਮੰਗ ਕੇ ਪ੍ਰਾਰਥੀ ਦੀ ਲੋੜ ਪੂਰੀ ਕਰ ਦਿਆਂ।

### ਹਾਰਦਿਕ ਨੇੜਤਾ

ਸੱਚੇ ਪਾਤਸ਼ਾਹ ਜੀ ਨੇ ਆਪਣੀ ਰੀਝ ਮੈਨੂੰ ਦੱਸੀ : ਜੀ ਕਰਦਾ ਹੈ ਖਾਂ ਸਾਹਿਬ (ਉਸਤਾਦ ਅਮਜ਼ਦ ਅਲੀ) ਦਾ ਰਿਆਜ਼ ਕਰਨ ਲਈ ਕਮਰਾ ਇਸ ਤੋਂ 3-4 ਗੁਣਾ ਵੱਡਾ ਹੋਣਾ ਚਾਹੀਦਾ ਹੈ ਤੇ ਮਕਾਨ ਵੀ ਉਨਾਂ ਦਾ ਆਪਣਾ ਹੋਵੇ। ਮੈਂ ਕਿਹਾ : ਜਿਵੇਂ ਚਾਹੋਗੇ, ਹੋ ਜਾਵੇਗਾ।

ਮੈਂ ਖਾਂ ਸਾਹਿਬ ਨੂੰ ਉਹਨਾਂ ਦੇ ਲੜਕੇ ਦਾ ਨਾਮ ਪੁਛਿਆ। ਉਹਨਾਂ ਦੱਸਿਆ : ਅਮਾਨ। ਮਤਲਬ ਅਮਨ ਅਮਾਨ। ਇਸ ਲੜਕੇ ਦੇ ਹੋਣ ਸਮੇਂ ਸਤਿਗੁਰੂ ਜੀ ਦੀ ਖਾਂ ਸਾਹਿਬ ਘਰ ਲੜਕਾ ਹੋਣ ਦੀ ਤੀਬਰ ਇੱਛਾ ਸੀ। (ਇਕ ਵੇਰ ਸ੍ਰੀ ਸਤਿਗੁਰੂ ਜੀ ਉਸਤਾਦ ਅਮਜ਼ਦ ਅਲੀ ਜੀ ਦੇ ਘਰ ਦਰਸ਼ਨ ਦਿੱਤੇ। ਸਰੋਦ-ਵਾਦਨ ਦਾ ਅਨੰਦ ਮਾਣਿਆ, ਫੇਰ ਪੁਛਿਆ- 'ਬੱਚੇ ਕਿੰਨੇ ਹਨ? "ਅਜੇ ਬੱਚਾ ਤੇ ਕੋਈ ਨਹੀਂ।" - ਉਸਤਾਦ ਪਤਨੀ ਨੇ ਅਰਜ਼ ਕੀਤੀ। "ਪੂਰਬਾ ਜੀ, ਯਾਦ ਨਾਲ ਕੱਲ ਨੂੰ ਆਸਾ ਦੀ ਵਾਰ ਦੇ ਭੋਗ, ਦੀ ਅਰਦਾਸ ਸਮੇਂ ਉਸਤਾਦ ਜੀ ਦੇ ਘਰ ਬੱਚਿਆਂ ਵਾਸਤੇ ਅਰਦਾਸ ਕਰਨੀ ਹੈ।" -ਸਤਿਗੁਰੂ ਜੀ ਨੇ ਪੂਰਬਾ ਜੀ ਨੂੰ ਹੁਕਮ ਕੀਤਾ। ਅਗਲੇ ਦਿਨ ਅਰਦਾਸ ਹੋਈ -ਉਸ ਤੋਂ ਬਾਅਦ ਉਸਤਾਦ ਅਮਜ਼ਦ ਜੀ ਦੇ ਘਰ ਦੋ ਪੁੱਤਰ ਹੋਏ।) ਏਸੇ ਲਈ ਮੈਂ ਕਿਹਾ ਸੀ : ਜਿਵੇਂ ਚਾਹੋਗੇ ਤਿਵੇਂ ਹੋ ਜਾਵੇਗਾ।

ਭਾਈ ਨਿਹਾਲ ਸਿੰਘ ਪਖਾਵਜੀ ਜੋ ਇਸ ਸਮੇਂ ਵੀ ਨਾਲ ਸੀ, ਆਪਣੇ ਸ਼ਾਗਿਰਦ ਪਿੰਕੀ ਦਾ ਕੰਮ ਤੇ ਸ਼ੋਭਾ ਵੇਖ ਕੇ ਹੋਰ ਵੀ ਨਿਹਾਲ ਹੋ ਉਠਦਾ ਹੈ। ਨਿਹਾਲ ਸਿੰਘ ਨੇ ਵੀ ਤਬਲੇ ਦੇ ਕੁਝ ਬੋਲ ਸੁਣਾਏ। ਸੁਖਵਿੰਦਰ ਨੇ ਵੀ ਜ਼ਬਾਨੀ ਸੁਣਾਏ। ਖਾਂ ਸਾਹਿਬ ਨੇ ਬੇਨਤੀ ਕੀਤੀ ਕਿ ਕਲੱਕਤੇ ਵਿਚ 25 ਤੋਂ 31 ਦਸੰਬਰ 1977 ਨੂੰ ਉਸਤਾਦ ਹਾਫਿਜ਼ ਅਲੀ ਖਾਂ ਮਿਊਜ਼ਿਕ ਫੈਸਟੀਵਲ ਵਿੱਚ ਕਿਸੇ ਸੁਵਿਧਾ ਵਾਲੇ ਦਿਨ ਆਪ ਜੀ ਜ਼ਰੂਰ ਦਰਸ਼ਨ ਦਿਉ। ਸਤਿਗੁਰੂ ਜੀ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਗਦਗਦ ਕੰਠ ਫਰਮਾਇਆ : ਮੇਰਾ ਜੀ ਕਰਦਾ ਹੈ, ਮੈਂ ਸਾਰੇ ਦਿਨ ਓਥੇ ਹੋਵਾਂ ਅਤੇ ਖੂਬ ਸੁਣਾਂ।

### ਚੰਗੀਆਂ ਗੱਲਾਂ ਕਰੋ

ਜੁਗਿੰਦਰ ਸਿੰਘ ਨਾਮ ਦਾ ਸਿੰਘ ਕੱਲ ਕੁਝ ਅਵੱਗਿਆਕਾਰੀ ਲਗਦਾ ਸੀ ਅੱਜ ਜਦ ਉਹੋ ਆ ਪੈਰੀਂ ਪਿਆ ਤਾਂ ਸਤਿਗੁਰੂ ਜੀ ਨੇ ਪਿਆਰ ਨਾਲ ਉਸਦੇ ਕੰਨ ਮਰੋੜੇ ਤੇ ਬਚਨ ਕੀਤਾ : ਚੰਗੀਆਂ ਗੱਲਾਂ ਕਰੋ। ਚੰਗੇ ਪਾਸੇ ਰਹੋ। ਡਾਵਾਂ ਡੋਲ ਕਿਉਂ ? ਤੂੰ ਤਾਂ ਵਧੀਆ ਏਂ, ਘਟੀਆ ਕਿਉਂ ਬਣਨੈਂ। ਸੱਜਣ ਪੂਰੀ ਤਰਾਂ ਆਗਿਆਕਾਰ ਹੋ ਗਿਆ। -23 ਨਵੰਬਰ 1977 ਦਿੱਲੀ

### ਭਾਗੁ ਹੋਆ ਗੁਰ ਸੰਤ ਮਿਲਾਇਆ

ਸੱਚੇ ਪਾਤਸ਼ਾਹ ਜਦੋਂ ਆਰਾਮ ਕਮਰੇ ਤੋਂ ਬਾਹਰ ਆਏ ਤਾਂ ਬੈਂਕੋਕ ਦਾ ਇਕ ਸਿੰਘ ਆਪ ਜੀ ਦੇ ਚਰਨੀਂ ਆ ਲੱਗਾ। ਸਤਿਗੁਰੂ ਜੀ ਨੇ ਉਸਦੀ ਨਮਸਕਾਰ ਪਰਵਾਨ ਕਰਦਿਆਂ, ਤੁਕ ਉਚਾਰੀ :ਭਾਗੁ ਹੋਇਆ ਗੁਰ ਸੰਤੁ ਮਿਲਾਇਆ॥

ਮਨੋਰਥ ਸੀ ਕਿ ਸੰਤ ਭਾਗ ਸਿੰਘ ਹੁਰੀਂ ਆ ਗਏ ਹਨ। ਸਿੰਘ ਨੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਪਰਵਾਰਕ ਸੁਖ ਸਾਂਦ ਪੁੱਛੀ ! –23 ਨਵੰਬਰ 1977 ਦਿੱਲੀ

**ਸਵੇਰੇ 5 ਵਜੇ ਹੀ...**

ਬਾਹਰੋਂ ਆਇਆਂ ਨੂੰ ਵਿਦਾ ਕਰਨ ਉਪਰੰਤ ਜਦੋਂ ਮੈਂ ਗੁਰੂ ਕੇ ਡਰਾਈਵਰ ਸੰਤ ਗੁਰਮੁਖ ਸਿੰਘ ਨੂੰ ਮਿਲਿਆ ਤਾਂ ਗੱਲੀਂਬਾਤੀਂ ਪਿਆਂ ਉਸ ਦਸਿਆ : ਸੱਚੇ ਪਾਤਸ਼ਾਹ ਆਰਾਮ ਬਿਲਕੁਲ ਘੱਟ ਕਰਦੇ ਹਨ। ਮੇਰਾ ਸਰੀਰ ਇਸ ਯੋਗ ਨਹੀਂ। ਇਹ ਜੇ ਚੰਗੀ ਤਰਾਂ ਆਰਾਮ ਨਾ ਕਰ ਲਏ ਤਾਂ ਜ਼ਿੰਮੇਵਾਰੀ ਪੂਰੀ ਤਰਾਂ ਨਹੀਂ ਨਿਭਦੀ। ਸੁ ਮੈਂ ਸਤਿਗੁਰੂ ਜੀ ਨੂੰ ਅਰਜ਼ ਕਰ ਰੱਖੀ ਹੈ ਕਿ ਜਦੋਂ ਸਵੇਰੇ ਤੁਰਨਾ ਹੋਵੇ 5 ਵਜੇ ਤੋਂ ਪਹਿਲੋਂ ਨਾ ਚੱਲਿਆ ਜਾਇ। ਗੁਰਮੁਖ ਸਿੰਘ ਨੇ ਕਿਹਾ : ਸਤਿਗੁਰੂ ਜੀ ਦਿਨ ਰਾਤ ਸਫ਼ਰ ਕਰਦਿਆਂ ਜਾਂ ਲੋਕਾਂ ਨਾਲ ਗੱਲਬਾਤ ਕਰਦਿਆਂ ਅੱਕਦੇ ਥੱਕਦੇ ਅਸਲੋਂ ਨਹੀਂ। –25 ਨਵੰਬਰ 1977 ਦਿੱਲੀ

**ਸੰਤ ਗੁਰਚਰਨ ਸਿੰਘ ਮਲੂਵਾਲ**

ਪੂਸਾ ਰੋਡ ਕੋਠੀ ਵਿਚ ਆਪਣੀ ਪੋਤਰੀ ਨਮਿਤ ਰਖਾਏ ਪਾਠ ਦੇ ਭੋਗ ਸਮੇਂ ਸਤਿਗੁਰੂ ਜੀ ਨੂੰ ਦਰਸ਼ਨ ਦੇਣ ਦੀ ਅਰਜ਼ ਕਰਨ ਹਿਤ ਸੰਤ ਗੁਰਚਰਨ ਸਿੰਘ ਮਲੂਵਾਲੀ ਡਰਾਈਵਰ ਆਇਆ ਸੀ। ਸਿਫ਼ਾਰਸ਼ ਸ: ਹਰਵਿੰਦਰ ਸਿੰਘ ਹੰਸਪਾਲ ਨੇ ਵੀ ਕੀਤੀ ਤੇ ਨਾਲ ਆਖਿਆ ਕਿ ਇਸਦੀ ਮਾਇਕ ਹਾਲਤ ਵੀ ਕਮਜ਼ੋਰ ਹੈ। ਸਤਿਗੁਰੂ ਜੀ ਬਚਨ ਕੀਤਾ : ਗੁਰਚਰਨ ਸਿੰਘ ਦਾ ਸਾਰਾ ਖਰਚਾ ਹੀ ਗੁਰੂ ਘਰ ਵਲੋਂ ਕੀਤਾ ਜਾਵੇ। ਇਸਨੂੰ ਤੰਗੀ ਨਹੀਂ ਆਉਣ ਦੇਣੀ। –1 ਦਿਸੰਬਰ 1977

**ਮਰਿਆਦਾ ਉਲੰਘਣ ’ਤੇ**

ਵਾਰ ਦੇ ਪਿਛੋਂ ਸਾਹਿਬਪੁਰੇ ਦੇ ਸੰਤ ਹਵੇਲਾ ਸਿੰਘ ਆਪਣੇ ਘਰ ਪਾਠ ਦਾ ਭੋਗ ਪੈਣ ਸਮੇਂ ਸਤਿਗੁਰੂ ਜੀ ਦੇ ਦਰਸ਼ਨ ਦੇਣ ਲਈ ਅਰਜ਼ ਕਰਨ ਆਏ। ਪਿਤਾ ਪੁੱਤਰ ਨੇ ਆ ਕੇ ਬੇਨਤੀ ਕੀਤੀ ਤਾਂ ਹੁਕਮ ਹੋਇਆ : ਪਹਿਲਾਂ ਉਹ ਸਾਰੇ ਸਿੰਘ ਸਾਹਮਣੇ ਆਉਣ ਜਿਨਾਂ ਤੁਹਾਡੇ ਪਿਤਾ ਜੀ ਨਾਲ ਸ਼ਮਸ਼ਾਨ ਘਾਟ ਜਾ ਕੇ ਬਿਨਾਂ ਇਸ਼ਨਾਨ ਕਰਨ ਦੇ ਕੜਾਹ ਪ੍ਰਸ਼ਾਦ ਛਕ ਲਿਆ ਸੀ। ਜਦ ਤਕ ਉਹ ਆਪਣੀ ਗਲ ਨਾ ਮੁਕਾਣਗੇ ਤਦ ਤਕ ਹੋਰ ਅਗਲੀ ਗੱਲ ਕੋਈ ਨਹੀਂ ਕੀਤੀ ਜਾਵੇਗੀ । ਮਰਿਆਦਾ ਦੇ ਉਲੰਘਣ ਵਿਰੁੱਧ ਧਿਆਨ ਦੇਣਾ ਸਭਨਾਂ ਦਾ ਹੀ ਫਰਜ਼ ਹੈ।

**ਸੰਤ ਕੈਸੇ**

ਅੱਜ ਦਿਨ ਦੇ ਪਹਿਲੇ ਅੱਧ ਸਮੇਂ ਜਦੋਂ ਸਤਿਗੁਰੂ ਜੀ ਸੇਠ ਤਿਲੋਕ ਸਿੰਘ ਹੁਰਾਂ ਦੇ ਨਿਜੀ ਕਮਰੇ ਵਿਚ ਆਰਾਮ ਹਿਤ ਲੇਟੇ ਹੋਏ ਸਨ ਤਾਂ ਆਪ ਨੇ ਨਾਲ ਹੀ ਕਿਸੇ ਕਮਰੇ ਵਿਚ ਬੈਠੇ ਇਕ ਨੌਜਵਾਨ ਸੰਤ ਨੂੰ ਬੁਲਾਇਆ । ਸੇਠ ਤਿਲੋਕ ਸਿੰਘ, : ਹੰਸਪਾਲ ਤੇ ਪ੍ਰੀਤਮ ਸਿੰਘ ਕਵੀ ਵੀ ਉਸੇ ਸਮੇਂ ਕੋਲ ਸਨ । ਸਤਿਗੁਰਾਂ ਪੁੱਛਿਆ : ‘ਆਓ ਕੀ ਗੱਲ ਹੈ ?’

‘ਆਪ ਜੀ ਦੀ ਕ੍ਰਿਪਾ ਦੀ ਲੋੜ ਹੈ’

“ਮੇਰੀ ਤਾਂ ਇਕੋ ਗੱਲ ਹੈ ਨਾਮਧਾਰੀਆਂ ਵਾਂਗ ਬਣਕੇ ਰਹੋ। ਵਖਰੇਵੇਂ ਦੀਆਂ ਸ਼ਕਲਾਂ ਛੱਡ ਦਿਓ। ਦਸਤਾਰਾ ਤੇ ਕੱਪੜੇ ਭੈਣੀ ਸਾਹਿਬ ਤਾਂ ਤੁਹਾਡੇ ਠੀਕ ਹੁੰਦੇ ਹਨ ਪਰ ਏਥੇ ਗਲ ਚੋਲਾ ਤੇ ਸਿਰ ਤੇ ਮੋਘੜਾ ਹਨ।”

“ਸਤਿ ਬਚਨ ਜੀ। ਪਰ ਇਹ ਸਭ ਆਪ ਦੇ ਕਰਵਾਏ ਹੀ ਹੋਣਗੇ। ਆਪ ਕ੍ਰਿਪਾ ਕਰੋ। “ਅੰਦਰੋਂ ਠੀਕ ਰਹੀਏ ਤਾਂ ਕਿਰਪਾ ਹੀ ਕਿਰਪਾ ਹੈ।”

**ਇਸ਼ਾਰਾ ਸਮਝਣ ਵਾਲਾ**

ਸ: ਰਤਨ ਸਿੰਘ ਢੋਡਾ ਨੂੰ ਬਚਨ ਹੋਇਆ : ਬੀਬੀਆਂ ਵਾਸਤੇ ਇਕ ਪਾਸੇ ਕਰਕੇ ਕਪੜਾ ਵਿਛਾ ਦਿਓ। ਹੁਕਮ ਹੁੰਦਿਆਂ ਹੀ ਸੰਤ ਗੁਰਦੀਪ ਸਿੰਘ (ਸਕੱਤਰ ਨਾਮਧਾਰੀ ਧਰਮਸਾਲਾ ਰਮੇਸ਼ ਨਗਰ) ਉੱਠ ਕੇ ਕਪੜਾ ਲੈਣ ਚਲਾ ਗਿਆ। ਸਤਿਗੁਰਾਂ ਫ਼ੁਰਮਾਇਆ : ਕੰਮ ਕਰਨ ਵਾਲਾ ਸਦਾ ਜਿੱਤ ਜਾਂਦਾ ਹੈ। ਜੋ ਇਸ਼ਾਰਾ ਸਮਝਦਿਆਂ ਹੀ ਅਮਲ ਵਿਚ ਆ ਜਾਂਦਾ ਹੈ ਉਹ ਨੇੜੇ ਤੋਂ ਨੇੜੇ ਹੋਈ ਜਾਂਦਾ ਹੈ। –5 ਦਿਸੰਬਰ 1977 ਦਿੱਲੀ

**ਪੰਥਕ ਏਕਤਾ ਲਈ –**

ਸ੍ਰ. ਕਿਰਪਾਲ ਸਿੰਘ ਸੰਗਤਪੁਰੀ ਦਿੱਲੀ, ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਤਿਗੁਰੂ ਜੀ ਨਾਲ ਗੱਲਬਾਤ ਕਰ ਰਹੇ ਸਨ। ਸਤਿਗੁਰਾਂ ਬਚਨ ਕੀਤਾ : ਅਸੀਂ ਪੰਥਕ ਏਕਤਾ ਵਾਸਤੇ ਉਹ ਸਾਰੇ ਕਦਮ ਉਠਾ ਸੱਕਦੇ ਹਾਂ ਜਿਸ ਵਿਚ ਨਾਮਧਾਰੀਆਂ ਨੂੰ ਉਹਨਾਂ ਦੇ ਆਦਰਸ਼ ਅਤੇ ਆਚਰਣ ਤੋਂ ਨਾ ਡੇਗਿਆ ਜਾਏ।

**6 ਦਿਸੰਬਰ 1977 ਦਿੱਲੀ ਆਹਲੂਵਾਲੀਏ ਨੂੰ ਦਰਸ਼ਨ**

4.30 ਵਜੇ, ਸੰਤ ਹਜ਼ਾਰਾ ਸਿੰਘ ਮਾਫ਼ੀ (ਜੋ ਅੱਜ ਹੀ ਏਥੇ ਆਏ ਹਨ ਅਤੇ ਅੱਜ ਕੱਲ ਭੈਣੀ ਸਾਹਿਬ ਸੰਗੀਤ ਸਿੱਖਦੇ ਬੱਚਿਆਂ ਦੇ ਪ੍ਰਬੰਧਕ ਹਨ) ਨੇ ਆਪ ਇਕ ਵਾਰ ਮੱਥਾ ਟੇਕ ਕੇ ਫਿਰ ਇਕ ਹੋਰ ਨਮਸਕਾਰ ਕੀਤੀ। ਸਤਿਗੁਰੂ ਜੀ ਦੂਹਰੀ ਨਮਸਕਾਰ ਦਾ ਕਾਰਨ ਪੁਛਿਆ ਤਾਂ ਸੰਤਾਂ ਨੇ ਕਿਹਾ : ਸੱਚੇ ਪਾਤਸ਼ਾਹ, , ਇਹ ਵੰਦਨਾ ਸਵਰਗਵਾਸੀ ਸ: ਲਛਮਣ ਸਿੰਘ ਗਰੰਥ ਗੜ, ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ ਦੇ

ਭਤੀਜੇ : ਸਰਵਣ ਸਿੰਘ ਆਹਲੂਵਾਲੀਆ ਦੀ ਹੈ ।

ਸਤਿਗੁਰੂ ਜੀ : "ਕਿੱਥੇ ਰਹਿੰਦਾ ਹੈ ?"

ਸੰਤ ਹਜ਼ਾਰਾ ਸਿੰਘ : ਏਥੇ ਹੀ ਕਰੋਲਬਾਗ, ਗੁਰਦੁਆਰਾ ਰੋਡ 'ਤੇ ਹੀ ਉਹਦਾ ਘਰ ਹੈ ।

ਸਤਿਗੁਰੂ ਜੀ ਬਚਨ ਕੀਤਾ : ਚਲੋ ਚੱਲਦੇ ਹਾਂ, ਉਸ ਨੂੰ ਜਾਕੇ ਮਿਲਦੇ ਹਾਂ। ਸ੍ਰੀ ਹਜ਼ੂਰ ਨੇ ਸ: ਬੇਅੰਤ ਸਿੰਘ, ਜਸਵੰਤ ਸਿੰਘ ਦੀ ਕਾਰ ਤਿਆਰ ਕਰਵਾ ਕੇ ਸੰਤ ਹਜ਼ਾਰਾ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ ਤੇ ਮੈਨੂੰ ਨਾਲ ਬਿਠਾ ਲਿਆ।

ਗੁਰਦੁਆਰਾ ਰੋਡ ਤੇ ਕਰੋਲ ਬਾਗ 80 ਸਾਲਾ ਬਜ਼ੁਰਗ ਸਰਵਣ ਸਿੰਘ ਨੂੰ ਜਾ ਦਰਸ਼ਨ ਦਿੱਤੇ। ਬਾਗੋ-ਬਾਗ ਹੋਇਆ ਸਿੱਖ ਚਰਨੀਂ ਲੱਗਿਆ, ਅਰਜ਼ ਕੀਤੀ ਕਿ ਮੈਂ ਤਾਂ ਆ ਕੇ ਦਰਸ਼ਨ ਕਰਨ ਦੇ ਸਮਰੱਥ ਨਹੀਂ ਸਾਂ। ਧੰਨ ਭਾਗ ਆਪ ਜੀ ਨੇ ਆਪ ਹੀ ਆ ਕੇ ਦਰਸ਼ਨ ਦਿੱਤੇ ਹਨ।

**ਐਸਾ ਕੋਈ ਸਖ਼ੀ ਨਹੀਂ**

ਮੈਂ ਭਾਈ ਨਿਹਾਲ ਸਿੰਘ ਤਬਲਾਵਾਦਕ, ਜੋ ਇਸ ਵੇਲੇ ਜ਼ਿੰਦਗੀ ਦੇ ਕਰੀਬ 8 ਦਹਾਕੇ ਮਾਣ ਚੁਕਾ ਹੈ, ਨੂੰ ਮਿਲਿਆ । ਉਹ ਆਪਣੇ ਛਕਣ ਛਕਾਣ ਦੇ ਪ੍ਰਬੰਧ ਵਿਚ ਸੀ। ਮੇਰੇ ਕੁਛ ਪੁੱਛਣ ਦੱਸਣ ਬਿਨਾਂ ਹੀ ਉਹ ਜਿਵੇਂ ਨਦੀ ਵਾਂਗ ਵਹਿ ਤੁਰਿਆ : ਸਤਿਗੁਰੂ ਜਗਜੀਤ ਸਿੰਘ ਜੀ ਵਰਗਾ ਕੋਈ ਸਖ਼ੀ ਨਹੀਂ ਡਿੱਠਾ। ਇਕ ਪਾਸਿਓਂ ਪੈਸੇ ਤੁਰੇ ਆਉਂਦੇ ਨੇ ਦੂਜੇ ਪਾਸੇ ਤੁਰੇ ਜਾਂਦੇ ਨੇ । ਆਪ ਵਿਚ, ਵਹਿੰਦੇ ਪਾਣੀ ਵਿਚ ਬੇੜੀ ਵਾਂਗ ਵਿਚਰਦੇ ਰਹਿੰਦੇ ਨੇ । ਆਪਣੀ ਰਿਹਾਇਸ਼ ਤੇ ਰੋਟੀ ਤੋਂ ਇਲਾਵਾ, ਏਸ ਉਮਰੇ ਵੀ 300/-ਮਹੀਨਾ ਪ੍ਰਾਪਤ ਕਰ, ਪਰ ਜਦੋਂ ਵੀ ਲੋੜ ਸਮਝ ਕੇ ਹੋਰ ਪੈਸੇ ਮੰਗੇ ਨੇ ਮਿਲ ਜਾਂਦੇ ਹਨ। ਪਰ ਕਦੇ ਉਹਨਾਂ ਚਿਤਾਇਆ ਨਹੀਂ ਕਿ ਤੂੰ ਤਨਖਾਹ ਵੀ ਲੈਂਦਾ ਹੈ ਜਾਂ ਪੈਸੇ ਪਹਿਲਾਂ ਵੀ ਲਏ ਸੀ।

ਮੈਨੂੰ ਯਾਦ ਆਇਆ ਇਕ ਦਿਨ ਸੰਤ ਮਹਿੰਦਰ ਸਿੰਘ ਪੂਰਬਾ ਨੇ ਦੱਸਿਆ ਸੀ ਕਿ ਇਕ ਲੋੜਵੰਦ ਸਾਹਿਤਕਾਰ ਲਈ 1500/-ਦੇਣ ਦਾ ਹੁਕਮ ਹੋਇਆ ਜੋ ਪੂਰਾ ਕੀਤਾ ਗਿਆ, 500/-ਫੇਰ ਘੱਲਿਆ ਗਿਆ।

ਕੱਲ ਸਤਿਗੁਰੂ ਜੀ ਨੇ ਸੰਤ ਹਜ਼ਾਰਾ ਸਿੰਘ ਮਾਫ਼ੀ ਨਾਲ ਗੱਲਬਾਤ ਕਰਦਿਆਂ ਆਪਣੀ ਰੀਝ ਦੱਸੀ ਸੀ : ਮੇਰਾ ਜੀ ਕਰਦਾ ਏ, ਜਿਹਨਾਂ ਨੇ ਕਦੇ ਜਵਾਨੀ ਵੇਲੇ ਭੈਣੀ ਸਾਹਿਬ ਸੇਵਾ ਕੀਤੀ ਹੈ ਉਹ ਹੁਣ ਬੁਢਾਪੇ ਵਿਚ ਰੁਲਣ ਨਾ, ਮੁੜ ਭੈਣੀ ਸਾਹਿਬ ਆ ਜਾਣ, ਉਹਨਾਂ ਦੀ ਸੇਵਾ ਹੁਣ ਅਸੀਂ ਕਰੀਏ। ਸੰਤ ਦੇਵਾ ਸਿੰਘ ਬਖ਼ਸ਼ੀ, ਸੰਤ ਲਾਭ ਸਿੰਘ ਫੱਤਾ, ਉਸਤਾਦ ਨੱਥਾ ਸਿੰਘ ਆਦਿ ਬਜ਼ੁਰਗਾਂ ਦੇ ਕੁਝ ਨਾਮ ਵੀ ਗਿਣੇ।

ਇਕ ਨਾਮਧਾਰੀ ਸਿਆਸੀ ਸੱਜਣ ਅਤੇ ਸ: ਗਣੇਸ਼ਾ ਸਿੰਘ ਪਖਤੂਨ ਦਾ ਟਾਕਰਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕੀਤਾ ਸੀ : ਇਹ ਠੀਕ ਹੈ ਸਾਡਾ ਆਦਮੀ ਨਾਮਧਾਰੀ ਬਸਤਰ ਪਹਿਨਦਾ ਹੈ। ਤੇ ਕਾਂਗਰਸ ਵਿਚ ਕੰਮ ਕਰਦਾ ਹੈ ਪਰ ਇਹ ਆਪ ਹੁਦਰੀ ਕਰ ਹੀ ਜਾਂਦਾ ਰਿਹਾ ਹੈ। ਗਣੇਸ਼ਾ ਸਿੰਘ ਨੇ ਭਾਵੇਂ ਨਾਮਧਾਰੀਆਂ ਵਾਲੇ ਕਪੜੇ ਕਦੇ ਨਹੀਂ ਪਹਿਨੇ ਪਰ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਵਿਚ ਹੀ ਰਿਹਾ। ਔਖੇ ਵੇਲਿਆਂ ਵਿਚ ਆਊਟ ਡੋਰ ਅਪਰੋਚ ਕਰਕੇ ਵੀ ਸਾਡੇ ਲਈ ਹਮਾਇਤ ਹਾਸਲ ਕਰਦਾ ਰਿਹਾ, ਖਾਸ ਕਰ ਜਦੋਂ ਕੈਰੋਂ ਸਰਕਾਰ ਦੀ ਸਾਡੇ ਤੇ ਕਰੋਪੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਉਸੇ ਵੇਲੇ ਤੋਂ ਉਸ ਲਈ ਥੋੜੀ ਜਿਹੀ ਪੈਨਸ਼ਨ ਲਗਾ ਗਏ, ਜੋ ਉਸਦੀ ਜ਼ਿੰਦਗੀ ਭਰ ਚਲਦੀ ਰਹੇਗੀ। ਵਧ ਭਾਵੇਂ ਜਾਵੇ, ਘਟੇਗੀ ਨਹੀਂ।

ਸਤਿਗੁਰਾਂ ਦੱਸਿਆ : ਇਕ ਵਾਰ ਮੈਂ ਪਖਤੂਨ ਲਈ ਗਰਮ ਸੂਟ ਸਿਵਾ ਕੇ ਦੇਣ ਲਗਾ, ਕਿਸੇ ਨੇ ਕੋਲੋਂ ਭਾਨੀ ਮਾਰੀ ਉਹਦਾ ਤਾਂ ਏਦੂੰ ਘਟੀਆ ਨਾਲ ਵੀ ਸਰ ਜਾਵੇਗਾ, ਏਨਾ ਵਧੀਆ ਉਸ ਲਈ ਕਾਹਨੂੰ ਵਰਤਣਾ ਹੈ। ਮੈਨੂੰ ਕਹਿਣਾ ਪਿਆ : ਮੈਂ ਕਿਸੇ ਨੂੰ ਘਟੀਆ ਚੀਜ਼ ਦੇਂਦਾ ਨਹੀਂ। ਮੇਰੇ ਵੱਲੋਂ ਜੋ ਮਿਲੇ ਉਹ ਲੋੜਵੰਦ ਦੀ ਆਸ ਨਾਲੋਂ ਘੱਟੋ-ਘੱਟ 4-5 ਗੁਣਾਂ ਤਾ, ਉੱਚਾ ਹੋਵੇ। -6 ਦਿਸੰਬਰ 1977 ਦਿੱਲੀ

**18 ਦਿਸੰਬਰ 1977 ਦਿੱਲੀ, ਮੇਲਾ ਸੰਤ ਮੋਹਣ ਸਿੰਘ ਪ੍ਰਵਚਨ**

ਸ੍ਰੀ ਸਤਿਗੁਰੂ ਜੀ ਨੇ ਇਸ ਮੇਲੇ ਤੇ ਜੋ ਪਰਵਚਨ ਦਿੱਤਾ ਉਸਦਾ ਸਾਰ ਇਹ ਹੈ ਕਿ ਸਤਿਗੁਰੂ, ਪਾਸ ਬੰਦਾ ਮਨ ਦੇ ਸਾਰੇ ਵਲ ਕੱਢ ਕੇ ਆਵੇ ਤਾਂ ਉਹ ਅਭੇਦ ਹੋ ਜਾਂਦਾ ਹੈ । ਪਰ ਜੇ ਹਉਂ ਦੇ ਵੱਸ ਪਿਆ, ਲੋਕ-ਵਿਖਾਵੇ ਲਈ ਜਤਨ ਕਰੇ ਤਾਂ ਛੇਤੀ ਹੀ ਉਸਦੀ ਕਮਜ਼ੋਰੀ ਲੋਕਾਂ ਸਾਹਮਣੇ ਆ ਜਾਂਦੀ ਹੈ । ਸਾਧ ਸੰਗਤ ਤੇ ਸਤਿਗੁਰੂ ਪਾਸ ਆਇਆਂ ਆਪਣੀ ਵਿਸ਼ੇਸ਼ਤਾ ਦਰਸਾਉਣੀ ਹਉਮੈ ਦੀ ਨਿਸ਼ਾਨੀ ਹੈ । ਸਤਿਗੁਰੂ ਨੂੰ ਕੋਈ ਆਪਣਾ ਸਮਝੇ ਜਾਂ ਨਾ, ਪਰ ਸਤਿਗੁਰੂ ਸਭ ਨੂੰ ਹੀ ਆਪਣਾ ਸਮਝਦਾ ਹੈ । ਉਹ ਮਰਿਆਦਾ ਪੁਰਸ਼ੋਤਮ ਹੋਣ ਕਰਕੇ ਆਗਿਆਕਾਰਾਂ ਦਾ ਪੱਖ ਵੀ ਪੂਰਦਾ ਹੈ ।

**ਕੋਠੀ ਪੂਸਾ ਰੋਡ**

ਸ੍ਰੀ ਸਤਿਗੁਰੂ ਜੀ ਨੇ ਸ: ਸੁਲੱਖਣ ਸਿੰਘ ਨਾਲ ਆਏ ਨੌਜਵਾਨ ਸ: ਨਿਰਮਲ ਸਿੰਘ ਨੂੰ ਬਚਨ ਕੀਤਾ ਅੱਗੇ ਤਾਂ ਤੁਸੀਂ ਇੰਗਲੈਂਡ 'ਚੋਂ ਐਡਮਿਨਿਸਟ੍ਰੇਸ਼ਨ ਦੀਆਂ ਵਿਸ਼ੇਸ਼ ਡਿਗਰੀਆਂ

ਲੈ ਕੇ ਆਏ ਹੋ, ਹੁਣ ਜ਼ਰਾ ਏਥੋਂ ਵੀ ਗੁਰਮਤਿ ਦੀਆਂ ਡਿਗਰੀਆਂ ਲੈ ਕੇ ਜਾਇਓ, ਵਿਚੋਲੇ ਦਾ ਇੰਤਜ਼ਾਰ ਨਾ ਕਰਨਾ। ਜਦੋਂ ਜੀ ਕਰੇ ਮਿਲ ਜਾਇਆ ਕਰੋ।

**ਸੰਤ ਨੂੰ ਸਲਾਹ**

ਜਦੋਂ ਸਤਿਗੁਰੂ ਜੀ ਬਚਨ ਬਿਲਾਸਾਂ ਤੋਂ ਵਿਹਲੇ ਹੋ, ਬਾਹਰ ਆਏ ਤਾਂ ਭੇਟਾ ਧਰ ਮੱਥਾ ਟੇਕਣ ਵਾਲਿਆਂ ਨੂੰ ਫਿਰ ਮੌਕਾ ਮਿਲਿਆ, ਸੰਤ ਹਰਭਜਨ ਸਿੰਘ ਨੇ ਵੀ ਮੱਥਾ ਟੇਕਿਆ ਸਤਿਗੁਰਾਂ ਫ਼ੁਰਮਾਇਆ, "ਸੰਤ ਜੀ, ਨਾਮਧਾਰੀਆਂ ਵਾਂਗ ਦਸਤਾਰ ਸਜਾਇਆ ਕਰੋ, ਇਹ ਸਿਰ ਤੇ ਮੋਘੜਾ ਮਾਰ ਜੋ ਵਖੇਵਾਂ ਜਤਾਂਦੇ ਹੋ, ਇਹ ਠੀਕ ਨਹੀਂ। ਅੱਗੇ ਵੀ ਤੁਹਾਨੂੰ ਅਰਜ਼ ਕੀਤੀ ਸੀ। ਸਿੰਘ ਨੇ ਆਖਿਆ : "ਗਰੀਬ ਨਿਵਾਜ਼, ਜਿਵੇਂ ਆਪ ਜੀ ਹੁਕਮ ਕਰੋ।" ਹੁਕਮ ਕਰੋ ਆਖ ਕੇ ਪਰਨਾਲਾ ਓਥੇ ਦਾ ਓਥੇ ਨਾ ਰੱਖਿਆ ਕਰੋ। ਇੰਝ ਸੋਹਣੇ ਨਹੀਂ ਲੱਗੀਦਾ। (8 ਜਨਵਰੀ 1978 ਐਤਵਾਰ ਨਵੀਂ ਦਿੱਲੀ)

**ਸਰਦਾਰ ਪ੍ਰੀਤਮ ਸਿੰਘ 'ਨਵਯੁੱਗ' ਦਾ ਕਥਨ**

ਸਰਦਾਰ ਗੁਰਬਖਸ਼ ਸਿੰਘ ਜੀ (ਪ੍ਰੀਤ-ਲੜੀ) ਦੇ ਮਿਰਤੂ ਹੋਣ ਸਮੇਂ ਮੈਂ ਤਾਂ ਦੇਸ਼ ਤੋਂ ਬਾਹਰ ਸਾਂ ਪਰ ਮੈਨੂੰ ਏਥੇ ਆਇਆਂ ਸਰਦਾਰ ਗੁਰਬਖਸ਼ ਸਿੰਘ ਦੇ ਸਪੁੱਤਰ ਨਵਤੇਜ ਸਿੰਘ ਨੇ ਦੱਸਿਆ ਕਿ ਦਾਰਜੀ ਦੇ ਸਤਾਰੀਏਂ ਤੋਂ ਇੱਕ ਦਿਨ ਪਹਿਲਾਂ ਸਤਿਗੁਰੂ ਜੀ ਸਵੇਰੇ ਹੀ ਪ੍ਰੀਤ ਨਗਰ ਆਏ ਤੇ ਕਹਿਣ ਲੱਗੇ : ਪਤਾ ਨਹੀਂ ਤੁਹਾਡਾ ਕੀ ਪਰੋਗਰਾਮ ਹੋਵੇ ਪਰ ਅਸੀਂ ਵੀ ਉਹਨਾਂ ਦੇ ਇਸ ਦਿਨ ਵਿੱਚ ਆਪਣਾ ਹਿੱਸਾ ਪਾਉਣਾ ਚਾਹੁੰਦੇ ਹਾਂ। ਕੱਲ੍ਹ ਬਹੁਤ ਸਾਰੇ ਲੋਕਾਂ ਨੇ ਤੁਹਾਡੇ ਘਰ ਆਉਣਾ ਹੈ, ਤੁਹਾਨੂੰ ਹੋਰ ਕੰਮ ਹੋਣਗੇ। ਲੰਗਰ ਦਾ ਪ੍ਰਬੰਧ ਨਾਮਧਾਰੀ ਸੰਗਤ ਵੱਲੋਂ ਹੋਵੇਗਾ। ਤੁਸਾਂ ਸਿਰਫ਼ ਇਕ ਸ਼ਾਮਿਆਨਾ ਸਾਨੂੰ ਲਾ ਦੇਣਾ ਬਾਕੀ ਦਾ ਕੰਮ-ਬਰਤਨ ਛੋਟੇ ਵੱਡੇ, ਆਟਾ, ਦਾਲਾਂ, ਸਬਜ਼ੀ, ਪਕਾਵੇ ਆਦਿ, ਸਾਡੇ ਵੱਲੋਂ ਹੋ ਜਾਵੇਗਾ, ਛਕਾਣ ਦਾ ਪ੍ਰਬੰਧ ਵੀ ਅਸੀਂ ਕਰ ਦਿਆਂਗੇ। ਸੁਭਾਵਕ ਹੀ ਸੀ ਕਿ ਨਵਤੇਜ ਸਿੰਘ ਅਤੇ ਸਾਰੇ ਪਰਿਵਾਰ ਨੂੰ ਆਪਣੇ ਅਜਿਹੇ ਸਹਾਇਕ ਨੂੰ ਵੇਖ ਕੇ ਖੁਸ਼ੀ ਹੁੰਦੀ। ਨਵਤੇਜ ਸਿੰਘ ਨੇ ਕਿਹਾ : ਚੰਗਾ ਜੀ, ਮੈਂ ਫਿਰ, ਕੱਲ੍ਹ ਸਵੇਰੇ ਆਪ ਨੂੰ ਯਾਦ ਕਰਵਾ ਦਿਆਂਗਾ, ਸਤਿਗੁਰਾਂ ਆਖਿਆ : "ਨਾ, ਮੇਰੀ ਆਦਤ ਨਾ ਵਿਗਾੜੋ। ਮੈਂ ਜਦੋਂ ਤੇ ਜਿਸ ਕੰਮ ਦਾ ਜ਼ਿੰਮਾ ਲੈ ਲਵਾਂ ਉਦੋਂ ਉਹਦੇ ਸਾਰੇ ਫ਼ਿਕਰ ਮੇਰੇ ਹੀ ਹੁੰਦੇ ਹਨ। ਮੈਨੂੰ ਯਾਦ ਕਿਉਂ ਨਾ ਰਹੇਗਾ? "

ਪ੍ਰੀਤਮ ਸਿੰਘ ਜੀ ਨੇ ਅੱਗੇ ਦੱਸਿਆ : ਅਗਲੇ ਭਲਕ ਨਾਮਧਾਰੀਆਂ ਵੱਲੋਂ ਲੰਗਰ ਦਾ ਪਰਬੰਧ ਹੋ ਗਿਆ। ਹਰ ਕਿਸੇ ਨੇ ਖੁਸ਼ ਹੋ ਲੰਗਰ ਛਕਿਆ ਤੇ ਗੁਰਬਖਸ਼ ਸਿੰਘ ਜੀ ਦੇ ਇਸ ਖਾਮੋਸ਼ ਪਰਸ਼ੰਸਕ ਲਈ ਕਿਰਤੱਗਤਾ ਪ੍ਰਗਟ ਕੀਤੀ। ਸਰਦਾਰ ਪ੍ਰੀਤਮ ਸਿੰਘ ਜੀ ਨੇ ਕਿਹਾ : ਸਤਿਗੁਰੂ ਜੀ ਨਾਲ ਜਦੋਂ ਵੀ ਵਾਸਤਾ ਪਿਆ ਹੈ ਇਹ ਵੱਡਿਓਂ ਵੱਡੇ ਲੱਗੇ ਹਨ। -(8 ਜਨਵਰੀ 1978 ਐਤਵਾਰ ਨਵੀਂ ਦਿੱਲੀ)

**(19 ਜਨਵਰੀ 1978 ਵੀਰਵਾਰ ਨਵੀਂ ਦਿੱਲੀ)**

**ਅਨੰਦ ਵਿਚ 'ਬੇ'**

ਦੋ ਸਰੀਰਾਂ ਦਾ, ਲੜਕੀ ਤੇ ਲੜਕੇ ਦੇ ਵਿਵਾਹਤ ਜੀਵਨ ਬਾਰੇ ਝਗੜਾ ਸੀ । ਸਤਿਗੁਰੂ ਜੀ ਨੇ ਫੈਸਲਾ ਸੁਣਾਇਆ ਲੜਕੇ ਵਾਲੇ ਲੜਕੀ ਨੂੰ (ਪਤੀ ਆਪਣੀ ਪਤਨੀ ਨੂੰ) ਜਾ ਕੇ ਲੈ ਆਉਣ ਤੇ ਮਹੀਨੇ ਵਿਚ ਦੋ ਵਾਰ ਲੜਕਾ ਲੜਕੀ ਨੂੰ ਪੇਕੇ ਘਰ ਇਕ ਦੋ ਦਿਨ ਮਿਲਾ ਲਿਆਵੇ । (ਪੇਕੇ ਨੇੜੇ ਹੀ ਸਨ)।

ਲੜਕੀ ਵਾਲੇ ਨੇ ਆਪਣੀ ਪੁੱਤਰੀ ਦੀ ਦਰਦ ਕਹਾਣੀ ਵਿਸਤਾਰਨੀ ਚਾਹੀ ਤਾਂ ਸਤਿਗੁਰੂ ਜੀ ਬਚਨ ਕੀਤਾ ? ਜੇ ਫੱਟੀ ਪੋਚਣੀ ਹੋਵੇ ਤਾਂ ਗਾਚੀ ਵਧੇਰੇ ਲਾਈਏ ਤਾਂਕਿ ਹੇਠਲੇ ਅੱਖਰ ਨਾ ਦੱਸਣ ਪਿਛਲੀਆਂ ਗੱਲਾਂ ਨਾ ਛੇੜੋ ।

ਸਤਿਗੁਰੂ ਜੀ ਨੇ ਲੜਕੇ ਦੇ ਪਿਤਾ ਅਤੇ ਲੜਕੇ ਨੂੰ ਸਮਝਾਇਆ : ਲੜਕਾ ਪੱਗ ਸਿੱਧੀ ਰੱਖੇ ਅਤੇ ਪਤਨੀ ਨੂੰ ਵੀ ਮਨੋਂ ਜਿੱਤ ਕੇ ਆਪਣੇ ਵਲ ਸਿੱਧੀ ਰੱਖੇ ।

**ਜਦੋਂ ਮਨੋਂ ਠੀਕ ਹੋਵੇ**

ਸ੍ਰੀ ਸੁਰਿੰਦਰ ਸਿੰਘ 'ਸੁਮਨ' ਨੇ ਆ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਬਚਨ ਕੀਤਾ: ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਰਿੰਦਰ, ਹਰਭਜਨ ਸਿੰਘ ਐਂਡ ਪਾਰਟੀ ਕਰਨਗੇ। ਹੱਥ ਜੋੜ ਕੇ ਸੁਰਿੰਦਰ ਸਿੰਘ ਨੇ ਪਰਵਾਨ ਕੀਤਾ। ਸ੍ਰੀ ਗੁਰਦੇਵ ਸਿੰਘ ਨੇ ਸੁਰਿੰਦਰ ਸਿੰਘ ਦੇ ਗ਼ੈਰ ਨਾਮਧਾਰੀ ਬਸਤਰਾਂ ਵਲ ਇੰਗਤ ਕੀਤਾ ਕਿ ਇਸ ਕੋਲ ਸਾਡੇ ਵਾਲੇ ਕੱਪੜੇ ਨਹੀਂ । ਸਤਿਗੁਰਾਂ ਬਚਨ ਕੀਤਾ : ਜਿਵੇਂ ਆਵੇ ਠੀਕ ਹੈ । ਜਦੋਂ ਮਨ ਠੀਕ ਹੋ ਜਾਵੇ ਉਦੋਂ ਕਪੜੇ ਪਾਉਣੇ ਔਖੇ ਨਹੀਂ ਹੁੰਦੇ। -(20 ਜਨਵਰੀ 1978 ਸ਼ੁੱਕਰਵਾਰ ਨਵੀਂ ਦਿੱਲੀ)

**ਕੈਸੀ ਅਚਕਨ**

5.45 ਸ਼ਾਮੀਂ ਕਮਾਨੀ ਆਡੀਟੋਰੀਅਮ ਵਾਸਤੇ ਸਤਿਗੁਰੂ ਜੀ ਤਿਆਰ ਹੋ ਕੇ ਅਚਕਨ ਪਹਿਨ ਕੇ ਤੇਜ਼-ਤੇਜ਼ ਚਲਦੇ ਹੱਸਦੇ ਹੋਏ ਬਾਹਰ ਆਏ। ਮੈਨੂੰ ਵੇਖਕੇ ਕਹਿਣ ਲੱਗੇ : ਅਹਿ ਵੇਖੋ ਕਵੀ ਜੀ ਮੇਰੀ ਅਚਕਨ। ਹੁੱਕ ਟੁੱਟੀ ਹੋਈ ਵਿਖਾ ਕੇ ਵਿਅੰਗ ਕੱਸਿਓ ਨੇ : ਜਾਪਦਾ ਹੈ ਡਰਾਈਕਲੀਨ ਵਾਲਿਆਂ ਨੂੰ ਪੂਰੇ ਪੈਸੇ ਨਹੀਂ ਦਿੱਤੇ ਗਏ , ਉਹਨਾਂ ਹੁੱਕ ਗਹਿਣੇ

ਵਿਚ ਰੱਖ ਲਈ ਹੈ।

ਦੂਜੀ ਅਚਕਨ ਮੰਗਵਾਈ। ਪਰ ਪ੍ਰੈਸ ਕਰਨ ਯੋਗ ਹੋਈ ਪਈ ਸੀ। ਬਸਤਰ ਸੇਵਕ ਨੇ ਉਸਨੂੰ ਰੁਮਾਲ ਦੀਆਂ ਗੰਢਾਂ ਵਿਚ ਬੰਨ੍ਹ ਰੱਖਿਆ ਸੀ। ਸਤਿਗੁਰੂ ਜੀ ਫੇਰ ਗੱਲ ਹਾਸੇ ਪਾ ਦਿਤੀ : ਕੋਈ ਨਹੀਂ, ਫੋਟੋ ਨਾ ਲਵਾਵਾਂਗੇ ਜਾਂ ਇਹ ਹਿੱਸਾ ਤਸਵੀਰ ਵਿਚ ਹੀ ਨਾ ਆਉਣ ਦਿਆਂਗੇ।

ਗੱਡੀ ਵਿਚ ਜਾਂਦਿਆਂ ਅਚਕਨ ਦੀ ਚਰਚਾ ਫਿਰ ਛਿੜ ਪਈ ਹੰਸਪਾਲ ਦੀ ਰਾਇ ਸੀ ਕਿ ਤਿੰਨ ਅਚਕਨਾਂ ਦਿੱਲੀ, ਤਿੰਨ ਭੈਣੀ ਸਾਹਿਬ ਤੇ ਤਿੰਨ ਹੀ ਜੀਵਨ ਨਗਰ ਪਈਆਂ ਰਹਿਣ ਤਾਂ ਕਿ ਜਦੋਂ ਜਿਹੋ ਜਿਹੀ ਦੀ ਲੋੜ ਹੋਵੇ ਵਰਤੀ ਜਾ ਸੱਕੇ।

ਸਤਿਗੁਰੂ ਜੀ ਨੇ ਸਮਝਾਇਆ : "ਇਹ ਨਹੀਂ। ਇਸ ਨਾਲ ਤਾਂ ਸਗੋਂ ਆਲਸ ਹੀ ਵੱਧਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਕਿਹਾ ਕਰਦੇ ਸਨ, ਉਨ੍ਹਾਂ ਪਾਸ ਦੋ ਤਿੰਨ ਸੈਟ ਹੀ ਬਸਤਰਾਂ ਦੇ ਹੁੰਦੇ ਸਨ ਪਰ ਉਹ ਅੱਠੇ ਪਹਿਰ ਤਿਆਰ ਮਿਲਦੇ ਸਨ। ਬਹੁਤੇ ਕਪੜਿਆਂ ਨਾਲ ਨਹੀਂ, ਬਹੁਤੇ ਧਿਆਨ ਨਾਲ ਮਸਲੇ ਹੱਲ ਹੁੰਦੇ ਹਨ। ਰਤਨ ਸਿੰਘ ਲਾਂਗਰੀ ਪਾਸ ਇੱਕੋ ਪੱਗ ਹੁੰਦੀ ਸੀ, ਉਹ ਰਾਤ ਨੂੰ ਧੋ ਕੇ, ਦਿਨੇ ਤਾਜ਼ੀ ਬੰਨਦਾ ਸੀ। -(20 ਜਨਵਰੀ 1978 ਸ਼ੁੱਕਰਵਾਰ ਨਵੀਂ ਦਿੱਲੀ)

### ਸ੍ਰੀ ਵਿਨੈ ਭਰਤ ਰਾਮ

ਰਾਤੀਂ 9.45 ਤੇ ਵਿਨੈ ਭਰਤ ਜੀ ਦਾ ਗਾਇਨ ਖ਼ਤਮ ਹੋਇਆ ਤਾਂ ਬੀਬੀ ਅਨੀਤਾ ਸਿੰਘ, ਸ੍ਰੀ ਸਤਿਗੁਰੂ ਜੀ ਪਾਸ ਉੱਠ ਕੇ ਆਈ। ਮਹਾਰਾਜ ਜੀ ਵੀ ਪਾਸ ਸਨ। ਕਹਿਣ ਲੱਗੀ : ਹਜ਼ੂਰ ! ਮੈਂ ਇੱਕ ਸੰਗੀਤ ਪ੍ਰੋਗਰਾਮ ਕਰਵਾ ਰਹੀ ਹਾਂ। ਉਸ ਦੇ ਕਾਰਡ ਆਪ ਜੀ ਨੂੰ ਭੇਜਣਾ ਚਾਹੁੰਦੀ ਸੀ ਪਰ ਮੈਨੂੰ ਐਡਰੈੱਸ ਮਾਲੂਮ ਨਹੀਂ ਸੀ। ਸਤਿਗੁਰੂ ਜੀ ਨੇ ਬੜੀ ਸਾਦਗੀ ਨਾਲ ਉੱਤਰ ਦਿੱਤਾ : ਸਾਨੂੰ ਪਤਾ ਲੱਗਦਾ ਕਿ ਸੰਗੀਤ ਦਾ ਪ੍ਰੋਗਰਾਮ ਕਿਤੇ ਹੈ ਤਾਂ ਅਸੀਂ ਘਰੋਂ ਜਾ ਕੇ ਕਾਰਡ ਲੈ ਆਉਂਦੇ।

### ਲੰਗਰ ਬੰਦ ਤੇ ਖੁੱਲ੍ਹਾ

ਅੱਜ ਸੰਗੀਤ ਸਿੱਖਦੇ ਬੱਚਿਆਂ ਦਾ ਸਤਿਗੁਰੂ ਜੀ ਦੀ ਆਗਿਆ ਨਾਲ ਲੰਗਰ ਬੰਦ ਹੋ ਗਿਆ। ਭੁੱਖ ਨਾਲ ਤਾਪੜੇ ਹੋਏ ਇਕ ਲੜਕੇ ਮੋਹਣ ਸਿੰਘ ਨੇ ਆਣ ਅਰਜ਼ ਕੀਤੀ : ਸੱਚੇ ਪਾਤਸ਼ਾਹ, ਕਿਰਪਾ ਕਰੋ। ਪਰਸ਼ਾਦ ਛਕਣ ਦੀ ਆਗਿਆ ਦਿਓ। ਫੇਰ ਸ਼ਰਾਰਤਾਂ ਨਹੀਂ ਕਰਾਂਗੇ। ਪ੍ਰਤੀਤ ਹੁੰਦਾ ਸੀ ਕਿ ਉਹ ਸਾਰੇ ਸਾਥੀਆਂ ਵਲੋਂ ਅਰਜ਼ਦਾਸ਼ਤ ਕਰ ਰਿਹਾ ਸੀ ।

ਸਤਿਗੁਰੂ ਜੀ ਨੇ ਪ੍ਰਸ਼ਾਦ ਛਕਣ ਦੀ ਆਗਿਆ ਦਿੰਦਿਆਂ ਬਚਨ ਕੀਤਾ : ਤੁਹਾਨੂੰ ਮਾਰਨ-ਕੁੱਟਣ 'ਤੇ ਜੀਅ ਨਹੀਂ ਕਰਦਾ, ਭੁੱਖਿਆਂ ਰੱਖਣ ਨੂੰ ਵੀ ਮਨ ਨਹੀਂ ਮੰਨਦਾ, ਲੁੜੀਂਦੀਆਂ ਰਿਆਇਤਾਂ ਵੀ ਕਰੀਦੀਆਂ ਹਨ ਪਰ ਤੁਸੀਂ ਸ਼ਰਾਰਤਾਂ ਕਰਨੋ ਨਹੀਂ ਹਟਦੇ। ਸਿੱਖਿਆ ਵੱਲ ਧਿਆਨ ਨਹੀਂ ਦਿੰਦੇ (ਸਤਿਗੁਰੂ ਜੀ ਨੂੰ ਅੱਜ ਸਾਢੇ ਸੌਲਾਂ ਮਾਤਰਾਂ ਦੀ ਪਖਾਵਜ, ਠੀਕ ਤਰਾਂ ਨਹੀਂ ਵੱਜੀ ਲਗੀ) ਠੀਕ ਤਰ੍ਹਾਂ ਤੇ ਢੰਗ ਨਾਲ ਕੰਮ ਕਰਿਆ ਕਰੋ ਅਤੇ ਇੱਕੋ ਵਾਰ ਆਖੀ ਗੱਲ ਨੂੰ ਸਮਝ ਤੇ ਮੰਨ ਲਿਆ ਕਰੋ।

### ਰਾਧਾਸੁਆਮੀਆਂ ਦਾ ਪ੍ਰੇਮ

ਸ੍ਰੀ ਮਾਨ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਰਾਧਾਸੁਆਮੀ, ਸੰਤ ਕਿਰਪਾਲ ਸਿੰਘ ਜੀ ਮਹਾਰਾਜ ਦੇ ਸਪੁੱਤਰ ਅਤੇ ਸੇਵਕ, ਜੋ ਇਸ ਵੇਲੇ ਗੱਦੀਨਸ਼ੀਨ ਹਨ, ਵੱਲੋਂ 4 ਸੱਜਣ ਸਤਿਗੁਰੂ ਜੀ ਦੀ ਸੇਵਾ ਵਿਚ ਆਏ ਤਦ ਆਪ ਇਸ਼ਨਾਨ ਕਰ ਰਹੇ ਸਨ।

ਸਤਿਗੁਰੂ ਜੀ ਇਸ਼ਨਾਨ ਕਰ ਖੱਦਰ ਦਾ ਕੁਰਤਾ ਪਜਾਮਾ ਪਾ ਅਤੇ ਦਸਤਾਰ ਸਜਾ ਕੇ ਆਸਣ ਉੱਪਰ ਆਏ, ਸਾਰੇ ਆਏ ਸੱਜਣਾਂ ਨੇ ਉੱਠ ਕੇ, ਚਰਨਾਂ ਵੱਲ ਝੁੱਕ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਦੇ ਬੈਠਣ ਨਾਲ ਬੈਠੇ। ਸਤਿਗੁਰਾਂ ਕੁਸ਼ਲ ਖੇਮ ਪੁੱਛ ਆਉਣ ਦੇ ਮਨੋਰਥ ਬਾਰੇ ਜਾਣਨਾ ਚਾਹਿਆ । ਸ਼ਬਦ ਇਹ ਵਰਤੇ : "ਖਿਮਾ ਕਰਨਾ, ਤੁਹਾਨੂੰ ਦੇਰ ਹੋ ਗਈ ਹੋਵੇਗੀ। ਮੈਂ ਇਸ਼ਨਾਨ ਕਰ ਰਿਹਾ ਸਾਂ।"

ਆਏ ਸਿੱਖਾਂ ਨੇ ਬੇਨਤੀ ਕੀਤੀ, ਮਹਾਰਾਜ, ਸੰਤ ਦਰਸ਼ਨ ਸਿੰਘ ਜੀ ਨੂੰ ਕੋਛੜ ਸਾਹਿਬ ਪਾਸ ਆਇਆਂ ਪਤਾ ਲੱਗਾ ਕਿ ਆਪ ਜੀ ਨੇ ਅੱਜ ਹੀ ਕਿਤੇ ਹੋਰ ਥਾਂ ਚਲੇ ਜਾਣਾ ਹੈ, ਅਸਾਂ ਨੂੰ ਉਹਨਾਂ ਫ਼ੌਰਨ ਭੇਜਿਆ ਕਿ ਆਪ ਜੀ ਦੀ ਸੇਵਾ ਵਿਚ ਪਹੁੰਚ ਕੇ 5-6 ਫਰਵਰੀ ਨੂੰ ਦਿੱਲੀ ਵਿਚ ਆਪ ਜੀ ਦੇ ਦਰਸ਼ਨਾਂ ਦੀ ਪਰਵਾਨਗੀ ਲਈਏ।

ਸਤਿਗੁਰੂ ਜੀ ਬਚਨ ਕੀਤਾ : ਸਾਨੂੰ ਤਾਂ ਪਤਾ ਲੱਗ ਜਾਂਦਾ ਕਿ ਉਨ੍ਹਾਂ ਦਾ ਫਲਾਣੇ ਦਿਨ ਫੰਕਸ਼ਨ ਹੈ, ਬਿਨਾ ਆਖਿਆਂ ਹੀ ਚਲੇ ਜਾਣਾ ਸੀ। ਉਹ ਤਾਂ ਸਿਰ ਤੇ ਚੁੱਕ ਕੇ ਰੱਖਣ ਵਾਲੇ ਹਨ।

### ਸੰਤ ਤੇਜਾ ਸਿੰਘ ਕੰਵਲ ਨੇ ਦੱਸਿਆ–

ਕੰਵਲ ਜੀ ਨੇ ਇਹ ਵੀ ਦੱਸਿਆ ਕਿ ਪਿਛਲੇ ਸਮੇਂ ਦੇ ਨਾਮਧਾਰੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਖਿਮਾ

ਸ਼ੀਲਤਾ ਤੇ ਕਰਮ ਜੀਵਨ ਵੇਖ ਕੇ ਆਖਦੇ ਹਨ ਕਿ ਇਹ ਤਾਂ ਗੁਰੂ ਹਰੀ ਸਿੰਘ ਜੀ ਦਾ ਹੀ ਅਵਤਾਰ ਹਨ। ਇਹਨਾਂ ਦੀ ਉਦਾਰਤਾ ਤੇ ਗਹਿਰਾਈ ਦਾ ਕੋਈ ਹੰਨਾ ਬੰਨਾ ਨਹੀਂ।

### ਕਿਰਪਾਲ ਆਸ਼ਰਮ ਵਿੱਚ



**ਮਹਾਰਾਜ ਦਰਸ਼ਨ ਸਿੰਘ ਜੀ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਦੇ ਹੋਏ।**

ਵਿਜੈ ਨਗਰ, ਕਿਰਪਾਲ ਆਸ਼ਰਮ ਵਿਚ ਸ੍ਰੀ ਸਤਿਗੁਰੂ ਜੀ ਆਪਣੀ ਸੰਗਤ ਨਾਲ 7:10 ਤੇ ਸ਼ਾਮੀਂ ਪਧਾਰੇ। ਸਟੇਜ ਸਕੱਤਰ ਨੇ ਸਤਿਗੁਰੂ ਜੀ ਦੇ ਆਗਮਨ ਦੀ ਸੂਚਨਾ ਦਿੰਦਿਆਂ ਬਹੁਤ ਹੀ ਸਨਮਾਨ ਸਹਿਤ ਸੰਬੋਧਨ ਕੀਤਾ ਅਤੇ ਦੱਸਿਆ ਕਿ ਅੱਜ ਸਾਡੇ ਸਭ ਦੇ ਹੀ ਧੰਨ ਭਾਗ ਹਨ।

7.20 ਹੋਏ ਤਾਂ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਜੋ ਇਸ ਸਭਾ ਦੇ ਕਰਣਧਾਰ ਸਨ, ਮੰਚ ਤੇ ਆਏ। ਇਹ ਉਹਨਾਂ ਦਾ ਵਡੱਪਣ ਸੀ ਕਿ ਉਨ੍ਹਾਂ ਸ੍ਰੀ ਸਤਿਗੁਰੂ ਜੀ ਨੂੰ ਗੋਡੇ ਟੇਕ ਕੇ ਆਦਰ ਯੁਕਤ ਨਮਸਕਾਰ ਕੀਤੀ । ਸਰੋਤਿਆਂ ਦੇ ਬਹੁਰੰਗੀ ਲਿਬਾਸਾਂ ਵਿਚ ਨਾਮਧਾਰੀ ਸਿੰਘ ਸਫੈਦ ਪੁਸ਼ਾਕਾਂ ਵਿਚ ਵੀ ਸੁੰਹਦੇ ਸਨ ।

### ਸੁਆਗਤ

ਸਤਿਗੁਰੂ ਜੀ ਦੇ ਮੰਚ ਤੇ ਸੁਸ਼ੋਭਤ ਹੋਇਆਂ ਦੋ ਕਵੀਆਂ ਨੇ ਆਪਣੇ ਆਦਰਸ਼ ਪੁਰਸ਼ ਮਹਾਰਾਜ ਜੀ ਦੀ ਸ਼ੋਭਾ ਵਿਚ ਕਵਿਤਾਵਾਂ ਪੜ੍ਹੀਆਂ। ਅੰਤਿਮ ਕਵੀ ਨੂੰ ਵਿਚਾਲਿਓਂ ਹੀ ਰੋਕ ਕੇ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਨੇ ਸਭ ਸੰਗੀਆਂ ਨੂੰ ਸੰਬੋਧਨ ਕੀਤਾ:

"ਹਮਾਰੀ ਬੜੀ ਖੁਸ਼ ਨਸੀਬੀ ਹੈ ਕਿ ਹਮਾਰੇ ਦਰਮਿਆਨ ਇਸ ਵਕਤ ਵਾਲੀਏ ਦੋ ਜਹਾਨ ਸੰਤ ਕਿਰਪਾਲ ਸਿੰਘ ਜੀ ਕੇ ਸਹਿਯੋਗੀ ਸਾਥੀ, ਸਾਰੀ ਦੁਨੀਆਂ ਮੇਂ ਰੂਹਾਨੀਅਤ ਕਾ ਔਰ ਗੁਰਬਾਣੀ ਕਾ ਪ੍ਰਚਾਰ ਕਰਨੇ ਵਾਲੇ ਜ਼ਿੰਦਾ ਸ਼ਹਿਨਸ਼ਾਹ, ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਪਧਾਰੇ ਹੈ। ਯਹ ਇਨ ਕੀ ਕਿਰਪਾ ਹੈ ਕਿ ਮੈਂ ਜਬ ਭੀ ਕਭੀ ਦਸਤ ਬਸਤਾ ਅਰਜ਼ ਕਰਤਾ ਹੂੰ ਤਬ ਯੇਹ ਪ੍ਰਵਾਨ ਕਰਤੇ ਹੈਂ। ਕਿਉਂਕਿ ਯਹ ਹਮਾਰੇ ਮਹਾਰਾਜ ਜੀ ਕੇ ਸਾਥੀ ਹੈਂ ਔਰ ਉਸੀ ਬਾਣੀ ਕਾ ਔਰ ਰੱਬੀ ਨੂਰ ਕਾ ਪਰਚਾਰ ਕਰਤੇ ਹੈ। ਮੈਂ ਇਨ ਕੋ ਪਿਤਾ ਸਮਾਨ ਮਾਨਤਾ ਹੂੰ। (ਅਤੇ ਨਾਲ ਹੀ ਨਮਸਕਾਰ ਕੀਤੀ) ਔਰ ਆਪ ਭੀ ਮੁਝੇ ਪਿਤਾ ਕੇ ਮਾਨਿੰਦ ਹੀ ਪਿਆਰ ਦੇਤੇ ਹੈਂ। ਅਬ ਆਪ ਆਪਣਾ ਪ੍ਰੋਗਰਾਮ ਛੋੜ ਕਰ ਹਮੇਂ ਦਰਸ਼ਨ ਦੇਨੇ ਪਧਾਰੇ ਹੈਂ। ਆਪ ਔਰ ਹਮ ਸਭ ਇਨ ਸੇ ਲਾਭ ਉਠਾਏਂ।"

ਕਵਿਤਾ ਦਾ ਬਕਾਇਆ ਪਾਠ ਹੋ ਚੁੱਕਣ ਪਿਛੋਂ ਮੰਚ-ਸੰਚਾਲਕ ਨੇ ਆਖਿਆ : ਜਿਵੇਂ ਸਤਿਗੁਰੂ ਜੀ ਮਹਾਰਾਜ ਦਾ ਸਨਮਾਨ ਕਰ ਮਹਾਰਾਜ ਸੰਤ ਦਰਸ਼ਨ ਸਿੰਘ ਜੀ ਨੇ ਬੇਨਤੀ ਕੀਤੀ ਹੈ, ਮੈਂ ਵੀ ਓਨੇ ਹੀ ਸਤਿਕਾਰ ਨਾਲ ਸਮੁੱਚੀ ਸੰਗਤ ਵੱਲੋਂ ਆਪ ਜੀ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਆਪ ਦਿੱਵਯ ਬਾਣੀ ਦੁਆਰਾ ਸਾਨੂੰ ਕਿਰਤਾਰਥ ਕਰਨ।

### ਪਰਮ ਕਿਰਪਾ

ਸ੍ਰੀ ਸਤਿਗੁਰੂ ਜੀ ਦੇ ਸਿੰਘਾਸਣ ਪਾਸ ਹੀ ਮਾਈਕ ਕਰ ਦਿੱਤੇ ਗਏ। ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਦਰਸ਼ਨ ਸਿੰਘ ਜੀ ਦੇ ਸੰਬੋਧਕ ਸ਼ਬਦਾਂ ਦੀ ਉਦਾਰਤਾ ਦਾ ਹੋਰ ਵੀ ਨਿਰਮਾਣ ਹੋ ਕੇ ਧੰਨਵਾਦ ਕੀਤਾ ਅਤੇ ਵੱਡੇ ਜਿਹੇ ਫ਼ਿਕਰਿਆਂ ਨਾਲ ਮਹਾਰਾਜ ਜੀ ਦੀ ਨਿਮਰਤਾ ਨੂੰ ਗੁਰਬਾਣੀ ਦੀਆਂ ਉਨ੍ਹਾਂ ਤੁਕਾਂ ਨਾਲ ਢੁਕਾਇਆ, ਜਿਹੜੀਆਂ ਇਸ ਪਰਕਾਰ ਹਨ :

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ
ਕਮਾਵਹੁ॥

ਸਤਿਗੁਰੂ ਜੀ ਨੇ ਗੁਰਬਾਣੀ ਅਨੁਸਾਰ ਗੁਰੂ ਦੀ ਲੋੜ, ਉਸ ਦਾ ਵਿਅਕਤਿੱਤਵ, ਉਹਦੀ ਕਰਨੀ ਤੇ ਕ੍ਰਿਪਾ ਦਾ ਪ੍ਰਮਾਣ ਤੇ ਲੌਕਿਕ ਉਦਾਹਰਣਾਂ ਦੇ ਕੇ ਸਾਰੇ ਸਤਿਸੰਗੀਆਂ ਨੂੰ ਚਕਿਤ ਕਰ ਦਿੱਤਾ। ਸਾਰਿਆਂ ਦੀ ਸ਼ਮੂਲੀਅਤ ਦੀ ਚਰਚਾ ਕੀਤੀ।

ਸਤਿਗੁਰਾਂ ਸਪੱਸ਼ਟ ਕੀਤਾ ਕਿ ਜੇ ਨਾਮ ਹਿਰਦੇ ਵਿਚ ਵੱਸ ਜਾਵੇ ਤਾਂ ਸਭ ਪ੍ਰਕਾਰ ਦੇ ਡਰ ਤੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ:

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ।

ਨਕਲੀ ਰੰਗਾਂ, ਲਿਪਸਟਿਕਾਂ ਤੇ ਕਰੂਰਤਾ ਨਾਲ ਪੈਦਾ ਕੀਤੇ ਗਏ ਹੋਰ ਪਰਸਾਧਨਾਂ ਵਲ ਨਾਪਸੰਦਗੀ ਪ੍ਰਗਟ ਕਰਦਿਆਂ ਸਤਿਗੁਰੂ ਜੀ ਨੇ ਨਾਮ ਰੰਗ, ਸਤਿਗੁਰੂ ਦੇ ਪ੍ਰੇਮ

ਰੰਗ ਵਿਚ ਰੰਗੀਜਣ ਲਈ ਸ਼ਰੋਤਿਆਂ ਨੂੰ ਪ੍ਰੇਰਣਾ ਦਿੱਤੀ ਅਤੇ ਜੀਵਨ ਵਿਚ ਐਸੇ ਕਰਮ ਕਰ ਜਾਣ ਲਈ ਕਿਹਾ ਜਿਨ੍ਹਾਂ ਦੇ ਕਰਨ ਨਾਲ ;

"ਰੇ ਰੇ ਦਰਗਹ ਕਹੈ ਨਾ ਕੋਊ। ਆਉ, ਬੈਠੁ, ਆਦਰੁ ਸੁਭ ਦੇਊ।" ਵਾਲੀ ਗੱਲ ਬਣ ਜਾਵੇ।

### ਇਹ ਚੌਂਤੀ ਕੀ?

ਸ. ਸੁਰਜੀਤ ਸਿੰਘ ਦੇ ਸਪੁੱਤਰ ਧਰਮਵੀਰ ਸਿੰਘ ਨੂੰ ਸਤਿਗੁਰੂ ਜੀ ਨੇ ਫੁਰਮਾਇਆ : ਤੂੰ ਤੇ ਸ਼ੇਰ ਸਿੰਘ 'ਚੌਂਤੀ' ਸੁਰ ਕਰਕੇ ਲਿਆਇਓ। ਸਵੇਰੇ ਏਥੇ ਹੀ ਆਸਾ ਦੀ ਵਾਰ ਲੱਗਣੀ ਹੈ, ਵਾਹਵਾ ਰੌਣਕ ਵਧੇਗੀ।

ਹੁਣ 'ਚੌਂਤੀ' ਬਾਰੇ ਕਿਸੇ ਨੂੰ ਪਤਾ ਨਾ ਲੱਗਾ ਕਿ ਇਹ ਕੀ ਸ਼ੈ ਹੈ ਜੋ ਸੁਰ ਕਰਕੇ ਲਿਆਉਣੀ ਹੈ । ਸਾਰੇ ਇਕ ਦੂਜੇ ਦਾ ਮੂੰਹ ਵੇਖਣ ਲੱਗੇ । ਸਤਿਗੁਰੂ ਜੀ ਨੇ ਵਿਨੋਦ ਪੂਰਣ ਆਖਿਆ : ਸਮਝ ਨਹੀਂ ਆਈ ? ਦੋਵੇਂ (ਸ਼ੇਰ ਸਿੰਘ ਅਤੇ ਧਰਮਵੀਰ ਸਿੰਘ) ਸਿਤਾਰਾਂ ਵਾਲੇ ਹੋ ਤੇ ਸਤਾਰਾਂ ਦੂਣਾ ਚੌਂਤੀ। ਸੋ ਦੋ ਸਿਤਾਰਾਂ ਵੱਜਣਗੀਆਂ ਤਾਂ ਚੌਂਤੀ ਆਪਣੇ ਆਪ ਹੋ ਜਾਣਗੇ।

### ਦਸਤਾਰ ਬੰਦੀ

ਸ: ਸੁਲੱਖਣ ਸਿੰਘ ਨੇ ਬੇਨਤੀ ਕੀਤੀ ਕਿ ਉਸ ਨੂੰ ਪਿਤਾ ਦੀ ਜਾਨਸ਼ੀਨੀ ਦੀ ਦਸਤਾਰ ਬੰਨੀ ਜਾਏ। ਸਤਿਗੁਰੂ ਜੀ ਦੇ ਇਰਦ-ਗਿਰਦ ਅਨੇਕਾਂ ਸਿੱਖ ਅਤੇ ਸ: ਸੁਲੱਖਣ ਸਿੰਘ ਦੇ ਸਬੰਧੀ ਖਲੋ ਗਏ। ਸਤਿਗੁਰੂ ਜੀ ਨੇ ਬਚਨ ਕੀਤਾ : ਆਪ ਹੀ ਬੰਨ੍ਹ ਲੈ ਮੇਰੇ ਸਾਹਮਣੇ॥

ਉਸ ਨੇ ਫਿਰ ਪ੍ਰਾਰਥਨਾ ਕੀਤੀ : ਆਪ ਕ੍ਰਿਪਾ ਕਰੋ।

ਫ਼ੁਰਮਾਇਆ: ਮੇਰੇ ਪੱਗ ਬੰਨ੍ਹਣ ਦਾ ਤਾਂ ਹੀ ਸੁਆਦ ਹੈ ਜੇ ਫੇਰ, ਪੱਗ ਸਿੱਧੀ ਹੀ ਰਹੇ। ਸਿੱਖ ਨੇ ਅਰਜ਼ ਕੀਤੀ : ਆਪ ਜੀ ਦੀ ਕ੍ਰਿਪਾ ਰਹੀ ਤਾਂ ਐਸੀ ਹੀ ਰਹੇਗੀ।

"ਕਿਰਪਾ ਰਹਿਣ ਦੀ ਗੱਲ ਨਹੀਂ, ਕਿਰਪਾ ਤਾਂ ਤੂੰ ਹੀ ਆਪਣੇ ਤੇ ਕਰਨੀ ਹੈ। ਮੈਂ ਤਾਂ, ਤਾਂ ਹੀ ਦਸਤਾਰ ਬੰਨ੍ਹਾਂਗਾ ਜੇ ਪ੍ਰਪੱਕ ਰਹੇਂਗਾ।"

ਸੁਲੱਖਣ ਸਿੰਘ ਨੇ ਦੁਬਿਧਾ ਵਿਚ ਹਾਂ ਕਰ ਦਿੱਤੀ।

ਸਤਿਗੁਰੂ ਜੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਦੇ ਸਿਰ ਤੇ ਸਜੀ ਪਗੜੀ ਨੂੰ ਇਕ ਇਕ ਪੇਚ ਕਰਕੇ ਲਾਹਿਆ ਅਤੇ ਫਿਰ ਕੋਰੀ ਪੱਗ ਨੂੰ ਕੋਮਲ ਹਸਤ ਕੰਵਲਾਂ ਦੁਆਰਾ ਚਿਣ ਕੇ ਨਾਮਧਾਰੀ ਢੰਗ ਨਾਲ ਉਸ ਦੇ ਸਿਰ ਤੇ ਦਸਤਾਰ ਸਜਾਈ।

ਮਹਾਰਾਜ ਬੀਰ ਸਿੰਘ ਜੀ ਦੀ ਮਿਸਾਲ ਆਪ ਨੇ ਦਿੱਤੀ ਕਿ ਜਦੋਂ ਉਹ ਜਲੰਧਰ ਵਿਚ ਹਵਾਈ ਜਹਾਜ਼ ਉਡਾਣਾ ਸਿੱਖਣ ਗਏ ਸਨ ਤਾਂ ਕੁੱਝ ਸਿੱਖ ਨੌਜੁਆਨਾਂ, ਉਨ੍ਹਾਂ ਨੂੰ ਮਖੌਲ ਕੀਤਾ : ਇਨ੍ਹਾਂ ਕੀ ਜਹਾਜ਼ ਚਲਾਣਾ ਸਿੱਖਣਾ ਏ, ਇਹ ਤਾਂ ਆਸਾ ਦੀ ਵਾਰ ਹੀ ਲਾਇਆ ਕਰਨਗੇ। ਪਰ ਜਦੋਂ ਉਹਨਾਂ ਠੀਕ ਤਰ੍ਹਾਂ ਉਡਾਣ ਭਰੀ ਤਾਂ ਸਭ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ। ਸਤਿਗੁਰਾਂ ਸਮਝਾਇਆ ਕੱਪੜੇ ਤੇ ਸ਼ਕਲ ਸੂਰਤ ਭਾਵੇਂ ਕਿਹੋ ਜਿਹੀ ਵੀ ਹੋਵੇ, ਤੁਹਾਡੀ ਯੋਗਤਾ ਸਭ ਨੂੰ ਜਿੱਤ ਲਵੇਗੀ। ਨਾਮਧਾਰੀਆਂ ਨੂੰ ਆਪਣੀ ਯੋਗਤਾ ਪ੍ਰਫੁੱਲਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

### ਮਨ ਦੀ ਬੁੱਝੀ

ਸ੍ਰੀ ਭੈਣੀ ਸਾਹਿਬ ਜਾਣ ਵਾਸਤੇ ਆਪ ਕਾਰ ਸਵਾਰ ਹੋਏ। ਸੰਤ ਮਹਿੰਦਰ ਸਿੰਘ ਪੂਰਬਾ ਤੇ ਸੰਤ ਤਰਸੇਮ ਸਿੰਘ ਹਜ਼ੂਰੀ ਸਕੱਤਰ ਨਾਲ ਸਨ।

ਮੇਰਾ ਜੀ ਕਰਦਾ ਸੀ ਕਿ ਜਾਣ ਤੋਂ ਪਹਿਲਾਂ ਮੇਰੇ ਨਾਲ ਵੀ ਦੋ ਸ਼ਬਦ ਸਾਂਝੇ ਕਰ ਜਾਣ ਪਰ ਉਹ ਤਾਂ ਤੁਰ ਗਏ ਸਨ । ਤਦੇ ਪਤਾ ਲੱਗਾ ਜਾਂ 100 ਕਦਮ ਤੇ ਜਾ ਕੇ ਗੱਡੀ ਰੁਕੀ ਤੇ ਮੈਨੂੰ ਆਵਾਜ਼ ਪਈ। ਜਾ ਕੇ ਦਰਸ਼ਨ ਕੀਤੇ ਤਾਂ ਸਤਿਗੁਰੂ ਜੀ ਨੇ ਕਿਹਾ : ਜੀ ਕਰਦਾ ਸੀ ਜਾਣ ਤੋਂ ਪਹਿਲਾਂ ਕਵੀ ਜੀ ਨੂੰ ਮਿਲ ਲਵਾਂ, ਮੇਰਾ ਪ੍ਰੋਗਰਾਮ ਪੁੱਛਿਆ ਤੇ ਆਪਣਾ ਦੱਸਿਆ।

### ਇੱਕ ਚਿੱਠੀ ਪਾਕਿਸਤਾਨ ਤੋਂ

ਮੈਂ ਉਹ ਚਿੱਠੀ ਪੜੀ ਹੈ ਜੋ ਸਤਿਗੁਰੂ ਜੀ ਨੂੰ ਲਾਹੌਰੋਂ (ਪਾਕਿਸਤਾਨੋਂ) ਆਈ ਹੈ । ਬੀਬੀ ਯਾਸਮੀਨ, ਜੋ ਸਿੱਧ ਗਾਇਕ ਉਮੀਦ ਅਲੀ ਦੀ ਪੁੱਤਰੀ ਹੈ, ਨੇ ਉਰਦੂ ਵਿਚ ਲਿਖੀ ਹੈ।

ਵਲਾਇਤ ਵਿਚ ਗਿਆਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਸਾਡੇ ਭਾਰਤ ਦਾ ਪ੍ਰਸਿੱਧ ਗਵੱਈਆ ਕਿਸੇ ਐਸੀ ਬਿਮਾਰੀ ਨਾਲ ਦੁਖਿਤ ਹੈ ਜੋ ਬੜੀ ਮੁਹਲਕ ਹੈ ਅਤੇ ਉਹ ਹਸਪਤਾਲ ਵਿੱਚ ਪਿਆ ਹੈ। ਤਾਂ ਸਤਿਗੁਰੂ ਜੀ ਉਸ ਹਸਪਤਾਲ ਵਿਚ ਪਹੁੰਚੇ ਅਤੇ ਬਿਰਧ ਗਾਇਕ ਲਈ ਮੰਗੀ ਗਈ ਰਕਮ ਅਦਾ ਕੀਤੀ ਅਤੇ ਫਿਰ ਵੀ ਉਸ ਨਾਲ ਸੰਪਰਕ ਰਖਦਿਆਂ ਜ਼ਰੂਰਤ ਮੁਤਾਬਕ ਮਾਇਆ ਦੇਣ ਦਾ ਬਚਨ ਦਿਤਾ।

ਯਾਸਮੀਨ ਨੇ ਧੰਨਵਾਦ ਕੀਤਾ ਹੈ ਪੱਤਰ ਵਿਚ ਅਤੇ ਘਰ ਪਰਵਾਰ ਦੀ ਸੁਖ ਦੱਸੀ ਹੈ ਅਤੇ ਨਾਲ ਹੀ ਲਿਖਿਆ ਹੈ ਕਿ ਉਸ ਦੇ ਅੱਬਾਜਾਨ ਲੰਡਨ ਵਿਚੋਂ ਵਾਪਸ ਆ ਗਏ ਹਨ, ਪਰ ਉਹਨਾਂ ਦੀ ਤਬੀਅਤ ਠੀਕ ਨਹੀਂ। ਯਾਸਮੀਨ ਨੂੰ

ਸਤਿਗੁਰੂ ਜੀ ਦਾ ਪਤਾ ਲੀਡਜ਼ (ਯੂ. ਕੇ.) ਦੇ ਸ਼ਰਮਾ ਜੀ ਨੇ ਦਿਤਾ ਹੈ। ਤਾਂ ਹੀ ਇਹ ਚਿੱਠੀ ਸਤਿਗੁਰੂ ਜੀ ਦੀ ਸੇਵਾ ਵਿਚ ਪਹੁੰਚੀ।

ਚਿੱਠੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਯਾਸਮੀਨ ਦੇ ਅੱਬਾ ਨੂੰ ਫ਼ਾਲਿਜ ਦਾ ਅਟੈਕ ਹੋ ਗਿਆ ਸੀ, ਹੁਣ ਇਸ ਅਟੈਕ ਤੋਂ ਤਾਂ ਨਜਾਤ ਹਾਸਲ ਹੈ ਪਰ ਸਤਿਗੁਰੂ ਜੀ ਨੂੰ ਬਾਰ ਬਾਰ ਯਾਦ ਕਰਦੇ ਹਨ।

ਯਾਸਮੀਨ ਨੇ ਇਹ ਵੀ ਲਿਖਿਆ ਹੈ ਕਿ ਜਿਨੀਂ ਦਿਨੀਂ ਸਤਿਗੁਰੂ ਜੀ ਵਲਾਇਤ ਵਿਚ ਗਏ ਉਹਨੀਂ ਦਿਨੀਂ ਇਸ ਨੂੰ ਵੀ ਖ਼ਵਾਬ ਵਿਚ ਹਜ਼ੂਰ ਦੇ ਦਰਸ਼ਨ ਹੋਏ। ਅਤੇ ਹੁਣ ਦਿਲ ਦਰਸ਼ਨਾਂ ਨੂੰ ਤੜਪ ਰਿਹਾ ਹੈ। ਇਕੋ ਆਰਜ਼ੂ ਲਿਖੀ ਗਈ ਹੈ ਕਿ ਇਨ੍ਹਾਂ ਦੇ ਗਰੀਬ ਖ਼ਾਨੇ ਕਦਮ ਬੋਸੀ ਦਾ ਇਨ੍ਹਾਂ ਨੂੰ ਮੌਕਾ ਮਿਲੇ। ਆਪਣੇ ਸਾਰੇ ਪਰਵਾਰ ਦੀ ਵਾਕਫ਼ੀ ਦੇ ਕੇ ਯਾਸਮੀਨ ਨੇ ਚਾਹਿਆ ਹੈ ਕਿ ਸਤਿਗੁਰੂ ਜੀ ਦੇ ਸਾਰੇ ਪਰਿਵਾਰ ਦੀ ਵੀ ਜਾਣਕਾਰੀ ਮਿਲੇ। ਮੈਂ ਇਹ ਚਿੱਠੀ ਪੜ੍ਹ ਕੇ ਤੇ ਐਡਰੈਸ ਨੋਟ ਕਰਕੇ ਸਤਿਗੁਰਾਂ ਦੇ ਸਕੱਤਰ ਨੂੰ ਭੇਜ ਦਿੱਤੀ ਹੈ।

### ਕੰਠੇ ਮਹਾਰਾਜ ਸੰਗੀਤ ਸਭਾ

'ਕੰਠੇ ਮਹਾਰਾਜ ਸੰਗੀਤ ਸਭਾ' ਦੁਆਰਾ ਬਸੰਤ ਉਤਸਵ ਸੰਗੀਤ ਸਮਾਰੋਹ ਮਨਾਇਆ ਜਾਣਾ ਸੀ। ਇਸ ਦੇ ਮੁੱਖ ਪਰਾਹੁਣੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਸਨ।

### ਸ਼ੋਭਾ ਦੇ ਸ਼ਬਦ

ਸਟੇਜ ਉਤੇ ਵਿਚਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸੱਜੇ ਪ੍ਰਧਾਨ ਸ਼ੰਕਰ ਲਾਲ, ਖੱਬੇ ਪੂਰਣ ਮਹਾਰਾਜ ਸਨ। ਰੌਸ਼ਨੀਆਂ ਨਾਲ ਮੰਚ ਭਰਪੂਰ ਸੀ। ਆਰੰਭ ਦੇ ਸ਼ਬਦ ਪਖਾਵਜ ਸਮਰਾਟ ਪੰ. ਕਿਸ਼ਨ ਮਹਾਰਾਜ ਨੇ ਕਹੇ : (ਸੰਖੇਪ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਾਰੀ ਦੁਨੀਆਂ ਵਿੱਚ ਜਿਥੇ ਵੀ ਨਾਮਧਾਰੀ ਹਨ ਉਹਨਾਂ ਦੇ ਮਹਾਂ ਗੁਰੂ ਹਨ।

ਸਤਿਗੁਰੂ ਜੀ ਜਿਵੇਂ ਦੇਸ਼ ਭਗਤ ਹਨ ਤਿਵੇਂ ਹੀ ਸੰਗੀਤ ਪ੍ਰੇਮੀ ਭੀ ਅਤੇ ਇਹਨਾਂ ਦਾ ਪਰਵਾਰ ਵੀ ਸੰਗੀਤ ਤੋਂ ਪਿਛੇ ਨਹੀਂ।

ਸਤਿਗੁਰੂ ਜੀ ਆਪ ਦਿਲਰੁਬਾ ਦੇ ਏਨੇ ਵਿਦਵਾਨ ਵਾਦਕ ਹਨ ਕਿ ਸਰੋਤਿਆਂ ਦੇ ਦਿਲ ਪਿਘਲਾ ਦਿੰਦੇ ਹਨ ।

ਆਪ ਸੰਗੀਤ ਦੇ ਵਿਦਵਾਨ ਹੀ ਨਹੀਂ ਸਗੋਂ ਸ਼ਾਸਤਰੀ ਸੰਗੀਤ ਦੇ ਸੰਰੱਖਿਅਕ ਵੀ ਹਨ। ਉਸਤਾਦਾਂ ਪਾਸ ਇਹਨਾਂ ਬੱਚੇ, ਸੰਗੀਤ ਸਿੱਖਿਆ ਲਈ, ਭੇਜੇ ਹਨ।

ਜਿਵੇਂ ਆਪਾਂ ਕਵੀ ਜਨਾਂ ਤੋਂ ਸਾਰੇ ਗੁਣਾਂ ਭਰਪੂਰ ਇਕੋ ਕਵਿਤਾ ਦਾ ਅਨੰਦ ਚਖ ਲੈਂਦੇ ਹਾਂ, ਇਵੇਂ ਸਾਰੇ ਸੰਸਾਰ ਦੀ ਸ਼ੋਭਾ ਵਸਤੂ ਗ੍ਰਹਿਣ ਕਰਕੇ ਸਰਬ ਗੁਣ ਆਪਣੇ ਵਿਚ ਸਮੋ ਲਏ ਹਨ ਸਤਿਗੁਰਾਂ ਨੇ। ਇੰਜ ਹੀ ਭਾਰਤ ਭਰ ਦੇ ਵਿਦਵਾਨਾਂ ਤੋਂ ਗੁਣ ਇਕੱਤਰ ਕਰਕੇ ਆਪਣੀ ਸੰਸਥਾ ਵਿਚ ਲੈ ਆਏ ਹਨ।

ਰਾਤ 11:15 ਤੇ ਸ੍ਰੀ ਸ਼ੰਕਰ ਲਾਲ ਮਲਹੋਤਰਾ ਅਧਿਅਕਸ਼ ਨੇ ਆਖਿਆ : ਅਜੇ ਹੁਣੇ ਹੀ ਸੰਸਥਾਪਕ ਸ੍ਰੀ ਕ੍ਰਿਸ਼ਨ ਮਹਾਰਾਜ ਤੋਂ ਤੁਸੀਂ ਸੰਗੀਤ ਚਰਚਾ ਸੁਣੀ ਹੈ। ਤੇ ਫੇਰ ਕੱਲੇ-ਕੱਲੇ ਵਿਸ਼ੇਸ਼ ਵਿਅਕਤੀ ਦਾ ਨਾਂ ਲੈ ਕੇ ਸੁਆਗਤ ਕਰਦਿਆਂ ਸ੍ਰੀ ਸ਼ੰਕਰ ਲਾਲ ਜੀ ਨੇ ਕਿਹਾ: ਮੈਂ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕਰਦਾ ਹਾਂ ਜੋ ਦੇਸ਼ ਵਿਦੇਸ਼ ਵਿਚ ਸੰਗੀਤ ਵਿਦਵਾਨਾਂ ਨੂੰ ਸੁਣਦੇ, ਉਨ੍ਹਾਂ ਦੀ ਪ੍ਰਤਿਪਾਲਣਾ ਕਰਦੇ ਹਨ। ਬੱਚਿਆਂ ਵਿਚ ਸੰਗੀਤ ਆਰੋਪਣ ਕਰਦੇ ਹਨ। ਉਹਨਾਂ ਦਾ ਸਭ ਵਲੋਂ ਸੁਆਗਤ ਕਰਦਿਆਂ ਮੈਂ ਬੇਨਤੀ ਕਰਦਾ ਹਾਂ ਕਿ ਆਪ ਸਭਾ ਦਾ ਉਦਘਾਟਨ ਕਰਨ।

ਫਿਰ ਸਤਿਗੁਰੂ ਜੀ ਨੇ ਥੋੜੇ ਕੁ ਮਿੰਟਾਂ ਲਈ ਪ੍ਰਵਚਨ ਦਿੱਤਾ "ਤੁਸਾਂ ਹੁਣੇ ਹੀ ਸ੍ਰੀ ਕਿਸ਼ਨ ਮਹਾਰਾਜ ਜੀ ਤੋਂ ਸ਼ਾਸਤਰੀ ਸੰਗੀਤ ਦੀਆਂ ਸਮੱਸਿਆਵਾਂ ਬਾਰੇ ਸੁਣਿਆ ਹੈ। ਇਸ ਵਿਚ ਸਾਡਾ ਸਹਿਯੋਗ ਦੇਣਾ ਜ਼ਰੂਰੀ ਹੋ ਜਾਂਦਾ ਹੈ।

ਜਿਵੇਂ ਕਿ ਤੁਸੀਂ ਜਾਣਦੇ ਹੋ, ਜਹਾਜ਼ ਬਣਾਣ ਦੀ ਵਿੱਦਿਆ ਬੜੀ ਚੰਗੀ ਹੈ ਪਰ ਜੇ ਜਹਾਜ਼ ਜੰਗ ਦੇ ਬੰਬ ਵਰ੍ਹਾਉਣੇ ਸ਼ੁਰੂ ਕਰ ਦੇਵੇ ਤਾਂ ਉਸ ਦਾ ਕੁੱਝ ਲਾਭ ਨਹੀਂ। ਜੇ ਇਹੋ ਜਹਾਜ਼ ਰੋਟੀ-ਕੱਪੜਾ ਆਦਿ ਲੈ ਕੇ ਪਾਣੀ-ਘਿਰੇ ਲੋਕਾਂ ਤੇ ਹੋਰ ਪੀੜਤ ਵਿਅਕਤੀਆਂ ਦੀ ਮਦਦ ਲਈ ਪਹੁੰਚੇ ਤਾਂ ਬਹੁਤ ਅੱਛਾ ਹੈ।

ਸੰਗੀਤ ਦੀ ਵਰਤੋਂ ਸਿਨੇਮਾ ਆਦਿ ਵਿਚ ਐਸੀ ਹੋ ਰਹੀ ਹੈ ਕਿ ਕਈ ਵਾਰ, ਜਦ ਤੁਰੇ-ਤੁਰੇ ਜਾਂਦਿਆਂ, ਲਾਊਡ ਸਪੀਕਰਾਂ ਰਾਹੀਂ ਰਿਕਾਰਡਾਂ ਦੀ ਆਵਾਜ਼ ਕੰਨੀ ਪੈਂਦੀ ਹੈ ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ।

ਬੱਚਿਆਂ ਬਾਰੇ ਤਾਂ ਮੇਰੇ ਲਈ, ਏਨੀ ਗੱਲ ਕਰਨੀ ਬਣਦੀ ਹੈ ਕਿ ਜੇ ਉਹਨਾਂ ਨੂੰ ਵਿਸ਼ੇਸ਼ ਧਿਆਨ ਦੇ ਕੇ ਕੋਮਲ ਕਲਾਵਾਂ ਵੱਲ ਨਾ ਪਾਈਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਸੰਗੀਤ ਆਦਿ ਤੋਂ ਕਿਵੇਂ ਪ੍ਰਭਾਵਤ ਹੋਣਗੀਆਂ।

ਸਾਡੇ ਸਤਿਗੁਰੂਆਂ ਨੇ ਬਾਣੀ ਲਿਖਣ ਤੋਂ ਪਹਿਲਾਂ, ਰਾਗ ਦਾ ਨਾਮ ਲਿਖਿਆ ਹੈ। ਸਿੱਖ ਗੁਰੂਆਂ ਦੇ ਨਾਮ ਲੇਵਾ ਹੋਣ ਕਰਕੇ ਸਾਡਾ ਤਾਂ ਸੁਭਾਵਿਕ ਹੀ ਫ਼ਰਜ਼ ਹੈ ਕਿ ਅਸੀਂ

ਸੰਗੀਤ ਨਾਲ ਜੁੜੇ ਰਹੀਏ ਤੇ ਇਹਦੇ ਤੋਂ ਲਾਭਾਵਿਤ ਹੋਈਏ। ਗੁਰਬਾਣੀ ਵਿਚ ਅੰਕਿਤ ਹੈ :

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥
ਰਬਾਬੁ, ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥

ਬੱਚਿਆਂ ਨੂੰ ਸੰਗੀਤ ਸਿਖਾਣ ਦੀ ਗੱਲ ਜੋ ਕਿਸ਼ਨ ਮਹਾਰਾਜ ਜੀ ਨੇ ਕੀਤੀ ਹੈ ਜਿਸ ਨਾਲ ਸਾਡਾ ਤੇ ਸਾਡੇ ਦੇਸ਼ ਦਾ ਕਲਿਆਣ ਹੋ ਸਕਦਾ ਹੈ। ਮੈਂ ਇਹ ਕਹਿ ਕੇ ਹੀ ਸਭਾ ਦਾ ਆਰੰਭ ਕਰਦਾ ਹਾਂ। ਧੰਨਵਾਦ।

**ਪਟਨੇ ਦੀ ਸੰਗਤ ਨੂੰ ਸੰਗੀਤ ਪ੍ਰੇਰਨਾ**

ਪਟਨੇ ਦੀ ਆਈ ਹੋਈ ਸੰਗਤ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਤੁਸੀਂ ਪਟਨਾ ਵਿਸਾਰ ਹੀ ਦਿੱਤਾ ਹੈ। ਛੇਤੀ ਦਰਸ਼ਨ ਦੇਣ ਦੀ ਕਿਰਪਾ ਕੀਤੀ ਜਾਵੇ। ਸਤਿਗੁਰੂ ਜੀ ਬਚਨ ਕੀਤਾ : ਮੈਂ ਛੇਤੀ ਆ ਜਾਇਆ ਕਰਾਂਗਾ, ਪਰ ਤੁਸੀਂ ਮੇਰੀ ਇਕ ਗੱਲ ਮੰਨੋ।

ਹੁਕਮ ਕਰੋ ਜੀ !!

ਦੋ ਲੜਕੇ ਸੰਗੀਤ ਸਿੱਖਣ ਲਾ ਦਿਓ !

ਕਿੱਥੇ ਜੀ ?

ਪਟਨੇ ਹੀ। ਪੰ: ਸੀਆ ਰਾਮ ਜੀ ਤਿਵਾੜੀ ਪਾਸ। ਇਕ ਗਾਉਣਾ ਸਿੱਖੇ, ਦੂਜਾ ਤਬਲਾ ਵਜਾਣਾ ਸਿੱਖੇ !

'ਤਬਲਾ ਕਿਦੇ ਤੋਂ ਜੀ?

ਆਪੇ ਪੰ: ਸੀਆ ਰਾਮ ਦੱਸ ਦੇਣਗੇ।

ਸਤਿ ਬਚਨ ਜੀ'' ਆਖ ਸਿੱਖ ਨੇ ਹੱਥ ਜੋੜ ਸਿਰ ਝੁਕਾਇਆ।

ਸਤਿਗੁਰੂ ਜੀ ਨੇ ਫੇਰ ਫ਼ੁਰਮਾਇਆ : ਤੁਹਾਡੇ ਇਕ ਸੰਗੀਤ ਸੰਮੇਲਨ ਕਰਨਾ ਹੈ, ਜਿਸ ਉਤੇ ਪੰਜ ਕੁ ਹਜ਼ਾਰ ਖਰਚ ਹੋਵੇਗਾ। ਬਲਵੰਤ ਸਿੰਘ ਜੀ ਨੇ ਕਿਹਾ : ਜਿਵੇਂ ਆਗਿਆ ਦੀਨ ਦਿਆਲ, ਮਾਇਆ ਸਾਰੀ ਆਪ ਜੀ ਦੀ ਹੀ ਤਾਂ ਹੈ।

''ਮੈਂ ਆ ਹੀ ਜਾਇਆ ਕਰਾਂਗਾ ! ਸਤਿਗੁਰਾਂ ਬਚਨ ਕੀਤਾ। ਸਿੱਖ ਖ਼ੁਸ਼ੀਆਂ ਲੈ ਕੇ ਵਿਦਾ ਹੋਏ।

**ਸ੍ਰੀ ਕਿਸ਼ਨ ਮਹਾਰਾਜ ਦੇ ਘਰ**

ਸਤਿਗੁਰੂ ਜੀ ਨੇ ਸ੍ਰੀ ਬਿਰਜੂ ਮਹਾਰਾਜ ਨੂੰ ਬਲਜੀਤ ਆਦਿ ਬੱਚਿਆਂ ਨੂੰ ਆਪ ਸਿਖਾਈਆਂ ਔਖੀਆਂ ਲੈਅ ਤਾਲਾਂ ਦਾ ਜ਼ਿਕਰ ਕੀਤਾ ਤੇ ਦੱਸਿਆ, ਹਰਭਜਨ ਸਿੰਘ ਰਾਗੀ ਵੱਲ ਵੇਖ ਕੇ, ਇਹ ਮੇਰੀ ਬੜੀ ਮਦਦ ਕਰਦਾ ਹੈ। ਨੋਟੇਸ਼ਨ ਕਰ ਦਿੰਦਾ ਹੈ। ਇਸ ਤਰ੍ਹਾਂ ਰਚਨਾ ਸੰਭਾਲੀ ਰਹਿੰਦੀ ਹੈ।

**ਇਨਸਪੈਕਟਰ ਦੇ ਕਮਰੇ ਵਿੱਚ**

ਕੱਲ ਸ਼ਾਮੀਂ ਸਤਿਗੁਰੂ ਜੀ ਨੇ ਪੰ. ਬਿਰਜੂ ਮਹਾਰਾਜ ਦੇ ਕੰਨਾਂ ਵਿਚ ਕੁਝ ਕਿਹਾ ਸੀ। ਉਤਰ ਮਿਲਿਆ: 'ਮਾਲਕ ਨੇ ਮਿਹਰ ਕੀਤੀ ਤਾਂ ਐਸਾ ਹੋ ਜਾਵੇਗਾ। ਮੈਂ ਅੱਜ ਪੁੱਛ ਹੀ ਲਿਆ : ਉਹ ਕੀ ਗੱਲ ਸੀ ? ਫ਼ੁਰਮਾਇਆ : ਮੈਂ ਕਿਹਾ ਸੀ ਪੌਣੀਆਂ ਚੌਦਾਂ ਮਾਤਰਾਂ ਵਿਚ ਨਿਰਤ ਦੀ ਤਿਆਰੀ ਕਰੋ। ਪੰ: ਬਿਰਜੂ ਮਹਾਰਾਜ ਨੇ ਬੜੀ ਉਦਾਰਤਾ ਦਿਖਾਈ। ਕਹਿਣ ਲੱਗੇ ਸ਼ਬਦ ਲਿਖ ਦਿਓ, ਆਊਟ ਲਾਈਨ ਦੇ ਦਿਓ, ਜੇ ਬਖ਼ਸ਼ਿਸ਼ ਹੋ ਗਈ ਤਾਂ ਜ਼ਰੂਰ ਕਰਾਂਗਾ।

ਸਤਿਗੁਰੂ ਜੀ ਨੇ ਦੱਸਿਆ : ਮੈਂ ਖਾਂ ਸਾਹਿਬ ਵਲਾਇਤ ਹੁਸੈਨ ਖਾਂ ਅਤੇ ਪੰ: ਬਿਰਜੂ ਮਹਾਰਾਜ ਵਿੱਚ ਇਹ ਉਦਾਰਤਾ ਵੇਖੀ ਹੈ, ਇਹ ਮੈਨੂੰ ਵੀ ਕਈ ਵਾਰ ਵੱਡਾ ਗੁਣੀ ਵਿਦਵਾਨ ਮਿਥ ਲੈਂਦੇ ਹਨ। ਮੈਨੂੰ ਇਹਨਾਂ ਤੋਂ ਇਹ ਸੁਣ ਕੇ ਸੰਗਾ ਆਉਂਦੀ ਹੈ। ਕੱਲ੍ਹ ਕਿਸ਼ਨ ਮਹਾਰਾਜ ਨੇ ਵੀ ਕੁਝ ਐਸੇ ਹੀ ਸ਼ਬਦ ਵਰਤੇ। ਮੈਨੂੰ ਤਾਂ ਆਪਣੇ ਵਿਚ ਐਸਾ ਕੁਝ ਲਗਦਾ ਨਹੀਂ।

**ਮਨ ਵੱਸ ਕਰਨ ਬਾਰੇ**

ਇਕ ਵਾਰ ਇੱਕ ਸਿੱਖ ਨੇ ਸਤਿਗੁਰੂ ਜੀ ਨੂੰ ਪੁੱਛਿਆ ਸੀ, 'ਜੀ ਭਜਨ ਕਰਨ ਲਗਿਆਂ ਮਨ ਆਕਾਸ਼ ਪਾਤਾਲ ਫਿਰ ਆਉਂਦਾ ਹੈ। ਇਹ ਅਫੁਰ ਕਿਵੇਂ ਹੋਵੇ? ਸੱਚੇ ਪਾਤਸ਼ਾਹ ਜੀ ਨੇ ਫ਼ੁਰਮਾਇਆ ਸੀ-ਮਨ ਦਾ ਕਰਮ ਹੈ। ਇਧਰ ਉਧਰ ਭਟਕਣਾ।

ਮਨ ਕਾ ਸੁਭਾਉ ਮਨਹਿ ਬਿਆਪੀ ॥
ਮਨਹਿ ਮਾਰਿ ਕਵਨ ਸਿਧਿ ਥਾਪੀ ॥
ਕਵਨੁ ਸੁ ਮੁਨਿ ਜੋ ਮਨੁ ਮਾਰੈ ॥
ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥
ਮਨ ਅੰਤਰਿ ਬੋਲੈ ਸਭੁ ਕੋਈ ॥
ਮਨ ਮਾਰੇ ਬਿਨੁ ਭਗਤਿ ਨ ਹੋਈ।

ਪਰ ਮਨ ਮਾਰਿਆ ਨਹੀਂ ਜਾ ਸਕਦਾ। ਮਨ ਮਰ ਗਿਆ ਤਾਂ ਬੰਦਾ ਹੀ ਮਰ ਗਿਆ। ਸੰਸਾਰ ਦੀ ਲੀਲਾ ਦਾ ਕਾਰਨ ਵੇਖਿਆ ਜਾਇ, ਤਾਂ ਮਨ ਹੀ ਹੈ। ਹਾਂ, ਮਨ ਵਸ ਵਿਚ ਕੀਤਾ ਜਾ ਸਕਦਾ ਹੈ। ਏਨਾ ਕੰਟਰੋਲ ਕਿ ਤੁਸੀਂ ਜਿਧਰ ਚਾਹੋ ਮਨ ਓਧਰੇ ਹੀ, ਸਿਧਾਏ ਹੋਏ ਘੋੜੇ ਵਾਂਗ ਤੁਰ ਪਵੇ। ਪਰ ਸਤਿਗੁਰੂਆਂ ਇਹਦੇ ਬਾਰੇ ਵਿਚ ਬਖਸ਼ਸ਼ ਹੀ ਮੰਗੀ ਹੈ। 'ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ।' ਸਤਿਗੁਰੂ ਦੀ ਕਿਰਪਾ ਹੋ ਜਾਏ ਤਾਂ ਇਕ ਪਲ ਵਿੱਚ ਮਨੁਖ ਦਾ ਸੁਭਾਉ ਪਲਟ ਕੇ ਸੰਤ ਸਰੂਪ ਹੋ ਜਾਂਦਾ ਹੈ।

ਆਮ ਮਨੁਖ ਜਦੋਂ ਸਤਿਗੁਰੂ ਨੂੰ ਪੁਛ ਕੇ ਪੁਨਹ ਪੁਨਹ ਅਭਿਆਸ ਕਰਦਾ ਹੈ ਤਾਂ ਮਨ ਇਕ ਨੁਕਤੇ ਤੇ ਆ ਕੇ ਖਲੋਣਾ

ਸ਼ੁਰੂ ਹੋ ਜਾਂਦਾ ਹੈ। ਸਮੁੰਦਰ ਵਿਚ ਜਾਂਦੇ ਜਹਾਜ਼ ਦੇ ਮਸਤੂਲ ਤੇ ਕੋਈ ਪੰਛੀ ਬੈਠ ਗਿਆ। ਜਹਾਜ਼ ਕਿਨਾਰਿਓਂ ਦੂਰ ਹੋ ਗਿਆ ਤਾਂ ਪੰਛੀ ਉੱਡਣ ਲੱਗਾ। ਪਰ ਉਸ ਨੂੰ ਨੇੜੇ ਕੋਈ ਚੀਜ਼ ਬੈਠਣ ਨੂੰ ਨਾ ਲਭੇ। ਉਹ ਭਉਂ ਚਉਂ ਕੇ ਮਸਤੂਲ ਤੇ ਹੀ ਆ ਟਿਕੇ। ਥੱਕ ਹਾਰ ਮਸਤੂਲ ਤੇ ਬੈਠਣਾ ਹੀ ਉਸ ਦੀ ਮਜਬੂਰੀ ਸੀ।

ਸੁਭਾਉ ਹੀ ਨਹੀਂ, ਧਰਮ ਹੈ ਮਨ ਦਾ ਏਧਰ ਓਧਰ ਭਟਕਦੇ ਰਹਿਣਾ। ਸਾਡਾ ਕੰਮ ਹੈ ਇਸ ਨੂੰ ਇਕ ਕੇਂਦਰ ਨਾਲ ਜੋੜੀ ਰਖਣਾ। "ਮਨ ਸਾਧੇ ਸਭ ਸਿਧਿ ਹੋਇ"।

ਕੱਦੋਂ ਮਧਰਾ ਮਹਿੰਦਰ ਸਿੰਘ ਵਡੇ ਸਵਾਲਾਂ ਦੇ ਵੱਡੇ ਉੱਤਰ ਧਿਆਨ ਪੂਰਵਕ ਅਤੇ ਸਤਿਕਾਰ ਪਿਆਰ ਨਾਲ ਸੁਣਦਾ ਰਿਹਾ। ਕਰੀਬ ਪੌਣਾ ਘੰਟਾ ਖਲੇ ਖਲੋਤੇ ਹੀ ਸਤਿਗੁਰੂ ਉਸ ਨਾਲ ਬਚਨ ਕਰਦੇ ਰਹੇ। ਅੰਤ ਉਤੇ ਸ੍ਰੀ ਹਜ਼ੂਰ ਨੇ ਸਮਝਾਇਆ :

''ਡੀਗਨ ਡੋਲਾ ਤਉ ਲਉ, ਜਉ ਮਨ ਕੇ ਭਰਮਾ।
ਭ੍ਰਮ ਕਾਟੇ ਗੁਰਿ ਆਪਣੈ, ਪਾਏ ਬਿਸਰਾਮਾ॥

ਪਹਿਲਾਂ ਤਾਂ ਵਿਸ਼ਵਾਸ ਮਜ਼ਬੂਤ ਕਰੋ ਆਪਣੇ ਸਤਿਗੁਰੂ ਤੇ। ਜਦੋਂ ਮਨ ਵਿੱਚ ਇਹ ਪੱਕ ਹੋ ਜਾਏ ਕਿ ਮੇਰੇ ਸਤਿਗੁਰੂ ਵਰਗਾ ਹੋਰ ਕੋਈ ਨਹੀਂ ਫਿਰ ਉਹ ਸਾਰੀਆਂ ਸ਼ਕਤੀਆਂ ਉਤਪਨ ਹੋਣ ਲਗ ਜਾਂਦੀਆਂ ਹਨ। ਜਿਨ੍ਹਾਂ ਨਾਲ ਮਨੁਖ ਇਕਮਨ ਹੋ, ਸੰਸਾਰ ਦੀਆਂ ਅਨੇਕ ਪ੍ਰਕਾਰ ਦੀਆਂ ਉਲਝਣਾਂ ਵਿਚ ਵੀ ਅਡੋਲ ਤੁਰਿਆਂ ਜਾਂਦਾ ਹੈ।

ਸਤਿਗੁਰੂ ਜੀ ਨੇ ਸਿਖ ਤੇ ਬੜੀ ਕਿਰਪਾ ਕੀਤੀ ਤੇ ਇੰਜ ਕਿਰਪਾ ਕੀਤੀ ਜਿਵੇਂ ਉਹਨਾਂ ਨੂੰ ਹੋਰ ਕਿਸੇ ਪਾਸੇ ਦੀ ਵੀ ਰੁਚੀ ਨਹੀਂ ਸੀ। ਮਹਿੰਦਰ ਸਿੰਘ ਦੀ ਪਤਨੀ ਵੀ ਕਿਤੇ ਨੇੜੇ ਹੀ ਬੈਠੀ ਹੋਈ ਸੀ। ਸਿੰਘ ਉਸ ਤੋਂ ਬੱਚਾ ਲੈ, ਕੁਛੜ ਚੁੱਕ ਹੀ ਬਚਨਾਮ੍ਰਿਤ ਸੁਣਦਾ ਰਿਹਾ। ਜਦੋਂ ਬੱਚਾ ਕਾਹਲਾ ਪਏ ਇਹ ਪਤਨੀ ਨੂੰ ਫੜਾ ਲਏ। ਚੁਪ ਕਰਨ ਤੇ ਫਿਰ ਫੜ ਲਏ। ਸਤਿਗੁਰੂ ਜੀ ਨੇ ਬਿਨਾ ਉਸ ਦੀ ਛਡ ਫੜ ਵੇਖਿਆਂ ਉਸ ਤੇ ਕ੍ਰਿਪਾ ਕੀਤੀ ਰਖੀ। ਕਦੀ ਵਿਰਲਾ ਹੀ ਕਿਸੇ ਨੂੰ ਐਸਾ ਸਮਾਂ ਨਸੀਬ ਹੁੰਦਾ ਹੈ।

### ਸਰਦਾਰ ਅਵਤਾਰ ਸਿੰਘ ਝੱਬਰ

ਸ: ਅਵਤਾਰ ਸਿੰਘ ਕਰੀਵਾਲਾ ਉਹ ਸੱਜਣ ਹੈ ਜਿਸ ਨੇ ਸਰਸਾ ਜ਼ਿਲੇ ਵਿਚ ਨਾਮਧਾਰੀ ਇਲਾਕਾ ਵਸਾਣ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਦਾ ਸਤਿਕਾਰ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ, ਜਦੋਂ ਉਹ ਗੁਰੂ ਪਦਵੀ ਤੇ ਬਿਰਾਜਮਾਨ ਨਹੀਂ ਸਨ, ਦਿਨ ਤੇ ਰਾਤ ਇਕ ਕਰਕੇ ਜੀਵਨ ਨਗਰ ਇਲਾਕਾ ਵਸਾਇਆ।

ਸੂਝ ਸਮਝ ਤੇ ਸਮਾਜ ਪ੍ਰਤੀ ਸਹੀ ਭਾਵਨਾ ਹੋਣ ਕਰਕੇ ਸਤਿਗੁਰੂ ਜੀ ਦੇ ਸਲਾਹਕਾਰਾਂ ਵਿਚੋਂ ਹੈ। ਧੀਰਜ ਅਤੇ ਰੱਬ ਦਾ ਭੈ ਅਵਤਾਰ ਸਿੰਘ ਦੇ ਵਿਸ਼ੇਸ਼ ਗੁਣ ਹਨ।

ਅਵਤਾਰ ਸਿੰਘ ਦੀ ਕਿਸੇ ਸਮਾਜਕ ਗਲਤੀ ਕਾਰਨ ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਤਣਾਉ ਭਰੀ ਹਾਲਤ ਹੋ ਗਈ ਤਾਂ ਜੀਵਨ ਨਗਰ ਬਗੀਚੇ ਵਿਚ ਸਤਿਗੁਰੂ ਜੀ ਨੇ ਮੈਨੂੰ ਦੱਸਿਆ, ਮੇਰੇ ਪਾਸ ਕੁਛ ਲੋਕਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਸ ਨੇ ਮਿਲਣੀ-ਮੁਕਲਾਵੇ ਦੀ ਰਸਮ ਕੀਤੀ ਹੈ। ਮੈਨੂੰ ਇਹ ਗੱਲ ਚੰਗੀ ਨਹੀਂ ਲੱਗੀ। ਜੇ ਮੁਖੀ ਹੀ ਗ਼ਲਤੀ ਕਰੇ ਤੇ ਉਹਦੇ ਤੇ ਨੋਟਿਸ ਨਾ ਲਿਆ ਜਾਵੇ ਤਾਂ ਬਾਕੀ ਸਮਾਜ ਲਈ ਅੰਕੁਸ਼ ਲਗਾਣਾ ਜਚਦਾ ਨਹੀਂ। ਉਹ ਵੀ ਮੇਰੇ ਤੇ ਔਖਾ ਹੈ ਪਰ ਮੈਂ ਹੁਣ ਦੀ ਗੱਲ ਚੇਤੇ ਨਹੀਂ ਰਖਣੀ। ਮੈਂ ਤਾਂ ਉਹ ਸਮਾਂ ਯਾਦ ਰਖਣਾ ਹੈ ਜਦੋਂ ਅਵਤਾਰ ਸਿੰਘ ਨੇ ਮੇਰੇ ਨਾਲ ਮਿਲ ਕੇ, ਦਿਨ ਰਾਤ ਇੱਕ ਕਰਕੇ, ਸਾਧ ਸੰਗਤ ਨੂੰ ਜੀਵਨ ਨਗਰ ਇਲਾਕੇ ਵਿਚ ਬੈਠਾਇਆ ਅਤੇ ਵਸਾਇਆ ਸੀ।

ਸਤਿਗੁਰੂ ਜੀ ਸਿੱਖਾਂ ਸੇਵਕਾਂ ਵਿਚ ਘਿਰੇ ਫਾਰਮ ਤੇ ਪਹੁੰਚੇ। ਆਉਂਦਿਆਂ ਸਾਰ ਕਿਹਾ : ਮੇਰੀ ਬੱਚੀ ਕਿੱਥੇ ਹੈ ? ਇਹ ਸ਼ਬਦ ਠਾਕਰ ਉਦੇ ਸਿੰਘ (ਮਹਾਰਾਜ ਬੀਰ ਸਿੰਘ ਜੀ ਦੇ ਛੋਟੇ ਲੜਕੇ ਵਾਸਤੇ ਸਨ) ਉਹ ਆਪਣੇ ਕਮਰੇ ਵਿੱਚ ਅਜੇ ਦਸਤਾਰ ਸਜਾ ਰਹੇ ਸਨ ਕਿ ਸਤਿਗੁਰੂ ਜੀ ਉਥੇ ਹੀ ਪਹੁੰਚ ਗਏ।

### ਔਖਾ ਪਰਚਾ

ਸਤਿਗੁਰੂ ਜੀ ਬਚਨ ਕੀਤਾ : ਅਰੋੜੇ ਸਿੱਖਾਂ ਵਿਚ ਐਸੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਜੋ ਭੈਣਾਂ-ਭੈਣਾਂ ਦੇ ਬੱਚਿਆਂ ਦੇ ਵਿਆਹਾਂ ਵਲ ਜਾ ਰਹੇ ਹਨ। ਇਸ ਗਲਤ ਗੱਲ ਲਈ ਉਹ ਬਹਾਨੇ ਤਲਾਸ਼ ਲੈਂਦੇ ਹਨ। ਮੇਰੀ ਗੈਰ ਮੌਜੂਦਗੀ ਤੇ ਮਹਾਰਾਜ ਜੀ ਦੀ ਨਾ-ਜਾਣਕਾਰੀ ਕਾਰਨ, ਆਗਿਆ ਲੈ ਕੇ ਇਹਨਾਂ ਦੇ ਮਾਪਿਆਂ ਨੇ ਭੈਣ-ਭਰਾਵਾਂ ਨੂੰ ਪਰਸਪਰ ਵਿਆਹ ਦਿਤਾ ਹੈ। ਦੋਹਾਂ ਬੱਚਿਆਂ ਦੀਆਂ ਮਾਵਾਂ ਸੱਕੀਆਂ ਭੈਣਾਂ ਹਨ। ਮੈਨੂੰ ਕੱਲ ਇਹਨਾਂ ਦੇ ਘਰ ਜਾਣ (ਚਰਨ ਪਾਣ) ਲਈ ਕਿਹਾ ਗਿਆ, ਮੈਂ ਭੇਟਾ ਵੀ ਚੁਕਵਾ ਦਿੱਤੀ, ਬਾਕੀ ਗੱਲਾਂ ਲਈ ਫਾਰਮ ਤੇ ਪੁੱਜਣ ਲਈ ਕਿਹਾ ਸੀ।.

ਬੀਤੀ ਰਾਤ, ਕਾਫ਼ੀ ਕੁਵੇਲੇ ਇਹ ਜੋੜਾ ਫਾਰਮ ਤੇ ਪੁੱਜਾ। ਅੱਜ ਇਹ ਜੋੜਾ ਸਤਿਗੁਰੂ ਜੀ ਦੀ ਰਿਹਾਇਸ਼ ਵਲ ਜਾਂਦਿਆਂ, ਸਤਿਗੁਰਾਂ ਨੂੰ ਤੱਕ ਚਰਨੀਂ ਹੱਥ ਲਾਉਣ ਲਈ ਅਗੇ ਵਧਿਆ ਤਾਂ ਸਤਿਗੁਰੂ ਜੀ ਜ਼ਰਾਂ ਪਿਛਾਂਹ ਹਟ ਗਏ।

ਉਹਨਾਂ ਨੂੰ ਬਚਨ ਕੀਤਾ : 'ਤੁਹਾਡੀ ਮੇਰੀ ਤਾਂ ਹੀ ਗੱਲ ਬਣ ਸਕਦੀ ਹੈ ਜੇ ਇਹ ਵਿਆਹ ਖ਼ਤਮ ਕਰਕੇ ਵੱਖੋ ਵੱਖ ਵਿਆਹ ਕਰਵਾਓ ਤਾਂ।'

**ਅੰਨ ਦਾ ਅਦਬ**

ਠਾਕੁਰ ਜੀ ਛੋਟੇ ਆ ਗਏ ਤਾਂ ਸਤਿਗੁਰਾਂ ਪ੍ਰਸ਼ਾਦ ਛਕਦਿਆਂ ਹੀ ਆਪਣੇ ਕਾਕੇ ਲਈ ਉਠ ਕੇ ਥਾਂ ਬਣਾਈ। ਉਹ ਆਪਣਾ ਆਸਣ ਵਿਛਾ ਕੇ ਬੈਠ ਗਏ।

ਪ੍ਰਸ਼ਾਦ ਛਕ ਕੇ ਥੋੜਾ-ਥੋੜਾ ਜਲ ਥਾਲੀ ਅਤੇ ਕੌਲੀਆਂ ਵਿਚ ਪਾ ਕੇ ਛਕ ਲਿਆ ਤਾਂ ਕਿ ਅੰਨ ਦਾ ਅਦਬ ਹੋ ਸੱਕੇ। ਇਹੋ ਮਰਿਆਦਾ ਆਪ ਨਾਮਧਾਰੀਆਂ ਨੂੰ ਦੱਸਦੇ ਹਨ। ਸਤਗੁਰਾਂ 'ਛੋਟੇ ਕਾਕੇ' ਬਾਰੇ ਦੱਸਿਆ : ਜਦੋਂ 'ਮਾਘ ਬਤੀਤ ਭਈ ਰੁਤ ਫਾਗਨ' ਦਾ ਅੰਤਰਾ ਥੋੜਾ ਠੁਮਰੀ ਅੰਗ ਦਾ ਬਣਨ ਲਗਾ ਤਾਂ ਕਾਕੇ ਨੇ ਸੁਚੇਤ ਕੀਤਾ ਕਿ ਇਸ ਦੀ ਚਾਲ ਵੀ ਅਸਥਾਈ ਵਾਂਗ ਧਮਾਰ ਅੰਗੀ ਰਹਿਣੀ ਚਾਹੀਦੀ ਹੈ। ਇਹ ਚੁਸਤ ਹੈ ਸਮਝਣ ਤੇ ਵਿਸ਼ਲੇਸ਼ਣ ਕਰਨ ਨੂੰ।

ਸਤਿਗੁਰੂ ਜੀ ਮੌਕਾ ਮਹਲ ਵੇਖ ਕੇ ਆਏ ਤਾਂ ਦੱਸਿਆ ਕਿ ਅੱਜ ਚਾਰ ਏਕੜ ਦਾ ਮੱਥਾ ਲੁੜੀਂਦੇ ਲੈਵਲ ਤੱਕ ਉੱਚਾ ਹੋ ਜਾਵੇਗਾ। ਜਦੋਂ ਮੈਂ ਆਖਿਆ : *ਬਣੀ ਵੀ ਚੰਗੀ ਹੈ। ਤਾਂ ਸਤਿਗੁਰਾਂ ਝੱਟ ਧਿਆਨ ਦਿਵਾਇਆ ਕਿ ਉਹ ਤਾਂ ਕਰੀਵਾਲੇ ਕੋਲ ਹੈ। ਮੈਂ ਸੋਚੀ ਪੈ ਗਿਆ ਕਿ ਇਹ ਕੀ ਗੱਲ ਬਣੀ ! ਅਸਲ ਵਿਚ ਸਤਿਗੁਰਾਂ 'ਬਣੀ' ਸ਼ਬਦ ਸੁਣਦਿਆਂ ਇਸੇ ਨਾਮ ਦੇ ਜ਼ਿਲਾ ਸਰਸਾ (ਹਰਿਆਣਾ) ਵਿਚਲੇ ਇਕ ਪਿੰਡ ਦਾ ਚੇਤਾ ਕਰਵਾਇਆ ਜੋ ਕਰੀਵਾਲਾ ਗਾਂਵ ਦੇ ਨਜਦੀਕ ਹੈ।

ਸਤਿਗੁਰੂ ਜੀ ਨੂੰ ਮੈਂ ਆਪ ਦੀ ਨਵੀਂ ਕਾਰ ਦਾ ਨਾਮ ਫਿਰ ਪੁਛ ਲਿਆ। ਆਪ ਨੇ ਸ੍ਰੀ ਮੁਖ ਨੂੰ ਬੁੱਕ ਲਾ ਲਿਆ। ਮੈਨੂੰ ਕਿਵੇਂ ਪਤਾ ਲਗਦਾ ਕਿ ਇਸ ਦਾ ਕੀ ਭਾਵ ਹੈ। ਮੇਰੀ ਪਕੜ ਨਾ ਵੇਖ ਕੇ ਆਪ ਜੀ ਨੇ ਫ਼ੁਰਮਾਇਆ : ਪੀ ਜੋ। ਪੀ ਜਾਓ।

ਅਤੇ ਜਦੋਂ ਮੈਂ ਦੂਜੀ ਵਾਰ ਇਹ ਪੁਛ ਲਿਆ ਕਿ ਹੋਰੀ ਧਮਾਰ ਕਿਸ ਰਾਗ ਵਿਚ ਗਾਵੀ ਜਾ ਰਹੀ ਹੈ ਤਾਂ ਸਤਿਗੁਰਾਂ ਫਿਰ ਪਹਿਲਾਂ ਵਾਂਗ ਹੀ ਬੁੱਲਾਂ ਨੂੰ ਬੁੱਕ ਛੁਹਾ ਲਿਆ। ਪਰ ਮੈਂ ਕੀ ਸਮਝਦਾ ਇਹਨਾਂ ਇਸ਼ਾਰਿਆਂ ਨੂੰ ! ਫਿਰ ਮੈਨੂੰ ਡੌਰ ਭੌਰਿਆਂ ਵੇਖ ਮੁਸਕਰਾਏ ਤੇ ਕਹਿਓ ਨੇ : ਪੀਲੋ, ਪੀ ਲਓ।

8 ਵਜੇ ਰਾਤ ਤਕ ਕੀਰਤਨ ਦੀ ਸਮਾਪਤੀ ਹੋਈ ਤਾਂ ਸ੍ਰੀ ਸੁਰਜੀਤ ਸਿੰਘ ਨੂੰ ਸਾਰੰਗੀ ਵਜਾਣ ਦੀ ਆਗਿਆ ਹੋਈ। ਉਹ ਕਹਿਣ ਲਗਾ : ਜੀ ਅਭਿਆਸ ਨਹੀਂ ਹਫ਼ਤੇ ਤੋਂ ਹੋਇਆ। ਨਹੁੰ ਵੀ ਕੱਟੇ ਹੋਏ ਹਨ। ਸਤਿਗੁਰੂ ਜੀ ਨੇ ਜ਼ੋਰ ਦਿਤਾ : ਜੋ ਕੁਝ ਵਜਾ ਸਕਦਾ ਏਂ ਜ਼ਰੂਰ ਵਜਾ। ਉਸ ਨੇ ਕੁਛ ਸਮਾਂ ਸਾਰੀਆਂ ਸਪਤਕਾਂ ਵਜਾਈਆਂ ਤੇ ਫਿਰ ਛੁੱਟੀ ਮਿਲ ਗਈ।

ਕਿਸੇ ਨੇ ਪੁਛਿਆ : ਸੁਰਜੀਤ ਨੇ ਕੀ ਰਾਗ ਵਜਾਇਆ ਹੈ ? "ਨੈਂਸ ਕਾਫ਼ੀ !" ਸਤਿਗੁਰੂ ਜੀ ਤੁਰਤ ਬੋਲੇ। ਕਾਫ਼ੀ ਦੇ ਸ਼ੁਕੀਨਾਂ ਨੂੰ ਤਾਂ ਕੇਵਲ ਨੈਂਸ ਕਾਫ਼ੀ ਦੀ ਮਹਿਕ-ਲਪਟ ਹੀ ਚੇਤੇ ਆਈ ਹੋਵੇਗੀ ਪਰ ਦੂਜਿਆਂ ਵਾਸਤੇ ਰਾਗ ਦਾ ਨਾਮ ਕੇਵਲ 'ਕਾਫ਼ੀ' ਸੀ। ਸਤਿਗੁਰੂ ਜੀ ਤਾਂ ਅਜਿਹੀ ਰਚਨਾ ਕੇਵਲ ਹੁਲਾਸ ਲਈ ਕਰਦੇ ਹਨ। ਜੋ ਸਮਝ ਲੈਂਦੇ ਹਨ ਗੁਦਗੁਦਾਏ ਜਾਂਦੇ ਹਨ, ਜਿਨਾਂ ਨੂੰ ਸਮਝ ਨਾ ਲਗੇ ਉਹ ਡੌਰ-ਭੌਰੇ ਹੋਏ ਵੇਖਦੇ ਰਹਿੰਦੇ ਹਨ। ਸਤਿਗੁਰੂ ਜੀ ਲਈ ਅੰਮ੍ਰਿਤ ਵੇਲੇ ਦੇ 3 ਵਜੇ ਤੋਂ ਰਾਤ 9:30 ਵਜੇ ਤੱਕ ਇਕ ਵਾਰ ਵੀ ਲੱਕ ਸਿੱਧਾ ਕਰਨ ਦਾ ਅਵਸਰ ਨਹੀਂ ਮਿਲਿਆ।

**ਨਾਮਧਾਰੀ ਫਾਰਮ (ਗੋਲਾ) 6 ਮਾਰਚ 1978**

ਸ੍ਰੀ ਸਤਿਗੁਰੂ ਜੀ ਤਿਆਰ ਹੋ ਰਹੀ ਸੜਕ ਤੇ 8 ਵਜੇ ਪਧਾਰੇ। ਇਹਨਾਂ ਨੂੰ ਵੇਖ ਗੋਲਿਓਂ ਪਰਤਦਾ ਚੌਧਰੀ ਰਾਮ ਸਿੰਘ ਵੀ ਏਧਰ ਆ ਗਿਆ। ਉਸ ਸਤਿਗੁਰੂ ਜੀ ਦੀ ਖੁੱਲੇ ਮਨ ਪ੍ਰਸੰਸਾ ਕੀਤੀ ਕਿ ਥੋੜੇ ਸਮੇਂ ਵਿਚ ਹੀ ਜ਼ਿਆਦਾ ਕੰਮ ਹੋ ਗਿਆ ਏ ਇਕ ਕਿਸਾਨ ਨੇ ਰਾਮ ਸਿੰਘ ਨੂੰ ਇਤਰਾਜ਼ ਕੀਤਾ: ਤੁਹਾਡੀ ਤਾਂ ਸੜਕ ਬਣ ਜਾਵੇਗੀ, ਪਰ ਸਾਡੇ ਪਾਸੇ ਤਾਂ ਨਾਲਾ ਨਿਕਲ ਆਵੇਗਾ। ਅਸੀਂ ਆਪਣੇ ਖੇਤਾਂ ਵਿਚ ਕਿਵੇਂ ਜਾਵਾਂਗੇ ? ਚੌਧਰੀ ਨੇ ਉਤਰ ਦਿੱਤਾ : ਪੰਡਤਾ ! ਤੂੰ ਇਹ ਨਹੀਂ ਵੇਖਦਾ ਕਿ ਇਹ ਕਿੰਨੀ ਵੱਡੀ ਹਸਤੀ ਏਥੇ ਆ ਗਏ ਹਨ ਅਤੇ ਆਉਂਦਿਆਂ ਸਾਰ ਸੜਕ ਦੀ ਉਸਾਰੀ ਸ਼ੁਰੂ ਕਰ ਦਿਤੀ ਏ। ਕੱਲਿਆਂ ਇਹਨਾਂ ਤਾਂ ਨਹੀਂ ਲੰਘਣਾ। ਸਾਰੇ ਇਲਾਕੇ ਦਾ ਹੀ ਇਹ ਰਾਹ ਜੋ ਉੱਚਾ ਹੋ ਗਿਆ ਤਾਂ ਕੀ ਮਾੜਾ ਏ ? ਤਾਂ ਵੀ ਦੱਸ ਤੇਰਾ ਕੀ ਸੁਝਾਅ ਹੈ ?

ਸਤਿਗੁਰੂ ਜੀ ਪਾਸ ਹੀ ਖੜੇ ਸਨ। ਮੇਰੇ ਕੰਨ ਵਿਚ ਕਹਿਓ ਨੇ : ਇਹਨੂੰ ਪਿੰਡ ਤੋਂ ਹੀ ਡੰਡੀ ਦੇ ਆਕਾਰ ਦੀ ਸੜਕ ਬਣਵਾ ਦੇਈਏ ! ਇਹਦੀ ਸ਼ਕਾਇਤ ਤਾਂ ਮੁਕ ਜਾਊ? ਪਰ ਜਦੋਂ ਓਹਨੂੰ ਸੁਣਿਆ ਤਾਂ ਕਹਿਣ ਲੱਗਾ: ਏਥੇ ਨਾਲਾ ਕਢਵਾ ਦਿਓ।

ਸਤਿਗੁਰੂ ਜੀ ਨੇ ਪਹਿਲਾਂ ਹੀ ਬਚਨ ਕੀਤਾ ਸੀ: ਜਦੋਂ ਵੀ ਕੋਈ ਕੰਮ ਕਰਨ ਲੱਗੀ ਦਾ ਹੈ ਉਹ ਕਿਸੇ ਨਾ ਕਿਸੇ ਸਮੱਸਿਆ ਦਾ ਹਲ ਕਰਨ ਲਈ ਹੀ ਕਰੀਦਾ ਹੈ। ਉਸ ਨੂੰ ਸ਼ੁਰੂ ਕੀਤਿਆਂ ਹੋਰ ਮਸਲੇ ਉੱਠ ਖਲੋਂਦੇ ਹਨ। ਉਹਨਾਂ ਦੇ ਸਮਾਧਾਨ ਲਈ ਅਗਲੇ ਕਦਮ ਪੁੱਟੀਦੇ ਹਨ। ਇਹ ਜ਼ਿੰਦਗੀ

ਹੀ ਮਸਲੇ ਅਤੇ ਸਮਾਧਾਨਾਂ ਦਾ ਜੋੜ ਤੋੜ ਹੁੰਦੀ ਹੈ। ਪੰਡਿਤ ਨੂੰ ਸੰਬੋਧਨ ਕੀਤਾ : ਜੇ ਤੇਰਾ ਮਸਲਾ ਉੱਠ ਖਲੋਤਾ ਹੈ ਤਾਂ ਇਹ ਵੀ ਹਲ ਕਰ ਦਿਆਂਗੇ।

**ਬਾਬਾ ਅਰੂੜ ਸਿੰਘ**

ਏਥੇ ਇਕ ਬੋਰ ਤੇ ਮੇਰੇ ਅਤੇ ਗੁਰਨੇਕ ਸਿੰਘ ਦੇ ਬੈਠਿਆਂ ਬਾਬਾ ਅਰੂੜ ਸਿੰਘ ਕੋਲ ਆ ਬੈਠਾ ਅਤੇ ਹੱਡ ਬੀਤੀਆਂ ਸੁਣਾਣ ਲੱਗਾ। ਉਸ ਦਾ ਸੰਖੇਪ ਇਹ ਹੈ : ਬਾਬਾ ਅਰੂੜ ਸਿੰਘ ਸ: ਮੱਖਣ ਸਿੰਘ ਪਿੰਡ ਸੁਰ ਸਿੰਘ (ਅੰਮ੍ਰਿਤਸਰ) ਦਾ ਲੜਕਾ ਹੈ। ਇਸ ਨੇ ਸੰਤ ਹਜੂਰਾ ਸਿੰਘ ਭੂਰੀ ਵਾਲਿਆਂ ਤੋਂ ਭਜਨ ਪੁਛਿਆ ਸੀ। ਪਿੰਡ ਰਹਿੰਦਿਆਂ ਸੰਗਤ ਦੇ ਢਹੇ ਚੜ ਸ਼ਰਾਬ ਪੀਣੀ ਸ਼ੁਰੂ ਕਰ ਦਿਤੀ। ਕਪੜੇ ਕਦੇ ਨਾਮਧਾਰੀਆਂ ਵਾਲੇ ਪਾ ਲੈਣੇ, ਕਦੇ ਚਾਦਰਾ ਬੰਨ੍ਹ ਲੈਣਾ। ਪਾਕਿਸਤਾਨ ਬਣਨ ਪਿਛੋਂ ਸੁਰ ਸਿੰਘ ਦੇ ਮੁਸਲਮਾਨ ਕੁਝ ਕੱਟੇ ਵੱਢੇ ਗਏ, ਕੁਛ ਪਾਕਿਸਤਾਨ ਚਲੇ ਗਏ। ਇਹਨਾਂ ਦੇ ਘਰ ਨਾਲ ਲਗਦੀ ਜ਼ਮੀਨ ਉਤੇ ਕੋਠੇ-ਮਠਲਿਆਂ ਦੇ ਬੂਹੇ ਬਾਰੀਆਂ ਉਖੇੜ ਮਿੱਟੀ ਦੇ ਬਣੇ ਕੋਨੇ ਢਾਹ ਮਹੱਲਾ ਸਾਫ਼ ਕਰ ਦਿੱਤਾ।

ਸਬੱਬ ਨਾਲ ਅਰੂੜ ਸਿੰਘ ਦੇ ਮਕਾਨ ਦਾ ਬੂਹਾ ਵਿਹਲੇ ਹੋਏ ਮੈਦਾਨ ਵੱਲ ਹੀ ਖੁੱਲਦਾ ਸੀ। ਇਸ ਦੇ ਮੁਖਾਲਫ਼ਾਂ ਦੀ ਚੁੱਕ ਵਿਚ ਆ ਕੇ ਸਰਕਾਰੀ ਅਧਿਕਾਰੀ ਨੇ ਇਸ ਦੇ ਨਾਂ ਢਹਿ-ਢਹਾਈ ਲਾ ਕੇ, ਪੰਜਾਹ ਹਜ਼ਾਰ ਰੁਪੈ ਦਾ, ਸਰਕਾਰੀ ਤੌਰ ਤੇ ਕਲੇਮ ਕਰ ਦਿਤਾ। ਇਹ ਲੁਕਦਾ ਵਿਰੇ।

ਇਕ ਦਿਨ ਮਾਂ ਨੇ ਆਖਿਆ : ਕਾਕਾ ! ਪੁਲੀਸ ਵਾਲੇ ਸਾਨੂੰ ਰੋਜ਼ ਪੁਛਦੇ ਨੇ, ਫੇਰ ਜੂ ਖੱਜਲ ਖੁਆਰ ਕਰਨਗੇ, ਜਾਹ ਪੁਲਸੀਆਂ ਦੇ ਮੱਥੇ ਲਗ। ਇਹ ਪਹਿਲਾਂ, ਪਿੰਡ ਦੇ ਦੋ ਨੰਬਰਦਾਰਾਂ ਨੂੰ ਲੈ ਕੇ ਸਰਕਾਰੀ ਕਾਰਿੰਦਿਆਂ ਨੂੰ ਮਿਲਿਆ ਸੀ । ਪਰ ਅਧਿਕਾਰੀਆਂ ਨੇ ਉਹਨਾਂ ਦੀ ਗੱਲ ਨਹੀਂ ਸੀ ਮੰਨੀ।

ਇਹਨੇ ਇਕ ਦਿਨ ਜਿਗਰਾ ਕਰ ਲਿਆ ਠਾਣੇਦਾਰ ਨੂੰ ਮਿਲਣ ਦਾ। ਠਾਣੇਦਾਰ ਬੜਾ ਕੱਬਾ ਤੇ ਨਿਰਦਈ ਸੀ। ਇਹ ਡਰਦਾ ਵੀ ਸੀ ਕਿ ਜਿਉਂ ਹੀ ਇਹ ਠਾਣੇ ਗਿਆ ਪਹਿਲਾਂ ਤਾਂ ਚੰਗਾ ਕੁਟਾਪਾ ਚੜੇਗਾ ਫੇਰ ਕੋਈ ਗੱਲ ਕਰਨਗੇ ਜਾਂ ਫਿਰ ਤਕੜੀ ਵੱਢੀ ਚੱਟੀ ਦੇਣੀ ਪਵੇਗੀ।

ਇਸ ਨੂੰ ਪਤਾ ਲੱਗਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਪਿੰਡ ਪੱਧਰੀ ਆਉਣਾ ਹੈ। ਇਸ ਨੇ ਇਰਾਦਾ ਕਰ ਲਿਆ ਕਿ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰ ਆਵੇ, ਫੇਰ ਹੀ ਪੁਲਿਸ ਵਾਲਿਆਂ ਦੇ ਜਾਵੇ।

ਪੱਧਰੀ ਜ਼ਿਲਾ ਅੰਮ੍ਰਿਤਸਰ ਵਿਚ ਮਾਈ ਪੱਧਰੀ ਵਾਲੀ ਤੇ ਸ: ਹਰਨਾਮ ਸਿੰਘ ਕੇ ਘਰ ਮੇਲਾ ਸੀ। ਸਤਿਗੁਰੂ ਜੀ ਏਥੇ ਦਰਸ਼ਨ ਦੇ ਰਹੇ ਸਨ। ਇਸ ਨੇ ਚਾਦਰਾ ਬੰਨ੍ਹੀ ਹੀ ਗੁਰੂ ਚਰਨਾਂ ਵਿਚ ਜਾ ਮੱਥਾ ਟੇਕਿਆ। ਸਤਿਗੁਰਾਂ ਪੁਛ ਲਿਆ : ਜਵਾਨਾਂ ਕਿਥੋਂ?

ਸੁਰ ਸਿੰਘ ਤੋਂ ਜੀ !

"ਅੱਛਾ ਕੋਈ ਗੱਲ ਕਰਨੀ ਹੈ ?"

ਇਸ ਨੇ ਅਰਜ਼ ਕੀਤੀ, ਹੱਥ ਜੋੜ ਕੇ : ਦੀਨ ਦਿਆਲ ਜੀ ਕਿਰਪਾ ਕਰਕੇ ਸਾਡੇ ਘਰ ਚਰਨ ਪਾਓ।

ਸਤਿਗੁਰੂ ਜੀ ਨੇ ਉਸ ਨੂੰ ਸ਼ਰਹ ਸ਼ਰੀਅਤ ਦੀ ਕੋਈ ਗੱਲ ਨਹੀਂ ਪੁੱਛੀ। ਮਿਹਰ ਦੇ ਘਰ ਆ ਗਏ। ਫੁਰਮਾਣ ਲਗੇ : ਘਰ ਤਾਂ ਅਸੀਂ ਜਾ ਨਹੀਂ ਸੱਕਣਾ। ਸੜਕ ਤੇ ਖਲੋਵੀਂ। ਤੇਰੇ ਪਿੰਡੋ ਹੋ ਕੇ ਲੰਘਾਂਗੇ।

ਇਹ ਭਾਈ ਚਾਵਾਂ ਮੱਤਾ ਘਰ ਗਿਆ। ਘਰ ਵਾਲਿਆਂ ਤੇ ਮਿੱਤਰਚਾਰੇ ਨੂੰ ਨਿਵਦੇ ਪਿੰਡ ਆਉਣ ਦੀ ਗੱਲ ਦੱਸੀ। ਸੜਕ ਤੇ ਹੀ ਚੰਦੋਆ ਤਾਣ, ਹੇਠ ਮੰਜਾ ਵਿਛਾ ਦਿੱਤਾ। ਠਾਣਾ ਵੀ ਕੋਲ ਹੀ ਸੀ। ਠਾਣੇਦਾਰ ਨੇ ਵੇਖ ਕੇ ਬੰਦਾ ਭਜਾਇਆ: ਜਾਓ ਪਤਾ ਕਰੋ, ਇਹ ਕੀ ਪਾਖੰਡ ਹੋ ਰਿਹਾ ਹੈ । ਇਸ ਤੋਂ ਪਹਿਲੋਂ ਕਿ ਪੁਲਿਸ ਵਾਲਾ ਇਸ ਨੂੰ ਕੁਝ ਪੁਛਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਅਲੌਕਿਕ ਜਲਾਲ ਦੁਆਰਾ ਦਗ ਦਗ ਕਰਦੇ ਚਿਹਰੇ ਨਾਲ ਆਪਣੇ ਸੇਵਕਾਂ ਸਮੇਤ ਉਥੇ ਹੀ ਆ ਪਹੁੰਚੇ।

ਉਹ ਭਾਪਾ ਸਿੱਖ ਠਾਣੇਦਾਰ ਇਹਨਾਂ ਨੂੰ ਜਾਣਦਾ ਸੀ ਜਾਂ ਨਾ ਪਰ ਅਦਬ ਲਈ ਠਾਣਿਓ ਨਿਕਲ ਆਇਆ। ਬੂਟ ਲਾਹ ਕੇ ਪੰਜ ਰੁਪਏ ਦਾ ਨੋਟ ਚਰਨਾਂ ਤੇ ਰੱਖ ਉਸ ਸਤਿਗੁਰੂ ਜੀ ਨੂੰ ਪੂਰੇ ਸਤਿਕਾਰ ਨਾਲ ਮੱਥਾ ਟੇਕਿਆ। ਸੱਚੇ ਪਾਤਸ਼ਾਹ ਮੰਜੇ ਵੱਲ ਵੇਖ ਖਲੇ ਖਲੋਤੇ ਹੀ ਠਾਣੇਦਾਰ ਨਾਲ, ਕੁਛ ਜਾਣਕਾਰੀ ਲੈਣ ਦੇਣ ਦੇ ਇਰਾਦੇ ਨਾਲ ਬਚਨ ਕਰਨ ਲੱਗੇ। ਅਖੀਰ ਉਤੇ ਬਚਨ ਕੀਤਾ : ਤੁਹਾਡੀ ਡਿਊਟੀ ਬੜੀ ਹੋਰ ਤਰ੍ਹਾਂ ਦੀ ਹੈ। ਤੁਸੀਂ ਮਾਰ ਕੁੱਟ ਵੀ ਲੈਂਦੇ ਓ, ਪਰ ਵੇਖਿਓ ਗਰੀਬ ਮਾਰ ਨਾ ਕਰਨੀ। ਸੰਭਲ ਕੇ ਮਾੜਿਆਂ ਨਾਲ ਵਰਤਿਆ ਕਰੋ।

ਅਰੂੜ ਸਿੰਘ ਤੋਂ ਸਰੀ ਬਣੀ ਭੇਟਾ ਪਰਵਾਨ ਕਰਕੇ ਸਤਿਗੁਰੂ ਜੀ ਤਾਂ ਮਿਥੇ ਪ੍ਰੋਗਰਾਮ ਅਨੁਸਾਰ ਅੱਗੇ ਲੰਘ ਗਏ। ਏਧਰ ਠਾਣੇਦਾਰ ਤੇ ਪਤਾ ਨਹੀਂ ਕੀ ਜਾਦੂ ਪਾ ਗਏ ਕਿ ਉਸ ਨੇ ਇਸ ਨੂੰ ਸੱਦਿਆ ਤੇ ਨਾਲ ਹੀ ਆਪਣੇ ਮੁਹੱਰਰ ਨੂੰ ਬੁਲਾਇਆ। ਇਸ ਦੇ ਕਾਗਜ਼ ਮੰਗਵਾਏ, ਕੁਝ ਲਿਖਾ ਪੜੀ ਕੀਤੀ ਤੇ ਇਸ ਨੂੰ ਆਖਿਆ : ਜਾਹ ਪਰਵਾਹ ਨਾ ਕਰ, ਜੇ

ਕੋਈ ਹੋਰ ਘਰ ਵਲੀਦਾ ਈ ਤਾਂ ਵਲ ਲੈ, ਤੇਰੀ ਵਾ ਵੱਲ ਕੋਈ ਨਹੀਂ ਵੇਖਦਾ। ਇਸ ਦੀ ਜਾਨ ਵਿਚ ਜਾਨ ਆਈ। ਪੁਲਸੀਏ ਇਸ ਦੇ ਯਾਰ ਬਣ ਗਏ। ਹੁਣ ਸਗੋਂ ਹੋਰ ਲੋਕਾਂ ਵੀ ਇਸ ਰਾਹੀਂ ਸਿਫ਼ਾਰਸ਼ਾਂ ਪਵਾਣੀਆਂ ਸ਼ੁਰੂ ਕਰ ਦਿਤੀਆਂ।

ਦੂਜੀ ਘਟਨਾ ਇਸੇ ਦੀ ਜ਼ਬਾਨੀ ਸੁਣੀਏ : ਮੈਨੂੰ ਸ਼ਰਾਬ ਪੀਣ ਦੀ ਚੰਦਰੀ ਆਦਤ ਪੈ ਚੁੱਕੀ ਸੀ। ਰਾਤ, ਪੀ ਕੇ ਸੌਣਾ, ਦਿਨੇ ਹੋਰ ਲਈ ਦੌੜਨਾ। ਮੂਰਖਾ ਵਾਂਗ ਠੇਕੇ ਦੀ ਪ੍ਰਕਰਮਾ ਕਰਦੇ ਫਿਰਨਾ। ਠੇਕੇ ਵਾਲਿਆਂ ਮੇਰੇ ਪਾਸੋਂ ਪੈਸੇ ਲੈਣੇ ਤੇ ਮੈਨੂੰ ਟਿੱਚਰਾਂ ਕਰਨੀਆਂ। ਮੈਂ ਇਹ ਬੇਇਜ਼ਤੀ ਭੈੜੀ ਲਤ ਪਿੱਛੇ ਜਰਨੀ। ਡੱਕਾ ਭੰਨ ਕੇ ਦੂਹਰਾ ਨਾ ਕਰਨਾ, ਵਿਹਲੀ ਧੌਂਸ ਸਾਰੇ ਟੱਬਰ ਤੇ ਜਮਾਣੀ। ਮੈਨੂੰ ਇਹ ਵੀ ਸ਼ਰਮ ਨਾ ਆਉਣੀ ਕਿ ਮੈਂ ਕੂਕਿਆਂ ਵਾਲੇ ਕੱਪੜੇ ਪਾ ਕੇ ਧੌਲੀ ਦਾੜ੍ਹੀ ਨਾਲ ਸ਼ਰਾਬ ਪਿੱਛੇ ਲਾਲ੍ਹਾਂ ਡੇਗਦਾ ਫਿਰਦਾ ਹਾਂ।

ਮੈਨੂੰ 15-16 ਸਾਲ ਯੂ. ਪੀ. ਦੇ ਜੰਗਲਾਂ ਕੋਲ ਰਹਿੰਦਿਆਂ ਹੋ ਗਏ ਨੇ। ਇਕ ਦਿਨ ਕੀ ਹੋਇਆ ਕਿ ਮੈਂ ਜੰਗਲ ਦੇ ਨੇੜਿਓਂ ਕਿਸੇ ਪਿੰਡੋਂ ਸ਼ਰਾਬ ਲਿਆਉਣ ਲਈ ਬਲੈਡਰ ਲੈ ਕੇ ਸਾਈਕਲ ਤੇ ਘਰੋਂ ਨਿਕਲਿਆ। ਜਾਣ ਤੋਂ ਪਹਿਲਾਂ ਅਕਲ ਦੀ ਗੱਲ ਮੈਥੋਂ ਕਿਵੇਂ ਹੋ ਗਈ, ਪਤਾ ਨਹੀਂ। ਪਰ ਮੈਂ ਘਰ ਰੱਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਅਗੇ ਅਰਦਾਸ ਕੀਤੀ : ਰੱਛਿਆ ਰਿਆਇਤ ਸਭ ਥਾਂ ਕਰਨੀ। ਅਤੇ ਫਿਰ ਜਾ ਕੇ ਸ਼ਰਾਬ ਖ਼ਰੀਦ ਕੇ, ਬਲੈਡਰ ਭਰ, ਨਿਧੜਕ ਹੋ ਕੇ ਸਾਈਕਲ ਦੇ ਕੈਰੀਅਰ ਪਿਛੇ ਰਖ ਲਈ। ਅਤੇ ਥੋੜਾ ਹੀ ਚੱਲਿਆ ਸੀ ਕਿ ਮਗਰੋਂ ਪੁਲਿਸ ਦੀ ਜੀਪ ਆ ਗਈ। ਉਹਨਾਂ ਮੇਰੇ ਅੱਗੇ ਕਰਕੇ ਖਲਿਹਾਰ ਲਈ। ਠਾਣੇਦਾਰ ਨੇ ਪੁਛਿਆ : 'ਕੀ ਆ ?'

'ਸ਼ਰਾਬ ਏ ਜੀ !'

'ਕਿੱਥੇ ਚੱਲਿਆ ਏ ?'

'ਗੋਲੇ !'

'ਵੇਚਣ ?'

'ਨਹੀਂ ਜੀ, ਪੀਣ ਵਾਸਤੇ। ਪੀਤੇ ਬਿਨਾ ਰਹਿ ਨਹੀਂ ਹੁੰਦਾ।'

ਪੁਲਿਸ ਵਾਲਿਆਂ ਸਾਈਕਲ ਤੇ ਬਲੈਡਰ, ਜੀਪ ਤੇ ਰਖਵਾ ਲਿਆ। ਨਾਲ ਹੀ ਮੈਨੂੰ ਵੀ ਬਹਾ ਲਿਆ। ਕੁਛ ਚਿਰ ਪਿਛੋਂ ਪੁਲਿਸ ਵਾਲਿਆਂ ਦੇ ਮਨ ਦਇਆ ਆਈ। ਉਨ੍ਹਾਂ ਮੈਨੂੰ ਸਾਈਕਲ ਦੇ ਕੇ ਉਤਾਰ ਦਿੱਤਾ । ਸ਼ਰਾਬ ਉਹ ਨਾਲ ਲੈ ਗਏ।

ਮੈਂ ਘਰ ਆ ਕੇ ਖੇਡ ਵਰਤੀ ਸੁਣਾਈ ਤਾਂ ਮੇਰੇ ਛੋਟੇ ਲੜਕੇ ਨੇ ਆਖਿਆ : ਅੱਗੇ ਤੋਂ ਪਿਤਾ ਜੀ ਤੁਹਾਨੂੰ ਅਰਦਾਸ ਕਰਕੇ ਨਹੀਂ ਤੁਰਨ ਦੇਣਾ । ਤੁਸੀਂ ਇਸ ਭੈੜੇ ਕੰਮਾਂ ਤੋਂ ਹਟਦੇ ਨਹੀਂ। ਸਤਿਗੁਰਾਂ ਨੂੰ ਵੀ ਆਪਣੀਆਂ ਕਰਤੂਤਾਂ ਛੁਪਾਣ ਲਈ ਪ੍ਰੇਸ਼ਾਨ ਕਰਦੇ ਓ।

## ਗਰੀਬ ਨਿਵਾਜ਼

ਬਜ਼ੁਰਗ ਅਰੂੜ ਸਿੰਘ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਕਹਿਣ ਲੱਗਾ : ਧੰਨ ਹੈ ਸਤਿਗੁਰੂ ਜਗਜੀਤ ਸਿੰਘ, ਮੈਨੂੰ ਨੀਚ ਨੂੰ ਚਿੱਕੜ 'ਚੋਂ ਕੱਢ ਕੇ ਆਪਣੇ ਚਰਨੀ ਲਾ ਲਿਆ ਸੂ ਅਤੇ ਮੇਰੇ ਛੋਟੇ ਲੜਕੇ ਨੂੰ ਕੰਮ ਤੇ ਲੁਆਣ ਦਾ ਫ਼ਿਕਰ ਵੀ ਆਪ ਲੈ ਲਿਆ ਸੂ । ਨਹੀਂ ਤਾਂ ਉਸ ਦੇ ਕਿਹੜੇ ਸਾਡੇ ਖੁਣੋ ਹਲ ਖਲੋਤੇ ਹੋਏ ਨੇ।

ਅਰੂੜ ਸਿੰਘ ਰੰਗ ਵਿਚ ਆ ਗਿਆ : ਇਹ ਸੱਚੇ ਅਰਥਾਂ ਵਿਚ ਗਰੀਬ ਨਿਵਾਜ਼ ਹੈ । ਜਿਵੇਂ ਇਸ ਨੇ ਮੈਨੂੰ ਦਰਸ਼ਨ ਦੇ ਕੇ ਨਿਵਾਜਿਆ ਹੈ, ਇਹੋ ਹੀ ਕਿਰਪਾ ਕਰ ਸਕਦਾ ਸੀ।

ਅਤੇ ਫਿਰ ਉਸ ਨੇ ਪਿਛਲੇ ਦੌਰੇ (ਮਹੀਨਾ ਜਾਂ ਕੁਛ ਦਿਨ ਵੱਧ ਘੱਟ) ਦੀ ਵਾਰਤਾ ਸੁਣਾਈ :

ਸੱਚੇ ਪਾਤਸ਼ਾਹ ਜੀ ਇੰਮਲੀਆ ਕੋਠੀ ਤੋਂ ਮੇਲਾ ਕਰਕੇ ਪਰਤ ਰਹੇ ਸਨ। ਗੋਲਾ ਸ਼ਹਿਰ ਵਿਚ ਇਕ ਮੋੜ ਤੇ ਮੈਂ ਖਲੋਤਾ ਸਾਂ। ਮੈਨੂੰ ਗਰੀਬ ਨੂੰ ਵੇਖ, ਗੱਡੀ ਰੋਕ, ਮੇਰੇ ਬਾਰੇ, ਕਿਸੇ , ਨਾਲ ਬੈਠੇ ਤੋਂ ਪੁਛਿਆ। ਉਸ ਕੁਛ ਨ ਕੁਛ ਦੱਸਿਆ। ਤਦ ਨੂੰ ਮੈਂ ਅਰਜ ਕੀਤੀ : ਦੀਨ ਦਿਆਲ, ਮੇਰੇ ਘਰ ਚਰਨ ਪਾਓ। ਕੋਲ ਬੈਠੇ ਨੇ ਆਖਿਆ : ਸੱਚੇ ਪਾਤਸ਼ਾਹ, ਇਸ ਦੇ ਘਰ ਗੱਡੀ (ਕਾਰ) ਨਹੀਂ ਜਾ ਸਕਦੀ ਗਲੀ ਭੈੜੀ ਜਹੀ ਤੇ ਭੀੜੀ ਹੈ, ਕੋਲ ਸੂਰਵਾੜੇ ਵੀ ਹਨ। ਸਤਿਗੁਰਾਂ ਬਚਨ ਕੀਤਾ : ਫੇਰ ਕੀ ਹੋਇਆ, ਅਸੀਂ ਪੈਦਲ ਚਲੇ ਜਾਵਾਂਗੇ। ਨਾਲ ਮਾਤਾ ਜੀ ਵੀ ਸਨ ) ਉਸ ਕੋਲ ਬੈਠੇ ਨੇ ਹੋਰ ਵੀ ਬਹਾਨੇ ਡਾਹੇ।

ਪਰ ਸਤਿਗੁਰੂ ਜੀ ਸਭ ਸੁਣੀਆਂ, ਅਣ-ਸੁਣੀਆਂ ਕਰਕੇ ਮੇਰੇ, ਗਰੀਬ ਦੇ ਘਰ ਆਏ ਅਤੇ ਜੋ ਕੁਛ ਮੈਂ ਏਥੇ ਵੇਖਿਆ, ਹੈਰਾਨ ਰਹਿ ਗਿਆ। ਇਹ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੂਪ ਵਿਚ ਨਜ਼ਰ ਪੈ ਰਹੇ ਸਨ ਅਤੇ ਮੈਂ ਦਰਸ਼ਨ ਕਰ-ਕਰ ਬਲਿਹਾਰ ਹੋ ਰਿਹਾ ਸਾਂ। ਮੇਰੇ ਸਜਲ ਨੇਤਰ ਚਰਨਾਂ ਵਲ ਝੁਕੇ। ਜਾਂ ਮੈਂ ਉਤਾਂਹ ਸਿਰ ਚੁਕਿਆ ਤਾਂ ਮੇਰੇ ਸਾਹਵੇਂ ਸਤਿਗੁਰੂ ਜਗਜੀਤ ਸਿੰਘ ਜੀ ਹੀ ਸਨ। ਮੇਰੀ ਇਸ ਤੋਂ ਪਹਿਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੀ ਸ਼ਰਧਾ ਸੀ, ਪਰ ਅਜ ਨਿਸ਼ਾ ਹੋ ਗਈ।

ਸਤਿਗੁਰੂ ਜੀ ਨੂੰ ਮੇਰੇ ਲੜਕੇ ਤੋਂ ਜਦੋਂ ਮੇਰੇ ਪੀਣ ਬਾਰੇ ਪਤਾ ਲੱਗਿਆ ਤਾਂ ਕਹਿਣ ਲਗੇ : ਇਹ ਹੁਣ ਨਹੀਂ ਪੀਏਗਾ, ਚਿੰਤਾ ਨਾ ਕਰੋ। ਮੇਰੇ ਪਾਸ ਆ ਜਾ ਅਰੂੜ ਸਿੰਘ।

ਸਚਮੁਚ ਹੀ ਮੈਨੂੰ ਸਤਿਗੁਰਾਂ ਨਰਕ ਵਿਚੋਂ ਕੱਢ ਲਿਆ ਹੈ। ਹੁਣ ਮੈਂ ਏਥੇ ਹੀ ਰਹਿੰਦਾ ਹਾਂ। ਖੇਤਾਂ ਵਿਚ ਡੇਰਾ ਹੈ।ਪੀਣ ਨੂੰ ਦੁੱਧ ਵੀ ਮਿਲ ਜਾਂਦਾ ਹੈ। ਹੋਰ ਵੀ ਸਾਰੇ ਪਦਾਰਥ ਮਿਲਦੇ ਹਨ। ਮੈਂ ਮਹਾਂ ਸੁਖੀ ਹਾਂ।

### ਸਦ ਉਪਦੇਸ਼

ਸਤਿਗੁਰੂ ਜੀ ਫਾਰਮਾਂ ਵਾਲੀ ਸੰਗਤ ਨੂੰ ਸੰਬੋਧਨ ਕੀਤਾ : ਤੁਸੀਂ ਫਾਰਮਾਂ ਵਾਲੇ ਮੁਖੀ ਸਾਰੇ ਹੀ ਆਪਣੇ ਆਪਣੇ ਫਾਰਮ ਤੇ ਇਕ ਇਕ ਘੰਟਾ ਨਾਮ ਸਿਮਰਨ ਜ਼ਰੂਰੀ ਤੌਰ ਤੇ ਜਾਰੀ ਕਰੋ ਅਤੇ ਆਪਣੀ ਏਕਤਾ ਬਣਾਈ ਰੱਖੋ। ਦੇਸ ਵਿਦੇਸ ਵਿਚ, ਹਰ ਔਕੜ ਵਿਚ ਏਕਤਾ ਤੇ ਉੱਚਾ ਮਨੋਬਲ ਹੀ ਕੰਮ ਦਿੰਦਾ ਹੈ।

### ਸੰਤ ਬਲਵੰਤ ਸਿੰਘ ਸੋਖੀ ਦਾ ਬਿਆਨ

ਦਿੱਲੀ, ਜਦੋਂ ਹੋਲੇ ਦਾ (1966 ਈ:) ਪ੍ਰਬੰਧ ਹੋ ਰਿਹਾ ਸੀ, ਸ: ਦਇਆ ਸਿੰਘ ਕੱਕੜ ਨੂੰ ਅਚਾਨਕ ਬਲੱਡ ਪ੍ਰੈਸ਼ਰ ਹੋ ਗਿਆ। ਸਤਿਗੁਰੂ ਜੀ ਵਲੋਂ ਸੰਤ ਬਲਵੰਤ ਸਿੰਘ ਸੋਖੀ ਨੂੰ ਦੀਵਾਨ ਦਾ ਪ੍ਰਬੰਧ ਕਰਨ ਦੀ ਆਗਿਆ ਹੋਈ। ਨਾਲ ਹੀ ਹੁਕਮ ਮਿਲਿਆ : ਰੰਗਦਾਰ ਕਪੜਿਆਂ ਵਾਲੀ ਕੋਈ ਬੀਬੀ ਮੇਰੇ ਸਾਹਵੇਂ ਬੈਠਣ ਵਾਲਿਆਂ ਵਿਚ ਨਾ ਹੋਵੇ। ਸੋਖੀ ਜੀ ਨੇ ਦੱਸਿਆ : ਉਸ ਦਿਨ ਜੋ ਮੇਲੇ ਦਾ ਗੇਟ ਬਣਾਇਆ ਗਿਆ, ਉਹ ਬਹੁਤ ਹੀ ਸ਼ਾਨਦਾਰ ਸੀ। ਇਹ ਸਤਿਗੁਰਾਂ ਤੋਂ ਦੂਰ ਹਟਵੇਂ ਸਿੰਘਾਂ ਵਲੋਂ ਬਣਾਇਆ ਗਿਆ ਸੀ। ਲਾਟੂਆਂ ਦੀਆਂ ਕਤਾਰਾਂ ਦੋਹੀਂ ਪਾਸੀਂ ਦੀਵਾਨ ਨੂੰ ਜਾਂਦੀਆਂ ਸਨ। ਸਤਿਗੁਰੂ ਜੀ ਨੇ ਗੇਟ ਵੇਖ ਕੇ ਕਿਹਾ : ਇਹ ਮੇਰੇ ਲੰਘਣ ਵਾਲਾ ਗੇਟ ਨਹੀਂ। ਏਨੀ ਫ਼ਜ਼ੂਲ ਖ਼ਰਚੀ ਤੇ ਵਖਾਵਾ ਚੰਗੇ ਨਹੀਂ ਲਗਦੇ।

'ਮੈਂ ਸੋਚਿਆ-ਕੀ ਲਾਭ ਏਸ ਸਭ ਕੁਝ ਦਾ ਜੋ ਸਤਿਗੁਰੂ ਹੀ ਪ੍ਰਸੰਨ ਨਾ ਹੋਏ। ਮੈਂ ਇਸ ਮੇਲੇ ਵਿੱਚ ਇਕ ਮਹੀਨੇ ਦੀ ਤਨਖਾਹ, 350/- ਪਾਈ ਹੋਈ ਸੀ। ਜਦੋਂ ਮੈਨੂੰ ਸਤਿਗੁਰੂ ਜੀ ਦੀ ਰਜ਼ਾ ਦਾ ਪਤਾ ਲਗਾ ਤਾਂ, ਮੈਂ ਅਰਜ਼ ਕੀਤੀ-ਜੇ ਆਪ ਨੂੰ ਇਹ ਸਭ ਕੁਝ ਚੰਗਾ ਨਹੀਂ ਲੱਗਦਾ ਤਾਂ ਅਸੀਂ ਕੀ ਕਰਨਾ ਹੈ, ਮੈਂ ਹੁਣੇ ਆਰੀ ਨਾਲ ਦਰਵਾਜ਼ਾ ਵੱਢ ਘੱਤਦਾ ਹਾਂ ਅਤੇ ਆਰੀ ਲੈ ਕੇ ਦੋਵੇਂ ਥਮਲੇ ਵੱਢ ਦਿਤੇ। ਸਤਿਗੁਰੂ ਜੀ ਜਾ ਕੇ ਦੀਵਾਨ ਵਿਚ ਬੈਠ ਗਏ।

ਆਨੰਦ ਕਾਰਜਾਂ ਵਾਲੇ ਦਿਨ, ਮੈਂ ਸੋਧੀ ਹੋਣ ਕਰਕੇ, ਹਵਨ ਕਰ ਰਿਹਾ ਸਾਂ ਪਰ ਮੇਰੇ ਮਨ ਵਿਚ ਕਲਪਨਾ ਸੀ-ਇਹ ਰਕਮ ਜੋ ਮੈਂ ਹੋਲੇ ਵਾਸਤੇ ਹਿੱਸਾ ਪਾਈ ਹੈ, ਕਿਸ ਅਰਥ ਜੇ ਸਤਿਗੁਰੂ ਜੀ ਦੀ ਨਰਾਜ਼ਗੀ ਰਹੇ।

ਮੇਰੀ ਕਲਪਨਾ ਵੱਧ ਤੋਂ ਵਧੇਰੀ ਹੁੰਦੀ ਜਾ ਰਹੀ ਸੀ। ਹਵਨ ਵਿਚ ਮਨ ਨਹੀਂ ਸੀ ਜੁੜ ਰਿਹਾ।

ਤਦ ਨੂੰ ਸਤਿਗੁਰੂ ਜੀ ਵਲੋਂ ਮੈਨੂੰ ਇਸ਼ਾਰਾ ਹੋਇਆ। ਮੈਂ ਕਾਫ਼ੀ ਦੂਰ ਸਾਂ। ਮੈਨੂੰ ਤਾਂ ਸੁੱਧ ਬੁੱਧ ਭੁੱਲ ਗਈ। ਇਹ ਵੀ ਨਾ ਪਤਾ ਰਿਹਾ ਕਿ ਮੈਂ ਏਥੇ ਹਵਨ ਦੀ ਕੋਈ ਮਰਿਆਦਾ ਪੂਰੀ ਕਰ ਰਿਹਾ ਹਾਂ। ਜਾ ਪਹੁੰਚਾ ਨੰਗੇ ਪੈਰੀਂ ਹੀ ਸਤਿਗੁਰਾਂ ਕੋਲ। ਕੋਲ ਹੋਣ ਵਾਸਤੇ ਮੈਂ ਆਪਣੇ ਪੈਰ ਝਾੜੇ। ਸਤਿਗੁਰੂ ਜੀ ਬਚਨ ਕੀਤਾ : "ਸਿੰਘਾ, ਇਹ ਚਰਨ ਧੂੜ ਮੈਨੂੰ ਹੀ ਦੇ ਦਿੰਦਾ। ਤੇਰੇ ਵਰਗੇ ਸਿੰਘਾਂ ਦੀ ਘਾਲਣਾ ਨਾਲ ਹੀ ਇਹ (1966 ਈ:) ਹੋਲਾ ਹੋ ਰਿਹਾ ਹੈ।"

ਇਹ ਸੁਣਦਿਆਂ ਜਾਂ ਮੈਂ ਸੋਧੀ ਵੱਲ ਨਜ਼ਰ ਭਰ ਕੇ ਵੇਖਿਆਂ, ਉਹਦੇ ਹੰਝੂ ਵਹਿ ਰਹੇ ਸਨ ਤੇ ਉਹਦਾ ਚਿਹਰਾ ਯਾਦ-ਕੜਵੱਲ ਨਾਲ ਲਾਲ ਲਾਲ ਹੋਇਆ ਪਿਆ ਸੀ। ਫਿਰ ਉਸ ਜ਼ਰਾ ਸੰਭਲ ਕੇ ਆਖਿਆ: "ਬੱਸ, ਉਸ ਸਮੇਂ ਤੋਂ ਬਾਅਦ ਮੇਰੇ ਅੰਦਰ ਐਸੀ ਤਸੱਲੀ ਤੇ ਢਾਰਸ ਹੋ ਗਈ ਕਿ ਸਾਰਾ ਹੋਲਾ ਮਸਤਾਨਿਆਂ ਵਾਂਗ ਖੁਸ਼ੀ ਭਰਪੂਰ ਹੋ ਕੇ ਭੁਗਤਾਇਆ।"

### ਸ: ਕਰਤਾਰ ਸਿੰਘ ਸੋਖੀ

ਸ: ਹਰਵਿੰਦਰ ਸਿੰਘ ਤੋਂ ਪਤਾ ਲਗਾ ਕਿ ਸ: ਕਰਤਾਰ ਸਿੰਘ ਸੋਖੀ ਭੈਣੀ ਸਾਹਿਬ ਜਾ ਕੇ ਆਪਣੇ ਲੜਕੇ ਬੇਅੰਤ ਸਿੰਘ ਦੀ ਸ਼ਾਦੀ ਕਰਕੇ ਪਰਤਿਆ ਹੈ। ਮੈਨੂੰ ਜਾਪਿਆ ਸੋਖੀ ਸਾਹਿਬ ਅੱਗੇ ਨਾਲੋਂ ਕਾਫ਼ੀ ਢਲੇ ਹੋਏ ਹਨ। ਜਾ ਕੇ ਪੁਛਿਆ: ਲੜਕੇ ਦੀ ਸ਼ਾਦੀ ਕਰ ਆਏ ?

'ਹਾਂ, ਕਰ ਆਇਆਂ ਅਤੇ ਬਹੁਤ ਹੀ ਆਨੰਦ ਆਇਆ ਹੈ ਵਿਆਹ ਕਰਨ ਦਾ। ਮੇਰੀ ਰੀਝ ਸੀ ਸਤਿਗੁਰਾਂ ਦੀ ਹਜ਼ੂਰੀ ਵਿਚ ਵਿਆਹ ਹੋਵੇ ਅਤੇ ਹੋਵੇ ਵੀ ਦਿੱਲੀ। ਪਰ ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਆਨੰਦ ਕਾਰਜ ਭੈਣੀ ਸਾਹਿਬ ਹੀ ਹੋਵੇਗਾ। ਅਸੀਂ ਸੋਚਦੇ ਸਾਂ, ਕੀ ਫ਼ਾਇਦਾ ! ਓਥੇ ਨਾ ਸਤਿਗੁਰ ਹੋਣਗੇ, ਨਾ ਸੰਗਤ ਅਤੇ ਅਸੀਂ ਕੱਲੇ ਕਾਰੇ ਜਹੇ ਆਨੰਦ ਪੜ੍ਹਾ ਕੇ ਤੁਰ ਆਵਾਂਗੇ। ਆਦਿ ਚਰਚਾ ਕਰਦਿਆਂ 3 ਮਾਰਚ ਨੂੰ ਭੈਣੀ ਸਾਹਿਬ ਪਹੁੰਚ ਗਏ।

ਪਰ ਜਦੋਂ ਸਵੇਰ ਹੋਈ, ਪਤਾ ਨਹੀਂ ਕਿਧਰੋਂ ਸੰਗਤ ਆ ਗਈ । ਸਤਿਗੁਰੂ ਜੀ ਨੇ ਵੀ ਆ ਦਰਸ਼ਨ ਦਿੱਤੇ। ਅਸੀਂ ਤਾਂ ਨਿਹਾਲ ਹੋ ਗਏ। ਸੱਚੇ ਪਾਤਸ਼ਾਹ ਬਨਾਰਸ ਗਏ ਹੋਏ

ਸਨ, ਓਥੋਂ ਆਪ ਨੇ ਗੋਲੇ ਜਾਣਾ ਸੀ। ਕੋਈ ਢੋਅ ਨਹੀਂ ਸੀ ਬਣਦਾ ਸਾਡੇ ਵਿਆਹ ਤੇ ਆਉਣ ਦਾ, ਸਾਡੇ ਲਈ ਉਹਨਾਂ ਕੀ ਬਹਾਨਾ ਬਣਾ ਲਿਆ, ਸਾਨੂੰ ਖ਼ਬਰ ਨਹੀਂ, ਪਰ ਸਾਡਾ ਕਾਰਜ ਏਨਾ ਵਧੀਆ ਤਰ੍ਹਾਂ ਸੰਪੂਰਨ ਹੋ ਗਿਆ ਕਿ ਦਿਲ ਬਾਗੋ ਬਾਗ ਹੋ ਗਿਆ । ਫੇਰ 25-30 ਮਿੰਟ ਏਨੇ ਖੁੱਲੇ ਦਰਸ਼ਨ ਅਤੇ ਬਚਨ ਬਿਲਾਸ ਹੋਏ ਕਿ ਉਸਦਾ ਸੁਖ ਹੁਮੇਸ਼ਾ ਅਭੁੱਲ ਰਹੇਗਾ।... ਅਸੀਂ ਤਾਂ ਦਿੱਲੀ ਵਿਆਹ ਕਰਨ ਲਈ ਫਾਲਤੂ ਹੀ ਜ਼ੋਰ ਲਗਾ ਰਹੇ ਸਾਂ, ਸਤਿਗੁਰਾਂ ਨੇ ਸਪੱਸ਼ਟ ਕਰ ਦਿਤਾ।" ਸੋਖੀ ਸਾਹਿਬ ਨੇ ਖੁੱਲੇ ਦਿਲ ਸਾਰੀ ਕਹਾਣੀ ਸੁਣਾ ਦਿੱਤੀ।

ਆਪਣੇ ਵੱਡੇ ਭਰਾ ਦੀ ਗੱਲ ਸੁਣ ਛੋਟਾ ਸੰਤ ਬਲਵੰਤ ਸਿੰਘ ਸੋਧੀ ਬੋਲ ਪਿਆ: "ਸੱਚੀ ਗੱਲ ਤਾਂ ਇਹ ਹੈ ਕਿ ਮੈਂ ਸਤਿਗੁਰੂ ਜੀ ਨਾਲ ਇਕ ਸੁਰ ਨਹੀਂ ਸਾਂ ਹੋ ਰਿਹਾ। ਮੈਨੂੰ ਵਿੰਗੇ ਟੇਡੇ ਹੋਣ ਨੂੰ ਕੋਈ ਨ ਕੋਈ ਬਹਾਨਾ ਮਿਲ ਹੀ ਜਾਂਦਾ ਸੀ, ਭਾਵੇਂ ਮੈਂ ਅਵੱਗਿਆਕਾਰੀ ਨਹੀਂ ਸੀ ਅਤੇ ਸਤਿਗੁਰੂ ਜੀ ਦੀ ਆਗਿਆ ਹਰ ਤਰ੍ਹਾਂ ਪਰਵਾਨ ਕਰਦਾ ਸੀ। ਮੇਰਾ ਮਨ ਭਿਜਦਾ ਨਹੀਂ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵੱਡੇ-ਵੱਡੇ ਲੱਗਦੇ ਸਨ ਪਰ ਭੈਣੀ ਸਾਹਿਬ ਇਸ ਵਿਆਹ ਸਮੇਂ ਜੋ ਦਰਸ਼ਨ ਸਤਿਗੁਰਾਂ ਦਿੱਤੇ ਉਹਨਾਂ ਨਾਲ ਨਿਸ਼ਾ ਹੋ ਗਈ ਹੈ ਅਤੇ ਹੁਣ ਤਾਂ ਇਹੋ ਵੱਡੇ ਤੋਂ ਵੱਡੇ ਲਗਦੇ ਹਨ।

### ਮਾਇਆ ਨਾਲ ਸੰਬੰਧ

ਇਸ ਸਮੇਂ ਹਰਭਜਨ ਸਿੰਘ ਸਿਤਾਰ ਨੇ ਆ ਕੇ ਸਤਿਗੁਰੂ ਜੀ ਦੇ ਕੰਨ ਵਿਚ ਕੋਈ ਗੱਲ ਕੀਤੀ। ਸਤਿਗੁਰੂ ਜੀ ਨੇ ਆਪਣੇ ਖ਼ਜ਼ਾਨਚੀ ਪੂਰਬਾ ਨੂੰ ਪੁੱਛਿਆ ...ਨੂੰ ਪਿਛਲੇ ਪੈਸੇ ਦੇ ਦਿੱਤੇ ਗਏ ਹਨ ? ਪੂਰਬਾ ਨੇ ਸਨਿਮਰ ਦੱਸਿਆ : ਹਾਂ ਜੀ, ਮਗਰਲਾ ਹਿਸਾਬ ਸਾਫ਼ ਕਰ ਦਿਤਾ ਹੈ।

"ਚਲ ਠੀਕ ਹੋਇਆ ।"

ਮੈਂ ਅਰਜ਼ ਕੀਤੀ : ਆਪ ਜੀ ਤਾਂ ਪੈਸਿਆਂ ਨੂੰ ਤੰਗਲੀ ਲਾ ਕੇ ਉਡਾ ਰਹੇ ਹੋ ! ਪਤਾ ਨਹੀਂ ਤੁਹਾਡੀ ਤੰਗਲੀ ਵਾਸਤੇ ਏਨੇ ਆ ਕਿਥੋਂ ਜਾਂਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ : ਮੈਂ ਤਾਂ ਮਾਧਿਅਮ ਹੀ ਹਾਂ, ਜਿਸਦੀ ਮਾਇਆ ਹੁੰਦੀ ਹੈ ਉਹ ਆ ਕੇ ਲੈ ਜਾਂਦਾ ਹੈ। ਦੇਣ ਵਾਲੀ ਵੀ ਸੰਗਤ ਹੀ ਹੈ ਤੇ ਲੈਣ ਵਾਲੇ ਵੀ ਸੰਗਤ ਵਿਚੋਂ ਹਨ। ਸੋ ਮੇਰੇ ਹਿੱਸੇ ਤਾਂ ਏਨੀ ਗੱਲ ਹੀ ਹੈ ਕਿ ਲੈਣਾ ਤੇ ਦੇਣਾ ਮੇਰੇ ਦੁਆਰਾ ਹੁੰਦਾ ਹੈ। ਮੈਂ ਆਪਣੇ ਆਪ ਨੂੰ ਇਸ ਮਾਇਆ ਨਾਲ ਬੰਨ੍ਹਦਾ ਨਹੀਂ। ਇਹ ਆਉਂਦੀ ਵੀ ਬਹੁਤ ਹੈ ਤੇ ਚਲੀ ਵੀ ਇਸੇ ਰਫ਼ਤਾਰ ਨਾਲ ਜਾਂਦੀ ਹੈ।

### ਅਜੇ ਤੇ ਮੈਂ ਜਵਾਨ ਹਾਂ

ਛੱਤ ਤੇ ਖਲੋਤਿਆਂ ਹੀ, ਸਤਿਗੁਰੂ ਜੀ ਨੇ ਸੇਠ ਚਾਵਲਾ ਦੇ ਡਾਕਟਰ (ਡਾ: ਨਰੇਸ਼) ਜੋ ਕਿ ਹਿੰਦੂ ਜੈਂਟਲਮੈਨ ਹੈ, ਦਾ ਆਪ ਦੀ ਆਪਣੀ ਸਿਹਤ ਬਾਰੇ ਦਿੱਤੇ ਨਿਰਣੇ ਬਾਰੇ ਕਹਾਣੀ ਸੁਣਾਈ : ਸੇਠ ਤਿਲੋਕ ਸਿੰਘ ਹੁਰੀ ਕਾਫ਼ੀ ਚਿਰ ਤੋਂ ਮੈਨੂੰ ਜ਼ੋਰ ਦੇ ਰਹੇ ਸਨ ਕਿ ਮੈਂ ਆਪਣੇ ਬਲੱਡ ਪ੍ਰੈਸ਼ਰ ਬਾਰੇ ਤੇ ਆਮ ਸਿਹਤ ਬਾਰੇ ਡਾਕਟਰੀ ਚੈੱਕ ਅੱਪ ਜ਼ਰੂਰ ਕਰਵਾ ਲਵਾਂ। ਬਥੇਰਾ ਟਾਲਿਆ ਪਰ ਤਿੰਨ ਚਾਰ ਮਹੀਨਿਆਂ ਪਿਛੋਂ ਇਕ ਦਿਨ ਡਾਕਟਰ ਕੋਠੀ ਹੀ ਆ ਪਹੁੰਚਾ। ਉਸਨੇ ਸਟੈਥੋ ਸਕੋਪ ਲਾਕੇ ਮੇਰੀ ਛਾਤੀ ਅਤੇ ਕਮਰ ਦਾ ਅੱਛੀ ਤਰ੍ਹਾਂ ਨਿਰੀਖਣ ਕੀਤਾ। ਫਿਰ ਮੇਰੇ ਨਹੁੰਆਂ ਨੂੰ ਡਿੱਠਾ। ਅੰਤ ਉਤੇ ਮੇਰੀ ਬਾਂਹ ਤੇ ਪੱਟੀ ਵਲੈਟ ਕੇ ਬਲੱਡ ਮਾਪਕ ਯੰਤਰ ਨੂੰ ਪੰਪ ਕਰਨਾ ਸ਼ੁਰੂ ਕੀਤਾ। ਇਹ ਸਭ ਕੁਝ ਵੇਖ ਕੇ ਫਿਰ ਮੇਰੇ ਨੱਕ, ਕੰਨ ਅਤੇ ਅੱਖਾਂ ਨੂੰ ਟਟੋਲ ਡਾਕਟਰ ਕਹਿਣ ਲਗਾ : ਤੁਸੀਂ ਤਾਂ ਅਸਲੋਂ ਨੌਂ-ਬਰ-ਨੌਂ ਹੈ, ਸੇਹਤ ਤਾਂ ਇਸ ਤਰ੍ਹਾਂ ਦੀ ਹੈ ਜਿਸ ਤਰ੍ਹਾਂ 20 ਸਾਲ ਦੇ ਮੁੰਡੇ ਦੀ ਹੁੰਦੀ ਹੈ। ਖ਼ੂਨ ਦਾ ਹੇਠਲਾ ਉਤਲਾ ਦਬਾਅ ਜਿਨਾਂ ਚਾਹੀਦਾ ਹੈ ਓਨਾ ਹੀ ਹੈ। ਨਾ ਵਾਧੂ ਮਾਸ, ਛਾਤੀ, ਪੇਟ, ਸਭ ਕੁਛ ਦਰੁਸਤ ਹੈ। ਕਿਸੇ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ। ਤੁਸੀਂ ਤਾਂ ਸਾਡੇ ਹਿਸਾਬ ਅਜੇ ਜੁਆਨ ਲਗਦੇ ਓ।

ਇਸ ਦੇ ਨਾਲ ਹੀ ਸਤਿਗੁਰਾਂ ਗੋਲਾ ਨਾਮਧਾਰੀ ਫਾਰਮ ਦੇ ਮੁਖੀ ਸੇਵਾਦਾਰ ਸੰਤ ਹਰਬੰਸ ਸਿੰਘ (ਮੈਂਬਰ) ਦੀ ਗੱਲ ਸੁਣਾਈ : ਕਿਸੇ ਖਾਲ ਤੋਂ ਲੰਘਣਾ ਸੀ। ਮੈਂ ਉਹਨਾਂ ਨੂੰ ਆਖਿਆ ਕਿ ਉਹ ਪਰਿਓ ਹੋ ਕੇ ਖਾਲ ਦੇ ਨਾਲ ਆਉਣ। ਮੈਂ ਛਾਲ ਮਾਰ ਕੇ ਜਦ ਖਾਲ ਟੱਪ ਗਿਆ ਤਾਂ ਮੈਨੂੰ ਸੰਤਾਂ ਦੀ ਉਮਰ ਜਾਨਣ ਦੀ ਉਤਸੁਕਤਾ ਜਾਗੀ। ਜਦ ਉਹ ਮੇਰੇ ਪਾਸ ਆਏ ਤਾਂ ਉਹਨਾਂ ਦੀ ਉਮਰ ਪੁੱਛੀ, ਮੇਰਾ ਹੀ ਹਾਣ ਪਰਮਾਣ ਲਗੀ। ਸੰਤਾਂ ਕਿਹਾ : ਤੁਸੀਂ ਤਾਂ ਵੀਹ ਵਰਿਆਂ ਦੇ ਲਗਦੇ ਓ। ਤੁਹਾਡੀ ਤੋਰ ਅਤੇ ਵਤੀਰੇ ਵਿਚ ਕੋਈ ਫ਼ਰਕ ਨਹੀਂ।।

ਸਤਿਗੁਰਾਂ ਮੁਸਕਰਾਂਦਿਆਂ ਦੱਸਿਆ : ਸਤਿਗੁਰੂ ਦੀ ਕਿਰਪਾ ਨਾਲ ਅਜੇ ਤਾਂ ਮੈਂ ਤਕੜਾ ਹੀ ਹਾਂ, ਜੁਆਨੀ ਹੀ ਪ੍ਰਤੀਤ ਕਰਦਾ ਹਾਂ।

ਸਤਿਗੁਰੂ ਜੀ ਨੇ ਆਪਣੇ ਬਾਰੇ ਇਹ ਵੀ ਦੱਸਿਆ : ਅਸਲ ਵਿਚ, ਸਤਿਗੁਰਾਂ ਦੀ ਕ੍ਰਿਪਾ ਨਾਲ, ਮੈਂ ਨੀਂਦ ਵੀ ਥੋੜ੍ਹੀ ਅਤੇ ਪ੍ਰਸ਼ਾਦਾ ਵੀ ਥੋੜਾ ਹੀ ਲੈਂਦਾ ਹਾਂ। ਇਸ ਨਾਲ ਮੇਰੀ ਦੇਹ ਹੋਲੀ ਫੁੱਲ ਰਹਿੰਦੀ ਹੈ।

### ਪੈਸੇ ਦੇਣੇ ਹਨ ਤਾਂ ਕਿਸੇ ਹੋਰ ਨੂੰ ਮਿਲੋ

ਸ੍ਰੀ ਹਰਭਜਨ ਸਿੰਘ ਸਿਤਾਰ ਨੇ ਮੇਰੇ ਨਾਲ ਜਾਂਦਿਆਂ ਸਤਿਗੁਰਾਂ ਦੀ ਉਦਾਰਤਾ ਦੀ ਪ੍ਰਸ਼ੰਸਾ ਕੀਤੀ : ਜੀਵਨ ਨਗਰ ਦੇ ਇਕ ਮਿਸਤਰੀ, ਮੋਹਣ ਸਿੰਘ ਜੋ ਕਿ ਆਪਣਾ ਨਿੱਜੀ ਕਾਰੋਬਾਰ ਕਰਦਾ ਹੈ, ਨੇ, ਇਕ ਦਿਨ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਸਨੂੰ ਕਿਤੋਂ ਵਧੀਆ ਜਿਹੀ ਟੇਪ ਰਿਕਾਰਡਰ ਲਿਆ ਦੇਣ। ਸਤਿਗੁਰਾਂ ਕ੍ਰਿਪਾ ਕੀਤੀ ਜਲਦੀ ਹੀ, ਕਿਤੋਂ ਲੈ ਕੇ, ਜਾਂ ਲਿਆ ਕੇ ਮੋਹਣ ਸਿੰਘ ਨੂੰ ਬੁਲਾ ਕੇ ਦਿਤੀ। ਉਸਨੇ ਉਸਦੀ ਕੀਮਤ ਦੇਣੀ ਚਾਹੀ। ਸਤਿਗੁਰੂ ਜੀ ਨੇ ਹੱਸ ਕੇ ਆਖਿਆ : ਜੇ ਪੈਸਿਆਂ ਦੀ ਗੱਲ ਸੀ ਤਾਂ ਕਿਸੇ ਹੋਰ ਨੂੰ ਕਹਿਣਾ ਸੀ, ਮੈਂ ਬਿਨਾਂ ਪੈਸਿਆਂ ਤੋਂ ਹੀ ਇਹ ਟੇਪ ਰਿਕਾਰਡਰ ਤੇਰੇ ਹਵਾਲੇ ਕਰਨੀ ਹੈ । ਸਿੱਖ ਨੇ ਸਿਰ ਝੁਕਾ, ਗਦਗਦ ਹੋਇਆਂ ਟੇਪ ਰਿਕਾਰਡਰ ਪ੍ਰਵਾਨ ਕਰ ਲਈ।

### ਬੱਚਿਆਂ ਨੂੰ ਪਿਆਰੀ ਝਿੜਕ

ਸ਼ਾਮ ਦੇ ਦੀਵਾਨ ਉਪਰੰਤ ਸਤਿਗੁਰੂ ਜੀ ਦੇ ਸਾਹਵੇਂ ਸੰਗੀਤ ਸਿੱਖਦੇ ਪਹਿਲੀ ਪਾਲ ਦੇ ਬੱਚੇ ਖੜੇ ਹੋਏ ਤੇ ਉਹਨਾਂ ਸਤਿਗੁਰਾਂ ਪਾਸੋਂ ਹੱਥ ਜੋੜ ਕੇ ਖਿਮਾ ਮੰਗੀ। ਉਹ ਅੱਜ ਆਪਣੇ ਉਸਤਾਦ ਹਰਭਜਨ ਸਿੰਘ (ਜਿਸਨੂੰ ਮੈਂ ਆਮ ਕਰਕੇ ਸਿਤਾਰ ਲਿਖਦਾ ਹਾਂ, ਕਿਉਂਕਿ ਉਹ ਸਿਤਾਰ ਵਜਾਂਦਾ ਹੈ) ਦੇ ਰੋਕਣ ਤੇ ਵੀ ਲੁਧਿਆਣੇ ਚਲੇ ਗਏ ਸਨ। ਸਵੇਰ ਦੇ ਗਏ ਹੋਏ 4 ਵਜੇ ਵਾਪਸ ਪਹੁੰਚੇ ਸਨ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਖਿਮਾ ਕਰਦਿਆਂ ਸਮਝਾਇਆ: "ਇਸ ਵਾਰ ਤੁਹਾਨੂੰ ਕੁਝ ਨਹੀਂ ਕਹਿੰਦਾ ਪਰ ਤੁਸੀਂ ਜੋ ਕਰਦੇ ਹੋ ਉਹ ਠੀਕ ਨਹੀਂ। ਤੁਹਾਡੀ ਰੋਟੀ ਖਾਣੀ ਵੀ ਬੰਦ ਕਰਨ ਨੂੰ ਜੀ ਨਹੀਂ ਕਰਦਾ, ਪਰ ਤੁਸੀਂ ਹੋ ਕਿ ਭੁੱਲ-ਭੁੱਲ ਜਾਂਦੇ ਓ। ਹਰਭਜਨ ਸਿੰਘ ਦੇ ਰੋਕਣ ਦੀ ਵੀ ਤੁਸਾਂ ਪ੍ਰਵਾਹ ਨਹੀਂ ਕੀਤੀ। ਇਸ ਤਰ੍ਹਾਂ ਅਵੱਗਿਆ ਕੀਤਿਆਂ ਮਰਿਆਦਾ ਟੁੱਟ ਜਾਂਦੀ ਹੈ। ਫੇਰ ਨਾ ਇੰਜ ਕਰਨਾ।"

### ਹਰੀ ਬਾਬਾ ਜੀ ਦੀ ਯਾਦ

ਪੰਡਿਤ ਜੀ ਪਾਸ ਗਿਆਂ ਮੈਨੂੰ ਰਾਤ ਵਾਲੇ ਸੰਤ ਟੀਕਮ ਦਾਸ ਦੇ ਫਿਰ ਦੀਦਾਰ ਹੋਏ। ਪੰਡਿਤ ਜੀ ਨੇ ਦੱਸਿਆ : ਇਹ ਗੁਰੂ ਘਰ ਦੇ ਮਹਾਨ ਪ੍ਰੇਮੀ ਸ੍ਰੀ ਮਾਨ ਸੰਤ ਹਰੀ ਦਾਸ ਜੀ ਦੇ ਸਪੁਤਰ ਟੀਕਮ ਦਾਸ ਜੀ ਹਨ।

ਸ੍ਰੀ ਹਰੀ ਬਾਬਾ ਜੀ ਨਾਮਧਾਰੀਆਂ ਦੇ ਪ੍ਰਮੁੱਖ ਮੇਲਿਆਂ, ਹੋਲੇ ਤੇ ਜਪ ਪ੍ਰਯੋਗ ਸਮੇਂ ਭਾਵੇਂ ਕਿਤੇ ਵੀ ਹੋਣ, ਧਿਆਨ ਤੇ ਉਚੇਚ ਨਾਲ ਪਹੁੰਚਦੇ। ਪੀਲੇ ਵਸਤਰ, ਸਫ਼ੈਦ ਦਾਹੜਾ, ਕੇਸ ਪਿਛਾਂਹ ਨੂੰ ਕੰਘੀ ਕੀਤੇ ਹੋਏ। ਸਤਿਗੁਰੂ ਜੀ ਦੇ ਪ੍ਰੇਮ ਵਿਚ ਗੁੜੀਂਦ ਰਹਿੰਦੇ ਅਤੇ ਜਦੋਂ ਕਦੇ ਵੀ ਸਤਿਗੁਰੂ ਜੀ ਨੂੰ ਬੇਨਤੀ ਕਰਦੇ ਇਹ ਕਹਿੰਦੇ : ਮੇਰਾ ਸਾਧ ਸੰਗਤ ਅਤੇ ਆਪ ਜੀ ਨਾਲ ਪ੍ਰੇਮ ਬਣਿਆ ਰਹੇ। ਹੋਰ ਮੇਰੀ ਕੋਈ ਲੋੜ ਨਹੀਂ। ਉਹ ਬਹੁਤ ਸਿਆਣੇ ਵੈਦ ਅਤੇ ਸ਼ਾਸਤਰਾਂ ਦੇ ਵਿਦਵਾਨ ਸਨ। ਦੀਵਾਨਾਂ ਵਿਚ ਕਦੇ-ਕਦੇ ਸਤਿਗੁਰੂ ਜੀ ਦਾ ਧੰਨਵਾਦ ਕਰਨ ਲਈ ਉਠਦੇ ਤਾਂ ਵੈਰਾਗੀ ਹੋ ਜਾਂਦੇ। ਕਿਹਾ ਕਰਦੇ : ਮੇਰੀ ਦਾਦੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਉਹ ਸਾਨੂੰ ਦੱਸਿਆ ਕਰਦੇ ਸਨ ਕਿ ਉਹਨਾਂ ਜਿਹਾ ਸੁੰਦਰ ਧਰਤੀ ਤੇ ਹੋਰ ਕੋਈ ਨਹੀਂ ਸੀ ਅਤੇ ਕਈ ਵਾਰ ਤਾਂ ਬਚਨ ਕਰਦਿਆਂ-ਕਰਦਿਆਂ ਹਰੀ ਬਾਬਾ ਦਾ ਗਲਾ ਰੁੰਧ ਜਾਂਦਾ। ਹਰੀ ਬਾਬਾ ਜੀ ਜੁਲਾਈ 1975 ਵਿਚ ਚਲਾਣਾ ਕਰ ਗਏ। ਉਹਨਾਂ ਦੇ ਲੜਕੇ ਟੀਕਮ ਦਾਸ ਜੀ ਉਸੇ ਪ੍ਰੇਮ ਅਤੇ ਸ਼ਰਧਾ ਨਾਲ ਨਾਮਧਾਰੀ ਉਤਸਵਾਂ ਤੇ ਪਧਾਰਦੇ ਹਨ।

### ਸਤਿਗੁਰੂ ਜੀ ਦੀ ਉਦਾਰਤਾ

ਹਰਭਜਨ ਸਿੰਘ ਸਿਤਾਰ ਨਾਲ ਗੱਲ ਚਲਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਬਾਰੇ ਗੱਲ ਚੱਲ ਪਈ। ਉਹ ਤੜੱਕ ਬੋਲਿਆ : ਕਿਨ ਹੋਣੈ ਸਤਿਗੁਰੂ ਜੀ ਵਰਗਾ ! ਹੋਰਨਾਂ ਦੀ ਮਦਦ ਤਾਂ ਕਰਦੇ ਹੀ ਹਨ ਪਰ ਜਦੋਂ ਕਦੇ ਸਾਨੂੰ ਵੀ ਜ਼ਰੂਰਤ ਪਈ ਹੈ, ਪੰਜ-ਪੰਜ ਸੌ ਰੁਪਿਆ ਮਹੀਨਾ ਦੇਣ ਤੋਂ ਇਲਾਵਾ ਇਹਨਾਂ ਸਾਡੀ ਮੰਗ ਤੋਂ ਦੂਣੀ ਰਕਮ ਦਿੱਤੀ ਹੈ।

### ਅਨਬੋਲਤ ਮੇਰੀ ਬਿਰਥਾ ਜਾਨੀ----

ਦਰਸ਼ਨ ਸਿੰਘ (ਮਹਿਰਿਆਂ ਦੇ ਘਰ ਦਾ ਜਨਮ)

20.3.73 ਨੂੰ ਜਦੋਂ ਮੈਂ ਕਟਾਣੀਓਂ, ਉਸ ਦੇ ਰਿਕਸ਼ੇ ਤੇ ਭੈਣੀ ਸਾਹਿਬ ਆ ਰਿਹਾ ਸਾਂ ਤਾਂ ਸਹਿਜ ਹੀ ਪੁੱਛ ਬੈਠਾ :

'ਇਹ ਰਿਕਸ਼ਾ ਬੈਂਕ ਤੋਂ ਰਕਮ ਲੈ ਕੇ ਬਣਾਇਆ ਈ ?'

'ਨਹੀਂ ਜੀ, ਬੈਂਕ ਤਾਂ ਸਾਡੇ ਪਾਸ ਇੱਕ ਹੈ ਅਤੇ ਉਹ ਬੈਂਕ ਆਪਣੇ ਆਪ ਰਕਮ ਦਿੰਦਾ ਹੈ।

ਅਤੇ ਦਰਸ਼ਨ ਸਿੰਘ ਨੇ ਆਪਣਾ ਦਿਲ ਖੋਲ੍ਹ ਕੇ ਰੱਖ ਦਿੱਤਾ :

"ਮੈਂ ਜ਼ਿਲਾ ਗੁਰਦਾਸਪੁਰ ਦਾ ਵਸਨੀਕ ਹਾਂ ਘਰੋਂ ਲੜ ਕੇ ਆ ਗਿਆ ਸਾਂ, ਭੈਣੀ ਸਾਹਿਬ ਆ ਕੇ ਫਲ ਵੇਚਿਆ ਕਰਦਾ ਸੀ। ਮੇਲੇ ਹੋਲਿਆਂ ਵਿਚ ਵਧੇਰੇ ਵੱਟਕ ਹੋ ਜਾਂਦੀ। ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੱਦ ਕੇ

ਆਖਿਆ : ਕਾਕਾ, ਫਲਾਂ ਨੂੰ ਛੱਡ, ਰਿਕਸ਼ਾ ਬਣਾ ਲੈ ਅਤੇ ਕਟਾਣੀ ਤੋਂ ਭੈਣੀ ਸਾਹਿਬ ਨੂੰ ਸਵਾਰੀਆਂ ਢੋਇਆ ਕਰ। ਸੱਚੇ ਪਾਤਸ਼ਾਹ, ਰਿਕਸ਼ੇ ਲਈ ਪੈਸੇ ? ਮੈਂ ਅਰਜ਼ ਕੀਤੀ ਤਾਂ ਆਪ ਜੀ ਨੇ ਆਪਣੇ ਖਜ਼ਾਨਚੀ ਨੂੰ ਹੁਕਮ ਦੇ ਕੇ ਮੈਨੂੰ 800 ਰੁਪੈ ਦਿਵਾ ਦਿਤੇ । ਤਦ ਤੋਂ ਮੌਜ ਬਣੀ ਹੋਈ ਹੈ। ਰਿਕਸ਼ਾ ਖ਼ਰੀਦ ਲਿਆ, ਫੇਰ ਵਿਆਹ ਹੋ ਗਿਆ। ਘਰ ਖ਼ਰੀਦ ਲਿਆ ਹੈ। ਦੋ ਬੱਚੇ ਵੀ ਹੋ ਗਏ ਨੇ ਅਤੇ ਮੈਂ ਮੌਜ ਨਾਲ ਜ਼ਿੰਦਗੀ ਬਤੀਤ ਕਰ ਰਿਹਾ ਹਾਂ। "

ਇਸ ਦੇ ਨਾਲ ਹੀ ਮੈਨੂੰ ਆਪਣੇ ਨਾਲ ਘਟੀ ਇਕ ਘਟਨਾ ਚੇਤੇ ਆ ਗਈ। ਸੰਨ 1974 ਵਿਚ ਮੈਂ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ 'ਨਵਾਂ ਜ਼ਮਾਨਾਂ ਅਖ਼ਬਾਰ ਨਾਲ ਸੰਬੰਧਤ ਇਕ ਕੋਆਪਰੇਟਿਵ ਪ੍ਰੈਸ ਦਾ ਮੈਨੇਜਰ ਸਾਂ। ਕੋਆਪਰੇਟਿਵ ਦਾ ਪੂਰਾ ਨਾਂ ਹੈ : ਦੀ ਅਵਾਮੀ ਕੋਆਪਰੇਟਿਵ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੋਸਾਇਟੀ ਲਿਮਟਿਡ, ਜਲੰਧਰ ਅਤੇ ਇਸ ਸੁਸਾਇਟੀ ਦਾ ਸਕੱਤਰ ਵੀ ਮੈਂ ਹੀ ਸਾਂ । ਸਤਿਗੁਰੂ ਜੀ ਦੇ ਉਸ ਵੇਲੇ ਦੇ ਹਜ਼ੂਰੀ ਸਕੱਤਰ ਗੁਰਭਜਨ ਸਿੰਘ , ਦੁਆਰਾ ਸੰਦੇਸ਼ ਪੁੱਜਾ ਕਿ ਮੈਂ ਜੂਨ-ਜੁਲਾਈ ਦੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਦੌਰੇ ਸਮੇਂ ਸ੍ਰੀ ਹਜ਼ੂਰ ਦੇ ਨਾਲ ਜਾਣਾ ਹੈ, ਆਪਣਾ ਪਾਸਪੋਰਟ ਤਿਆਰ ਕਰਵਾ ਲਵਾਂ।

ਅਤੇ ਦੋ ਮਹੀਨਿਆਂ ਦਾ ਇਹ ਟੂਰ, ਬਿਨਾਂ ਇਕ ਦਮੜੀ ਪੱਲਿਓ ਖ਼ਰਚਿਆਂ, ਸਤਿਗੁਰੂ ਜੀ ਨਾਲ ਕੀਤਾ। ਵਾਪਸੀ ਦੇ ਦਿਨੀਂ ਮੇਰਾ ਫ਼ਿਕਰ ਸੀ ਕਿ ਇਸ ਵਾਰ ਮੇਰੀ ਸੁਸਾਇਟੀ ਮੈਨੂੰ ਮੇਰੀ ਪ੍ਰੈਸ ਤੋਂ ਗੈਰਹਾਜ਼ਰੀ ਦੇ ਆਧਾਰ ਤੇ ਦੋ ਮਹੀਨੇ ਦੀ ਤਨਖ਼ਾਹ ਨਹੀਂ ਦੇਵੇਗੀ। (ਪਹਿਲਾਂ 1972 ਵਿਚ ਜਦੋਂ ਮੈਂ ਥਾਈਲੈਂਡ, ਮਲੇਸ਼ੀਆ, ਸਿੰਘਾਪੁਰ ਦਾ ਟੂਰ ਕੀਤਾ ਸੀ ਤਾਂ ਮੇਰੇ ਸਾਥੀਆਂ ਨੇ ਮੈਨੂੰ ਦੋ ਮਹੀਨੇ ਦੀ ਤਨਖਾਹ ਦੇ ਦਿੱਤੀ ਸੀ, ਪਰ ਐਤਕਾਂ ਨਾਂਹ ਹੋਣ ਦਾ ਡਰ ਸੀ। ਕੈਨੇਡਾ ਤੋਂ ਵਾਪਸ ਆ ਕੇ ਯੂ. ਕੇ. ਵਿਚ ਇਕ ਦਿਨ ਸੋਚਿਆ ਕਿ ਜੇ 1000 ਰੁਪੈ ਸਤਿਗੁਰੂ ਜੀ ਵਲੋਂ ਮਿਲ ਜਾਣ ਤਾਂ ਮੈਂ ਘਰ ਜਾ ਕੇ ਕੁਛ ਲੈਣ ਦੇਣ ਭੁਗਤਾ ਲਵਾਂ। ਸਤਿਗੁਰੂ ਜੀ ਨੇ ਬਿਨਾਂ ਮੇਰੇ ਕਿਸੇ ਤਰ੍ਹਾਂ ਦੇ ਪ੍ਰਗਟਾਵੇ ਦੇ ਭਾਰਤ ਵਾਪਸੀ ਤੋਂ ਇਕ ਦਿਨ ਪਹਿਲਾਂ ਕਹਿ ਦਿਤਾ : ਦਸੀਂ ਨਾ ਕਿਸੇ ਨੂੰ ਪਰ ਜੇ ਘਰ ਜਾ ਕੇ ਤੈਨੂੰ ਦੋ ਕੁ ਹਜ਼ਾਰ ਮਿਲ ਜਾਵੇ ਤਾਂ ਤੇਰਾ ਸਰ ਜਾਵੇਗਾ ?

ਸੁਭਾਵਕ ਸੀ ਮੈਂ ਇਹ ਸੁਣ ਕੇ ਆਨੰਦਤ ਵੀ ਹੁੰਦਾ ਤੇ ਕ੍ਰਿਤਗਯ ਵੀ। ਪਰ ਮੇਰੇ ਬਿਨਾਂ ਕੁਛ ਕਹਿਣ ਤੋਂ ਇਸ ਤਰਾਂ ਕੀਤੀ ਗਈ ਮੇਰੀ ਮਦਦ ਨੇ ਮੈਨੂੰ ਸਤਿਗੁਰੂ ਜੀ ਦੇ ਅੰਤਸਤਲ ਦਾ ਪਤਾ ਦੇ ਦਿੱਤਾ।

### ਡਾਲਡਾ ਨਹੀਂ ਦੇਸੀ

ਇਕ ਜ਼ਿਕਰ ਚਲਦਿਆਂ ਹਜ਼ੂਰ ਨੇ ਦੱਸਿਆਂ : ਲਾਟੋਂ ਵਾਲਿਆਂ ਇਕ ਵਾਰ ਟੂਰਨਾਮੈਂਟ ਕਰਵਾਇਆ ਅਤੇ ਮੇਰੇ ਪਾਸੋਂ ਇਨਾਮ ਵੰਡ ਕਰਵਾਣ ਦਾ ਆਗ੍ਰਹਿ ਕੀਤਾ। ਜਾ ਕੇ ਵੇਖਿਆ ਤਾਂ ਉਹ ਡਾਲਡਾ ਘਿਉ ਦੇ ਪੀਪੇ ਮੇਰੇ ਰਾਹੀਂ ਇਨਾਮ ਦਿਵਾਣਾ ਚਾਹੁੰਦੇ ਸਨ। ਮੈਂ ਆਖਿਆ, ਮੈਂ ਇਹ ਬਣਾਉਟੀ ਘਿਉ ਨਹੀਂ ਵੰਡਾਂਗਾ। ਭੈਣੀ ਸਾਹਿਬੋਂ ਮੰਗਵਾ ਕੇ ਦੇਸੀ ਘਿਉ ਦੇ ਪੀਪੇ ਹੀ ਇਨਾਮ ਵਿਚ ਉੱਤਮ ਖਿਲਾੜੀਆਂ ਵਿੱਚ ਵੰਡੇ।

### ਹਰ...ਸਿੰਘ

ਸੰਤ ਸੰਤੋਖ ਸਿੰਘ ਲਾਂਗਰੀ ਦੇ ਘਰ ਸੁਖਦੇਵ ਸਿੰਘ ਦੀ ਸੁਖ ਸਾਂਦ ਦਾ ਪਤਾ ਕਰਨ ਸਤਿਗੁਰੂ ਜੀ ਏਥੇ ਪੁੱਜੇ ਤਾਂ ਹੁਣੇ-ਆਏ ਸੰਤੋਖ ਸਿੰਘ ਦੇ ਸਾਂਢੂ ਹਰਚੰਦ ਸਿੰਘ (ਲੁਧਿਆਣਾ) ਨੇ ਪਤਨੀ ਸਮੇਤ ਸਤਿਗੁਰੂ ਜੀ ਨੂੰ ਆ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਵਿਨੋਦ ਨਾਲ ਆਖਿਆ : ਸੁਣਾ ਬਈ ਹਰ (ਅਤੇ ਅੱਗੇ ਦੋਹਾਂ ਹੱਥਾਂ ਦੇ ਅੰਗੂਠੇ ਅਤੇ ਪਹਿਲੀਆਂ ਉਂਗਲਾਂ ਨਾਲ ਘੇਰਾ ਬਣਾਕੇ, ਭਾਵ ਚੰਦ ਦੀ ਸ਼ਕਲ ਬਣਾ ਕੇ) ਸਿੰਘਾ ਕੀ ਹਾਲ ਹੈ ? ਮੈਨੂੰ ਇਹ ਨਿਸ਼ਾਨ ਸਮਝਦਿਆਂ ਕੁਝ ਦੇਰ ਹੀ ਲਗੀ। ਸਤਿਗੁਰੂ ਜੀ ਤਾਂ ਦਿਹਾੜੀ ਵਿਚ ਅਨੇਕਾਂ ਐਸੇ ਇਸ਼ਾਰੇ ਕਰ ਜਾਂਦੇ ਹਨ।

### ਮੇਲਾ ਹੀ ਮੇਲਾ

ਸਵੇਰ ਤਪ ਸਥਾਨ ਕੋਲ ਬੈਠਿਆਂ ਸੱਚੇ ਪਾਤਸ਼ਾਹ ਜੀ ਨੇ ਦੱਸਿਆ : ਨਿੱਕਾ ਕਾਕਾ (ਠਾਕਰ ਉਦੇ ਸਿੰਘ ਜੀ) ਮਹਾਰਾਜ ਜੀ ਦੇ ਕਹੇ ਅਨੁਸਾਰ, ਸਾਰੀ ਰਾਤ ਜਥੇਦਾਰਾਂ ਦੇ ਦੀਵਾਨ ਸੁਣਦਾ ਰਿਹਾ ਹੈ ਤੇ ਜੋ ਕੁਛ ਉਹ ਕਹਿੰਦੇ ਕਹਾਂਦੇ ਰਹੇ ਉਸਨੂੰ ਗੰਭੀਰਤਾ ਨਾਲ ਲਿਆ ਹੈ। ਉਸਨੇ ਦੱਸਿਆ ਕਿ ਕਿਸੇ ਜਥੇਦਾਰ ਨੇ ਵੀ ਗੁਰੂ ਬਾਲਕ ਸਿੰਘ ਜੀ ਬਾਰੇ ਜ਼ਿਕਰ ਤਕ ਨਹੀਂ ਕੀਤਾ। ਹੋਰ ਤਾਂ ਹੋਰ, ਧੰਨ ਗੁਰੂ ਬਾਲਕ ਸਿੰਘ ਵੀ ਨਹੀਂ ਆਖਿਆ ਕਿਸੇ।

### ਕਮਿਊਨਿਸਟਾਂ ਦੀ ਮਦਦ

ਇਸੇ ਕਮਰੇ ਵਿਚ ਬੈਠੇ ਗੁਰਭਜਨ ਸਿੰਘ ਨਾਲ ਕਮਿਊਨਿਸਟ ਪਾਰਟੀ ਦੇ ਬਠਿੰਡਾ ਸੈਸ਼ਨ ਵਿਚ ਸਹਾਇਤਾ ਬਾਰੇ ਗੱਲ ਚਲੀ ਤਾਂ ਸਤਿਗੁਰੂ ਜੀ ਬਚਨ ਕੀਤਾ : ਉਹਨਾਂ ਨੂੰ ਪੰਜਾਹ ਬੋਰੀਆਂ ਕਣਕ ਭੇਜ ਦੇਣੀ ਹੈ ਅਤੇ ਇਸ ਨਾਲ ਉਹਨਾਂ ਦੀ ਮੰਗ 101 ਪਰਸੈਂਟ ਪੂਰੀ ਹੋ ਜਾਵੇਗੀ।

## ਦੀਵਾਨ ਸਥਾਨ ਵਿਖੇ

ਇਕ ਸਿੱਖ ਉੱਠ ਹੱਥ ਜੋੜ ਸਾਹਮਣੇ ਆ ਅਧੀਨਗੀ ਵਿਚ ਅਰਜ਼ ਕਰਨ ਲੱਗਾ : ਸੱਚੇ ਪਾਤਸ਼ਾਹ ਜੀ, ਬਖਸ਼ ਲਓ ! ਉੱਤਰ ਮਿਲਿਆ : ਮੇਰੀ ਬਖ਼ਸ਼ਸ਼ ਦਾ ਸੁਆਲ ਨਹੀਂ, ਜਿਨ੍ਹਾਂ ਨਾਲ ਝਗੜਾ ਹੈ, ਉਨ੍ਹਾਂ ਦਾ ਘਰ ਪੂਰਾ ਕਰੋ। ਸ: ਅਪਾਰ ਸਿੰਘ, ਸਵਰਨ ਸਿੰਘ ਜਥੇਦਾਰ ਨਾਲ ਕੁਛ ਨਬੇੜਾ ਕਰਨ ਵਾਲਾ ਸੀ।

ਦੀਵਾਨ ਵਿਚ ਸਨਖੱਤਰਾ ਜੀ ਆਏ ਤਾਂ ਸਤਿਗੁਰਾਂ ਕਹਿਆ ਤੈਨੂੰ ਮਹਾਰਾਜ ਜੀ ਚੇਤੇ ਕਰਦੇ ਪਏ ਹਨ, ਤੂੰ ਕਿਥੇ ਸੈਂ ? ਸਨਖੱਤਰਾ : ਮੈਨੂੰ ਤਾਂ ਜੀ ਵਿਆਹਾਂ ਵਾਲੇ ਹੀ ਦਮ ਨਹੀਂ ਲੈਣ ਦਿੰਦੇ ? ਸਤਿਗੁਰੂ ਜੀ ਵਿਨੋਦ ਕੀਤਾ : ਤੁਸੀਂ ਕਹਿ ਦਿਓ ਮੈਂ ਵਿਆਹ ਨਹੀਂ ਕਰਵਾਣਾ ?

ਏਨੇ ਵਿਚ ਸੰਤ ਸਵਰਨ ਸਿੰਘ ਸਨੇਹੀ ਨੰਗੀ ਲੱਤੀ ਆ ਮੱਥਾ ਟੇਕਿਆ। ਸੱਚੇ ਪਾਤਸ਼ਾਹ ਮੌਜ ਵਿਚ ਬੋਲੇ : ਪਜਾਮਾਂ ਲਾਹ ਕੇ ਆਏ ਹੋ, ਵਿਆਹ ਤਾਂ ਕੱਲ ਹੋਣੇ ਹਨ।

## ਬੱਚੇ ਕਲਾਕਾਰ ਬਨਣ

ਸੁਖਵਿੰਦਰ ਸਿੰਘ ਤਬਲੇ ਤੇ ਤਿੰਨ ਤਾਲ ਵਜਾਣ ਲਗਾ ਸਤਿਗੁਰੂ ਜੀ ਨੇ ਇਸ ਨੂੰ ਉਤਸ਼ਾਹਤ ਕਰਨ ਲਈ ਚੰਦ ਸ਼ਬਦ , ਆਖੇ ਨਾਲ ਹੀ ਫ਼ੁਰਮਾਇਆ : ਮੈਂ ਆਪ ਅਨਾਊਂਸਮੈਂਟ ਇਸ ਲਈ ਕਰ ਰਿਹਾ ਹਾਂ ਕਿ ਨਾਮਧਾਰੀਆਂ ਦੇ ਬੱਚੇ ਉੱਚੇ ਕਲਾਕਾਰ ਬਣਨ, ਆਪਣੇ ਮਾਪਿਆਂ ਅਤੇ ਸਮਾਜ ਦਾ ਨਾਮ ਉੱਚਾ ਕਰਨ। ਸਿਨੇਮਾ ਆਦਿ ਅਲਾਮਤਾਂ ਤੋਂ ਬਚਣ। ਭਜਨ ਭਗਤੀ ਵੀ ਕਰਨ।

## ਰਘੁਬੀਰ ਸਿੰਘ ਨਾਲ ਪ੍ਰੇਮ

ਸ: ਰਘੁਬੀਰ ਸਿੰਘ ਸਪੁਤਰ ਸੰਤ ਪ੍ਰੇਮ ਸਿੰਘ ਨੇ ਅਰਜ਼ ਕੀਤੀ : ਦੀਨ ਦਿਆਲ, ਸਾਡੇ ਘਰ ਚਰਨ ਪਾਉਣ ਦੀ ਕ੍ਰਿਪਾ ਕਰੋ। ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਦਾ ਸਮਾਂ ਦਿੱਤਾ ਤੇ ਫਿਰ ਬੜੇ ਪ੍ਰੇਮ ਨਾਲ ਪੁੱਛਿਆ :

ਤੇਰੇ ਪਿਤਾ ਦਾ ਕੀ ਨਾਂ ਹੈ ?

'ਜੀ, ਪ੍ਰੇਮ ਸਿੰਘ।

ਮੁਸਕਰਾ ਕੇ ਬਚਨ ਕੀਤਾ, 'ਮੈਂ ਕਹਾਂ ਇਹਦੀ ਸ਼ਕਲ ਸੂਰਤ ਤਾਂ ਮੇਰੇ ਕਿਸੇ ਜਾਣੇ ਪਛਾਣੇ ਨਾਲ ਮਿਲਦੀ ਹੈ, ਕੌਣ ਹੋਵੇ ? ਹੁਣ ਪਤਾ ਲਗਾ।'

ਫਿਰ ਪ੍ਰੇਮ ਸਿੰਘ ਹੁਰਾਂ ਦੀ ਸੁਖ ਅਨੰਦ ਪੁੱਛ ਕੇ ਫ਼ੁਰਮਾਇਆ : ਹੱਛਾ ਬਈ ਰਘੁਬੀਰ, ਤੂੰ ਇਹ ਦੱਸ ਕਿ ਇਹ ਪੱਗ ਤੂੰ ਕਦੋਂ ਤੋਂ ਸਿੱਧੀ ਕਰਨੀ ਹੈ। ''ਸੱਚੇ ਪਾਤਸ਼ਾਹ ਜਦੋਂ ਆਪ ਦੀ ਕਿਰਪਾ ਹੋ ਗਈ। ''

'ਇਸਦਾ ਮਤਲਬ ਤਾਂ ਮੁਕੰਮਲ ਜਵਾਬ ਹੈ।' ਸਤਿਗੁਰੂ ਜੀ ਸਮਝਾਇਆ : ''ਮੈਂ ਵੀ ਕਹਿ ਸਕਦਾ ਹਾਂ ਕਿ ਜਦੋਂ ਤੇਰੀ ਕਿਰਪਾ ਹੋਈ ਤੇਰੇ ਘਰ ਚਲਾ ਜਾਵਾਂਗਾ। ... ਵੇਖ, ਪਤਾ ਨਹੀਂ ਤੈਨੂੰ ਇਹ ਆਖਣ ਨੂੰ ਕਿਉਂ ਜੀ ਕੀਤਾ ਹੈ, ਇਹ ਕੋਲ ਹੀ ਖੜਾ ਹੈ ਦਲਜੀਤ ਸਿੰਘ। ਇਸ ਨੂੰ ਕਹਿਣ ਨੂੰ ਅਜੇ ਮਨ ਨਹੀਂ ਮੰਨਿਆਂ ।' ਚਲਦੀ ਗੱਲ ਸਤਿਗੁਰਾਂ ਬਚਨ ਕੀਤਾ : ਚੰਗਾ, ਜੇ ਤੂੰ ਅਜੇ ਨਿਸ਼ਚਿਤ ਨਹੀਂ ਕਰ ਸਕਦਾ ਤਾਂ ਸਵੇਰੇ ਸਹੀ। ਆਸਾ ਦੀ ਵਾਰ ਰਮੇਸ਼ ਨਗਰ ਲੱਗਣੀ ਹੈ। ਕੇਸੀ ਇਸ਼ਨਾਨ ਕਰਕੇ ਆ ਜਾਵੀਂ। ਫੇਰ, ਤੂੰ ਮੈਨੂੰ ਦਸੀ, ਮੈਂ ਤੈਨੂੰ ਦੱਸਾਂਗਾ।'

## ਆਰਸੀ-ਪਦ ਵੰਡ

ਮੇਰੇ ਹੱਥ ਵਿਚ ਦਿੱਲੀ ਵਿਚ ਛਪਦਾ, ਭਾਪਾ ਪ੍ਰੀਤਮ ਸਿੰਘ ਦਾ 'ਆਰਸੀ' ਰਸਾਲਾ ਵੇਖ ਸ੍ਰੀ ਸਤਿਗੁਰੂ ਜੀ ਨੇ ਪਦ ਵੰਡ ਨਾਲ ਹੀ ਅਨੰਦ ਸਿਰਜ ਦਿੱਤਾ : ਆਰ ਸੀ ਏ (ਸੂਏ ਵਰਗੀ ਤਿੱਖੀ ਏ)।

ਫੇਰ ਕਹਿਣ ਲਗੇ : ਆ ਰੱਸੀ ਏ ?

ਤੇ ਵਿਨੋਦ ਵਿਚ ਇਹ ਵੀ ਆਖ ਦਿੱਤਾ : 'ਆ ਰਸੀਏ।'

ਅਤੇ ਅਜੇ ਇਕ ਹੋਰ ਵੀ ਬਾਕੀ ਸੀ : ਆ ਰਸੀ ਏ !

ਲੈਂਡਿੰਗ (ਜਹਾਜ਼ ਉਤਰਾਈ) ਤੋਂ ਅੱਧਾ ਘੰਟਾ ਪਹਿਲਾਂ ਸਤਿਗੁਰੂ ਜੀ ਨੇ ਪੂਰਬਾ ਜੀ ਨੂੰ ਆਪਣੀ ਸੀਟ ਤੇ ਭੇਜ ਦਿਤਾ, ਆਪ ਨੇ ਮੈਨੂੰ ਆਪਣੀ ਨੇੜਤਾ ਦਾ ਮਾਣ ਦਿਤਾ। ਆਪ ਜੀ ਅਜਿਹੀਆਂ ਦਿਲਦਾਰੀਆਂ ਕਰਕੇ ਦੂਜਿਆਂ ਦੇ ਅੰਦਰ ਘੁਸਪੈਠ ਕਰ ਲੈਂਦੇ ਹਨ। ਇਕ ਵਾਰ ਸਤਿਗੁਰੂ ਜੀ ਅੰਦਰ ਆ ਜਾਣ ਫਿਰ ਬਦਕਿਸਮਤਾਂ ਨੂੰ ਹੀ ਭਾਵੇਂ ਛੱਡਣ, ਨਹੀਂ ਤਾਂ ਇਹ ਤੁਕ ਅਜ਼ਮਾਇਸ਼ ਤੇ ਉਤਰਦੀ ਹੈ :

ਵਸ ਆਇਆ ਪਿਰ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੈ। ''

ਮੇਰੇ ਵਾਲੀ ਕਾਰ ਵਿਚ ਸੰਤ ਹਜ਼ੂਰਾ ਸਿੰਘ ਅਤੇ ਸੰਤ ਮਨਫੂਲ ਸਿੰਘ ਸਵਾਰ ਸਨ। ਇਹਨਾਂ ਦੱਸਿਆ ਕਿ ਸਤਿਗੁਰੂ ਜੀ ਆਪਣਾ ਕੰਮ ਸਵਾਰ ਤਾਂ ਆਪ ਹੀ ਲੈਂਦੇ ਹਨ, ਪਰ ਮਾਣ ਮਾੜਿਆਂ ਗਰੀਬਾਂ ਨੂੰ ਦੇ ਦਿੰਦੇ ਹਨ। ਉਹਨਾਂ ਕਿਹਾ : ਇਸ ਸੰਗੀਤ ਸੰਮੇਲਨ ਵਾਸਤੇ, ਸਾਨੂੰ ਮਹਾਰਾਜ ਜੀ ਨੇ ਦੱਸਿਆ ਸੀ, ਕਿ ਸੱਠ ਹਜ਼ਾਰ ਰੁਪਏ ਦੇ ਕਰੀਬ ਖ਼ਰਚ ਆਉਣਗੇ, ਪਰ ਸੰਗਤ ਨੇ ਉਗਰਾਹੀ ਏਦੂੰ ਕਿਤੇ ਵੱਧ ਕਰ ਦਿੱਤੀ ਹੈ । ਸਾਡੀ ਗਰੀਬ ਜਿਹੀ ਸੰਗਤ ਦੀ ਏਨੀ ਚਰਚਾ ਕਰਵਾ ਦਿਤੀ ਹੈ ਕਿ ਸਾਨੂੰ ਕਈ ਲੋਕ ਪੁੱਛਦੇ ਹਨ, ਤੁਹਾਡੇ ਪਾਸ ਏਨੀ ਰਕਮ ਕਿਥੋਂ ਆ ਗਈ ਕਿ ਤੁਸੀਂ ਬੰਬਈ ਦੇ ਸੰਗੀਤ ਪ੍ਰੇਮੀਆਂ ਨੂੰ ਮੁਫ਼ਤ

ਵਿਚ ਹੀ ਸੰਗੀਤ ਗੰਗਾ ਵਿਚ ਇਸ਼ਨਾਨ ਕਰਵਾ ਦੇਣ ਲਗੇ ਹੋ।

ਸ: ਹਰਵਿੰਦਰ ਸਿੰਘ ਹੰਸਪਾਲ ਨੇ ਚੱਲਦੀ ਗੱਲੇ ਇਕ ਨੁਕਤਾ ਉਠਾਇਆ : ਦੀਨ ਦਿਆਲ, ਮੰਦੇ ਕਰਮ ਕਰਨ ਵਾਲਿਆਂ ਨੂੰ ਓਟ ਦੇਣੀ ਚਾਹੀਦੀ ਹੈ ਜਾਂ ਨਸ਼ਰ ਕਰਨਾ ਚਾਹੀਦਾ ਹੈ ? ਸ੍ਰੀ ਸਤਿਗੁਰੂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਯਾਦ ਕਰਵਾਇਆ: ਉਹ ਕਿਹਾ ਕਰਦੇ ਸਨ, ਮੈਂ ਉਸ ਮਾਂ ਦਾ ਦੁੱਧ ਪੀਤਾ ਹੈ ਜਿਸ ਦੇ ਮੰਜੇ ਹੇਠ ਵੀ ਜੇ ਕੋਈ ਮਾੜੀ ਗੱਲ ਵਾਪਰ ਗਈ ਹੈ ਤਾਂ ਉਸਨੇ ਕਿਸੇ ਨੂੰ ਨਸ਼ਰ ਨਹੀਂ ਕੀਤਾ।"

### ਅਧੂਰੀ ਜਗਿਆਸਾ

ਸਤਿਗੁਰੂ ਜੀ ਬਚਨ ਕੀਤਾ : ਸਾਡੀ ਤਾਂ ਦੁਕਾਨ ਹੈ। ਜੋ ਸੱਚ ਦਾ, ਸਾਤਵਿਕਤਾ ਦਾ ਸੌਦਾ ਖਰੀਦਣਾ ਚਾਹੇ, ਲੈ ਲਵੇ ਜਿੰਨਾ ਜੀ ਕਰੇ। ਕੋਈ ਨਾ ਲਵੇ ਤਾਂ ਸੌਦਾ ਵਲੇਟ ਕੇ ਰੱਖ ਲੈਂਦੇ ਹਾਂ। ਸੌਦਾ ਮਹਿੰਗਾ ਹੈ। ਕੋਈ ਮਹਿੰਗਾ-ਮੁਲ ਤਾਰਨ ਵਾਲਾ ਹੀ ਖ਼ਰੀਦ ਕੇ ਲੈ ਜਾ ਸਕਦਾ ਹੈ। ਜਿਉਂ-ਜਿਉਂ ਆਦਮੀ ਸਾਤਵਿਕ ਗੁਣਾਂ ਵਲ ਵਧਦਾ ਹੈ ਤਿਉਂ-ਤਿਉਂ ਤਾਮਸੀ ਲੋੜਾਂ ਪਿਛੇ ਰਹਿੰਦੀਆਂ ਜਾਂਦੀਆਂ ਹਨ। ਫਿਰ ਮਾਸ-ਸ਼ਰਾਬ ਦੀ ਤਲਬ ਨਹੀਂ ਰਹਿੰਦੀ। ਆਦਮੀ ਦੈਵੀ ਕਰਮ ਕਰਨ ਲਗ ਜਾਂਦਾ ਹੈ।

ਇੱਕ ਬੀਬੀ ਨੇ ਉੱਨ ਦੀ ਮਾਲਾ ਮੰਗੀ। ਪਰ ਸਤਿਗੁਰੂ ਜੀ ਨੇ ਫੁਰਮਾਇਆ : ਪਹਿਲਾਂ ਮਾਸ ਅਤੇ ਸ਼ਰਾਬ ਵਲੋਂ ਤਾਂ ਪਰਹੇਜ਼ ਕਰੋ। ਕਹਿਣ ਲਗੀ : ਜੀ ਘਰ ਵਿਚ ਬਣਦਾ ਹੈ ਤਾਂ ਖਾਣਾ ਵੀ ਪੈਂਦਾ ਹੈ। ਸਤਿਗੁਰੂ ਜੀ ਨੇ ਫਿਰ ਅਣਥਕ ਰੂਪ ਵਿਚ ਮਿਸਾਲਾਂ ਦੇਣੀਆਂ ਸ਼ੁਰੂ ਕਰ ਦਿਤੀਆਂ : ਜੋ ਕੁਝ ਘਰ ਵਿਚ ਬਣਦਾ ਹੁੰਦਾ ਹੈ, ਉਹ ਸਭ ਕੁਝ ਅਸੀਂ ਨਹੀਂ ਖਾਂਦੇ। ਸਾਨੂੰ ਦੂਜੀਆਂ ਗੱਲਾਂ ਦੀ ਵਿਚਾਰ ਵੀ ਕਰਨੀ ਪੈਂਦੀ ਹੈ। ਚੰਗੇ ਪਾਸੇ ਤੁਰਿਆਂ ਹੀ ਚੰਗਿਆਈਆਂ ਦਾ ਪਤਾ ਲਗਦਾ ਹੈ। ਚੰਗੀ ਸੰਗਤ ਹੀ ਮਨੁੱਖ ਨੂੰ ਬੁਰੇ ਕਰਮਾਂ ਤੋਂ ਬਚਾਂਦੀ ਅਤੇ ਉਪਰ ਲਿਜਾਂਦੀ ਹੈ। ਤੁਸੀਂ ਜਦ ਤਕ ਮਾਲਾ ਫੇਰਨ ਦੇ ਯੋਗ ਨਾਂ ਹੋਵੋਗੇ, ਮਾਲਾ ਨਹੀਂ ਮਿਲੇਗੀ।

### ਧਨਾਢ ਸਿੰਧੀ ਪਰਵਾਰ ਕੋਲ

ਸਤਿਗੁਰੂ ਜੀ ਨੇ ਅਨੇਕਾਂ ਮਿਸਾਲਾਂ ਦੇ ਕੇ ਦੱਸਿਆ ਕਿ ਭਾਰਤੀ ਸਭਿਅਤਾ ਕਿਵੇਂ ਸਰੇਸ਼ਟ ਤੇ ਸਿਰਮੌਰ ਹੈ ਅਤੇ ਕਿਵੇਂ ਇਸ ਨੂੰ ਢਾਹ ਲਗਦੀ ਚਲੀ ਜਾ ਰਹੀ ਹੈ। ਜਿਨ੍ਹਾਂ ਨੇ ਵੱਡਿਆਂ ਬਣਨਾ ਹੁੰਦਾ ਹੈ ਅਤੇ ਜੋ ਹਕੀਕਤ ਵਿੱਚ ਵੱਡੇ ਹੁੰਦੇ ਹਨ ਉਹ ਪਾਣੀ ਦੇ ਬਹਾਉ ਨਾਲ ਨਹੀਂ ਵਹਿੰਦੇ। ਸਗੋਂ ਡੂੰਘੀਆਂ ਮਾਨਸਿਕ ਜੜ੍ਹਾਂ ਕਾਰਨ ਆਪਣੀ ਸਥਿਤੀ ਨੂੰ ਗੁਆਚਣ ਨਹੀਂ ਦਿੰਦੇ। ਮੈਂ ਤਾਂ ਸਿਰਫ਼ ਇਨ੍ਹਾਂ ਦੋਹਾਂ (ਪੂਰਬਾ ਅਤੇ ਮਨਚੰਦਾ ਵਲ ਇਸ਼ਾਰਾ ਕਰਕੇ) ਹੱਥੋਂ ਹੀ ਖਾ ਸਕਦਾ ਹਾਂ ਜੋ ਮੇਰੇ ਨਿਯਮ ਪਾਲਦੇ ਹਨ। ਤੁਸੀਂ ਇਹਨਾਂ (ਸਾਡੇ ਵਲ ਇਸ਼ਾਰਾ ਕਰਕੇ) ਨੂੰ ਖਵਾ ਦਿਓ।

ਪਰਵਾਰ ਆਰਥਕ ਉਚਾਈਆਂ ਦੀਆਂ ਸਿਖਰਾਂ ਉੱਤੇ ਹੈ। ਪਰੋਸੀ ਗਈ ਸਾਰੀ ਸਮਗਰੀ ਚਾਂਦੀ ਦੇ ਬਰਤਨਾਂ ਵਿਚ ਸੀ ਪਰ ਸਤਿਗੁਰੂ ਜੀ ਨੇ ਆਪਣੀ ਸ਼ਰਤ ਪੂਰੀ ਨਾ ਹੋਣ ਕਾਰਨ ਕੁਛ ਵੀ ਪਰਵਾਨ ਨਾ ਕੀਤਾ ਅਤੇ ਆਪਣੇ ਵਤੀਰੇ ਤੋਂ ਦੱਸ ਦਿਤਾ ਕਿ ਦੌਲਤ ਦੀ ਬਹੁਤਾਤ ਦਾ ਦਿਖਾਵਾ ਉਨ੍ਹਾਂ ਨੂੰ ਨੇਮ ਤਿਆਗਣ ਤੇ ਮਜਬੂਰ ਨਹੀਂ ਕਰ ਸਕਦਾ।

### ਮਿਸ਼ਰਾ ਬੰਧੂ

ਸਤਿਗੁਰੂ ਜੀ ਰਾਜਨ-ਸਾਜਨ ਹੁਰਾਂ ਨੂੰ ਹੋਰ ਉੱਚਾ ਖੜਨਾ ਚਾਹੁੰਦੇ ਹਨ। ਖ਼ਰਚ ਪੱਠਾ ਅਤੇ ਉਨਾਂ ਦੇ ਉੱਥਾਨ ਲਈ ਮੰਚ ਮੁਹਈਆ ਕਰਦੇ ਰਹੇ ਹਨ। ਦੂਜੇ ਦਰਜੇ ਦੇ ਕਲਾਕਾਰ ਤਾਂ ਉਹ ਹਨ ਹੀ ਪਰ ਸ੍ਰੀ ਹਜ਼ੂਰ ਏਨੇ ਮਿੱਠੇ ਬੰਦਿਆਂ ਨੂੰ ਪਹਿਲੇ ਦਰਜੇ ਵਿਚ ਛੇਤੀ ਹੀ ਲੈ ਆਉਣਾ ਚਾਹੁੰਦੇ ਹਨ। ਜਦੋਂ ਤੋਂ ਇਨ੍ਹਾਂ ਦਾ ਸਤਿਗੁਰੂ ਜੀ ਨਾਲ ਵਾਸਤਾ ਪਿਆ ਹੈ ਗਰਾਮ ਵੀ ਵਧ ਗਏ ਹਨ ਅਤੇ ਵੈਲਿਊ ਭੀ !

### ਸ੍ਰੀ ਸਤਿਗੁਰੂ ਜੀ

ਪ੍ਰੋ: ਸੁਖਬੀਰ ਗੁਲਾਟੀ ਸੀ ਅੱਲਾ ਰੱਖਾ ਜੀ ਨੂੰ ਪੇਸ਼ ਕਰਦਿਆਂ ਗਲਤੀ ਖਾ ਗਿਆ। ਦੁਹਰਾਉ ਵਿਚ ਫਿਰ ਗਲਤੀ ਕੀਤੀ। ਹੁਣ ਸ੍ਰੀ ਜਗਦੀਸ਼ ਸਿੰਘ 'ਵਰਿਆਮ'' ਸ਼ੁਧੀ ਕਰਨ ਗਏ ਪਰ ਇਹ ਵੀ ਅਸ਼ੁਧੀ ਕਰ ਆਏ। ਅੰਤ, ਸਤਿਗੁਰੂ ਜੀ ਨੇ ਆਪ ਮਾਈਕ ਲੈ ਕੇ ਦੱਸਿਆ ਕਿ ਉਸਤਾਦ ਅੱਲਾ ਰੱਖਾ ਜੀ ਉਸ ਮੀਆਂ ਕਾਦਰ ਬਖ਼ਸ਼ ਦੇ ਸ਼ਾਗਿਰਦ ਹਨ ਜਿਨ੍ਹਾਂ ਦੇ ਭਾਈ ਨਸੀਰ ਜੀ ਵੀ ਸ਼ਾਗਿਰਦ ਸਨ ਅਤੇ ਭਾਈ ਨਸੀਰ ਜੀ ਦੇ ਸ਼ਾਗਿਰਦ ਮਹਾਰਾਜ ਬੀਰ ਸਿੰਘ ਜੀ ਅਤੇ ਮੈਂ ਆਪ ਵੀ ਹਾਂ।

### 13 ਅਪਰੈਲ 1978 ਵੀਰਵਾਰ
### ਨਵੀਂ ਦਿੱਲੀ

ਸੇਠ ਕਿਰਪਾਲ ਸਿੰਘ ਨੇ ਦੱਸਿਆ : ਸ: ਹਰਵਿੰਦਰ ਸਿੰਘ ਕਹਿੰਦੇ ਸਨ ਕਿ ਜਿਸ ਰਾਤ ਕਰੋਲ ਬਾਗ (ਦਿੱਲੀ) ਸਾਡੀਆਂ ਦੁਕਾਨਾਂ ਨੂੰ ਅੱਗ ਲੱਗੀ ਅਤੇ ਗੁਰਭਜਨ ਸਿੰਘ ਰਾਹੀਂ ਸਤਿਗੁਰੂ ਜੀ ਨੂੰ ਬੰਬਈ ਫੋਨ ਗਿਆ, ਫਿਰ ਸਤਿਗੁਰੂ ਜੀ ਬਿਰਾਜ ਨਹੀਂ ਸੱਕੇ। ਉਹਨਾਂ ਹਰਵਿੰਦਰ ਸਿੰਘ ਨੂੰ ਪੁੱਛਿਆ : ਐਸੇ ਵੇਲੇ ਕੋਈ ਹਵਾਈ ਜਹਾਜ਼ ਦਿੱਲੀ ਜਾ

ਸਕੇਗਾ ? ਪਰ ਅਜਿਹਾ ਕੋਈ ਪ੍ਰਬੰਧ ਨਹੀਂ ਸੀ ਕਿ ਉਹ ਏਨੀ ਜਲਦੀ ਆ ਸਕਦੇ। ਸੋ ਇਕ ਦਿਨ ਛੱਡ ਉਹ 5 ਅਪਰੈਲ ਨੂੰ ਪਹੁੰਚ ਗਏ। ਹਸਪਤਾਲ ਵਿਚ ਮੈਨੂੰ 20 ਕੁ ਮਿੰਟ ਦਰਸ਼ਨ ਦਿਤੇ, ਫਿਰ ਸ਼ਾਮੀ ਵੀ ਪੌਣਾ ਘੰਟਾ ਮੇਰੇ ਪਾਸ ਰਹੇ। ਆਪ ਜੀ ਦੇ ਦਰਸ਼ਨ ਦੇਣ ਸਦਕਾ ਮੇਰੀ ਰੂਹ ਹੋਰ ਦੀ ਹੋਰ ਹੋ ਗਈ ਕਿਉਂਕਿ ਹੋਸ਼ ਆਉਣ ਬਾਅਦ ਮੈਨੂੰ ਹਰ ਪਲ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਰਹੀ।

### ਮਨੋ ਨਾ ਵਿਸਾਰਨਾ

ਬੇਬੇ ਸਤਵੰਤ ਕੌਰ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ : ਮਨੋਸ਼ ਨਾ ਵਿਸਾਰਨਾ ਤੇ ਦਰਸ਼ਨ ਦਿੰਦੇ ਰਹਿਣਾ। ਮੈਥੋਂ ਹੁਣ ਕਿਤੇ ਆਇਆ-ਜਾਇਆ ਨਹੀਂ ਜਾਂਦਾ।

ਏਥੋਂ ਉੱਤਰ ਕੇ ਜਾਣ ਲਗਿਆਂ ਬੇਬੇ ਜੀ ਦੀ ਨੂੰਹ ਹੇਠ ਤੱਕ ਨਾਲ ਆਈ। ਸਤਿਗੁਰੂ ਜੀ ਨੇ ਉਸ ਦਾ ਸਤਿਕਾਰ ਵੇਖ, ਵਾਪਸੀ ਲਈ ਆਦੇਸ਼ ਕਰਦਿਆਂ ਆਖਿਆ : ਏਸ (ਬਲਜੀਤ ਕੌਰ w/o ਠਾਕੁਰ ਬਸ਼ੇਸ਼ਰ ਸਿੰਘ) ਕੁੜੀ ਜਿਹਾ ਕਿਨ ਹੋਣਾ ਹੈ ! ਕਿਸੇ-ਕਿਸੇ ਥਾਂ ਸਤਿਗੁਰੂ ਨੇ ਏਨੀ ਸ਼ਾਂਤਗੀ, ਸਹਿਨਸ਼ਕਤੀ ਅਤੇ ਸੇਵਾ ਬਖਸ਼ੀ ਹੁੰਦੀ ਹੈ ਕਿ ਵੇਖ ਕੇ ਸਿਰ ਝੁਕ ਜਾਂਦਾ ਹੈ। ਸ਼ਾਹੀ ਘਰੋਂ ਆਈ ਲੜਕੀ, ਮੇਰੀ ਆਗਿਆ ਨਾਲ ਸਾਧਾਰਨ ਜੀਵਨ ਜਿਊਂਦੀ ਵੀ, ਬੇ-ਸ਼ਿਕਾਇਤ ਹੈ।

### ਬੇਮਰਿਯਾਦਗੀ

ਅੱਜ ਸਵੇਰੇ ਆਸਾ ਦੀ ਵਾਰ ਸਮੇਂ ਇਕ ਸਿੱਖ ਨੂੰ ਉਸਦੇ ਗ਼ਲਤ ਵਿਆਹ ਕਾਰਨ 1100/- ਡੰਨ ਲਾਇਆ ਗਿਆ ਜੋ ਉਸ ਨੇ ਸੰਤ ਮਹਿੰਦਰ ਸਿੰਘ ਦੇ ਪਿਤਾ ਦੇ ਭੋਗ ਸਮੇਂ ਲਿਆ, ਅਦਾ ਕੀਤਾ।

ਇਕ ਹੋਰ ਸਿੰਘ ਦੀ ਭੇਟਾ ਕੀਤਾ ਰੁਪਇਆ, ਉਸਦੇ ਗਲਤ ਵਿਆਹ ਕਾਰਨ ਹੀ ਚੁਕਾ ਕੇ ਵਾਪਸ ਦਿਤਾ ਗਿਆ। ਜਦ ਤਕ ਉਹ ਗਲਤੀ ਨਹੀਂ ਮੰਨੇਗਾ ਉਸਦੀ ਭੇਟਾ ਪਰਵਾਨੀ ਨਹੀਂ ਜਾਏਗੀ।

### ਸੁਥਣ ਦਾ ਕਸ਼ਟ

ਕੱਲ, ਜਦੋਂ ਮੈਂ ਅਤੇ ਮੇਰੀ ਪਤਨੀ ਸਤਿਗੁਰੂ ਜੀ ਪਾਸ ਨਮਸਕਾਰ ਹਿਤ ਆਏ। ਤਾਂ ਪਤਨੀ ਗੁਰਬਚਨ ਕੌਰ ਨੇ ਬੜੀ ਕੋਸ਼ਿਸ਼ ਕੀਤੀ ਕਿ ਉਹਦੀ ਸਲਵਾਰ ਵੱਲ ਸਤਿਗੁਰੂ ਜੀ ਦਾ ਧਿਆਨ ਨਾ ਜਾਵੇ। ਪਰ, ਜਿਉਂ ਹੀ ਉਠਕੇ ਅਸੀਂ ਘਰ ਜਾਣ ਲਈ ਤੁਰੇ, ਸ੍ਰੀ ਸਤਿਗੁਰੂ ਜੀ ਨੇ ਵਿਅੰਗ ਬਾਣ ਚਲਾ ਦਿੱਤਾ : ਚੰਗਾ ਕੀਤਾ ਤੁਸੀਂ ਅਚਾਨਕ ਹੀ ਆ ਗਏ। ਨਹੀਂ ਤਾਂ ਬੀਬੀ ਨੂੰ ਸੁਥਣ ਪਾ ਕੇ ਆਉਣ ਦਾ ਕਸ਼ਟ ਕਰਨਾ ਪੈਣਾ ਸੀ। (ਖੁੱਲੇ ਪਹੁੰਚਿਆਂ ਵਾਲੀ ਸਲਵਾਰ ਨਾਮਧਾਰੀ ਇਸਤਰੀਆਂ ਵਿਚ ਵਿਵਰਜਤ ਹੈ। ਤੰਗ ਮੋਹਰੀ ਦੀ ਚੂੜੀਦਾਰ ਸੁਥਣ ਨਾਮਧਾਰੀ ਇਸਤਰੀਆਂ ਦਾ ਪਹਿਰਾਵਾ ਹੈ...)

### ਇੱਕੋ ਵੇਲੇ ਤਿੰਨ ਲੰਗਰ

ਸ. ਕੁਲਬੀਰ ਸਿੰਘ (ਭੱਲੂ) ਨੇ ਇਕ ਘਟਨਾ ਸੁਣਾਈ: ਸਤਿਗੁਰੂ ਜਗਜੀਤ ਸਿੰਘ ਜੀ ਮਨਾਂ ਦੀਆਂ ਬੁੱਝਣ ਵਾਲੇ ਹਨ। ਦੁੰਹ ਕੁ ਸਾਲਾਂ (1976 ਈ:) ਦੀ ਗੱਲ ਹੈ ਕਿ ਸਤਿਗੁਰੂ ਜੀ ਦਾ ਲੰਗਰ ਮੰਡੀ ਵਿਖੇ ਸੰਤ ਸੇਵਾ ਸਿੰਘ ਜਥੇਦਾਰ ਵੱਲ ਸੀ। ਹਰ ਤਰ੍ਹਾਂ ਦੀਆਂ ਤਿਆਰੀਆਂ ਹੋ ਚੁੱਕੀਆਂ ਸਨ ਕਿ ਸਤਿਗੁਰੂ ਜੀ ਨੇ ਮੈਨੂੰ ਬੁਲਾਇਆ ਅਤੇ ਮੇਰੀ ਜੀਪ ਬਾਰੇ ਪੁਛਿਆ ਕਿ ਉਹ ਕਿਥੇ ਹੈ? ਮੈਂ ਜੀਪ ਲੈ ਆਇਆ। ਸਤਿਗੁਰੂ ਜੀ ਵਿੱਚ ਆ ਬੈਠੇ। ਏਨੇ ਨੂੰ ਜਥੇਦਾਰ ਸੇਵਾ ਸਿੰਘ ਆ ਪਹੁੰਚਾ : ਦੀਨ ਦਿਆਲ, ਲੰਗਰ ਤਿਆਰ ਹੈ, ਆਪ ਜੀ ਘਰ ਹੀ ਚੱਲੇ ਹੋ ਕਿ ਕਿਤੇ ਹੋਰ ? ਸਤਿਗੁਰਾਂ ਬਚਨ ਕੀਤਾ : ਰਵਾਲਸਰ ਚੱਲਿਆ ਹਾਂ ਤੇਰੀ ਕੁੜਮਣੀ (ਮਸਤਾਨੀ ਸੇਵਾ ਕੌਰ) ਕੋਲ।

ਸੱਚੇ ਪਾਤਸ਼ਾਹ, ਲੰਗਰ ਤਾਂ ਮੇਰੇ ਵਲ ਸੀ।"

ਉਸਨੇ ਵੀ ਲੰਗਰ ਬਾਰੇ ਆਖਿਆ ਹੋਇਆ ਹੈ। ਤੂੰ ਹੀ ਦੱਸ, ਤੁਹਾਡੇ ਦੋਹਾਂ ਵਿਚੋਂ ਕਿਦੇ ਵੱਲ ਜਾਵਾਂ ?

ਥੋੜਾ ਵਿਚਾਰ ਵਟਾਂਦਰਾ ਹੋ ਕੇ ਫ਼ੈਸਲਾ ਹੋਇਆ ਕਿ ਲੰਗਰ ਰਵਾਲਸਰ ਜਾ ਕੇ ਹੀ ਛਕਿਆ ਜਾਵੇ।

ਮੈਂ ਤੇਜ਼ ਤੇਜ਼ ਜੀਪ ਚਲਾਂਦਾ ਰਵਾਲਸਰ, ਸਤਿਗੁਰਾਂ ਦੇ ਸਥਾਨ ਤੇ ਲੈ ਗਿਆ ਜਿਥੇ ਮਾਈ ਲੰਗਰ ਤਿਆਰ ਕਰੀ ਬੈਠੀ ਸੀ। ਸਤਿਗੁਰੂ ਜੀ ਤੇਜ਼ੀ ਨਾਲ ਗੱਡੀਓਂ ਲੱਥੇ। ਸੇਵਕਾਂ ਕੱਪੜੇ ਸੰਭਾਲੇ ਅਤੇ ਆਪ ਥੱਲਿਓਂ ਬੌਲੀ ਵਿਚੋਂ ਇਸ਼ਨਾਨ ਕਰਕੇ ਆ ਗਏ। ਮਾਈ ਮਸਤਾਨੀ (ਸੇਵਾ ਕੌਰ) ਪਾਸ ਆ ਕੇ ਬਹਿੰਦਿਆਂ ਹੀ ਆਖਿਆ : ਲਿਆ ਬੀਬੀ, ਛੇਤੀ ਛੇਤੀ, ਜੋ ਤੂੰ ਤਿਆਰ ਕੀਤਾ ਹੋਇਆ ਹੈ। ਪਰਸ਼ਾਦ ਛੱਕਦਿਆਂ ਆਪ ਮੰਗ ਕੇ ਲੁੜੀਂਦੇ ਪਦਾਰਥ ਲੈਣ ਲਗੇ। 'ਖੀਰ ਵੀ ਲਿਆ, ਬਰਫੀ ਵੀ ਲਿਆ, ਅਹੁ ਵੀ ਲਿਆ, ਆਹ ਵੀ...' ਮਾਈ ਸੇਵਾ ਕੌਰ ਰਸ ਵਿਭੋਰ ਹੋਈ ਹਰ ਮੰਗੀ ਚੀਜ਼ ਖੁਆਈ ਗਈ। ਮਾਈ ਮਸਤਾਨੀ ਧੰਨ-ਧੰਨ ਕਰਦੀ ਜਾ ਰਹੀ ਸੀ। ਪ੍ਰਸ਼ਾਦ ਛਕ ਕੇ ਸਤਿਗੁਰੂ ਜੀ ਜਲਦੀ ਹੀ ਉਠ ਕੇ ਆਰਾਮ ਕਮਰੇ ਵਿਚ ਪਹੁੰਚ ਗਏ।

ਅਜੇ ਥੋੜਾ ਚਿਰ ਹੀ ਬਿਸਤਰੇ ਤੇ ਲੇਟੇ ਹੋਣਗੇ ਕਿ ਸੇਵਕਾਂ ਜਾਂ ਹੋਰ ਸੱਜਣਾਂ (ਜੋ ਸਤਿਗੁਰੂ ਜੀ ਦੀ ਜੀਪ ਦੇ ਪਿੱਛੇ-ਪਿੱਛੇ ਇਕ ਦੋ ਕਾਰਾਂ ਲੈ ਕੇ ਆ ਗਏ ਸਨ) ਨੂੰ ਪਤਾ

ਲੱਗਣ ਬਿਨਾਂ ਹੇਠਾਂ ਉੱਤਰੇ। ਫਿਰ ਇਸ਼ਨਾਨ ਕਰਕੇ ਮਾਈ ਪਾਸ ਆ ਪਹੁੰਚੇ : ਲਿਆ ਮਾਈ, ਅੱਜ ਤਾਂ ਭੁੱਖ ਬਹੁਤ ਹੈ। ਲਿਆ ਧਰ ਜੋ ਕੁਝ ਤੇਰੇ ਪਾਸ ਹੈ ਅਤੇ ਇੰਜ ਹੀ ਫਿਰ ਤੀਜਾ ਇਸ਼ਨਾਨ ਅਤੇ "ਅੱਜ ਬਹੁਤ ਭੁੱਖ ਲਗੀ ਹੈ।" ਆਖ ਪ੍ਰਸ਼ਾਦ ਛਕਿਆ। ਮਾਈ ਮਸਤਾਨੀ ਦੀ ਸੁੱਧ ਬੁੱਧ ਗੁਆਚ ਰਹੀ ਸੀ : ਇਹਨੂੰ ਕਿਨ ਦੱਸ ਦਿੱਤਾ ਮੇਰੇ ਮਨ ਦਾ ਹਾਲ ?

ਮਸਤਾਨੀ ਨੇ ਆਪਣੇ ਬੱਚਿਆਂ ਨੂੰ ਰਾਤ ਦਾ ਲੰਗਰ ਨਹੀਂ ਸੀ ਛਕਾਇਆ। ਕਹਿੰਦੀ ਸੀ : ਪੁੱਤਰ, ਪਹਿਲਾਂ ਸਤਿਗੁਰੂ ਜੀ ਆਉਣਗੇ, ਉਹ ਛਕਣਗੇ ਤਾਂ ਤੁਹਾਨੂੰ ਵੀ ਪ੍ਰਸ਼ਾਦ ਦਿਆਂਗੇ। ਜੇ ਨਾ ਆਏ ਤਾਂ ਸਾਰੇ ਹੀ ਭੁੱਖੇ ਰਹਾਂਗੇ।

ਮਾਈ ਨੂੰ ਤਾਂ ਪ੍ਰੇਮ ਹੋਵੇਗਾ ਹੀ, ਪਰ ਛੋਟੇ ਬੱਚਿਆਂ ਨੂੰ ਵੀ ਆਪਣੇ ਵਰਤ ਵਿਚ ਲਗਾ ਲੈਣਾ ਤਕੜੇ ਹੀਏ ਦਾ ਅਤੇ ਕਾਫ਼ੀ ਜ਼ਿਆਦਤੀ ਦਾ ਕੰਮ ਸੀ--ਪਰ ਮਾਈ ਤਾਂ ਮਸਤਾਨੀ ਸੀ!

ਸਤਿਗੁਰੂ ਜੀ ਨੇ ਤਿੰਨ ਵਾਰ ਲੰਗਰ ਛਕ ਕੇ ਮਾਈ ਨੂੰ ਆਖਿਆ : "ਅਜਿਹੀਆਂ ਪ੍ਰੱਤਿਗਿਆਵਾਂ ਨਾ ਹੀ ਕਰਿਆ ਕਰੋ, ਜਿਸ ਨਾਲ ਅਸੀਂ ਸਾਰੇ ਹੀ ਬਿਪਤਾ ਨੂੰ ਫੜੇ ਜਾਈਏ। ਤੇਰੇ ਬੱਚੇ ਵੀ ਭੁੱਖੇ, ਤੂੰ ਵੀ ਭੁੱਖੀ, ਤੇਰੇ ਕੁੜਮ ਵੱਲ ਤਿਆਰ ਹੋਇਆ ਪਿਆ ਲੰਗਰ ਬਿਰਥਾ, ਮੈਨੂੰ ਵੱਖ ਭਜਾਇਆ ਈ।"

### ਡਾ. ਅਵਨਿੰਦਰ ਸਿੰਘ

'ਜੀ ਕਰਦਾ ਏ ਇਹ ਅੰਦਰੋ ਉਹੋ ਜਿਹਾ ਹੋ ਜਾਵੇ ਜਿਹੋ ਜਿਹਾ ਗੋਲ ਛੱਪਰ (ਸ੍ਰੀ ਭੈਣੀ ਸਾਹਿਬ) ਵਿਚ ਸ੍ਰੀ ਸਤਿਗੁਰੂ (ਪ੍ਰਤਾਪ ਸਿੰਘ) ਜੀ ਦੇ ਪਾਸ ਬੈਠਿਆਂ ਹੋਇਆ ਕਰਦਾ ਸੀ। ਅਰਥਾਤ ਸਨਿਮਰ, ਆਗਿਆਕਾਰ ਅਤੇ ਸ਼ਰਧਾ ਸੰਜੁਗਤ। ਭਾਵੇਂ ਇਹ ਉਤੋਂ ਹੁਣ ਵੈਸਾ ਨਹੀਂ ਹੋ ਸਕਦਾ।' ਡਾ.ਅਵਨਿੰਦਰ ਸਿੰਘ ਜੀ ਦਸਤਾਰ ਸਿੱਧੀ ਅਤੇ ਹੇਠ ਪੈਂਟ ਬੁਸ਼ਰਟ ਸਨ, ਦਾੜ੍ਹੀ ਬੱਝੀ ਤੇ ਰੰਗੀ। ਸਤਿਗੁਰੂ ਜੀ ਪਿਆਰ ਨਾਲ ਉਸਨੂੰ ਨਰਮਾ ਰਹੇ ਸਨ।

ਤੇ ਬਚਨ ਕੀਤਾ: "ਜਦੋਂ 1939 ਵਿੱਚ ਦੂਜੀ ਸੰਸਾਰ ਜੰਗ ਛਿੜੀ, ਸਾਨੂੰ ਦੋਹਾਂ ਭਰਾਵਾਂ ਨੂੰ ਮਾਤਾ ਨਿਕਲੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਰਾਮ ਆਉਣ ਤੇ ਸਾਨੂੰ ਸਿਹਤ ਬਹਾਲੀ ਲਈ ਕੁੱਲੂ ਭੇਜ ਦਿੱਤਾ। ਦਾਗਾਂ ਨਾਲ ਸਾਡੇ ਚਿਹਰੇ ਭਰਪੂਰ। ਏਸੇ ਪਰਬਤ ਉੱਤੇ, ਜਿਸਨੂੰ ਬਿਜਲੀ ਮਹਾਦੇਉ ਪਰਬਤ ਕਹਿੰਦੇ ਹਨ, ਏਧਰ, ਕੁੱਲੂ ਵਾਲੇ ਪਾਸੇ ਹੀ, ਕਿਸੇ ਦਿੱਲੀ ਦੇ ਡਾਕਟਰ ਦੀ ਕੋਠੀ ਵਿੱਚ ਰਿਹਾ ਕਰਦੇ ਸਾਂ। ਸਤਿਗੁਰਾਂ ਨੇ ਸਾਡੇ ਵਾਸਤੇ ਸ਼ੁੱਧ ਦੁੱਧ ਲਈ ਇਕ ਗਊ ਵੀ ਭੇਜ ਦਿੱਤੀ।

### ਸੇਵਕ ਦੀ ਭਾਲ

ਆਉਂਦਿਆਂ ਨੂੰ, ਰਾਹ ਵਿਚ ਹੀ, ਸਤਿਗੁਰੂ ਜੀ ਆਪਣੀ ਗੱਡੀ ਵਿਚ ਮਿਲੇ। ਆਪ ਗੁਰਮੁਖ ਸਿੰਘ (ਚਾਲਕ) ਦੀ ਭਾਲ ਵਿੱਚ ਸਨ। ਕਿਤੇ ਨਜ਼ਰ ਨਹੀਂ ਪਿਆ। ਖ਼ਿਆਲ ਹੋਇਆ ਖਉਰੇ ਸਾਡੇ ਨਾਲ ਹੀ ਹੋਵੇ। ਸਤਿਗੁਰੂ ਜੀ ਨੂੰ ਤਦ ਤਕ ਆਰਾਮ ਨਹੀਂ ਮਿਲਿਆ ਜਦ ਤੱਕ ਉਸਨੂੰ ਪ੍ਰਾਪਤ ਹੀ ਨਹੀਂ ਕਰ ਲਿਆ ਅਤੇ ਉਹਦੀ ਸਿਹਤ ਬਾਰੇ ਤਸੱਲੀ ਨਹੀਂ ਕਰ ਲਈ। ਸਤਿਗੁਰੂ ਜੀ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਆਪਣੇ ਨਾਲਦਿਆਂ ਦਾ ਪਲ-ਪਲ ਧਿਆਨ ਰੱਖਣਾ।

### ਸਾਹਿਤਕਾਰ ਦਾ ਖਿਆਲ

ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ : ਕਵੀ ਹੁਰਾਂ ਲਈ ਪੂਰਬਾ ਖ਼ਾਸ ਖਿਆਲ ਰੱਖਦਾ ਹੈ। ਪਰ ਅੱਜ ਤਾਂ ਕਵੀ ਹੁਰਾਂ ਲਈ ਕੋਈ ਪ੍ਰਬੰਧ ਨਹੀਂ ਸੀ। ਜੈ ਸਿੰਘ, ਮਨਾਲੀ ਕੋਠੀ ਦੇ ਰਖਵਾਲੇ ਨੂੰ ਕਿਹਾ ਗਿਆ : ਕੋਈ ਕਰ ਜਤਨ। ਉਸ ਦੱਸਿਆ ਉਹ ਅੱਗੇ ਦੋ ਮੰਜੇ ਮੰਗ ਕੇ ਲਿਆਇਆ ਹੈ। ਪ੍ਰਬੰਧਕ ਮੇਰੇ ਲਈ ਫ਼ਿਕਰ ਹੀ ਕਰ ਰਹੇ ਸਨ ਕਿ ਸਤਿਗੁਰੂ ਜੀ ਨੇ ਮਾਤਾ ਜੀ ਵਾਲਾ ਮੰਜਾ ਵਿਹਲਾ ਕਰਵਾ ਕੇ ਉਨ੍ਹਾਂ ਲਈ ਭੁੰਜੇ ਪੈਣ ਦਾ ਪ੍ਰਬੰਧ ਦੱਸਕੇ, ਜੈ ਸਿੰਘ ਹੱਥੀਂ ਮੇਰੇ ਲਈ ਮੰਜਾ ਭੇਜ ਦਿੱਤਾ। ਮੇਰੇ ਲਈ ਸੱਚਮੁਚ ਹੀ ਇਹ ਬਹੁਤ ਵੱਡੀ ਗੱਲ ਸੀ। ਪਰ ਸਤਿਗੁਰੂ ਜੀ ਨੂੰ ਸਾਹਿਤਕਾਰ ਦਾ ਵੀ ਫਿਕਰ ਸੀ।

### ਜੁਗਾਂ ਦਾ ਗਾਈਡ

ਇਸ ਵੇਰ ਕੁੱਲੂ, ਮਨਾਲੀ, ਰੋਹਤਾਂਗ ਯਾਤਰਾ ਸਮੇਂ ਨਾਲ 30 ਕੁ ਸਰੀਰ ਸਨ। ਬੱਸ ਅਜੇ ਮਨਾਲੀ ਪੁਲ ਕੋਲ ਹੀ ਪੁੱਜੀ ਸੀ ਕਿ ਸ੍ਰੀ ਸਤਿਗੁਰੂ ਜੀ ਨੇ ਟੂਰਿਸਟ ਬੱਸ ਦਾ ਮਾਈਕ ਫੜ ਲਿਆ। ਇਸ ਦੇ ਅਨੇਕਾਂ ਕਾਰਨ ਹੋਣਗੇ, ਪ੍ਰਤੱਖ ਕਾਰਨ ਸੀ ਸਾਨੂੰ ਵਾਕਫ਼ੀ ਦੇਣਾ ਅਤੇ ਫਿਰ ਸਤਿਗੁਰੂ ਜੀ ਨੇ ਏਨੀ ਖ਼ੂਬਸੂਰਤੀ ਨਾਲ ਕੁਦਰਤ ਦੀ ਸੁੰਦਰਤਾ ਨਾਲ ਢੁਕਦੇ-ਮਿਚਦੇ ਸ਼ਬਦਾਂ ਵਿਚ ਨਾਲਿਆਂ, ਖੱਡਾਂ, ਝਰਨਿਆਂ, ਤਰ੍ਹਾਂ-ਤਰ੍ਹਾਂ ਦੇ ਰੁੱਖ ਬੂਟਿਆਂ, ਪਰਬਤ ਸਿਖਰਾਂ ਅਤੇ ਬਰਫ਼ਾਨੀ ਚੋਟੀਆਂ ਦਾ ਜ਼ਿਕਰ ਕਰਨਾ ਸ਼ੁਰੂ ਕੀਤਾ ਕਿ ਇਸ ਜੁੱਗਾਂ ਦੇ ਗਾਈਡ ਨੂੰ ਨਮਸਕਾਰ ਕਰਨ ਤੇ ਜੀ ਕਰ ਆਇਆ। ਜਾਪਦਾ ਸੀ ਕਿ ਸਤਿਗੁਰੂ ਜੀ ਕਥਨ ਦੀ ਕਲਾਤਮਕਤਾਂ ਨਾਲ ਸਾਡੇ ਵਿਚ ਬੈਠੇ ਹਰ ਤਰਾਂ ਦੇ ਵਿਅਕਤੀਆਂ ਨਾਲ ਸਾਂਝ ਵੀ ਦਰਸਾ ਰਹੇ ਸਨ ਤੇ ਲਾਡ-ਲਡਾਉਣ ਦੀ ਕਿਰਪਾ ਵੀ ਕਰ ਰਹੇ ਸਨ।

ਇਸ ਸਮੇਂ ਸਤਿਗੁਰੂ ਜੀ ਨੇ ਆਪਣੇ ਪਿਤਾ-ਸਤਿਗੁਰੂ ਜੀ ਨਾਲ ਕੀਤੀ ਪ੍ਰਥਮ ਯਾਤਰਾ ਦਾ ਵਿਵਰਣ ਵੀ

ਸੁਣਾਇਆ। 1939-40 ਈ: ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਰੁਹਤਾਂਗ ਪਾਸ ਅਤੇ ਇਸ ਤੋਂ ਅੱਗੇ ਤੱਕ ਵੀ ਕੁਦਰਤ-ਭਰਮਣ ਦਾ ਆਨੰਦ ਮਾਣਿਆ ਸੀ। ਅਤੇ ਇਸ ਦਾ ਜ਼ਿਕਰ ਉਦੋਂ ਚਿੱਠੀ ਦੁਆਰਾ ਮੈਨੂੰ ਵੀ ਭੇਜਿਆ ਸੀ। ਉਹਨੀਂ ਦਿਨੀ ਸਤਿਜੁਗ ਭੈਣੀ ਸਾਹਿਬ ਤੋਂ ਪ੍ਰਕਾਸ਼ਤ ਹੁੰਦਾ ਸੀ ਅਤੇ ਮੈਂ ਉਸਦਾ ਸੰਪਾਦਕ ਸਾਂ। ਮੈਂ ਉਹ ਪੱਤਰਕਾ ਸਤਿਜੁਗ ਵਿਚ ਛਾਪ ਦਿੱਤੀ। ਸੱਚੇ ਪਾਤਸ਼ਾਹ ਜੀ ਨੇ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਦੀਆਂ ਸਾਰੀਆਂ ਰੁਹਤਾਂਗ ਫੇਰੀਆਂ, ਬਰਫ਼ ਖੇਡਾਂ ਨਾਲ ਸਾਡੀ ਸਾਂਝ ਪੁਆਈ ਅਤੇ ਇਸ ਦਾ ਸਿਹਰਾ ਵੀ ਸਾਡੇ ਸਿਰ ਬੰਨ ਦਿੱਤਾ ਕਿ ਸਾਡੇ ਕਰਕੇ ਪਿਛਲੇ ਸਾਲਾਂ ਦੀਆਂ ਸਾਰੀਆਂ ਘਟਨਾਵਾਂ ਅੱਖਾਂ ਅਗੇ ਆ ਗਈਆਂ ਸਨ।

ਇਸ ਸੁਹਾਣੇ ਸਫ਼ਰ ਨੂੰ ਆਪ ਨੇ ਜੀਵਨ ਯਾਤਰਾ ਮੁੜ ਚਿਤਾਰਨ ਦਾ ਨਾਮ ਦਿੱਤਾ। ਪਿੱਛੇ ਛੱਡ ਆਈਆਂ ਸੜਕਾਂ, ਮਕਾਨਾਂ, ਪਿੰਡਾਂ ਨਾਲ ਤੁਲਨਾ ਦਿੱਤੀ, ਬੀਤੀਆਂ ਘਟਨਾਵਾਂ ਦੀ ਤੇ ਆਖਿਆ: ਮੋਹ ਨਹੀਂ ਪਾਉਣਾ ਚਾਹੀਦਾ, ਚਲਦੇ ਚਲੇ ਜਾਣਾ ਚਾਹੀਦਾ ਹੈ। ਅਸਾਂ ਹੀ ਅੱਗੇ ਜਾਣਾ ਹੈ ਵਸਤਾਂ ਨੇ ਏਥੇ ਹੀ ਰਹਿਣਾ ਹੈ ਅਤੇ ਫੇਰ ਵਿਆਖਿਆ ਸਹਿਤ ਬਚਨ ਕੀਤਾ : ਕੁਦਰਤ ਨੇ ਸਾਡੇ ਲਈ ਕਿਵੇਂ ਜੰਗਲ ਪਹਾੜ, ਝਰਨੇ, ਦਰਿਆਵਾਂ ਆਦਿ ਦਾ ਤਾਣਾ-ਬਾਣਾ-ਤਾਣ ਰੱਖਿਆ ਹੈ ਤਾਂ ਕਿ ਦੁਨੀਆਂ ਵਿੱਚ ਸਾਡਾ ਦਿਲ ਵੀ ਲੱਗਾ ਰਹੇ ਅਤੇ ਇਹਨਾਂ ਦੁਆਰਾ ਕੰਮ ਕਾਰ ਵੀ ਮਿਲਿਆ ਰਹੇ।

**ਜਨ ਉਪਕਾਰੀ**

ਮੇਰੇ ਜਾਂਦਿਆਂ ਨੂੰ ਬਾਬਾ ਨਰਾਇਣ ਹਰੀ ਜੀ ਸਤਿਗੁਰਾਂ ਨੂੰ ਦੱਸ ਰਹੇ ਸਨ : ਪਾਰਲੇ ਪਾਰ ਇਕ ਗਊਸ਼ਾਲਾ ਬਣਾਈ ਜਾ ਰਹੀ ਹੈ। ਡੇਰੇ ਦੀਆਂ ਗਊਆਂ, ਜਾਂ ਕੋਈ ਆਵਾਰਾ ਗਊ ਮਿਲ ਗਈ, ਤਾਂ, ਸੰਭਾਲੀਆਂ ਜਾਣਗੀਆਂ। ਕੁੱਲ ਦੁੱਧ ਕਿੰਨਾ ਕੁ ਮਿਲਦਾ ਹੈ ਇਨ੍ਹਾਂ ਗਉਆਂ ਤੋਂ ?

"ਜੀ, 10 ਕਿਲੋ !"

"ਜੋ ਇਕੋ ਹੀ ਗਊ 10 ਕਿਲੋ ਦੁੱਧ ਦੇਣ ਵਾਲੀ ਮਿਲ ਜਾਏ।"

ਬਾਬਾ ਜੀ ਦੀਆਂ ਅੱਖਾਂ ਚਮਕ ਪਈਆਂ ਤੇ ਚਿਹਰਾ ਖਿੜ ਗਿਆ।

'"ਫੇਰ ਤਾਂ ਜੀ ਹੱਦ ਹੀ ਹੋ ਜਾਇ।"

"ਮੈਂ ਭੇਜਾਂਗਾ। ਪਰ ਚਿੱਠੀ ਲਿਖਕੇ ਤੁਸਾਂ ਯਾਦ ਕਰਦੇ ਰਹਿਣਾ। ਜਦੋਂ ਵੀ ਮੈਂ ਵਿਹਲਾ ਹੋਇਆ ਅਤੇ ਆਪਣੀ ਗਊਸ਼ਾਲਾ ਪਾਸ ਗਿਆ, ਇਕ ਗਊ ਤੁਹਾਡੇ ਲਈ ਛਾਂਟਾਂਗਾ।" ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ।

**ਬਾਬਾ ਨਰਾਇਣ ਜੀ ਨਾਲ ਮਿਲਨੀ**



ਜਦੋਂ ਅਸੀਂ ਵਾਪਸ ਪਰਤਣ ਲਗੇ ਤਾਂ ਮੈਂ ਬਾਬਾ ਨਰਾਇਣ ਹਰੀ ਜੀ ਦੇ ਹੱਥ ਵਿਚ 100-100 ਦੇ ਨੋਟਾਂ ਦੀਆਂ

ਥਹੀਆਂ ਵੇਖੀਆਂ। ਸ: ਹਰਵਿੰਦਰ ਸਿੰਘ ਨੂੰ ਪੁੱਛਣ ਤੇ ਉਸ ਦੱਸਿਆ : ਸਤਿਗੁਰੂ ਜੀ ਨੇ 4000/- ਬਾਬਾ ਜੀ ਨੂੰ ਬਖ਼ਸ਼ਿਆ ਹੈ ਜਿੱਥੇ ਜੀ ਕਰੇ ਖਰਚਣ। ਨਾਲ ਹੀ ਹੰਸਪਾਲ ਨੇ ਇਹ ਵੀ ਦੱਸਿਆ ਕਿ ਇਹ ਰਕਮ ਕਈ ਧਿਰਾਂ ਤੋਂ ਫੜਕੇ ਦਿੱਤੀ ਹੈ। ਮੈਨੂੰ ਚੇਤੇ ਆਇਆ ਕਿ ਸਤਿਗੁਰੂ ਜੀ ਨੇ ਭੁੰਤਰ ਹੀ ਸੰਤ ਮਹਿੰਦਰ ਸਿੰਘ ਪੂਰਬਾ ਨੂੰ ਕੁਛ ਵਾਧੂ ਰਕਮ ਨਾਲ ਲੈ ਕੇ ਚਲਣ ਲਈ ਕਿਹਾ ਸੀ। ਉਸਨੇ ਹਜ਼ਾਰ ਦੋ ਹਜ਼ਾਰ ਨੂੰ ਹੀ ਵਾਧੂ ਰਕਮ ਸਮਝ ਲਿਆ ਹੋਵੇਗਾ, ਏਥੇ ਤਾਂ 4000/- ਲੁੜੀਂਦੀ ਸੀ। ਸੋ ਫੜ-ਤੁੜਕੇ ਬੁੱਤਾ ਸਾਰਨਾ ਪਿਆ।

## ਪਖ਼ਤੂਨ ਦੀ ਬੇਨਤੀ

ਏਥੋਂ ਵਿਹਲਿਆਂ ਹੋ ਕੇ ਸ੍ਰੀ ਸਤਿਗੁਰੂ ਜੀ ਨੇ ਬਾਬਾ ਗਣੇਸ਼ਾ ਸਿੰਘ ਪਖ਼ਤੂਨ ਨੂੰ ਸਮਾਂ ਦਿਤਾ। ਖਲੇ-ਖਲੋਤਿਆਂ ਉਸਦੀ ਗੱਲ ਸੁਣੀ। ਹੋਰ ਗੱਲਾਂ ਨਾਲ ਮੁੱਢ ਬੰਨ ਉਸ ਤੋੜਾ ਝਾੜਿਆ : ਪਿਛਲੇ 20 ਸਾਲ ਤੋਂ ਮੈਨੂੰ ਗੁਰੂ ਘਰੋਂ ਜੋ ਮਾਇਆ ਮਹੀਨਾ ਵਾਰ ਮਿਲਦੀ ਆ ਰਹੀ ਹੈ। ਕ੍ਰਿਪਾ ਕਰਕੇ ਉਹ ਰਕਮ ਵਧਾਈ ਜਾਵੇ, ਅੱਜ ਕੱਲ ਮਹਿੰਗਾਈ ਬਹੁਤ ਹੋ ਗਈ ਹੈ ਅਤੇ ਫਿਰ ਦੋ ਬੋਰੀਆਂ ਕਣਕ ਦੀ ਕ੍ਰਿਪਾ ਕੀਤੀ ਜਾਵੇ। ਮੈਂ ਸੁੱਚਾ ਸਿੰਘ ਸੋਖੀ ਨੂੰ ਵੀ ਆਖਿਆ ਸੀ। ਸਤਿਗੁਰੂ ਜੀ ਬਚਨ ਕੀਤਾ : ਸੁੱਚਾ ਸਿੰਘ ਨੂੰ ਕਹੋ ਕਿ ਮੈਨੂੰ ਮੁੜਕੇ ਆਇਆਂ ਦੱਸੇ। ਕਰ ਲਵਾਂਗੇ।"

## ਦਲਬੀਰ ਨੂੰ ਪਿਆਰ

ਵੇਟ ਲਿਫਟਰ ਨਾਮਧਾਰੀ ਸ: ਦਲਬੀਰ ਸਿੰਘ: ਅੱਜ ਇਕ ਕਾਰ ਮੱਥੇ ਲੱਗੀ ਤਾਂ ਜਾਪਿਆਂ ਸ਼ਾਇਦ ਆਪ ਹੀ ਪਧਾਰੇ ਹੋਵੋ। ਜੀ ਕਰਦਾ ਸੀ ਦਰਸ਼ਨਾਂ ਨੂੰ ਅਤੇ ਉਸ ਆਪ ਹੀ ਆਖਿਆ : ਆਪ ਜੀ ਦੀ ਕਿਰਪਾ ਨਾਲ ਸ਼ਰਾਬ ਤਾਂ ਛੁਟ ਗਈ ਹੈ। ਇਹ ਤਾਂ ਮੈਂ ਜਦ ਤੋਂ ਭਜਨ ਪੁਛਿਆ ਹੈ, ਛੋਹੀ ਤੱਕ ਨਹੀਂ। ਕੇਸਾਂ ਬਾਰੇ (ਦਾੜੀ ਕੱਟਣੋਂ ਹਟਣਾ) ਅਜੇ ਮੈਥੋਂ ਤਿਆਰ ਨਹੀਂ ਹੋਇਆ ਗਿਆ।

ਸਤਿਗੁਰੂ ਜੀ ਸਮਝਾਇਆ: 'ਜਤਨ ਕਰੋ। ਪਹਿਲੀ ਕੋਸ਼ਿਸ਼ ਜੇ ਨਾ ਸਫਲ ਹੋਵੇ, ਫਿਰ ਹੋਰ ਜਤਨ ਕਰਨ ਨਾਲ ਹੀ ਅੱਗੇ ਵਧੀਦਾ ਹੈ। ਭਾਰ ਚੁੱਕਣਾ ਵੀ ਪਹਿਲੇ ਦਿਨ ਹੀ ਨਹੀਂ ਆ ਗਿਆ ਹੋਣਾ। ਹੌਲੀ-ਹੌਲੀ ਕਰਕੇ, ਅੱਜ ਤੁਸੀਂ 300 ਕਿਲੋਗਰਾਮ ਤੱਕ ਉਠਾਣ ਲੱਗ ਪਏ ਹੋ।

## ਰਵਿਦਾਸੀ ਸਿੰਘਾਂ ਦੀ ਬੇਨਤੀ

ਏਥੇ ਬੈਠਿਆਂ ਹੀ ਤਿੰਨ ਨਾਮਧਾਰੀ ਮਜ਼ਹਬੀ ਸਿੰਘ ਆਏ। ਸੰਤ ਈਸ਼ਰ ਸਿੰਘ ਆਦਿ; ਇਹ ਭੈਣੀ ਸਾਹਿਬ ਵਿਚ ਖੜਾਵਾਂ ਪਉਇਆਂ ਦੀਆਂ ਜੋੜੀਆਂ ਬਣਾਉਂਦੇ ਹਨ। ਸੰਤ ਈਸ਼ਰ ਸਿੰਘ ਨੇ ਹੱਥ ਜੋੜ ਕੇ ਅਰਜ਼ ਕੀਤੀ : ਗਰੀਬ ਨਿਵਾਜ, ਸਾਡੇ ਸਿਰ ਉਤੇ ਕਰਜ਼ਾ ਹੈ ਸਰਕਾਰੀ। ਉਸ ਤੋਂ ਅਸੀਂ ਤਾਂ ਹੀ ਬਚ ਸਕਦੇ ਹਾਂ ਜੋ ਆਪ ਜੀ ਕਿਰਪਾ ਕਰੋ। ਕਿਸੇ ਤਰ੍ਹਾਂ ਸਾਡੇ ਕਰਜ਼ ਦੀ ਅਦਾਇਗੀ ਦਾ ਪ੍ਰਬੰਧ ਕਰੋ।

"ਕਿੰਨਾ ਕੁ ਕਰਜ਼ ਹੈ ?"

"ਇਹੋ ਜੀ ਕੋਈ 9-10 ਹਜ਼ਾਰ ਰੁਪਏ ਹੋਵੇਗਾ।"

"ਅੱਛਾ ਏਨੀ ਰਕਮ ?"

"ਸੂਦ ਨੇ ਹੀ ਏਨਾ ਕੰਮ ਬਣਾ ਦਿਤਾ ਹੈ ਜੀ !"

"ਇਹ ਕਰਜ਼ ਕਿਉਂ ਉਠਾਇਆ ?"

"ਏਹੋ ਜੀ, ਘਰ ਦੀਆਂ ਲੋੜਾਂ ਹੀ ਕਰਜ਼ਾਈ ਬਣਾ ਗਈਆਂ !"

ਸਤਿਗੁਰੂ ਜੀ ਨੇ ਸਾਰੀ ਗੱਲਬਾਤ ਸਮਝਕੇ ਆਗਿਆ ਕੀਤੀ :

"ਪ੍ਰਸ਼ਾਦਾ ਲੰਗਰੇ ਛਕੀ ਜਾਓ। ਕਰਜ਼ਾ ਕਮਾਈ ਤੋਂ ਵਾਪਸ ਕਰੀ ਜਾਓ।"

"ਪਰ ਜੀ, ਬੈਂਕ ਦਾ ਕਰਜ਼ ਹੈ ਜੀ। ਉਹ ਤਾਂ ਇਕੱਠਾ ਹੀ ਮੰਗਦੇ ਹਨ।"

ਸਤਿਗੁਰਾਂ ਠਾਕਰਾਂ ਵੱਲ ਇਸ਼ਾਰਾ ਕੀਤਾ :

"ਇਹ ਤੁਹਾਡੀ ਸਾਰੀ ਗੱਲ ਸਮਝ ਲੈਣਗੇ ਤੇ ਪ੍ਰਬੰਧ ਕਰ ਦੇਣਗੇ।"

ਕੁਛ ਚਿਰ ਰੁਕ ਕੇ ਫੇਰ ਹੁਕਮ ਕੀਤਾ :

"ਸੰਬੰਧਤ ਧਿਰ ਨੂੰ ਕਹੋ ਕਰਜ਼ ਸਾਡੇ ਨਾਂ ਤੇ ਮੁੰਤਕਿਲ ਕਰ ਦੇਣ, ਅਸੀਂ ਅਦਾਇਗੀ ਕਰ ਦਿਆਂਗੇ।" ਅਤੇ ਸਿੰਘ ਹੌਲੇ ਭਾਰ ਹੋ, ਸਿਰ ਝੁਕਾ ਵਾਪਸ ਚਲੇ ਗਏ।

- - - - - - - - - - - - - - -

# ਕਾਵਿ-ਕਿਆਰੀ

## ਚੋਜ਼ ਬੇਅੰਤ ਦੇ........

**ਸੰਤ ਨਿਸ਼ਾਨ ਸਿੰਘ 'ਕਥਾਵਾਚਕ'**

ਸਿਆਲਕੋਟ ਦੇ ਜਿਲ੍ਹੇ ਦੇ ਅੰਦਰ,
ਚੱਕ ਪਿੰਡ ਹੈ ਘੁੱਗ ਵਸੰਦਾ।
ਕਰਮਾਂ ਵਾਲਾ ਕਰਮ ਸਿੰਘ ਹੈ,
ਇਥੇ ਖੁਸ਼ੀਆਂ ਵਿੱਚ ਰਹੰਦਾ।
ਮੇਹਰਵਾਨ ਦੀ ਮਇਆ ਦਾ ਸਦਕਾ,
ਘਰ ਵਿਚ ਕੋਈ ਘਾਟਾ ਨਹੀਂ ਹੈ।
ਇਹ ਸਮਝਦਾ ਮੇਰੇ ਜੇਹਾ
ਸੁਖੀ ਤਾਂ ਬਿਰਲਾ ਟਾਟਾ ਨਹੀਂ ਹੈ।
ਪਰ ਹੈ ਕੱਲ੍ਹ ਨਾਮ ਕਾਲ ਦਾ,
ਸੱਚੀ ਆਖੀ ਗੱਲ ਅਦੀਬਾਂ।
ਤਖ਼ਤਾਂ ਵਾਲੇ ਤਖ਼ਤੇ ਚਾੜ੍ਹੇ,
ਪਲ ਵਿੱਚ ਰਾਜੇ ਕਰੇ ਗਰੀਬਾਂ।
ਕਿਸਮਤ ਦੇ ਹਲਟ ਦੀਆਂ ਰਮਜ਼ਾਂ,
ਬੰਦੇ ਤਾਈਂ ਸਮਝ ਨਾ ਆਵਣ।
ਜਿਹੜੀਆਂ ਟਿੰਡਾਂ ਹੁਣੇ ਸੀ ਭਰੀਆਂ,
ਦੂਜੇ ਪਲ ਖਾਲੀ ਹੋ ਜਾਵਣ।
ਇੰਜ ਹੀ ਕਰਮ ਸਿੰਘ ਨਾਲ ਬੀਤੀ,
ਮੰਦ ਕਰਮ ਅੰਕੁਰਿਤ ਹੋ ਆਇਆ।
ਸੂਲਾਂ ਦੁਖ ਦੀਆਂ ਗਿੱਠ-ਗਿੱਠ ਉੱਗੀਆਂ,
ਸੁਖ ਸਰ ਦਾ ਨੀਰਜ ਮੁਰਝਾਇਆ।
ਕਤਲ ਕੇਸ ਪੁੱਤਰ ਤੇ ਬਣਿਆ,
ਹੋਣੀ ਦੱਸਿਆ ਨਿਜ ਜਮਾਲ।
ਭੱਜ ਦੌੜ ਸਭ ਗਈ ਨਿਰਾਰਥ,
ਛੁੱਟਿਆ ਨਾ ਉਹ ਮਾਇਆ ਨਾਲ।
ਗੋਰੇ ਜੱਜ ਨੇ ਹੁਕਮ ਸੁਣਾ 'ਤਾ,
ਫਾਂਸੀ ਲੱਗੂ ਤੇਰਾ ਲਾਲ।
ਸਭ ਪਰਿਵਾਰ ਸੋਗ ਵਿੱਚ ਡੁੱਬਾ,
ਸਾਹਵੇਂ ਦਿਸਣ ਲੱਗਾ ਕਾਲ।
ਦੇਵੀ ਦੇਵਤੇ ਪੀਰ ਆਰਾਧੇ,
ਤਰਲਾ ਮਿੰਨਤ ਬਥੇਰਾ ਕਰਿਆ।
ਪਰ ਜਮ ਜਾਲ ਨਾ ਢਿੱਲਾ ਹੋਇਆ,
ਕਿਸੇ ਕੋਲੋਂ ਵੀ ਕੱਖ ਨਾ ਸਰਿਆ।
ਜਦ ਤੱਕ ਸਾਸ ਆਸ ਨ ਛੱਡੋ,
ਸੋਚੀ ਮਨ ਵਿੱਚ ਇਹੋ ਦਲੀਲ।
ਛੱਲੀ ਪੂਣੀ ਵੇਚ ਵੱਟ ਸਭ,
ਕਹੇ ਵਕੀਲ ਦੇ ਕਰੀ ਅਪੀਲ।
ਪਰ ਇੱਕ ਝੋਰਾ ਚਿੱਤ ਨੂੰ ਖਾਵੇ,
ਨਾ ਜ਼ਰ ਰਿਹਾ, ਨਾ ਯਾਰੀ ਰਹਿਸੀ।
ਬਿਨਾ ਮਲਾਹੋਂ ਜ਼ਰਜਰੀ ਨਈਆ,
ਸਾਗਰ ਮੰਝਧਾਰ ਵਿੱਚ ਵਹਿਸੀ।
ਚਿੰਤਾ ਚਿਖਾ ਬਰੋਬਰ ਹੁੰਦੀ,
ਸੱਚ ਸੁਖ਼ਨ ਕਹਿ ਗਏ ਸਿਆਣੇ।
ਜਿਸਦੇ ਅੰਦਰ ਪੱਤਝੜ ਹੋਵੇ,
ਕਿੰਜ ਬਸੰਤ ਬਹਾਰ ਉਹ ਮਾਣੇ।
ਜਿਸ ਅੰਦਰ ਚਿੰਤਾ ਦਾ ਕੀੜਾ,
ਚਿੰਤਨ ਉਹ ਕਦ ਕਰ ਹੈ ਪਾਉਂਦਾ।
ਅੱਖਾਂ ਅੱਗੇ ਸਰ੍ਹੋਂ ਫੁੱਲਦੀ,
ਰਾਗ ਸਾਜ਼ ਨਾ ਹਾਸਾ ਭਾਉਂਦਾ।
ਗਮ ਦਾ ਗੋਲ਼ਾ ਜਿਸਦੇ ਅੰਦਰ,
ਖਾਣਾ ਪੀਣਾ ਕੁੱਝ ਨਾ ਭਾਏ।
ਹਉਕੇ ਹਾਵੇ ਹੰਝੂ ਹਰ ਦਮ,
ਰਾਤੀਂ ਨੈਣੀਂ ਨੀਂਦ ਨਾ ਆਏ।
ਕੰਧਾਂ ਨਾਲ ਹੈ ਵੱਜਦਾ ਫਿਰਦਾ,
ਕਿਸੇ ਨਾ ਦਰਦ ਵੰਡਾਇਆ ਦਿਲ ਦਾ।
ਜੇਹੜਾ ਬਣੇ ਸ਼ਰੀਕ ਦੁਖ ਵਿੱਚ,
ਵਡਭਾਗੀ ਵਡ ਭਾਗੀਂ ਮਿਲਦਾ।
ਰੀਤ ਜਗਤ ਦੀ ਸੁਖ ਵਿੱਚ ਸੜਦੇ,
ਦੁਖੀ ਵੇਖ ਕੇ ਹੱਸਣ ਲੋਕੀਂ।
ਮੌਤ ਦਾ ਘਰ ਤਾਂ ਸਭ ਦੱਸ ਦਿੰਦੇ,
ਸੁਖ ਦਾ ਘਰ ਨਾ ਦੱਸਣ ਲੋਕੀਂ।
ਪਰ ਪਰਮਾਤਮ ਸਭਸ ਕਾ ਦਾਤਾ,
ਸਭ ਦੇ ਦਿਲ ਦੀਆਂ ਸੁਣਦਾ ਅਰਜ਼ਾਂ।

ਜੀਅ ਦੀ ਭਾਉ ਭਾਵਨੀ ਤੱਕ ਕੇ,
ਦੂਰ ਕਰੇ ਤਨ ਮਨ ਦੀਆਂ ਮਰਜ਼ਾਂ।
ਕਰਮ ਕੀਆ ਹਰਿ ਕਰਮ ਹਰੀ ਤੇ,
ਗੁਰਮੁਖ ਜੀਊੜਾ ਇਕ ਘਲਾਇਆ।
ਪਰ ਦੁਖ ਦੇਖ ਰਿਦਾ ਜਿਸ ਪਿਘਲੇ,
ਨਾਮਧਾਰੀ ਉਪਕਾਰੀ ਆਇਆ।
ਤੱਕੀ ਚਿਹਰੇ ਉਤੇ ਪੀਲੱਤਣ ,
ਛਮ ਛਮ ਤੱਕੀਆਂ ਵੱਸਦੀਆਂ ਅੱਖੀਆਂ।
ਜੋ ਅੱਖਾਂ ਹਨ ਕੈਮਰਾ ਮਨ ਦਾ,
ਭੇਤ ਦਿਲਾਂ ਦੇ ਦੱਸਦੀਆਂ ਅੱਖੀਆਂ।
ਪੁੱਛਿਆ ਦਰਦ ਰੰਞਾਣੇ ਤਾਈਂ,
ਕਿਹੜੇ ਦਰਦ ਰੁਆਇਆ ਤੈਨੂੰ।
ਘਰ ਉਜਾੜਿਆ ਚੋਰ ਅੱਗ ਜਾਂ,
ਰੋਗ ਅਸਾਧ ਸਤਾਇਆ ਤੈਨੂੰ।
ਹੱਥ ਜੋੜ ਕੇ ਆਖਣ ਲੱਗਾ,
ਕਾਹਨੂੰ ਨਿਜ ਦਾ ਵਕਤ ਗਵਾਏਂ।
ਦਰਦ ਮੇਰਾ ਤਾਂ ਦੂਰ ਨਹੀਂ ਹੋਣਾ,
ਸੂਲੀ ਮੇਰੀ ਕਿਉਂ ਹਿਲਾਏਂ।
ਬੰਦਾ ਹੈ ਬੰਦੇ ਦਾ ਦਾਰੂ,
ਸਿੰਘ ਜੀ ਏਦਾਂ ਆਖ ਸੁਣਾਏ।
ਕਹਿਣ ਸਿਆਣੇ ਅੰਦਰ ਦੁੱਖ ਹੋਏ,
ਕੋਠੇ ਚੜ੍ਹ ਕੇ ਰੌਲਾ ਪਾਏ।
ਮਿਲ ਜਾਏ ਸ਼ਾਇਦ ਵੈਦ ਕੋਈ ਕਾਮਿਲ,
ਤਾਪ ਤੇਰੇ ਨੂੰ ਦੂਰ ਪਲਾਏ।
ਦਾਤ ਅਮੀਂ ਦੀ ਦੇ ਕੋਈ ਦਾਤਾ,
ਦਾਤ ਹਯਾਤੀ ਝੋਲੀ ਪਾਏ।
ਹੱਛਾ! ਜੇ ਤੂੰ ਪੁਛਦਾ ਏ ਤਾਂ,
ਗੱਲ ਮੇਰੇ ਤੋਂ ਕਹੀ ਨਾ ਜਾਂਦੀ।
ਤੜਪਾਂ ਪਿਆ ਅੰਗਾਰਾਂ ਉੱਤੇ,
ਭਾਵੀ ਬਿਰਹਾ ਸਾੜ ਸਤਾਂਦੀ।
ਦੁੱਖ ਪੁੱਤਾਂ ਦਾ ਬੁਰਾ ਹੋਂਵਦਾ,
ਜਿਗਰ ਦੇ ਫੋੜੇ ਜਿਉਂ ਤੜਪਾਉਂਦਾ।
ਪੈਗੰਬਰ ਦੀਆਂ ਬੰਨ੍ਹ ਕੇ ਅੱਖਾਂ,
ਗਰਦਨ ਪੁੱਠੀ ਛੁਰੀ ਚਲਾਉਂਦਾ।
ਪੁੱਤਰ ਅੱਖੋਂ ਓਹਲੇ ਹੋ ਜਾਏ,
ਮਹਿਲੋਂ ਡਿੱਗ ਕੇ ਜਾਨ ਗਵਾਉਂਦਾ।
ਯਕੂਬ ਤੇ ਇੱਛਰਾਂ ਕਰ ਦਏ ਅੰਨ੍ਹੇ,
ਡੁੱਬਣ ਲਈ ਮਜ਼ਬੂਰ ਬਣਾਉਂਦਾ।
ਪੁੱਤ ਪਿਆ ਹੋਏ ਕਾਲ ਕੋਠੜੀ,
ਕਿੰਜ ਦੱਸ ਜੀਵਨ ਪਿਤਾ ਨੂੰ ਭਾਵੇ।
ਐਸਾ ਕੋਈ ਨਾ ਜੋਗੀ ਮਿਲਿਆ,
ਜੋ ਫੇਰ ਜੋਗ ਦੀ ਜੁਗਤ ਬਣਾਵੇ।
ਤਨ ਮਨ ਵਾਰ ਦਿਆਂ ਮੈਂ ਉਸਤੋਂ,
ਜੇਹੜਾ ਜੀਉ ਦੀ ਅਗਨ ਬੁਝਾਵੇ।
ਮੇਰੀ ਖੱਲ ਉਤਾਰ ਕੇ ਪੁੱਠੀ,
ਪੈਰੀਂ ਪਾ ਕੇ ਖੂਬ ਹੰਢਾਵੇ।
ਕਰਾਂ ਬੇਨਤੀ ਹੱਥ ਬੰਨ੍ਹ ਕੇ,
ਵੈਦ ਇਲਾਹੀ ਮੋਹਿ ਮਿਲਾ ਦੇ।
ਜ਼ਿੰਦਗੀ ਭਰ ਮੈਂ ਭਰਾਂਗਾ ਪਾਣੀ,
ਜ਼ਿੰਦਗੀ ਪੁੱਤ ਦੀ ਝੋਲੀ ਪਾ ਦੇ।
ਧੰਨ ਸਤਿਗੁਰੂ ਪ੍ਰਤਾਪ ਸਿੰਘ ਕਹਿ,
ਹੱਥ ਜੋੜ ਸਿੱਖ ਸੀਸ ਝੁਕਾਇਆ।
ਜੀਵਨ ਦਾਤਾ ਜੋ ਜੀਆਂ ਦਾ,
ਚੰਨ ਜੀਵਨ ਦਾ ਜਗ ਤੇ ਆਇਆ।
ਜੋਤ ਹੈ ਸਤਿਗੁਰ ਨਾਨਕ ਦੀ ਉਹ,
ਰਾਮ ਸਿੰਘ ਸਤਿਗੁਰ ਦਾ ਵਾਰਸ।
ਥੁੜਿਆਂ ਨੂੰ ਦਾਤੇ ਕਰ ਦਿੰਦਾ,
ਡਿੱਗਿਆਂ ਨੂੰ ਜੋ ਦੇਂਦਾ ਢਾਰਸ।
ਲੁੱਧੇ-ਹਾਣੇ ਜ਼ਿਲ੍ਹੇ ਦੇ ਅੰਦਰ,
ਭੈਣੀ ਸਾਹਿਬ ਹੈ ਇੱਕ ਤੀਰਥ।
ਅਠਸਠ ਤੀਰਥ ਜਿਸ ਦੀ ਸ਼ਰਨੀਂ,
ਫੈਲੀ ਜਿਸ ਦੀ ਜਗ ਸੁਕੀਰਤ।
ਵਡ ਪ੍ਰਤਾਪੀ ਦੇ ਡਿੱਗ ਚਰਨੀ,
ਕੁੱਲ ਵੇਦਨ ਤੂੰ ਭੇਟ ਚੜ੍ਹਾ ਦੇਈਂ।
ਜਿਸ ਨੇ ਬਿਦਰ ਸੁਦਾਮੇ ਤਾਰੇ,
ਹੱਥ ਜੋੜ ਕੇ ਅਰਜ਼ ਸੁਣਾ ਦੇਈਂ।
ਮੇਰੇ ਮਨ ਵਿਸ਼ਵਾਸ਼ ਹੈ ਪੂਰਾ,
ਤੇਰੀ ਇੱਛ ਪੁਜਾਵਣਗੇ ਓਹ।
ਧਰਮਰਾਜ ਦੇ ਲੇਖਾਂ ਨੂੰ ਕੱਟ,
ਲਾਲ ਆਜ਼ਾਦ ਕਰਾਵਣਗੇ ਉਹ।
ਗ਼ਰਜ਼ ਬੁਰੀ ਹੈ ਦੁਨੀਆਂ ਅੰਦਰ,
ਮਾਣ ਮਾਨੀ ਦਾ ਹਰ ਦਿੰਦੀ ਹੈ।
ਬੱਦਲ ਵਰਗੀ ਗਰਜ ਵਾਲੇ ਜੋ,
ਪਾਣੀਓਂ ਪਤਲੇ ਕਰ ਦਿੰਦੀ ਹੈ।

ਜੰਤ੍ਰ ਮੰਤ੍ਰ ਟੂਣੇ ਟਾਮਣ,
ਖੂਹਾਂ ਉਪਰ ਜਾਲ ਪਵਾਉਂਦੀ।
ਰਾਜੇ ਬਲੀ ਵਜ਼ੀਰਾਂ ਤਾਈਂ,
ਫੱਕਰਾਂ ਦੇ ਦਰ ਹੱਥ ਜੁੜਾਉਂਦੀ।
ਗਰਜ ਮਾਰਿਆ ਕਰਮ ਸਿੰਘ ਵੀ,
ਕਰਮਾਂ ਰੇਖ ਮਿਟਾਵਣ ਚੱਲਿਆ।
ਭੁਖਣ ਭਾਣੇ ਗੀਟੀਆ ਗਿਣਦੇ
ਸ਼ਹਿਨਸ਼ਾਹ ਦਾ ਦਰ ਜਾ ਮੱਲਿਆ।
ਮੱਥੇ ਲਾ ਗੁਰ ਦਰ ਦੀ ਧੂੜੀ,
ਰਾਮ ਮੰਦਿਰ ਜਾ ਸੀਸ ਝੁਕਾਇਆ।
ਫੜ੍ਹੇ ਬੁਲਾ ਇੱਕ ਸਿੰਘ ਨੂੰ ਪੁੱਛਿਆ,
ਜਿਸ ਗੁਰ ਕੀ ਹੈ ਇਹ ਸਭ ਮਇਆ।
ਸ੍ਰੀ ਹਜ਼ੂਰ ਮਿਲਣਗੇ ਕਿੱਥੇ,
ਦਰਸ਼ਨ ਦੀ ਮਨ ਖਿੱਚ ਤਣੀ ਹੈ।
ਪਿਆਸੇ ਸਾਰਿੰਗ ਮੇਘ ਮਿਲਾਵੋ,
ਮੋ ਸਿਰ ਬਿਪਤਾ ਬੜੀ ਬਣੀ ਹੈ।
ਦਰਸ਼ ਕਰਾਵੋ ਤਪਸ਼ ਮਿਟਾਵੋ,
ਦਿਲ ਪੈਂਦਾ ਏ ਕਾਹਲ਼ਾ ਕਾਹਲ਼ਾ।
ਚਾਰ ਪਲਾਂ ਦਾ ਹੋਰ ਵਿਛੋੜਾ,
ਲਗਦੈ ਮੈਨੂੰ ਜੁੱਗੋਂ ਬਾਹਲਾ।
ਸਿੱਖ ਨੇ ਕਿਹਾ ਠੀਕ ਹੈ ਸਿੱਖਾ,
ਤੂੰ ਦੀਦਾਰ ਬਿਨ ਰਹਿ ਨਹੀਂ ਸਕਦਾ।
ਪਰ ਸਤਿਗੁਰ ਗਏ ਦੂਰ ਨੇ ਦੌਰੇ,
ਕਦੋਂ ਮੁੜਨਗੇ ਕਹਿ ਨਹੀਂ ਸਕਦਾ।
ਦਸ ਕੁ ਦਿਨ ਤਾਂ ਲੱਗ ਜਾਣਗੇ,
ਏਦਾਂ ਮਨ ਵਿਸ਼ਵਾਸ਼ ਹੈ ਮੈਨੂੰ।
ਫਿਰ ਵੀ ਸਰਬ ਕਲਾ ਸਮਰੱਥਾ,
ਹੁਣੇ ਮਿਲੇ ਜੇ ਆਸ ਹੈ ਤੈਨੂੰ।
ਝੁਰਦਾ ਮੁੜਿਆ ਬਾਹਰ ਨੂੰ ਤੁਰਿਆ,
ਗ਼ਮ ਸਾਗ਼ਰ ਵਿੱਚ ਥਾਹ ਨ ਲੱਗੇ।
ਹੱਥ ਪੈਰ ਬਹੁ ਮਾਰਕੇ ਹੰਭਿਆ,
ਕੰਢੇ ਲੱਗਣ ਦੀ ਵਾਹ ਨ ਲੱਗੇ।
ਤੁਰਦਾ-ਤੁਰਦਾ ਬਾਹਰ ਆ ਗਿਆ,
ਬੈਠਾ ਰੇਤ ਦੀ ਥੜ੍ਹੀ ਤੇ ਜਾਕੇ।
ਹੱਥ ਮੱਥੇ ਤੇ ਝੁੰਡੀ ਪਾਈ,
ਝੁਰਦਾ ਕਿਸਮਤ ਸੜੀ ਤੇ ਜਾ ਕੇ।
ਸਾਹਮਣੇ ਪਏ ਮੈਦਾਨ ਦੇ ਅੰਦਰ,
ਖੇਲ ਰਹੇ ਸੀ ਕੋਮਲ ਬਾਲੇ।

ਹੱਸਣ ਕੁੱਦਣ ਕੂਕਾਂ ਮਾਰਨ
ਪਰਚੇ ਪਏ ਸੀ ਖਿੱਦੋ ਨਾਲੇ।
ਪਰ ਇਸ ਦੁਖੀਏ ਬਾਬੇ ਤਾਈਂ
ਹਾਸਾ ਖੇਡਾ ਕਦ ਭਾਉਂਦਾ ਸੀ।
ਆਪ ਮੁਹਾਰੇ ਹਉਕਾ ਨਿਕਲੇ,
ਚੇਤਾ ਜਦ ਪੁੱਤ ਦਾ ਆਉਂਦਾ ਸੀ।
ਇੰਨੇ ਚਿਰ ਨੂੰ ਬਾਬੇ ਕੰਨੀ,
ਅੰਮ੍ਰਿਤ ਮਈ ਆਵਾਜ਼ ਪਈ ਸੀ।
ਮਨੋ ਬਚਿੱਤਰ ਹਰਿ ਦੀ ਨਾਗਣੀ,
ਤਵੇ ਭਰਮ ਦੇ ਪਾੜ ਗਈ ਸੀ।
ਅੰਨ੍ਹੇ ਬੋਲੇ ਸੁਰਤਹੀਣ ਨੂੰ,
ਏਸ 'ਵਾਜ ਨੇ ਟੁੰਬ ਜਗਾਇਆ।
ਕਿਉਂ ਬੈਠਾ ਏਂ ਢੇਰੀ ਢਾਹੀ,
ਜਿਉਂ ਜੁਆਰੀ ਹਾਰ ਕੇ ਆਇਆ।
ਛੇਤੀ ਉੱਠ ਫੜਾ ਦੇ ਖਿੱਦੋ,
ਗੁਰ ਪਰਮੇਸ਼ਰ ਭਲੀ ਕਰੇਗਾ।
ਕਰਮ ਚੱਪੂ ਲਾ ਕਰਮ ਕੱਟ ਕੇ,
ਪੁੱਤ ਤੇਰੇ ਨੂੰ ਬਰੀ ਕਰੇਗਾ।
ਝੱਟ ਤ੍ਰਭਕ ਕੇ ਬਾਬਾ ਉੱਠਿਆ,
ਫੜ ਕੇ ਖਿੱਦੋ ਜਾਇ ਫੜਾਈ।
ਦਰਸ਼ਨ ਕਰ ਹੋਇਆ ਮਤਵਾਲਾ,
ਚਰਨ ਧੂੜ ਚੁੱਕ ਮਸਤਕ ਲਾਈ।
ਫਿਰ ਸਿੱਖਾਂ ਨੂੰ ਪੁੱਛਣ ਲੱਗਾ,
ਬਾਬਾ ਸਾਰੀ ਅਜਬ ਕਹਾਨੀ।
ਕੌਣ ਇਹ ਬਾਲਕ ਬਿਨਾਂ ਦੱਸਿਆ,
ਜਿਸ ਹੈ ਮੇਰੇ ਦਿਲ ਦੀ ਜਾਨੀ।
ਸਾਹਿਬਜ਼ਾਦਾ ਪ੍ਰਤਾਪ ਗੁਰੂ ਦਾ,
ਰਾਮ ਰੂਪ ਜਿਸ ਕਹਿੰਦੈਂ ਬਾਲਾ।
ਇਹ ਹੈ ਦੀਨ ਦੁਨੀ ਦਾ ਵਾਲੀ,
ਦੁਖ ਜਮ ਨਰਕ ਤੋਂ ਰੱਖਣ ਵਾਲਾ।
ਸ਼ੁਕਰ ਸ਼ੁਕਰ ਕਰ ਤੁਰਿਆ ਘਰ ਵੱਲ
ਲੈ ਮਨ ਵਿੱਚ ਯਕੀਨ ਅਤੋਲਾ।
ਬਰੀ ਹੋਇਆ ਪੁੱਤ ਅੱਖੀਂ ਤੱਕਿਆ
ਜੁਗ ਜੁਗ ਸੱਚਾ ਸਤਿਗੁਰ ਬੋਲਾ।
ਚੋਜ਼ ਬੇਅੰਤ ਦੇ ਬੜੇ ਬੇਅੰਤ ਨੇ,
ਅੰਤ ਏਸਦਾ ਕਿਸੇ ਨਾ ਪਾਇਆ।
ਫੜ੍ਹ ਕੇ ਖਿੱਦੋ ਪੁੱਤ ਛੁਡਾਇਆ,
'ਨਿਰਵੈਰ' ਆਪਣਾ ਬਿਰਦ ਨਿਭਾਇਆ।

# ਅਰਦਾਸ-ਬੇਨਤੀ

ਪ੍ਰੋ: ਕਿਰਪਾਲ ਸਿੰਘ ਕਸੇਲ (ਸਵ.)

ਸਤਿਗੁਰ ਸ੍ਰੀ ਜਗਜੀਤ ਸਿੰਘ ਮੇਰੇ ਪ੍ਰਾਣ-ਅਧਾਰ,
ਚਰਨ-ਕੰਵਲ ਨੂੰ ਪਰਸ ਕੇ, ਕਰਦਾ ਹਾਂ ਨਮਸਕਾਰ।
ਸਦਾ ਆਪ ਦਾ ਰਿਹਾ ਹੈ, ਮਿਹਰ ਭਰਿਆ ਸਿਰ ਹੱਥ,
ਨਿਰਗੁਣ ਨੇਤਰਹੀਣ ਨੂੰ, ਕਰ ਦਿਤਾ ਸਮਰੱਥ।
ਬਖ਼ਸ਼ੀ ਦਾਤ ਹੈ ਕਲਾ ਦੀ, ਨਾਲੇ ਸੂਝ ਗਿਆਨ,
ਨਦਰਿ-ਕਰਮ ਤੋਂ ਪਾਇਆ, ਇਹ ਅਮੁਲ ਵਰਦਾਨ।

ਦੀਨ ਦੁਖੀ ਦਾ ਸਹਾਏ,ਦਾਤ ਨਾਮ ਵਰਤਾਏ,
ਸ਼ਹਿਨਸ਼ਾਹਾਂ ਵਾਲੀ ਰੀਤ ਹੈ।
ਨੇਮ-ਪ੍ਰੇਮ ਵਿਚ ਪੂਰਾ, ਗੁਰੂ ਕਰਨੀ ਦਾ ਸੂਰਾ,
ਸੰਤ ਖਾਲਸੇ ਦਾ ਮੀਤ ਹੈ।
ਬਹੁ ਗੁਣਾਂ ਦਾ ਭੰਡਾਰ, ਸਹਿਜ ਸ਼ਾਂਤੀ ਅਵਤਾਰ,
ਮਿੱਠਾ ਮਧੁਰ ਸੰਗੀਤ ਹੈ।
ਵਾਹੁ! ਵਾਹੁ! ਵਾਹੁ! ਵਾਹ!
ਗੁਰੂ ਜਗਜੀਤ ਹੈ।

ਗੁਰੂ ਗੁਣਾਂ ਦਾ ਭੰਡਾਰ, ਬਖ਼ਸ਼ੇ ਨਾਮ ਦਾ ਆਧਾਰ,
ਸਹਿਜ-ਸ਼ਾਂਤੀ ਨੂੰ ਧਾਰ ਜੀ।
ਕਰਦਾ ਨਿੱਤ ਉਪਕਾਰ,
ਗੁਰੂ ਚਿਤ ਦਾ ਉਦਾਰ,
ਕਰੇ ਭਵਜਲ ਤੋਂ ਪਾਰ ਜੀ।
ਨਦਰਿ-ਮਿਹਰ ਦੀ ਕਰਕੇ,
ਸਿਖਾਂ-ਸਿਰ ਹੱਥ ਧਰ ਕੇ,
ਬਖਸ਼ੇ ਗੁਰੂ ਵਾਲਾ ਪਿਆਰ ਜੀ।
ਗੁਰੂ ਜਗਜੀਤ ਉਤੋਂ,
ਜਾਈਏ ਬਲਿਹਾਰ ਜੀ।

ਕਰਾਂ ਨਿੱਤ ਨਮਸਕਾਰ,
ਚਰਨ-ਕੰਵਲਾਂ ਦਾ ਪਿਆਰ,
ਬਖਸ਼ੋ ਨਾਮ ਦਾ ਆਧਾਰ ਜੀ।
ਗੁਰੂ ਸਿਖਾਂ ਵਾਲੀ ਰੀਤ,
ਬਖ਼ਸ਼ੋ ਚਰਨਾਂ ਦੀ ਪ੍ਰੀਤ,
ਹੋਵੇ ਸਿੱਖ ਦਾ ਉਧਾਰ ਜੀ।
ਮਾਨਵ-ਸੇਵਾ ਵਾਲੀ ਰੀਤ,
ਨਿੱਤ ਨਿਭੇ ਨਾਲ ਪ੍ਰੀਤ,
ਕਰੋ ਐਸਾ ਉਪਕਾਰ ਜੀ।
ਗੁਰੂ ਜਗਜੀਤ ਉਤੋਂ,
ਜਾਈਏ ਬਲਿਹਾਰ ਜੀ।

ਅੰਮ੍ਰਿਤ ਵੇਲੇ ਤੜਕ ਸਾਰ,
ਲਗੇ ਆਸਾ ਜੀ ਦੀ ਵਾਰ,
ਹੋਵੇ ਸੋਦਰੀ ਸੰਗੀਤ ਹੈ।
ਰਾਗੀ ਰਾਗਾਂ ਵਿਚ ਗਾਉਣ,
ਸਾਜ਼ੀ ਸਾਜ਼ਾਂ ਨੂੰ ਵਜਾਉਣ,
ਗੁਰ-ਸ਼ਬਦ ਨਾਲ ਪ੍ਰੀਤ ਹੈ।
ਛਾ ਜਾਏ ਐਸਾ ਰੰਗ,
ਨਾਦ ਲਹਿਰਾਂ ਦੀ ਤਰੰਗ,
ਸਨਾਤਨ ਕੀਰਤਨ ਦੀ ਰੀਤ ਹੈ,
ਗੁਰੂ ਜਗਜੀਤ ਦੀ ਸੰਗੀਤ ਨਾਲ ਪ੍ਰੀਤ ਹੈ।
ਗੁਰੂ ਕੀਰਤਨ ਦੀ ਸਾਰ
ਗਾਉਣ ਧਰੂਪਦ, ਧਮਾਰ,
ਵੱਜਣ ਨਿੱਤ ਨਵੇਂ ਤਾਲ ਜੀ।
ਦਿਲਰੁਬਾ ਜਦ ਵਜਾਉਣ,
ਧੂਹ ਹਿਰਦਿਆਂ ਨੂੰ ਪਾਉਣ,
ਵਾਹ! ਕੈਸਾ ਹੈ ਕਮਾਲ ਜੀ।
ਲਹਿਰੇ ਸਾਜ਼ਾਂ ਦੀ ਝਣਕਾਰ,
ਕਈ ਸਾਜ਼ ਤਾਰਦਾਰ,
ਅਤਿ ਮਿਠਾ ਸੁਰ ਤਾਲ ਜੀ।
ਗੁਰੂ ਜਗਜੀਤ ਦਾ,
ਸੰਗੀਤ ਹੈ ਕਮਾਲ ਜੀ।

ਗੁਰੂ ਸੱਚਾ ਪਹਿਰੇਦਾਰ,
ਰੱਖਣਹਾਰ ਸਭਿਆਚਾਰ,
ਮਾਨਵ ਧਰਮ ਦੀ ਜੋ ਸ਼ਾਨ ਹੈ।
ਸਾਹਿਤ ਕਲਾ ਨਾਲ ਪਿਆਰ,
ਰਖੇ ਇਤਿਹਾਸ ਦੀ ਵੀ ਸਾਰ,
ਕੂਕਾ ਪੰਥ ਦੀ ਜੋ ਸ਼ਾਨ ਹੈ।
ਕਲਾਕਾਰਾਂ ਨੂੰ ਨਿਵਾਜੇ,
ਸਾਹਿਤਕਾਰ ਨਵੇਂ ਸਾਜੇ,
ਬਖਸ਼ੇ ਐਸਾ ਵਰਦਾਨ ਹੈ। ਗੁਰੂ ਜਗਜੀਤ,ਉੱਤੇ,
ਸਭਨਾਂ ਨੂੰ ਮਾਣ ਹੈ।

**(ਜੈਸਾ ਸਤਿਗੁਰ ਸੁਣੀਦਾ ਵਿਚੋਂ)**

# ਯਾਦ ਰਹਿਣਗੇ ਸਦਾ ਉਪਕਾਰ ਤੇਰੇ

ਰਿਜਕ-ਦਾਤਾ ਸੀ ਰੁਲਦਿਆਂ ਫਿਰਦਿਆਂ ਦਾ,
ਸਭਨਾਂ ਲਈ ਸੀ ਖੁੱਲ੍ਹੇ ਭੰਡਾਰ ਤੇਰੇ।
ਫਿਰ ਵੀ ਘਟੇ ਨਾ ਅੰਬਰੀਂ ਜਾ ਲੱਗੇ,
ਆਟੇ ਦਾਲਾਂ ਦੇ ਲੱਗੇ ਅੰਬਾਰ ਤੇਰੇ।
ਕਈ ਮੰਗਤੇ ਮਹਾਂ ਧਨਵਾਨ ਹੋ ਗਏ,
ਭੀਖ ਮੰਗਣ ਜੋ ਆਏ ਦਰਬਾਰ ਤੇਰੇ।
ਲੱਖਾਂ ਕਰੋੜਾਂ ਤੇ ਅਰਬਾਂ ਦੀ ਕੀ ਗਿਣਤੀ,
ਉਪਕਾਰ ਨੇ ਬੇ-ਸ਼ੁਮਾਰ ਤੇਰੇ।
ਨਾਜ਼ਮ ਸਣੇ ਵਜ਼ੀਰਾਂ ਸੀ ਏਸੇ ਕਰਕੇ,
ਸੇਵਾਦਾਰ ਤੇ ਆਗਿਆ ਕਾਰ ਤੇਰੇ।
ਸਾਡੇ ਵਾਸਤੇ ਜਿਹੜੇ ਵਰਦਾਨ ਬਣ ਗਏ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਜਵਾਂਹੇ, ਲੇਂਧੜੇ, ਭੱਖੜੇ, ਪੁੱਠ-ਕੰਡੇ,
ਸੁੱਕੇ ਮੇਵਿਆਂ ਵਿੱਚ ਬਦਲਾ ਦਿੱਤੇ।
ਸਣੇ ਅੱਕ, ਧਤੂਰੇ ਤੇ ਕੌੜ-ਤੁੰਮੇ,
ਟਪਕੇ ਅੰਬਾਂ ਤੋਂ ਮਿੱਠੇ ਬਣਾ ਦਿੱਤੇ।
ਕਈ ਪਿੰਗਲੇ ਪਰਬਤੀਂ ਚਾੜ੍ਹ ਦਿੱਤੇ।
ਗੁੰਗਿਆਂ ਕੋਲੋਂ ਵੀ ਗੀਤ ਗਵਾ ਦਿੱਤੇ।
ਗਿੱਦੜਾਂ ਵੱਲ ਜੇ ਮੇਹਰ ਦੀ ਨਜ਼ਰ ਕੀਤੀ,
ਗਿੱਦੜਾਂ ਕੋਲੋਂ ਵੀ ਸ਼ੇਰ ਮਰਵਾਂ ਦਿੱਤੇ।
ਕਿੱਲੇ ਨਿਕਲ ਗਏ ਉਨ੍ਹਾਂ ਦੀਆਂ ਧੌਣਾਂ ਵਿਚੋਂ,
ਜਿਹਨਾਂ-ਜਿਹਨਾਂ ਵੀ ਕੀਤੇ ਦੀਦਾਰ ਤੇਰੇ।
ਆਪਣੇ ਆਪ 'ਚ ਨਿਰੇ ਕ੍ਰਿਸ਼ਮੇ ਜੋ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਪਾਠ-ਸ਼ਾਲਾ. ਗਊ-ਸ਼ਾਲਾ ਤੇ ਧਰਮ-ਸ਼ਾਲਾ,
ਇਨ੍ਹਾਂ ਵਿੱਚ ਵੀ ਬੜੇ ਸੁਧਾਰ ਕੀਤੇ।
ਥਾਂ-ਥਾਂ ਵਿੱਦਿਆ ਜੋਤੀ ਪੁਰਜਵਲ ਕੀਤੀ,
ਅਨ-ਪੜ੍ਹਤਾ ਤੇ ਕਰੜੇ ਵਾਰ ਕੀਤੇ।
ਝੂਠ ਬੋਲਣ ਦੇ ਆਦੀ ਕਟੜ-ਪੰਥੀ,
ਸੱਚ ਬੋਲਣ ਦੇ ਲਈ ਤਿਆਰ ਕੀਤੇ।
ਭੁੱਲੇ ਭਟਕੇ, ਫਸੇ ਭਵ-ਸਾਗਰਾਂ 'ਚ,
ਲੜ ਲਾ ਗੁਰਬਾਣੀ ਦੇ, ਪਾਰ ਕੀਤੇ।
ਦਗਦੇ ਹੋਏ ਅੰਗਿਆਰਾਂ ਤੇ ਤੁਰਦਿਆਂ ਵੀ,
ਜ਼ਜਬਾਤ ਰਹੇ ਠੰਢੇ ਠਾਰ ਤੇਰੇ।

ਖ਼ਾਕੀ ਨੂਰੀ ਚੋਂ ਪਾੜਾ ਘਟਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਅੰਬਰਾਂ ਵਿਚਲੇ ਤਾਰੇ ਤਾਂ ਗਿਣੇ ਜਾਸਨ,
ਗਿਣ ਹੋਣੇ ਨਾ ਤੇਰੇ ਉਪਕਾਰ ਮੈਥੋਂ।
ਜਿਹੜੇ ਕੀਤੇ ਸੁਧਾਰ ਤੂੰ ਪ੍ਰਿਥਵੀ ਤੇ,
ਗਿਣ ਹੋਣੇ ਨਾ ਸਾਰੇ ਸੁਧਾਰ ਮੈਥੋਂ।
ਵਿਦਵਾਨਾਂ ਦੇ ਵਿੱਚ ਬਦਲਾਏ ਜਿੰਨੇ,
ਗਿਣ ਹੋਣੇ ਨਾ ਜੋਬਲ ਗੁਵਾਰ ਮੈਥੋਂ।
ਜਿੰਨੇ ਖ਼ਾਰਾਂ ਨੂੰ ਫੁੱਲਾਂ ਦਾ ਰੂਪ ਦਿੱਤੈ।
ਗਿਣ ਹੋਣੇ ਨਾ ਸਾਰੇ ਉਹ ਖ਼ਾਰ ਮੈਥੋਂ।
ਬਾਦਸ਼ਾਹਾਂ ਦੇ ਵਿੱਚ ਸਰਦਾਰ ਸੀ ਤੂੰ,
ਲੂਲੇ ਪਿੰਗਲੇ ਮੰਗਤੇ ਯਾਰ ਤੇਰੇ।
ਦੁਨੀਆਂ ਭਰ ਚ ਜਿਨ੍ਹਾਂ ਦੀ ਸਿਫ਼ਤ ਹੋਈ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।
ਵਧੀਆ ਜਿੰਦਗੀ ਵਿੱਚ ਸ਼ੁਮਾਰ ਹੈ ਜੋ,
ਸਾਡੀ ਜਿੰਦਗੀ ਤੇਰੇ ਉਪਕਾਰ ਕਰਕੇ।
ਸਾਡਾ ਅਸਰ ਵਿਕਾਰ ਸੰਸਾਰ ਭਰ ਚ,
ਅਸਲ ਵਿੱਚ ਹੈ ਤੇਰੇ ਵਕਾਰ ਕਰਕੇ।
ਜਿਹੜਾ ਜੱਗ 'ਚ ਸਾਡਾ ਅਧਾਰ ਬਣਿਆ,
ਅਸਲ ਵਿੱਚ ਹੈ ਤੇਰੇ ਅਧਾਰ ਕਰਕੇ।
ਹਰ ਥਾਂ ਹੀ ਜਿਹੜਾ ਇਤਬਾਰ ਸਾਡਾ,
ਇਹ ਵੀ ਬਣਿਆ ਤੇਰੇ ਇਤਬਾਰ ਕਰਕੇ।
ਅੱਜ ਸਾਡੇ ਵਿਚਾਰ ਨਾ ਲੋਕ ਸੁਣਦੇ,
ਜੇ ਕਰ ਸੁਣੇ ਨਾ ਹੁੰਦੇ ਵਿਚਾਰ ਤੇਰੇ।
ਸਾਨੂੰ ਜੱਗ 'ਚ ਉੱਚਾ ਉਠਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਜੇਕਰ ਚਿੱਟੀ ਕ੍ਰਾਂਤੀ ਦੀ ਗੱਲ ਕਰੀਏ,
ਫਿਰ ਵੀ ਨਵੀਂ ਮਿਸਾਲ ਵਿਖਾਲ ਦਿੱਤੀ।
ਜਿਹੜੀ ਗਊਆਂ ਤੋਂ ਮਣ-ਮਣ ਦੁੱਧ ਲੈਂਦੀ,
ਉਹ ਜੁਗਤ ਵੀ ਸਾਨੂੰ ਸਿਖਾਲ ਦਿੱਤੀ।
ਹਰੀਆਂ ਸਬਜ਼ੀਆਂ ਦੇਸ਼-ਵਿਦੇਸ਼ ਘੱਲ ਕੇ,
ਅਰਥ ਵਿਵਸਥਾ ਉੱਚੀ ਉਠਾਲ ਦਿੱਤੀ।
ਨਾਮਧਾਰੀ ਬੀਜਾਂ ਦੀਆਂ ਕੀ ਸਿਫ਼ਤਾਂ,
ਸਾਰੇ ਜੱਗ 'ਚ ਸ਼ਾਂਕ ਬਿਠਾ ਦਿੱਤੀ।

ਅਰਥ ਸ਼ਾਸਤਰ ਨੀਤੀ-ਪ੍ਰਿੰਨ ਕਹਿ ਕੇ,
ਗੁਣ ਗਾਉਂਦਾ ਏ ਤਦੇ ਸੰਸਾਰ ਤੇਰੇ।
ਵਿਦੇਸ਼ੀ ਮੁਦਰਾ ਬਾਹਰੋਂ ਲਿਆ ਦਿੱਤੀ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਸਦਾ-ਚਾਰੀ ਦੀ ਨਿਰਮਲ ਆਤਮਾ ਤੇ,
ਦੁਰਾ-ਚਾਰੀ ਪ੍ਰਛਾਵਾਂ ਨਾ ਪੈਣ ਦਿੱਤਾ।
ਰਸਤਾ ਆਪਣਾ ਰੱਖਿਆ ਸਦਾ ਸਿੱਧਾ,
ਛਲ-ਕਪਟ ਦਾ ਰੁਕ ਨਾ ਲੈਣ ਦਿੱਤਾ।
ਚਿੱਟੇ ਝੰਡੇ ਨੂੰ ਰੱਖਿਆ ਸਦਾ ਉੱਚਾ,
ਝੱਖੜਾਂ ਵਿੱਚ ਵੀ ਨੀਵਾਂ ਨਾ ਲਹਿਣ ਦਿੱਤਾ।
ਬੜੇ ਫਸਵੇਂ-ਫਸਵੇਂ ਦੰਗਲਾਂ ਚ,
ਸਿਦਕੀ ਸਿੱਖਾਂ ਨੂੰ ਕਦੀ ਨਾ ਢਹਿਣ ਦਿੱਤਾ।
ਬੜੇ-ਬੜੇ ਤਜ਼ਰਬੇ ਕਾਰ ਨੇਤਾ,
ਬਣੇ ਤਦੇ ਹੀ ਜਾਂ-ਨਿਸਾਰ ਤੇਰੇ।
ਸਾਡੇ ਵਾਸਤੇ ਰਾਹ ਦਸੇਰੇ ਨੇ ਜੋ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਰਾਜ-ਨੀਤੀ ਦੀਆਂ ਘੁੰਮਣ ਘੇਰੀਆਂ ਚੋਂ,
ਸਦਾ ਆਪਣਾ ਪੱਖ ਬਚਾਈ ਰੱਖਿਆ,
ਆਕੜ-ਖਾਨਾਂ ਦੀਆਂ ਧੌਣਾਂ ਮਰੋੜੀਆਂ ਵੀ,
ਦਰ ਤੇ ਝੁਕਿਆਂ ਨੂੰ ਗਲੇ ਲਗਾਈ ਰੱਖਿਆ।
ਜਿੱਥੇ ਕਿਤੇ ਦਬਾਉਣ ਦੀ ਲੋੜ ਸਮਝੀ,
ਧਰਤੀ ਹੇਠਲਾ ਲਾਵਾ ਦਬਾਈ ਰੱਖਿਆ।
ਸਦਾ ਸੱਚ-ਨਿਆਂ ਦੀ ਮਦਦ ਕੀਤੀ,
ਵਿਰੁੱਧ ਝੂਠ ਦੇ ਝੰਡਾ ਉਠਾਈ ਰੱਖਿਆ।
ਲੱਖਾਂ ਪਰਖਾਂ ਵਿੱਚ ਵੀ ਖ਼ਰੇ ਉੱਤਰੇ,
ਨੇਤ੍ਰ ਪਾਰਖੂ ਤੇਜ਼-ਤਰਾਰ ਤੇਰੇ।
ਅਗਨੀ ਵਿੱਚ ਵੀ ਠੰਢ ਵਰਤਾਉਣ ਵਾਲੇ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਤੇਰਾਂ ਦਿਸੰਬਰ ਵੀਹ ਸੌ ਬਾਰਾਂ ਈਸਵੀ,
ਜਿਹੜਾ ਪਾਇਆ ਜੁਦਾਈ ਦਾ ਸੱਲ ਸਾਨੂੰ।
ਏਸ ਤਰ੍ਹਾਂ ਦੇ ਸੱਲ ਨੂੰ ਕਿਵੇਂ ਜ਼ਰਨਾ,
ਪਾਉਣ ਸਮੇਂ ਨਾ ਦੱਸਿਆ ਵੱਲ ਸਾਨੂੰ।
ਧਰਤੀ ਕੰਬੀ ਅਸਮਾਨ ਵੀ ਰੋਣ ਲੱਗਾ,
ਦਿਸਿਆ ਥਾਂ-ਥਾਂ ਆਇਆ ਤਰਥੱਲ ਸਾਨੂੰ।

ਸਾਨੂੰ ਹੋਰ ਤਾਂ ਕੋਈ ਨਾ ਗੱਲ ਔੜੀ,
ਬੱਸ ਰੋਣ ਦਾ ਚੜ੍ਹ ਗਿਆ ਝੱਲ ਸਾਨੂੰ।
ਅਸੀਂ ਤੇਰੀ ਜੁਦਾਈ ਦਾ ਸੱਲ ਜਰਿਆ,
ਯਾਦ ਕਰਕੇ ਲਾਡ ਮਲ੍ਹਾਰ ਤੇਰੇ।
ਮਾਂ ਦੇ ਕੀਤੇ ਮਲ੍ਹਾਰ ਬੇ-ਸ਼ੱਕ ਭੁੱਲਣ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

ਅਸੀਂ ਚਾਹੁੰਦੇ ਹਾਂ ਸਾਰੇ ਸੰਸਾਰ ਭਰ ਚ,
ਤੇਰੇ ਮਿਸ਼ਨ ਦਾ ਥਾਂ-ਥਾਂ ਪ੍ਰਚਾਰ ਹੋਵੇ।
ਜ਼ਬਰ-ਜ਼ੁਲਮ ਦੀ ਥਾਂ-ਥਾਂ ਅੱਗ ਬਲਦੀ,
ਨਾਮ-ਬਾਣੀ ਦੇ ਆਸਰੇ ਠਾਰ ਹੋਵੇ।
ਠੰਢੀ ਜੰਗ ਵੀ ਖ਼ਤਰਾ ਮਨੁੱਖਤਾ ਲਈ,
ਇਹਦੇ ਬਾਰੇ ਵੀ ਠੋਸ ਵਿਚਾਰ ਹੋਵੇ।
ਜੰਗ ਠੰਢੀ ਹੋਵੇ ਭਾਵੇਂ ਹੋਵੇ ਤੱਤੀ,
ਠੱਲ੍ਹ ਦੋਹਾਂ ਦੇ ਰਾਹ 'ਚ ਮਾਰ ਹੋਵੇ।
ਲੋਕਾਂ ਲਈ ਰੁਜ਼ਗਾਰ ਦੁਰ-ਲਭ ਨਾ ਰਹੇ,
ਹਰ ਕਿਸੇ ਦੇ ਲਈ ਰੁਜ਼ਗਾਰ ਹੋਵੇ।
ਸਾਰੀ ਦੁਨੀਆਂ ਦੇ ਕੰਨਾਂ 'ਚ ਸ਼ਹਿਦ ਘੋਲਣ,
ਚਿਰੰਜੀਵ ਤੇ ਸੱਚੇ ਪ੍ਰਚਾਰ ਤੇਰੇ।
ਅਮਨ-ਪੁਜਾਂ ਲਈ ਪੋਹ-ਫੁਟਾਲਾ ਨੇ ਜੋ,
ਯਾਦ ਰਹਿਣਗੇ ਸਦਾ ਪ੍ਰਚਾਰ ਤੇਰੇ।
ਅਨਪੜ੍ਹ-ਮੰਡਾਂ ਦਾ ਕਾਫ਼ਲਾ ਤੁਰ ਪਿਆ ਹੈ।
ਦੱਸਣ ਵਾਸਤੇ ਕੀਤੇ ਸੁਧਾਰ ਤੇਰੇ।
ਹਾਕੀ ਖੇਡ ਚ ਮਾਰੀਆਂ ਜਿਹਨਾਂ ਮੱਲਾਂ,
ਜੱਗ ਜੇਤੂ ਜਾਂ-ਨਿਸਾਰ ਤੇਰੇ।
ਜੱਗ-ਜਾਹਰ ਕਰਾਉਣ ਨੂੰ ਪਏ ਕਾਹਲੇ,

ਬੇ-ਗਿਣਤ ਹੀ ਕਾਰ ਵਿਹਾਰ ਤੇਰੇ।
ਤੇਰੇ ਡੰਕੇ ਦਾ ਅਸਰ ਵਿਖਾਉਣ ਤੁਰ ਪਏ,
ਨੇਕ-ਨੀਯਤ ਝੰਡਾ ਬਰਦਾਰ ਤੇਰੇ।
ਜੱਗ ਨੂੰ ਨੇਕੀ ਦੇ ਰਸਤੇ ਪਾਉਣ ਤੁਰ ਪਏ,
ਨੇਕੀ ਧਰਮ ਦੇ ਸਿਪਾਹਿ-ਸਾਲਾਰ ਤੇਰੇ।
ਧਰਤ, ਅਕਾਸ਼ ਪਤਾਲ ਨੇ ਜਦੋਂ ਤਾਈਂ,
ਯਾਦ ਰਹਿਣਗੇ ਸਦਾ ਉਪਕਾਰ ਤੇਰੇ।

**ਹਜ਼ਾਰਾ ਸਿੰਘ ਮੰਡ**

**ਨਾਜ਼ਮ- ਗਵਰਨਰ**
**ਠੰਡੀ ਜੰਗ- ਵਪਾਰਕ ਮੁਕਾਬਲਾ**

# ਨਾਮ ਗੁਰੂ ਜਗਜੀਤ ਦਾ..

ਨਾਮ ਗੁਰੂ ਜਗਜੀਤ ਦਾ ਇੰਜ ਜਾਣੋ ਲਿਖਿਆ
ਜ ਗ ਜ ਤ ਕਿੰਜ ਦੇਂਦੇ ਸਿੱਖਿਆ।
ਅੱਖਰ ਚਾਰ ਇਹ ਮੁਕਤੀਆਂ ਚਾਰ ਸਮਝੋ
ਅਵਸਥਾ ਚਾਰਾਂ ਨੇ ਸੁੱਖ ਕਾਰ ਚਾਰੇ
ਚਾਰੇ ਪਹਿਰ ਜੋ ਜਪੂ ਇਹ ਚਾਰ ਅੱਖਰ
ਪਦਾਰਥ ਮਿਲਣਗੇ ਓਸ ਨੂੰ ਚਾਰੂ ਚਾਰੇ।
ਜੱਜਾ ਆਖਿਆਂ ਜਨਮਾਂ ਦੀ ਮੈਲ ਲੇਹਿਜੇ
ਗੱਗਾ ਆਖਿਆਂ ਮਨ ਗਿਆਨ ਹੋ ਜਾਏ
ਜੱਜਾ ਜੋੜ ਦਏ ਰੱਬ ਦੇ ਨਾਲ ਸਿੱਧਾ
ਤੱਤਾ ਤਾਰ ਦਏ ਰੱਬ ਸਮਾਨ ਹੋ ਜਾਏ।

(ਜ)ਜੱਜਾ ਜਾਗ ਜਾਈਂ ਸਿੱਖਾ ਸਵਾ ਪਹਿਰ ਰਾਤ ਰਹਿੰਦੇ
ਜਰਾ ਜਿੰਨਾਂ ਯਾਰ ਕਦੇਂ ਆਲਸ ਬਣਾਈਂ ਨਾ
ਨਾਮ ਜਪ ਬਾਣੀ ਪੜੀ ਧਰਮ ਦੀ ਕਿਰਤ ਕਰੀਂ
ਦਾਨ ਪੁੰਨ ਕਰਕੇ ਤੂੰ ਰਤਾ ਵੀ ਜਣਾਈਂ ਨਾਂ
ਸਤਸੰਗ ਕਰੀਂ ਕਰੀਂ ਸੰਗਤ ਨਾ ਮਾੜਿਆਂ ਦੀ
ਲੱਗ ਜਾਏ ਦਾਗ਼ ਰਾਹ ਸਾਕਤਾਂ ਦੇ ਜਾਈਂ ਨਾ
ਗੁਰੂ ਜਗਜੀਤ ਸਿੰਘ ਜੱਜੇ ਰਾਹੀਂ ਦੱਸਿਆ
ਕਮਾਲ ਸਿੰਘ ਸਿੱਖਿਆ ਇਹ ਮਨ ਚੋਂ ਭੁਲਾਈਂ ਨਾਂ।

(ਗ) ਗੱਗਾ ਕਹੇ ਗੁਰ ਸਿੱਖਾ-ਸਿੱਖਿਆ ਗੁਰਾਂ ਤੋਂ ਲੈ ਕੇ
ਮਿਥਿਆ ਜਗਤ ਵਿਚ ਜੀਵਨ ਸਵਾਰ ਲੈ
ਗਲ ਵਿਚ ਫਾਹੀ ਤੇਰੇ ਜਮਾਂ ਨੇ ਹੈ ਪਾਈ ਹੋਈ
ਗੁਰੂ ਬਿਨਾ ਮੁਕਤੀ ਨਾ ਜਰਾ ਤੂੰ ਵਿਚਾਰ ਲੈ
ਹਉਮੇਂ ਚ ਕਰਮ ਕਰ ਪਾਏ ਨੇ ਜਨਮ ਜਗ
ਚਾਰੇ ਹੁਣ ਕਰਕੇ ਚੌਰਾਸੀ ਨੂੰ ਨਿਵਾਰ ਲੈ
ਗੱਗਾ ਨਾ ਗਵਾਈਂ ਸੁਣ ਜਨਮ ਕਮਾਲ ਇਹ
ਗੁਰੂ ਜਗਜੀਤ ਸਿੰਘ ਹਿਰਦੇ ਚ ਧਾਰ ਲੈ

(ਜ)ਦੂਜੇ ਜੱਜੇ ਦੱਸਿਆ ਅਜ਼ਰ ਤਾਈਂ ਜ਼ਰਨਾਂ
ਤੂੰ ਕਰੀਂ ਨਾ ਕ੍ਰੋਧ ਕਦੇ ਮਨ ਜਲ ਜਾਏਗਾ
ਮੇਰੀ ਤੇਰੀ ਛੱਡ ਦੇ ਦਵੈਤ ਦਿਲੋਂ ਕੱਢ ਵੇਖ
ਸਾਰਿਆਂ ਚੋਂ ਨਜ਼ਰ ਫਿਰ ਇਕੋ ਪ੍ਰਭੂ ਆਏਗਾ
ਜਿਹੜੇ ਹੋਣ ਨਿਰਮਾਣ ਦਰਗਾਹ ਚ ਪੌਣ ਮਾਣ
ਹਉਮੈਂਵਾਨ ਇਨਸਾਨ ਠੋਕਰਾਂ ਹੀ ਖਾਏਗਾ
ਦੂਜਾ ਜੱਜਾ ਕਹੇ ਦੂਜੇ ਜਨਮ ਹੀ ਮੁੱਕ ਜਾਂਣ
ਗੁਰੂ ਜਗਜੀਤ ਸਿੰਘ ਜਿਹੜਾ ਵੀ ਧਿਆਏਗਾ

(ਤ)ਤੱਤਾ ਤੱਕ ਲਿਆ ਜਿੱਨ੍ਹੇ ਮਨ ਵਾਲਾ ਤਾਕ ਖੁੱਲ੍ਹਾ
ਖੋਲ੍ਹ ਤੇ ਕਪਾਟ ਇੰਜ ਗੁਰੂ ਜਗਜੀਤ ਸਿੰਘ
ਅਵਿਨਾਸ਼ੀ ਸ੍ਵੈ ਪ੍ਰਕਾਸ਼ੀ ਘਟ ਘਟ ਵਾਸੀ
ਰੂਪ ਹੈ ਵਿਰਾਟ ਇੰਜ ਗੁਰੂ ਜਗਜੀਤ ਸਿੰਘ
ਅਰਸ਼ੀ ਛੱਤ੍ਰ ਚੌਰ ਪਾਤਸ਼ਾਹ ਬਣਾਇਆ ਪੂਰੇ
ਪੂਰਾ ਹੈ ਸੀ ਥਾਟ ਇੰਜ ਗੁਰੂ ਜਗਜੀਤ ਸਿੰਘ
ਕੱਖਾਂ ਤੋਂ ਬਣਾਏ ਲੱਖ ਲੱਖਾਂ ਤੋਂ ਕਰੋੜ ਕਰ
ਛੱਡੀ ਨਹੀਂ ਘਾਟ ਇੰਜ ਗੁਰੂ ਜਗਜੀਤ ਸਿੰਘ

ਗੁਰੂ ਜਗਜੀਤ ਜੀ ਦੇ ਨਾਮ ਦੇ ਅੱਖਰ ਚਾਰ
ਦੇਂਵਦੇ ਨੇ ਸਿੱਖਿਆ ਵਿਚਾਰ ਜਿਹੜਾ ਕਰੇਗਾ
ਸਿੱਖੀ ਨੂੰ ਕਮਾਇਗਾ ਮੁਕਤਿ ਫਲ ਪਾਏ ਚੂੜ
ਨਾਮ ਦੇ ਜਹਾਜ ਭਵ ਸਾਗਰ ਨੂੰ ਤਰੇਗਾ
ਕਰਮ ਕਾਂਡ ਕਰ ਕਰੇਗਾ ਉਪਾਸਨਾ
ਗਿਆਨ ਕਾਂਡ ਵਿਚ ਫਿਰ ਸਹਜੇ ਵਿਚਰੇਗਾ
ਜਿੱਤ ਲਏਗਾ ਬਾਜ਼ੀ ਜੱਪੂ ਗੁਰੂ ਜਗਜੀਤ ਸਿੰਘ
ਸਫਲਾ ਜਨਮ ਨਾ ਕਮਾਲ ਕਦੇ ਰਹੇਗਾ

ਜਿਹੜਾ ਆਖੇਗਾ ਧੰਨ ਜਗਜੀਤ ਸਤਿਗੁਰ
ਉਹਨੂੰ ਧਨ ਦੀ ਕਮੀ ਨ ਰਹੇਗੀ ਜੀ
ਆਖੋ ਧੰਨ ਗੁਰੂ ਜਗਜੀਤ ਸਿੰਘ ਜੀ
ਮਾਇਆ ਪਾਣੀ ਦੇ ਵਾਂਹਰਾਂ ਬਹੇਗੀ ਜੀ
ਜਿਹੜਾ ਕਹੇਗਾ ਧੰਨ ਜਗਜੀਤ ਸਤਗੁਰ
ਜਮ ਓਸ ਦੇ ਲਾਗੇ ਜੀ ਔਣਗੇ ਨਾ
ਆਖੋ ਧੰਨ ਗੁਰੂ ਜਗਜੀਤ ਸਿੰਘ ਜੀ
ਧਰਮ ਰਾਜ ਦੇ ਦੂਤ ਬਲੌਂਣਗੇ ਨਾ
ਜਿਹੜਾ ਆਖੇਗਾ ਧੰਨ ਜਗਜੀਤ ਸਤਿਗੁਰ
ਬਿਰਤੀ ਟਿਕੇਗੀ ਦਸਵੇਂ ਦਵਾਰ ਅੰਦਰ
ਆਖੋ ਧੰਨ ਗੁਰੂ ਜਗਜੀਤ ਸਿੰਘ ਜੀ
ਮਨ ਭਟਕੂ ਨਾ ਕਦੇ ਸੰਸਾਰ ਅੰਦਰ
ਜਿਹੜਾ ਕਹੇਗਾ ਧੰਨ ਜਗਜੀਤ ਸਤਗੁਰ
ਟਿਕ ਜਾਏਗਾ ਓਸ ਦਾ ਧਿਆਨ ਭਾਈ
ਆਖੋ ਧੰਨ ਗੁਰੂ ਜਗਜੀਤ ਸਿੰਘ ਜੀ
ਆਵੇ ਨਿਮਰਤਾ ਮਿਟੇਗਾ ਮਾਨ ਭਾਈ

**ਜਥੇਦਾਰ ਕਮਾਲ ਸਿੰਘ**

# REFLECTIONS

**Satguru Uday Singh Ji**

When I begin to reflect upon my life and how it has unfolded, I draw two conclusions. The first one is, a divine energy has silently guided me on to a certain path independent of my own thoughts and plans. Secondly, I realise that divine guiding power to be Satguru Jagjit Singh Ji.

The following verses from the Gurbani hold true forme:

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥

Tun mera Pita, tuhai mera Mata You are my Father, You are my Mother.

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥

Tun mera bandhap Tuh mera bharata. You are my friend, You are my Brother.

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥

Tun mera rakha sabni thai ta bhao keha kama jio. When you have me under your protection everywhere, why should I fear.

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥

Tumri kirpa te tudh pachhana. You have blessed me so that I can understand You

ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥

Tun meri ot tunhai mera mana. You are my sanctuary and my honor

I feel fortunate that I was born during the era blessed by Satguru Jagjit Singh Ji. He preached the philosophy of Guru Nanak Dev Ji in its purest form. Satguru ji was constantly absorbed in naam siniran and was an epitome of truthfulness. He carried out tireless sera, displayed unconditional love and compassion and promoted peace. He was so content throughout His life, that He was in a constant state of bliss. He remained an active advocate of the teachings of the Gurbani and promoted its principles and practices throughout His life. He remained detached from the perils of ego, anger, jealousy, greed and other worldly attachments. In a quest to share the life and message of such a great Satguru beyond the sphere of Namdharis, we envisioned the difficult task of compiling His immeasurable contribution through a biography. As destiny had pre-ordained, a good friend of mine, Prashanta Bhat, came to my mind and through him we were introduced to his aunt Dr. Sharada Jayagovind, to whom we entrusted the writing of this biography in English,

As she began this journey, we spent a lot of time reflecting on Satguru Ji's life and felt elated. Here was a Satguru whose greatness could only be felt but difficult to be expressed in words. I realize that without personally developing this devotion, faith and love, it would have been an incredibly difficult task to capture the true essence of Satguru Ji's life journey in this book, Incidentally, we found such a person in Dr. Sharada. She understood the true essence of faith, where love and devotion are not bound by any religious confinements. As she walked on this journey,

she developed the same devotion and love towards Satguru Jagjit Singh Ji as any devotec.

ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥

Sat Purakh jin jania Satgur tis ka nao, He, who has realized the Lord, can be called the true Satguru.

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥

Tis kai sang sikh udhrai Nanak har gun gao, In the Satguru's company, singing God's praise His disciples are saved.

Growing up in Sri Jiwan Nagar and Sri Bhaini Sahib around Satguru Jagjit Singh Ji, I never realised how fortunate I was. Whenever He addressed me as Beta (Son), the importance was beyond my understanding. He showered upon me so much of love that subconsciously I was drawn in to His aura.

